QuotesInPunjabi

ਖਿੜਕੀਆਂ



ਨਰਿੰਦਰ ਸਿੰਘ ਕਪੂਰ

www.quotesinpunjabi.ml

QuotesInPunjabi

ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਵਿਚਾਰ ਸੰਗ੍ਰਹਿ	:	ਕੱਲਿਆਂ ਦਾ ਕਾਫ਼ਲਾ
		ਮਾਲਾ ਮਣਕੇ
ਲੇਖ ਸੰਗ੍ਰਹਿ	:	ਦਰ-ਦਰਵਾਜ਼ੇ
		ਡੂੰਘੀਆਂ ਸਿਖਰਾਂ
		ਰਾਹ-ਰਸਤੇ
		ਅੰਤਰ-ਝਾਤ
		ਆਹਮੋ-ਸਾਹਮਣੇ
		ਬੂਹੇ-ਬਾਰੀਆਂ
		ਸੁਖ਼ਨ-ਸੁਨੇਹੇ
		ਵਿਆਖਿਆ-ਵਿਸ਼ਲੇਸ਼ਣ
		ਸੱਚੋ-ਸੱਚ
		ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਪੱਤਰਕਾਰੀ ਦਾ ਵਿਕਾਸ
		ਮਾਰਟਿਨ ਲੂਥਰ ਕਿੰਗ
		ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ
		ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ
		ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ
		ਜੱਸਾ ਸਿੰਘ ਆਹਲੂਵਾਲੀਆ
		ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗਰੇਜ਼ੀ ਵਿਚ)
		ਸਦੀਵੀ ਵਿਦਰੋਹੀ: ਭਗਤ ਸਿੰਘ

www.quotesinpunjabi.ml

QuotesInPunjabi

ਖਿੜਕੀਆਂ

ਨਰਿੰਦਰ ਸਿੰਘ ਕਪੂਰ

www.quotesinpunjabi.ml

QuotesInPunjabi

ISBN : 978-93-5068-439-9
Price: 200/-

ਖਿੜਕੀਆਂ

KHIRKIAN

(Windows on Life)

(Anecdotes, Examples, Observations and Reflections)

by

Dr. Narinder Singh Kapoor
4245, Phase II, Urban Estate,
PATIALA-147 002 (India)
kapoorns@gmail.com
narindersinghkapoor.com

2013
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

© 2013

Produced and bound in India

All rights reserved
This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form, or by any means(electronic, mechanical, photocopying, recording or otherwise), without the prior written permission of both the copyright owner

QuotesInPunjabi.com

QuotesInPunjabi

ਮੁੱਢਲੇ ਸ਼ਬਦ

ਗੂੜ੍ਹੇ ਰੰਗਾਂ ਵਾਲੀਆਂ ਘਟਨਾਵਾਂ ਅਤੇ ਸ਼ਿੱਦਤ ਭਰੇ ਅਨੁਭਵ, ਜੀਵਨ ਦੀਆਂ ਅਨਮੋਲ ਯਾਦਾਂ ਬਣ ਜਾਂਦੇ ਹਨ। ਮਿਲਣੀਆਂ ਅਤੇ ਵਿਛੋੜੇ, ਘਟਨਾਵਾਂ ਅਤੇ ਹਾਦਸੇ, ਜਿਨ੍ਹਾਂ ਨੇ ਹਸਾਇਆ ਵੀ ਹੁੰਦਾ ਹੈ ਅਤੇ ਰੁਲਾਇਆ ਵੀ ਹੁੰਦਾ ਹੈ, ਉਹ ਮੁਲਵਾਨ ਤਜਰਬੇ ਬਣ ਕੇ, ਜੀਵਨ ਦਾ ਸਰਮਾਇਆ ਹੋ ਨਿਬੜਦੇ ਹਨ।

ਅਸੀਂ ਉਨ੍ਹਾਂ ਘਟਨਾਵਾਂ ਅਤੇ ਵਿਅਕਤੀਆਂ ਨੂੰ ਮੁੜ-ਮੁੜ ਯਾਦ ਕਰਦੇ ਹਾਂ ਅਤੇ ਉਨ੍ਹਾਂ ਬਾਰੇ ਹੋਰਾਂ ਨੂੰ ਦਸਦੇ ਹਾਂ, ਜਿਨ੍ਹਾਂ ਨੇ ਸਾਨੂੰ ਵਡੇ ਵਰਤਾਰਿਆਂ ਅਤੇ ਵਿਲੱਖਣ ਸ਼ਖ਼ਸੀਅਤਾਂ ਦੇ ਸਨਮੁਖ ਕੀਤਾ ਹੁੰਦਾ ਹੈ ਅਤੇ ਜੀਵਨ-ਅਨੁਭਵ ਦੇ ਨਵੇਂ ਖੇਤਰਾਂ ਤਕ ਸਾਡੀ ਪਹੁੰਚ ਸੰਭਵ ਬਣਾਈ ਹੁੰਦੀ ਹੈ।

ਜੀਵਨ ਵਿਚ ਕਈਆਂ ਨੂੰ ਮਿਲ ਕੇ ਸਾਨੂੰ ਅਧੂਰੇ ਤੋਂ ਪੂਰੇ ਹੋਣ ਦਾ ਅਤੇ ਕਈਆਂ ਤੋਂ ਵਿਛੜ ਕੇ ਪੂਰੇ ਤੋਂ ਅਧੂਰੇ ਹੋਣ ਦਾ ਅਹਿਸਾਸ ਹੁੰਦਾ ਹੈ।ਇਹ ਅਹਿਸਾਸ ਹੀ ਸਾਡੀਆਂ ਜਿੱਤਾਂ-ਹਾਰਾਂ ਸਿਰਜਦੇ ਹਨ, ਜਿਹੜੇ ਸਾਡੇ ਲਈ ਕਹਾਣੀਆਂ ਅਤੇ ਉਦਾਹਰਣਾਂ ਬਣ ਜਾਂਦੇ ਹਨ।

ਹਰੇਕ ਉਦਾਹਰਣ ਦੇ ਪਿੱਛੇ ਇਕ ਕਹਾਣੀ ਹੁੰਦੀ ਹੈ ਅਤੇ ਹਰੇਕ ਕਹਾਣੀ ਦੇ ਪਿਛੇ ਇਕ ਹੋਰ ਕਹਾਣੀ ਹੁੰਦੀ ਹੈ। ਇਸ ਕਰਕੇ ਕੋਈ ਵੀ ਕਹਾਣੀ ਨਾ ਪੂਰੀ ਸੁਣਨੀ ਸੰਭਵ ਹੁੰਦੀ ਹੈ, ਨਾ ਸੁਣਾਉਣੀ। ਇਹ ਪੁਸਤਕ, ਸੰਖੇਪ ਰੂਪ ਵਿਚ, ਵਿਸ਼ਾਲ ਜ਼ਿੰਦਗੀ ਦੇ ਕਹਾਣੀ-ਰੂਪ ਵਿਚ, ਕੁਝ ਜਿਉਂਦੇ-ਜਾਗਦੇ, ਜਗਦੇ-ਬੁਝਦੇ ਪਲਾਂ ਦੀ ਪਛਾਣ ਹੈ। ਇਹ ਪੁਸਤਕ ਆਪਣੇ ਅੰਦਰ ਝਾਤੀ ਮਾਰਨ ਅਤੇ ਹੋਰਾਂ ਅੰਦਰ ਝਾਕਣ ਦਾ ਅਵਸਰ ਪ੍ਰਦਾਨ ਕਰਦੀ ਹੈ। ਜਿਸ ਕਿਸੇ ਨੇ ਸਾਡੀ ਸੂਝ ਦੀਆਂ ਅੱਖਾਂ ਵਿਚ ਸੁਰਮਾ ਪਾਇਆ ਹੁੰਦਾ ਹੈ, ਉਹ ਕਦੇ ਨਹੀਂ ਭੁਲਦਾ, ਜਿਸ ਨੇ ਸਾਡੇ ਦਿਲ ਨੂੰ ਜਗਾਇਆ ਹੁੰਦਾ ਹੈ, ਉਹ ਹਮੇਸ਼ਾ ਯਾਦ ਰਹਿੰਦੀ ਹੈ।

ਇਸ ਪੁਸਤਕ ਵਿਚਲੀਆਂ ਧੁੱਪਾਂ-ਛਾਂਵਾਂ ਜੀਵਨ ਦੇ ਵੱਖ ਵੱਖ ਦ੍ਰਿਸ਼ਾਂ ਅਤੇ ਮਾਨਸਿਕ ਅਵਸਥਾਵਾਂ ਨੂੰ ਪੇਸ਼ ਕਰਦੀਆਂ ਹਨ। ਹਰੇਕ ਦ੍ਰਿਸ਼ ਦਾ ਸੁਭਾਓ ਵੱਖਰਾ ਹੈ, ਹਰੇਕ ਘਟਨਾ ਦਾ ਨਾਇਕ-ਖਲਨਾਇਕ ਵੱਖਰਾ ਹੈ।

ਇਨ੍ਹਾਂ ਵੇਰਵਿਆਂ ਤੋਂ ਪਤਾ ਲਗੇਗਾ ਕਿ ਦਿਲ ਕਿਤਨਾ ਕੁਝ ਮਹਿਸੂਸ ਕਰ ਸਕਦਾ ਹੈ ਅਤੇ ਜ਼ਿੰਦਗੀ ਕਿਤਨਾ ਕੁਝ ਸਹਿ ਸਕਦੀ ਹੈ।

www.quotesinpunjabi.ml

QuotesInPunjabi

ਅਸਾ ਹੈ, ਇਨ੍ਹਾਂ ਕਥਾ-ਕਹਾਣੀਆਂ ਨਾਲ ਨਿਰਾਸਤਾ ਦੂਰ ਹੋਵੇਗੀ, ਕੁਝ ਸੋਚਣ-ਕਰਨ ਦਾ ਉਤਸ਼ਾਹ ਮਿਲੇਗਾ, ਜ਼ਿੰਦਗੀ ਦੀ ਸਮਝ ਵਧੇਗੀ, ਸਵੈ-ਵਿਸ਼ਵਾਸ ਜਾਗੇਗਾ, ਕਈ ਜ਼ਖਮਾਂ 'ਤੇ ਮਲ੍ਹਮ ਲਗੇਗੀ, ਕੁਝ ਤਿਉੜੀਆਂ ਢਿੱਲੀਆਂ ਪੈਣਗੀਆਂ ਅਤੇ ਦੂਜਿਆਂ ਦੀਆਂ ਪੁਟੀਆਂ ਖਾਣਾਂ ਵਿਚੋਂ ਕੁਝ ਲਭਣ ਦੀ ਜਾਚ ਆਵੇਗੀ।

ਜੀਵਨ ਵਿਚ, ਪਹਿਲਾਂ ਪੜ੍ਹਦਿਆਂ, ਮਗਰੋਂ ਪੜ੍ਹਾਉਂਦਿਆਂ; ਭਾਂਤ-ਭਾਂਤ ਦੇ ਕਿੱਤਿਆਂ ਅਤੇ ਖੇਤਰਾਂ ਵਿਚ ਵਿਚਰਦਿਆਂ; ਵੱਖ ਵੱਖ ਦੇਸ਼ਾਂ, ਪ੍ਰਾਂਤਾਂ, ਸਮਾਜਾਂ ਵਿਚ ਘੁੰਮਦਿਆਂ; ਸੰਪਰਕ ਵਿਚ ਆਏ ਚੰਗੇ-ਮਾੜੇ ਪੁਰਸ਼ਾਂ, ਮਿਲੀਆਂ-ਵਿਛੜੀਆਂ ਇਸਤਰੀਆਂ ਤੋਂ ਜਿਹੜੇ ਕੌੜੇ, ਖੱਟੇ ਅਤੇ ਮਿੱਠੇ ਅਨੁਭਵ ਪ੍ਰਾਪਤ ਹੋਏ, ਉਨ੍ਹਾਂ ਨੂੰ ਇਸ ਸੰਗ੍ਰਹਿ ਵਿਚ ਦਰਜ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਇਹ ਨਿਰੋਲ ਮੇਰੀ ਰਚਨਾ ਨਹੀਂ ਹੈ।ਇਸ ਵਿਚ ਸੈਂਕੜੇ ਵਿਅਕਤੀਆਂ ਦੇ ਭਾਸ਼ਣਾਂ ਅਤੇ ਲਿਖਤਾਂ ਦੇ ਅੰਸ਼ ਵੀ ਹਨ। ਇਨ੍ਹਾਂ ਪੰਨਿਆਂ ਵਿਚ ਮਨੁੱਖੀ ਵਿਹਾਰ ਸਬੰਧੀ ਟਿੱਪਣੀਆਂ ਵਿਚ ਵਿਵੇਕ ਅਤੇ ਵਿਕਾਸ ਦੇ ਸੰਕੇਤ ਹਨ ਅਤੇ ਜ਼ਿੰਦਗੀ ਨੂੰ ਸਮਝਣ ਅਤੇ ਜਿਉਣ ਦੇ ਸੁਨੇਹੇ ਹਨ।

ਕੁਝ ਸਿਖ ਸਕਣਾ, ਕੁਝ ਸਿਖਾ ਸਕਣਾ; ਕੁਝ ਦੇ ਸਕਣਾ, ਕੁਝ ਲੈਣ ਦੇ ਯੋਗ ਹੋ ਸਕਣਾ; ਚਾਅ ਨਾਲ ਕੁਝ ਸੁਣਾ ਸਕਣਾ, ਉਤਸੁਕਤਾ ਨਾਲ ਕੁਝ ਸੁਣ ਸਕਣਾ ਆਦਿ ਸੋਹਣੇ, ਸਿਆਣੇ, ਸਹਿਯੋਗੀ ਅਤੇ ਸਿਹਤਮੰਦ ਵਿਅਕਤੀਆਂ ਦੇ ਲੱਛਣ ਹੁੰਦੇ ਹਨ।ਉਂਝ ਸਮਾਜ ਵਿਚ ਪਰੰਪਰਾਗਤ ਲੋਕ ਵਧੇਰੇ ਭਰੋਸੇਯੋਗ ਹੁੰਦੇ ਹਨ ਪਰ ਪਰੰਪਰਾ ਉਲੰਘਣ ਵਾਲੇ ਵਧੇਰੇ ਦਿਲਚਸਪ ਹੁੰਦੇ ਹਨ। ਹਰ ਵੇਲੇ ਗੰਭੀਰ ਹੋਣਾ ਵੀ ਠੀਕ ਨਹੀਂ ਹੁੰਦਾ, ਸੋ ਜ਼ਿੰਦਗੀ ਵਿਚ ਹੱਸਣ ਦੇ ਮੌਕੇ ਨਹੀਂ ਗੁਆਉਣੇ ਚਾਹੀਦੇ। ਹੱਸਣ ਨਾਲ ਜ਼ਿੰਦਗੀ ਦੇ ਸਾਲ ਭਾਵੇਂ ਨਹੀਂ ਵਧਦੇ ਪਰ ਸਾਲਾਂ ਵਿਚ ਜ਼ਿੰਦਗੀ ਜ਼ਰੂਰ ਵੱਧ ਜਾਂਦੀ ਹੈ।

ਮੇਰਾ ਤਜਰਬਾ ਹੈ, ਤੁਹਾਡਾ ਵੀ ਹੋਵੇਗਾ, ਕੋਈ ਗਲ ਸਮਝਣ-ਸਮਝਾਉਣ ਲਈ, ਢੁੱਕਵੀਂ ਉਦਾਹਰਣ ਬੜੀ ਮਦਦਗਾਰ ਸਾਬਤ ਹੁੰਦੀ ਹੈ। ਉਦਾਹਰਣ ਨਾਲ ਸਾਡੀ ਗੱਲ ਦਾ ਵਜ਼ਨ ਵਧਦਾ ਹੈ। ਜੀਵਨ ਵਿਚ ਆਪਣੀ ਗੱਲ ਦਾ ਵਜ਼ਨ ਅਤੇ ਪ੍ਰਭਾਵ ਵਧਾਉਣ ਲਈ, ਦਿਲਚਸਪੀ ਅਤੇ ਚਿੱਤ ਲਗਾਉਣ ਲਈ, ਅਕਸਰ ਉਦਾਹਰਣਾਂ ਵਰਤੀਆਂ ਜਾਂਦੀਆਂ ਹਨ। ਉਦਾਹਰਣਾਂ ਕਿਸੇ ਦੀ ਮਲਕੀਅਤ ਨਹੀਂ ਹੁੰਦੀਆਂ, ਇਨ੍ਹਾਂ ਦਾ ਮਾਲਕ ਉਹ ਹੁੰਦਾ ਹੈ, ਜਿਹੜਾ ਇਨ੍ਹਾਂ ਨੂੰ ਅਸਰਦਾਰ ਢੰਗ ਨਾਲ, ਢੁੱਕਵੀਂ ਸਥਿਤੀ ਉਸਾਰ ਕੇ, ਆਪਣੀ ਗਲਬਾਤ ਵਿਚ ਗੁੰਨ੍ਹਦਾ ਹੈ ਅਤੇ ਆਪਣੀ ਬਣਾ ਕੇ ਪਰੋਸਦਾ ਹੈ।

ਇਨ੍ਹਾਂ ਕਹਾਣੀਆਂ ਦੇ ਸ਼ਾਬਦਿਕ-ਅਰਥ ਨਹੀਂ, ਇਨ੍ਹਾਂ ਦੇ ਭਾਵ-ਅਰਥ ਸਮਝਣ ਦੀ ਲੋੜ ਹੈ। ਜ਼ਿੰਦਗੀ ਨੂੰ ਬਦਲਣ ਵਾਸਤੇ, ਮਨੁੱਖ ਲਈ ਇਕ ਸ਼ਕਤੀਸ਼ਾਲੀ ਵਿਅਕਤੀ ਜਾਂ ਉਦਾਹਰਣ ਹੀ ਕਾਫੀ ਹੁੰਦੀ ਹੈ।

www.quotesinpunjabi.ml

QuotesInPunjabi

ਹਰੇਕ ਅਰਜਨ ਨੂੰ ਇਕ ਹੀ ਕ੍ਰਿਸ਼ਨ ਚਾਹੀਦਾ ਹੁੰਦਾ ਹੈ।

ਇਸ ਸੰਗ੍ਰਹਿ ਵਿਚ ਦਰਜ ਘਟਨਾਵਾਂ ਜ਼ਿੰਦਗੀ ਵਲ ਖੁਲ੍ਹਦੀਆਂ ਖਿੜਕੀਆਂ ਹਨ। ਖਿੜਕੀ ਦਿਨ ਵੇਲੇ ਅੰਦਰੋਂ ਬਾਹਰ ਵੇਖਣ ਲਈ ਅਤੇ ਰਾਤ ਵੇਲੇ ਬਾਹਰੋਂ ਅੰਦਰ ਝਾਕਣ ਲਈ ਹੁੰਦੀ ਹੈ। ਇਵੇਂ ਇਸ ਸੰਗ੍ਰਹਿ ਵਿਚਲੀਆਂ ਖਿੜਕੀਆਂ ਤੋਂ ਬਾਹਰਲੇ ਅਤੇ ਅੰਦਰਲੇ, ਸਰੀਰਕ ਅਤੇ ਰੂਹਾਨੀ, ਪੱਛਮੀ ਅਤੇ ਪੂਰਬੀ ਜੀਵਨ ਦੇ ਸੁਨੇਹੇ ਅਤੇ ਸੰਕੇਤ ਮਿਲਦੇ ਹਨ। ਅਜੋਕੇ ਸੰਸਾਰ ਵਿਚ ਪੂਰਬੀ ਅਤੇ ਪੱਛਮੀ ਜੀਵਨ-ਜਾਚ ਅਤੇ ਵਿਸ਼ਵ-ਦ੍ਰਿਸ਼ਟੀ ਵਿਚ ਹੀ ਨਹੀਂ, ਇਨ੍ਹਾਂ ਦੇ ਚਾਨਣੇ ਅਤੇ ਹਨੇਰੇ ਵਿਚ ਵੀ ਅੰਤਰ ਹੈ। ਇਨ੍ਹਾਂ ਦੋਹਾਂ ਜੀਵਨ-ਪ੍ਰਣਾਲੀਆਂ ਵਿਚੋਂ ਘਟਨਾਵਾਂ ਅਤੇ ਸ਼ਖ਼ਸੀਅਤਾਂ ਪੇਸ਼ ਕੀਤੀਆਂ ਗਈਆਂ ਹਨ, ਤਾਂ ਕਿ ਪਾਠਕਾਂ ਦਾ ਅਨੁਭਵ ਵਿਸ਼ਾਲ ਅਤੇ ਗਿਆਨ ਡੂੰਘਾ ਹੋਵੇ।

ਇਸ ਪੁਸਤਕ ਦਾ ਸੁਝਾਓ ਅਨੇਕਾਂ ਖਿੜਕੀਆਂ ਵਾਲੀ ਇਕ ਵਿਸ਼ਾਲ ਹਵੇਲੀ ਵਾਲਾ ਹੈ।ਇਸ ਦਾ ਹਰੇਕ ਪੰਨਾ ਪ੍ਰਵੇਸ਼-ਦੁਆਰ ਹੈ।

ਇਸ ਸੰਗ੍ਰਹਿ ਵਿਚਲੀਆਂ ਉਦਾਹਰਣਾਂ, ਟਿੱਪਣੀਆਂ, ਕਥਾਵਾਂ ਦਾ ਵਰਗੀਕਰਣ ਕਰਨ ਬਾਰੇ ਸੋਚਿਆ ਗਿਆ ਸੀ ਪਰ ਹਰੇਕ ਮੱਦ ਦਾ ਵਿਸ਼ਾ, ਤਾਸੀਰ ਅਤੇ ਪ੍ਰਭਾਵ ਵੱਖਰਾ ਹੋਣ ਕਰਕੇ, ਇਨ੍ਹਾਂ ਨੂੰ ਨੰਬਰ ਲਾ ਕੇ ਨਿਖੇੜਿਆ ਗਿਆ ਹੈ।

ਮੈਂ ਤੁਹਾਡਾ ਸਾਧਾਰਨ ਲੇਖਕ ਹਾਂ, ਤੁਸੀਂ ਮੇਰੇ ਵਿਸ਼ੇਸ਼ ਪਾਠਕ ਹੋ। ਜਦੋਂ ਕਿਸੇ ਦਿਲਚਸਪ ਵਿਅਕਤੀ ਨਾਲ ਮੇਲ ਹੁੰਦਾ ਹੈ ਜਾਂ ਕਿਸੇ ਰੋਚਿਕ ਘਟਨਾ ਬਾਰੇ ਪਤਾ ਲਗਦਾ ਹੈ ਤਾਂ ਪ੍ਰਾਪਤ ਕੀਤੇ ਅਨੁਭਵ ਨੂੰ, ਤੁਹਾਡੇ ਨਾਲ ਸਾਂਝਾ ਕਰਨ ਅਤੇ ਰਲ ਕੇ ਵਿਕਾਸ ਕਰਨ ਦੀ ਤਾਂਘ ਉਪਜਦੀ ਹੈ।

ਇਹ ਪੁਸਤਕ, ਮੇਰੀ ਅਜਿਹੀ ਤਾਂਘ ਦਾ ਹੀ ਪ੍ਰਮਾਣ ਹੈ।

ਆਓ ਚਲੀਏ, ਅਤੇ ਰਲ ਕੇ ਅਨੁਭਵ ਦੀਆਂ ਨਵੀਆਂ ਪੁਲਾਂਘਾਂ ਪੁਟੀਏ.....

ਨਰਿੰਦਰ ਸਿੰਘ ਕਪੂਰ

ਨਰਿੰਦਰ ਸਿੰਘ ਕਪੂਰ
ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਤੰਬਰ, 2013

www.quotesinpunjabi.ml

QuotesInPunjabi

ਖਿੜਕੀਆਂ



ਨਰਿੰਦਰ ਸਿੰਘ ਕਪੂਰ

www.quotesinpunjabi.ml

QuotesInPunjabi

1

ਇਕ ਰਿਸ਼ੀ ਨੇ ਲੰਮੀ ਸਾਧਨਾ ਕਰਨ ਉਪਰੰਤ ਬੜਾ ਗਿਆਨ ਪ੍ਰਾਪਤ ਕੀਤਾ। ਉਸ ਦੀ ਸਾਧਨਾ ਤੋਂ ਪ੍ਰਸੰਨ ਅਤੇ ਗਿਆਨ ਤੋਂ ਪ੍ਰਭਾਵਿਤ ਹੋ ਕੇ, ਸ਼ਿਵ ਜੀ ਪ੍ਰਗਟ ਹੋਏ ਅਤੇ ਕਿਹਾ: ਤੇਰੀ ਸਾਧਨਾ ਤੋਂ ਪ੍ਰਸੰਨ ਹੋ ਕੇ ਤੈਨੂੰ ਵਰਦਾਨ ਦੇਣ ਆਇਆ ਹਾਂ। ਤੂੰ ਜੋ ਚਾਹੇਂਗਾ, ਉਹ ਮਿਲੇਗਾ। ਰਿਸ਼ੀ ਨੇ ਕਿਹਾ: ਸ਼ਿਵ ਜੀ, ਮੇਰਾ ਗਿਆਨ ਦੁੱਗਣਾ ਹੋ ਜਾਵੇ। ਸ਼ਿਵ ਜੀ ਨੇ ਕਿਹਾ 'ਹੋ ਗਿਆ'। ਸ਼ਿਵ ਜੀ ਪ੍ਰਸੰਨ ਸਨ ਕਿ ਰਿਸ਼ੀ ਨੇ ਕੋਈ ਪਦਾਰਥ ਨਹੀਂ ਮੰਗਿਆ, ਗਿਆਨ ਮੰਗਿਆ ਸੀ। ਸ਼ਿਵ ਜੀ ਨੇ ਕਿਹਾ, ਕੁਝ ਹੋਰ ਮੰਗ। ਰਿਸ਼ੀ ਨੇ ਕਿਹਾ, ਮੇਰਾ ਗਿਆਨ ਦੁੱਗਣੇ ਦਾ ਦੁੱਗਣਾ ਹੋ ਜਾਵੇ।

ਜਿਉਂ ਹੀ ਸ਼ਿਵ ਜੀ ਨੇ ਕਿਹਾ 'ਹੋ ਗਿਆ', ਉਹ ਰਿਸ਼ੀ ਇਸਤਰੀ ਬਣ ਗਿਆ।

2

ਮਹਾਰਾਜਾ ਰਣਜੀਤ ਸਿੰਘ ਮੁਨਸ਼ਾ ਸਿੰਘ ਰਾਗੀ ਦਾ ਕੀਰਤਨ ਸੁਣਿਆ ਕਰਦੇ ਸਨ ਪਰ ਮੁਨਸ਼ਾ ਸਿੰਘ ਕੋਈ ਭੇਟਾ ਸਵੀਕਾਰ ਨਹੀਂ ਸਨ ਕਰਦੇ।

ਮਹਾਰਾਜੇ ਨੂੰ ਪਤਾ ਲੱਗਾ ਕਿ ਮੁਨਸ਼ਾ ਸਿੰਘ ਦੇ ਘਰ ਰੋਟੀ ਪਕਾਉਣ ਲਈ ਤਵਾ ਤੱਕ ਨਹੀਂ ਸੀ। ਮਹਾਰਾਜਾ ਮੋਹਰਾਂ ਦੀਆਂ ਥੈਲੀਆਂ ਲੈ ਕੇ, ਉਨ੍ਹਾਂ ਦੇ ਘਰ ਗਏ। ਮਹਾਰਾਜਾ ਆਪ ਆਵਾਜ਼ਾਂ ਮਾਰਦੇ ਰਹੇ ਪਰ ਅਸੂਲ ਦੇ ਪੱਕੇ ਮੁਨਸ਼ਾ ਸਿੰਘ ਨੇ ਬੂਹਾ ਹੀ ਨਾ ਖੋਲ੍ਹਿਆ।

3

ਇਕ ਲੜਕੀ ਨੂੰ ਉਸ ਦੀ ਮਾਂ ਅੱਖਾਂ ਦੇ ਡਾਕਟਰ ਕੋਲ ਲੈ ਕੇ ਗਈ, ਕਿਹਾ : ਮੇਰੀ ਇਹ ਧੀ, ਨਾ ਇਹ ਕੁਝ ਵੇਖਦੀ ਹੈ, ਨਾ ਇਸ ਨੂੰ ਕੁਝ ਦਿਸਦਾ ਹੈ। ਡਾਕਟਰ ਨੇ ਜਾਂਚ ਕਰਕੇ ਕਿਹਾ: ਅੱਖਾਂ ਪੂਰੀ ਤਰ੍ਹਾਂ ਠੀਕ ਹਨ। ਮਾਂ ਨੇ ਕਿਹਾ: ਜੇ ਅੱਖਾਂ ਠੀਕ ਹਨ ਤਾਂ ਇਸ ਨੂੰ ਕੁਝ ਦਿਸਦਾ ਕਿਉਂ ਨਹੀਂ ? ਡਾਕਟਰ ਨੇ ਕਿਹਾ: ਵਿਗਿਆਨਕ ਪੱਖੋਂ ਅੱਖਾਂ ਠੀਕ ਹਨ, ਮਾਨਸਿਕ ਪੱਖੋਂ ਇਹ ਜੋਤਹੀਣ ਹੈ। ਦੱਸਦੀ ਹੈ ਕਿਸੇ ਨਾਲ ਪਿਆਰ ਹੋ ਗਿਆ ਸੀ, ਉਹ ਪਿਆਰ ਜਿਹੜਾ ਜ਼ਿੰਦਗੀ ਵਿਚ ਕਿਸੇ ਨਾਲ ਇਕ ਵਾਰ ਹੀ ਹੁੰਦਾ ਹੈ। ਜਿਸ ਵਿਚ ਪ੍ਰੇਮੀ ਤੋਂ ਸਿਵਾਏ ਕੁਝ ਚੰਗਾ ਨਹੀਂ ਲੱਗਦਾ, ਕੁਝ ਨਹੀਂ ਦਿਸਦਾ ਪਰ ਪਰਿਵਾਰ ਨੇ ਇਸ ਦਾ ਆਪਣੇ ਪ੍ਰੇਮੀ ਨਾਲ ਮਿਲਣਾ ਬੰਦ ਕਰ ਦਿੱਤਾ ਸੀ ਅਤੇ ਇਸ ਨੂੰ ਲੰਮਾ ਅਰਸਾ ਇੱਕ ਹਨੇਰੇ ਕਮਰੇ ਵਿੱਚ ਬੰਦ ਰੱਖਿਆ ਗਿਆ ਸੀ। ਇਹ ਕਹਿੰਦੀ ਹੈ ਕਿ ਇਸ ਨੇ ਆਪਣੇ ਪ੍ਰੇਮੀ ਨੂੰ ਆਪਣੇ ਅੰਦਰ ਵਸਾ ਲਿਆ ਹੈ। ਇਸ ਵਿਚ ਉਸ ਤੋਂ ਸਿਵਾਏ ਕਿਸੇ ਹੋਰ ਨੂੰ, ਕਿਸੇ ਚੀਜ਼ ਨੂੰ ਵੇਖਣ ਦੀ ਇੱਛਾ ਹੀ ਨਹੀਂ ਰਹੀ। ਇਸ ਦੀਆਂ ਅੱਖਾਂ ਨੇ ਖੁਦਕੁਸ਼ੀ ਕਰ ਲਈ ਹੈ।

ਇਹ ਆਪ ਭਾਵੇਂ ਜਿਉਂਦੀ ਹੈ ਪਰ ਇਸ ਦੀਆਂ ਅੱਖਾਂ ਮਰ ਗਈਆਂ ਹਨ।

www.quotesinpunjabi.ml

QuotesInPunjabi

4

ਵਿਸ਼ਵਾਸ ਉਹ ਹੁੰਦਾ ਹੈ ਜੋ, ਸਾਨੂੰ ਤਾਕਤ ਦਿੰਦਾ ਹੈ।

ਇਕ ਛੋਟੀ ਲੜਕੀ ਰੋਜ਼ ਸੌਣ ਤੋਂ ਪਹਿਲਾਂ ਪ੍ਰਾਰਥਨਾ ਕਰਦੀ ਸੀ ਅਤੇ ਰੱਬ ਨਾਲ ਆਪਣੀਆਂ ਖੁਸ਼ੀਆਂ ਅਤੇ ਚਿੰਤਾਵਾਂ ਸਾਂਝੀਆਂ ਕਰਦੀ ਸੀ।

ਇਕ ਰਾਤ ਉਹ ਅਰਦਾਸ ਕਰ ਰਹੀ ਸੀ: ਰੱਬ ਜੀ ਮੇਰਾ ਟੁੱਟਿਆ ਹੋਇਆ ਖਿਡੌਣਾ ਠੀਕ ਕਰ ਦਿਓ। ਵੱਡੇ ਭਰਾ ਨੇ ਸੁਣ ਕੇ ਕਿਹਾ: ਝੱਲੀ ਨਾ ਹੋਵੇ ਤਾਂ, ਰੱਬ ਕੋਈ ਵਿਹਲਾ ਬੈਠਾ ਹੈ ਕਿ ਉਹ ਤੇਰੇ ਵਰਗੀ ਦੇ ਟੁੱਟੇ ਖਿਡੌਣੇ ਠੀਕ ਕਰਦਾ ਫਿਰੇ। ਸਵੇਰੇ ਉਠਿਆ, ਭੈਣ ਨੂੰ ਛੇੜਦਿਆਂ ਪਿਆਰ ਨਾਲ ਕਿਹਾ: ਵੇਖ ਰੱਬ ਨੇ ਕੁਝ ਨਹੀਂ ਕੀਤਾ।

ਭੈਣ ਨੇ ਪੂਰੇ ਵਿਸ਼ਵਾਸ ਨਾਲ ਕਿਹਾ: ਹਾਂ, ਹਾਂ ਰੱਬ ਨੇ ਮੇਰੀ ਅਰਦਾਸ ਮੰਨ ਲਈ ਹੈ। ਰਾਤੀਂ ਰੱਬ ਮੇਰੇ ਸੁਪਨੇ ਵਿੱਚ ਆਇਆ ਸੀ, ਮੇਰਾ ਟੁੱਟਿਆ ਖਿਡੌਣਾ ਰੱਬ ਦੇ ਹੱਥ ਵਿਚ ਸੀ, ਰੱਬ ਨੇ ਮੈਨੂੰ ਕਿਹਾ ਸੀ: ਹੁਣ ਤੂੰ ਇਨ੍ਹਾਂ ਖਿਡੌਣਿਆਂ ਨੂੰ ਛੱਡ ਦੇ, ਹੁਣ ਤੂੰ ਵੱਡੀ ਹੋ ਗਈ ਹੈਂ।

5

ਲਾਅਨ ਟੈਨਿਸ ਦੇ ਵਿਸ਼ਵ ਚੈਂਪੀਅਨ ਆਰਥਰ ਐਸ਼ ਨੂੰ ਜਾਨ-ਲੇਵਾ ਰੋਗ ਹੋਣ 'ਤੇ ਵਿਸ਼ਵ ਭਰ ਵਿਚੋਂ ਟੈਨਿਸ-ਪ੍ਰੇਮੀਆਂ ਅਤੇ ਪ੍ਰਸੰਸਕਾਂ ਦੇ ਹਮਦਰਦੀ ਦੇ ਸੁਨੇਹੇ ਪ੍ਰਾਪਤ ਹੋਏ। ਇਕ ਪੱਤਰ ਵਿਚ ਲਿਖਿਆ ਸੀ: ਆਖਰ ਪਰਮਾਤਮਾ ਨੇ ਤੁਹਾਨੂੰ ਹੀ ਇਸ ਰੋਗ ਲਈ ਕਿਉਂ ਚੁਣਿਆ ਹੈ? ਐਸ਼ ਨੇ ਉੱਤਰ ਦਿੱਤਾ ਸੀ: ਸੰਸਾਰ ਵਿਚ ਹਰ ਸਾਲ ਪੰਜ ਕਰੋੜ ਬੱਚੇ ਟੈਨਿਸ ਖੇਡਣਾ ਸਿੱਖਦੇ ਹਨ। ਪੰਜਾਹ ਲੱਖ ਸਿੱਖਦੇ ਰਹਿੰਦੇ ਹਨ। ਪੰਜਾਹ-ਹਜ਼ਾਰ ਚੰਗੇ ਖਿਡਾਰੀ ਬਣ ਜਾਂਦੇ ਹਨ। ਪੰਜ ਹਜ਼ਾਰ ਮੁਕਾਬਲੇ ਦੀ ਪੱਧਰ ਤੱਕ ਖੇਡਦੇ ਹਨ ਅਤੇ ਮੁਕਾਬਲਿਆਂ ਵਿੱਚ ਭਾਗ ਲੈਂਦੇ ਹਨ। ਇਨ੍ਹਾਂ ਵਿਚੋਂ ਪੰਜਾਹ ਅੰਤਰ-ਰਾਸ਼ਟਰੀ ਪੱਧਰ ਤੱਕ ਅਪੜਦੇ ਹਨ, ਜਿਨ੍ਹਾਂ ਵਿਚੋਂ ਚਾਰ ਸੈਮੀਫਾਈਨਲ ਅਤੇ ਦੋ ਫਾਈਨਲ ਮੁਕਾਬਲੇ ਵਿਚ ਖੇਡਦੇ ਹਨ ਅਤੇ ਇਕ ਵਿਸ਼ਵ ਚੈਂਪੀਅਨ ਬਣਦਾ ਹੈ।

ਜਦੋਂ ਮੈਂ ਵਿਸ਼ਵ ਚੈਂਪੀਅਨ ਬਣਿਆ ਸਾਂ ਤਾਂ ਮੈਂ ਰੱਬ ਨੂੰ ਨਹੀਂ ਸੀ ਪੁੱਛਿਆ ਕਿ ਮੈਂ ਹੀ ਕਿਉਂ ਚੈਂਪੀਅਨ ਚੁਣਿਆ ਗਿਆ ਸਾਂ। ਹੁਣ ਮੈਂ ਪਰਮਾਤਮਾ ਨੂੰ ਕਿਉਂ ਪੁੱਛਾਂ ਕਿ ਇਸ ਰੋਗ ਲਈ ਮੈਂ ਕਿਉਂ ਚੁਣਿਆ ਗਿਆ ਹਾਂ?

6

ਹਾਲਾਤ ਬਦਲਣ ਨਾਲ ਮਨੁੱਖ ਦੀਆਂ ਤਰਜੀਹਾਂ ਅਤੇ ਉਦੇਸ਼ ਬਦਲ ਜਾਂਦੇ ਹਨ।

ਇਕ ਥਾਂ ਕੁਝ ਅਪੰਗ ਵਿਅਕਤੀ ਰਲ ਕੇ ਰਹਿੰਦੇ ਸਨ। ਕਿਉਂਕਿ ਸਾਰੇ ਹੀ ਕਿਸੇ ਨਾ ਕਿਸੇ ਪੱਖੋਂ ਅਪੰਗ ਸਨ, ਸੋ ਉਨ੍ਹਾਂ ਵਿਚ ਆਪਸੀ ਭਾਈਚਾਰਾ ਬੜਾ ਪੀਡਾ ਸੀ।

ਥੁੜ੍ਹ ਕਾਰਨ ਨਿਰਭਰਤਾ ਉਪਜਦੀ ਹੈ ਅਤੇ ਨਿਰਭਰਤਾ ਨੇੜਤਾ ਉਸਾਰਦੀ ਹੈ।

ਉਹ ਇਕ ਮੀਂਹ ਵਾਲੀ ਰਾਤ, ਆਪਸ ਵਿਚ ਗੱਲਾਂ ਕਰ ਰਹੇ ਸਨ।

www.quotesinpunjabi.ml

QuotesInPunjabi

ਅੰਨ੍ਹ ਨੇ ਕਿਹਾ: ਜੇ ਅੱਖਾਂ ਹੁੰਦੀਆਂ, ਜਿਥੇ ਬੁਰਾਈ ਦਿਸਦੀ, ਝੱਟ ਠੀਕ ਕਰ ਦਿੰਦਾ। ਲੰਗੜੇ ਨੇ ਕਿਹਾ: ਜੇ ਲੱਤਾਂ ਹੁੰਦੀਆਂ, ਤਾਂ ਦੌੜ-ਦੌੜ ਕੇ ਲੋਕਾਂ ਦੀ ਸੇਵਾ ਕਰਦਾ। ਟੁੰਡੇ ਨੇ ਕਿਹਾ: ਜੇ ਬਾਹਵਾਂ ਹੁੰਦੀਆਂ ਤਾਂ ਬਦਮਾਸ਼ਾਂ ਨੂੰ ਖੂਬ ਦੰਡ ਦਿੰਦਾ। ਨਿਰਧਨ ਨੇ ਕਿਹਾ: ਜੇ ਧਨਵਾਨ ਹੁੰਦਾ ਤਾਂ ਗਰੀਬਾਂ ਦੀ ਹਰ ਪਖੋਂ ਭਰਪੂਰ ਮਦਦ ਕਰਦਾ। ਅਨਪੜ੍ਹ ਨੇ ਕਿਹਾ: ਜੇ ਵਿਦਵਾਨ ਹੁੰਦਾ ਤਾਂ ਗਿਆਨ ਦੀ ਗੰਗਾ ਵਗਾ ਦਿੰਦਾ।

ਸੈਜੋਗਵਸ, ਹਰ ਕੋਈ ਜੋ ਮੰਗਦਾ ਸੀ, ਉਸ ਨੂੰ ਉਹ ਮਿਲ ਗਿਆ।

ਅੰਨ੍ਹਾ ਸੁੰਦਰੀਆਂ ਨੂੰ ਵੇਖਣ ਅਤੇ ਘੱਗਰਿਆਂ ਦੀ ਰੌਣਕ ਵਿਚ ਗੁਆਚ ਗਿਆ। ਲੰਗੜਾ ਪਰਸ ਅਤੇ ਚੇਨੀਆਂ ਖੋਹ ਕੇ ਦੌੜਨ ਲੱਗ ਪਿਆ। ਟੁੰਡਾ ਦੰਗੇ-ਫਸਾਦ ਕਰਨ ਵਿੱਚ ਰੁੱਝ ਗਿਆ। ਨਿਰਧਨ ਰਿਸ਼ਵਤਾਂ ਲੈਣ ਲੱਗ ਪਿਆ ਅਤੇ ਅਨਪੜ੍ਹ ਆਪਣੀ ਚਤੁਰਾਈ ਨਾਲ ਹਰ ਕਿਸੇ ਨੂੰ ਮੂਰਖ ਬਣਾਉਣ ਲੱਗ ਪਿਆ।

7 ✓

ਪੁੱਤਰ ਬੀਮਾਰ ਸੀ, ਦਿਮਾਗ ਵਿਚ ਰਸੌਲੀ ਸੀ, ਓਪਰੇਸ਼ਨ ਲਈ ਪੈਸੇ ਨਹੀਂ ਸਨ। ਪਰਿਵਾਰ ਪਰੇਸ਼ਾਨ ਸੀ। ਪਤੀ ਨੇ ਪਤਨੀ ਨੂੰ ਕਿਹਾ: ਸਾਡੇ ਪੁੱਤਰ ਨੂੰ ਹੁਣ ਕੋਈ ਚਮਤਕਾਰ ਹੀ ਬਚਾ ਸਕਦਾ ਹੈ। ਇਹ ਗੱਲ ਸੁਣ ਕੇ ਬੀਮਾਰ ਪੁੱਤਰ ਦੀ ਅੱਠ ਸਾਲ ਦੀ ਭੈਣ, ਸੋਨੀਆ ਆਪਣੇ ਕਮਰੇ ਵਿਚ ਗਈ, ਆਪਣੀ ਬੁਘਣੀ ਤੋੜੀ, ਉਸ ਵਿੱਚ ਜਿਤਨੀ ਭਾਨ ਸੀ, ਉਹ ਲੈ ਕੇ, ਉਹ ਇਕੱਲੀ, ਦਵਾਈਆਂ ਦੀ ਦੁਕਾਨ 'ਤੇ ਗਈ।

ਸੋਨੀਆ ਇਤਨੀ ਛੋਟੀ ਸੀ ਕਿ ਦੁਕਾਨਦਾਰ ਨੂੰ ਦਿਸੀ ਹੀ ਨਹੀਂ। ਕੈਮਿਸਟ ਨੇ ਉਪਰੋਂ ਜਦੋਂ ਝੁਕ ਕੇ ਵੇਖਿਆ ਤਾਂ ਪੁੱਛਿਆ ਕੀ ਚਾਹੀਦਾ ਹੈ? ਸੈਜੋਗਵਸ ਕੈਮਿਸਟ ਦਾ ਭਰਾ ਕਾਰਲਟਨ, ਜਿਹੜਾ ਪ੍ਰਸਿੱਧ ਨਿਊਰੋਸਰਜਨ ਸੀ, ਉਥੇ ਬੈਠਾ ਸੀ।

ਸੋਨੀਆ ਨੇ ਕਿਹਾ: ਮੈਨੂੰ ਚਮਤਕਾਰ ਚਾਹੀਦਾ ਹੈ। ਮੇਰਾ ਭਰਾ ਬੀਮਾਰ ਹੈ, ਉਸ ਦੇ ਸਿਰ ਵਿਚ ਕੋਈ ਬੀਮਾਰੀ ਹੈ, ਮੇਰੇ ਪਿਤਾ ਕਹਿੰਦੇ ਹਨ, ਇਸ ਨੂੰ ਤਾਂ ਹੁਣ ਕੋਈ ਚਮਤਕਾਰ ਹੀ ਬਚਾ ਸਕਦਾ ਹੈ, ਮੈਂ ਉਹ ਚਮਤਕਾਰ ਲੈਣ ਆਈ ਹਾਂ।

ਕਾਰਲਟਨ ਨੇ ਪੁੱਛਿਆ: ਤੇਰੇ ਭਰਾ ਨੂੰ ਕਿਹੋ ਜਿਹਾ ਚਮਤਕਾਰ ਚਾਹੀਦਾ ਹੈ? ਅੱਥਰੂਆਂ ਨਾਲ ਭਰੀਆਂ ਅੱਖਾਂ ਨਾਲ ਸੋਨੀਆ ਨੇ ਕਿਹਾ: ਮੈਨੂੰ ਨਹੀਂ ਪਤਾ, ਚਮਤਕਾਰ ਕਿਹੋ ਜਿਹਾ ਹੁੰਦਾ ਹੈ। ਮੈਂ ਤਾਂ ਜਾਣਦੀ ਹਾਂ ਕਿ ਉਹ ਬਹੁਤ ਬੀਮਾਰ ਹੈ, ਉਸ ਨੂੰ ਓਪਰੇਸ਼ਨ ਦੀ ਲੋੜ ਹੈ, ਜਿਸ ਵਾਸਤੇ ਸਾਡੇ ਕੋਲ ਪੈਸੇ ਨਹੀਂ।

ਕਾਰਲਟਨ ਨੇ ਉਸ ਦੀ ਮੀਟੀ ਹੋਈ ਮੁੱਠੀ ਵੇਖ ਕੇ ਪੁੱਛਿਆ: ਤੇਰੇ ਕੋਲ ਚਮਤਕਾਰ ਖਰੀਦਣ ਲਈ ਕਿਤਨੇ ਪੈਸੇ ਹਨ? ਸੋਨੀਆ ਨੇ ਦੱਸਿਆ: ਮੈਂ ਆਪਣੀ ਬੁਘਣੀ ਤੋੜ ਕੇ ਸਾਰੇ ਪੈਸੇ ਲੈ ਆਈ ਹਾਂ। ਇਹ ਇਕ ਡਾਲਰ ਅਤੇ ਗਿਆਰ੍ਹਾਂ ਸੈਂਟ ਹਨ।

ਕਾਰਲਟਨ ਨੇ ਕਿਹਾ: ਚਮਤਕਾਰ ਵਾਸਤੇ ਇਹ ਕਾਫੀ ਹਨ।

ਕਾਰਲਟਨ ਨੇ ਸੋਨੀਆ ਦਾ ਹੱਥ ਫੜ ਕੇ ਕਿਹਾ: ਮੈਨੂੰ ਆਪਣੇ ਭਰਾ ਕੋਲ ਲੈ ਚਲ।

www.quotesinpunjabi.ml

QuotesInPunjabi

ਉਸ ਡਾਕਟਰ ਕਾਰਲਟਨ ਨੇ ਆਪਣੇ ਹਸਪਤਾਲ ਵਿਚ ਮੁਫ਼ਤ ਓਪਰੇਸ਼ਨ ਕੀਤਾ। ਗਰੀਬ ਪਰਿਵਾਰ ਦਾ ਪੁੱਤਰ ਠੀਕ ਹੋ ਗਿਆ। ਸੋਨੀਆ ਦੀ ਮਾਂ ਨੇ ਹੈਰਾਨੀ ਨਾਲ ਡਾਕਟਰ ਤੋਂ ਪੁੱਛਿਆ ਕਿ ਚਮਤਕਾਰ ਦੀ ਕੀਮਤ ਕੀ ਸੀ ਅਤੇ ਇਹ ਕਿਸ ਨੇ ਚੁਕਾਈ ਸੀ ?

ਕਾਰਲਟਨ ਨੇ ਕਿਹਾ: ਇਸ ਦੀ ਕੀਮਤ ਇਕ ਭੈਣ ਦੇ ਅੱਥਰੂ ਅਤੇ ਮਾਨਵਤਾ ਵਿਚ ਅਤੁੱਟ ਵਿਸ਼ਵਾਸ ਸੀ, ਇਹ ਕੀਮਤ ਤੁਹਾਡੀ ਬੇਟੀ ਸੋਨੀਆ ਨੇ ਚੁਕਾਈ ਸੀ।

8

ਪ੍ਰਸਿੱਧ ਚਿੱਤਰਕਾਰ ਅਤੇ ਮੂਰਤੀਕਾਰ ਮਾਈਕਲ ਐਂਜਲੋ ਪੱਥਰਾਂ ਦੀ ਇਕ ਦੁਕਾਨ ਅੱਗੋਂ ਲੰਘ ਰਿਹਾ ਸੀ। ਬਾਹਰ ਇਕ ਵੱਡਾ ਬੇਢੱਬਾ, ਮੈਲਾ ਜਿਹਾ ਪੱਥਰ ਵੇਖਿਆ। ਪਤਾ ਨਹੀਂ ਮਾਈਕਲ ਐਂਜਲੋ ਨੇ ਪੱਥਰ ਵੇਖਿਆ ਜਾਂ ਪੱਥਰ ਨੇ ਮਾਈਕਲ ਐਂਜਲੋ ਨੂੰ ਵੇਖਿਆ। ਮਾਈਕਲ ਨੇ ਕੀਮਤ ਪੁੱਛੀ। ਮਾਲਕ ਨੇ ਕਿਹਾ ਕੋਈ ਕੀਮਤ ਨਹੀਂ, ਇਸ ਨੇ ਮੇਰੀ ਬੜੀ ਥਾਂ ਮੱਲੀ ਹੋਈ ਹੈ, ਕੋਈ ਨਹੀਂ ਲੈਂਦਾ, ਤੂੰ ਮੁਫ਼ਤ ਹੀ ਲੈ ਜਾ। ਜੋ ਕੀਮਤ ਮਾਈਕਲ ਐਂਜਲੋ ਦੇ ਸਕਦਾ ਸੀ, ਦਿੱਤੀ ਅਤੇ ਪੱਥਰ ਚੁਕਵਾ ਕੇ ਲੈ ਗਿਆ। ਉਸ ਪੱਥਰ ਵਿਚੋਂ ਉਸ ਨੇ ਸਤਾਰ੍ਹਾਂ ਫੁੱਟ ਉਚੀ ਡੇਵਿਡ ਦੀ ਮੂਰਤੀ ਬਣਾਈ, ਜਿਉਂਦੀ-ਜਾਗਦੀ ਮੂਰਤੀ, ਤੇਜਸਵੀ, ਪ੍ਰਭਾਵਸ਼ਾਲੀ, ਵਿਸ਼ਵ-ਪ੍ਰਸਿੱਧ ਮੂਰਤੀ। ਪੱਥਰ ਵਾਲੇ ਨੂੰ ਬੁਲਾਇਆ, ਵੇਖ ਇਹ ਉਹੀ ਪੱਥਰ ਹੈ।

ਤੇਰੀ ਦੁਕਾਨ ਦੇ ਬਾਹਰ ਪਿਆ ਜਦੋਂ ਮੈਂ ਇਹ ਪੱਥਰ ਵੇਖਿਆ ਸੀ ਤਾਂ ਮੈਨੂੰ ਮੂਰਤੀ ਨੇ ਕਿਹਾ ਸੀ, ਮੈਂ ਇਸ ਪੱਥਰ ਵਿੱਚ ਕੈਦ ਹਾਂ, ਮੈਨੂੰ ਬਾਹਰ ਕੱਢ।

ਮੈਂ ਇਹ ਮੂਰਤੀ ਬਣਾਈ ਨਹੀਂ, ਇਸ ਵਿਚੋਂ ਮੈਨੂੰ ਡੇਵਿਡ ਦਿਸਿਆ ਸੀ, ਮੈਂ ਤਾਂ ਵਾਧੂ ਪੱਥਰ ਛਿੱਲ ਦਿੱਤਾ ਹੈ ਅਤੇ ਡੇਵਿਡ ਬਾਹਰ ਨਿਕਲ ਆਇਆ ਹੈ।

9

ਇਕ ਵਿਅਕਤੀ ਬੜਾ ਵਿਦਵਾਨ ਸੀ, ਫੇਰ ਗਿਆਨ ਦੇ ਬਾਵਜੂਦ ਉਸਦੀ ਤਸੱਲੀ ਨਹੀਂ ਸੀ ਹੋਈ। ਗੁਰੂ ਦੀ ਤਲਾਸ਼ ਕੀਤੀ, ਲੱਭ ਲਿਆ, ਕਿਹਾ: ਕੁਝ ਦੱਸੋ।

ਗੁਰੂ ਨੇ ਕਿਹਾ: ਤੂੰ ਜੋ ਜਾਣਦਾ ਹੈਂ, ਉਹ ਲਿਖ ਲਿਆ। ਕਈ ਮਹੀਨੇ ਲਾ ਕੇ, ਹਜ਼ਾਰਾਂ ਪੰਨੇ ਲਿਖ ਲਿਆਇਆ। ਵੇਖ ਕੇ ਗੁਰੂ ਨੇ ਕਿਹਾ: ਇਤਨੇ ਕੌਣ ਪੜ੍ਹੇਗਾ, ਸੰਖੇਪ ਕਰਕੇ ਲਿਆ। ਇਨ੍ਹਾਂ ਹਜ਼ਾਰਾਂ ਪੰਨਿਆਂ ਦੇ ਉਸ ਨੇ ਇਕ ਹਜ਼ਾਰ ਪੰਨੇ ਬਣਾਏ। ਗੁਰੂ ਨੇ ਕਿਹਾ: ਹੋਰ ਸੰਖੇਪ ਕਰ। ਇਕ ਸੌ ਪੰਨੇ ਕਰ ਦਿੱਤੇ। ਹੋਰ ਸੰਖੇਪ ਕਰ, ਦਸ ਪੰਨੇ ਰਹਿ ਗਏ। ਹੋਰ ਸੰਖੇਪ ਕਰਨ ਲਈ ਕਿਹਾ, ਇਕ ਪੰਨਾ ਕਰ ਲਿਆ। ਗੁਰੂ ਨੇ ਕਿਹਾ ਇਹ ਵੀ ਸਮਝ ਨਹੀਂ ਆਇਆ, ਹੋਰ ਸੰਖੇਪ ਕਰ। ਅਖੀਰ 'ਤੇ ਉਹ ਖਾਲੀ ਪੰਨਾ ਲੈ ਕੇ ਆਇਆ।

ਹਾਂ, ਇਹ ਠੀਕ ਹੈ। ਹੁਣ ਤੂੰ ਮੇਰਾ ਵਿਦਿਆਰਥੀ ਹੈਂ, ਸ਼ਿਸ਼ ਹੈਂ, ਸਭ ਕੁਝ ਹੈਂ।

ਪਹਿਲਾਂ ਤੇਰੇ-ਮੇਰੇ ਵਿਚਕਾਰ ਗਿਆਨ ਦੀ ਦੀਵਾਰ ਸੀ।

ਵਿਦਿਆਰਥੀ ਜਾਂ ਸ਼ਿਸ਼ ਉਹ ਹੁੰਦਾ ਹੈ, ਜੋ ਗੁਰੂ ਜਾਂ ਅਧਿਆਪਕ ਕੋਲ, ਇਸ ਭਾਵ ਨਾਲ ਜਾਵੇ ਕਿ ਉਹ ਕੁਝ ਨਹੀਂ ਜਾਣਦਾ।

www.quotesinpunjabi.ml

QuotesInPunjabi

10

ਇੰਗਲੈਂਡ ਦੇ ਸ਼ਹਿਜ਼ਾਦੇ ਚਾਰਲਸ ਦੀ ਪਤਨੀ ਡਾਇਨਾ ਦੀ ਮੌਤ ਉਸ ਦੇ ਮਿਸਰੀ ਪ੍ਰੇਮੀ ਨਾਲ, ਡੱਚ ਡਰਾਈਵਰ ਵਾਲੀ ਜਰਮਨ ਕਾਰ ਵਿਚ, ਫਰਾਂਸੀਸੀ ਸੁਰੰਗ ਲੰਘਦਿਆਂ, ਉਦੋਂ ਹੋਈ ਜਦੋਂ ਉਨ੍ਹਾਂ ਦੇ ਪਿਛੇ ਇਤਾਲਵੀ ਫੋਟੋਗ੍ਰਾਫਰ, ਜਾਪਾਨੀ ਕੈਮਰਿਆਂ ਨਾਲ, ਅਮਰੀਕਨ ਮੋਟਰਸਾਈਕਲਾਂ 'ਤੇ ਪਿੱਛਾ ਕਰ ਰਹੇ ਸਨ। ਹਸਪਤਾਲ ਵਿੱਚ ਪੁਰਤਗਾਲੀ ਡਾਕਟਰ ਨੇ ਬਰਾਜ਼ੀਲੀ ਦਵਾਈਆਂ ਨਾਲ ਅਤੇ ਸਵਿਟਜ਼ਰਲੈਂਡੀ ਸੰਦਾਂ ਨਾਲ, ਉਸ ਨੂੰ ਬਚਾਉਣ ਦੀ ਭਰਪੂਰ ਕੋਸ਼ਿਸ਼ ਕੀਤੀ। ਇਹ ਖਬਰ ਇਕ ਹਿੰਦੁਸਤਾਨੀ ਨੇ, ਚੀਨੀ ਫੋਨ ਉਤੇ, ਆਸਟਰੇਲੀਆ ਵਿਚ ਰਹਿੰਦੇ, ਸਪੈਨਿਸ਼ ਕੰਪਨੀ ਵਿਚ ਕੰਮ ਕਰਦੇ, ਆਪਣੇ ਪੁੱਤਰ ਨੂੰ ਦਿੱਤੀ।

ਅਜੋਕੇ ਸੰਸਾਰ ਦਾ ਇਹ ਵਰਤਾਰਾ ਵਿਸ਼ਵੀਕਰਣ ਹੈ।

11

ਜੋ ਸਾਡੇ ਲਈ ਅਸੰਭਵ ਹੁੰਦਾ ਹੈ, ਉਸ ਨੂੰ ਸਾਡੇ ਬੱਚੇ ਸੰਭਵ ਕਰ ਵਿਖਾਉਂਦੇ ਹਨ।

ਬੱਚਿਆਂ ਵਿੱਚ ਅਸੰਭਵ ਨੂੰ ਸੰਭਵ ਬਣਾਉਣ ਦੀ ਹਿੰਮਤ ਬੀਜੋ।

ਜੇ ਬੱਚਿਆਂ ਦੀ ਆਲੋਚਨਾ ਹੀ ਕਰਦੇ ਰਹੋਗੇ, ਉਹ ਸਾਰਾ ਜੀਵਨ ਹੋਰਾਂ ਨੂੰ ਭੰਡਣ ਵਿਚ ਹੀ ਲਾ ਦੇਣਗੇ। ਜੇ ਉਨ੍ਹਾਂ ਦੀਆਂ ਸੁਭਾਵਕ ਭਾਵਨਾਵਾਂ ਦਾ ਵਿਰੋਧ ਕਰੋਗੇ, ਉਹ ਹਿੰਸਕ ਅਤੇ ਲੜਾਕੇ ਹੋ ਨਿਬੜਨਗੇ। ਜੇ ਉਨ੍ਹਾਂ ਨੂੰ ਡਰ ਪਾਓਗੇ, ਉਹ ਹਰ ਚੀਜ਼ ਤੋਂ ਡਰਨਗੇ। ਜੇ ਉਨ੍ਹਾਂ 'ਤੇ ਤਰਸ ਕਰੋਗੇ ਅਤੇ ਹਰ ਥਾਂ ਸਹਾਰਾ ਬਣੋਗੇ ਤਾਂ ਉਹ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਢੇਰੀ ਢਾਹ ਬੈਠਣਗੇ। ਜੇ ਉਨ੍ਹਾਂ ਦਾ ਮਖੌਲ ਉਡਾਓਗੇ, ਉਹ ਲੁਕਣ ਲੱਗ ਜਾਣਗੇ। ਜੇ ਉਨ੍ਹਾਂ ਵਿੱਚੋਂ ਈਰਖਾ-ਸਾੜਾ ਨਹੀਂ ਕੱਢੋਗੇ, ਉਹ ਹੀਣ-ਭਾਵਨਾ ਤੋਂ ਕਦੇ ਮੁਕਤ ਨਹੀਂ ਹੋਣਗੇ। ਜੇ ਉਨ੍ਹਾਂ ਨੂੰ ਸ਼ਰਮਸਾਰ ਕਰਦੇ ਰਹੋਗੇ, ਤਾਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਸੰਕੀਰਣ ਹੋ ਜਾਵੇਗਾ। ਜੇ ਉਨ੍ਹਾਂ ਵਿਚ ਨੁਕਸ ਹੀ ਕਢਦੇ ਰਹੋਗੇ ਤਾਂ ਉਹ ਕੁਝ ਨਵਾਂ ਨਹੀਂ ਕਰਨਗੇ।

ਪਰ ਜੇ ਉਨ੍ਹਾਂ ਨਾਲ ਸਬਰ ਨਾਲ ਪੇਸ਼ ਆਓਗੇ ਤਾਂ ਉਹ ਧੀਰਜਵਾਨ ਬਣ ਜਾਣਗੇ। ਜੇ ਉਨ੍ਹਾਂ ਵਿਚ ਸਵੈ-ਵਿਸ਼ਵਾਸ ਭਰੋਗੇ ਤਾਂ ਉਹ ਹਰ ਮੁਸ਼ਕਲ ਨੂੰ ਹੱਲ ਕਰ ਵਿਖਾਉਣਗੇ। ਜੇ ਉਨ੍ਹਾਂ ਦੇ ਚੰਗੇ ਕੰਮਾਂ ਦੀ ਸਿਫਤ ਕਰੋਗੇ ਤਾਂ ਉਨ੍ਹਾਂ ਵਿਚ ਦੂਜਿਆਂ ਨੂੰ ਸਲਾਹੁਣ ਦੀ ਦਲੇਰੀ ਉਪਜੇਗੀ। ਜੇ ਉਨ੍ਹਾਂ ਨੂੰ ਜਿਵੇਂ ਉਹ ਹਨ, ਉਵੇਂ ਪ੍ਰਵਾਨ ਕਰੋਗੇ ਤਾਂ ਉਨ੍ਹਾਂ ਨੂੰ ਹਰ ਕਿਸੇ ਨਾਲ ਰਹਿਣ ਦੀ ਜਾਚ ਆ ਜਾਵੇਗੀ। ਜੇ ਉਨ੍ਹਾਂ ਦੇ ਗੁਣਾਂ ਨਾਲ ਦੋਸ਼ਾਂ ਨੂੰ ਵੀ ਸਵੀਕਾਰ ਕਰੋਗੇ, ਉਹ ਸਾਰੇ ਸੰਸਾਰ ਨੂੰ ਆਪਣਾ ਸਮਝਣਗੇ। ਜੇ ਉਨ੍ਹਾਂ ਨੂੰ ਇਮਾਨਦਾਰੀ ਅਤੇ ਵਫ਼ਾਦਾਰੀ ਸਿਖਾਓਗੇ ਤਾਂ ਉਹ ਸੱਚ ਅਤੇ ਇਨਸਾਫ਼ ਦੇ ਪਹਿਰੇਦਾਰ ਬਣ ਜਾਣਗੇ। ਜੇ ਉਨ੍ਹਾਂ ਵਿਚ ਸੁਰੱਖਿਆ ਅਤੇ ਸੁਤੰਤਰਤਾ ਦੀ ਭਾਵਨਾ ਜਗਾਓਗੇ, ਤਾਂ ਉਨ੍ਹਾਂ ਵਿੱਚ ਦੂਜਿਆਂ ਦਾ ਧਿਆਨ ਰੱਖਣ ਦੀ ਅਮੀਰੀ ਜਾਗੇਗੀ। ਜੇ ਉਨ੍ਹਾਂ ਨੂੰ ਆਪਣੀ ਮਾਂ ਦੀਆਂ ਆਸਾਂ ਦੀ ਜਾਗ ਲਾਉਂਦੇ ਰਹੋਗੇ, ਉਹ ਪਰਿਵਾਰ, ਸਮਾਜ ਅਤੇ ਦੇਸ਼ ਲਈ ਮਹਿਮਾ ਕਮਾਉਣਗੇ।

ਜਿਵੇਂ ਠੀਕ ਲੱਗੇ, ਉਵੇਂ ਕਰਨਾ ਪਰ ਸਿੱਟਿਆਂ ਨੂੰ ਧਿਆਨ ਵਿਚ ਰੱਖ ਕੇ ਕਰਨਾ।

www.quotesinpunjabi.ml

QuotesInPunjabi

12

ਇਕ ਅੰਗਰੇਜ਼ ਯਾਤਰੀ ਨੇ ਗਾਂਧੀ ਜੀ ਦੇ ਆਸ਼ਰਮ ਵਿੱਚ ਰਹਿਣ ਦੌਰਾਨ, ਗਾਂਧੀ ਜੀ ਨੂੰ ਕਿਹਾ: ਮੈਂ ਗੀਤਾ ਪੜ੍ਹੀ ਹੈ, ਚੰਗੀ ਲੱਗੀ ਹੈ।

ਗਾਂਧੀ ਜੀ ਨੇ ਕਿਹਾ: ਮੈਨੂੰ ਵੀ ਪੜ੍ਹਨ 'ਤੇ ਚੰਗੀ ਲਗੀ ਸੀ, ਮੈਂ ਰੋਜ਼ ਪੜ੍ਹਦਾ ਹਾਂ।

ਅੰਗਰੇਜ਼ ਨੇ ਕਿਹਾ: ਮੈਨੂੰ ਗੀਤਾ, ਬਾਈਬਲ ਨਾਲੋਂ ਵੀ ਚੰਗੀ ਲੱਗੀ ਹੈ।

ਗਾਂਧੀ ਜੀ ਨੇ ਕਿਹਾ: ਮੈਨੂੰ ਗੀਤਾ ਵੀ ਚੰਗੀ ਲੱਗਦੀ ਹੈ, ਬਾਈਬਲ ਵੀ ਚੰਗਾ ਲੱਗਦਾ ਹੈ, ਮੈਂ ਦੋਵੇਂ ਪੜ੍ਹਦਾਂ ਹਾਂ, ਦੋਹਾਂ ਨੂੰ ਪੜ੍ਹਨਾ ਚਾਹੀਦਾ ਹੈ।

ਅੰਗਰੇਜ਼ ਨੇ ਕਿਹਾ: ਮੈਨੂੰ ਗੀਤਾ ਬਹੁਤ ਚੰਗੀ ਲੱਗੀ ਹੈ, ਇਤਨੀ ਚੰਗੀ ਲੱਗੀ ਹੈ ਕਿ ਮੈਂ ਹਿੰਦੂ ਧਰਮ ਅਪਨਾਉਣਾ ਚਾਹੁੰਦਾ ਹਾਂ।

ਗਾਂਧੀ ਜੀ ਨੇ ਕਿਹਾ: ਮੈਨੂੰ ਲੱਗਦਾ ਹੈ ਕਿ ਤੁਸੀਂ ਗੀਤਾ ਤਾਂ ਚੰਗੀ ਤਰ੍ਹਾਂ ਪੜ੍ਹ ਲਈ ਹੈ ਪਰ ਬਾਈਬਲ ਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ। ਤੁਸੀਂ ਅਜੇ ਚੰਗੇ ਈਸਾਈ ਨਹੀਂ ਬਣੇ, ਸੋ ਤੁਸੀਂ ਚੰਗੇ ਹਿੰਦੂ ਵੀ ਨਹੀਂ ਬਣ ਸਕੋਗੇ। ਪਹਿਲਾਂ ਚੰਗੇ ਈਸਾਈ ਬਣੋ। ਜਿਸ ਦਿਨ ਤੁਸੀਂ ਚੰਗੇ ਈਸਾਈ ਬਣ ਜਾਵੋਗੇ, ਉਸ ਦਿਨ ਤੁਸੀਂ ਚੰਗੇ ਇਨਸਾਨ ਬਣ ਜਾਵੋਗੇ, ਉਸ ਦਿਨ ਤੁਸੀਂ ਬਿਨਾਂ ਕਿਸੇ ਯਤਨ ਦੇ ਚੰਗੇ ਹਿੰਦੂ, ਚੰਗੇ ਯਹੂਦੀ, ਚੰਗੇ ਮੁਸਲਮਾਨ ਬਣ ਜਾਵੋਗੇ।

13

ਇਕ ਵਿਦਿਆਰਥੀ ਨੇਤਰਹੀਣ ਸੀ ਪਰ ਗਾਉਂਦਾ ਬਹੁਤ ਚੰਗਾ ਸੀ।

ਉਸ ਦੇ ਗਾਉਣ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਉਸ ਦੀ ਇਕ ਜਮਾਤਣ ਨੇ ਉਸ ਨੂੰ ਬੜਾ ਪਿਆਰ ਕੀਤਾ ਅਤੇ ਉਸ ਨਾਲ ਵਿਆਹ ਕਰਵਾਉਣ ਦੀ ਪੇਸ਼ਕਸ਼ ਕੀਤੀ। ਉਸ ਵਿਦਿਆਰਥੀ ਨੇ ਕਿਹਾ: ਵਿਆਹ ਮੈਂ ਤਾਂ ਹੀ ਅਤੇ ਤਦੋਂ ਹੀ ਕਰਵਾਵਾਂਗਾ, ਜਦੋਂ ਮੈਂ ਅੱਖਾਂ ਨਾਲ ਵੇਖਣ ਲੱਗ ਪਵਾਂਗਾ। ਉਸ ਨੂੰ ਦਾਨ ਕੀਤੀਆਂ ਅੱਖਾਂ ਨਾਲ ਦਿਸਣ ਲੱਗ ਪਿਆ ਸੀ ਪਰ ਉਹ ਇਹ ਵੇਖ ਕੇ ਪਰੇਸ਼ਾਨ ਸੀ ਕਿ ਉਸਦੀ ਪ੍ਰੇਮਿਕਾ ਅੰਨ੍ਹੀ ਸੀ।

ਜਦੋਂ ਪ੍ਰੇਮਿਕਾ ਨੇ ਉਸ ਨੂੰ ਵਿਆਹ ਦੀ ਲਾਈ ਸ਼ਰਤ ਦੇ ਪੂਰੀ ਹੋਣ 'ਤੇ, ਵਿਆਹ ਕਰਵਾਉਣ ਲਈ ਕਿਹਾ ਤਾਂ ਉਸ ਨੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਉਹ ਜਦੋਂ ਜਾਣ ਲੱਗਿਆ ਤਾਂ, ਪ੍ਰੇਮਿਕਾ ਨੇ ਕਿਹਾ: ਮੇਰੀਆਂ ਅੱਖਾਂ ਸੰਭਾਲ ਕੇ ਰੱਖੀਂ।

14

ਰਾਜਾ ਲੰਘ ਰਿਹਾ ਸੀ, ਰਸਤੇ ਵਿਚ ਇਕ ਮੰਗਤਾ ਬੈਠਾ ਸੀ। ਰਾਜੇ ਨੂੰ ਵੇਖ ਕੇ ਵੀ ਉਹ ਬੈਠਾ ਰਿਹਾ। ਰਾਜੇ ਨੇ ਗੁੱਸੇ ਨਾਲ ਕਿਹਾ, ਬੜਾ ਬਦਤਮੀਜ਼ ਹੈਂ ਤੂੰ, ਮੈਨੂੰ ਵੇਖਣ ਦੇ ਬਾਵਜੂਦ, ਤੂੰ ਉੱਠਿਆ ਕਿਉਂ ਨਹੀਂ, ਤੈਨੂੰ ਅਕਲ ਨਹੀਂ ਕਿ ਕਿਸੇ ਰਾਜੇ ਨੂੰ ਸਤਿਕਾਰ ਕਿਵੇਂ ਦੇਈਦਾ ਹੈ ? ਭੁੱਲ ਗਿਆ ਹੈਂ, ਤੂੰ ਮੰਗਤਾ ਹੈਂ, ਮੈਂ ਰਾਜਾ ਹਾਂ।

ਮੰਗਤਾ ਹੱਸਿਆ, ਮੰਗਤੇ ਤਾਂ ਤੁਸੀਂ ਹੋ, ਜਿਹੜੇ ਮੇਰੇ ਤੋਂ ਸਤਿਕਾਰ ਮੰਗ ਰਹੇ ਹੋ।

www.quotesinpunjabi.ml

QuotesInPunjabi

15

ਖਾਲਸੇ ਦੀ ਸਾਜਣਾ ਉਪਰੰਤ ਪੰਜਾਬ ਦੇ ਬੋਲਿਆਂ ਵਿਚ ਸਿੰਘਾਂ ਦੇ ਜੈਕਾਰੇ ਗੂੰਜਦੇ ਸਨ। ਉਨ੍ਹਾਂ ਦੀਆਂ ਪੁਲਾਂਘਾਂ ਵਿੱਚ ਜ਼ਲਜ਼ਲੇ ਸਨ।

ਉਨ੍ਹਾਂ ਵਿਚ ਤੁਫ਼ਾਨਾਂ ਨੂੰ ਵੰਗਾਰਨ ਦੀ ਹਿੰਮਤ ਅਤੇ ਦਲੇਰੀ ਸੀ।

ਇਨ੍ਹਾਂ ਸਿੰਘਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਹੁਕਮਨਾਮਾ ਭੇਜਿਆ ਕਿ ਸੂਬਾ ਸਰਹਿੰਦ ਅਤੇ ਪਹਾੜੀ ਰਾਜੇ, ਆਨੰਦਪੁਰ ਸਾਹਿਬ 'ਤੇ ਹਮਲੇ ਦੀ ਵਿਉਂਤ ਬਣਾ ਰਹੇ ਹਨ।

ਜੋ ਮੇਰਾ ਸਿੱਖ ਹੈ, ਉਹ ਮੇਰੇ ਹੁਕਮਨਾਮੇ ਵਿਚੋਂ ਮੇਰੇ ਦਰਸ਼ਨ ਕਰੇ ਅਤੇ ਬਿਨਾਂ ਕਿਸੇ ਦੇਰੀ ਦੇ, ਆਨੰਦਪੁਰ ਸਾਹਿਬ ਪਹੁੰਚੇ, ਵਿਲੰਬ ਨਾ ਕਰੇ।

ਉਸ ਵੇਲੇ ਗੁਰੂ ਦੇ ਸੇਵਕ, ਜੋਗਾ ਸਿੰਘ ਦਾ ਵਿਆਹ ਹੋ ਰਿਹਾ ਸੀ, ਉਹ ਤਿੰਨ ਲਾਵਾਂ ਲੈ ਚੁੱਕਿਆ ਸੀ, ਜਦੋਂ ਮਸਤਾਨ ਸਿੰਘ ਨੇ ਗੁਰੂ ਦਾ ਹੁਕਮਨਾਮਾ ਉਸ ਦੇ ਸਾਹਮਣੇ ਰੱਖ ਦਿੱਤਾ। ਆਪਣੇ ਆਪ ਨੂੰ ਗੁਰੂ ਦਾ ਸਿੰਘ ਅਖਵਾਉਣ ਵਾਲਾ, ਜੋਗਾ ਸਿੰਘ, ਕਿਵੇਂ ਰੁਕ ਸਕਦਾ ਸੀ ?

ਜੋਗਾ ਸਿੰਘ ਉੱਠਿਆ, ਆਪਣੇ ਕਮਰਕਸ ਨਾਲ ਬੰਨ੍ਹਿਆ ਲਾੜੀ ਦਾ ਪੱਲਾ ਖੋਲ੍ਹ ਦਿੱਤਾ ਅਤੇ ਲਾੜੀ ਨੂੰ ਕਿਹਾ: ਮੈਂ ਗੁਰੂ ਦੀ ਸ਼ਾਬਾਸ਼ ਲੈ ਆਵਾਂ। ਗੁਰੂ ਦੇ ਹੁਕਮ ਨਾਲ ਕਮਰਕਸ ਖੋਲ੍ਹ ਕੇ ਫਿਰ ਬੰਨ੍ਹਿਆ ਅਤੇ ਜਿਸ ਘੋੜੀ 'ਤੇ ਉਹ ਲਾੜਾ ਬਣ ਕੇ ਆਇਆ ਸੀ, ਉਸੇ 'ਤੇ ਸਵਾਰ ਹੋ ਕੇ ਆਨੰਦਪੁਰ ਸਾਹਿਬ ਵਲ ਰਵਾਨਾ ਹੋ ਗਿਆ।

ਅਗਲਾ ਸੂਰਜ ਨਿਕਲਣ ਤੋਂ ਪਹਿਲਾਂ, ਜੋਗਾ ਸਿੰਘ ਆਨੰਦਪੁਰ ਸਾਹਿਬ ਦੀ ਜੂਹ ਵਿਚ ਦਾਖਲ ਹੋ ਰਿਹਾ ਸੀ ਅਤੇ ਆਨੰਦਪੁਰ ਸਾਹਿਬ ਤੋਂ ਆ ਰਹੇ ਜੈਕਾਰੇ 'ਬੋਲੇ ਸੋ ਨਿਹਾਲ' ਦਾ 'ਸਤਿ ਸ੍ਰੀ ਅਕਾਲ' ਨਾਲ ਜਵਾਬ ਦੇ ਰਿਹਾ ਸੀ।

ਜੋਗਾ ਸਿੰਘ, ਗੁਰੂ ਦੇ ਹੁਕਮ ਅਨੁਸਾਰ, ਗੁਰੂ ਦੀ ਹਜ਼ੂਰੀ ਵਿਚ ਹਾਜ਼ਰ ਸੀ।

16

ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਮੇਰੇ ਦੁੱਖਾਂ ਤੋਂ ਮੁਕਤ ਕਰੋ। ਰੱਬ ਨੇ ਕਿਹਾ, ਮੈਂ ਕਿਸੇ ਦੇ ਦੁੱਖ ਨਹੀਂ ਲੈਂਦਾ, ਤੁਸੀਂ ਦੁੱਖ ਤਿਆਗਣੇ ਹਨ।

ਮੈਂ ਰੱਬ ਨੂੰ ਕਿਹਾ, ਮੇਰੇ ਅਪੰਗ ਬੱਚੇ ਨੂੰ ਤੰਦਰੁਸਤ ਅਤੇ ਨਰੋਆ ਬਣਾਓ। ਰੱਬ ਨੇ ਕਿਹਾ, ਉਸ ਦੀ ਆਤਮਾ ਤੰਦਰੁਸਤ ਹੈ, ਪੂਰੀ ਅਤੇ ਨਰੋਈ ਹੈ, ਸਰੀਰ ਆਰਜ਼ੀ ਹੈ।

ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਸਹਿਣਸ਼ੀਲ ਬਣਾਓ। ਪਰਮਾਤਮਾ ਨੇ ਕਿਹਾ ਸਹਿਣਸ਼ੀਲ, ਹਮੇਸ਼ਾ ਮੁਸੀਬਤਾਂ, ਮੁਸ਼ਕਿਲਾਂ ਅਤੇ ਸੰਕਟਾਂ ਵਿਚੋਂ ਲੰਘ ਕੇ ਬਣਿਆ ਜਾਂਦਾ ਹੈ। ਸਹਿਣ-ਸ਼ੀਲਤਾ ਮਿਲਦੀ ਨਹੀਂ, ਕਮਾਉਣੀ ਪੈਂਦੀ ਹੈ।

ਮੈਂ ਰੱਬ ਨੂੰ ਕਿਹਾ, ਮੈਨੂੰ ਪ੍ਰਸੰਨਤਾ ਦਿਓ। ਰੱਬ ਨੇ ਕਿਹਾ, ਮੈਂ ਪ੍ਰਸੰਨ ਹੋਣ ਲਈ ਸਭ ਕੁਝ ਦਿੱਤਾ ਹੋਇਆ ਹੈ, ਪ੍ਰਸੰਨ ਹੋਣਾ ਤੁਹਾਡੀ ਮਰਜ਼ੀ ਹੈ।

ਮੈਂ ਪਰਮਾਤਮਾ ਨੂੰ ਕਿਹਾ, ਮੈਨੂੰ ਦਰਦਾਂ ਤੋਂ ਮੁਕਤ ਕਰੋ। ਪਰਮਾਤਮਾ ਨੇ ਕਿਹਾ, ਦਰਦ ਇਨਸਾਨੀਅਤ ਜਗਾਉਂਦੇ ਹਨ ਅਤੇ ਸੰਸਾਰ ਦੀਆਂ ਖਿੱਚਾਂ ਤੋਂ ਮੁਕਤ ਕਰਦੇ ਹਨ, ਇਨ੍ਹਾਂ ਦਰਦਾਂ ਰਾਹੀਂ ਇਨਸਾਨ ਮੇਰੇ ਨੇੜੇ ਅਤੇ ਮੈਂ ਇਨਸਾਨ ਦੇ ਨੇੜੇ ਆਉਂਦਾ ਹਾਂ।

www.quotesinpunjabi.ml

QuotesInPunjabi

ਮੈਂ ਕਿਹਾ, ਵਾਹਿਗੁਰੂ, ਮੇਰੀ ਆਤਮਾ ਨੂੰ ਪ੍ਰਫੁੱਲਤ ਕਰੋ। ਵਾਹਿਗੁਰੂ ਨੇ ਕਿਹਾ: ਪ੍ਰਫੁੱਲਤ ਆਪ ਹੋਵੋ। ਮੈਂ ਛਾਂਗਦਾ ਰਹਾਂਗਾ, ਭਰਪੂਰ ਫਸਲ ਤੁਸੀਂ ਬਣਨਾ ਹੈ।

ਮੈਂ ਜ਼ਿੰਦਗੀ ਮਾਣਨ ਲਈ ਜਦੋਂ ਚੀਜ਼ਾਂ-ਵਸਤਾਂ ਮੰਗੀਆਂ ਤਾਂ ਪਰਮਾਤਮਾ ਨੇ ਕਿਹਾ, ਮੈਂ ਜ਼ਿੰਦਗੀ ਦਿੰਦਾ ਹਾਂ, ਮਾਣਨ ਵਾਲੀਆਂ ਚੀਜ਼ਾਂ-ਵਸਤਾਂ ਨਾਲ ਸੰਸਾਰ ਪਹਿਲਾਂ ਹੀ ਭਰਿਆ ਪਿਆ ਹੈ, ਜ਼ਿੰਦਗੀ ਨੂੰ ਮਾਣਨਾ, ਨਾ-ਮਾਣਨਾ ਤੁਹਾਡੀ ਮਰਜ਼ੀ ਹੈ।

ਮੈਂ ਵਾਹਿਗੁਰੂ ਨੂੰ ਕਿਹਾ, ਮੈਨੂੰ ਸ਼ਕਤੀ ਦੇਵੋ ਤਾਂ ਕਿ ਜਿਤਨਾ ਤੁਸੀਂ ਮੈਨੂੰ ਪਿਆਰ ਕਰਦੇ ਹੋ, ਉਤਨਾ ਮੈਂ ਹੋਰਾਂ ਨੂੰ ਕਰ ਸਕਾਂ।

ਇਹ ਸੁਣ ਕੇ ਪਰਮਾਤਮਾ ਨੇ, ਮੈਨੂੰ ਆਪਣੇ ਕੰਧਾੜੇ ਚੁੱਕ ਲਿਆ।

17

ਹਿਲੇਰੀ, ਮਾਊਂਟ ਐਵਰੇਸਟ ਉਤੇ ਪਹੁੰਚ ਕੇ ਬੜਾ ਨਿਮਰ ਅਤੇ ਉਦਾਸ ਹੋ ਗਿਆ ਸੀ। ਨਿਮਰ ਇਸ ਕਰਕੇ ਕਿ ਪ੍ਰਕਿਰਤੀ ਦੀ ਵਿਸ਼ਾਲਤਾ ਵਿਚ ਉਹ ਆਪਣੇ-ਆਪ ਨੂੰ ਕਿਣਕਾ-ਮਾਤਰ ਮਹਿਸੂਸ ਕਰ ਰਿਹਾ ਸੀ, ਉਦਾਸ ਇਸ ਕਰਕੇ ਕਿ ਹੋਰ ਉਪਰ ਜਾਣ ਦਾ ਕੋਈ ਰਸਤਾ ਜਾਂ ਮੁਕਾਮ ਨਹੀਂ ਸੀ, ਸਾਰੇ ਰਸਤੇ ਥੱਲੇ ਵਲ ਹੀ ਜਾਂਦੇ ਸਨ।

ਮਨੁੱਖ ਦਾ ਮਾਊਂਟ ਐਵਰੈਸਟ 'ਤੇ ਪਹੁੰਚਣਾ ਮਨੁੱਖਤਾ ਦੇ ਹਜ਼ਾਰਾਂ ਵਰ੍ਹੇ ਪੁਰਾਣੇ ਸੁਪਨੇ ਦੀ ਪੂਰਤੀ ਸੀ। ਧਰਤੀ ਉਤੇ ਇਹ ਸਭ ਕੁਝ ਪਹਿਲੀ ਵਾਰ ਹੋ ਰਿਹਾ ਸੀ।

ਇਸ ਘਟਨਾ ਦਾ ਮਹੱਤਵ ਇਹ ਹੈ ਕਿ ਜੇ ਮਨੁੱਖ ਮਾਊਂਟ ਐਵਰੈਸਟ 'ਤੇ ਨਾ ਚੜ੍ਹਿਆ ਹੁੰਦਾ ਤਾਂ ਉਸ ਨੂੰ ਚੰਦਰਮਾ 'ਤੇ ਜਾਣ ਦਾ ਖਿਆਲ ਵੀ ਨਹੀਂ ਸੀ ਆਉਣਾ।

18

ਗਿਆਨ ਪ੍ਰਾਪਤੀ ਮਗਰੋਂ ਬੁੱਧ, ਭਿਖਸ਼ੂ ਬਣ ਕੇ ਭਰਮਣ ਕਰਦਿਆਂ, ਆਪਣੀ ਰਹਿ ਚੁਕੀ ਪਤਨੀ, ਯਸ਼ੋਧਰਾ ਦੇ ਦੁਆਰ 'ਤੇ ਆਏ ਅਤੇ ਕਿਹਾ: ਯਸ਼ੋਧਰਾ, ਉਸ ਰਾਤ ਜਦੋਂ ਮੈਂ ਘਰੋਂ ਟੁਰਿਆ ਸੀ, ਤੂੰ ਸੌਂ ਰਹੀ ਸੀ, ਉਸ ਰਾਤ ਦੀ ਅਣਕਹੀ ਵਿਦਾ, ਅੱਜ ਕਹਿਕੇ ਮੈਨੂੰ ਪੂਰਾ ਮੁਕਤ ਕਰ ਦੇਹ। ਮੇਰੀਆਂ ਅੱਖਾਂ ਵਿਚੋਂ ਉਸ ਰਾਤ ਦੀ ਅਟਕੀ ਹੋਈ ਆਪਣੀ ਨੀਂਦਰ ਕੱਢ ਲੈ ਅਤੇ ਮੇਰਾ ਕਾਸਾ ਭਿਆਗ ਨਾਲ ਭਰ ਦੇਹ।

ਯਸ਼ੋਧਰਾ ਨੇ ਝੁਕੀਆਂ ਅੱਖਾਂ ਨਾਲ ਕਿਹਾ: ਮਹਾਮਾਨਵ, ਮੈਂ ਤਾਂ ਉਸੇ ਰਾਤ ਆਪ ਨੂੰ ਵਿਦਾ ਕਰ ਦਿੱਤਾ ਸੀ। ਮੈਂ ਉਦੋਂ ਜਾਗਦੀ ਸੀ, ਜਦੋਂ ਤੁਸੀਂ ਜਾਗਣ ਦੀ ਤਲਾਸ਼ ਵਿੱਚ ਘਰ ਤਿਆਗ ਰਹੇ ਸੀ। ਨਾਰੀ ਨੂੰ ਅਕਸਰ ਪਲਕਾਂ ਬੰਦ ਕਰਕੇ ਜਾਗਣਾ ਪੈਂਦਾ ਹੈ।

ਉਸ ਰਾਤ ਮੇਰੀਆਂ ਬਾਹਵਾਂ ਵਿਚ ਰਾਹੁਲ ਸੌਂ ਰਿਹਾ ਸੀ। ਜਿਤਨਾ ਚਿਰ ਮਾਂ ਦੀਆਂ ਬਾਹਵਾਂ ਵਿਚ ਬੱਚਾ ਹੁੰਦਾ ਹੈ, ਉਹ ਜਾਗਦੀ ਰਹਿੰਦੀ ਹੈ।

ਆਪ ਉਸੇ ਰਾਤ ਤੋਂ ਮੁਕਤ ਹੋ। ਜੋ ਮੁਕਤ ਹੋ ਚੁਕਾ ਹੈ, ਉਸ ਨੂੰ ਕਿਵੇਂ ਮੁਕਤ ਕਰਾਂ? ਮੈਂ ਗੌਤਮ ਨੂੰ ਹੀ ਵਿਦਾ ਕਰ ਸਕਦੀ ਹਾਂ, ਮੈਂ ਬੁੱਧ ਨੂੰ ਕਿਵੇਂ ਵਿਦਾ ਕਰਾਂ।

www.quotesinpunjabi.ml

QuotesInPunjabi

ਅੱਜ ਤੁਸੀਂ ਮੇਰੇ ਤੋਂ ਵਿਦਾ ਹੋਣ ਲਈ ਨਹੀਂ ਆਏ, ਆਪਣੇ ਆਪ ਵਿਚੋਂ ਮੈਨੂੰ ਵਿਦਾ ਕਰਨ ਲਈ ਆਏ ਹੋ।

ਬੁੱਧ, ਭਿਖਸ਼ੂ ਬਣ ਕੇ ਆਇਆ ਸੀ, ਭਿਖਸ਼ੂ ਨੂੰ ਭਿਖਸ਼ਾ ਜ਼ਰੂਰ ਦਿੱਤੀ ਜਾਂਦੀ ਹੈ। ਯਸ਼ੋਧਰਾ ਨੇ ਆਪਣੇ ਸਭ ਤੋਂ ਪਿਆਰੇ ਰਾਹੁਲ ਨੂੰ ਭਿਖਸ਼ਾ ਵਿਚ ਦੇ ਦਿੱਤਾ ਸੀ।

19

ਇਕ ਵਾਰੀ ਸੰਯੁਕਤ ਰਾਸ਼ਟਰ ਦੀ ਸ਼ਾਖਾ ਯੂਨੈਸਕੋ ਨੇ ਸਰਵੇਖਣ ਲਈ ਜਦੋਂ ਸਾਰੇ ਮਹਾਂਦੀਪਾਂ ਦੇ ਲੋਕਾਂ ਨੂੰ ਸੰਸਾਰ ਵਿਚ ਭੋਜਨ ਦੀ ਖੁੜ੍ਹ ਬਾਰੇ ਆਪਣਾ ਮੱਤ ਪ੍ਰਗਟਾਉਣ ਦੀ ਕਿਰਪਾਲਤਾ ਕਰਨ ਲਈ ਕਿਹਾ ਸੀ ਤਾਂ ਬੜੇ ਹੈਰਾਨੀਜਨਕ ਪ੍ਰਤੀਕਰਮ ਪ੍ਰਾਪਤ ਹੋਏ ਸਨ।

ਅਫਰੀਕਾ ਵਿਚ ਕਿਸੇ ਨੂੰ ਪਤਾ ਹੀ ਨਹੀਂ ਸੀ ਕਿ ਭੋਜਨ ਕੀ ਹੁੰਦਾ ਹੈ। ਯੋਰਪ ਵਿਚ ਕਿਸੇ ਨੂੰ ਜਾਣਕਾਰੀ ਹੀ ਨਹੀਂ ਸੀ ਕਿ ਖੁੜ੍ਹ ਕੀ ਹੁੰਦੀ ਹੈ। ਚੀਨ ਅਤੇ ਪੂਰਬੀ ਯੋਰਪ ਦੇ ਦੇਸ਼ਾਂ ਵਿਚ ਕਿਸੇ ਨੂੰ ਪਤਾ ਨਹੀਂ ਸੀ ਕਿ ਮਤ ਪ੍ਰਗਟਾਉਣ ਦਾ ਭਾਵ ਕੀ ਸੀ। ਦੱਖਣੀ ਅਮਰੀਕਾ ਵਿਚ ਕੋਈ ਨਹੀਂ ਸੀ ਜਾਣਦਾ ਕਿ ਕਿਰਪਾਲਤਾ ਕਿਵੇਂ ਕੀਤੀ ਜਾਂਦੀ ਹੈ। ਅਮਰੀਕਾ ਵਿਚ ਕਿਸੇ ਨੂੰ ਸੋਝੀ ਨਹੀਂ ਸੀ ਕਿ ਸੰਸਾਰ ਤੋਂ ਕੀ ਭਾਵ ਹੈ। ਭਾਰਤ ਵਿਚ ਕਿਸੇ ਨੂੰ ਜਾਣਕਾਰੀ ਹੀ ਨਹੀਂ ਸੀ ਕਿ ਕੋਈ ਸਰਵੇਖਣ ਕੀਤਾ ਜਾ ਰਿਹਾ ਸੀ।

20

ਜੇ ਤੁਸੀਂ ਆਪਣੇ ਉਸਾਰੇ ਮਕਾਨ ਵਿਚ ਰਹਿੰਦੇ ਹੋ, ਤੁਹਾਡੇ ਕੋਲ ਖਾਣ ਲਈ ਪੌਸ਼ਟਿਕ ਭੋਜਨ ਹੈ ਅਤੇ ਖਰਚਣ ਲਈ ਪੈਸੇ ਹਨ, ਤਾਂ ਤੁਸੀਂ ਸੰਸਾਰ ਦੇ ਪਤਵੰਤੇ ਵਿਅਕਤੀਆਂ ਵਿਚੋਂ ਹੋ। ਜੇਕਰ ਤੁਹਾਡਾ ਘਰ ਸਾਫ-ਸੁਥਰੀ ਥਾਂ 'ਤੇ ਹੈ, ਸਫਰ ਲਈ ਕਾਰ ਹੈ, ਬੈਂਕ ਵਿੱਚ ਆਣ-ਜਾਣ ਹੈ, ਮੋਬਾਈਲ ਅਤੇ ਕੰਪਿਊਟਰ ਵਰਤਦੇ ਹੋ, ਤਾਂ ਤੁਸੀਂ ਸੰਸਾਰ ਦੀ ਉਪਰਲੀ ਵੀਹ ਪ੍ਰਤੀਸ਼ਤ ਆਬਾਦੀ ਵਿਚੋਂ ਹੋ।

ਜੇਕਰ ਤੁਸੀਂ ਅੱਜ ਸਵੇਰੇ ਪ੍ਰਸੰਨ ਚਿੱਤ ਜਾਗੇ ਸੀ, ਤੁਹਾਡੀ ਸਿਹਤ ਠੀਕ ਹੈ, ਸੈਰ ਕੀਤੀ ਹੈ, ਤਾਂ ਤੁਸੀਂ ਉਨ੍ਹਾਂ ਲੱਖਾਂ ਲੋਕਾਂ ਨਾਲੋਂ ਚੰਗੇ ਹੋ, ਜਿਹੜੇ ਇਸ ਸਪਤਾਹ ਚਲਾਣਾ ਕਰ ਜਾਣਗੇ। ਜੇਕਰ ਤੁਹਾਨੂੰ ਕਿਸੇ ਖਾਨਾਜੰਗੀ ਦਾ ਸਾਹਮਣਾ ਨਹੀਂ ਕਰਨਾ ਪਿਆ, ਸ਼ਰਨਾਰਥੀ ਨਹੀਂ ਬਣਨਾ ਪਿਆ, ਜੇਲ੍ਹ ਦੀ ਇਕੱਲਤਾ ਦਾ ਸ਼ਿਕਾਰ ਨਹੀਂ ਹੋਣਾ ਪਿਆ, ਥਾਣੇ ਵਿਚ ਤਸੀਹੇ ਨਹੀਂ ਸਹਿਣੇ ਪਏ, ਖੁਫੀਆ ਏਜੰਸੀਆਂ ਨੇ ਤੁਹਾਡਾ ਪਿੱਛਾ ਨਹੀਂ ਕੀਤਾ, ਤਾਂ ਤੁਸੀਂ ਸੰਸਾਰ ਦੇ ਦੋ ਅਰਬ ਲੋਕਾਂ ਨਾਲੋਂ ਚੰਗੇ ਹੋ, ਜਿਨ੍ਹਾਂ ਨੂੰ ਕਿਸੇ ਅਜਿਹੇ ਭੈਅ ਦੀ ਚਿੰਤਾ ਨਿਰੰਤਰ ਲੱਗੀ ਹੀ ਰਹਿੰਦੀ ਹੈ।

ਜੇਕਰ ਤੁਸੀਂ ਬਿਨਾਂ ਕਿਸੇ ਡਰ ਦੇ ਆਪਣੀ ਪਸੰਦ ਦੇ ਧਾਰਮਿਕ ਸਥਾਨ 'ਤੇ ਜਾ ਸਕਦੇ ਹੋ, ਜੇ ਤੁਹਾਨੂੰ ਅੱਜ ਗ੍ਰਿਫਤਾਰ ਕੀਤੇ ਜਾਣ ਦਾ ਡਰ ਨਹੀਂ, ਲਾਪਤਾ ਹੋਣ ਦੀ ਚਿੰਤਾ ਨਹੀਂ, ਮਾਰੇ ਜਾਣ ਦਾ ਭੈਅ ਨਹੀਂ, ਤਾਂ ਤੁਸੀਂ ਤਿੰਨ ਅਰਬ ਲੋਕਾਂ ਨਾਲੋਂ ਚੰਗੇ ਹੋ, ਜਿਹੜੇ ਅਜਿਹੀ ਮੌਜ ਨਹੀਂ ਮਾਣ ਸਕਦੇ।

www.quotesinpunjabi.ml

QuotesInPunjabi

ਜੇ ਤੁਸੀਂ ਆਪਣੇ ਸ਼ਹਿਰ ਵਿਚ, ਮਾਪੇ ਤੁਹਾਡੇ ਨਾਲ ਜਾਂ ਤੁਸੀਂ ਮਾਪਿਆਂ ਨਾਲ ਰਹਿੰਦੇ ਹੋ ਅਤੇ ਤੁਹਾਡੇ ਬੱਚੇ ਕਾਲਜ-ਯੂਨੀਵਰਸਿਟੀ ਵਿਚ ਪੜ੍ਹਦੇ ਹਨ, ਪਤਨੀ ਕੋਲ ਵੀ ਰੁਜ਼ਗਾਰ ਹੈ, ਤਾਂ ਤੁਸੀਂ ਸੰਸਾਰ ਦੀ ਤਿੰਨ ਚੌਥਾਈ ਆਬਾਦੀ ਨਾਲੋਂ ਵਧੇਰੇ ਸਹੂਲਤਾਂ ਮਾਣ ਰਹੇ ਹੋ।

ਜੇਕਰ ਤੁਹਾਨੂੰ ਬਚਤ ਕਰਨ ਦੀ ਆਦਤ ਹੈ, ਜਾਇਦਾਦ ਤੋਂ ਵੀ ਆਮਦਨ ਹੈ, ਘਰ ਵਿਚ ਵੀ ਪੈਸੇ ਰੱਖੇ ਹੋਏ ਹਨ, ਕੋਈ ਚੀਜ਼ ਖਰੀਦਣ ਵੇਲੇ ਕਿਸੇ ਤੋਂ ਪੈਸੇ ਨਹੀਂ ਮੰਗਣੇ ਪੈਂਦੇ, ਜੇਬ ਵਿਚ ਵੀ ਪੈਸੇ ਹੁੰਦੇ ਹਨ, ਘਰ ਦਾ ਕੋਈ ਜੀਅ ਵਿਦੇਸ਼ ਗਿਆ ਹੋਇਆ ਹੈ ਅਤੇ ਘਰ ਵਿਚ ਚਿੱਠੀ ਪੱਤਰ ਅਤੇ ਅਖ਼ਬਾਰ ਨਾਲ ਕੋਈ ਰਸਾਲਾ ਵੀ ਆਉਂਦਾ ਹੈ, ਤਾਂ ਤੁਸੀਂ ਸੰਸਾਰ ਦੇ ਉਪਰਲੇ ਸੱਤ ਪ੍ਰਤੀਸ਼ਤ ਲੋਕਾਂ ਵਿਚੋਂ ਹੋ।

ਜੇਕਰ ਤੁਸੀਂ ਇਸ ਲਿਖੇ ਨੂੰ ਪੜ੍ਹ ਰਹੇ ਹੋ, ਇਹ ਸੁਨੇਹਾ ਤੁਹਾਡੇ ਤੱਕ ਅਪੜ ਰਿਹਾ ਹੈ ਤਾਂ ਇਹ ਸਬੂਤ ਹੈ ਕਿ ਤੁਸੀਂ ਪੜ੍ਹੇ-ਲਿਖੇ ਹੋ, ਤਾਂ ਤੁਸੀਂ ਸੰਸਾਰ ਦੇ ਉਨ੍ਹਾਂ ਦੋ ਅਰਬ ਲੋਕਾਂ ਨਾਲੋਂ ਚੰਗੇਰੇ ਹੋ, ਜਿਨ੍ਹਾਂ ਨੂੰ ਪੜ੍ਹਨਾ-ਲਿਖਣਾ ਨਹੀਂ ਆਉਂਦਾ।

ਅੱਜ ਦੇ ਦਿਨ ਨੂੰ ਆਪਣੀਆਂ ਇਨ੍ਹਾਂ ਮੁੱਲਵਾਨ ਖੂਬੀਆਂ, ਖੁਸ਼ੀਆਂ ਅਤੇ ਖੁਸ਼ਹਾਲੀਆਂ ਦੇ ਸੰਦਰਭ ਵਿੱਚ ਗੁਜ਼ਾਰਨਾ ਅਤੇ ਆਪਣੇ ਜਾਣਨ ਵਾਲਿਆਂ ਨੂੰ ਵੀ ਦੱਸਣਾ ਕਿ ਸਾਡੇ ਸਭਨਾਂ ਕੋਲ ਕਿਤਨੀਆਂ ਕੀਮਤੀ ਨਿਆਮਤਾਂ ਹਨ।

21

ਇਕ ਪ੍ਰਸਿੱਧ ਵਿਅਕਤੀ ਬੀਮਾਰ ਸੀ। ਹਾਲ ਪੁੱਛਣ ਲਈ ਆਉਣ ਵਾਲਿਆਂ ਨੂੰ ਬੀਮਾਰ ਦੀ ਹਾਲਤ ਗੰਭੀਰ ਹੋਣ ਕਰਕੇ ਅੰਦਰ ਨਹੀਂ ਸੀ ਆਉਣ ਦਿੱਤਾ ਜਾ ਰਿਹਾ। ਸਾਰੇ ਹੀ ਬਾਹਰ ਉਸਦੀ ਸਿਹਤਯਾਬੀ ਦੀ ਪ੍ਰਾਰਥਨਾ ਕਰ ਰਹੇ ਸਨ। ਇਕ ਨਾਸਤਕ ਦੋਸਤ ਜਦੋਂ ਆਇਆ ਤਾਂ ਪ੍ਰਸਿੱਧ ਬੀਮਾਰ ਵਿਅਕਤੀ ਨੇ ਉਸ ਨੂੰ ਅੰਦਰ ਬੁਲਾ ਲਿਆ।

ਨਾਸਤਕ ਦੋਸਤ ਨੇ ਪੁੱਛਿਆ: ਤੁਸੀਂ ਹੋਰਾਂ ਨੂੰ ਅੰਦਰ ਆਉਣ ਨਹੀਂ ਦੇ ਰਹੇ, ਮੈਨੂੰ ਕਿਉਂ ਬੁਲਾ ਲਿਆ ਹੈ ? ਪ੍ਰਸਿੱਧ ਵਿਅਕਤੀ ਨੇ ਕਿਹਾ: ਹੋਰਾਂ ਨੂੰ ਮੈਂ ਅਗਲੇ ਸੰਸਾਰ ਵਿਚ ਵੀ ਮਿਲ ਲਵਾਂਗਾ, ਪਰ ਤੁਹਾਡੇ ਨਾਲ ਮਿਲਣਾ ਇਸ ਸੰਸਾਰ ਵਿਚ ਹੀ ਸੰਭਵ ਹੈ।

22

ਰੱਬ ਦੀ ਸੁਣੋ, ਰੱਬ ਕਹਿ ਰਿਹਾ ਹੈ: ਤੁਹਾਡੀ ਬਾਰਬਾਰ ਦੁਹਰਾਈ ਅਰਦਾਸ ਦਾ ਕੋਈ ਮਤਲਬ ਨਹੀਂ ਹੈ। ਮੈਂ ਹਰ ਅਰਦਾਸ ਸੁਣਦਾ ਹਾਂ, ਜਵਾਬ ਵੀ ਦਿੰਦਾ ਹਾਂ। ਤੁਸੀਂ ਜਵਾਬ ਸੁਣਦੇ ਹੀ ਨਹੀਂ, ਸਵੇਰੇ-ਸ਼ਾਮ ਇਕ ਹੀ ਅਰਦਾਸ ਦੁਹਰਾਈ ਜਾ ਰਹੇ ਹੋ। ਤੁਸੀਂ ਸਮਝਦੇ ਕਿਉਂ ਨਹੀਂ ਕਿ ਤੁਹਾਡੀਆਂ ਅਰਦਾਸਾਂ ਪ੍ਰਵਾਨ ਕਰਨ ਯੋਗ ਨਹੀਂ ਹਨ। ਤੁਹਾਨੂੰ ਪਤਾ ਹੀ ਨਹੀਂ ਕਿ ਤੁਹਾਡੇ ਲਈ ਕੀ ਚੰਗਾ ਹੈ, ਕੀ ਠੀਕ ਹੈ, ਕੀ ਯੋਗ ਹੈ, ਕਿਤਨਾ ਉਚਿਤ ਹੈ।

ਅਸਲੀ ਅਰਦਾਸ ਤਾਂ ਸ਼ੁਕਰਾਨੇ ਦੀ ਹੁੰਦੀ ਹੈ, ਪ੍ਰਾਪਤੀ ਦੇ ਧੰਨਵਾਦ ਬਾਰੇ ਹੁੰਦੀ ਹੈ ਪਰ

www.quotesinpunjabi.ml

QuotesInPunjabi

ਤੁਸੀਂ ਨਿਰੰਤਰ ਮੰਗੀ ਹੀ ਜਾ ਰਹੇ ਹੋ। ਜੋ ਦੇ ਰਿਹਾ ਹਾਂ, ਜੋ ਦਿੱਤਾ ਹੈ, ਉਸ ਵਲ ਤੁਹਾਡਾ ਧਿਆਨ ਹੀ ਨਹੀਂ ਹੈ। ਤੁਹਾਡੇ ਮੰਗਣ ਤੋਂ ਪਹਿਲਾਂ, ਤੁਹਾਡੇ ਅਰਦਾਸ ਕਰਨ ਤੋਂ ਵੀ ਪਹਿਲਾਂ, ਮੈਨੂੰ ਪਤਾ ਹੁੰਦਾ ਹੈ ਕਿ ਤੁਹਾਡੀ ਕੀ ਲੋੜ ਹੈ, ਕਦੋਂ ਅਤੇ ਕਿਤਨੀ ਲੋੜ ਹੈ।

ਤੁਹਾਡੀ ਹਰ ਲੋੜ ਪੂਰੀ ਕਰਦਾ ਹਾਂ, ਤੁਸੀਂ ਲੈ, ਲੈ ਕੇ ਮੁਕਰੀ ਜਾ ਰਹੇ ਹੋ।

ਕੋਈ ਵਿਚਾਰ, ਕੋਈ ਬੇਨਤੀ, ਕੋਈ ਅਰਦਾਸ ਅਣਸੁਣੀ ਨਹੀਂ ਰਹਿੰਦੀ।

ਜਿਹੜਾ ਗਿੜਗਿੜਾਂਦਾ ਹੈ, ਉਹ ਝੂਠ ਬੋਲਦਾ ਹੈ।

ਤੁਸੀਂ ਅਰਦਾਸ ਇਹ ਸੋਚ ਕੇ ਕਰਦੇ ਹੋ ਕਿ ਜੋ ਤੁਸੀਂ ਮੰਗ ਰਹੇ ਹੋ, ਉਹ ਤੁਹਾਡੇ ਕੋਲ ਨਹੀਂ ਹੈ। ਵੇਖੋ ਤਾਂ ਸਹੀ, ਉਹ ਪਹਿਲਾਂ ਹੀ ਤੁਹਾਡੇ ਕੋਲ ਹੁੰਦਾ ਹੈ। ਤੁਸੀਂ ਵੇਖਦੇ ਹੀ ਨਹੀਂ।

ਪਹਿਲਾਂ ਹੀ ਲੋੜ ਨਾਲੋਂ ਵਧੇਰੇ ਹੁੰਦਾ ਹੈ, ਫਿਰ ਵੀ ਮੰਗੀ ਹੀ ਜਾ ਰਹੇ ਹੋ।

ਜੇ ਵਿਸ਼ਵਾਸ ਕਰੋਗੇ ਤਾਂ ਹੀ ਸਭ ਕੁਝ ਮਿਲੇ ਹੋਣ ਦੀ ਸੋਝੀ ਮਿਲੇਗੀ।

ਮੰਗਣ ਤੋਂ ਪਹਿਲਾਂ ਜੋ ਮਿਲਿਆ ਹੋਇਆ ਹੈ, ਉਹ ਪਛਾਣੋ ਅਤੇ ਜਾਣੋ।

ਤੁਹਾਨੂੰ ਮੈਂ ਆਪਣੀਆਂ ਚੀਜ਼ਾਂ ਦੀ ਦੁਰਵਰਤੋਂ ਕਰਨ ਦੀ ਆਗਿਆ ਕਿਵੇਂ ਦੇਵਾਂ ?

ਜਦੋਂ ਅਤੇ ਜਿਥੇ ਮੈਨੂੰ ਮਹਿਸੂਸ ਕਰੋਗੇ, ਚੁੱਪ ਹੋ ਜਾਓਗੇ।

ਜਦੋਂ ਤਕ ਚੁੱਪ ਨਹੀਂ ਹੁੰਦੇ, ਤੁਸੀਂ ਮੈਨੂੰ ਸੁਣੋਗੇ ਨਹੀਂ।

23

ਇਕ ਕਿਸਾਨ ਨੇ ਇਕ ਘੋੜਾ ਅਤੇ ਇਕ ਬਲਦ ਰੱਖਿਆ ਹੋਇਆ ਸੀ। ਘੋੜਾ ਕਿਧਰੇ ਆਉਣ-ਜਾਣ ਲਈ ਵਰਤਿਆ ਜਾਂਦਾ ਸੀ। ਇਕ ਦਿਨ ਬਲਦ ਨੇ ਘੋੜੇ ਨੂੰ ਕਿਹਾ: ਪਿਆਰੇ ਦੋਸਤ, ਤੂੰ ਚੰਗੀ ਕਿਸਮਤ ਵਾਲਾ ਹੈਂ ਪਰ ਮੈਨੂੰ ਤਾਂ ਹਰ ਰੋਜ਼ ਸਵੇਰ ਤੋਂ ਸ਼ਾਮ ਤੱਕ ਕੰਮ ਕਰਨਾ ਪੈਂਦਾ ਹੈ। ਮੈਂ ਥੱਕ ਗਿਆ ਹਾਂ, ਮੇਰਾ ਦਿਲ ਕਰਦਾ ਹੈ ਕਿ ਮੈਂ ਇਕ ਦਿਨ ਰੱਜ ਕੇ ਆਰਾਮ ਕਰਾਂ।

ਘੋੜੇ ਨੇ ਮਦਦ ਕਰਨ ਦੀ ਹਾਮੀ ਭਰੀ ਅਤੇ ਬਲਦ ਨੂੰ ਕਿਹਾ: ਤੂੰ ਸਵੇਰੇ ਚਾਰਾ ਨਾ ਖਾਈਂ, ਮਾਲਕ ਸਮਝ ਜਾਵੇਗਾ ਕਿ ਤੂੰ ਬੀਮਾਰ ਹੈਂ, ਉਹ ਤੇਰੀ ਥਾਂ ਮੈਨੂੰ ਵਰਤ ਲਵੇਗਾ।

ਬਲਦ ਨੇ ਇਵੇਂ ਹੀ ਕੀਤਾ ਪਰ ਕਿਸਾਨ ਦੀ ਗੈਰਹਾਜ਼ਰੀ ਵਿਚ ਉਹ ਚਾਰਾ ਖਾ ਲੈਂਦਾ ਸੀ। ਦੂਜੇ ਦਿਨ ਵੀ ਬਲਦ ਨੇ ਕਿਸਾਨ ਦੇ ਸਾਹਮਣੇ ਚਾਰਾ ਨਾ ਖਾਧਾ, ਤੀਜੇ ਦਿਨ ਵੀ ਇਵੇਂ ਹੀ ਕੀਤਾ, ਚੌਥੇ, ਪੰਜਵੇਂ ਦਿਨ ਥੋੜ੍ਹਾ ਜਿਹਾ ਖਾ ਲਿਆ, ਇਵੇਂ ਸੱਤ ਦਿਨ ਲੰਘ ਗਏ।

ਨਿਰਸੰਦੇਹ ਘੋੜੇ ਦੀ ਸਦਭਾਵਨਾ ਅਤੇ ਸਨੇਹ ਦੀ ਦੁਰਵਰਤੋਂ ਹੋ ਰਹੀ ਸੀ।

ਆਖਿਰ ਘੋੜੇ ਨੇ ਬਲਦ ਨੂੰ ਕਿਹਾ: ਅੱਜ ਮਾਲਕ, ਗਵਾਂਢੀ ਨੂੰ ਕਹਿ ਰਿਹਾ ਸੀ ਕਿ ਜੇ ਬਲਦ ਇੱਕ ਅੱਧੇ ਦਿਨ ਵਿਚ ਠੀਕ ਨਾ ਹੋਇਆ ਤਾਂ ਕਸਾਈ ਨੂੰ ਵੇਚ ਦੇਵਾਂਗਾ।

ਕਸਾਈ ਦਾ ਨਾਂ ਸੁਣ ਕੇ ਹੀ ਬਲਦ ਠੀਕ ਹੋ ਗਿਆ।

ਉਸ ਉਪਰੰਤ ਘੋੜਾ, ਬਲਦ ਦੇ ਦੁੱਖਾਂ-ਤਕਲੀਫਾਂ ਨੂੰ ਸੁਣ ਲੈਂਦਾ ਸੀ ਪਰ ਮਦਦ ਦੀ ਕੋਈ ਪੇਸ਼ਕਸ਼ ਨਹੀਂ ਸੀ ਕਰਦਾ।

www.quotesinpunjabi.ml

QuotesInPunjabi

24

ਪੁਰਸ਼ ਹੋਰ ਤਰ੍ਹਾਂ ਸੋਚਦਾ ਹੈ, ਇਸਤਰੀ ਹੋਰ ਤਰ੍ਹਾਂ।

ਪੁੱਤਰ ਵਿਸ਼ਵ-ਯਾਤਰਾ 'ਤੇ ਨਿਕਲਿਆ ਸੀ।

ਦਿਲ ਦੇ ਰੋਗੀ ਪਿਤਾ ਨੇ ਕਿਹਾ: ਜੇ ਪਿੱਛੋਂ ਮੇਰੀ ਮੌਤ ਹੋ ਜਾਵੇ ਤਾਂ ਵੀ ਤੂੰ ਯਾਤਰਾ ਜਾਰੀ ਰੱਖਣੀ ਹੈ ਅਤੇ ਮੁਕੰਮਲ ਕਰਕੇ ਹੀ ਮੁੜਨਾ ਹੈ।

ਮਾਂ ਨੇ ਕਿਹਾ: ਜਦੋਂ ਮੈਂ ਮਰਾਂ, ਤੂੰ ਭਾਵੇਂ ਕਿਧਰੇ ਵੀ ਹੋਵੇਂ, ਜ਼ਰੂਰ ਆਵੀਂ, ਮੇਰਾ ਸੰਸਕਾਰ ਤੂੰ ਆਪਣੇ ਹੱਥਾਂ ਨਾਲ ਹੀ ਕਰਨਾ ਹੈ।

25

ਕਲਾਕਾਰਾਂ ਨੂੰ ਸਰਪ੍ਰਸਤ ਚਾਹੀਦੇ ਹੁੰਦੇ ਹਨ। ਮਾਈਕਲ ਐਂਜਲੋ ਦਾ ਸਰਪ੍ਰਸਤ ਪੋਪ ਸੀ। ਮਾਈਕਲ ਐਂਜਲੋ ਆਪਣੇ ਜ਼ਮਾਨੇ ਦਾ ਸਰਵੋਤਮ ਚਿੱਤਰਕਾਰ ਅਤੇ ਮੂਰਤੀਕਾਰ ਸੀ। ਉਸ ਦਾ ਬਦਲ ਉਹ ਆਪ ਹੀ ਹੋ ਸਕਦਾ ਸੀ। ਇਕ ਵਾਰੀ ਮਾਈਕਲ ਐਂਜਲੋ ਪੋਪ ਵਲੋਂ ਉਸਾਰੇ ਗਏ, ਨਵੇਂ ਗਿਰਜੇ ਦੀ ਛੱਤ ਨੂੰ ਚਿੱਤਰ ਰਿਹਾ ਸੀ ਕਿ ਕਿਸੇ ਕਾਰਨ, ਉਹ ਪੋਪ ਨਾਲ ਨਾਰਾਜ਼ ਹੋ ਕੇ ਚਲਾ ਗਿਆ, ਕੰਮ ਛੱਡ ਦਿੱਤਾ, ਰੋਮ ਵੀ ਛੱਡ ਗਿਆ।

ਪੋਪ ਨੇ ਆਪਣੀ ਗਲਤੀ ਕਬੂਲਦਿਆਂ ਕਿਹਾ ਸੀ: ਮਾਈਕਲ ਐਂਜਲੋ ਨੂੰ ਹੋਰ ਸਰਪ੍ਰਸਤ ਪੋਪ ਮਿਲ ਜਾਣਗੇ ਪਰ ਪੋਪ ਨੂੰ ਹੋਰ ਮਾਈਕਲ ਐਂਜਲੋ ਨਹੀਂ ਲੱਭੇਗਾ।

ਇਵੇਂ ਪੋਪ ਨੇ ਆਪਣੇ ਚਹੇਤੇ ਕਲਾਕਾਰ ਦੀ ਵਾਪਸੀ ਸੁਨਿਸ਼ਚਿਤ ਕਰ ਲਈ ਸੀ।

26

ਅਮਰੀਕਾ ਵਿਚ ਪਹਿਲਾਂ ਟਮਾਟਰ ਖਾਧੇ ਨਹੀਂ ਸੀ ਜਾਂਦੇ, ਘਰਾਂ ਨੂੰ ਸਜਾਉਣ ਲਈ ਵਰਤੇ ਜਾਂਦੇ ਸਨ, ਕਿਉਂਕਿ ਵਹਿਮ ਸੀ, ਜਿਹੜਾ ਖਾਏਗਾ, ਮਰ ਜਾਏਗਾ।

ਅਮਰੀਕਾ ਵਿੱਚ ਨਿਊਜਰਸੀ ਦੇ ਕਰਨਲ ਰਾਬਰਟ ਗਿਬਨ ਜਾਨਸਨ ਨੇ ਐਲਾਨ ਕੀਤਾ ਕਿ ਉਹ ਸ਼ਹਿਰ ਦੇ ਵੱਡੇ ਚੌਕ ਵਿਚ ਖਲੋ ਕੇ, ਇਕ ਨਹੀਂ, ਦੋ ਨਹੀਂ, ਉਹ ਟਮਾਟਰਾਂ ਦੀ ਛੋਟੀ ਭਰੀ ਟੋਕਰੀ ਖਾਏਗਾ।

ਉਸ ਨੇ ਟਮਾਟਰਾਂ ਦੀ ਟੋਕਰੀ ਖਾਧੀ, ਜਦੋਂ ਉਸ ਨੂੰ ਕੁਝ ਨਾ ਹੋਇਆ ਤਾਂ ਪੰਜਾਂ ਸਾਲਾਂ ਵਿਚ ਹੀ ਟਮਾਟਰ, ਸਬਜ਼ੀ ਦੀ ਹਰ ਦੁਕਾਨ 'ਤੇ ਵਿਕਣ ਲਗ ਪਏ ਅਤੇ ਟਮਾਟਰਾਂ ਦਾ ਜੂਸ, ਸੂਪ ਅਤੇ ਚੱਟਣੀ ਲੋਕਾਂ ਦੀ ਪਸੰਦ ਬਣ ਗਈ।

27

ਇਕ ਫਿਲਮ ਵਿਚ ਬੇਘਰੇ, ਭੁੱਖੇ, ਪਿਆਸੇ, ਗਰੀਬ, ਉਦਾਸ ਲੋਕਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦਾ ਦ੍ਰਿਸ਼ ਫਿਲਮਾਇਆ ਜਾਣਾ ਸੀ। ਨਿਰਦੇਸ਼ਕ ਨੇ ਆਪਣੇ ਸਹਾਇਕ ਨੂੰ ਕਿਹਾ ਕਿ ਸ਼ਹਿਰ ਦੀ ਇਕ ਗੰਦੀ ਬਸਤੀ ਵਿਚ ਸੁਨੇਹਾ ਦੇ ਆਓ ਕਿ ਕੱਲ੍ਹ ਇਹ ਦ੍ਰਿਸ਼ ਫਿਲਮਾਇਆ ਜਾਵੇਗਾ ਅਤੇ ਹਰ ਕਿਸੇ ਨੂੰ ਸੌ ਰੁਪਿਆ ਦਿੱਤਾ ਜਾਵੇਗਾ।

www.quotesinpunjabi.ml

QuotesInPunjabi

ਪਛਾਣ ਮਿਲਣ ਦਾ ਆਪਣਾ ਜਾਦੂ ਹੁੰਦਾ ਹੈ।

ਅਗਲੇ ਦਿਨ ਫਿਲਮ ਵਿਚ ਦਿਸਣ ਦੇ ਚਾਅ ਨਾਲ ਲੋਕਾਂ ਨੇ ਰਾਤੋ-ਰਾਤ ਬਸਤੀ ਸਾਫ ਕਰ ਦਿੱਤੀ, ਕੱਪੜੇ ਧੋ ਕੇ ਸੁਕਾ ਲਏ। ਜਦੋਂ ਦ੍ਰਿਸ਼ ਫਿਲਮਾਉਣ ਵਾਲਾ ਅਮਲਾ ਪਹੁੰਚਿਆ ਤਾਂ ਕਿਸੇ ਦੇ ਚਿਹਰੇ 'ਤੇ ਬੇਵਸੀ, ਗਰੀਬੀ, ਮੰਦਹਾਲੀ ਆਦਿ ਦਾ ਨਾਮ-ਨਿਸ਼ਾਨ ਨਹੀਂ ਸੀ।

ਉਥੇ ਹਾਜ਼ਰ ਲੋਕਾਂ ਦੇ ਚਮਕਦੇ, ਧੋਤੇ ਹੋਏ, ਨਿਖਰੇ ਚਿਹਰਿਆਂ ਉਤੇ ਇਕ ਕੰਨ ਤੋਂ ਦੂਜੇ ਕੰਨ ਤੱਕ ਮੁਸਕਰਾਹਟ ਫੈਲੀ ਹੋਈ ਸੀ। ਉਹ ਫਿਲਮੀ ਟੁਕੜੀ ਨੂੰ ਵੇਖ ਕੇ ਬੜੇ ਖੁਸ਼ ਹੋਏ ਪਰ ਫਿਲਮੀ ਟੁਕੜੀ, ਉਸ ਦ੍ਰਿਸ਼ ਨੂੰ ਵੇਖ ਕੇ ਉਦਾਸ ਸੀ, ਕਿਉਂਕਿ ਜਿਹੜਾ ਦ੍ਰਿਸ਼ ਫਿਲਮਾਇਆ ਜਾਣਾ ਸੀ, ਉਹ ਦ੍ਰਿਸ਼ ਤਾਂ ਉਥੇ ਹੈ ਹੀ ਨਹੀਂ ਸੀ।

28

ਲਿੰਕਨ ਨੇ ਆਪਣੀਆਂ ਫੌਜਾਂ ਨੂੰ ਵਿਰੋਧੀ ਫੌਜਾਂ 'ਤੇ ਹਮਲਾ ਕਰਨ ਦੇ ਫੈਸਲੇ ਨਾਲ ਇਕ ਚਿੱਟ ਲਿਖ ਕੇ ਭੇਜੀ, ਜਿਸ 'ਤੇ ਲਿਖਿਆ ਸੀ: ਜੇ ਸਫਲ ਹੋ ਜਾਓ ਤਾਂ ਜਿੱਤ ਨੂੰ ਆਪਣੀ ਦੱਸਣਾ, ਜੇ ਨਾ ਹੋਵੋ ਤਾਂ ਹਾਰ ਦੀ ਜ਼ਿੰਮੇਵਾਰੀ ਮੈਂ ਲਵਾਂਗਾ।

ਜਿੱਤੋਗੇ ਤੁਸੀਂ, ਹਾਰਾਂਗਾ ਮੈਂ।

ਇਨ੍ਹਾਂ ਸ਼ਬਦਾਂ ਨਾਲ ਲਿੰਕਨ ਨੇ ਆਪਣੀ ਫੌਜ ਦਾ ਹੌਸਲਾ ਬੁਲੰਦ ਕਰ ਦਿਤਾ ਸੀ।

29

ਕਲਪਨਾ ਚਾਵਲਾ ਦੇ ਦਾਦਾ ਜੀ ਬੀਮਾਰ ਸਨ, ਰੋਗ ਠੀਕ ਹੀ ਨਹੀਂ ਸੀ ਹੋ ਰਿਹਾ।

ਜਦੋਂ ਉਹ ਮਰਨ ਕਿਨਾਰੇ ਸਨ ਤਾਂ ਉਨ੍ਹਾਂ ਦੀ ਪਤਨੀ, ਆਖਰੀ ਆਸ ਨਾਲ, ਉਨ੍ਹਾਂ ਨੂੰ ਸੰਤ ਨਿੱਕਾ ਸਿੰਘ ਕੋਲ ਲੈ ਗਈ।

ਇਸਤਰੀ ਵਿਚ ਇਕ ਗੁੱਝਾ ਵਿਸ਼ਵਾਸ ਹੁੰਦਾ ਹੈ, ਜਿਸ ਨੂੰ ਉਹ ਜ਼ਿੰਦਗੀ ਦੀਆਂ ਸਾਰੀਆਂ ਆਸਾਂ-ਉਮੀਦਾਂ ਮੁੱਕ ਜਾਣ ਸਮੇਂ ਜਗਾਉਂਦੀ ਹੈ।

ਗੱਲ ਸੰਤ ਨਿੱਕਾ ਸਿੰਘ ਦੀ ਰੋਗ ਠੀਕ ਕਰਨ ਦੀ ਸ਼ਕਤੀ ਦੀ ਨਹੀਂ ਹੈ, ਗੱਲ ਪ੍ਰਤਨੀ ਦੇ ਵਿਸ਼ਵਾਸ ਦੀ ਸ਼ਕਤੀ ਦੀ ਹੈ। ਗੱਲ ਇਹ ਨਹੀਂ ਸੀ ਕਿ ਉਹ ਪਤੀ ਨੂੰ ਇਕ ਸੰਤ ਕੋਲ ਲੈ ਗਈ, ਗੱਲ ਇਹ ਸੀ ਕਿ ਉਹ ਆਪਣੇ ਪਤੀ ਨੂੰ ਮਰਨ ਨਹੀਂ ਸੀ ਦੇਣਾ ਚਾਹੁੰਦੀ ਅਤੇ ਉਹ ਵਿਧਵਾ ਹੋਣ ਲਈ ਤਿਆਰ ਨਹੀਂ ਸੀ।

ਭਾਵੇਂ ਸਾਰਿਆਂ ਨੇ ਆਸ ਲਾਹ ਦਿੱਤੀ ਸੀ ਪਰ ਪਤਨੀ ਵਿਚ ਆਸ ਅਜੇ ਜਿਉਂਦੀ ਸੀ। ਬੀਮਾਰ ਪਤੀ ਸੀ ਪਰ ਜਦੋਜਹਿਦ ਪਤਨੀ ਕਰ ਰਹੀ ਸੀ।

ਉਹ ਚਾਹੁੰਦੀ ਸੀ ਕਿ ਉਸ ਦਾ ਪਤੀ ਠੀਕ ਹੋਵੇ, ਉਸ ਨੂੰ ਪਤੀ ਦੀ ਲੋੜ ਸੀ, ਉਹ ਉਸ ਦਾ ਸੁਹਾਗ ਸੀ।

ਰਿਸ਼ਤਾ ਕੋਈ ਹੋਵੇ, ਉਸ ਨੂੰ ਬਣਾਈ ਰੱਖਣ ਲਈ ਇਸਤਰੀ ਹਮੇਸ਼ਾ ਵਧੇਰੇ ਯੋਗਦਾਨ ਪਾਉਂਦੀ ਹੈ ਅਤੇ ਵਧੇਰੇ ਕੁਰਬਾਨੀਆਂ ਕਰਦੀ ਹੈ।

www.quotesinpunjabi.ml

QuotesInPunjabi

ਪਤਨੀ ਨੇ ਸੰਤ ਨਿੱਕਾ ਸਿੰਘ ਨੂੰ ਕਿਹਾ: ਮੈਂ ਆਖਰੀ ਆਸ ਲੈ ਕੇ ਆਈ ਹਾਂ, ਤੁਸੀਂ ਕੁਝ ਕਰੋ। ਸੰਤ ਨਿੱਕਾ ਸਿੰਘ ਨੇ ਕਿਹਾ: ਲੱਸੀ ਲਿਆਓ। ਲੱਸੀ ਲਿਆਂਦੀ ਗਈ, ਪਿਲਾਈ ਗਈ, ਰੋਜ਼ ਪਿਲਾਉਂਦੇ ਰਹੇ, ਪਤੀ ਦਿਨਾਂ ਵਿਚ ਹੀ ਠੀਕ ਹੋ ਗਿਆ।

ਦੱਸਿਆ ਨਹੀਂ ਜਾ ਸਕਦਾ ਕਿ ਉਹ ਪਤਨੀ ਦੇ ਅਟੁੱਟ ਵਿਸ਼ਵਾਸ ਨਾਲ ਠੀਕ ਹੋਇਆ, ਜਾਂ ਸੰਤ ਨਿੱਕਾ ਸਿੰਘ ਕੋਲ ਪਹੁੰਚਣ ਕਰਕੇ ਠੀਕ ਹੋਇਆ ਜਾਂ ਲੱਸੀ ਨਾਲ ਠੀਕ ਹੋਇਆ ਜਾਂ ਇਨ੍ਹਾਂ ਸਾਰੇ ਉਪਰਾਲਿਆਂ ਦੇ ਕੁਲ-ਜੋੜ ਨਾਲ ਠੀਕ ਹੋਇਆ।

ਜਦੋਂ ਵੀ ਕੁਝ ਮਹੱਤਵਪੂਰਨ ਵਾਪਰਦਾ ਹੈ, ਉਸ ਪਿਛੇ ਕਈ ਸ਼ਕਤੀਆਂ ਕਾਰਜਸ਼ੀਲ ਹੁੰਦੀਆਂ ਹਨ। ਰੋਗ ਦੇ ਠੀਕ ਹੋਣ ਦਾ ਅਸਲ ਕਾਰਨ ਪਤਾ ਨਾ ਲੱਗਣ ਕਰਕੇ ਹੀ, ਅਰੋਗ ਹੋਣ 'ਤੇ ਪਰਮਾਤਮਾ ਦਾ ਧੰਨਵਾਦ ਕੀਤਾ ਜਾਂਦਾ ਹੈ।

30

ਦੋ ਮਿੱਤਰਾਂ ਨੇ ਰਲ ਕੇ ਵਪਾਰ ਕੀਤਾ, ਸਾਲ ਮਗਰੋਂ ਦੋਹਾਂ ਨੂੰ ਦਸ-ਦਸ ਲੱਖ ਰੁਪਏ ਦਾ ਲਾਭ ਹੋਇਆ।

ਇਕ ਮਿੱਤਰ ਬੜਾ ਖੁਸ਼ ਸੀ, ਕਿਉਂਕਿ ਉਸ ਨੂੰ ਆਸ, ਅੱਠ ਲੱਖ ਰੁਪਏ ਦੇ ਲਾਭ ਦੀ ਸੀ ਪਰ ਲਾਭ ਦਸ ਲੱਖ ਹੋਇਆ ਸੀ। ਦੂਜਾ ਮਿੱਤਰ ਉਦਾਸ ਸੀ, ਕਿਉਂਕਿ ਉਸ ਨੂੰ ਆਸ ਪੰਦਰ੍ਹਾਂ ਲੱਖ ਰੁਪਏ ਲਾਭ ਦੀ ਸੀ ਪਰ ਹੋਇਆ ਦਸ ਲੱਖ ਸੀ।

ਖੁਸ਼ੀ ਅਤੇ ਉਦਾਸੀ, ਸਫਲਤਾ ਅਤੇ ਅਸਫਲਤਾ ਵਪਾਰ ਵਿਚ ਨਹੀਂ ਸੀ, ਇਹ ਉਨ੍ਹਾਂ ਦੋਹਾਂ ਮਿੱਤਰਾਂ ਦੀਆਂ ਸੋਚਾਂ ਅਤੇ ਆਸਾਂ ਵਿਚ ਸੀ।

31

ਇਕ ਪਿੰਡ ਵਿਚ ਦੋ ਮੰਜ਼ਲਾ ਗੁਰਦੁਆਰਾ ਸੀ। ਸਬੱਬ ਨਾਲ ਪਿੰਡ ਵਿਚ ਜਿਹੜਾ ਵੀ ਆਪਣੇ ਘਰ ਦਾ ਚੁਬਾਰਾ ਪਾਉਂਦਾ ਸੀ, ਕਿਸੇ ਕਾਰਨ ਉਹ ਮਰ ਜਾਂਦਾ ਸੀ।

ਜਦੋਂ ਤਿੰਨ-ਚਾਰ ਵਾਰੀ ਇਵੇਂ ਹੋਇਆ ਤਾਂ ਇਲਾਕੇ ਵਿੱਚ ਗੱਲ ਧੁੰਮ ਗਈ ਕਿ ਜਿਹੜਾ ਆਪਣਾ ਮਕਾਨ ਗੁਰਦੁਆਰੇ ਨਾਲੋਂ ਉੱਚਾ ਕਰੇਗਾ, ਉਹ ਮਰ ਜਾਵੇਗਾ।

ਇਕ ਫੌਜੀ ਦੂਜੇ ਵਿਸ਼ਵ ਯੁੱਧ ਮਗਰੋਂ, ਜਦੋਂ ਸੇਵਾ-ਮੁਕਤ ਹੋ ਕੇ ਪਿੰਡ ਆਇਆ ਅਤੇ ਜਦੋਂ ਉਸ ਨੇ ਚੁਬਾਰਾ ਪਾਉਣਾ ਆਰੰਭ ਕੀਤਾ ਤਾਂ ਸਾਰੇ ਕਹਿਣ ਲੱਗ ਪਏ: ਲਓ ਵੇਖੋ, ਜੰਗ ਵਿਚੋਂ ਤਾਂ ਬਚ ਕੇ ਆ ਗਿਆ ਹੈ, ਹੁਣ ਚੁਬਾਰੇ ਨੇ ਮਾਰ ਦੇਣਾ ਹੈ। ਲੋਕ ਸਵੇਰੇ ਉੱਠ ਕੇ ਇਕ-ਦੂਜੇ ਤੋਂ, ਸਭ ਤੋਂ ਪਹਿਲਾਂ ਇਹੀ ਪੁੱਛਦੇ ਸਨ: ਫੌਜੀ ਮਰ ਗਿਆ ਹੈ ਕਿ ਨਹੀਂ?

ਜਦੋਂ ਫੌਜੀ ਨੇ ਚੁਬਾਰਾ ਪਾ ਲਿਆ ਅਤੇ ਉਸ ਨੂੰ ਕੁਝ ਨਾ ਹੋਇਆ ਤਾਂ ਕੁਝ ਮਹੀਨਿਆਂ ਵਿਚ ਹੀ, ਸਾਰੇ ਪਿੰਡ ਨੇ ਚੁਬਾਰੇ ਪਾ ਲਏ।

ਪਹਿਲ ਕਰਨ ਵਾਲਾ ਇਕ ਹੀ ਹੁੰਦਾ ਹੈ, ਬਾਕੀ ਸਾਰੇ ਪਿਛਲੱਗ ਹੁੰਦੇ ਹਨ।

www.quotesinpunjabi.ml

QuotesInPunjabi

32

ਜੋ ਬਹੁਤ ਅਧਿਕ ਖਾਂਦਾ ਹੈ, ਯੋਗ ਉਸ ਲਈ ਨਹੀਂ ਹੈ। ਯੋਗ ਉਸ ਲਈ ਵੀ ਨਹੀਂ ਹੈ, ਜਿਹੜਾ ਭੁੱਖਾ ਰਹਿੰਦਾ ਹੈ। ਉਸ ਲਈ ਵੀ ਨਹੀਂ ਹੈ, ਜਿਹੜਾ ਸੁੱਤਾ ਹੀ ਰਹਿੰਦਾ ਹੈ, ਨਾ ਉਸ ਲਈ ਹੈ, ਜਿਹੜਾ ਸੌਂਦਾ ਹੀ ਨਹੀਂ।

ਜਿਹੜਾ ਸੰਜਮ ਵਿਖਾਵੇਗਾ, ਉਹੀ ਜੀਵੇਗਾ।

ਕਿਸੇ ਚੀਜ਼ ਦਾ ਅਧਿਕ ਹੋਣਾ ਵਰ ਨਹੀਂ, ਸਰਾਪ ਹੈ।

ਜਿਹੜਾ ਸੰਜਮੀ ਹੈ, ਯੋਗ ਉਸ ਲਈ ਹੈ, ਯੋਗ ਉਸ ਦੇ ਸਾਰੇ ਰੋਗਾਂ ਅਤੇ ਕਸ਼ਟਾਂ ਦਾ ਨਿਵਾਰਨ ਕਰਦਾ ਹੈ। ਵਾਸਤਵ ਵਿਚ ਸੰਜਮੀ ਨੂੰ ਯੋਗ ਦੀ ਲੋੜ ਹੀ ਨਹੀਂ, ਕਿਉਂਕਿ ਸੰਜਮੀ ਨੂੰ ਸਰੀਰਕ ਰੋਗ-ਕਸ਼ਟ ਹੁੰਦੇ ਹੀ ਨਹੀਂ।

ਸੰਜਮ ਹੀ ਯੋਗ ਹੈ। ਯੋਗ, ਸੰਜਮ ਹੀ ਹੈ।

33

ਜਦੋਂ ਜਰਮਨੀ ਵਿਚ ਮਨੋਵਿਗਿਆਨ ਸਬੰਧੀ ਫਰਾਇਡ ਦੀਆਂ ਪੁਸਤਕਾਂ ਸਾੜੀਆਂ ਗਈਆਂ ਤਾਂ ਇਕ ਸਭਾ ਨੂੰ ਸੰਬੋਧਨ ਕਰਦਿਆਂ ਫਰਾਇਡ ਨੇ ਕਿਹਾ ਸੀ: ਅਸੀਂ ਬੜੀ ਤਰੱਕੀ ਕਰ ਲਈ ਹੈ, ਜੇ ਮੈਂ ਮੱਧਕਾਲ ਵਿਚ ਹੁੰਦਾ ਤਾਂ ਉਨ੍ਹਾਂ ਨੇ ਮੇਰੀਆਂ ਪੁਸਤਕਾਂ ਦੇ ਨਾਲ ਮੈਨੂੰ ਵੀ ਸਾੜ ਦੇਣਾ ਸੀ, ਹੁਣ ਉਹ ਕੇਵਲ ਮੇਰੀਆਂ ਪੁਸਤਕਾਂ ਹੀ ਸਾੜ ਰਹੇ ਹਨ।

34

ਇਕ ਗੱਡੀ ਵਿਚ ਇਕ ਮਾਂ, ਦੋ ਧੀਆਂ ਨਾਲ ਸਫਰ ਕਰ ਰਹੀ ਸੀ।

ਇਕ ਛੋਟੇ ਸਟੇਸ਼ਨ 'ਤੇ ਦੋ ਲੁਟੇਰੇ ਡੱਬੇ ਵਿਚ ਦਾਖਲ ਹੋਏ ਅਤੇ ਚਾਕੂ ਵਿਖਾ ਕੇ ਕਿਹਾ: ਮਾਲ ਨਿਕਾਲੋ। ਇਕ ਨੇ ਮਾਂ ਦੇ ਬੈਗ ਨੂੰ ਹੱਥ ਪਾਇਆ, ਨੇਹਾ ਨਾਂ ਦੀ ਧੀ ਨੇ ਚੀਕ ਮਾਰੀ, ਆਦਮੀ ਨੇ ਉਸ ਦਾ ਚਿਹਰਾ ਝਗੀਟ ਦਿੱਤਾ, ਵਾਲ ਪੁੱਟ ਦਿੱਤੇ। ਮਾਂ ਨੇ ਕਿਹਾ: ਇਸਨੂੰ ਬੈਗ ਲੈ ਜਾਣ ਦੇ। ਨੇਹਾ ਨੇ ਕਿਹਾ: ਨਹੀਂ, ਇਹ ਮੇਰੀ ਮਾਂ ਦਾ ਬੈਗ ਹੈ। ਲੁਟੇਰਾ ਉਸ ਨੂੰ ਨੇੜੇ ਦੇ ਖੁੱਲ੍ਹੇ ਦਰਵਾਜ਼ੇ ਵੱਲ ਬਾਹਰ ਸੁੱਟਣ ਵਾਸਤੇ ਖਿੱਚਣ ਲੱਗ ਪਿਆ। ਦਰਵਾਜ਼ੇ ਕੋਲ ਨੇਹਾ ਨੇ ਇਕ ਸੀਟ ਨੂੰ ਹੱਥ ਪਾ ਲਿਆ। ਲੁਟੇਰੇ ਨੇ ਵੀ ਚਾਕੂ ਕੱਢ ਲਿਆ, ਦੂਜੀ ਭੈਣ ਨੇ ਇਤਨੀ ਜ਼ੋਰ ਦਾ ਉਸ ਦੀ ਬਾਂਹ ਉਤੇ ਚੱਕ ਵੱਢਿਆ ਕਿ ਉਸ ਦਾ ਚਾਕੂ ਡਿੱਗ ਪਿਆ, ਜਿਹੜਾ ਦੂਜੀ ਧੀ ਨੇ ਪੈਰ ਨਾਲ ਗੱਡੀ ਵਿਚੋਂ ਬਾਹਰ ਸੁੱਟ ਦਿੱਤਾ। ਇਤਨੇ ਵਿਚ ਚੱਕ ਵੱਢਣ ਵਾਲੀ ਭੈਣ ਨੇ ਲੁਟੇਰੇ ਦੀ ਗਰਦਨ ਨੂੰ ਇਤਨਾ ਕਸ ਲਿਆ ਕਿ ਉਹ ਹਿੱਲ ਨਾ ਸਕਿਆ।

ਨੇਹਾ ਨਾਲ ਖਿੱਚ-ਧੂਹ ਵਿਚ, ਦੂਜੇ ਲੁਟੇਰੇ ਦੀ ਲੁੰਗੀ ਖੁੱਲ੍ਹ ਗਈ, ਜਿਸ ਨੂੰ ਠੀਕ ਕਰਦਿਆਂ, ਉਸ ਦੇ ਹੱਥੋਂ ਬੈਗ ਡਿੱਗ ਪਿਆ। ਬਾਕੀ ਸਵਾਰੀਆਂ, ਜਿਹੜੀਆਂ ਸਹਿਮੀਆਂ ਹੋਈਆਂ ਸਨ, ਉਹ ਵੀ ਦਲੇਰ ਹੋ ਗਈਆਂ ਸਨ, ਉਨ੍ਹਾਂ ਨੇ ਬੈਗ ਸਾਂਭ ਲਿਆ। ਕੋਈ ਸਟੇਸ਼ਨ ਆ ਰਿਹਾ ਸੀ, ਗੱਡੀ ਹੌਲੀ ਹੋ ਗਈ ਸੀ, ਲੁਟੇਰੇ ਛਾਲਾਂ ਮਾਰ ਕੇ ਦੌੜ ਗਏ ਸਨ।

ਦੋਹਾਂ ਭੈਣਾਂ ਦੇ ਸੱਟਾਂ ਲੱਗੀਆਂ ਹੋਈਆਂ ਸਨ ਅਤੇ ਗੰਡੇ ਛਿੱਲੇ ਹੋਏ ਸਨ। ਮਾਂ ਨੇ ਕਿਹਾ:

www.quotesinpunjabi.ml

QuotesInPunjabi
ਬੱਚਿਓ, ਫਿਰ ਇਵੇਂ ਨਾ ਕਰਨਾ। ਧੀਆਂ ਨੇ ਕਿਹਾ: ਇਵੇਂ ਕਰਨਾ ਹੀ ਠੀਕ ਸੀ। ਜੇ ਫਿਰ ਇਵੇਂ ਕਰਨਾ ਪਿਆ ਤਾਂ ਵਧੇਰੇ ਹਿੰਮਤ ਅਤੇ ਪੂਰੀ ਦ੍ਰਿੜ੍ਹਤਾ ਨਾਲ ਕਰਾਂਗੀਆਂ।

ਹੁਣ ਨਾਰੀ, ਉਹ ਨਾਰੀ ਨਹੀਂ ਰਹੀ।

35

ਫੇਈਦੀਪੀਦੀਅਸ ਨਾਂ ਦਾ ਯੂਨਾਨੀ ਨਾਗਰਿਕ 490 ਪੂਰਵ ਈਸਵੀ ਵਿਚ, ਮੈਰਾਥਨ ਦੇ ਮੈਦਾਨ ਵਿਚ, ਏਥਨਸ ਦੀਆਂ ਹਾਰ ਰਹੀਆਂ ਫੌਜਾਂ ਦੀ ਅਚਾਨਕ ਹੋਈ ਜਿੱਤ ਦੀ ਖ਼ੁਸ਼ਖਬਰੀ ਦੇਣ ਲਈ, ਬਤਾਲੀ ਮੀਲ ਦੌੜਦਾ ਚਲਿਆ ਗਿਆ ਅਤੇ ਏਥਨਸ ਵਿਚ ਪਹੁੰਚ ਕੇ ਜਿੱਤ ਦਾ ਸਮਾਚਾਰ ਦਿੰਦਿਆਂ ਹੀ, ਉਹ ਡਿੱਗ ਕੇ ਮਰ ਗਿਆ।

ਏਥਨਸ ਵਾਸੀਆਂ ਨੇ ਉਸ ਦੀ ਯਾਦ ਵਿਚ ਉਲੰਪਿਕ ਖੇਡਾਂ ਵਿਚ ਮੈਰਾਥਨ ਤੋਂ ਏਥਨਸ ਤੱਕ ਦੀ ਬਤਾਲੀ ਮੀਲ ਦੀ ਦੌੜ ਨੂੰ, ਮੁਕਾਬਲਿਆਂ ਵਿਚ ਸ਼ਾਮਲ ਕਰ ਲਿਆ ਸੀ।

ਹੁਣ ਵੀ ਉਲੰਪਿਕਸ ਵਿਚ ਫੇਈਦੀਪੀਦੀਅਸ ਦੀ ਯਾਦ ਵਿਚ ਦੌੜੀ ਜਾਂਦੀ ਇਸ ਰੇਸ ਨੂੰ ਮੈਰਾਥਨ ਕਿਹਾ ਜਾਂਦਾ ਹੈ।

36

ਸਰਦੀ ਦੀ ਇਕ ਸਵੇਰ ਨੂੰ ਪਤਨੀ ਨੇ ਬਾਰੀ ਵਿਚੋਂ ਬਾਹਰ ਵੇਖਦਿਆਂ ਕਿਹਾ: ਧੁੰਦ ਬੜੀ ਹੈ, ਕੋਈ ਬੰਦਾ ਵਿਖਾਈ ਨਹੀਂ ਦਿੰਦਾ।

ਪਤੀ ਨੇ ਕਿਹਾ: ਸਵੇਰੇ ਹੀ ਬੰਦੇ ਲੱਭਣ ਲੱਗ ਪਈ ਹੈਂ ?

ਪਤਨੀ ਨੇ ਕਿਹਾ: ਮੇਰਾ ਮਤਲਬ ਸੀ ਕਿ ਧੁੰਦ ਵਿਚ ਹੱਥ ਨੂੰ ਹੱਥ ਨਹੀਂ ਦਿਸਦਾ।

ਪਤੀ ਬੋਲਿਆ: ਹੱਥ ਨੂੰ ਹੱਥ ਕਿਵੇਂ ਦਿਸੇ, ਹੱਥ ਵਿਚ ਕੋਈ ਅੱਖ ਲੱਗੀ ਹੋਈ ਹੈ ?

ਪਤਨੀ ਬੋਲੀ: ਮੈਂ ਤਾਂ ਸੁਭਾਵਕ ਹੀ ਮੌਸਮ, ਠੰਡ ਅਤੇ ਧੁੰਦ ਦੀ ਗੱਲ ਕੀਤੀ ਸੀ। ਤੁਸੀਂ ਤਾਂ ਹਰ ਗੱਲ ਵਿਚ ਕੰਘੀ ਫੇਰਨ ਲੱਗ ਪਏ ਹੋ!

37

ਜੀਵਨ ਵਿਚ ਕਈ ਵਾਰ ਬੜੇ ਹੈਰਾਨ ਕਰਨ ਵਾਲੇ ਸਬੱਬ ਵਾਪਰਦੇ ਹਨ।

ਇਕ ਆਦਮੀ ਇਕ ਗਰੁੱਪ ਫੋਟੋ ਨਾਲ ਇਕ ਚਿੱਤਰਕਾਰ ਕੋਲ ਗਿਆ ਅਤੇ ਉਸ ਗਰੁੱਪ ਫੋਟੋ ਵਿਚੋਂ ਆਪਣੇ ਭਰਾ ਦੀ ਫੋਟੋ ਦਾ ਚਿੱਤਰ ਬਣਾਉਣ ਲਈ ਕਿਹਾ। ਉਸ ਨੇ ਚਿੱਤਰਕਾਰ ਨੂੰ ਦੱਸਿਆ ਕਿ ਇਕ ਬੱਸ ਦਰਿਆ ਵਿਚ ਡਿਗ ਪਈ ਸੀ, ਜਿਸ ਵਿਚ ਉਸ ਦੇ ਭਰਾ ਦੀ ਮੌਤ ਹੋ ਗਈ ਸੀ। ਉਸ ਦਾ ਭਰਾ ਬੜਾ ਸੋਹਣਾ ਸੀ, ਜਿਹੜਾ ਉਸ ਨੂੰ ਬੜਾ ਪਿਆਰਾ ਸੀ। ਉਹ ਡੁੱਬ ਕੇ ਮਰ ਗਿਆ ਸੀ। ਉਸ ਨੇ ਚਿੱਤਰਕਾਰ ਨੂੰ ਦੱਸਿਆ ਕਿ ਸੁਣਿਆ ਸੀ ਕਿ ਕੇਵਲ ਇਕ ਲੰਗੜਾ ਆਦਮੀ ਬਚਿਆ ਸੀ ਅਤੇ ਬਾਕੀ ਸਾਰੇ ਮਾਰੇ ਗਏ ਸਨ।

ਚਿੱਤਰਕਾਰ ਨੇ ਚਿੱਤਰ ਬਣਾਇਆ, ਜਿਹੜਾ ਭਰਾ ਨੂੰ ਬਹੁਤ ਪਸੰਦ ਆਇਆ, ਖ਼ੁਸ਼ ਹੋ ਕੇ ਪੁੱਛਿਆ: ਮੈਂ ਤੁਹਾਡੀ ਕੀ ਸੇਵਾ ਕਰਾਂ ?

www.quotesinpunjabi.ml

QuotesInPunjabi

ਚਿੱਤਰਕਾਰ ਨੇ ਕਿਹਾ: ਇਸ ਚਿੱਤਰ ਨੂੰ ਮੇਰੇ ਵਲੋਂ ਪਿਆਰ ਭੇਟਾ ਸਮਝਣਾ ਅਤੇ ਉਸ ਨੇ ਪੈਂਟ ਦਾ ਪੈਂਚ੍ਹਾ ਉੱਚਾ ਚੁੱਕ ਕੇ ਲੱਤ ਵਿਖਾਉਂਦਿਆਂ ਕਿਹਾ: ਉਸ ਹਾਦਸੇ ਵਿਚ ਬਚਣ ਵਾਲਾ, ਉਹ ਲੰਗੜਾ ਆਦਮੀ ਮੈਂ ਹੀ ਸਾਂ।

ਪਿਛਲੇ ਕਈ ਸਾਲਾਂ ਤੋਂ ਸੋਚ ਰਿਹਾ ਹਾਂ ਕਿ ਰੱਬ ਨੇ ਮੈਨੂੰ ਹੀ ਕਿਉਂ ਬਚਾਇਆ, ਸ਼ਾਇਦ ਸਾਰੀ ਬੱਸ ਵਿਚ ਮੈਂ ਹੀ ਸਭ ਤੋਂ ਸਾਧਾਰਨ ਵਿਅਕਤੀ ਸਾਂ।

ਮੈਨੂੰ ਸਮਝ ਨਹੀਂ ਆ ਰਹੀ, ਮੈਂ ਕਿਵੇਂ ਅਤੇ ਕਿਉਂ ਬੱਚ ਗਿਆ, ਜਦੋਂ ਕਿ ਮਰਨ ਦੀ ਸਭ ਤੋਂ ਵਧੇਰੇ ਸੰਭਾਵਨਾ ਮੇਰੀ ਸੀ।

38

ਪਾਲਣ-ਪੋਸਣ ਦੌਰਾਨ ਬੱਚੇ ਦਾ ਨਿਰੰਤਰ ਧਿਆਨ ਰੱਖਣ ਕਰਕੇ, ਮਾਂ ਸੋਚਣ ਲੱਗ ਪੈਂਦੀ ਹੈ ਕਿ ਬੱਚਾ ਉਸ ਤੋਂ ਬਿਨਾਂ ਨਹੀਂ ਰਹਿ ਸਕਦਾ, ਜਦੋਂ ਕਿ ਵਾਸਤਵਿਕਤਾ ਇਹ ਹੁੰਦੀ ਹੈ ਕਿ ਮਾਂ, ਬੱਚੇ ਤੋਂ ਬਿਨਾਂ ਨਹੀਂ ਰਹਿ ਸਕਦੀ।

39

ਜਿਹੜਾ ਗੱਲਬਾਤ ਨਹੀਂ ਕਰਦਾ, ਉਹ ਮੂਰਖ ਹੁੰਦਾ ਹੈ, ਨਾਲਾਇਕ ਹੁੰਦਾ ਹੈ।

ਜਿਹੜਾ ਗੱਲਬਾਤ ਕਰ ਸਕਦਾ ਹੈ, ਕਰਨੀ ਚਾਹੀਦੀ ਹੈ ਪਰ ਕਿਸੇ ਨਾਲ ਵੀ ਨਹੀਂ ਕਰਦਾ, ਉਹ ਘਮੰਡੀ ਹੁੰਦਾ ਹੈ, ਹੈਂਕੜਬਾਜ਼ ਹੁੰਦਾ ਹੈ।

ਜਿਹੜਾ ਗੱਲਬਾਤ ਕਰਨੀ ਚਾਹੁੰਦਾ ਹੈ ਪਰ ਕਰਨ ਦਾ ਹੌਸਲਾ ਨਹੀਂ ਕਰਦਾ, ਉਹ ਡਰਪੋਕ ਹੁੰਦਾ ਹੈ, ਪੱਛੜਿਆ ਹੁੰਦਾ ਹੈ।

ਜਿਹੜਾ ਗੱਲਬਾਤ ਕਰਨ ਜਾਂ ਨਾ ਕਰਨ ਦੀ ਦੁਚਿੱਤੀ ਦਾ ਸ਼ਿਕਾਰ ਹੁੰਦਾ ਹੈ, ਉਹ ਗੁਲਾਮ ਹੁੰਦਾ ਹੈ, ਅਯੋਗ ਹੁੰਦਾ ਹੈ।

ਜਿਹੜੇ ਮਾਨਸਿਕ ਪੱਖੋਂ ਵਿਕਸਿਤ ਹੁੰਦੇ ਹਨ, ਜਿਨ੍ਹਾਂ ਵਿਚ ਸਵੈ-ਵਿਸ਼ਵਾਸ ਹੁੰਦਾ ਹੈ, ਉਹ ਹਰ ਕਿਸੇ ਨਾਲ, ਗੱਲਬਾਤ ਕਰਨ ਲਈ ਤਿਆਰ ਹੁੰਦੇ ਹਨ।

40

ਪੁਰਾਤਨ ਯੂਨਾਨੀ ਰਿਆਸਤਾਂ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ। ਈਸਾ ਤੋਂ ਲਗਭਗ ਅੱਠ ਸਦੀਆਂ ਪਹਿਲਾਂ ਯੂਨਾਨੀਆਂ ਨੇ ਉਲੰਪਿਕ ਖੇਡਾਂ ਰਾਹੀਂ ਬਿਨਾਂ ਲੜਨ ਦੇ, ਯੁੱਧ ਕਰਨ ਦੇ ਪੈਂਤੜੇ ਅਪਣਾਏ। ਇਵੇਂ ਖੇਡਾਂ ਵਾਸਤਵ ਵਿਚ ਖ਼ੂਨ-ਖਰਾਬੇ ਵਾਲੀਆਂ ਲੜਾਈਆਂ ਤੋਂ ਬਚਣ ਦਾ ਵਸੀਲਾ ਸਨ।

ਇਹ ਸਿਧਾਂਤ ਅਪਣਾਇਆ ਗਿਆ ਕਿ ਅਸੀਂ ਆਪਸ ਵਿਚ ਮੁੱਕੇ ਮਾਰਾਂਗੇ ਅਤੇ ਇਕ ਨਿਰਪੱਖ ਵਿਅਕਤੀ ਜਿੱਤ-ਹਾਰ ਦਾ ਨਿਰਣਾ ਕਰੇਗਾ। ਮੈਂ ਤੁਹਾਨੂੰ ਡੇਗ ਕੇ ਅਪਮਾਨ ਕਰਾਂਗਾ, ਤੁਸੀਂ ਮੈਨੂੰ ਝਪਕੀ ਦੇ ਕੇ ਡੇਗੋਗੇ ਅਤੇ ਕਬੀਲੇ ਦੇ ਲੋਕ ਫੈਸਲਾ ਕਰਨਗੇ ਕਿ ਕੌਣ ਸ਼ਕਤੀਸ਼ਾਲੀ ਹੈ।

www.quotesinpunjabi.ml

QuotesInPunjabi

ਇਵੇਂ ਮੁੱਕੇਬਾਜ਼ੀ ਅਤੇ ਕੁਸ਼ਤੀਆਂ ਦੇ ਮੁਕਾਬਲੇ ਆਰੰਭ ਹੋਏ।

ਮੁੱਢ ਵਿਚ ਦੌੜਾਂ, ਛਾਲਾਂ ਅਤੇ ਪੱਥਰ ਸੁੱਟਣ ਦੇ ਹੀ ਮੁਕਾਬਲੇ ਹੁੰਦੇ ਸਨ, ਜਿਹੜੇ ਵਾਸਤਵ ਵਿਚ ਸ਼ਿਕਾਰ ਦੇ ਪੈਂਤੜੇ ਸਨ ਅਤੇ ਇਨ੍ਹਾਂ ਨੂੰ ਅਥਲੈਟਿਕਸ ਕਿਹਾ ਜਾਣ ਲੱਗ ਪਿਆ। ਇਹ ਖੇਡਾਂ ਲਗਭਗ ਅੱਠ ਸੌ ਸਾਲ ਚਲਦੀਆਂ ਰਹੀਆਂ।

41

ਜਨਕ ਨੇ ਗਿਆਨ ਵਾਲਕਯ ਨੂੰ ਪੁੱਛਿਆ: ਉਹ ਕਿਹੜੀ ਰੌਸ਼ਨੀ ਹੈ, ਜਿਸ ਨਾਲ ਅਸੀਂ ਆਲੇ-ਦੁਆਲੇ ਨੂੰ ਵੇਖਦੇ, ਇਧਰ-ਉਧਰ ਜਾਂਦੇ ਅਤੇ ਕਾਰਜ ਕਰਦੇ ਹਾਂ ?

ਸੂਰਜ ਉਹ ਰੌਸ਼ਨੀ ਹੈ, ਜਿਹੜੀ ਸਭਨਾਂ ਜੀਵਾਂ ਨੂੰ ਚਲਾਉਂਦੀ ਹੈ।

ਜਦੋਂ ਸੂਰਜ ਨਹੀਂ ਹੁੰਦਾ, ਉਦੋਂ ਅਸੀਂ ਕਿਵੇਂ ਕੰਮ ਚਲਾਉਂਦੇ ਹਾਂ ?

ਉਦੋਂ ਅਸੀਂ ਚੰਦਰਮਾ ਦੀ ਰੌਸ਼ਨੀ ਨਾਲ ਵੇਖਦੇ ਹਾਂ।

ਜਦੋਂ ਸੂਰਜ-ਚੰਦਰਮਾ ਦੋਵੇਂ ਨਹੀਂ ਹੁੰਦੇ, ਉਦੋਂ ਅਸੀਂ ਦੀਵਾ ਜਗਾਕੇ, ਅੱਗ ਬਾਲ ਕੇ ਕੰਮ ਕਰਦੇ ਹਾਂ ਅਤੇ ਜੀਵਨ ਨਿਰਬਾਹ ਕਰਦੇ ਹਾਂ।

ਜਦੋਂ ਦੀਵਾ ਬੁਝਾ ਦਿੱਤਾ ਜਾਂਦਾ ਹੈ, ਅੱਗ ਬੁਝ ਜਾਂਦੀ ਹੈ, ਉਦੋਂ ਅਸੀਂ ਬੋਲ ਕੇ, ਇਕ-ਦੂਜੇ ਨੂੰ ਪਛਾਣਦੇ ਅਤੇ ਕਾਰਜ ਕਰਦੇ ਹਾਂ।

ਜਦੋਂ ਸੂਰਜ ਡੁੱਬ ਗਿਆ ਹੋਵੇ, ਮੱਸਿਆ ਦੀ ਰਾਤ ਹੋਵੇ, ਅੱਗ ਬੁਝ ਗਈ ਹੋਵੇ, ਦੀਵਾ ਜਗਿਆ ਨਾ ਹੋਵੇ, ਚੁੱਪ ਪਸਰ ਗਈ ਹੋਵੇ, ਉਦੋਂ ਅਸੀਂ ਕਿਵੇਂ ਕੰਮ ਚਲਾਉਂਦੇ ਹਾਂ ?

ਜਦੋਂ ਸਾਰੀਆਂ ਬਾਹਰੀ ਰੌਸ਼ਨੀਆਂ ਲੋਪ ਹੋ ਜਾਂਦੀਆਂ ਹਨ, ਉਦੋਂ ਅਸੀਂ ਅੰਦਰਲੀ ਰੌਸ਼ਨੀ, ਆਤਮਾ ਦੀ ਰੌਸ਼ਨੀ ਵਰਤਦੇ ਹਾਂ।

ਇਸ ਰੌਸ਼ਨੀ ਨਾਲ ਸਾਰਿਆਂ ਦੇ ਦਿਲ, ਹਿਰਦੇ ਅਤੇ ਮਨ ਰੌਸ਼ਨ ਹੋ ਜਾਂਦੇ ਹਨ।

42

ਮੌਕੇ ਅਨੁਸਾਰ ਢੁੱਕਵਾਂ ਉੱਤਰ ਸੁੱਝਣਾ ਯੋਗਤਾ ਦਾ ਪ੍ਰਮਾਣ ਹੁੰਦਾ ਹੈ।

ਰੇਲਵੇ ਵਿੱਚ ਅਧਿਕਾਰੀਆਂ ਨੂੰ ਪਰਿਵਾਰਕ ਪਾਸ ਮਿਲਦੇ ਹਨ। ਇਕ ਵਾਰੀ ਇਕ ਵੱਡੇ ਅਧਿਕਾਰੀ ਦੀ ਅਨਪੜ੍ਹ ਮਾਂ, ਹੋਰ ਜੀਆਂ ਨਾਲ ਉਤਲੇ ਦਰਜੇ ਦੇ ਡੱਬੇ ਵਿਚ ਯਾਤਰਾ ਕਰ ਰਹੀ ਸੀ ਅਤੇ ਇਕ ਸਟੇਸ਼ਨ 'ਤੇ ਉਹ ਆਪਣੇ ਡੱਬੇ ਦੇ ਬਾਹਰ, ਪਲੇਟਫਾਰਮ 'ਤੇ ਪਲੋਤੀ ਸੀ। ਉਸ ਨੂੰ ਵੇਖ ਕੇ ਇੱਕ ਜ਼ਨਾਨਾ ਸਵਾਰੀ ਨੇ ਉਸ ਨੂੰ ਆਪਣੀ ਟਿਕਟ ਵਿਖਾਉਂਦਿਆਂ ਪੁੱਛਿਆ: ਬੀਬੀ ਜੀ, ਵੇਖ ਕੇ ਦੱਸਣਾ ਇਹ ਟਿਕਟ ਕਿਹੜੇ ਡੱਬੇ ਦੀ ਹੈ।

ਆਲੇ-ਦੁਆਲੇ ਹੋਰ ਲੋਕ ਵੀ ਖੜ੍ਹੇ ਸਨ, ਹੋਰ ਅਧਿਕਾਰੀਆਂ ਦੇ ਮਾਪੇ ਵੀ ਸਨ। ਅਨਪੜ੍ਹ ਮਾਂ ਨੇ ਆਪਣੇ ਅਫਸਰ ਪੁੱਤਰ ਦੀ ਇੱਜ਼ਤ ਦੀ ਰਾਖੀ ਕਰਦਿਆਂ ਕਿਹਾ: ਮੈਂ ਜ਼ਰੂਰ ਦੱਸ ਦਿੰਦੀ ਪਰ ਮੇਰੀ ਐਨਕ ਘਰ ਰਹਿ ਗਈ ਹੈ।

www.quotesinpunjabi.ml

QuotesInPunjabi

43

ਮਦਰ ਟੈਰੇਸਾ ਕਹਿ ਰਹੀ ਸੀ, ਜਦੋਂ ਤੂਫ਼ਾਨ-ਭੂਚਾਲ ਆਉਂਦਾ ਹੈ ਤਾਂ ਮੇਰੇ ਵਿਚ ਲੋੜਵੰਦਾਂ ਲਈ ਕਰੋੜਾਂ ਰੁਪਏ ਇਕੱਠੇ ਕਰਨ ਦੀ ਹਿੰਮਤ ਜਾਗ ਪੈਂਦੀ ਹੈ ਪਰ ਜਦੋਂ ਮੈਨੂੰ ਪੈਸੇ ਦੀ ਨਿੱਜੀ ਲੋੜ ਪੈਂਦੀ ਹੈ ਤਾਂ ਮੇਰੇ ਕੋਲ ਬਿਜਲੀ ਦਾ ਬਿਲ ਦੇਣ ਦੇ ਵੀ ਪੈਸੇ ਨਹੀਂ ਹੁੰਦੇ।

ਲੋਕਾਂ ਵਾਸਤੇ ਮੈਂ ਕਰੋੜਾਂ ਰੁਪਏ ਇਕੱਠੇ ਕਰ ਸਕਦੀ ਹਾਂ, ਇਹ ਬੜਾ ਸੌਖਾ ਕੰਮ ਹੈ, ਕਿਉਂਕਿ ਇਸ ਵਿਚ ਸੁਆਰਥ ਨਹੀਂ ਹੁੰਦਾ।

ਮਦਰ ਟੈਰੇਸਾ ਨੇ ਲੱਖਾਂ ਬੁਝੇ ਹੋਏ ਦੀਵਿਆਂ ਵਿਚ ਆਸ ਦਾ ਤੇਲ ਪਾਇਆ, ਡਿੱਗਿਆਂ ਹੋਇਆਂ ਨੂੰ ਚੁੱਕਿਆ, ਕੋਹੜੀਆਂ ਨੂੰ ਸੰਭਾਲਿਆ, ਨਿਆਸਰਿਆਂ ਨੂੰ ਆਸਰਾ ਦਿੱਤਾ।

ਉਹ ਖਾਲੀ ਹੱਥ ਆਈ ਸੀ, ਉਹ ਖਾਲੀ ਹੱਥ ਚਲੀ ਗਈ ਪਰ ਉਸ ਦੇ ਜਾਣ 'ਤੇ ਸਾਰਾ ਸੰਸਾਰ ਰੋਇਆ ਸੀ। ਉਸ ਨੇ ਮੌਤ ਦੇ ਅਖਾੜੇ ਵਿੱਚ ਜ਼ਿੰਦਗੀ ਦੀ ਬਾਜ਼ੀ ਲਾਈ ਸੀ, ਉਹ ਜਿੱਤੀ ਸੀ ਅਤੇ ਜਿੱਤ ਕੇ ਮੈਦਾਨ ਹੋਰਾਂ ਲਈ ਛੱਡ ਗਈ ਸੀ।

ਜਦੋਂ ਉਹ ਬੀਮਾਰ ਪੈ ਗਈ ਤਾਂ ਉਸ ਦੀ ਦੇਖਭਾਲ ਲਈ ਇਕ ਨਰਸ ਰੱਖੀ ਗਈ, ਨਰਸ ਉਸ ਦਾ ਉਤਨਾ ਧਿਆਨ ਨਹੀਂ ਸੀ ਰੱਖਦੀ, ਜਿਤਨਾ ਉਹ ਨਰਸ ਦਾ ਰੱਖਦੀ ਸੀ।

ਪਤਾ ਹੀ ਨਹੀਂ ਸੀ ਲਗਦਾ ਕਿ ਬੀਮਾਰ ਕੌਣ ਸੀ ਅਤੇ ਨਰਸ ਕੌਣ ਸੀ।

44

ਇਕ ਜਰਨੈਲ ਨੇ ਕਿਹਾ: ਭੈੜੀ ਖਬਰ ਹੈ, ਫੌਜ ਹਾਰ ਰਹੀ ਹੈ।

ਦੂਜਾ ਜਰਨੈਲ ਬੋਲਿਆ: ਮੇਰੀ ਖਬਰ ਤਾਂ ਤੇਰੀ ਖਬਰ ਨਾਲੋਂ ਵੀ ਭੈੜੀ ਹੈ।

ਤੇਰੀ ਖਬਰ ਕੀ ਹੈ ? ਮੇਰੀ ਖਬਰ ਹੈ: ਕਮਾਂਡਰ ਹੌਸਲਾ ਛੱਡ ਰਿਹਾ ਹੈ।

45

ਅਰਦਾਸ ਕਰਦਿਆਂ ਅਸੀਂ ਪਰਮਾਤਮਾ ਨੂੰ ਬੇਨਤੀ ਨਹੀਂ ਕਰਦੇ, ਉਸ ਨੂੰ ਸਮਝਾਉਣ ਲੱਗ ਪੈਂਦੇ ਹਾਂ। ਮੇਰੇ ਹੀ ਨਾਂ ਵਾਲਾ ਮੇਰਾ ਇਕ ਮਿੱਤਰ ਸੀ। ਅਸੀਂ ਦੋਵੇਂ ਬੀ. ਏ. ਦੇ ਵਿਦਿਆਰਥੀ ਸਾਂ। ਮੇਰੇ ਮਿੱਤਰ ਦੇ ਪਿਤਾ ਨੇ ਆਪਣੇ ਇਕਲੌਤੇ ਪੁੱਤਰ ਦੀ, ਪ੍ਰੀਖਿਆ ਵਿਚ ਸਫਲਤਾ ਲਈ, ਅਖੰਡਪਾਠ ਰਖਵਾਇਆ ਸੀ।

ਜਦੋਂ ਭੋਗ ਉਪਰੰਤ ਅਰਦਾਸ ਹੋ ਰਹੀ ਸੀ ਤਾਂ ਮੈਂ ਵੀ ਉਥੇ ਹਾਜ਼ਰ ਸਾਂ।

ਅਰਦਾਸ ਕਰਦਿਆਂ ਭਾਈ ਸਾਹਿਬ ਕਹਿ ਰਹੇ ਸਨ: ਹੇ ਵਾਹਿਗੁਰੂ, ਕਾਕਾ ਨਰਿੰਦਰ ਸਿੰਘ ਨੂੰ ਪ੍ਰੀਖਿਆ ਵਿਚ ਸਫਲਤਾ ਬਖਸ਼ਣੀ, ਕਲਮ ਉਸ ਦੇ ਹੱਥ ਵਿਚ ਹੋਵੇਗੀ, ਸਹੀ ਉੱਤਰ ਲਿਖਣ ਦੀ ਉਸ ਨੂੰ ਤੁਸੀਂ ਸੁਮੱਤ ਦੇਣੀ, ਪ੍ਰੀਖਿਆ ਦੌਰਾਨ ਨਰਿੰਦਰ ਸਿੰਘ ਦੇ ਅੰਗ-ਸੰਗ ਸਹਾਈ ਹੋਣਾ ਅਤੇ ਨਰਿੰਦਰ ਸਿੰਘ ਦੇ ਸਿਰ 'ਤੇ ਆਪਣੀ ਮਿਹਰ ਦਾ ਹੱਥ ਰੱਖਣਾ।

ਅਸੀਂ ਦੋਵੇਂ ਮਿੱਤਰ ਉਸ ਸਮੇਂ ਨਾਲ-ਨਾਲ ਖਲੋਤੇ ਸਾਂ।

ਮੇਰੇ ਮਿੱਤਰ ਦੇ ਪਿਤਾ ਨੂੰ ਪਤਾ ਨਹੀਂ ਕੀ ਸੁੱਝੀ, ਉਸ ਨੇ ਭਾਈ ਸਾਹਿਬ ਨੂੰ ਕਿਹਾ: ਨਰਿੰਦਰ ਸਿੰਘ, ਪੁੱਤਰ ਬਲਦੇਵ ਸਿੰਘ ਦੀ ਸਫਲਤਾ ਦੀ ਅਰਦਾਸ ਕਰੋ।

www.quotesinpunjabi.ml

QuotesInPunjabi

46

ਜਦੋਂ ਕੋਈ ਵਿਅਕਤੀ ਕੋਈ ਪ੍ਰਾਪਤੀ ਕਰਦਾ ਹੈ ਤਾਂ ਉਸ ਦੇ ਸਕੂਲ-ਕਾਲਜ ਦੇ ਸਾਰੇ ਅਧਿਆਪਕ, ਉਸ ਨੂੰ ਆਪਣਾ ਵਿਦਿਆਰਥੀ ਦੱਸਣ ਦਾ ਮਾਣ ਕਰਦੇ ਹਨ ਅਤੇ ਸਾਰੇ ਰਿਸ਼ਤੇਦਾਰ ਉਸ ਨੂੰ ਆਪਣਾ ਮਾਮਾ ਜਾਂ ਜੀਜਾ ਦੱਸਣ ਲੱਗ ਪੈਂਦੇ ਹਨ।

ਮੇਰੀ ਇਕ ਲਾਇਕ ਵਿਦਿਆਰਥਣ, ਆਪਣੇ ਪਿਤਾ ਵਲੋਂ, ਉਸ ਦੀ ਪੜ੍ਹਾਈ ਦੇ ਕੀਤੇ ਜਾ ਰਹੇ ਵਿਰੋਧ ਕਾਰਨ, ਪਰੇਸ਼ਾਨ ਸੀ। ਪਿਤਾ, ਉਸ ਦਾ ਯੂਨੀਵਰਸਿਟੀ ਪੜ੍ਹਨਾ ਪਸੰਦ ਨਹੀਂ ਸੀ ਕਰਦਾ ਅਤੇ ਭਾਂਤ-ਭਾਂਤ ਦੇ ਵਿਘਨ ਪਾਉਂਦਾ ਰਹਿੰਦਾ ਸੀ। ਸ਼ਰਾਬ ਪੀਣ ਦੀ ਆਪਣੀ ਆਦਤ ਕਾਰਨ ਪਿਤਾ, ਧੀ ਦੀ ਪੜ੍ਹਾਈ ਦਾ ਖਰਚ ਦੇਣ ਲਈ ਤਿਆਰ ਨਹੀਂ ਸੀ। ਲੜਕੀ ਪੜ੍ਹਾਈ ਕਰ ਕੇ, ਆਪਣੇ ਪੈਰਾਂ ਤੇ ਆਪ ਖਲੋਣਾ ਚਾਹੁੰਦੀ ਸੀ ਅਤੇ ਅਗਲੇਰੀ ਪੜ੍ਹਾਈ ਲਈ ਤਾਂਘਵਾਨ ਸੀ ਪਰ ਪਿਤਾ ਵਿਰੋਧ ਕਰ ਰਿਹਾ ਸੀ।

ਲੜਕੀ ਨੇ ਆਪਣੇ ਅਧਿਆਪਕਾਂ ਨੂੰ ਆਪਣੀ ਸਮੱਸਿਆ ਦੱਸੀ। ਸਾਰਿਆਂ ਦੀ ਸਹਿਮਤੀ ਨਾਲ ਵਿਉਂਤ ਇਹ ਬਣਾਈ ਗਈ ਕਿ ਉਹ ਮਿਹਨਤ ਕਰਕੇ ਇਤਨੇ ਚੰਗੇ ਨੰਬਰਾਂ ਨਾਲ ਪਾਸ ਹੋਵੇ ਕਿ ਪਿਤਾ ਅਗਲੇਰੀ ਪੜ੍ਹਾਈ ਦਾ ਵਿਰੋਧ ਨਾ ਕਰ ਸਕੇ।

ਅਧਿਆਪਕਾਂ ਦੇ ਸਹਿਯੋਗ ਨਾਲ ਉਸ ਦਾ ਮਨੋਬਲ ਵਧਿਆ ਅਤੇ ਉਹ ਧੁਨ ਦੀ ਇਤਨੀ ਪੱਕੀ ਹੋ ਗਈ ਕਿ ਉਹ ਅਵਲ ਆ ਗਈ। ਉਸ ਵੇਲੇ ਅਵਲ ਆਉਣ ਵਾਲੇ ਵਿਦਿਆਰਥੀਆਂ ਦੀ ਅਖਬਾਰਾਂ ਵਿਚ ਫੋਟੋ ਛਪਦੀ ਸੀ।

ਇਕ ਦਿਨ ਉਸ ਦਾ ਪਿਤਾ ਆਪਣੀਆਂ ਅਤੇ ਧੀ ਦੀਆਂ ਫੋਟੋਆਂ ਲੈ ਆਇਆ ਅਤੇ ਕਹਿਣ ਲੱਗਾ ਕਿ ਬੇਟੀ ਦੀ ਫੋਟੋ ਅਤੇ ਨਾਂ ਨਾਲ ਪਿਤਾ ਦੀ ਫੋਟੋ ਅਤੇ ਉਸ ਦਾ ਨਾਂ ਵੀ ਛਪਣਾ ਚਾਹੀਦਾ ਹੈ। ਉਹ ਉੱਛਲ-ਉੱਛਲ ਕੇ ਕਹਿ ਰਿਹਾ ਸੀ: ਮੈਂ ਆਪਣੀ ਧੀ ਨੂੰ ਦਿਨ-ਰਾਤ ਬੜੀ ਮਿਹਨਤ ਕਰਵਾਈ ਹੈ, ਜਿਸ ਕਾਰਨ ਉਹ ਅਵਲ ਆਈ ਹੈ।

47

ਵਿਸ਼ਵ ਨੂੰ ਪ੍ਰਭਾਵਿਤ ਕਰਨ ਵਾਲੀ ਇਕ ਗੰਭੀਰ ਸਮੱਸਿਆ ਬਾਰੇ, ਅਮਰੀਕਨ ਰੇਡੀਓ ਵਾਲੇ, ਇੰਗਲੈਂਡ ਦੇ ਪ੍ਰਧਾਨ-ਮੰਤਰੀ ਦੇ ਪ੍ਰਤੀਕਰਮ ਜਾਣਨਾ ਚਾਹੁੰਦੇ ਸਨ।

ਪ੍ਰਧਾਨ-ਮੰਤਰੀ ਨੂੰ ਪਤਾ ਨਹੀਂ ਸੀ, ਕਿਸ ਪ੍ਰਕਾਰ ਦੇ ਅਤੇ ਕਿਹੋ ਜਿਹੇ ਅਣਸੁਖਾਵੇਂ ਪ੍ਰਸ਼ਨ ਪੁਛੇ ਜਾਣਗੇ ਪਰ ਇੰਟਰਵਿਊ ਤੋਂ ਇਨਕਾਰ ਵੀ ਨਹੀਂ ਸੀ ਕੀਤਾ ਜਾ ਸਕਦਾ।

ਜਦੋਂ ਇੰਟਰਵਿਊ ਹੋਈ ਤਾਂ ਪ੍ਰਧਾਨਮੰਤਰੀ ਵਿਚ-ਵਿਚ ਜਾਣ ਬੁੱਝ ਕੇ ਖੰਘਦੇ ਰਹੇ।

ਜਦੋਂ ਇੰਟਰਵਿਊ ਮੁਕੰਮਲ ਹੋਈ ਤਾਂ ਪ੍ਰਧਾਨ-ਮੰਤਰੀ ਨੂੰ ਸਾਰੇ ਪ੍ਰਸ਼ਨਾਂ ਦਾ ਪਤਾ ਲਗ ਚੁੱਕਾ ਸੀ, ਸੋ ਉਹ ਕੁਝ ਵੱਖਰੀ ਕਿਸਮ ਦੇ ਉੱਤਰ ਦੇਣਾ ਚਾਹੁੰਦੇ ਸਨ।

ਪ੍ਰਧਾਨ-ਮੰਤਰੀ ਨੇ ਕਿਹਾ: ਖੰਘ ਦੀ ਆਵਾਜ਼ ਕਾਰਨ ਇੰਟਰਵਿਊ ਦਾ ਪ੍ਰਭਾਵ ਚੰਗਾ ਨਹੀਂ ਪਏਗਾ। ਆਓ, ਦੁਬਾਰਾ ਇੰਟਰਵਿਊ ਕਰਦੇ ਹਾਂ।

ਉਨ੍ਹਾਂ ਨੇ ਦਵਾਈ ਦੇ ਦੋ ਚਮਚੇ ਲਏ ਅਤੇ ਕਿਹਾ, ਹੁਣ ਖੰਘ ਨਹੀਂ ਆਵੇਗੀ।

ਪ੍ਰਧਾਨ-ਮੰਤਰੀ ਨੇ ਪਹਿਲੀ ਕੈਸੇਟ ਲੈ ਲਈ ਅਤੇ ਮੁੜ ਇੰਟਰਵਿਊ ਦਿੱਤੀ, ਜਿਸ ਵਿਚ ਸਭ ਕੁਝ ਬਦਲਿਆ ਹੋਇਆ ਸੀ।

www.quotesinpunjabi.ml

QuotesInPunjabi

48

ਅਕਬਰ ਨੇ ਤਾਨਸੈਨ ਦਾ ਸੰਗੀਤ ਸੁਣਿਆ ਤਾਂ ਸੋਚਿਆ ਕਿ ਜੇ ਸ਼ਗਿਰਦ ਇਤਨਾ ਚੰਗਾ ਗਾ ਸਕਦਾ ਹੈ ਤਾਂ ਉਸਤਾਦ ਕਿਹੋ ਜਿਹਾ ਹੋਵੇਗਾ ? ਅਕਬਰ, ਤਾਨਸੈਨ ਦੇ ਉਸਤਾਦ ਹਰੀਦਾਸ ਕੋਲ ਗਿਆ, ਜਦੋਂ ਹਰੀਦਾਸ ਨੇ ਭਗਵਾਨ ਦੀ ਉਸਤਤ ਵਿਚ ਗਾਇਆ ਤਾਂ ਅਕਬਰ 'ਤੇ ਜਾਦੂ ਹੋ ਗਿਆ ਅਤੇ ਉਹ ਝੂਮਣ ਲੱਗ ਪਿਆ।

ਉਸਤਾਦ ਦਾ ਸੰਗੀਤ ਸੁਣਨ ਉਪਰੰਤ ਅਕਬਰ ਨੇ ਤਾਨਸੈਨ ਨੂੰ ਪੁੱਛਿਆ ਕਿ ਕੀ ਗੱਲ ਹੈ, ਤੇਰਾ ਸੰਗੀਤ ਇਹ ਬੁਲੰਦੀਆਂ ਕਿਉਂ ਨਹੀਂ ਛੂੰਹਦਾ ?

ਤਾਨਸੈਨ ਨੇ ਕਿਹਾ: ਕਾਰਨ ਬੜਾ ਸਪਸ਼ਟ ਹੈ, ਮੈਂ ਇਕ ਬਾਦਸ਼ਾਹ ਵਾਸਤੇ ਗਾਉਂਦਾ ਹਾਂ, ਮੇਰਾ ਮੁਰਸ਼ਦ, ਬਾਦਸ਼ਾਹਾਂ ਦੇ ਬਾਦਸ਼ਾਹ, ਪਰਮਾਤਮਾ ਲਈ ਗਾਉਂਦਾ ਹੈ।

49

ਸੰਸਾਰ ਵਿਚ ਜਿਥੇ ਵੀ, ਖੇਤੀਬਾੜੀ ਜੀਵਨ ਦੀ ਮੁੱਖ ਟੇਕ ਹੈ, ਉਥੇ ਜਾਤਪਾਤ ਹੈ ਅਤੇ ਜਿਥੇ ਵੀ ਜਾਤਪਾਤ ਹੈ, ਉਥੇ ਆਪਣੇ ਉੱਚੇ ਹੋਣ ਦਾ ਆਨੰਦ ਨਹੀਂ ਮਾਣਿਆ ਜਾਂਦਾ, ਉਥੇ ਹੋਰਾਂ ਨੂੰ ਆਪਣੇ ਤੋਂ ਨੀਵੇਂ ਸਿੱਧ ਕਰਨ ਦੀ ਤਸੱਲੀ ਹੀ ਲਈ ਜਾਂਦੀ ਹੈ।

ਭਾਰਤ ਵਿਚ, ਪੰਜਾਬ ਵਿਚ, ਹੋਰਾਂ ਨੂੰ ਆਪਣੇ ਤੋਂ ਨੀਵਾਂ ਸਿੱਧ ਕਰਨਾ, ਸਭ ਤੋਂ ਵੱਡਾ ਮਨੋਰੰਜਨ ਹੈ। ਪੰਜਾਬ ਵਿਚ ਜਗੀਰਦਾਰ, ਬਿਸਵੇਦਾਰ ਨੂੰ ਆਪਣੇ ਤੋਂ ਨੀਵਾਂ ਸਮਝਦਾ ਹੈ; ਬਿਸਵੇਦਾਰ, ਜ਼ੈਲਦਾਰ ਨੂੰ ਆਪਣੇ ਤੋਂ ਨੀਵਾਂ ਗਿਣਦਾ ਹੈ; ਜ਼ੈਲਦਾਰ, ਨੰਬਰਦਾਰ ਨੂੰ ਆਪਣੇ ਤੋਂ ਨੀਵਾਂ ਦਸਦਾ ਹੈ; ਨੰਬਰਦਾਰ, ਆਮ ਜੱਟਾਂ ਨੂੰ ਆਪਣੇ ਤੋਂ ਨੀਵਾਂ ਅੰਲਾਨਦਾ ਹੈ; ਆਮ ਜੱਟ, ਮੁਜ਼ਾਰਿਆਂ ਨੂੰ ਨੀਵਾਂ ਸਮਝਦੇ ਹਨ ਅਤੇ ਮੁਜ਼ਾਰੇ, ਨਾਈਆਂ, ਛੀਂਬਿਆਂ, ਤਰਖਾਣਾਂ, ਧੋਬੀਆਂ, ਘੁਮਿਆਰਾਂ, ਮਹਿਰਿਆਂ, ਤੇਲੀਆਂ, ਲੁਹਾਰਾਂ, ਜੁਲਾਹਿਆਂ ਨੂੰ ਨੀਵਾਂ ਦੱਸਦੇ ਹਨ।

ਇਵੇਂ ਹੀ ਭਾਰਤ ਵਿਚ ਸੰਨਿਆਸੀ, ਗ੍ਰਹਿਸਥੀਆਂ ਨੂੰ; ਸ਼ਹਿਰੀ, ਪੇਂਡੂਆਂ ਨੂੰ; ਪਰਿਵਾਰ ਵਾਲੇ ਛੜਿਆਂ ਨੂੰ; ਸੰਤ, ਸਾਧਾਂ ਨੂੰ ਨੀਵਾਂ ਦੱਸਦੇ ਹਨ।

ਇਸ ਢੰਗ ਨਾਲ ਹੋਰਾਂ ਨੂੰ ਤਾਂ ਨੀਵੇਂ ਸਿੱਧ ਕਰ ਦਿੱਤਾ ਜਾਂਦਾ ਹੈ ਪਰ ਇਸ ਨਾਲ ਕੋਈ ਵੀ ਆਪ ਉੱਚਾ ਸਿੱਧ ਨਹੀਂ ਹੁੰਦਾ।

50

ਪਲੈਟੋ ਨੇ ਦੱਸਿਆ ਸੀ ਕਿ ਪਹਿਲਾਂ ਪੁਰਸ਼-ਇਸਤਰੀ ਜੁੜੇ ਹੋਏ ਸਨ, ਉਹ ਮੁਕੰਮਲ ਸਨ, ਉਹ ਸੰਪੂਰਨ ਸਨ। ਫਿਰ ਪਰਮਾਤਮਾ ਨੇ ਵੱਖ-ਵੱਖ ਕਰ ਦਿੱਤੇ ਸਨ।

ਉਦੋਂ ਤੋਂ ਹਰੇਕ ਅੱਧ, ਆਪਣੇ ਦੂਜੇ ਅੱਧ ਨੂੰ ਲੱਭ ਰਿਹਾ ਹੈ।

ਵੱਖਰਾ ਹੋਇਆ ਅੱਧ ਨਹੀਂ ਮਿਲਦਾ, ਹੋਰ-ਹੋਰ ਅੱਧ ਮਿਲੀ ਜਾਂਦੇ ਹਨ, ਸੋ ਸਦੀਵੀ ਭਟਕਣ ਜਾਰੀ ਰਹਿੰਦੀ ਹੈ, ਜਿਹੜੀ ਕਦੀ ਨਹੀਂ ਮੁੱਕਦੀ, ਕਦੇ ਨਹੀਂ ਮੁੱਕਣੀ।

www.quotesinpunjabi.ml

QuotesInPunjabi

51

ਯੁੱਧ ਵਿਚ ਹਥਿਆਰ ਨਹੀਂ, ਪੈਂਤੜਾ ਮਹੱਤਵਪੂਰਨ ਹੁੰਦਾ ਹੈ।

ਨੈਪੋਲੀਅਨ ਨੇ ਜਦੋਂ 1812 ਵਿਚ ਰੂਸ 'ਤੇ ਹਮਲਾ ਕੀਤਾ ਤਾਂ ਉਸ ਨੂੰ ਰੂਸ ਦੀਆਂ ਫੌਜਾਂ ਨੇ ਨਹੀਂ ਹਰਾਇਆ, ਉਸ ਨੂੰ ਰੂਸ ਦੀ ਠੰਡ ਨੇ ਹਰਾਇਆ।

ਜਦੋਂ ਇਕ-ਤਿਹਾਈ ਫੌਜ ਮਾਰੀ ਜਾਵੇ, ਉਸ ਧਿਰ ਨੂੰ ਹਾਰਿਆ ਸਮਝਿਆ ਜਾਂਦਾ ਹੈ।

ਨੈਪੋਲੀਅਨ ਨੂੰ ਜਿੱਤ ਤੋਂ ਸੱਖਣਾ ਕਰਨ ਲਈ, ਰੂਸੀਆਂ ਨੇ ਉਸ ਦਾ ਮੁਕਾਬਲਾ ਕਰਨ ਦੀ ਥਾਂ, ਉਸ ਨੂੰ ਅੱਗੇ ਵੱਧਣ ਦਿੱਤਾ ਅਤੇ ਰੂਸੀ ਆਪ ਪਿਛੇ ਹਟਦੇ ਗਏ।

ਨੈਪੋਲੀਅਨ, ਰੂਸੀ ਇਲਾਕੇ 'ਤੇ ਕਬਜ਼ਾ ਕਰਕੇ ਬੈਠਾ ਰਿਹਾ ਅਤੇ ਸਤੰਬਰ ਵਿਚ ਕੀਤੇ ਜਾਣ ਵਾਲੇ ਵੱਡੇ ਹਮਲੇ ਦੀ ਤਿਆਰੀ ਵਿਚ ਰੁੱਝਿਆ ਰਿਹਾ।

ਜਦੋਂ ਨੈਪੋਲੀਅਨ ਨੇ ਸਤੰਬਰ ਵਿਚ ਹਮਲਾ ਕੀਤਾ ਤਾਂ ਰੂਸੀ ਹੋਰ ਪਿੱਛੇ ਹਟ ਗਏ, ਨੈਪੋਲੀਅਨ ਹੋਰ ਅੱਗੇ ਚਲਾ ਗਿਆ। ਜਦੋਂ ਠੰਡ ਨੇ ਜ਼ੋਰ ਫੜਿਆ, ਬਰਫ ਕਾਰਨ ਰਸਤੇ ਬੰਦ ਹੋ ਗਏ, ਸਪਲਾਈ ਜਾਰੀ ਨਾ ਰਹਿ ਸਕੀ, ਤਾਂ ਬਰਫਾਨੀ ਹਨੇਰੀਆਂ ਅਤੇ ਬਰਫਬਾਰੀ ਕਾਰਨ ਨੈਪੋਲੀਅਨ ਦੇ ਛੇ ਲੱਖ ਫੌਜੀਆਂ ਵਿੱਚੋਂ ਪੰਜ ਲੱਖ ਫੌਜੀ ਮਾਰੇ ਗਏ।

ਯੁੱਧ ਦੀ ਇਹ ਘਟਨਾ ਸੰਸਾਰ ਦੀਆਂ ਦਸ ਪ੍ਰਸਿੱਧ ਘਟਨਾਵਾਂ ਵਿਚੋਂ ਇਕ ਹੈ।

ਰੂਸ ਦੀ ਸਰਦੀ ਨੇ ਨੈਪੋਲੀਅਨ ਦਾ ਲੱਕ ਤੋੜ ਦਿੱਤਾ ਸੀ।

ਰੂਸੀਆਂ ਦਾ ਕੋਈ ਫੌਜੀ ਨੁਕਸਾਨ ਨਹੀਂ ਸੀ ਹੋਇਆ।

52

ਸੁਨਿਆਰੇ ਦੀ ਇਕ ਵੱਡੀ ਦੁਕਾਨ 'ਤੇ, ਇਕ ਵਿਅਕਤੀ ਪਿਛਲੇ ਤੀਹ ਸਾਲਾਂ ਤੋਂ ਕੰਮ ਕਰ ਰਿਹਾ ਸੀ। ਉਹ ਨਾ ਕੇਵਲ ਸਭ ਤੋਂ ਪੁਰਾਣਾ ਕਰਮਚਾਰੀ ਸੀ, ਸਗੋਂ ਸਭ ਤੋਂ ਵੱਧ ਵਿਸ਼ਵਾਸਪਾਤਰ ਵੀ ਸੀ। ਮਾਲਕਾਂ ਨੇ ਰਾਤ ਨੂੰ, ਦੁਕਾਨ ਦੇ ਅੰਦਰਲੇ ਅਤੇ ਬਾਹਰਲੇ, ਸਾਰੇ ਜਿੰਦਰੇ ਲਾਉਣ ਦਾ ਕੰਮ, ਉਸ ਨੂੰ ਸੰਭਾਲਿਆ ਹੋਇਆ ਸੀ।

ਇਕ ਵਾਰੀ ਉਸ ਦੇ ਮਨ ਵਿਚ ਬੇਈਮਾਨੀ ਆਈ ਅਤੇ ਉਸ ਰਾਤ ਉਸ ਨੇ ਇਕ ਦਰਵਾਜ਼ਾ ਬੰਦ ਨਾ ਕੀਤਾ ਅਤੇ ਰਾਤ ਵੇਲੇ ਉਹ ਉਸ ਦਰਵਾਜ਼ੇ ਰਾਹੀਂ ਅੰਦਰ ਆ ਗਿਆ ਅਤੇ ਚੋਰੀ ਦੀ ਨੀਅਤ ਨਾਲ ਕੁਝ ਸਾਮਾਨ ਇਕੱਠਾ ਕੀਤਾ।

ਬਾਜ਼ਾਰ ਵਿਚ ਅਜੇ ਆਵਾਜਾਈ ਜਾਰੀ ਸੀ, ਉਸ ਨੇ ਸੋਚਿਆ ਕਿ ਸਵੇਰੇ ਹਨੇਰੇ ਵਿਚ ਉਹ ਤਿੰਨ-ਚਾਰ ਵਜੇ ਚੁੱਪ-ਚੁਪੀਤੇ ਨਿਕਲ ਜਾਵੇਗਾ।

ਉਸ ਕੋਲ ਲਗਭਗ ਚਾਰ-ਪੰਜ ਘੰਟੇ ਦਾ ਸਮਾਂ ਸੀ। ਪਹਿਲੀ ਰਾਤ ਵੀ ਉਹ ਚੋਰੀ ਕਰਨ ਬਾਰੇ ਸੋਚਦੇ ਰਹਿਣ ਕਾਰਨ, ਸੌਂ ਨਹੀਂ ਸੀ ਸਕਿਆ। ਆਰਾਮ ਕਰਨ ਦੀ ਨੀਅਤ ਨਾਲ ਉਹ ਲੰਮਾ ਪੈ ਗਿਆ ਅਤੇ ਉਸ ਨੂੰ ਨੀਂਦਰ ਆ ਗਈ ਅਤੇ ਉਹ ਸਵੇਰ ਤੱਕ ਸੁੱਤਾ ਹੀ ਰਿਹਾ।

ਜਦੋਂ ਸਵੇਰੇ ਮਾਲਕ ਆਏ ਤਾਂ ਉਨ੍ਹਾਂ ਨੇ ਵੇਖਿਆ ਉਹ ਨੌਕਰ ਸੁੱਤਾ ਪਿਆ ਸੀ ਅਤੇ ਕੋਲ ਬੰਨ੍ਹੀ ਹੋਈ ਪੋਟਲੀ ਪਈ ਸੀ। ਉਹ ਫੜਿਆ ਗਿਆ।

www.quotesinpunjabi.ml

QuotesInPunjabi

ਇਹ ਘਟਨਾ ਸੁਣਾ ਕੇ, ਮੈਂ ਨਵੀਂ ਪੀੜ੍ਹੀ ਦੇ ਆਪਣੇ ਵਿਦਿਆਰਥੀਆਂ ਨੂੰ ਪੁੱਛਿਆ ਕਿ ਉਸ ਨੌਕਰ ਨੇ ਕੀ ਗਲਤੀ ਕੀਤੀ ? ਸਾਰਿਆਂ ਨੇ ਕਿਹਾ, ਉਸ ਨੌਕਰ ਨੂੰ ਸੌਣਾ ਨਹੀਂ ਸੀ ਚਾਹੀਦਾ, ਕਿਸੇ ਇਕ ਨੇ ਵੀ ਨਾ ਕਿਹਾ ਕਿ ਉਸ ਨੂੰ ਚੋਰੀ ਨਹੀਂ ਸੀ ਕਰਨੀ ਚਾਹੀਦੀ।

53

ਯੁਧਿਸ਼ਟਰ ਕੋਲ ਇਕ ਵਾਰੀ ਇਕ ਮੰਗਤਾ ਆਇਆ ਤਾਂ ਯੁਧਿਸ਼ਟਰ ਨੇ ਉਸ ਨੂੰ ਕਿਹਾ: ਕੱਲ੍ਹ ਆਵੀਂ। ਕੋਲ ਖਲੋਤਾ ਭੀਮ, ਢੋਲ ਚੁੱਕ ਕੇ, ਵਜਾਉਂਦਾ ਹੋਇਆ ਅਤੇ ਦੱਸਦਾ ਹੋਇਆ, ਨਗਰ ਵਲ ਚਲ ਪਿਆ ਕਿ ਯੁਧਿਸ਼ਟਰ ਨੇ ਕਾਲ 'ਤੇ ਵਿਜੈ ਪਾ ਲਈ ਹੈ।

ਯੁਧਿਸ਼ਟਰ ਦੇ ਪੁੱਛਣ 'ਤੇ ਭੀਮ ਨੇ ਕਿਹਾ: ਇਕ ਮੰਗਤਾ ਆਇਆ ਸੀ, ਤੂੰ ਕਿਹਾ ਸੀ ਕੱਲ੍ਹ ਆਵੀਂ, ਤੈਨੂੰ ਕੀ ਪਤਾ ਕਿ ਕੱਲ੍ਹ ਤੂੰ ਜ਼ਿੰਦਾ ਹੋਵੇਂਗਾ, ਜਾਂ ਮੰਗਤਾ ਜਿਉਂਦਾ ਹੋਵੇਗਾ ਜਾਂ ਦੋਵੇਂ ਜਿਉਂਦੇ ਹੋਵੇਗੇ ? ਕੀ ਪਤਾ ਕਿ ਕੱਲ੍ਹ ਤੂੰ ਭਿਖਿਆ ਦੇਣ ਦੀ ਹਾਲਤ ਵਿਚ ਹੋਵੇਂ ਕਿ ਨਾ, ਜਾਂ ਮੰਗਤੇ ਨੂੰ ਕੱਲ੍ਹ ਭਿਖਿਆ ਦੀ ਲੋੜ ਹੋਵੇ ਜਾਂ ਨਾ ? ਕੀ ਪਤਾ ਕਿ ਕੱਲ੍ਹ ਤੁਸੀਂ ਇਕ-ਦੂਜੇ ਨੂੰ ਮਿਲ ਸਕੋਗੇ ਕਿ ਨਹੀਂ ?

54

ਯੋਰਪ ਵਿਚ ਵਿਆਹ ਹੰਢਣਸਾਰ ਨਹੀਂ ਹੁੰਦੇ ਪਰ ਇਕ ਜੋੜਾ ਆਪਣੇ ਵਿਆਹ ਦੀ ਪੰਜਾਹਵੀਂ ਵਰ੍ਹੇ-ਗੰਢ ਮਨਾ ਰਿਹਾ ਸੀ, ਜਿਹੜੀ ਇਕ ਬੜੀ ਵੱਡੀ ਘਟਨਾ ਸੀ ਅਤੇ ਪਰਿਵਾਰ ਦੇ ਲਗਭਗ ਸੌ ਵਿਅਕਤੀ, ਪੁੱਤਰ-ਧੀਆਂ, ਪੋਤੇ-ਦੋਹਤੇ ਪਹੁੰਚੇ ਹੋਏ ਸਨ ਅਤੇ ਸਾਰੇ ਵਿਆਹ ਦੇ ਪੰਜਾਹ ਸਾਲ ਚਲਣ 'ਤੇ ਹੈਰਾਨ ਸਨ।

ਕਿਸੇ ਨੇ ਪੁੱਛਿਆ ਕਿ ਉਨ੍ਹਾਂ ਦੇ ਇਤਨੇ ਹੰਢਣਸਾਰ ਵਿਆਹ ਦਾ ਭੇਤ ਕੀ ਸੀ ? ਪਤਨੀ ਨੇ ਕਿਹਾ: ਵਿਆਹ ਵੇਲੇ ਮੈਂ ਆਪਣੇ ਆਪ ਨਾਲ ਪ੍ਰਣ ਕੀਤਾ ਸੀ ਕਿ ਮੈਂ ਆਪਣੇ ਪਤੀ ਦੀਆਂ ਦਸ ਗਲਤੀਆਂ ਨੂੰ ਨਜ਼ਰਅੰਦਾਜ਼ ਕਰਾਂਗੀ ਅਤੇ ਗਿਆਰ੍ਹਵੀਂ ਗਲਤੀ 'ਤੇ ਹੀ ਇਤਰਾਜ਼ ਕਰਾਂਗੀ। ਇਤਨੀਆਂ ਗਲਤੀਆਂ ਮੇਰੇ ਪਤੀ ਨੇ ਕਦੇ ਕੀਤੀਆਂ ਹੀ ਨਹੀਂ। ਜਦੋਂ ਆਪਣੇ ਪਤੀ ਦੀ ਕਿਸੇ ਗਲਤੀ 'ਤੇ ਮੈਨੂੰ ਗੁੱਸਾ ਆਉਂਦਾ ਸੀ ਤਾਂ ਮੈਂ ਆਪਣੇ ਆਪ ਨੂੰ ਸਮਝਾਉਂਦੀ ਸਾਂ ਕਿ ਇਹ ਤਾਂ ਤੀਜੀ ਜਾਂ ਚੌਥੀ ਗਲਤੀ ਹੈ, ਮੈਂ ਤਾਂ ਦਸ ਗਲਤੀਆਂ ਨਜ਼ਰਅੰਦਾਜ਼ ਕਰਨੀਆਂ ਹਨ, ਇਹ ਸੋਚ ਕੇ ਮੇਰੀ ਨਾਰਾਜ਼ਗੀ ਦੂਰ ਹੋ ਜਾਂਦੀ ਸੀ, ਇਵੇਂ ਸਾਡਾ ਰਿਸ਼ਤਾ ਨਿਭਦਾ ਰਿਹਾ ਹੈ।

ਜਦੋਂ ਪਤੀ ਤੋਂ ਵਿਆਹ ਦੇ ਇਤਨੇ ਹੰਢਣਸਾਰ ਹੋਣ ਦਾ ਕਾਰਨ ਪੁੱਛਿਆ ਗਿਆ ਤਾਂ ਉਸ ਨੇ ਕਿਹਾ: ਮੈਂ ਸੋਚਿਆ ਕਰਦਾ ਸਾਂ ਕਿ ਮੇਰੀ ਜ਼ਿੰਮੇਵਾਰੀ ਸੰਸਾਰ ਦੀ ਜਿਸ ਕੇਵਲ ਇਕ ਔਰਤ ਨੂੰ ਖੁਸ਼ ਰਖਣ ਦੀ ਹੈ, ਉਹ ਮੇਰੀ ਪਤਨੀ ਹੈ, ਜਿਸਦਾ ਮੈਂ ਆਪਣੇ ਨਾਲੋਂ ਵੀ ਵਧੇਰੇ ਧਿਆਨ ਰੱਖਦਾ ਹਾਂ। ਮੈਂ ਸੋਚਿਆ ਹੋਇਆ ਸੀ ਕਿ ਜਦੋਂ ਵੀ ਇਹ ਵਿਆਹ ਤੋੜਨ ਦੀ ਗੱਲ ਕਰੇਗੀ, ਵਿਆਹ ਬਣਾਈ ਰੱਖਣ ਲਈ, ਮੈਂ ਇਸ ਦੀਆਂ ਸਾਰੀਆਂ ਸ਼ਰਤਾਂ ਮੰਨ ਲਵਾਂਗਾ।

ਦੋਹਾਂ ਨੇ ਹੱਸਦਿਆਂ ਕਿਹਾ: ਇਨ੍ਹਾਂ ਉਪਰਾਲਿਆਂ ਦੀ ਕਦੇ ਲੋੜ ਹੀ ਨਹੀਂ ਪਈ ਅਤੇ ਪਤਾ ਹੀ ਨਹੀਂ ਲੱਗਿਆ ਕਿ ਪੰਜਾਹ ਸਾਲ ਲੰਘ ਗਏ ਹਨ।

www.quotesinpunjabi.ml

QuotesInPunjabi

55

ਮੈਂ ਕਈ ਵਾਰ ਹਾਰਿਆ ਹਾਂ, ਅਣਗਿਣਤ ਵਾਰ ਅਸਫਲ ਹੋਇਆ ਹਾਂ, ਮੈਂ ਕੁੱਟ ਵੀ ਕਈਆਂ ਤੋਂ ਖਾਧੀ ਹੈ, ਬੇਇੱਜ਼ਤੀ ਵੀ ਅਨੇਕਾਂ ਦੀ ਬਰਦਾਸ਼ਤ ਕੀਤੀ ਹੈ। ਮੇਰੇ ਨਾਲ ਵਧੀਕੀਆਂ ਵੀ ਹੋਈਆਂ ਹਨ, ਧੋਖਾ ਤਾਂ ਕਈ ਵਾਰ ਹੋਇਆ ਹੈ, ਘਾਟੇ ਤਾਂ ਪੈਂਦੇ ਹੀ ਰਹੇ ਹਨ। ਮੇਰਾ ਮਖੌਲ ਵੀ ਉਡਿਆ ਹੈ, ਮੇਰੇ 'ਤੇ ਝੂਠੇ ਦੋਸ਼ ਵੀ ਲੱਗੇ ਹਨ, ਮੇਰੇ 'ਤੇ ਮੁਕੱਦਮੇ ਵੀ ਚੱਲੇ ਹਨ, ਕੁਝ ਗਲਤ ਵਾਪਰਨ 'ਤੇ ਮੈਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ।

ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਜੇ ਮੈਂ ਅਜੇ ਤੱਕ ਟੁੱਟਿਆ ਨਹੀਂ, ਆਤਮਘਾਤ ਕਰਨ ਬਾਰੇ ਸੋਚਿਆ ਨਹੀਂ, ਤਾਂ ਨਿਰੋਲ ਸਵੈ-ਵਿਸ਼ਵਾਸ ਨਾਲ ਕੇਵਲ ਜਾਣਨ ਦੀ ਇਸ ਜਗਿਆਸਾ ਕਾਰਨ ਕਿ ਵੇਖਦਾ ਹਾਂ, ਅੱਗੋਂ ਕੀ ਹੋਵੇਗਾ ?

56

ਇਕ ਬਾਦਸ਼ਾਹ ਨੇ ਜਦੋਂ ਚਾਪਲੂਸਾਂ ਦੇ ਕਹੇ ਲੱਗ ਕੇ ਇਕ ਪੰਡਤ ਨੂੰ ਮੌਤ ਦੀ ਸਜ਼ਾ ਸੁਣਾਈ ਤਾਂ ਪੰਡਤ ਨੇ ਕਿਹਾ: ਜੇ ਤੁਸੀਂ ਮੈਨੂੰ ਇਕ ਸਾਲ ਦਾ ਸਮਾਂ ਦਿਓ ਤਾਂ ਮੈਂ ਤੁਹਾਡੇ ਘੋੜੇ ਨੂੰ ਉਡਣਾ ਸਿਖਾ ਸਕਦਾ ਹਾਂ। ਇਹ ਸੁਣ ਕੇ ਬਾਦਸ਼ਾਹ ਹੈਰਾਨ ਹੋਇਆ ਅਤੇ ਉਸ ਨੇ ਸੋਚਿਆ ਕਿ ਇਕ ਸਾਲ ਦੀ ਮੋਹਲਤ ਦੇਣ ਵਿਚ ਕੀ ਫਰਕ ਪੈਂਦਾ ਹੈ।

ਬਾਦਸ਼ਾਹ ਨੇ ਮੋਹਲਤ ਦੇ ਦਿੱਤੀ ਅਤੇ ਨਾਲ ਹੀ ਕਿਹਾ: ਜੇ ਘੋੜੇ ਨੂੰ ਉਡਣਾ ਨਾ ਸਿਖਾਇਆ ਤਾਂ ਹੋਰ ਕੜੀ ਸਜ਼ਾ ਸੁਣਾਵਾਂਗਾ।

ਜਦੋਂ ਪੰਡਤਾਣੀ ਨੂੰ ਪਤਾ ਲੱਗਿਆ ਤਾਂ ਉਸ ਨੇ ਪਤੀ ਨੂੰ ਪੁੱਛਿਆ, ਇਹ ਤੁਸੀਂ ਕਿਉਂ ਕਿਹਾ ? ਪਤੀ ਨੇ ਕਿਹਾ, ਕਈ ਸੰਭਾਵਨਾਵਾਂ ਹਨ। ਕੀ ਪਤਾ ਇਕ ਸਾਲ ਵਿਚ ਬਾਦਸ਼ਾਹ ਹੀ ਮਰ ਜਾਵੇ, ਕੀ ਪਤਾ ਮੈਂ ਹੀ ਮਰ ਜਾਵਾਂ, ਕੀ ਪਤਾ ਘੋੜਾ ਹੀ ਮਰ ਜਾਏ, ਕੀ ਪਤਾ ਸਲਾਹਕਾਰ ਹੀ ਮਰ ਜਾਣ ਜਾਂ ਚਾਪਲੂਸ ਹੀ ਬਦਲ ਜਾਣ।

ਘੋੜੇ ਦੇ ਉੱਡਣ 'ਤੇ ਵੀ ਕੋਈ ਰੋਕ ਨਹੀਂ, ਕੀ ਪਤਾ ਘੋੜਾ ਉੱਡਣ ਹੀ ਲਗ ਜਾਏ।

ਪੰਡਤ ਨੇ ਕਿਹਾ: ਸ਼ਾਸਤਰਾਂ ਦੀ ਸਿੱਖਿਆ ਦੱਸਦੀ ਹੈ ਕਿ ਕੁਝ ਕੁ ਲੋਕ ਹੀ ਸਮੇਂ ਦਾ ਸੁਭਾਓ ਸਮਝਦੇ ਹਨ। ਸਮੇਂ ਦੀ ਚਾਲ ਨਾਲ ਕਈ ਬਾਦਸ਼ਾਹੀਆਂ ਮਿੱਟੀ ਵਿੱਚ ਮਿਲ ਗਈਆਂ ਹਨ, ਕਈ ਮੰਗਤੇ ਬਾਦਸ਼ਾਹ ਬਣਦੇ ਵੇਖੇ ਗਏ ਹਨ।

ਵਕਤ ਦੇ ਸੁਭਾਓ ਵਿਚ ਆਸ-ਉਮੀਦ ਦੇ ਤੱਤ ਹੁੰਦੇ ਹਨ।

ਇਹ ਸੋਚ ਕੇ ਹੀ ਮੈਂ ਮੂਰਖ ਬਾਦਸ਼ਾਹ ਤੋਂ ਇਕ ਸਾਲ ਦਾ ਵਕਤ ਲਿਆ ਹੈ।

ਇਕ ਸਾਲ ਵਿਚ ਕਿਤਨਾ ਕੁਝ ਵਾਪਰ ਸਕਦਾ ਹੈ, ਉਹ ਨਾ ਮੈਂ ਜਾਣਦਾ ਹਾਂ, ਨਾ ਚਾਪਲੂਸ ਜਾਣਦੇ ਹਨ, ਨਾ ਬਾਦਸ਼ਾਹ ਜਾਣਦਾ ਹੈ।

ਕੀ ਤੂੰ ਆਪਣੇ ਪਤੀ ਨੂੰ ਇਕ ਸਾਲ ਹੋਰ ਜਿਉਂਦਿਆਂ ਵੇਖ ਕੇ ਖੁਸ਼ ਨਹੀਂ ਹੋਵੇਂਗੀ ?

www.quotesinpunjabi.ml

QuotesInPunjabi

57

ਕਈ ਵਾਰ ਕਿਸੇ ਨੂੰ ਸਤਿਕਾਰ ਕਿਸੇ ਹੋਰ ਕਾਰਨ ਮਿਲ ਰਿਹਾ ਹੁੰਦਾ ਹੈ ਪਰ ਉਹ ਸਮਝਦਾ ਹੈ, ਇਹ ਸਤਿਕਾਰ ਉਸ ਨੂੰ ਮਿਲ ਰਿਹਾ ਹੈ। ਕਈ ਅਹੁਦੇ ਸਤਿਕਾਰਯੋਗ ਹੁੰਦੇ ਹਨ, ਅਹੁਦਾ ਖੁਸ ਜਾਂਦਾ ਹੈ, ਸਤਿਕਾਰ ਮੁੱਕ ਜਾਂਦਾ ਹੈ।

ਇਕ ਘੁਮਿਆਰ ਮੂਰਤੀਆਂ ਦਾ ਭਰਿਆ ਗੱਡਾ ਲੈ ਕੇ ਜਾ ਰਿਹਾ ਸੀ, ਲੋਕ ਸ਼ਰਧਾ ਨਾਲ ਝੁਕ ਰਹੇ ਸਨ ਪਰ ਘੁਮਿਆਰ ਸਮਝ ਰਿਹਾ ਸੀ ਕਿ ਇਹ ਸਤਿਕਾਰ ਉਸ ਨੂੰ ਮਿਲ ਰਿਹਾ ਸੀ। ਉਹ ਆਪਣੇ ਆਪ ਨੂੰ ਸਨਮਾਨਯੋਗ ਸਮਝਣ ਲੱਗ ਪਿਆ ਸੀ। ਮੂਰਤੀਆਂ ਮੇਲੇ ਵਿਚ ਵੇਚ ਕੇ, ਜਦੋਂ ਉਹ ਖਾਲੀ ਗੱਡੇ ਨਾਲ ਵਾਪਸ ਆ ਰਿਹਾ ਸੀ ਤਾਂ ਜਦੋਂ ਕੋਈ ਸਤਿਕਾਰ ਨਾ ਮਿਲਿਆ ਤਾਂ ਘੁਮਿਆਰ ਨੇ ਲੋਕਾਂ ਨਾਲ ਬਦਸਲੂਕੀ ਕਰਨੀ ਆਰੰਭ ਦਿੱਤੀ।

ਇਵੇਂ, ਜਾਂਦਿਆਂ ਸਤਿਕਾਰ ਮਿਲਿਆ ਸੀ, ਆਉਂਦਿਆਂ ਡੰਡੇ ਪੈ ਰਹੇ ਸਨ।

58

ਮਾਂ ਅਤੇ ਪਤਨੀ ਦੀ ਸੋਚ ਵਿਚ ਅੰਤਰ ਹੁੰਦਾ ਹੈ।

ਮਾਂ ਨੂੰ ਪੁੱਤਰ ਵਿਚ ਕੋਈ ਨੁਕਸ ਨਹੀਂ ਦਿਸਦਾ, ਪਤਨੀ ਨੂੰ ਪਤੀ ਵਿਚ ਕੋਈ ਗੁਣ ਘੱਟ ਹੀ ਨਜ਼ਰ ਆਉਂਦਾ ਹੈ। ਮਾਂ ਲਈ ਪੁੱਤਰ, ਉਸ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੁੰਦਾ ਹੈ, ਪਤਨੀ ਲਈ ਸਭ ਤੋਂ ਵੱਡੀ ਸਮੱਸਿਆ, ਉਸ ਦਾ ਪਤੀ ਹੀ ਹੁੰਦਾ ਹੈ।

ਇਕ ਵਾਰੀ ਘਰ ਵਿਚ ਇਕ ਬਲਬ ਬਦਲਣ ਦੀ ਲੋੜ ਪਈ ਤਾਂ ਪਤੀ ਨੇ ਇਕ ਸਟੂਲ 'ਤੇ ਚੜ੍ਹ ਕੇ ਬਦਲਣਾ ਚਾਹਿਆ ਪਰ ਉਸ ਦਾ ਬਲਬ ਤੱਕ ਹੱਥ ਨਾ ਪਹੁੰਚਿਆ।

ਪਤਨੀ ਨੇ ਕਿਹਾ: ਤੁਸੀਂ ਮੱਧਰੇ ਹੋ ਇਸ ਲਈ ਹੱਥ ਨਹੀਂ ਪਹੁੰਚਿਆ।

ਮਾਂ ਨੇ ਕਿਹਾ: ਸਟੂਲ ਨੀਵਾਂ ਹੈ, ਇਸ ਲਈ ਹੱਥ ਨਹੀਂ ਪਹੁੰਚ ਸਕਿਆ।

59

ਰੱਬ ਇਹ ਨਹੀਂ ਪੁੱਛੇਗਾ ਕਿ ਤੁਹਾਡੇ ਕੋਲ ਡਿਗਰੀ ਕਿਹੜੀ ਸੀ, ਪੁੱਛੇਗਾ ਤੁਹਾਡਾ ਵਿਹਾਰ ਅਤੇ ਚਰਿੱਤਰ ਕਿਹੋ ਜਿਹਾ ਸੀ ?

ਰੱਬ ਇਹ ਨਹੀਂ ਪੁੱਛੇਗਾ ਕਿ ਤੁਹਾਡੇ ਕੋਲ ਕਾਰ ਕਿਹੜੀ ਸੀ, ਪੁੱਛੇਗਾ ਕਿਤਨੇ ਗੁਆਚਿਆਂ ਅਤੇ ਭਟਕਿਆਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾਇਆ ?

ਰੱਬ ਇਹ ਨਹੀਂ ਪੁਛੇਗਾ ਕਿ ਤੁਹਾਡੀ ਕੋਠੀ ਕਿਤਨੇ ਕਨਾਲਾਂ ਵਿਚ ਸੀ, ਪੁੱਛੇਗਾ ਕਿਤਨਿਆਂ ਦਾ ਤੁਸੀਂ ਖਿੜੇ-ਮੱਥੇ ਸਵਾਗਤ ਕੀਤਾ ?

ਰੱਬ ਇਹ ਨਹੀਂ ਪੁੱਛੇਗਾ ਕਿ ਬੈਂਕ ਵਿਚ ਪੈਸੇ ਕਿਤਨੇ ਜਮ੍ਹਾਂ ਸਨ ਜਾਂ ਤੁਹਾਡੀ ਆਮਦਨ ਕਿਤਨੀ ਸੀ, ਪੁੱਛੇਗਾ ਕਮਾਈ ਕਿਵੇਂ ਸੀ ?

ਰੱਬ ਇਹ ਨਹੀਂ ਪੁੱਛੇਗਾ ਕਿ ਤੁਹਾਡੀ ਜ਼ਿੰਦਗੀ ਦਾ ਉਦੇਸ਼ ਕੀ ਸੀ, ਪੁੱਛੇਗਾ ਕੀ ਕੀ ਕਰਕੇ ਮੇਰੇ ਕੋਲ ਆਏ ਹੋ ?

www.quotesinpunjabi.ml

QuotesInPunjabi

ਉਸ ਅਧਿਆਪਕ ਦਾ ਘਰ ਹਸਪਤਾਲ ਦੇ ਸਾਹਮਣੇ ਸੀ। ਮੀਂਹ ਪੈ ਰਿਹਾ ਸੀ, ਇਤਨੇ ਵਿਚ ਦਰਵਾਜ਼ਾ ਖੜਕਿਆ, ਪੋਲ੍ਹਿਆ, ਮੌਸਮ ਅਤੇ ਜ਼ਿੰਦਗੀ ਦਾ ਝੁਰੜਿਆ ਇਕ ਚਿਹਰਾ ਵਿਖਾਈ ਦਿੱਤਾ। ਜ਼ਿੰਦਗੀ ਦੇ ਬੋਝ ਨਾਲ ਉਸ ਦਾ ਸਰੀਰ ਝੁਕਿਆ ਹੋਇਆ ਸੀ। ਉਸ ਨੇ ਝਿਜਕਦਿਆਂ ਪੁੱਛਿਆ: ਮੇਰੀ ਬੱਸ ਲੰਘ ਗਈ ਹੈ, ਜੇ ਆਗਿਆ ਹੋਵੇ ਤਾਂ ਮੈਂ ਇਸ ਵਰਾਂਡੇ ਵਿਚ ਰਾਤ ਕੱਟ ਲਵਾਂ? ਸਵੇਰੇ ਹੀ ਮੇਰੀ ਬੱਸ ਜਾਂਦੀ ਹੈ।

ਉਸ ਅਧਿਆਪਕ ਦਾ ਘਰ ਹਸਪਤਾਲ ਦੇ ਸਾਹਮਣੇ ਹੋਣ ਕਾਰਨ, ਅਕਸਰ ਕੋਈ ਨਿਆਸਰਾ ਬੰਦਾ ਆ ਜਾਂਦਾ ਸੀ। ਅਜਿਹੇ ਲੋਕਾਂ ਵਾਸਤੇ ਪਰਿਵਾਰ ਨੇ ਖੁਲ੍ਹੀ ਛਿਉਂਦੀ ਵਿਚ ਇਕ ਤਖ਼ਤਪੋਸ਼ ਪੱਕੇ ਤੌਰ 'ਤੇ ਹੀ ਰੱਖਿਆ ਹੋਇਆ ਸੀ। ਇਵੇਂ ਉਸ ਅਧਿਆਪਕ ਨੂੰ ਮਨੁੱਖਤਾ ਅਤੇ ਇਨਸਾਨੀਅਤ ਦੇ ਵੱਖਰੇ ਵੱਖਰੇ ਰੂਪ ਵੇਖਣ ਨੂੰ ਮਿਲਦੇ ਸਨ।

ਉਹ ਆਪ ਵੀ ਅਜਿਹੇ ਪਿਛੋਕੜ ਵਿਚੋਂ ਉਠਿਆ ਸੀ, ਸੋ ਉਸ ਨੂੰ ਇਹ ਸਭ ਕੁਝ ਸੁਭਾਵਕ ਲਗਦਾ ਸੀ। ਉਸ ਨੇ ਕਿਹਾ: ਆ ਜਾਓ, ਇਥੇ ਸੌਂ ਜਾਓ। ਉਸ ਨੇ ਰਾਤ ਲਈ ਕੁਝ ਕੱਪੜੇ ਵੀ ਦਿੱਤੇ। ਅਜਨਬੀ ਦੀ ਗੱਲਬਾਤ ਵਿਚ ਗਰੀਬੀ ਜਾਂ ਬੀਮਾਰੀ ਦਾ ਕੋਈ ਗਿਲਾ-ਸ਼ਿਕਵਾ ਨਹੀਂ ਸੀ, ਸਗੋਂ ਜੋ ਕੁਝ ਬਚਿਆ ਹੋਇਆ ਸੀ, ਉਸ ਲਈ ਧੰਨਵਾਦ, ਤਸੱਲੀ ਅਤੇ ਸ਼ੁਕਰਾਨਾ ਹੀ ਸੀ।

ਪਲਾਸਟਿਕ ਦੀ ਕੁਰਸੀ ਪਈ ਸੀ, ਉਸ ਨੇ ਕਿਹਾ, ਮੈਂ ਇਸ ਤੇ ਹੀ ਸੌਂ ਜਾਵਾਂਗਾ।

ਨਹੀਂ, ਨਹੀਂ ਤੁਸੀਂ ਠੀਕ ਹੋ ਕੇ ਸੌਂਵੋ।

ਉਸ ਦੀ ਲੱਤ ਸੁੱਜੀ ਹੋਈ ਸੀ ਪਰ ਉਸ ਨੂੰ ਧਰਵਾਸ ਸੀ ਕਿ ਦਰਦ ਨਹੀਂ ਸੀ ਕਰਦੀ। ਲੱਤ ਸੁੱਜੀ ਹੋਣ ਦੀ ਸ਼ਿਕਾਇਤ ਨਹੀਂ ਸੀ, ਦਰਦ ਨਾ ਹੋਣ ਦਾ ਮਾਣ ਸੀ।

ਸਵੇਰੇ ਉਠਿਆ, ਉਸ ਨੇ ਦਰੀ ਅਤੇ ਚਾਦਰ ਠੱਪੀ ਹੋਈ ਸੀ।

ਉਹ ਜਾਣ ਦੀ ਆਗਿਆ ਮੰਗ ਰਿਹਾ ਸੀ।

ਉਹ ਮਛੇਰਾ ਸੀ ਅਤੇ ਆਪਣੀ ਧੀ ਵਾਸਤੇ ਦਵਾਈ ਲੈਣ ਆਇਆ ਸੀ। ਉਸ ਨੇ ਦੱਸਿਆ ਕਿ ਉਹ ਦੋ ਕੁ ਮਹੀਨੇ ਮਗਰੋਂ ਆਉਂਦਾ ਸੀ।

ਅਗਲੀ ਵਾਰੀ ਆਇਆ ਤਾਂ ਵੱਡੀ ਸਾਰੀ ਮੱਛੀ ਲੈ ਕੇ ਆਇਆ। ਤਿੰਨ ਘੰਟੇ ਦਾ ਸਫਰ ਕਰਕੇ ਪਹੁੰਚਿਆ ਸੀ। ਉਸ ਨੇ ਦੱਸਿਆ, ਮੈਂ ਸਵੇਰੇ ਹੀ ਫੜੀ ਹੈ ਤਾਂ ਕਿ ਤਾਜ਼ੀ ਰਹੇ।

ਉਹ ਕਈ ਸਾਲ ਆਉਂਦਾ ਰਿਹਾ, ਉਹ ਹਰ ਵਾਰ ਮੱਛੀ ਜ਼ਰੂਰ ਲੈ ਕੇ ਆਉਂਦਾ। ਫਿਰ ਉਹ ਸਬਜ਼ੀਆਂ ਵੀ ਲਿਆਉਣ ਲੱਗ ਪਿਆ ਸੀ। ਉਸ ਅਧਿਆਪਕ ਦੇ ਬੱਚਿਆਂ ਦਾ ਉਸ ਨਾਲ ਮੋਹ ਪੈ ਗਿਆ ਸੀ, ਉਹ ਦੇਰ ਰਾਤ ਤੱਕ ਉਸ ਨਾਲ ਗੱਲਾਂ ਕਰਨ ਲੱਗ ਪਏ ਸਨ। ਉਸ ਦਾ ਆਉਣਾ ਬੱਚੇ ਉਡੀਕਣ ਲੱਗ ਪਏ ਸਨ। ਉਹ ਘਰ ਦਾ ਇਕ ਜੀਅ ਬਣ ਗਿਆ ਸੀ।

ਉਸ ਦੇ ਝੁਕੇ ਹੋਏ ਸਰੀਰ ਵਿਚ ਬੜਾ ਸੋਹਣਾ ਅਤੇ ਨਿਘਾ ਦਿਲ ਸੀ।

ਪਿੱਛੇ ਜਿਹੇ ਉਹ ਅਧਿਆਪਕ ਆਪਣੇ ਮਿੱਤਰ ਦੇ ਘਰ ਗਿਆ, ਮਿੱਤਰ ਦੀ ਪਤਨੀ ਨੂੰ ਬਾਗਬਾਨੀ ਦਾ ਸ਼ੌਕ ਸੀ। ਉਸ ਨੇ ਫੁੱਲਾਂ ਵਾਲੇ ਬੂਟੇ ਵਿਖਾਏ। ਸਭ ਤੋਂ ਸੋਹਣੇ ਫੁੱਲਾਂ ਵਾਲਾ ਬੂਟਾ ਇਕ ਪੁਰਾਣੀ ਚਿੱਬ ਵਾਲੀ ਬਾਲਟੀ ਵਿਚ ਲਗਿਆ ਹੋਇਆ ਸੀ।

www.quotesinpunjabi.ml

QuotesInPunjabi

ਮਿੱਤਰ ਦੀ ਪਤਨੀ ਨੇ ਕਿਹਾ: ਮੈਨੂੰ ਕੀ ਪਤਾ ਸੀ ਕਿ ਇਸ ਪੁਰਾਣੀ ਟੁੱਟੀ ਬਾਲਟੀ ਵਿਚ ਇਤਨੇ ਸੋਹਣੇ ਫੁੱਲ ਲੱਗਣਗੇ।

ਅਧਿਆਪਕ ਨੇ ਸੋਚਿਆ, ਉਸ ਨੂੰ ਵੀ ਨਹੀਂ ਸੀ ਪਤਾ ਕਿ ਉਸ ਝੁਕੇ ਹੋਏ, ਝੁਰੜੇ ਹੋਏ ਸਰੀਰ ਵਿਚ, ਇਤਨਾ ਸੋਹਣਾ ਦਿਲ ਹੋਵੇਗਾ।

61

ਇਕ ਬਜ਼ੁਰਗ ਜੋੜੇ ਨੂੰ ਸਾਰੇ ਹੀ ਸਫਲ ਪਤੀ-ਪਤਨੀ ਸਮਝਦੇ ਸਨ। ਇਕ ਵਾਰੀ ਉਨ੍ਹਾਂ ਦੇ ਧੀਆਂ-ਪੁੱਤਰਾਂ, ਪੋਤਿਆਂ-ਪੋਤੀਆਂ, ਦੋਹਤਿਆਂ-ਦੋਹਤੀਆਂ ਨੇ, ਉਨ੍ਹਾਂ ਦੇ ਵਿਆਹ ਦੀ ਗੋਲਡਨ ਜੁਬਲੀ ਮਨਾਉਣ ਦਾ ਸਮਾਗਮ ਕੀਤਾ।

ਉਥੇ ਹਾਜ਼ਰ ਸਾਰਿਆਂ ਨੇ ਜਦੋਂ ਉਨ੍ਹਾਂ ਦੇ ਪ੍ਰਸੰਨ ਅਤੇ ਹੈਢਣਸਾਰ ਵਿਆਹ ਦਾ ਭੇਤ ਪੁੱਛਿਆ ਤਾਂ ਇਸਤਰੀ ਨੇ ਕਿਹਾ: ਅਸੀਂ ਦੋਵੇਂ ਬੱਚਿਆਂ ਦੇ ਸ਼ੌਕੀਨ ਸਾਂ, ਬੱਚੇ ਸਾਨੂੰ ਚੰਗੇ ਲਗਦੇ ਸਨ। ਸਾਡੇ ਅੱਠ ਬੱਚੇ ਹੋਏ।

ਅਸੀਂ ਇਕਰਾਰ ਕੀਤਾ ਹੋਇਆ ਸੀ ਕਿ ਜਿਹੜਾ ਛੱਡ ਕੇ ਜਾਵੇਗਾ, ਜਿਹੜਾ ਵਿਆਹ ਤੋੜੇਗਾ, ਸਾਰੇ ਬੱਚਿਆਂ ਨੂੰ ਪਾਲਣ ਦੀ ਜ਼ਿੰਮੇਵਾਰੀ ਉਸ ਦੀ ਹੋਵੇਗੀ।

ਇਕੱਲਿਆਂ ਇਹ ਜ਼ਿੰਮੇਵਾਰੀ ਚੁੱਕਣ ਦੀ ਸਾਡੇ ਵਿਚੋਂ, ਕਿਸੇ ਇਕ ਵਿਚ, ਹਿੰਮਤ ਅਤੇ ਸਮਰੱਥਾ ਹੀ ਨਹੀਂ ਸੀ, ਸੋ ਬੱਚਿਆਂ ਕਾਰਨ ਇਹ ਵਿਆਹ ਬਹੁਤ ਵਧੀਆ ਚੱਲਿਆ ਅਤੇ ਕਿਸੇ ਨੂੰ ਛੱਡ ਕੇ ਜਾਣ ਦਾ ਕਦੀ ਖਿਆਲ ਹੀ ਨਹੀਂ ਆਇਆ।

62

ਇਕ ਆਦਮੀ ਨੇ, ਬੁਢਾਪੇ ਵਿਚ, ਪੁੱਤਰਾਂ-ਧੀਆਂ ਵਲੋਂ ਬਜ਼ੁਰਗਾਂ ਵਲ ਯੋਗ ਧਿਆਨ ਨਾ ਦੇਣ ਕਾਰਨ, ਉਨ੍ਹਾਂ ਦੇ ਦੁੱਖਾਂ-ਤਕਲੀਫਾਂ ਦੀਆਂ ਬੜੀਆਂ ਕਹਾਣੀਆਂ ਸੁਣੀਆਂ ਹੋਈਆਂ ਸਨ। ਉਸ ਦੇ ਤਿੰਨ ਪੁੱਤਰ ਸਨ, ਜਿਨ੍ਹਾਂ ਦੇ ਆਪਣੇ ਪਰਿਵਾਰ ਸਨ।

ਜਦੋਂ ਬਜ਼ੁਰਗ ਦੀ ਪਤਨੀ ਮਰ ਗਈ ਤਾਂ ਉਸ ਨੇ ਸਾਰਿਆਂ ਨੂੰ ਨੇੜੇ ਬੁਲਾਇਆ।

ਕਿਸੇ ਨੂੰ ਕਿਹਾ ਸੋਫਾ ਲੈ ਜਾਵੇ, ਕਿਸੇ ਨੂੰ ਕਿਹਾ ਫਰਿੱਜ ਲੈ ਜਾਵੇ।

ਪੁੱਤਰਾਂ ਨੇ ਕਿਹਾ, ਤੁਸੀਂ ਇਹ ਚੀਜ਼ਾਂ ਰੱਖੋ, ਕੋਈ ਆਇਆ-ਗਿਆ ਵਰਤੇਗਾ। ਪਿਤਾ ਨੇ ਕਿਹਾ: ਹੁਣ ਇਥੇ ਕੋਈ ਨਹੀਂ ਆਵੇਗਾ। ਕੋਈ ਉਥੇ ਹੀ ਆਉਂਦਾ ਹੈ, ਜਿਥੇ ਉਸ ਨੂੰ ਖਾਣ ਲਈ ਭੋਜਨ ਅਤੇ ਸੌਣ ਲਈ ਬਿਸਤਰਾ ਮਿਲੇ, ਹੁਣ ਮੈਂ ਆਪ ਇਨ੍ਹਾਂ ਚੀਜ਼ਾਂ ਦਾ ਮੁਹਤਾਜ ਹਾਂ।

ਪਰ ਕਿਸੇ ਪੁੱਤਰ-ਨੂੰਹ ਨੇ ਇਹ ਨਾ ਕਿਹਾ ਕਿ ਤੁਸੀਂ ਸਾਡੇ ਕੋਲ ਆ ਜਾਓ।

ਜਦੋਂ ਪਿਤਾ ਨੇ ਦੱਸਿਆ ਕਿ ਉਸ ਨੇ ਵਸੀਅਤ ਵਿਚ ਲਿਖਿਆ ਹੈ ਕਿ ਉਸ ਦੀ ਸਾਰੀ ਜਾਇਦਾਦ ਦਾ ਮਾਲਕ, ਉਹ ਪੁੱਤਰ ਹੋਵੇਗਾ, ਜਿਸ ਕੋਲ ਰਹਿੰਦਿਆਂ, ਉਹ ਮਰੇਗਾ।

ਇਹ ਸੁਣ ਕੇ ਸਾਰੇ ਪੁੱਤਰਾਂ ਵਿਚ ਸੇਵਾ-ਭਾਵ ਜਾਗ ਪਿਆ ਅਤੇ ਸਾਰੀਆਂ ਨੂੰਹਾਂ ਨੂੰ ਸਹੁਰੇ ਵਿਚੋਂ ਪਿਤਾ ਦਿੱਸਣ ਲੱਗ ਪਿਆ। ਪੋਤੇ-ਪੋਤੀਆਂ ਵੀ ਕਹਿਣ ਲਗ ਪਏ, ਦਾਦਾ ਜੀ, ਤੁਸੀਂ ਸਾਡੇ ਕੋਲ ਕਿਉਂ ਨਹੀਂ ਆਉਂਦੇ ?

www.quotesinpunjabi.ml

QuotesInPunjabi

63

ਪੰਜ ਸਾਲ ਦਾ ਇਕ ਬੱਚਾ ਡੂੰਘੇ ਟੋਏ ਵਿਚ ਡਿੱਗ ਪਿਆ ਸੀ।

ਭੀੜ ਨੂੰ ਰੋਕਣ ਅਤੇ ਬੱਚੇ ਨੂੰ ਕੱਢਣ ਲਈ ਪੁਲੀਸ ਬੁਲਾਈ ਗਈ।

ਇਕ ਪੁਲੀਸ ਅਫਸਰ ਦੀ ਆਤਮਾ ਨੇ ਆਵਾਜ਼ ਮਾਰੀ, ਇਸ ਬੱਚੇ ਨੂੰ ਬਚਾਉਣਾ ਹੈ, ਇਸ ਨੂੰ ਬਚਾਇਆ ਜਾ ਸਕਦਾ ਹੈ, ਇਹ ਬੱਚਾ ਨਹੀਂ, ਇਹ ਬਚਪਨ ਹੈ।

ਇਹ ਪੰਜ ਸਾਲ ਦੀ ਮਾਨਵਜਾਤੀ ਹੈ।

ਉਹ ਪੁਲੀਸ ਅਫਸਰ ਨਿਰੰਤਰ ਖੋਦਦਾ ਰਿਹਾ, ਉਹ ਚਿੱਕੜ ਨਾਲ ਲੱਥ-ਪੱਥ ਹੋਇਆ ਪਿਆ ਸੀ। ਲੋਕ ਵੀ ਕਹਿ ਰਹੇ ਸਨ ਕਿ ਇਹ ਬੱਚਾ ਇਸ ਲਈ ਬਚ ਜਾਵੇਗਾ, ਕਿਉਂਕਿ ਇਹ ਇਕ ਮਜ਼ਦੂਰ ਦਾ ਪੁੱਤਰ ਹੈ, ਇਹ ਹਿੰਮਤ ਨਹੀਂ ਹਾਰੇਗਾ।

ਪੁਲੀਸ ਅਫਸਰ ਦੇ ਯਤਨਾਂ ਨਾਲ ਉਹ ਬੱਚਾ ਬਚਾ ਲਿਆ ਗਿਆ।

ਪੁਲੀਸ ਅਫਸਰ ਨੇ ਇਨਸਾਨ ਹੋਣ ਦਾ ਸਬੂਤ ਦਿੱਤਾ ਸੀ, ਉਸ ਨੇ ਇਨਸਾਨੀਅਤ ਕਮਾ ਲਈ ਸੀ, ਉਸ ਨੇ ਪੁਲੀਸ ਲਈ ਇਜ਼ਤ ਉਪਜਾ ਲਈ ਸੀ।

64

ਇਕ ਸਮਾਗਮ ਵਿਚ, ਇਕ ਕੁੱਬਾ ਵਿਅਕਤੀ, ਉਥੇ ਹਾਜ਼ਰ ਇਕ ਸੋਹਣੀ ਇਸਤਰੀ ਕੋਲ ਜਾ ਕੇ ਪੁੱਛਣ ਲੱਗਾ: ਕੀ ਤੁਹਾਨੂੰ ਕਿਸਮਤ ਵਿਚ ਵਿਸ਼ਵਾਸ ਹੈ ?

ਉਸ ਇਸਤਰੀ ਨੇ ਕਿਹਾ: ਹਾਂ। ਉਸ ਕੁੱਬੇ ਬੰਦੇ ਨੇ, ਉਸ ਨੂੰ ਕਿਹਾ: ਤੁਸੀਂ ਮੇਰਾ ਕੁੱਬ ਵੇਖ ਰਹੇ ਹੋ, ਇਹ ਮੇਰੀ ਕਿਸਮਤ ਵਿੱਚ ਨਹੀਂ ਸੀ, ਇਸ ਨੂੰ ਮੈਂ ਰੱਬ ਕੋਲੋਂ ਆਪਣੀ ਕਿਸਮਤ ਵਿਚ ਲਿਖਵਾ ਲਿਆ ਸੀ। ਇਹ ਕੁੱਬ ਅਸਲ ਵਿਚ ਤੁਹਾਡੀ ਕਿਸਮਤ ਵਿਚ ਸੀ। ਰੱਬ ਤੁਹਾਡੇ ਬਾਰੇ ਕਹਿ ਰਿਹਾ ਸੀ: ਇਹ ਸੋਹਣੀ ਤਾਂ ਬਹੁਤ ਹੋਵੇਗੀ ਪਰ ਇਸ ਵਿਚ ਕੁੱਬ ਹੋਵੇਗਾ।

ਮੈਂ ਰੱਬ ਨੂੰ ਕਿਹਾ ਸੀ ਕਿ ਸੋਹਣੀ ਉਹ ਤੁਹਾਨੂੰ ਬਣਾ ਦੇਵੇ ਅਤੇ ਤੁਹਾਡਾ ਕੁੱਬ ਮੇਰੇ ਵਿਚ ਪਾ ਦੇਵੇ ਅਤੇ ਰੱਬ ਨੇ ਮੇਰੀ ਬੇਨਤੀ ਮੰਨ ਲਈ ਸੀ।

ਉਸ ਕੁੱਬੇ ਬੰਦੇ ਵਿਚ ਗੱਲ ਕਰਨ ਦਾ ਸਲੀਕਾ ਸੀ। ਉਸ ਦੀ ਇਸ ਗੱਲ ਨੇ, ਉਸ ਸੋਹਣੀ ਇਸਤਰੀ ਨੂੰ, ਉਸ ਦੀ ਦੀਵਾਨੀ ਬਣਾ ਦਿੱਤਾ ਸੀ।

65

ਇਕ ਮੰਗਤਾ ਆਪਣੇ ਅਸੂਲ ਕਾਰਨ ਪ੍ਰਸਿੱਧ ਸੀ। ਉਹ ਇਕ ਰੁਪਿਆ ਹੀ ਲੈਂਦਾ ਸੀ। ਜੇ ਕੋਈ ਵੱਧ ਦਿੰਦਾ ਸੀ ਤਾਂ ਇਕ ਰੁਪਿਆ ਰੱਖ ਕੇ ਬਾਕੀ ਵਾਪਸ ਕਰ ਦਿੰਦਾ ਸੀ। ਲੋਕ ਉਸ ਦੀ ਇਸ ਆਦਤ ਨੂੰ ਜਾਣਦੇ ਸਨ ਅਤੇ ਉਹ ਜਾਣਬੁਝ ਕੇ ਉਸ ਨੂੰ ਸੌ ਕੜੇ ਰੁਪਏ ਦਿੰਦੇ ਸਨ ਪਰ ਉਹ ਇਕ ਰੁਪਏ ਤੋਂ ਵੱਧ ਲੈਂਦਾ ਹੀ ਨਹੀਂ ਸੀ। ਉਸ ਵਲੋਂ ਇਕ ਰੁਪਿਆ ਹੀ ਰੱਖਣ ਨੂੰ ਲੋਕ ਆਪਣਾ ਸੁਭਾਗ ਸਮਝਣ ਲੱਗ ਪਏ ਸਨ।

ਉਹ ਇਸ ਅਸੂਲ ਨਾਲ ਹੀ ਸਫਲ, ਅਮੀਰ ਅਤੇ ਪ੍ਰਸਿੱਧ ਹੋ ਗਿਆ ਸੀ।

www.quotesinpunjabi.ml

QuotesInPunjabi

66

ਕਦੀ ਵਾਰੀ ਸਮਝ ਨਹੀਂ ਆਉਂਦੀ ਕਿ ਠੀਕ ਕੀ ਹੈ ?

ਕੀ ਝੂਠ ਬੋਲ ਕੇ ਕਿਸੇ ਮੁਰਝਾਏ ਚਿਹਰੇ 'ਤੇ ਮੁਸਕਰਾਹਟ ਲਿਆਉਣੀ ਠੀਕ ਹੈ ਕਿ ਸੱਚ ਬੋਲ ਕੇ ਕਿਸੇ ਦੇ ਅੱਥਰੂ ਵਗਾਉਣੇ ਠੀਕ ਹਨ ?

67

ਕਿਸੇ ਕੰਮ ਨੂੰ ਸਿੱਖਣ ਦਾ ਸਹੀ ਢੰਗ ਹੈ, ਉਹ ਕੰਮ ਕਰੋ, ਕਰਨਾ ਆ ਜਾਵੇਗਾ।

ਇਕ ਬੱਚੀ ਸਕੇਟਿੰਗ ਹਾਲ ਵਿਚ ਹੋਰ ਬੱਚਿਆਂ ਵਾਂਗ ਸਕੇਟਿੰਗ ਕਰਨਾ ਚਾਹੁੰਦੀ ਸੀ, ਉਸ ਨੇ ਸਕੇਟਸ ਪਹਿਨੇ ਹੋਏ ਸਨ ਪਰ ਮਾਂ ਜਾਣ ਨਹੀਂ ਸੀ ਦੇ ਰਹੀ, ਜਦੋਂ ਕਿ ਬੱਚੀ ਜਾਣਾ ਚਾਹੁੰਦੀ ਸੀ ਅਤੇ ਉਹ ਵੀ ਹੋਰਾਂ ਵਾਂਗ ਸਕੇਟਿੰਗ ਦੀ ਮੌਜ ਮਾਣਨਾ ਚਾਹੁੰਦੀ ਸੀ।

ਜਦੋਂ ਉਸ ਨੇ ਤੀਜੀ-ਚੌਥੀ ਵਾਰ ਜਾਣ ਦੀ ਆਗਿਆ ਮੰਗੀ ਤਾਂ ਵੀ ਮਾਂ ਕਹਿ ਰਹੀ ਸੀ: ਨਹੀਂ, ਨਹੀਂ, ਨਹੀਂ ਜਾਣਾ, ਤੂੰ ਡਿਗ ਪਏਂਗੀ, ਸੱਟ ਲਗ ਜਾਵੇਗੀ।

ਇਤਨੇ ਵਿਚ, ਉਸ ਤੋਂ ਵੀ ਛੋਟਾ ਇਕ ਬੱਚਾ ਆਇਆ, ਉਸ ਦਾ ਹੱਥ ਫੜ ਕੇ ਲੈ ਗਿਆ, ਸਕੇਟਿੰਗ ਕਰਨ ਲਗ ਪਈ ਅਤੇ ਔਂਦੇ ਘੰਟੇ ਮਗਰੋਂ, ਉਹ ਮਾਂ ਨੂੰ ਕਹਿ ਰਹੀ ਸੀ, ਆਓ ਮੰਮੀ, ਮੈਂ ਤੁਹਾਨੂੰ ਸਕੇਟਿੰਗ ਕਰਵਾਵਾਂ।

68

ਜੇ ਆਦਮੀ ਠੀਕ ਹੋ ਜਾਵੇ ਤਾਂ ਸੰਸਾਰ ਆਪੇ ਠੀਕ ਹੋ ਜਾਵੇਗਾ।

ਇਕ ਘਰ ਵਿਚ ਇਕ ਬੱਚਾ, ਆਪਣੇ ਡਾਕਟਰ ਪਿਤਾ ਦੇ ਕੰਮ ਵਿਚ ਵਿਘਨ ਪਾ ਰਿਹਾ ਸੀ। ਪਿਤਾ ਨੇ ਬੱਚਿਆਂ ਦੇ ਇਕ ਰਸਾਲੇ ਵਿਚੋਂ, ਸੰਸਾਰ ਦਾ ਨਕਸ਼ਾ ਟੁਕੜੇ-ਟੁਕੜੇ ਕਰ ਦਿੱਤਾ ਅਤੇ ਪੁੱਤਰ ਨੂੰ ਕਿਹਾ, ਇਸ ਦੇ ਟੁਕੜਿਆਂ ਨੂੰ ਜੋੜ ਕੇ ਲਿਆ।

ਨਕਸ਼ੇ ਦੇ ਦੂਜੇ ਪਾਸੇ ਇਕ ਪ੍ਰਸਿੱਧ ਖਿਡਾਰੀ ਦੀ ਤਸਵੀਰ ਸੀ।

ਪਿਤਾ ਨੇ ਸੋਚਿਆ ਦੋ-ਤਿੰਨ ਘੰਟੇ ਤਾਂ ਲਾਵੇਗਾ ਹੀ ਪਰ ਬੱਚਾ ਕੁਝ ਮਿੰਟਾਂ ਵਿਚ ਹੀ ਖਿਡਾਰੀ ਦੀ ਤਸਵੀਰ ਰਾਹੀਂ, ਨਕਸ਼ਾ ਜੋੜ ਲਿਆਇਆ।

ਪਿਤਾ ਨੇ ਪੁੱਛਿਆ, ਇਹ ਇਤਨੀ ਜਲਦੀ ਕਿਵੇਂ ਕੀਤਾ ?

ਪੁੱਤਰ ਨੇ ਕਿਹਾ, ਨਕਸ਼ੇ ਦੇ ਦੂਜੇ ਪਾਸੇ ਇੱਕ ਖਿਡਾਰੀ ਦਾ ਚਿੱਤਰ ਸੀ, ਮੈਂ ਸੋਚਿਆ, ਜੇ ਆਦਮੀ ਠੀਕ ਬਣ ਗਿਆ ਤਾਂ ਸੰਸਾਰ ਦਾ ਨਕਸ਼ਾ ਆਪੇ ਠੀਕ ਹੋ ਜਾਵੇਗਾ।

ਬੱਚੇ ਦੇ ਇਸ ਸਾਧਾਰਨ ਕਥਨ ਵਿਚ ਫ਼ਲਸਫ਼ੇ ਦੀ ਡੂੰਘਾਈ ਸੀ।

69

ਰਾਜਨੀਤਕ ਵਿਹਾਰ ਕੀ ਹੁੰਦਾ ਹੈ ?

ਇਕ ਸ਼ੇਰ ਨੇ ਚੀਤੇ ਨੂੰ ਪੁੱਛਿਆ: ਜੰਗਲ ਦਾ ਰਾਜਾ ਕੌਣ ਹੈ ?

ਹਜ਼ੂਰ, ਤੁਸੀਂ ਹੋ। ਹੋਰ ਕੋਈ ਹੋ ਹੀ ਨਹੀਂ ਸਕਦਾ!

www.quotesinpunjabi.ml

QuotesInPunjabi

ਸ਼ੇਰ ਨੇ ਬਾਂਦਰ ਨੂੰ ਪੁੱਛਿਆ: ਜੰਗਲ ਦਾ ਰਾਜਾ ਕੌਣ ਹੈ ?

ਹਜ਼ੂਰ ਮਹਾਰਾਜ, ਤੁਹਾਡੇ ਤੋਂ ਸਿਵਾਏ ਕੌਣ ਹੋ ਸਕਦਾ ਹੈ ?

ਸ਼ੇਰ ਨੇ ਹਾਥੀ ਨੂੰ ਪੁੱਛਿਆ: ਜੰਗਲ ਦਾ ਰਾਜਾ ਕੌਣ ਹੈ ? ਹਾਥੀ ਨੇ ਆਪਣੀ ਸੁੰਡ ਨਾਲ ਸ਼ੇਰ ਨੂੰ ਲਪੇਟਿਆ ਅਤੇ ਦਰੱਖਤ ਨਾਲ ਵਗਾਹ ਮਾਰਿਆ, ਫਿਰ ਚੁੱਕਿਆ ਅਤੇ ਉਪਰ ਵਲ ਉਛਾਲ ਦਿੱਤਾ, ਫਿਰ ਚੁੱਕਿਆ ਅਤੇ ਜ਼ਮੀਨ ਨਾਲ ਪਟਕਾ ਦਿੱਤਾ।

ਸ਼ੇਰ ਨੇ ਮਿੱਟੀ ਝਾੜਦਿਆਂ ਕਿਹਾ: ਹਾਥੀ ਜੀ, ਜੇ ਜਵਾਬ ਨਹੀਂ ਆਉਂਦਾ ਤਾਂ ਕੋਈ ਗੱਲ ਨਹੀਂ, ਪਰ ਘਰ ਆਏ ਮਹਿਮਾਨ ਨਾਲ ਬਦਸਲੂਕੀ ਤਾਂ ਨਾ ਕਰੋ।

ਇਹ ਸ਼ੇਰ ਦਾ ਰਾਜਨੀਤਕ ਵਿਹਾਰ ਸੀ।

70

ਇਕ ਇਸਤਰੀ ਵਿਆਹ ਤੋਂ ਬਾਦ ਇਕ ਮਹੀਨੇ ਵਿਚ ਹੀ ਵਿਧਵਾ ਹੋ ਗਈ ਸੀ।

ਪਤੀ ਫੌਜ ਵਿਚ ਸੀ, ਕਾਰਗਿਲ ਦੀ ਲੜਾਈ ਵਿਚ ਲਾਪਤਾ ਕਰਾਰ ਦੇ ਦਿੱਤਾ ਗਿਆ ਸੀ। ਦੋ ਸਾਲ ਮਗਰੋਂ ਮਾਪਿਆਂ ਨੇ ਦੂਜਾ ਵਿਆਹ ਕਰ ਦਿੱਤਾ।

ਜਦੋਂ ਉਹ ਮਾਂ ਬਣਨ ਵਾਲੀ ਸੀ ਤਾਂ ਪਹਿਲਾ ਪਤੀ ਵਾਪਸ ਮੁੜ ਆਇਆ।

ਉਹ ਕਿਸ ਕੋਲ ਰਹੇ ? ਪੰਚਾਇਤ ਬੈਠੀ ਅਤੇ ਪੰਚਾਇਤ ਨੇ ਫੈਸਲਾ ਕੀਤਾ ਕਿ ਉਸ ਨੂੰ ਪਹਿਲੇ ਪਤੀ ਨਾਲ ਰਹਿਣਾ ਚਾਹੀਦਾ ਸੀ।

ਕਿਸੇ ਨੇ ਉਸ ਔਰਤ ਦੀ ਮਰਜ਼ੀ ਨਹੀਂ ਸੀ ਪੁੱਛੀ।

ਪੁਰਸ਼ ਹੋਰ ਤਰ੍ਹਾਂ ਫੈਸਲਾ ਕਰਦੇ ਹਨ, ਇਸਤਰੀਆਂ ਹੋਰ ਤਰ੍ਹਾਂ।

ਉਸ ਦਾ ਪਹਿਲੇ ਪਤੀ ਨਾਲ ਰਹਿਣ ਦਾ ਫੈਸਲਾ ਪੁਰਸ਼ਾਂ ਨੇ ਕੀਤਾ ਸੀ।

ਇਸਤਰੀ ਨੇ ਕਿਸ ਪਤੀ ਨਾਲ ਰਹਿਣਾ ਹੈ, ਇਹ ਫੈਸਲਾ ਇਸਤਰੀ ਨੂੰ ਕਰਨ ਦੇਣਾ ਚਾਹੀਦਾ ਸੀ, ਕਿਉਂਕਿ ਨਾਲ ਰਹਿਣਾ ਉਸ ਨੇ ਸੀ।

71

ਇਕ ਆਦਮੀ ਨੇ ਪ੍ਰਸਿੱਧ ਯੂਨਾਨੀ ਫ਼ਿਲਾਸਫ਼ਰ ਸੁਕਰਾਤ ਨੂੰ ਕਿਹਾ: ਤੁਹਾਨੂੰ ਪਤਾ ਹੈ, ਤੁਹਾਡੇ ਇਕ ਸ਼ਗਿਰਦ ਨੇ ਕੀ ਕੀਤਾ ਹੈ ?

ਸੁਣ ਕੇ ਸੁਕਰਾਤ ਨੇ ਪੁੱਛਿਆ: ਪਹਿਲਾਂ ਇਹ ਦੱਸ, ਜੋ ਤੂੰ ਕਹਿਣ ਲੱਗਿਆ ਹੈਂ, ਉਹ ਪੂਰਨ-ਭ੍ਰਾਂਤ ਸਹੀ ਅਤੇ ਸੱਚ ਹੈ ?

ਉਸ ਨੇ ਕਿਹਾ: ਮੈਂ ਕੇਵਲ ਸੁਣਿਆ ਹੈ, ਪਤਾ ਨਹੀਂ ਸਹੀ ਹੈ, ਸੱਚ ਹੈ ਕਿ ਝੂਠ ਹੈ।

ਸੁਕਰਾਤ ਨੇ ਪੁੱਛਿਆ: ਜੋ ਦੱਸਣ ਲੱਗਿਆ ਹੈਂ, ਕੀ ਉਹ ਚੰਗੀ ਗੱਲ ਹੈ ?

ਉਸ ਨੇ ਕਿਹਾ: ਨਹੀਂ ਚੰਗੀ ਗੱਲ ਨਹੀਂ।

ਸੁਕਰਾਤ ਨੇ ਪੁੱਛਿਆ: ਜੋ ਤੂੰ ਦੱਸਣ ਲੱਗਿਆ ਹੈਂ, ਕੀ ਉਸ ਦਾ ਮੈਨੂੰ ਲਾਭ ਹੋਵੇਗਾ ?

ਉਸ ਨੇ ਕਿਹਾ: ਨਹੀਂ, ਲਾਭ ਨਹੀਂ ਹੋਵੇਗਾ, ਪਰ ਗੱਲ ਦਸਣੀ ਜ਼ਰੂਰੀ ਹੈ।

www.quotesinpunjabi.ml

QuotesInPunjabi

ਸੁਕਰਾਤ ਨੇ ਕਿਹਾ: ਜਾਣਦਿਆਂ ਹੋਇਆਂ ਵੀ ਕਿ ਗੱਲ ਸੱਚੀ ਨਹੀਂ, ਚੰਗੀ ਨਹੀਂ, ਲਾਭਕਾਰੀ ਨਹੀਂ, ਪਰ ਤੂੰ ਫਿਰ ਵੀ ਦੱਸਣ ਦੀ ਜ਼ਿੱਦ ਕਰ ਰਿਹਾ ਹੈਂ।

ਨਾ ਦੱਸ, ਰਹਿਣ ਦੇ, ਮੈਂ ਸੁਣਨਾ ਨਹੀਂ ਚਾਹੁੰਦਾ।

72

ਸੰਪੂਰਣਤਾ ਅਕਾਊ ਹੁੰਦੀ ਹੈ, ਬਨਾਵਟੀ ਲਗਦੀ ਹੈ, ਸੁਭਾਵਕਤਾ ਨੂੰ ਮਾਰਦੀ ਹੈ।

ਇਕ ਮੰਦਰ ਦੇ ਨਾਲ ਬਗੀਚਾ ਸੀ, ਪਤਾ ਲੱਗਾ ਸ਼ਾਮ ਨੂੰ ਰਾਜਾ, ਮੰਦਰ ਵਿਚ ਆਵੇਗਾ। ਪੁਰੋਹਿਤ ਨੇ ਬਗੀਚਾ ਸਾਫ ਕੀਤਾ-ਕਰਵਾਇਆ, ਝਾੜੀਆਂ ਕੱਟੀਆਂ, ਕੱਖ-ਪੱਤੇ ਚੁਕੇ ਅਤੇ ਸਾਰਾ ਬਗੀਚਾ ਸਭ ਪੱਖਾਂ ਤੋਂ ਪੂਰੀ ਤਰ੍ਹਾਂ ਸਾਫ ਕਰ ਦਿੱਤਾ, ਇਕ ਵੀ ਕੱਖ-ਪੱਤਾ ਡਿੱਗਿਆ ਹੋਇਆ ਨਾ ਰਹਿਣ ਦਿੱਤਾ।

ਰਾਜੇ ਨੇ ਵੇਖਿਆ, ਬਗੀਚੇ ਦੀ ਪ੍ਰਸੰਸਾ ਕੀਤੀ ਪਰ ਕਿਹਾ: ਕੁਝ ਘਾਟ ਹੈ।

ਨਾਲ ਆਇਆ ਇਕ ਸਾਧੂ ਵੇਖ ਰਿਹਾ ਸੀ, ਉਹ ਇਕ ਦਰੱਖਤ ਉਪਰ ਚੜ੍ਹ ਗਿਆ, ਟਾਹਣੀਆਂ ਹਿਲਾਈਆਂ, ਕੁਝ ਪੱਤੇ ਥੱਲੇ ਡਿੱਗ ਪਏ।

ਰਾਜੇ ਨੇ ਕਿਹਾ: ਪਹਿਲਾਂ ਚੰਗਾ ਲੱਗਿਆ ਸੀ ਹੁਣ ਸੁਭਾਵਕ ਵੀ ਲਗਦਾ ਹੈ।

73

ਇਕ ਬਾਦਸ਼ਾਹ ਦੇ ਦਰਬਾਰ ਵਿਚ ਇਕ ਵਿਦੇਸ਼ੀ ਪਤਵੰਤਾ ਆਇਆ।

ਜਿਸ ਨੇ ਆਪਣੀ ਭਾਸ਼ਾ ਵਿਚ, ਆਪਣੇ ਨਾਲ ਹੋਏ ਦੁਰਵਿਹਾਰ ਦੀ ਸ਼ਿਕਾਇਤ ਲਾਈ ਅਤੇ ਬਾਦਸ਼ਾਹ ਨੂੰ ਗਾਲ੍ਹਾਂ ਵੀ ਕੱਢੀਆਂ।

ਬਾਦਸ਼ਾਹ ਨੇ ਆਪਣੇ ਇਕ ਵਜ਼ੀਰ ਨੂੰ ਪੁੱਛਿਆ ਕਿ ਉਹ ਕੀ ਕਹਿ ਰਿਹਾ ਸੀ ?

ਵਜ਼ੀਰ ਨੇ ਉਸ ਦੀਆਂ ਗਾਲ੍ਹਾਂ ਬਾਰੇ ਨਾ ਦੱਸਿਆ ਅਤੇ ਕਿਹਾ ਕਿ ਉਹ ਆਪਣੇ ਨਾਲ ਹੋਏ ਦੁਰਵਿਹਾਰ ਸਬੰਧੀ ਇਨਸਾਫ ਦੀ ਮੰਗ ਕਰ ਰਿਹਾ ਸੀ।

ਕੋਲੋਂ ਇਕ ਹੋਰ ਵਜ਼ੀਰ ਬੋਲ ਪਿਆ। ਜਿਸ ਨੇ ਕਿਹਾ, ਇਹ ਵਜ਼ੀਰ ਝੂਠ ਬੋਲ ਰਿਹਾ ਹੈ। ਮੈਂ ਸੱਚ ਦੱਸਦਾ ਹਾਂ। ਇਸ ਦੂਜੇ ਵਜ਼ੀਰ ਨੇ ਵਿਦੇਸ਼ੀ ਨਾਲ ਦੁਰਵਿਹਾਰ ਹੋਣ ਬਾਰੇ ਸ਼ਿਕਾਇਤ ਦੀ ਗੱਲ ਨਾ ਕੀਤੀ ਪਰ ਉਸ ਵਲੋਂ ਬਾਦਸ਼ਾਹ ਨੂੰ ਕੱਢੀਆਂ ਗਾਲ੍ਹਾਂ ਦੁਹਰਾ ਦਿੱਤੀਆਂ।

ਬਾਦਸ਼ਾਹ ਦੂਰ-ਅੰਦੇਸ਼ ਸੀ, ਉਸ ਨੇ ਵਿਦੇਸ਼ੀ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਅਤੇ ਉਸ ਨੂੰ ਦੱਸਿਆ ਕਿ ਗਲਤ-ਫਹਿਮੀ ਕਾਰਨ ਉਸ ਨਾਲ ਵਿਹਾਰ ਠੀਕ ਨਹੀਂ ਹੋਇਆ ਅਤੇ ਉਸ ਨੇ ਵਿਦੇਸ਼ੀ ਨੂੰ, ਸ਼ਾਮ ਨੂੰ ਚਾਹ 'ਤੇ ਬੁਲਾਇਆ।

ਬਾਦਸ਼ਾਹ ਨੇ ਮਗਰੋਂ ਗਾਲ੍ਹਾਂ ਬਾਰੇ ਦੱਸਣ ਵਾਲੇ ਵਜ਼ੀਰ ਨੂੰ ਝਾੜ ਪਾਉਂਦਿਆਂ ਕਿਹਾ ਕਿ ਭਾਵੇਂ ਪਹਿਲੇ ਵਜ਼ੀਰ ਨੇ ਸਾਰੀ ਗੱਲ ਨਹੀਂ ਸੀ ਦੱਸੀ ਪਰ ਉਸ ਦੀ ਮਨਸ਼ਾ ਮੈਨੂੰ ਪੀੜਤ ਕਰਨ ਵਾਲੀਆਂ ਗਾਲ੍ਹਾਂ ਸੁਣਨ ਤੋਂ ਬਚਾਉਣਾ ਸੀ। ਤੂੰ ਭਾਵੇਂ ਸੱਚ ਬੋਲਿਆ; ਪਰ ਤੇਰਾ ਉਦੇਸ਼ ਸੱਚ ਬੋਲਣਾ ਨਹੀਂ ਸੀ, ਮੈਨੂੰ ਗਾਲ੍ਹਾਂ ਸੁਣਾ ਕੇ ਪੀੜਤ ਕਰਨਾ ਸੀ।

www.quotesinpunjabi.ml

QuotesInPunjabi

74

ਪੰਜਾਬ ਦੇ ਇਕ ਪ੍ਰਸਿੱਧ ਮੁੱਖ-ਮੰਤਰੀ ਨੂੰ ਉਸ ਦਾ ਬਚਪਨ ਦਾ ਦੋਸਤ ਮਿਲਿਆ। ਉਸ ਦਾ ਆਪਣੇ ਸ਼ਹਿਰ, ਡਿਪਟੀ ਕਮਿਸ਼ਨਰ ਦੇ ਦਫਤਰ ਕੋਈ ਕੰਮ ਸੀ।

ਮੁੱਖ-ਮੰਤਰੀ ਨੇ ਉਸ ਨੂੰ ਕਿਹਾ, ਬੁੱਧਵਾਰ ਮੈਂ ਉਥੇ ਪਹੁੰਚਣਾ ਹੈ, ਤੂੰ ਉਥੇ ਆ ਜਾਵੀਂ।

ਬੁੱਧਵਾਰ ਨੂੰ ਜ਼ਿਲ੍ਹੇ ਦੇ ਸਾਰੇ ਅਫਸਰ ਉਥੇ ਹਾਜ਼ਰ ਸਨ।

ਮੁੱਖ-ਮੰਤਰੀ ਨੇ ਕਾਰ ਵਿਚੋਂ ਉੱਤਰ ਕੇ ਆਪਣੇ ਬਚਪਨ ਦੇ ਦੋਸਤ ਨੂੰ ਗਲਵਕੜੀ ਪਾਈ ਅਤੇ ਸਾਰਿਆਂ ਨਾਲ ਜਾਣ-ਪਛਾਣ ਕਰਾਉਂਦਿਆਂ, ਕੇਵਲ ਇਤਨਾ ਹੀ ਕਿਹਾ: ਇਹ ਮੇਰਾ ਬਚਪਨ ਦਾ ਬੜਾ ਗੂੜ੍ਹਾ ਦੋਸਤ ਹੈ।

ਅਗਲੇ ਦਿਨ ਉਹ ਜਿਧਰ ਗਿਆ, ਉਸ ਦਾ ਕੰਮ ਹੋਈ ਗਿਆ।

ਇਹ ਉਸ ਮੁੱਖ-ਮੰਤਰੀ ਦੀ ਕੰਮ ਕਰਨ ਦੀ ਜੁਗਤ ਸੀ।

75

ਇਕ ਵਿਅਕਤੀ ਸ਼ਹਿਰ ਦੇ ਦੂਜੇ ਪਾਸੇ ਆਪਣੇ ਸਾਥੀਆਂ ਨੂੰ ਮਿਲਣ ਜਾ ਰਿਹਾ ਸੀ। ਉਹ ਚੱਲਿਆ ਹੀ ਦੇਰ ਨਾਲ ਸੀ, ਗਰਮੀ ਵੀ ਬੜੀ ਸੀ, ਉਹ ਟੁਰਦਾ-ਟੁਰਦਾ ਥੱਕ ਗਿਆ ਸੀ ਅਤੇ ਪਿਆਸ ਲੱਗੀ ਹੋਈ ਸੀ।

ਗਰਮੀ ਅਤੇ ਥਕਾਵਟ ਕਾਰਨ ਉਸ ਨੇ ਸੋਚਿਆ, ਮੈਂ ਆਪਣੇ ਸਾਥੀਆਂ ਨੂੰ ਕਿਉਂ ਮਿਲਣ ਜਾ ਰਿਹਾ ਹਾਂ, ਉਹ ਤਾਂ ਕਦੇ ਮਿਲਣ ਆਏ ਨਹੀਂ, ਪਿਛਲੇ ਹਫਤੇ ਹੀ ਤਾਂ ਮੈਂ ਉਨ੍ਹਾਂ ਨੂੰ ਮਿਲਿਆ ਸੀ। ਇਨ੍ਹਾਂ ਸੋਚਾਂ ਨਾਲ ਉਹ ਬੇਧਿਆਨਾ ਹੋ ਕੇ ਟੁਰ ਰਿਹਾ ਸੀ।

ਅਚਾਨਕ ਉਸ ਨੂੰ ਠੁੱਡਾ ਲੱਗਾ, ਪੈਰ 'ਤੇ ਸੱਟ ਲੱਗ ਗਈ ਸੀ।

ਵੇਖਿਆ ਇਕ ਪੱਥਰ ਸੀ। ਪੱਥਰ ਨੇ ਰਸਤਾ ਰੋਕਿਆ ਹੋਇਆ ਸੀ।

ਇਹ ਪੱਥਰ ਕਿਥੋਂ ਆ ਗਿਆ ਹੈ ? ਇਹ ਜ਼ਰੂਰ ਮੇਰੇ ਦੁਸ਼ਮਣਾਂ ਨੇ ਰਖਿਆ ਹੋਵੇਗਾ, ਉਹ ਚਾਹੁੰਦੇ ਹਨ ਕਿ ਮੈਨੂੰ ਠੁੱਡਾ ਲੱਗੇ ਅਤੇ ਮੈਂ ਡਿਗ ਕੇ ਮਰ ਜਾਵਾਂ।

ਉਸ ਨੂੰ ਲੱਗਿਆ ਪੱਥਰ ਨੇ ਉਸ ਦਾ ਸਾਰਾ ਰਾਹ ਰੋਕਿਆ ਹੋਇਆ ਸੀ, ਉਸ ਦੀ ਇਸ ਸੋਚ ਕਾਰਨ, ਉਹ ਪੱਥਰ ਹੋਰ ਵੱਡਾ ਹੋ ਗਿਆ ਸੀ ਅਤੇ ਪੱਥਰ ਬੜਾ ਕੌਝਾ ਲੱਗ ਰਿਹਾ ਸੀ। ਉਹ ਪੱਥਰ, ਉਸ ਨੂੰ ਆਪਣੇ 'ਤੇ ਹੱਸ ਰਿਹਾ ਪ੍ਰਤੀਤ ਹੋਇਆ।

ਪੈਰ ਦੀ ਸੱਟ ਕਾਰਨ ਉਹ ਭੁੱਲ ਹੀ ਗਿਆ ਕਿ ਉਹ ਕਿਥੇ ਜਾ ਰਿਹਾ ਸੀ।

ਉਹ ਆਪਣੇ ਗਵਾਂਢੀ ਨੂੰ ਕੋਸ ਰਿਹਾ ਸੀ, ਉਸ ਨੂੰ ਲਗ ਰਿਹਾ ਸੀ, ਉਹ ਆ ਕੇ ਪੱਥਰ ਰੱਖ ਗਿਆ ਹੋਵੇਗਾ। ਉਹ ਗੁੱਸੇ ਵਿਚ ਗਵਾਂਢੀ ਨੂੰ ਗਾਲ੍ਹਾਂ ਕੱਢ ਰਿਹਾ ਸੀ।

ਇਕ ਜਾਣੂ ਇਸਤਰੀ ਉਥੋਂ ਲੰਘੀ, ਉਸ ਨੇ ਸਾਰੀ ਗੱਲ ਉਸ ਇਸਤਰੀ ਨੂੰ ਸੁਣਾਈ, ਇਸਤਰੀ ਨੇ, ਉਹ ਪੱਥਰ ਚੁੱਕ ਕੇ ਇਕ ਪਾਸੇ ਸੁੱਟ ਦਿੱਤਾ। ਉਹ ਵਿਅਕਤੀ ਹੈਰਾਨ ਹੋ ਕੇ ਪੁੱਛ ਰਿਹਾ ਸੀ, ਇਹ ਪੱਥਰ ਇਤਨਾ ਛੋਟਾ ਕਿਵੇਂ ਹੋ ਗਿਆ ਹੈ ?

ਇਸਤਰੀ ਨੇ ਕਿਹਾ: ਇਹ ਤਾਂ ਛੋਟਾ ਹੀ ਸੀ ਪਰ ਤੇਰੀ ਨਫ਼ਰਤ, ਸੰਕੀਰਣਤਾ, ਗਾਲ੍ਹਾਂ ਅਤੇ ਗੁੱਸੇ ਨੇ ਇਹ ਵੱਡਾ ਬਣਾ ਦਿੱਤਾ ਸੀ।

www.quotesinpunjabi.ml

QuotesInPunjabi

76

ਇਕ ਪਿੰਡ ਦੇ ਸਕੂਲ ਦਾ ਇਕ ਵਿਦਿਆਰਥੀ, ਅਮਰੀਕਾ ਵਿਚ ਪ੍ਰਸਿੱਧ ਡਾਕਟਰ ਵਜੋਂ ਸਫਲ ਅਤੇ ਖੁਸ਼ਹਾਲ ਹੋ ਕੇ, ਪਿੰਡ ਦੇ ਸਕੂਲ ਦੇ ਆਪਣੇ ਅਧਿਆਪਕ, ਸ਼ੀਸ਼ਾ ਸਿੰਘ ਨੂੰ ਮਿਲਣ ਆਇਆ। ਪਤਾ ਲੱਗਿਆ ਮਾਸਟਰ ਜੀ ਪੰਜ ਸਾਲ ਪਹਿਲਾਂ ਆਪਣੇ ਘਰੋਂ ਚਲੇ ਗਏ ਸਨ। ਸਰਪੰਚ ਨੂੰ ਮਿਲਿਆ, ਜਿਸ ਨੇ ਦੱਸਿਆ, ਮਾਸਟਰ ਜੀ ਦੀ ਪੰਦਰ੍ਹਾਂ ਏਕੜ ਜ਼ਮੀਨ ਸੀ। ਉਨ੍ਹਾਂ ਨੇ ਵੱਡਾ ਘਰ ਪਾਇਆ ਸੀ ਪਰ ਉਨ੍ਹਾਂ ਨੂੰ ਉਸ ਘਰ ਵਿਚ ਕਿਸੈ ਨੇ ਰਹਿਣ ਨਾ ਦਿੱਤਾ। ਇਕਲੌਤਾ ਅਨਪੜ੍ਹ ਪੁੱਤਰ ਲੋਕਾਂ ਸਾਹਮਣੇ ਪਿਤਾ ਦੀ ਬੇਇੱਜ਼ਤੀ ਕਰ ਦਿੰਦਾ ਸੀ ਅਤੇ ਉਸ ਤੋਂ ਮੁਜ਼ਾਰਿਆਂ ਵਾਂਗ ਕੰਮ ਕਰਵਾਉਂਦਾ ਸੀ। ਪੋਤੇ, ਦਾਦੇ ਦੀ ਪੱਗ ਲਾਹ ਦਿੰਦੇ ਸਨ। ਨੂੰਹ ਸਹੁਰੇ ਨੂੰ ਰੋਟੀ ਦੇਣੀ ਹੀ ਭੁੱਲ ਜਾਂਦੀ ਸੀ।

ਬਾਹਰੋਂ ਆਇਆ ਡਾਕਟਰ, ਮਾਸਟਰ ਜੀ ਲਈ ਕੁਝ ਚੀਜ਼ਾਂ ਲਿਆਇਆ ਸੀ, ਉਹ ਮਾਸਟਰ ਜੀ ਦੀ ਸਲਾਹ ਨਾਲ ਪਿੰਡ ਲਈ ਕੁਝ ਕਰਨਾ ਚਾਹੁੰਦਾ ਸੀ, ਉਹ ਪ੍ਰਾਇਮਰੀ ਸਕੂਲ ਨੂੰ ਹਾਈ ਸਕੂਲ ਬਣਾਉਣਾ ਚਾਹੁੰਦਾ ਸੀ। ਪਤਾ ਲੱਗਿਆ ਸ਼ੀਸ਼ਾ ਸਿੰਘ ਦੇ ਸੇਵਾ-ਮੁਕਤ ਹੋਣ ਕਾਰਨ ਸਕੂਲ ਬੰਦ ਹੋਣ ਕਿਨਾਰੇ ਸੀ।

ਡਾਕਟਰ ਇਹ ਸਭ ਸੁਣ ਕੇ ਸੁੰਨ ਹੋ ਗਿਆ ਅਤੇ ਬਿਨਾਂ ਕੁਝ ਬੋਲੇ, ਭਰੀਆਂ ਹੋਈਆਂ ਅੱਖਾਂ ਨਾਲ ਵਾਪਸ ਚਲਾ ਗਿਆ।

ਡਾਕਟਰ ਨੇ ਕਲਯੁੱਗ ਦੀਆਂ ਜਿਹੜੀਆਂ ਕਥਾਵਾਂ ਅਤੇ ਨਿਸ਼ਾਨੀਆਂ ਸੁਣੀਆਂ ਸਨ, ਉਹ ਉਸ ਪਿੰਡ ਵਿਚ ਪ੍ਰਤੱਖ ਵਿਖਾਈ ਦੇ ਰਹੀਆਂ ਸਨ।

77

ਇਕ ਸੁੰਨੇ ਰਸਤੇ 'ਤੇ ਗੱਡੀ ਰੁਕ ਗਈ ਸੀ, ਰੁਕੀ ਰਹੀ, ਸਵੇਰ ਤੋਂ ਸ਼ਾਮ ਪੈ ਗਈ ਸੀ।

ਪਹਿਲਾਂ ਸਵਾਰੀਆਂ ਨੇ ਕਾਰਨ ਜਾਣਨਾ ਚਾਹਿਆ, ਕੁਝ ਪਤਾ ਨਾ ਲੱਗਿਆ। ਫਿਰ ਸ਼ਿਕਾਇਤਾਂ ਹੋਣ ਲੱਗ ਪਈਆਂ।

ਕਿਸੇ ਨੇ ਦਸਿਆਂ, ਬੰਬ ਨਾਲ ਲਾਈਨ ਉਡਾਈ ਗਈ ਸੀ।

ਸਾਰੇ ਆਪਣੇ ਬਚ ਜਾਣ 'ਤੇ ਪ੍ਰਸੰਨ ਸਨ।

ਮੌਸਮ ਚੰਗਾ ਸੀ, ਸਾਰੇ ਉਤਰ ਕੇ ਟਹਿਲਣ ਲੱਗ ਗਏ, ਫਿਰ ਖੇਡਣ ਲੱਗ ਪਏ, ਇਸਤਰੀਆਂ-ਪੁਰਸ਼ਾਂ ਦੀ ਆਪਸ ਵਿਚ ਦਿਲਚਸਪੀ ਜਾਗ ਪਈ। ਕਿਸੇ ਕੋਲ ਜੋ ਵੀ ਖਾਣ-ਪੀਣ ਵਾਲਾ ਸੀ, ਸਭ ਪ੍ਰਸ਼ਾਦ ਵਾਂਗ ਵੰਡਿਆ ਗਿਆ। ਸਾਰੇ ਘੁਲ-ਮਿਲ ਗਏ ਸਨ।

ਨੇੜੇ ਦੇ ਪਿੰਡੋਂ ਗੁੜ ਬਣਨ ਦੀ ਖੁਸ਼ਬੂ ਆ ਰਹੀ ਸੀ। ਪਿੰਡ ਵਾਲੇ ਆ ਗਏ, ਗੁੜ ਖੁਆਇਆ, ਸਾਰਿਆਂ ਨੂੰ ਚਾਹ ਨਹੀਂ, ਦੁੱਧ ਪਿਲਾਇਆ।

ਇਵੇਂ ਇਕ ਅਚਾਨਕ ਉਪਜੀ ਸਮੱਸਿਆ ਅਤੇ ਮੁਸੀਬਤ ਸਾਰਿਆਂ ਦੇ ਸਹਿਯੋਗ ਨਾਲ, ਹਰ ਕਿਸੇ ਲਈ ਇਕ ਯਾਦਗਾਰੀ ਅਨੁਭਵ ਬਣ ਗਈ।

www.quotesinpunjabi.ml

QuotesInPunjabi

78

ਬਿਨਾਂ ਕਿਸੇ ਕਾਰਨ ਕਿਸੇ 'ਤੇ ਸ਼ੱਕ ਕਰਨਾ ਠੀਕ ਨਹੀਂ ਹੁੰਦਾ। ਸਾਡੀ ਆਦਤ ਵਿਸ਼ਵਾਸ ਕਰਨ ਵਾਲੀ ਹੋਣੀ ਚਾਹੀਦੀ ਹੈ ਪਰ ਹੈ ਇਹ ਸ਼ੱਕ ਕਰਨ ਵਾਲੀ।

ਸਮੁੰਦਰ ਦੇ ਕਿਨਾਰੇ ਇਕ ਪਰਿਵਾਰ ਪਿਕਨਿਕ ਕਰ ਰਿਹਾ ਸੀ। ਬੱਚੇ ਪਾਣੀ ਦੀਆਂ ਛੱਲਾਂ ਨਾਲ ਖੇਡ ਰਹੇ ਸਨ। ਚਿੱਟੇ ਵਾਲਾਂ ਅਤੇ ਚੰਗੇ ਨੈਣ-ਨਕਸ਼ਾਂ ਵਾਲੀ ਇਕ ਇਸਤਰੀ ਇਕ ਥੈਲੇ ਵਿਚ ਕੁਝ ਚੁੱਕ ਕੇ ਪਾਉਂਦੀ ਹੋਈ, ਉਨ੍ਹਾਂ ਵਲ ਆਈ।

ਮਾਪਿਆਂ ਨੇ ਬੱਚਿਆਂ ਨੂੰ ਬੁਲਾ ਕੇ ਕਿਹਾ ਕਿ ਉਹ ਉਸ ਔਰਤ ਦੇ ਨੇੜੇ ਨਾ ਜਾਣ।

ਉਹ ਇਸਤਰੀ ਨੇੜੇ ਆਈ, ਉਸ ਨੇ ਪਰਿਵਾਰ ਵਲ ਵੇਖਿਆ, ਮੁਸਕਰਾਈ ਪਰ ਪਰਿਵਾਰ ਨੇ ਜਾਣ-ਬੁੱਝ ਕੇ ਉਸ ਵਲ ਕੋਈ ਧਿਆਨ ਨਾ ਦਿੱਤਾ।

ਉਹ ਜਿਵੇਂ ਦੂਰੋਂ ਆਈ ਸੀ, ਉਵੇਂ ਦੂਰ ਚਲੀ ਗਈ।

ਕੁਝ ਦਿਨ ਮਗਰੋਂ ਇਕ ਹੋਟਲ ਵਿਚ, ਇਕ ਕਿੱਟੀ ਪਾਰਟੀ ਵਿਚ, ਉਸ ਇਸਤਰੀ ਦੀ ਗੱਲ ਚੱਲ ਪਈ। ਪਤਾ ਲੱਗਿਆ ਉਹ ਵਿਧਵਾ ਇਸਤਰੀ, ਇਕ ਸਕੂਲ ਵਿੱਚ ਅਧਿਆਪਕਾ ਸੀ। ਉਹ ਸਮੁੰਦਰ ਦੇ ਕਿਨਾਰੇ ਕੱਚ ਦੇ ਟੁਕੜੇ ਚੁੱਕਦੀ ਰਹਿੰਦੀ ਸੀ ਤਾਂ ਕਿ ਬੱਚਿਆਂ ਦੇ ਪੈਰਾਂ ਵਿਚ ਨਾ ਲੱਗਣ, ਉਨ੍ਹਾਂ ਨੂੰ ਜ਼ਖਮੀ ਨਾ ਕਰਨ, ਕਿਉਂਕਿ ਉਸ ਦੇ ਆਪਣੇ ਇਕਲੌਤੇ ਬੱਚੇ ਦੀ ਸਮੁੰਦਰ ਦੇ ਉਸ ਕਿਨਾਰੇ 'ਤੇ, ਕੱਚ ਚੁਭਣ ਨਾਲ ਮੌਤ ਹੋ ਗਈ ਸੀ।

79

ਪਿਆਰ, ਸਨਮਾਨ-ਅਪਮਾਨ ਤੋਂ ਮੁਕਤ ਹੁੰਦਾ ਹੈ।

ਇਕ ਵਾਰੀ ਕ੍ਰਿਸ਼ਨ ਦਾ ਸਿਰ ਦਰਦ ਕਰਨ ਲੱਗ ਪਿਆ, ਉਸ ਨੇ ਆਪ ਹੀ ਕਿਹਾ ਕਿ ਇਹ ਮੇਰੇ ਸ਼ਰਧਾਲੂਆਂ ਦੇ ਚਰਨਾਂ ਦੀ ਧੂੜ ਮਲਣ ਨਾਲ ਠੀਕ ਹੋਵੇਗਾ।

ਨਾਰਦ ਜੀ, ਸ਼ਰਧਾਲੂ ਪੰਡਤਾਂ ਕੋਲ ਗਏ ਅਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗੀ।

ਕਿਸੇ ਨੇ ਵੀ ਨਾ ਦਿੱਤੀ ਅਤੇ ਕਿਹਾ ਜੇ ਕ੍ਰਿਸ਼ਨ ਨੇ ਸਾਡੇ ਚਰਨਾਂ ਦੀ ਧੂੜ ਆਪਣੇ ਮੱਥੇ 'ਤੇ ਮਲੀ ਤਾਂ ਅਸੀਂ ਪਾਪ ਦੇ ਭਾਗੀ ਹੋਵਾਂਗੇ।

ਨਾਰਦ ਗੋਪੀਆਂ ਕੋਲ ਗਿਆ ਅਤੇ ਦੱਸਿਆ ਕਿ ਕ੍ਰਿਸ਼ਨ ਦੇ ਸਿਰ-ਦਰਦ ਨੂੰ ਦੂਰ ਕਰਨ ਲਈ, ਉਨ੍ਹਾਂ ਦੇ ਚਰਨਾਂ ਦੀ ਧੂੜ ਚਾਹੀਦੀ ਹੈ। ਗੋਪੀਆਂ ਉਸੇ ਵੇਲੇ ਝੁਕ ਕੇ ਇਕ-ਦੂਜੀ ਦੇ ਚਰਨਾਂ ਦੀ ਧੂੜ ਇਕੱਠੀ ਕਰਨ ਲੱਗ ਪਈਆਂ।

ਉਹ ਧੂੜ ਇਕੱਠੀ ਕਰਦਿਆਂ ਗਾ ਰਹੀਆਂ ਸਨ, ਸਭ ਕੁਝ ਕ੍ਰਿਸ਼ਨ ਦਾ ਹੈ, ਧੂੜ ਵੀ ਕ੍ਰਿਸ਼ਨ ਦੀ ਹੈ, ਅਸੀਂ ਵੀ ਕ੍ਰਿਸ਼ਨ ਦੀਆਂ ਹਾਂ।

ਜਦੋਂ ਦਾ ਕ੍ਰਿਸ਼ਨ ਗੋਕਲ ਗਿਆ ਸੀ, ਉਹ ਉਸ ਦੇ ਦਰਸ਼ਨਾਂ ਲਈ ਵਿਆਕੁਲ ਹੋ ਰਹੀਆਂ ਸਨ। ਉਹ ਚਰਨ ਧੂੜ ਦੇ ਥਾਲਾਂ ਨਾਲ ਨੱਚਦੀਆਂ-ਗਾਉਂਦੀਆਂ ਕਹਿ ਰਹੀਆਂ ਸਨ, ਸਾਡਾ ਮਨ, ਸਾਡਾ ਸਰੀਰ ਕ੍ਰਿਸ਼ਨ ਕੋਲ ਹੈ, ਜਾ ਵੇ ਜਾ ਨਾਰਦ, ਅਸੀਂ ਆਪਣੇ ਹੱਥਾਂ ਨਾਲ ਕ੍ਰਿਸ਼ਨ ਦੇ ਮੱਥੇ ਆਪਣੀ ਚਰਨ ਧੂੜ ਲਾਵਾਂਗੀਆਂ।

www.quotesinpunjabi.ml

QuotesInPunjabi

ਜੋ ਪੰਡਤ ਨਹੀਂ ਜਾਣ ਸਕੇ ਸਨ, ਉਹ ਜਾਣ ਗਈਆਂ ਸਨ ਕਿ ਕ੍ਰਿਸ਼ਨ ਨੇ ਸਿਰ ਦਰਦ ਦਾ ਨਾਟਕ ਰਚ ਕੇ ਉਨ੍ਹਾਂ ਗੋਪੀਆਂ ਨੂੰ ਆਪਣੇ ਕੋਲ ਬੁਲਾਇਆ ਸੀ।

ਗੋਪੀਆਂ, ਪਿਛਲੇ ਜਨਮ ਦੇ ਰਿਸ਼ੀ-ਮੁਨੀ ਸਨ।

ਉਨ੍ਹਾਂ ਨੂੰ ਕ੍ਰਿਸ਼ਨ ਦਾ ਸਾਥ ਮਾਣਨ ਲਈ, ਗੋਪੀਆਂ ਵਾਲਾ ਜਨਮ ਮਿਲਿਆ ਸੀ।

ਕ੍ਰਿਸ਼ਨ ਪ੍ਰਤੀ ਪ੍ਰੇਮ ਕਈਆਂ ਨੇ ਪ੍ਰਗਟਾਇਆ ਪਰ ਸਭ ਤੋਂ ਵੱਧ ਸਫਲ ਗੋਪੀਆਂ ਹੋਈਆਂ। ਪੰਡਤ ਸਨਮਾਨ-ਅਪਮਾਨ ਦੀ ਦੁਬਿਧਾ ਵਿਚ ਫਸੇ ਰਹੇ, ਗੋਪੀਆਂ ਕ੍ਰਿਸ਼ਨ ਪ੍ਰਤੀ ਪਿਆਰ ਦੀ ਧੁਨ ਦੀਆਂ ਪੱਕੀਆਂ ਰਹੀਆਂ।

80

ਕੀ ਪਸ਼ੂ ਵੀ ਪਿਆਰ ਕਰਦੇ ਹਨ ?

ਪਿਆਰ ਦੇ ਅਰਥ ਹਰ ਨਸਲ ਅਤੇ ਹਰ ਜੀਵ ਲਈ ਵੱਖਰੇ ਹੁੰਦੇ ਹਨ। ਪਸ਼ੂਆਂ ਵਿਚ ਵੀ ਪਿਆਰ ਕਰਨ ਦੀਆਂ ਬੜੀਆਂ ਅਦਭੁਤ ਮਿਸਾਲਾਂ ਮਿਲਦੀਆਂ ਹਨ।

ਦੋ ਬਿੱਲੀਆਂ ਦਾ ਆਪਸ ਵਿਚ ਬੜਾ ਪਿਆਰ ਸੀ। ਉਹ ਹਰ ਥਾਂ, ਹਰ ਵੇਲੇ ਇਕੱਠੀਆਂ ਰਹਿੰਦੀਆਂ ਸਨ, ਜਦੋਂ ਵੀ ਕਿਧਰੇ ਜਾਂਦੀਆਂ, ਅੱਗੇ ਪਿਛੇ ਹੋ ਕੇ ਜਾਂਦੀਆਂ, ਜੋ ਖਾਂਦੀਆਂ ਰਲ ਕੇ, ਵੰਡ ਕੇ ਖਾਂਦੀਆਂ ਸਨ। ਉਂਜ ਉਹ ਬੜੀਆਂ ਖੂੰਖਾਰ ਸਨ, ਕਿਸੇ ਨੂੰ ਨੇੜੇ ਨਹੀਂ ਸਨ ਲੱਗਣ ਦਿੰਦੀਆਂ ਪਰ ਇਕ-ਦੂਜੀ ਦੀ ਪੂਰੀ ਰੱਖਿਆ ਕਰਦੀਆਂ ਸਨ।

ਇਕ ਇਸਤਰੀ ਨੇ ਆਪਣੇ ਘਰ ਵਿਚ ਚੂਹਿਆਂ ਕਾਰਨ ਉਨ੍ਹਾਂ ਨੂੰ ਰੱਖ ਲਿਆ, ਰੱਖਣਾ ਤਾਂ ਉਹ ਇਕ ਬਿੱਲੀ ਨੂੰ ਚਾਹੁੰਦੀ ਸੀ ਪਰ ਦੋਹਾਂ ਦੇ ਸਲੀਕੇ ਤੋਂ ਪ੍ਰਭਾਵਿਤ ਹੋ ਕੇ, ਉਸ ਨੇ ਦੋਵੇਂ ਰੱਖ ਲਈਆਂ। ਕੁਝ ਦਿਨਾਂ ਵਿਚ ਹੀ ਉਸ ਨੂੰ ਮਹਿਸੂਸ ਹੋਇਆ ਕਿ ਇਕ ਬਿੱਲੀ ਅੰਨ੍ਹੀ ਸੀ ਪਰ ਪਤਾ ਨਹੀਂ ਸੀ ਲਗਦਾ ਕਿ ਕਿਹੜੀ ਅੰਨ੍ਹੀ ਸੀ।

ਉਨ੍ਹਾਂ ਦੇ ਆਪਸੀ ਪਿਆਰ ਨੇ ਪਤਾ ਹੀ ਨਾ ਲੱਗਣ ਦਿੱਤਾ ਕਿ ਕਿਹੜੀ ਅੰਨ੍ਹੀ ਸੀ।

81

ਲੋਕਾਂ ਦੀ ਬਰਦਾਸ਼ਤ ਕਰਨ ਦੀ ਇਕ ਹੱਦ ਹੁੰਦੀ ਹੈ।

ਮਿਸਰ ਵਿਚ, ਕਲੇਓਪੈਟਰਾ ਦੇ ਪਿਤਾ-ਰਾਜੇ ਨੂੰ ਉਸ ਦੀਆਂ ਦੂਜੀਆਂ ਧੀਆਂ ਨੇ ਕੈਦ ਕਰਕੇ ਆਪ ਰਾਜ ਕਰਨ ਦਾ ਯਤਨ ਕੀਤਾ।

ਆਪ ਰਾਜ ਕਰਨ ਵਾਸਤੇ, ਵੱਡੀ ਧੀ ਨੇ ਆਪਣੀਆਂ ਭੈਣਾਂ ਨੂੰ ਕੈਦ ਕਰ ਦਿੱਤਾ ਅਤੇ ਆਪਣੇ ਪਤੀ ਨੂੰ ਕਤਲ ਕਰਵਾ ਦਿੱਤਾ। ਹਰ ਰੋਜ਼ ਹੀ ਕਿਸੇ ਨਾ ਕਿਸੇ ਨੂੰ ਕਤਲ ਕੀਤਾ ਜਾਣ ਲਗ ਪਿਆ। ਉਪਰੋ-ਥਲੀ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ।

ਥੋੜ੍ਹੇ ਜਿਹੇ ਸਮੇਂ ਵਿੱਚ ਲੋਕ ਇਤਨਾ ਕੁਝ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਸਨ।

ਬਗਾਵਤ ਹੋ ਗਈ ਅਤੇ ਤਖ਼ਤ 'ਤੇ ਬੈਠੀ ਧੀ ਮੌਤ ਦੇ ਘਾਟ ਉਤਾਰ ਦਿੱਤੀ ਗਈ ਅਤੇ ਕੈਦੀ ਰਾਜੇ ਨੂੰ ਮੁੜ ਗੱਦੀ ਤੇ ਬਿਠਾ ਦਿੱਤਾ ਗਿਆ।

www.quotesinpunjabi.ml

QuotesInPunjabi

82

ਭਾਵੇਂ ਬੱਚੇ ਆਪਣੇ ਮਾਪਿਆਂ ਦਾ ਕਿਹਾ ਨਾ ਮੰਨਣ ਪਰ ਉਹ ਕਿਸੇ ਹੱਥੋਂ ਆਪਣੇ ਮਾਪਿਆਂ ਦਾ ਅਪਮਾਨ ਸਹਿਣ ਨਹੀਂ ਕਰਦੇ।

ਬੱਚੇ ਆਪਣੇ ਆਪ ਨੂੰ ਦੋਹਾਂ ਮਾਪਿਆਂ ਦਾ ਹਿੱਸਾ ਸਮਝਦੇ ਹਨ।

ਜੇ ਤਲਾਕ ਉਪਰੰਤ, ਪਤੀ ਜਾਂ ਪਤਨੀ ਆਪਣੇ ਪੁਰਾਣੇ ਜੀਵਨ-ਸਾਥੀ ਦੀ, ਬੱਚਿਆਂ ਸਾਹਮਣੇ ਨਿੰਦਾ ਕਰੇ ਤਾਂ ਹਰ ਬੱਚਾ ਸਮਝਦਾ ਹੈ, ਉਸ ਦੀ ਨਿੰਦਾ ਹੋ ਰਹੀ ਹੈ। ਉਹ ਇਸ ਨਿੰਦਾ ਦਾ ਵਿਰੋਧ ਕਰਦੇ ਹਨ। ਜੇ ਪਿਤਾ ਹੋਰ ਵਿਆਹ ਕਰਵਾ ਲਵੇ ਤਾਂ ਇਸ ਨਾਲ ਉਹ ਆਪਣੀ ਮਾਂ ਦੀ ਬੇਇੱਜ਼ਤੀ ਹੋਈ ਮਹਿਸੂਸ ਕਰਦੇ ਹਨ ਅਤੇ ਨਵੀਂ ਮਾਂ ਨਾਲ ਤਾਲ-ਮੇਲ ਨਹੀਂ ਉਸਾਰਦੇ। ਜੇ ਮਾਂ ਕਿਸੇ ਹੋਰ ਨਾਲ ਵਿਆਹ ਕਰਵਾ ਲਵੇ ਤਾਂ ਬੱਚੇ ਮਾਂ ਦੇ ਇਸ ਫੈਸਲੇ ਨੂੰ ਪ੍ਰਵਾਨਗੀ ਨਹੀਂ ਦਿੰਦੇ।

ਬੱਚਿਆਂ ਦੀਆਂ ਭਾਵਨਾਵਾਂ ਨੂੰ ਨਜ਼ਰ-ਅੰਦਾਜ਼ ਕਰਕੇ ਲਿਆ ਕੋਈ ਫੈਸਲਾ, ਸਮੱਸਿਆ ਕੋਈ ਕੋਈ ਹੀ ਸੁਲਝਾਵੇਗਾ, ਪਰ ਅਨੇਕਾਂ ਨਵੀਆਂ ਸਮੱਸਿਆਵਾਂ ਪੈਦਾ ਕਰੇਗਾ।

83

ਇਕ ਸਭਾ ਵਿਚ ਬੁੱਧ ਨੇ ਪ੍ਰਵਚਨ ਕਰਦਿਆਂ, ਇਕ ਫੁੱਲ ਵਿਖਾਇਆ।

ਹਰ ਕਿਸੇ ਨੇ ਆਪਣੇ ਢੰਗ ਨਾਲ ਉਸ ਫੁੱਲ ਦੀ ਵਿਆਖਿਆ ਕੀਤੀ, ਹਰ ਕਿਸੇ ਦਾ ਤਰਕ ਅਤੇ ਸਿਧਾਂਤ ਵੱਖਰਾ ਸੀ।

ਇਤਨੇ ਵਿੱਚ ਮਹਾਂਕਸ਼ਪ ਨਾਂ ਦਾ ਵਿਅਕਤੀ ਉੱਠਿਆ।

ਉਹ ਬੋਲਿਆ ਕੁਝ ਨਾ, ਕੇਵਲ ਮੁਸਕਰਾਇਆ।

ਬੁੱਧ ਨੇ ਕਿਹਾ: ਤੂੰ ਇਸ ਨੂੰ ਠੀਕ ਸਮਝਿਆ ਹੈਂ। ਫੁੱਲ ਉਸ ਨੂੰ ਦੇ ਦਿੱਤਾ।

ਉਸ ਦੀ ਮੁਸਕਰਾਹਟ ਵਿਚ ਖੇੜਾ ਸੀ, ਉਸ ਨੇ ਫੁੱਲ ਨੂੰ ਪ੍ਰਸੰਨਤਾ ਅਤੇ ਪ੍ਰਸੰਸਾ ਦੀ ਭਾਵਨਾ ਨਾਲ ਵੇਖਿਆ ਸੀ, ਉਹ ਫੁੱਲ ਨਾਲ ਇਕ-ਸੁਰ ਹੋ ਗਿਆ ਸੀ, ਉਹ ਖਿੜ ਗਿਆ ਸੀ, ਉਸ ਨੇ ਫੁੱਲ ਦੀ ਬੋਲੀ ਵਿਚ ਕੇਵਲ ਮੁਸਕਰਾਹਟ ਨਾਲ ਆਪਣੀ ਗੱਲ ਦੱਸੀ ਸੀ।

84

ਚੂਹਿਆਂ ਉਤੇ ਖੋਜ ਕਰਨ ਵਾਲੇ ਡਾਕਟਰ, ਹਰ ਰੋਜ਼ ਨਵੇਂ-ਨਵੇਂ ਐਲਾਨ ਕਰ ਰਹੇ ਹਨ ਕਿ ਕੀ ਖਾਓ, ਕੀ ਨਾ ਖਾਓ, ਕੀ ਕਿਤਨਾ ਖਾਓ, ਕਿਵੇਂ ਖਾਓ, ਕਦੋਂ ਖਾਓ, ਕੀ ਕਿਵੇਂ ਨਾ ਖਾਓ, ਕਦੋਂ ਕੀ ਨਾ ਖਾਓ, ਕਿਸ ਨਾਲ ਕੀ-ਕੀ ਨਾ ਖਾਓ, ਕਿਸ ਨਾਲ ਕੀ ਕਿਵੇਂ ਖਾਓ, ਕੀ ਹਰ ਰੋਜ਼ ਖਾਓ, ਕੀ ਕਦੇ ਨਾ ਖਾਓ, ਕੀ ਆਪ ਨਾ ਖਾਓ, ਕੀ ਹੋਰਾਂ ਨੂੰ ਨਾ ਖੁਆਓ, ਕੀ ਹੋਰਾਂ ਨੂੰ ਨਾ ਖਾਣ ਦਿਓ, ਕੀ ਹੋਰਾਂ ਨੂੰ ਨਾ ਖੁਆਉਣ ਦਿਓ।

ਖਾਣ-ਪੀਣ ਬਾਰੇ ਇਤਨੀ ਖੋਜ ਹੋ ਰਹੀ ਹੈ ਕਿ ਹੁਣ ਕੋਈ ਪਰਵਾਹ ਨਹੀਂ ਕਰਦਾ।

www.quotesinpunjabi.ml

QuotesInPunjabi

85

ਜਦੋਂ ਕੋਈ ਰਿਵਾਜ ਬਾਰ-ਬਾਰ ਵਿਘਨ ਪਾਵੇ, ਉਹ ਤਿਆਗ ਦਿਤਾ ਜਾਂਦਾ ਹੈ।

ਇਕ ਲੜਕੀ ਦਾ ਵਿਆਹ ਹੋਣਾ ਸੀ, ਵਿਆਹ ਤੋਂ ਕੁਝ ਦਿਨ ਪਹਿਲਾਂ ਅਚਾਨਕ ਉਸ ਦੀ ਨਾਨੀ ਮਰ ਗਈ। ਬਜ਼ੁਰਗ ਜ਼ਨਾਨੀਆਂ ਨੇ ਕਿਹਾ: ਬਦਸ਼ਗਨੀ ਹੋ ਗਈ ਹੈ, ਸੋ ਵਿਆਹ ਇਕ ਸਾਲ ਅੱਗੇ ਪਾ ਦਿੱਤਾ ਗਿਆ।

ਅਗਲੇ ਸਾਲ ਵਿਆਹ ਤੋਂ ਪਹਿਲੇ ਹਫਤੇ, ਦਾਦਾ ਜੀ ਗੁਜ਼ਰ ਗਏ। ਬਜ਼ੁਰਗਾਂ ਨੇ ਕਿਹਾ: ਬਦਸ਼ਗਨੀ ਹੋ ਗਈ ਹੈ, ਵਿਆਹ ਇਕ ਸਾਲ ਹੋਰ ਮੁਲਤਵੀ ਹੋ ਗਿਆ।

ਅਗਲੇ ਸਾਲ ਵਿਆਹ ਤੋਂ ਇਕ ਮਹੀਨਾ ਪਹਿਲਾਂ ਤਾਈ ਗੁਜ਼ਰ ਗਈ।

ਇਸ ਵਾਰੀ ਕਿਸੇ ਨੇ ਵਿਆਹ ਮੁਤਲਵੀ ਕਰਨ ਦੀ ਗੱਲ ਨਾ ਕੀਤੀ, ਸਗੋਂ ਸਾਰਿਆਂ ਨੇ ਕਿਹਾ, ਦੁੱਖ-ਸੁੱਖ ਤਾਂ ਲੱਗੇ ਰਹਿੰਦੇ ਹਨ, ਸੰਸਾਰ ਵੀ ਚਲਦਾ ਰਹਿੰਦਾ ਹੈ।

ਦੋਹਾਂ ਧਿਰਾਂ ਦੇ ਸਹਿਯੋਗ ਨਾਲ ਵਿਆਹ ਹੋ ਗਿਆ।

86

ਇਕ ਯੋਧੇ ਨੇ ਇਕ ਭਿਖਸ਼ੂ ਨੂੰ ਪੁੱਛਿਆ: ਨਰਕ ਅਤੇ ਸਵਰਗ ਵਿਚ ਕੀ ਅੰਤਰ ਹੈ ? ਭਿਖਸ਼ੂ ਨੇ ਕਿਹਾ: ਮੈਂ ਤੇਰੇ ਵਰਗੇ ਦੈਂਤ ਉਤੇ ਆਪਣਾ ਵਕਤ ਖਰਾਬ ਨਹੀਂ ਕਰਨਾ ਚਾਹੁੰਦਾ।

ਯੋਧੇ ਨੇ, ਭਿਖਸ਼ੂ ਨੂੰ ਖੂਬ ਕੁਟਾਪਾ ਚਾੜ੍ਹਿਆ ਅਤੇ ਗਾਲ੍ਹਾਂ ਵੀ ਕੱਢੀਆਂ।

ਭਿਖਸ਼ੂ ਨੇ ਮੁਸਕਰਾਉਂਦੇ ਹੋਏ ਕਿਹਾ: ਗੁੱਸਾ ਹੀ ਨਰਕ ਹੈ।

ਯੋਧੇ ਨੇ, ਭਿਖਸ਼ੂ ਤੋਂ ਮੁਆਫ਼ੀ ਮੰਗੀ।

ਭਿਖਸ਼ੂ ਨੇ ਕਿਹਾ: ਮੁਆਫੀ, ਸਵਰਗ ਹੈ।

87

ਇਕ ਗੈਸਟ ਹਾਊਸ ਵਿਚ, ਉਥੇ ਮਹਿਮਾਨ ਵਜੋਂ ਠਹਿਰਨ ਵਾਲੇ ਵੱਡੇ ਅਫਸਰਾਂ ਲਈ, ਟੈਨਿਸ ਖੇਡਣ ਦਾ ਪ੍ਰਬੰਧ ਸੀ। ਕਈ ਵਾਰੀ ਕੋਈ ਅਫਸਰ ਜਦੋਂ ਖੇਡਣ ਵਿਚ ਦਿਲਚਸਪੀ ਵਿਖਾਉਂਦਾ ਸੀ ਤਾਂ ਕੋਈ ਦੂਜਾ ਖਿਡਾਰੀ ਨਾ ਹੋਣ ਦੀ ਸੂਰਤ ਵਿਚ, ਪ੍ਰਬੰਧਕਾਂ ਨੇ ਗੈਸਟ ਹਾਊਸ ਦੇ ਇਕ ਕਰਮਚਾਰੀ, ਰੋਸ਼ਨ ਖਾਂ ਨੂੰ ਇਸ ਕੰਮ ਲਈ ਤਿਆਰ ਕਰ ਕੇ ਰੱਖਿਆ ਹੁੰਦਾ ਸੀ ਅਤੇ ਉਸ ਨੂੰ ਖਿਡਾਰੀ ਵਾਲੀ ਵਰਦੀ ਪੁਆ ਕੇ ਖਿਡਾਇਆ ਜਾਂਦਾ ਸੀ।

ਰੋਸ਼ਨ ਖਾਂ, ਅਫਸਰਾਂ ਨਾਲ ਖੇਡਣ ਵਿਚ ਮਾਹਿਰ ਹੋ ਗਿਆ ਸੀ।

ਇਕ ਵਾਰੀ ਕਿਸੇ ਹੋਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਆਇਆ ਅਤੇ ਲੋੜ ਪੈਣ 'ਤੇ ਉਸ ਨਾਲ ਰੋਸ਼ਨ ਖਾਂ ਨੂੰ ਖਿਡਵਾਇਆ ਗਿਆ, ਜਿਹੜਾ ਕਿਤਨੇ ਹੀ ਸਾਲਾਂ ਤੋਂ ਗੈਸਟ ਹਾਊਸ ਵਿਚ ਠਹਿਰਨ ਦੌਰਾਨ, ਖੇਡਣ ਵਾਲੇ ਅਫਸਰਾਂ ਦੀ ਹਉਮੈ ਤੋਂ ਜਾਣੂ ਸੀ।

ਰੋਸ਼ਨ ਖਾਂ ਨੇ ਡਿਪਟੀ ਕਮਿਸ਼ਨਰ ਨੂੰ ਇਕ ਪੁਆਇੰਟ ਨਾਲ ਹਰਾ ਦਿੱਤਾ।

ਡਿਪਟੀ ਕਮਿਸ਼ਨਰ ਨੇ ਕਿਹਾ: ਕੋਈ ਚੰਗਾ ਜਿਹਾ ਖਿਡਾਰੀ ਲਿਆਓ, ਇਹ ਤਾਂ ਮੇਰੇ ਤੋਂ ਇਕ ਪੁਆਇੰਟ ਨਾਲ ਹੀ ਜਿੱਤ ਸਕਿਆ ਹੈ।

www.quotesinpunjabi.ml

QuotesInPunjabi

ਉਥੇ ਹਾਜ਼ਰ ਸਾਰੇ, ਡਿਪਟੀ-ਕਮਿਸ਼ਨਰ ਦੀ ਗੱਲ ਸੁਣ ਕੇ ਮੁਸਕਰਾਏ।

ਰਾਤ ਨੂੰ ਖਾਣਾ ਖਾਂਦਿਆਂ, ਕਮਿਸ਼ਨਰ ਨੇ, ਮਹਿਮਾਨ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਰੋਸ਼ਨ ਖਾਂ, ਜਿਸ ਅਫਸਰ ਨਾਲ ਵੀ ਖੇਡਦਾ ਹੈ, ਆਪਣੀ ਨਿਪੁੰਨਤਾ ਲੁਕਾ ਕੇ ਖੇਡਦਾ ਹੈ ਅਤੇ ਹਰ ਕਿਸੇ ਤੋਂ ਇਕ ਪੁਆਇੰਟ ਨਾਲ ਹੀ ਜਿੱਤਦਾ ਹੈ ਅਤੇ ਕਿਸੇ ਨੂੰ ਵੀ ਉਹ ਖੇਡ ਵਿਚ ਆਪਣੀ ਉੱਚਤਾ ਅਤੇ ਨਿਪੁੰਨਤਾ ਦਾ ਅਹਿਸਾਸ ਨਹੀਂ ਹੋਣ ਦਿੰਦਾ।

ਜਿਹੋ ਜਿਹਾ ਕੋਈ ਖਿਡਾਰੀ ਹੋਵੇ, ਇਹ ਉਹੋ ਜਿਹੀ ਖੇਡ ਖੇਡਦਾ ਹੈ।

ਇਹ ਹਰ ਕਿਸੇ ਨੂੰ ਇਹੀ ਮਹਿਸੂਸ ਕਰਵਾਉਂਦਾ ਹੈ ਕਿ ਮੈਨੂੰ ਵੀ ਤੁਹਾਡੇ ਜਿਤਨੀ ਹੀ ਖੇਡ ਆਉਂਦੀ ਹੈ, ਇਵੇਂ ਉਹ ਹਰ ਕਿਸੇ ਦੀ ਹਉਮੈ ਦੀ ਰਾਖੀ ਕਰਦਾ ਹੈ।

88

ਇਕ ਉਦਾਸ ਵਿਅਕਤੀ ਦੀ ਤਸਵੀਰ ਵੇਖੀ ਜਾ ਰਹੀ ਸੀ।
ਵਕੀਲ ਨੇ ਕਿਹਾ: ਮੁਕੱਦਮਾ ਹਾਰ ਗਿਆ ਹੋਣੈ।
ਅਧਿਆਪਕ ਨੇ ਕਿਹਾ: ਇਮਤਿਹਾਨ 'ਚੋਂ ਫੇਲ੍ਹ ਹੋ ਗਿਆ ਹੋਵੇਗਾ।
ਬੈਂਕ ਮੈਨੇਜਰ ਨੇ ਕਿਹਾ: ਕਰਜ਼ਾ ਵਾਪਸ ਨਹੀਂ ਕੀਤਾ ਹੋਣਾ।
ਬਜ਼ੁਰਗ ਕਹਿ ਰਿਹਾ ਸੀ: ਬੇਰੁਜ਼ਗਾਰ ਲਗਦੈ।
ਡਾਕਟਰ ਨੇ ਕਿਹਾ: ਕਬਜ਼ੀ ਤੋਂ ਪੀੜਤ ਹੈ।
ਇੰਜੀਨੀਅਰ ਨੇ ਕਿਹਾ: ਠੇਕੇ 'ਚ ਘਾਟਾ ਪੈ ਗਿਆ ਲਗਦੈ।
ਇਸਤਰੀ ਨੇ ਕਿਹਾ: ਪਤਨੀ ਰੁੱਸ ਕੇ ਚਲੀ ਗਈ ਹੋਵੇਗੀ।
ਮਨੋਵਿਗਿਆਨੀ ਨੇ ਕਿਹਾ: ਹੀਣਤਾ ਦੀ ਭਾਵਨਾ ਦਾ ਸ਼ਿਕਾਰ ਲਗਦਾ ਹੈ।
ਪੁਰੋਹਿਤ ਨੇ ਕਿਹਾ: ਨਾਸਤਕ ਪ੍ਰਤੀਤ ਹੁੰਦਾ ਹੈ।
ਰਾਇ ਦੇਣ ਦੀ, ਇਸ ਪ੍ਰਵਿਰਤੀ ਨੂੰ ਵਿਸ਼ੇਸ਼ੱਗ-ਗਿਆਨ ਕਹਿੰਦੇ ਹਨ।

89

ਭੈੜੀਆਂ ਗੱਲਾਂ ਨੂੰ ਯਾਦ ਰੱਖਣਾ ਸੌਖਾ ਹੁੰਦਾ ਹੈ, ਚੰਗੀਆਂ ਯਾਦ ਨਹੀਂ ਰਹਿੰਦੀਆਂ।
ਇਕ ਸਭਾ ਵਿਚ ਬੁੱਧ ਵਿਖਿਆਨ ਦੇ ਰਹੇ ਸਨ।
ਇਕ ਵਿਅਕਤੀ ਨਿਰੰਤਰ ਵਿਘਨ ਪਾ ਰਿਹਾ ਸੀ, ਪਰੇਸ਼ਾਨ ਕਰ ਰਿਹਾ ਸੀ।
ਅੰਤ ਨੂੰ ਉਹ ਬੁੱਧ ਨੂੰ ਗਾਲ੍ਹਾਂ ਕੱਢ ਕੇ ਦੌੜ ਗਿਆ।
ਸ਼ਰਧਾਲੂ ਉਸ ਨੂੰ ਫੜਨ ਲਈ ਮਗਰ ਦੌੜੇ, ਬੁੱਧ ਨੇ ਰੋਕ ਦਿੱਤੇ।
ਕੁਝ ਦਿਨਾਂ ਮਗਰੋਂ, ਉਹ ਵਿਅਕਤੀ ਫਿਰ ਆਇਆ ਤਾਂ ਸ਼ਰਧਾਲੂਆਂ ਨੇ ਫੜ ਲਿਆ।
ਬੁੱਧ ਨੇ ਪੁੱਛਿਆ ਕਿਉਂ ਫੜਿਆ ਹੈ ?
ਦਸਿਆ: ਇਸ ਨੇ ਪਿਛਲੇ ਮਹੀਨੇ ਤੁਹਾਨੂੰ ਗਾਲ੍ਹਾਂ ਕੱਢੀਆਂ ਸਨ।
ਕਿਹੜੀਆਂ ਗਾਲ੍ਹਾਂ ਕੱਢੀਆਂ ਸਨ ?
ਸ਼ਰਧਾਲੂਆਂ ਨੇ ਸਾਰੀਆਂ ਗਾਲ੍ਹਾਂ ਦੁਹਰਾ ਦਿੱਤੀਆਂ।

www.quotesinpunjabi.ml

QuotesInPunjabi

ਬੁੱਧ ਨੇ ਪੁੱਛਿਆ: ਉਸ ਦਿਨ ਪ੍ਰਵਚਨ ਵਿਚ, ਮੈਂ ਕੀ ਕਿਹਾ ਸੀ ?
ਹਾਜ਼ਰ ਸ਼ਰਧਾਲੂਆਂ ਵਿਚੋਂ ਕਿਸੇ ਨੂੰ ਯਾਦ ਨਹੀਂ ਸੀ।

90

ਦੇਸ਼ ਦੀ ਆਜ਼ਾਦੀ ਦਾ ਅੰਦੋਲਨ ਚੱਲ ਰਿਹਾ ਸੀ, ਹੜਤਾਲਾਂ, ਮੁਜ਼ਾਹਰੇ ਹੋ ਰਹੇ ਸਨ। ਸਤਿਆਗ੍ਰਹਿ ਵਿਚ ਹਜ਼ਾਰਾਂ ਲੋਕ ਜੇਲ੍ਹਾਂ ਵਿਚ ਜਾ ਰਹੇ ਸਨ।

ਇਕ ਪੰਡਤ ਕਹਿ ਰਿਹਾ ਸੀ, ਅਸੀਂ ਇਸ ਦੇਸ਼ 'ਤੇ ਹਜ਼ਾਰਾਂ ਸਾਲ ਰਾਜ ਕੀਤਾ ਹੈ। ਸਾਰੀ ਜਨਤਾ ਨੂੰ ਅਸੀਂ ਆਪਣੀ ਸੇਵਾ ਵਿਚ ਲਾਈ ਰੱਖਿਆ ਹੈ। ਜਾਤਾਂ-ਪਾਤਾਂ-ਗੋਤਾਂ ਵਿਚ ਵੰਡ ਕੇ ਅਸੀਂ ਲੋਕਾਂ ਨੂੰ ਕਦੇ ਜਥੇਬੰਦ ਹੋਣ ਹੀ ਨਹੀਂ ਦਿੱਤਾ। ਸਾਡੇ ਵਿਰੁੱਧ ਸਮੁੱਚੇ ਦੇਸ਼ ਵਿਚ ਕਦੇ ਕੋਈ ਬਗਾਵਤ ਨਹੀਂ ਹੋਈ।

ਜੋ ਅੰਗਰੇਜ਼ ਸਾਨੂੰ ਨਾਲ ਲੈ ਕੇ ਚੱਲਦੇ, ਹਜ਼ਾਰਾਂ ਸਾਲ ਰਾਜ ਕਰਦੇ।
ਅਸੀਂ ਕਿਸੇ ਹੋਰ ਨੂੰ ਵਿਦਿਆ ਲੈਣ ਹੀ ਨਹੀਂ ਦਿੱਤੀ।
ਅੰਗਰੇਜ਼ ਤਾਂ ਮੂਰਖ ਨਿਕਲੇ, ਜਿਨ੍ਹਾਂ ਨੇ ਹਰ ਕਿਸੇ ਨੂੰ ਵਿਦਿਆ ਦੇ ਕੇ ਸੌ ਸਾਲ ਵਿਚ ਹੀ ਆਪਣੇ ਵਿਰੋਧੀ ਬਣਾ ਲਿਆ।
ਹੁਣ ਅੰਗਰੇਜ਼ਾਂ ਵਿਰੁਧ ਅੰਦੋਲਨ ਨਾ ਹੋਣ ਤਾਂ ਹੋਰ ਕੀ ਹੋਵੇ!

91

ਪਾਦਰੀਆਂ ਦੀ ਨਿਮਰਤਾ ਵਿਸ਼ਵਭਰ ਵਿਚ ਪ੍ਰਸਿੱਧ ਹੈ।
ਇਕ ਪਾਦਰੀ, ਗਰੀਬਾਂ ਵਾਸਤੇ ਪੈਸੇ ਮੰਗਣ ਗਿਆ।
ਇਕ ਧਨਾਢ ਪਰ ਕੰਜੂਸ ਵਿਅਕਤੀ ਨੇ ਉਸ ਨੂੰ ਗਾਲ੍ਹਾਂ ਕੱਢੀਆਂ।
ਪਾਦਰੀ ਨੇ ਕਿਹਾ: ਇਹ ਤਾਂ ਮੇਰੇ ਲਈ ਹਨ, ਕੁਝ ਗਰੀਬਾਂ ਲਈ ਵੀ ਦਿਓ।

92

ਇਕ ਪ੍ਰਸਿੱਧ ਆਗੂ, ਕਿਸੇ ਹਰੀ ਸਿੰਘ ਚਾਵਲਾ ਨਾਂ ਦੇ ਪਤਵੰਤੇ ਦੇ ਭੋਗ 'ਤੇ, ਸ਼ਰਧਾਂਜਲੀ ਭੇਟ ਕਰਦਿਆਂ, ਉਸ ਨੂੰ ਹਰੀ ਸਿੰਘ ਨਲੂਆ ਦੱਸੀ ਜਾ ਰਿਹਾ ਸੀ, ਜਿਸ ਕਾਰਨ ਸੁਣਨ ਵਾਲਿਆਂ ਵਿਚ ਘੁਸਰ-ਮੁਸਰ ਹੋ ਰਹੀ ਸੀ।

ਬੋਲਣ ਵਾਲੇ ਨੂੰ ਆਪਣੀ ਉਕਾਈ ਦਾ ਅਹਿਸਾਸ ਹੋ ਗਿਆ ਸੀ। ਉਸ ਨੇ ਮੌਕਾ ਸੰਭਾਲਦਿਆਂ, ਵਿਛੜੇ ਵਿਅਕਤੀ ਨੂੰ ਹਰੀ ਸਿੰਘ ਨਲੂਆ ਹੀ ਕਹਿਣਾ ਜਾਰੀ ਰੱਖਿਆ ਅਤੇ ਕੁਝ ਚਿਰ ਬੋਲਣ ਮਗਰੋਂ ਕਹਿਣ ਲੱਗਿਆ, ਹੁਣ ਮੈਂ ਤੁਹਾਨੂੰ ਹਰੀ ਸਿੰਘ ਚਾਵਲਾ ਦੇ ਹਰੀ ਸਿੰਘ ਨਲੂਆ ਬਣਨ ਦੀ ਗੱਲ ਸੁਣਾਉਂਦਾ ਹਾਂ। ਤੁਹਾਡੇ ਲਈ ਉਹ ਹਰੀ ਸਿੰਘ ਚਾਵਲਾ ਸਨ, ਮੇਰੇ ਲਈ ਉਹ ਹਰੀ ਸਿੰਘ ਨਲੂਆ ਸਨ।

ਪਿਛਲੀਆਂ ਚੋਣਾਂ ਦੇ ਸਬੰਧ ਵਿਚ ਮੈਨੂੰ ਅਚਾਨਕ ਪਾਰਟੀ ਪ੍ਰਧਾਨ ਦਾ ਫੋਨ ਆਇਆ ਕਿ ਜੇ ਚੋਣਾਂ ਵਿਚ ਟਿਕਟ ਚਾਹੀਦੀ ਹੈ ਤਾਂ ਦੋ ਘੰਟੇ ਵਿਚ ਚੰਡੀਗੜ੍ਹ ਪਹੁੰਚੋ।

www.quotesinpunjabi.ml

QuotesInPunjabi

ਮੈਂ ਚੰਡੀਗੜ੍ਹ ਤੋਂ ਬਹੁਤ ਦੂਰ ਸਾਂ, ਮੇਰੇ ਲਈ ਤਾਂ ਚਾਰ ਘੰਟੇ ਵਿਚ ਵੀ ਚੰਡੀਗੜ੍ਹ ਨਹੀਂ ਸੀ ਪਹੁੰਚਿਆ ਜਾ ਸਕਦਾ।

ਉਸ ਵੇਲੇ ਮੇਰੀ ਚੰਗੀ ਕਿਸਮਤ ਕਾਰਨ ਮੈਨੂੰ ਹਰੀ ਸਿੰਘ ਚਾਵਲਾ ਵਿਖਾਈ ਦਿੱਤੇ। ਮੈਂ ਉਨ੍ਹਾਂ ਨੂੰ ਆਪਣੀ ਸਮੱਸਿਆ ਦੱਸੀ, ਉਨ੍ਹਾਂ ਕਿਹਾ: ਹੁਣੇ ਚਲਦੇ ਹਾਂ, ਚੰਡੀਗੜ੍ਹ ਕਿਹੜਾ ਜਮਰੌਦ ਦਾ ਕਿਲ੍ਹਾ ਹੈ, ਜਿਥੇ ਅਪੜਿਆ ਨਹੀਂ ਜਾ ਸਕਦਾ। ਉਨ੍ਹਾਂ ਨੇ ਅਜਿਹੀ ਫੁਰਤੀ ਵਿਖਾਈ ਕਿ ਮੈਨੂੰ ਪੌਣੇ ਦੋ ਘੰਟੇ ਵਿਚ ਹੀ ਚੰਡੀਗੜ੍ਹ ਪਹੁੰਚਾ ਦਿੱਤਾ।

ਮੈਨੂੰ ਟਿਕਟ ਮਿਲ ਗਈ। ਹਰੀ ਸਿੰਘ ਚਾਵਲਾ ਦੀ ਮਦਦ ਨਾਲ ਮੈਂ ਚੋਣ ਵੀ ਜਿੱਤ ਗਿਆ ਅਤੇ ਮੰਤਰੀ ਵੀ ਬਣ ਗਿਆ।

ਉਸ ਵੇਲੇ ਮੈਂ ਹਰੀ ਸਿੰਘ ਚਾਵਲਾ ਨੂੰ ਕਿਹਾ ਸੀ: ਤੁਸੀਂ ਹੋਰਾਂ ਲਈ ਭਾਵੇਂ ਹਰੀ ਸਿੰਘ ਚਾਵਲਾ ਹੋਵੋ ਪਰ ਮੈਂ ਅੱਗੇ ਤੋਂ ਤੁਹਾਨੂੰ ਹਰੀ ਸਿੰਘ ਨਲੂਆ ਹੀ ਕਿਹਾ ਕਰਾਂਗਾ। ਸੋ ਪਿਆਰੇ ਸੱਜਣੋਂ, ਤੁਸੀਂ ਭਾਵੇਂ ਹਰੀ ਸਿੰਘ ਚਾਵਲਾ ਦੇ ਭੋਗ ਵਿਚ ਸ਼ਾਮਲ ਹੋਏ ਹੋ ਪਰ ਮੈਂ ਆਪਣੇ ਅਤਿ ਪਿਆਰੇ ਹਰੀ ਸਿੰਘ ਨਲੂਆ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹਾਂ।

93

ਲਗਭਗ ਵੀਹ ਸਾਲ ਦੀ ਉਮਰ, ਵੱਡੀਆਂ ਮੁਸ਼ਕਲਾਂ ਵਾਲੀ ਉਮਰ ਹੁੰਦੀ ਹੈ, ਕਿਉਂਕਿ ਇਸ ਉਮਰ ਵਿੱਚ ਫੈਸਲਾ ਕਰਨਾ ਹੁੰਦਾ ਹੈ ਕਿ ਖਲੋਤੇ ਰਹਿਣਾ ਹੈ ਕਿ ਚਲਦੇ ਰਹਿਣਾ ਹੈ। ਮੂੰਹ ਅੱਗੇ ਵਲ ਰੱਖਣਾ ਹੈ ਕਿ ਪਿਛੇ ਵੱਲ। ਟੋਏ ਵੇਖਣੇ ਹਨ ਜਾਂ ਤਾਰੇ ਨਿਹਾਰਨੇ ਹਨ। ਇਕੱਲਿਆਂ ਟੁਰਨਾ ਹੈ ਜਾਂ ਕਿਸੇ ਦੇ ਪਿੱਛੇ ਲੱਗਣਾ ਹੈ। ਨਵੇਂ ਰਾਹ ਉਲੀਕਣੇ ਹਨ ਜਾਂ ਹੋਰਾਂ ਦੀ ਪੈੜਚਾਲ ਅਪਨਾਉਣੀ ਹੈ। ਅੱਖਾਂ ਖੋਲ੍ਹ ਕੇ ਟੁਰਨਾ ਹੈ ਜਾਂ ਮੁੰਦ ਕੇ ਟੁਰਨਾ ਹੈ। ਛਾਤੀ ਤਾਣ ਕੇ ਟੁਰਨਾ ਹੈ ਜਾਂ ਕੁੱਬੇ ਹੋ ਕੇ ਚਲਣਾ ਹੈ। ਪਰੰਪਰਾ ਪਾਲਣੀ ਹੈ ਜਾਂ ਕੁਝ ਨਵਾਂ ਉਲੀਕਣਾ ਹੈ, ਡੂੰਘਾਣਾਂ ਮਾਪਣੀਆਂ ਹਨ ਜਾਂ ਸਿਖਰਾਂ ਛੂਹਣੀਆਂ ਹਨ।

ਫੈਸਲਾ ਕਰਨਾ ਹੁੰਦਾ ਹੈ ਕਿ ਜ਼ਿੰਦਗੀ ਤੋਂ ਲੈਣਾ ਹੀ ਲੈਣਾ ਹੈ ਜਾਂ ਦਿੰਦੇ ਹੀ ਰਹਿਣਾ ਹੈ।

ਇਸ ਉਮਰ ਵਿਚ ਕੀਤਾ ਫੈਸਲਾ ਦੱਸ ਦੇਵੇਗਾ ਕਿ ਤੁਸੀਂ ਜ਼ਿੰਦਗੀ ਵਿੱਚ ਇੰਜੀਨੀਅਰ ਬਣਨਾ ਹੈ ਜਾਂ ਲੋਹਾਰ, ਵਕੀਲ ਬਣਨਾ ਹੈ ਜਾਂ ਮੁਨਸ਼ੀ, ਡਾਕਟਰ ਬਣਨਾ ਹੈ ਜਾਂ ਕੰਪਾਊਂਡਰ, ਸਾਹਬ ਬਣਨਾ ਹੈ ਜਾਂ ਕਲਰਕ, ਪਾਰਸ ਬਣਨਾ ਹੈ ਜਾਂ ਲੋਹਾ।

94

ਇਕ ਵਾਰੀ ਇਕ ਪਰਿਵਾਰ, ਆਪਣੀ ਧੀ ਵਾਸਤੇ ਲੜਕਾ ਵੇਖਣ ਲਈ ਇਕ ਹੋਰ ਪਰਿਵਾਰ ਵਿਚ ਗਿਆ, ਜਿੱਥੇ ਲੜਕੇ ਦੀ ਵਿਧਵਾ ਮਾਂ ਆਪਣੇ ਬਾਰੇ ਦੱਸ ਰਹੀ ਸੀ: ਮੈਂ ਤਿੰਨ ਪਰਿਵਾਰ ਪਾਲੇ ਹਨ। ਪਹਿਲਾਂ ਪੰਜਤਾਲੀ ਸਾਲ ਦੀ ਉਮਰ ਵਿਚ ਮੇਰੇ ਜੇਠ ਦੀ ਮੌਤ ਹੋ ਗਈ, ਉਸਦੀ ਪਤਨੀ ਨੂੰ ਸੰਭਾਲਿਆ ਅਤੇ ਉਸ ਦੇ ਦੋ ਬੱਚੇ ਪਾਲੇ। ਫਿਰ ਜਦੋਂ ਮੇਰਾ ਪਤੀ ਚੌਤਾਲੀ ਦਾ ਹੋਇਆ ਹੀ ਸੀ ਕਿ ਮੈਂ ਵਿਧਵਾ ਹੋ ਗਈ, ਮੈਂ ਆਪਣੇ ਤਿੰਨ ਬੱਚੇ ਪਾਲ-ਪੋਸ ਕੇ ਵੱਡੇ

www.quotesinpunjabi.ml

QuotesInPunjabi
ਕੀਤੇ। ਤਿੰਨ ਸਾਲ ਪਹਿਲਾਂ ਮੇਰਾ ਦੇਵਰ ਅਜੇ ਛਤਾਲੀ ਦਾ ਨਹੀਂ ਸੀ ਹੋਇਆ ਕਿ ਉਹ ਚਲ ਵਸਿਆ, ਉਸ ਦੇ ਤਿੰਨ ਬੱਚੇ ਪਾਲ ਰਹੀ ਹਾਂ।

ਲੜਕੀ ਦੀਆਂ ਰਿਸ਼ਤੇਦਾਰ ਇਸਤਰੀਆਂ ਘਰ-ਬਾਰ ਅਤੇ ਜਾਇਦਾਦ ਤੋਂ ਪ੍ਰਭਾਵਿਤ ਹੋ ਕੇ, ਨਾਲ ਗਏ ਪੁਰਸ਼ ਨੂੰ ਕਹਿ ਰਹੀਆਂ ਸਨ: ਸਭ ਕੁਝ ਚੰਗਾ ਅਤੇ ਠੀਕ ਹੈ। ਸਾਨੂੰ ਲੜਕਾ ਪ੍ਰਵਾਨ ਕਰਨ ਦੀ ਹਾਮੀ ਭਰ ਦੇਣੀ ਚਾਹੀਦੀ ਹੈ।

ਉਹ ਪੁਰਸ਼ ਕਹਿ ਰਿਹਾ ਸੀ: ਘਰ ਜਾ ਕੇ ਵਿਚਾਰ ਕਰਾਂਗੇ, ਫਿਰ ਜੋ ਫੈਸਲਾ ਹੋਇਆ ਦੱਸਾਂਗੇ। ਇਸਤਰੀਆਂ ਹਾਂ ਕਹਿਣ ਲਈ ਕਾਹਲੀਆਂ ਪਈਆਂ ਹੋਈਆਂ ਸਨ ਪਰ ਪੁਰਸ਼ ਕਹਿ ਰਿਹਾ ਸੀ, ਜੇ ਹਾਂ ਕਹਿਣੀ ਹੈ ਤਾਂ ਵੀ ਪਹਿਲਾਂ ਸੋਚ-ਵਿਚਾਰ ਕਰ ਲੈਣੀ ਚਾਹੀਦੀ ਹੈ।

ਘਰ ਪਹੁੰਚ ਕੇ ਵੀ ਇਸਤਰੀਆਂ ਦਾ ਮੱਤ ਸੀ ਕਿ ਉਥੇ ਹੀ ਹਾਂ ਕਹਿ ਦੇਣੀ ਚਾਹੀਦੀ ਸੀ। ਉਸ ਪੁਰਸ਼ ਨੇ ਕਿਹਾ: ਤੁਸੀਂ ਧਿਆਨ ਨਹੀਂ ਦਿੱਤਾ, ਉਸ ਪਰਿਵਾਰ ਵਿਚ ਕੋਈ ਸਮੱਸਿਆ ਹੈ, ਜਿਸ ਕਾਰਨ ਪੁਰਸ਼ ਚੌਤਾਲੀ-ਪੰਜਤਾਲੀ ਸਾਲ ਦੀ ਉਮਰ ਵਿਚ ਮਰ ਜਾਂਦੇ ਹਨ।

ਸਾਡੀ ਧੀ ਤੀਹ ਸਾਲਾਂ ਦੀ ਹੋਈ ਪਈ ਹੈ, ਜੇ ਪੰਦਰ੍ਹਾਂ-ਸੋਲ੍ਹਾਂ ਸਾਲਾਂ ਵਿਚ ਇਸ ਦਾ ਵਿਧਵਾ ਹੋਣਾ ਪ੍ਰਵਾਨ ਹੈ ਤਾਂ ਹਾਂ ਕਰ ਦਿਓ।

95

ਇਕ ਬੁਲਾਰੇ ਨੇ ਕੱਟੜ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ, ਇਕ ਧਾਰਮਿਕ ਪਤਵੰਤੇ ਨੂੰ ਮਹਾਨ ਮਨੁੱਖ ਕਿਹਾ। ਸ਼ਰਧਾਲੂ ਇਤਰਾਜ਼ ਕਰਨ ਲੱਗ ਪਏ ਕਿ ਪੈਗੰਬਰ ਕਿਉਂ ਨਹੀਂ ਕਿਹਾ, ਮਨੁੱਖ ਕਹਿ ਕੇ ਅਪਮਾਨ ਕੀਤਾ ਹੈ।

ਬੁਲਾਰਾ ਉਨ੍ਹਾਂ ਦੀ ਸੂਝ-ਬੂਝ ਦੀ ਪੱਧਰ ਨੂੰ ਸਮਝ ਗਿਆ ਅਤੇ ਸਥਿਤੀ ਨੂੰ ਵਿਗੜਨ ਤੋਂ ਰੋਕਦਾ ਹੋਇਆ, ਕਹਿਣ ਲੱਗਾ: ਮੈਂ ਉਨ੍ਹਾਂ ਨੂੰ ਮਹਾਨ ਮਨੁੱਖ ਇਸ ਲਈ ਕਿਹਾ ਹੈ, ਕਿਉਂਕਿ ਅਜੇ ਸਾਡੇ ਵਿਚ ਮਨੁੱਖਾਂ ਵਾਲੇ ਗੁਣ ਨਹੀਂ ਆਏ, ਸੋ ਉਨ੍ਹਾਂ ਦਾ ਮਹਾਨ ਮਨੁੱਖ ਹੋਣਾ ਸਾਡੇ ਲਈ ਪੈਗੰਬਰ ਹੋਣ ਬਰਾਬਰ ਹੈ। ਜਦੋਂ ਅਸੀਂ ਸਾਰੇ ਚੰਗੇ ਮਨੁੱਖ ਬਣ ਜਾਵਾਂਗੇ ਤਾਂ ਮੈਂ ਉਨ੍ਹਾਂ ਨੂੰ ਪੈਗੰਬਰ ਹੀ ਕਿਹਾ ਕਰਾਂਗਾ।

96

ਪੱਛੜੇ ਇਲਾਕੇ ਦੇ ਇਕ ਪਿੰਡ ਵਿੱਚ ਇਕ ਸਮਾਧ ਸੀ, ਜਿਸ ਬਾਰੇ ਮਨੌਤ ਸੀ ਕਿ ਜਿਹੜਾ ਲਗਾਤਾਰ ਸੱਤ ਐਤਵਾਰ ਸਭ ਤੋਂ ਪਹਿਲਾਂ ਸਮਾਧ ਉੱਤੇ ਤਾਜ਼ੇ ਗੋਬਰ ਦਾ ਲੇਪ ਕਰੇਗਾ, ਉਸ ਦੀਆਂ ਮੁਰਾਦਾਂ ਪੂਰੀਆਂ ਹੋਣਗੀਆਂ।

ਲੋਕ ਮੁਰਾਦਾਂ ਕਰਨ ਲਗ ਪਏ ਸਨ, ਜਿਨ੍ਹਾਂ ਦਾ ਵਿਆਹ ਨਹੀਂ ਸੀ ਹੁੰਦਾ, ਉਹ ਵਿਆਹ ਲਈ, ਜਿਨ੍ਹਾਂ ਦੇ ਪਤੀ ਵੱਸ ਵਿਚ ਨਹੀਂ ਸਨ, ਉਹ ਪਤੀ ਵੱਸ ਵਿਚ ਕਰਨ ਲਈ, ਜਿਨ੍ਹਾਂ ਦੇ ਔਲਾਦ ਨਹੀਂ ਸੀ, ਉਹ ਔਲਾਦ ਲਈ ਇੱਛਾ ਕਰਨ ਲੱਗ ਪਏ ਸਨ।

ਐਤਵਾਰ ਵਾਲੇ ਦਿਨ ਸਮਾਧ 'ਤੇ ਮੇਲੇ ਵਰਗੀ ਰੌਣਕ ਹੋਣ ਲੱਗ ਪਈ ਸੀ।

www.quotesinpunjabi.ml

QuotesInPunjabi

ਲੋਕਾਂ ਨੂੰ ਕੁਝ ਮਹੱਤਵਪੂਰਨ ਕਰਨ ਦਾ ਆਹਰ ਮਿਲ ਗਿਆ ਸੀ।

ਕਿਸੇ ਦੇ ਸੱਤ ਐਤਵਾਰ ਪੂਰੇ ਨਹੀਂ ਸਨ ਹੁੰਦੇ, ਕੋਈ ਨਾ ਕੋਈ ਵਿਘਨ ਪੈ ਜਾਂਦਾ ਸੀ।

ਇਕ ਦੇ ਛੇ ਐਤਵਾਰ ਹੋ ਗਏ ਸਨ, ਸੱਤਵੇਂ ਲਈ ਪਹੁੰਚ ਕੇ ਵੇਖਿਆ, ਸਮਾਧ 'ਤੇ ਪਹਿਲਾਂ ਹੀ ਲੇਪ ਹੋਇਆ ਪਿਆ ਸੀ। ਕਹਿੰਦੇ ਹਨ, ਕੋਈ ਬਲਦਾਂ ਦੀ ਜੋੜੀ ਲੈ ਕੇ ਸਮਾਧ ਕੋਲੋਂ ਲੰਘ ਰਿਹਾ ਸੀ ਕਿ ਬਲਦਾਂ ਨੇ ਗੋਬਰ ਦਾ ਢੇਰ ਲਾ ਦਿੱਤਾ, ਮਾਲਕ ਨੇ ਸੋਚਿਆ, ਪਹਿਲਾ ਐਤਵਾਰ ਹੈ, ਲੇਪ ਕਰ ਦੇਈਏ। ਉਸ ਦਾ ਤਾਂ ਪਹਿਲਾ ਐਤਵਾਰ ਹੋ ਗਿਆ ਸੀ ਪਰ ਉਹ ਕਿਸੇ ਹੋਰ ਦੇ ਛੇ ਐਤਵਾਰ ਮੇਟ ਗਿਆ ਸੀ।

ਪਹਿਲਾ ਵੀ ਹਟਿਆ ਨਹੀਂ, ਲੇਪ ਕਰਨਾ ਨਵੇਂ ਸਿਰਿਓਂ ਆਰੰਭ ਕਰ ਦਿੱਤਾ।

ਸ਼ਰਧਾਲੂਆਂ ਨੇ ਸਮਾਧ 'ਤੇ ਕਮਰੇ ਬਣਵਾ ਦਿੱਤੇ ਸਨ।

ਸਰੋਵਰ ਵੀ ਬਣ ਗਿਆ ਸੀ ਅਤੇ ਸਰੋਵਰ ਵਿਚ ਨਹਾਉਣ ਬਾਰੇ ਨਵੀਂ ਮਨੌਤ ਚਲ ਪਈ ਸੀ। ਕਈ ਲੋਕ ਐਤਵਾਰ, ਪਹਿਲੇ ਨਹਾਉਣ ਵਾਸਤੇ, ਸ਼ਨੀਵਾਰ ਦੀ ਰਾਤ ਨੂੰ ਹੀ ਸਰੋਵਰ ਵਿਚ ਵੜ ਜਾਂਦੇ ਸਨ।

ਮੁਰਾਦ ਪੂਰੀ ਹੁੰਦੀ ਸੀ ਕਿ ਨਹੀਂ ਹੁੰਦੀ ਸੀ, ਕਿਸੇ ਨੂੰ ਪਰਵਾਹ ਨਹੀਂ ਸੀ, ਪਰਵਾਹ ਸੱਤ ਵਾਰੀਆਂ ਪੂਰੀਆਂ ਕਰਨ ਦੀ ਸੀ।

ਕਈਆਂ ਦੀ ਤੀਜੀ-ਚੌਥੀ ਵਾਰੀ ਵਿਚ ਹੀ ਮੁਰਾਦ ਪੂਰੀ ਹੋ ਜਾਣ ਲੱਗ ਪਈ ਅਤੇ ਉਹ ਬੈਂਡ-ਵਾਜੇ ਨਾਲ ਸ਼ੁਕਰਾਨਾ ਕਰਨ ਆਉਣ ਲੱਗ ਪਏ ਅਤੇ ਹੋਰਾਂ ਦਾ ਉਤਸ਼ਾਹ ਵਧਾਉਣ ਲੱਗ ਪਏ। ਇਕ ਨਵਾਂ ਧਾਰਮਿਕ ਸਥਾਨ ਉਸਰ ਰਿਹਾ ਸੀ।

ਬਹੁਤੇ ਪੁਰਾਣੇ ਧਾਰਮਿਕ ਸਥਾਨ ਇਵੇਂ ਹੀ ਉਸਰੇ ਹੋਏ ਹਨ।

97

ਧਾਰਮਿਕ ਸੋਚ ਵਾਲੇ, ਪੁਰਾਣੇ ਜ਼ਮਾਨੇ ਦੇ ਲੋਕ ਹੋਰ ਤਰ੍ਹਾਂ ਸੋਚਦੇ ਸਨ।

ਲੁੱਟੇ ਜਾਣ ਉਪਰੰਤ, ਇਕ ਵਿਅਕਤੀ ਕਹਿ ਰਿਹਾ ਸੀ: ਵਾਹਿਗੁਰੂ ਦਾ ਸ਼ੁਕਰ ਹੈ, ਮੈਨੂੰ ਪਹਿਲਾਂ ਕਿਸੇ ਨੇ ਕਦੇ ਲੁੱਟਿਆ ਨਹੀਂ, ਪਹਿਲੀ ਵਾਰ ਲੁੱਟਿਆ ਗਿਆ ਹਾਂ।

ਸ਼ੁਕਰ ਹੈ ਲੁਟੇਰੇ ਮੇਰਾ ਬਟੂਆ ਹੀ ਲੈ ਕੇ ਗਏ ਹਨ, ਮੇਰੀ ਜਾਨ ਵੀ ਲੈ ਸਕਦੇ ਸਨ, ਵਾਹਿਗੁਰੂ ਨੇ ਹੱਥ ਦੇ ਕੇ ਬਚਾਇਆ ਹੈ।

ਲੁਟੇਰੇ ਸਮਝਦੇ ਹੋਣਗੇ ਕਿ ਉਹ ਬਹੁਤ ਕੁਝ ਲੈ ਗਏ ਹਨ ਪਰ ਵਾਹਿਗੁਰੂ ਦੀ ਸਮੁੱਚੀ ਬਖਸ਼ਿਸ਼ ਵਿਚੋਂ, ਉਹ ਕੁਝ ਵੀ ਨਹੀਂ ਲੈ ਕੇ ਗਏ। ਸਭ ਤੋਂ ਵੱਡੀ ਤਸੱਲੀ ਮੈਨੂੰ ਇਸ ਗੱਲ ਦੀ ਹੈ ਕਿ ਉਨ੍ਹਾਂ ਨੇ ਮੈਨੂੰ ਲੁੱਟਿਆ ਹੈ, ਮੈਂ ਉਨ੍ਹਾਂ ਨੂੰ ਨਹੀਂ ਲੁੱਟਿਆ।

ਅਜੋਕਾ ਜ਼ਮਾਨਾ ਤਾਂ ਹੈ ਹੀ ਭਾਂਤ-ਭਾਂਤ ਦੇ ਲੁਟੇਰਿਆਂ ਦਾ, ਹਰ ਕੋਈ, ਹਰ ਕਿਸੇ ਨੂੰ, ਹਰ ਢੰਗ ਨਾਲ, ਹਰ ਪਖੋਂ ਖੂਬ ਲੁੱਟ ਰਿਹਾ ਹੈ।

www.quotesinpunjabi.ml

QuotesInPunjabi

98

ਬੰਦੇ ਵਿਚ ਤਰ੍ਹਾਂ-ਤਰ੍ਹਾਂ ਦੇ ਜਾਨਵਰ ਮੌਜੂਦ ਹਨ, ਜਦੋਂ ਕਿ ਕਿਸੇ ਜਾਨਵਰ ਵਿਚੋਂ ਕਿਸੇ ਦੂਜੇ ਜਾਨਵਰ ਦੀ ਝਲਕ ਨਹੀਂ ਪੈਂਦੀ।

ਕਈਆਂ ਨੇ ਕੁੱਤੇ ਪਾਲੇ ਹੁੰਦੇ ਹਨ ਪਰ ਭੌਂਕਦੇ ਉਹ ਆਪ ਹਨ।

ਉਂਜ ਵੀ ਉਹ ਜਾਨਵਰਾਂ ਵਾਂਗ ਬੋਲਦੇ ਹਨ।

ਕੋਈ ਪਸ਼ੂ-ਭਾਸ਼ਾ ਵਿਚ ਕਹਿ ਰਿਹਾ ਸੀ: ਕੱਲ੍ਹ ਸਵੇਰੇ ਉਹ ਮੈਨੂੰ ਟੱਕਰ ਪਿਆ, ਉਹ ਤਾਂ ਪਾ ਪਾ ਕੇ ਸੂਰ ਬਣਿਆ ਹੋਇਆ ਸੀ। ਸਾਨ੍ਹ ਵਾਂਗ ਪੂਰੀ ਸੜਕ ਮੱਲ ਕੇ ਟੁਰ ਰਿਹਾ ਸੀ।

ਕਾਲੇ ਕੱਪੜਿਆਂ ਵਿੱਚ ਨਿਰਾ ਰਿੱਛ ਲੱਗਦਾ ਸੀ।

ਜਦੋਂ ਮੈਂ ਕਿਹਾ: ਅੱਜ-ਕੱਲ੍ਹ ਤੂੰ ਬੜੀ ਪੂਛ ਚੁੱਕੀ ਹੋਈ ਹੈ, ਤਾਂ ਬੱਕਰੀ ਵਾਂਗ ਮਿਆਂਕਣ ਲੱਗ ਪਿਆ। ਮੈਂ ਕਿਹਾ: ਖੱਚਰ ਵਾਂਗ ਅੜਨ ਦਾ ਕੀ ਲਾਭ ਪਰ ਉਹ ਊਠ ਵਾਂਗ ਉਲਰ ਕੇ ਕਹਿਣ ਲੱਗਾ, ਓਏ ਠੂੰਹੇ, ਜੇ ਤੂੰ ਸੱਪ ਵਾਂਗ ਫੁੰਕਾਰੇ ਮਾਰਨੇ ਬੰਦ ਕਰੇਂ ਤਾਂ ਮੈਂ ਤੇਰੇ ਦਿਮਾਗ ਵਿਚੋਂ ਚਰਬੀ ਹਟਾਵਾਂ ਅਤੇ ਸਾਬਤ ਕਰਾਂ ਕਿ ਤੂੰ ਨਿਰਾ ਉਲੂ ਹੈਂ।

ਮੈਂ ਕਿਹਾ, ਜਿਹੜੀ ਛਿੱਪਕਲੀ ਦੇ ਮਗਰ ਤੂੰ ਲਗਿਆ ਹੋਇਆ ਹੈਂ, ਉਸ ਦੇ ਆਲੇ-ਦੁਆਲੇ, ਪਹਿਲਾਂ ਹੀ ਕਈ ਡੂੰਡ ਮੰਡਲਾ ਰਹੇ ਹਨ।

ਫਿਰ ਸਾਡੇ ਸਿੰਗ ਫਸ ਗਏ ਅਤੇ ਅਸੀਂ ਝੋਟਿਆਂ ਵਾਂਗ ਲੜੇ।

ਮੈਂ ਉਸਦੀ ਬੜ੍ਹਕ ਹਮੇਸ਼ਾ ਵਾਸਤੇ ਬੰਦ ਕਰ ਦਿੱਤੀ ਹੈ।

ਹੁਣ ਉਹ ਜਦੋਂ ਮਿਲਦਾ ਹੈ, ਮੈਨੂੰ ਮਗਰਮੱਛ ਵਾਂਗ ਵੇਖਦਾ ਹੈ।

99

ਭਾਰਤ ਦੀ ਵਿਸ਼ਾਲ ਸਭਿਅਤਾ ਵਿਚ ਮਾਤਾ-ਪਿਤਾ ਦੀ ਸੇਵਾ ਸ੍ਰਵਣ ਕੁਮਾਰ ਦੀ ਪ੍ਰਸਿੱਧ ਹੈ, ਮਿਤ੍ਰਤਾ ਸ੍ਰੀ ਕ੍ਰਿਸ਼ਨ ਦੀ, ਮਰਿਯਾਦਾ ਸ੍ਰੀ ਰਾਮ ਦੀ, ਭਰਾਤਰੀਅਤਾ ਲਛਮਣ ਦੀ, ਗੁਰੂ ਭਗਤੀ ਏਕਲਵਯ ਦੀ, ਧਰਮ ਯੁਧਿਸ਼ਟਰ ਦਾ, ਤਪੱਸਿਆ ਮਹਾਵੀਰ ਦੀ, ਗਿਆਨ ਬੁੱਧ ਦਾ, ਤਯਾਗ ਮਹਾਰਿਸ਼ੀ ਦਧਿਚੀ ਦਾ, ਭਗਤੀ ਪ੍ਰਹਿਲਾਦ ਦੀ, ਬ੍ਰਹਮਚਾਰਯ ਭੀਸ਼ਮ ਪਿਤਾਮਾ ਦਾ, ਦਾਨ ਕਰੁਣ ਦਾ, ਸੇਵਾ ਹਨੂੰਮਾਨ ਦੀ।

100

ਇਕ ਰਾਜਾ, ਵਿਰਸੇ ਵਿਚ ਮਿਲੀ ਰਾਜਗੱਦੀ 'ਤੇ ਜਦੋਂ ਬੈਠਿਆ ਤਾਂ ਮਿਹਨਤ ਕਰਨ ਬਿਨਾਂ ਗੱਦੀ ਮਿਲਣ ਕਾਰਨ, ਉਸ ਦਾ ਅਕਲ ਵਾਲਾ ਪੱਖ ਕਮਜ਼ੋਰ ਸੀ।

ਸ਼ਿਕਾਰ ਕਰਦਿਆਂ, ਇਕ ਵਾਰੀ ਰਾਜੇ ਦੇ ਪੈਰ ਵਿੱਚ ਕੰਡਾ ਚੁੱਭ ਗਿਆ, ਉਸ ਨੇ ਹੁਕਮ ਦਿੱਤਾ ਕਿ ਰਾਜ ਦੀ ਸਮੁੱਚੀ ਧਰਤੀ 'ਤੇ ਗਲੀਚੇ ਵਿਛਾ ਦਿਓ।

ਵਜ਼ੀਰ ਨੇ ਪੁੱਛਿਆ: ਪੈਸੇ ਕਿਥੋਂ ਆਉਣਗੇ? ਦੂਜੇ ਨੇ ਕਿਹਾ, ਸਭ ਜਗ੍ਹਾ ਗਲੀਚੇ ਵਿਛਾਉਣ ਦੀ ਥਾਂ ਤੁਸੀਂ ਹੀ ਜੁੱਤੀ ਪਹਿਨ ਲਓ।

www.quotesinpunjabi.ml

QuotesInPunjabi

ਇਹ ਸੁਣ ਕੇ ਰਾਜੇ ਨੇ ਆਪਣਾ ਗਲੀਚੇ ਵਿਛਾਉਣ ਵਾਲਾ ਹੁਕਮ ਵਾਪਸ ਲੈ ਲਿਆ ਅਤੇ ਨਵਾਂ ਹੁਕਮ ਦੇ ਦਿੱਤਾ, ਦੇਸ਼ ਦੀ ਸਾਰੀ ਜਨਤਾ ਨੂੰ ਜੁੱਤੇ ਪਹਿਨਾ ਦਿਓ।

ਜੇ ਇਹੋ ਜਿਹੇ ਗੱਦੀ 'ਤੇ ਬੈਠਣਗੇ ਤਾਂ ਇਹੋ ਜਿਹੇ ਹੀ ਹੁਕਮ ਜਾਰੀ ਹੋਣਗੇ।

101

ਰਾਜਪੂਤਾਂ ਵਿਚ, ਸਤੀ ਦੀ ਰਸਮ ਪਤੀ ਦੇ ਮਰਨ ਉਪਰੰਤ, ਪਤਨੀ ਵਲੋਂ ਉਸ ਦੀ ਚਿਤਾ ਵਿਚ ਸੜ ਮਰਨ ਦੀ ਰਸਮ ਨਹੀਂ ਸੀ, ਸਗੋਂ ਸਤੀ ਦੀ ਰਸਮ ਉਸ ਸਮੇਂ ਹੁੰਦੀ ਸੀ, ਜਦੋਂ ਦੁਸ਼ਮਣ ਦੇ ਹਮਲੇ ਵੇਲੇ, ਰਾਜਪੂਤ ਯੋਧਿਆਂ ਨੂੰ ਪਤਾ ਹੁੰਦਾ ਸੀ ਕਿ ਯੁੱਧ ਵਿਚ ਉਨ੍ਹਾਂ ਦੀ ਮੌਤ ਨਿਸ਼ਚਿਤ ਸੀ, ਸੋ ਪਤੀ ਦੇ ਯੁੱਧ ਵਿਚ ਮਰਨ ਉਪਰੰਤ, ਦੁਸ਼ਮਣ ਦੇ ਹੱਥੋਂ ਹੋਣ ਵਾਲੀ ਬੇਇਜ਼ਤੀ ਤੋਂ ਬਚਣ ਲਈ ਅਤੇ ਰਾਜਪੂਤ ਪਤੀ ਦੀ ਆਨ-ਆਬਰੂ ਦੀ ਰੱਖਿਆ ਕਰਨ ਵਾਸਤੇ, ਉਨ੍ਹਾਂ ਦੀਆਂ ਪਤਨੀਆਂ, ਦੁਲਹਨਾਂ ਵਾਂਗ ਸੱਜ ਕੇ, ਕਿਲ੍ਹੇ ਅੰਦਰ ਬਾਲੀ ਗਈ ਅੱਗ ਵਿਚ, ਸਵੈ-ਇੱਛਾ ਨਾਲ, ਪ੍ਰਸੰਨ-ਚਿੱਤ ਹੋ ਕੇ, ਛਾਲਾਂ ਮਾਰ ਦਿੰਦੀਆਂ ਸਨ।

ਪਤਨੀਆਂ ਦੇ ਸਤੀ ਹੋਣ ਉਪਰੰਤ, ਰਾਜਪੂਤ, ਭਗਵੇਂ ਲਿਬਾਸਾਂ ਵਿਚ, ਜ਼ਿੰਦਗੀ-ਮੌਤ ਅਤੇ ਅਣਖ ਦੀ ਲੜਾਈ ਲੜਨ ਵਾਸਤੇ, ਅਤੇ ਆਪਣੇ ਰਾਜਪੂਤ ਹੋਣ ਦਾ ਪ੍ਰਮਾਣ ਦੇਣ ਲਈ, ਯੁੱਧ ਦੇ ਮੈਦਾਨ ਵਿਚ ਉਤਰਦੇ ਸਨ ਅਤੇ ਵੀਰਗਤੀ ਪ੍ਰਾਪਤ ਕਰਦੇ ਸਨ।

102

ਇਕ ਸਖਤ ਸੁਭਾਓ ਵਾਲੇ ਹਾਕਮ ਕੋਲ ਦੋ ਫੁੱਲਦਾਨ ਸਨ। ਉਸ ਨੇ ਐਲਾਨ ਕੀਤਾ ਹੋਇਆ ਸੀ ਕਿ ਜਿਸ ਨੇ ਫੁੱਲਦਾਨ ਤੋੜਿਆ, ਉਸ ਨੂੰ ਫਾਂਸੀ ਦੀ ਸਜ਼ਾ ਹੋਵੇਗੀ। ਇਕ ਦਿਨ ਨੌਕਰ ਤੋਂ ਇਕ ਫੁੱਲਦਾਨ, ਸਾਫ ਕਰਦਿਆਂ ਟੁੱਟ ਗਿਆ। ਐਲਾਨ ਅਨੁਸਾਰ ਫਾਂਸੀ ਦੀ ਸਜ਼ਾ ਸੁਣਾਈ ਗਈ। ਫਾਂਸੀ ਲਾਉਣ ਤੋਂ ਪਹਿਲਾਂ, ਧਾਰਮਿਕ ਰੀਤ ਅਨੁਸਾਰ, ਜਦੋਂ ਆਖਰੀ ਖਾਹਿਸ਼ ਪੁੱਛੀ ਗਈ ਤਾਂ ਨੌਕਰ ਨੇ ਕਿਹਾ, ਦੂਜਾ ਫੁੱਲਦਾਨ ਵੇਖਣਾ ਚਾਹੁੰਦਾ ਹਾਂ।

ਫੁੱਲਦਾਨ ਵਿਖਾਇਆ ਗਿਆ, ਨੌਕਰ ਨੇ ਪਕੜਿਆ ਅਤੇ ਤੋੜ ਦਿੱਤਾ।

ਪੁੱਛਿਆ ਗਿਆ, ਇਵੇਂ ਕਿਉਂ ਕੀਤਾ ਹੈ ?

ਨੌਕਰ ਨੇ ਕਿਹਾ, ਇਹ ਤੋੜ ਕੇ ਮੈਂ ਇਕ ਇਨਸਾਨ ਦੀ ਜਾਨ ਬਚਾਈ ਹੈ।

ਹਰ ਚੀਜ਼ ਨੇ ਆਖਰ ਟੁੱਟਣਾ ਹੀ ਹੁੰਦਾ ਹੈ।

ਇਕ ਫੁੱਲਦਾਨ ਟੁੱਟਣ ਕਾਰਨ, ਮੈਨੂੰ ਤਾਂ ਫਾਂਸੀ ਲੱਗ ਹੀ ਰਹੀ ਹੈ, ਇਤਨੀ ਨਿੱਕੀ ਜਿਹੀ ਗੱਲ ਪਿਛੇ ਕੋਈ ਹੋਰ ਨਿਰਦੋਸ਼ ਵਿਅਕਤੀ ਕਿਉਂ ਫਾਂਸੀ ਲੱਗੇ ?

103

ਇਕ ਅਨਾੜੀ ਪਰ ਚਲਾਕ ਉਸਤਾਦ ਨੇ ਤੀਰ-ਅੰਦਾਜ਼ੀ ਸਿਖਾਉਣ ਲਈ ਸੰਸਥਾ ਖੋਲ੍ਹੀ। ਉਹ ਆਪਣੀ ਸੰਸਥਾ ਚਲਾਕੀ ਨਾਲ ਹੀ ਚਲਾਈ ਜਾ ਰਿਹਾ ਸੀ।

www.quotesinpunjabi.ml

Quotes in Punjabi

ਨਿਸ਼ਾਨਚੀ ਦੇਖਦਾ, ਉਹ ਆਪਣਾ ਤੀਰ ਛੱਡਦਾ ਸੀ, ਜਿਹੜਾ ਅਕਸਰ ਨਹੀਂ ਲੱਗਦਾ ਸੀ, ਮਗਰੋਂ ਉਹ ਛੱਡੇ ਗਏ ਤੀਰ ਬਾਰੇ ਕਹਿੰਦਾ ਸੀ: ਇਹ ਤੀਰ ਮੈਂ ਇਸ ਉਦੇਸ਼ ਨਾਲ ਛੱਡਿਆ ਹੈ ਕਿ ਤੁਸੀਂ ਜਾਣੋ ਕਿ ਇਵੇਂ ਤੀਰ ਨਹੀਂ ਛੱਡਣਾ, ਇਹ ਇਕ ਅਨਾੜੀ ਬੰਦੇ ਦਾ ਨਿਸ਼ਾਨਾ ਸੀ। ਫਿਰ ਛੱਡਦਾ ਸੀ, ਨਾ ਲੱਗਣ 'ਤੇ ਕਹਿੰਦਾ ਸੀ: ਇਹ ਇਕ ਥੋਪਿਆਨੇ ਬੰਦੇ ਦਾ ਨਿਸ਼ਾਨਾ ਸੀ। ਜਦੋਂ ਤੀਜਾ ਵੀ ਨਹੀਂ ਸੀ ਲਗਦਾ ਤਾਂ ਕਹਿੰਦਾ ਸੀ: ਇਹ ਇਕ ਸੁਸਤ ਬੰਦੇ ਦਾ ਨਿਸ਼ਾਨਾ ਸੀ। ਚੌਥਾ ਵੀ ਨਾ ਲੱਗਣ 'ਤੇ ਕਿਹਾ ਕਰਦਾ ਸੀ: ਇਹ ਇਕ ਨਾਲਾਇਕ ਬੰਦੇ ਦਾ ਨਿਸ਼ਾਨਾ ਸੀ। ਇਵੇਂ ਉਹ ਹਰ ਵਾਰੀ ਨਿਸ਼ਾਨਾ ਨਾ ਲਗਣ ਨੂੰ ਕਿਸੇ ਨਾ ਕਿਸੇ ਘਾਟ ਨਾਲ ਜੋੜ ਦਿੰਦਾ ਸੀ। ਜਦੋਂ ਸਬੱਬ ਨਾਲ ਕੋਈ ਤੀਰ ਲਗ ਜਾਂਦਾ ਸੀ ਤਾਂ ਕਹਿੰਦਾ ਸੀ, ਇਹ ਇਕ ਉਸਤਾਦ ਦਾ ਨਿਸ਼ਾਨਾ ਸੀ, ਤੁਸੀਂ ਸਾਰਿਆਂ ਨੇ ਇਵੇਂ ਨਿਸ਼ਾਨਾ ਲਾਉਣਾ ਹੈ।

ਇਕ ਵਾਰੀ ਜਦੋਂ ਇਕ ਸਿੱਖਿਆਰਥੀ ਨੇ ਉਸਤਾਦ ਵਾਲਾ ਨਿਸ਼ਾਨਾ ਦੁਬਾਰਾ ਲਾਉਣ ਲਈ ਕਿਹਾ ਤਾਂ ਉਸਤਾਦ ਨੇ ਕਿਹਾ: ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜਦੋਂ ਸੂਰਜ ਅਸਤ ਹੋ ਰਿਹਾ ਹੋਵੇ ਤਾਂ ਉਸ ਸਮੇਂ ਤੀਰ ਦਾ ਨਿਸ਼ਾਨਾ ਦੁਬਾਰਾ ਨਹੀਂ ਲਾਉਣਾ ਚਾਹੀਦਾ।

ਉਸ ਦੀ ਯੋਗਤਾ ਤੀਰ-ਅੰਦਾਜ਼ੀ ਨਹੀਂ ਸੀ, ਚਲਾਕੀ ਸੀ, ਚਲਾਕੀ ਦੇ ਪੱਖੋਂ ਉਹ ਕਾਮਯਾਬ ਸੀ, ਉਹ ਅਜੇਕੇ ਯੁੱਗ ਦਾ ਸਫਲ ਉਸਤਾਦ ਸੀ।।

104

ਰਾਸ਼ਟਰਪਤੀ ਬਣਨ ਵਾਲਾ, ਇਕ ਆਗੂ ਦੱਸ ਰਿਹਾ ਸੀ:

ਜਦੋਂ ਛੋਟਾ ਸਾਂ ਤਾਂ ਕਿਹਾ ਗਿਆ: ਚੁੱਪ ਕਰਕੇ ਬੈਠੋ, ਸਿੱਧੇ ਹੋ ਕੇ ਬੈਠੋ, ਇਕ ਪਾਸੇ ਹੋ ਕੇ ਬੈਠੋ, ਲੱਤਾਂ ਜੋੜ ਕੇ, ਚੋਕੜੀ ਮਾਰ ਕੇ ਬੈਠੋ, ਵੱਡਿਆਂ ਦੇ ਅੱਗੇ ਨਹੀਂ, ਪਿਛੇ ਹੋ ਕੇ ਬੈਠੋ, ਆਰਾਮ ਨਾਲ ਬੈਠੋ, ਕੁੱਬੇ ਹੋ ਕੇ ਨਹੀਂ, ਸਿੱਧੇ ਹੋ ਕੇ ਬੈਠੋ, ਜਿੱਥੇ ਇਸਤਰੀਆਂ ਬੈਠੀਆਂ ਹੋਣ, ਉਨ੍ਹਾਂ ਤੋਂ ਪਰ੍ਹਾਂ ਹੋ ਕੇ ਬੈਠੋ, ਨਜ਼ਰ ਥੱਲੇ ਕਰਕੇ ਬੈਠੋ। ਜਿੱਥੇ ਪੁਰਸ਼ ਬੈਠੇ ਹੋਣ ਉਥੇ ਛਾਤੀ ਚੌੜੀ ਕਰਕੇ, ਬਾਹਵਾਂ ਸਿੱਧੀਆਂ ਕਰਕੇ ਬੈਠੋ, ਮੁੰਡੇ ਹੋ ਮੁੰਡਿਆਂ ਨਾਲ ਹੀ ਬੈਠੋ, ਜਿਥੇ ਹੋਰ ਲੋਕ ਬੈਠੇ ਹੋਣ, ਉਥੇ ਬੈਠੋ। ਜਿਵੇਂ-ਜਿਵੇਂ ਦਸਿਆ ਗਿਆ, ਮੈਂ ਉਵੇਂ ਉਵੇਂ ਬੈਠਦਾ ਰਿਹਾ ਅਤੇ ਬੈਠਣ ਦੇ ਹੁਨਰ ਕਾਰਨ ਮੈਂ ਰਾਸ਼ਟਰਪਤੀ ਬਣ ਗਿਆ।

ਹੁਣ ਜਦੋਂ ਤੱਕ ਮੈਂ ਨਾ ਬੈਠਾਂ, ਕੋਈ ਬੈਠਦਾ ਹੀ ਨਹੀਂ।

105

ਮਹਿਮੂਦ ਗਜ਼ਨਵੀ ਨੇ ਇੱਕ ਵਿਅਕਤੀ, ਦਿਸ ਆਧਾਰ 'ਤੇ ਨੌਕਰ ਰੱਖ ਲਿਆ ਕਿ ਉਹ ਪੰਛੀਆਂ ਦੀ ਭਾਸ਼ਾ ਜਾਣਦਾ ਸੀ।

ਇਕ ਦਿਨ ਗਜ਼ਨਵੀ ਨੇ ਸ਼ਿਕਾਰ 'ਤੇ ਜਾਣਾ ਸੀ।

ਉਸ ਨੌਕਰ ਨੂੰ ਵੀ ਨਾਲ ਲੈ ਗਿਆ। ਅੱਗੇ ਦੋ ਉਲੂ ਗੱਲਾਂ ਕਰ ਰਹੇ ਸਨ, ਆਲੇ-ਦੁਆਲੇ ਸਭ ਪਾਸੇ ਉਜਾੜ ਹੀ ਉਜਾੜ ਸੀ। ਉਲੂਆਂ ਦੀਆਂ ਆਵਾਜ਼ਾਂ ਸੁਣ ਕੇ ਗਜ਼ਨਵੀ ਨੇ ਨੌਕਰ ਨੂੰ ਕਿਹਾ: ਦੱਸ ਇਹ ਕੀ ਕਹਿ ਰਹੇ ਹਨ। ਨੌਕਰ ਨੇ ਕਿਹਾ: ਇਕ ਉਲੂ ਨੇ ਆਪਣੀ

www.quotesinpunjabi.ml

QuotesInPunjabi
ਧੀ, ਦੂਜੇ ਉਲੂ ਦੇ ਪੁੱਤਰ ਨਾਲ ਵਿਆਹੁਣੀ ਹੈ। ਦੁਲਹਾ, ਦਾਜ ਵਿਚ ਵੀਹ ਉਜੜੇ ਪਿੰਡ ਮੰਗ ਰਿਹਾ ਹੈ ਅਤੇ ਦੁਲਹਨ ਦਾ ਬਾਪ ਕਹਿ ਰਿਹਾ ਹੈ ਜੇ ਗਜ਼ਨਵੀ ਨੇ ਇਵੇਂ ਹੀ ਤਬਾਹੀ ਜਾਰੀ ਰੱਖੀ ਤਾਂ ਵੀਹ ਤਾਂ ਕੀ ਮੈਂ ਦੋ ਸੌ ਪਿੰਡ ਦੇ ਦੇਵਾਂਗਾ।

106

ਇਕ ਗਲਾਸ, ਪਾਣੀ ਨਾਲ ਭਰਿਆ ਹੈ, ਉੱਚਾ ਕਰੋ, ਕਿਤਨਾ ਭਾਰ ਹੈ ? ਲਗਭਗ ਦੋ ਸੌ ਗਰਾਮ। ਬਾਂਹ ਉੱਚੀ ਕਰਕੇ ਚੁੱਕੀ ਰੱਖੋ, ਬਾਂਹ ਥੱਕ ਜਾਵੇਗੀ, ਭਾਰ ਮਹੱਤਵਪੂਰਨ ਨਹੀਂ, ਮਹੱਤਵਪੂਰਨ ਇਹ ਹੈ ਕਿ ਭਾਰ ਕਿਤਨਾ ਚਿਰ ਚੁੱਕਣਾ ਹੈ।

ਪੰਜ-ਦਸ ਵੀਹ-ਤੀਹ ਮਿੰਟ ਕੁਝ ਨਹੀਂ ਹੋਵੇਗਾ, ਦੋ ਘੰਟੇ ਵਿਚ ਬਾਂਹ ਦੁੱਖਣ ਲੱਗ ਜਾਵੇਗੀ, ਸਾਰਾ ਦਿਨ ਚੁੱਕਣਾ ਪਿਆ ਤਾਂ ਇਹ ਛੋਟਾ ਜਿਹਾ ਭਾਰ ਤੁਹਾਨੂੰ ਡੇਗ ਦੇਵੇਗਾ।

ਭਾਰ ਉਹੀ ਹੈ, ਚੁੱਕਣ ਦਾ ਸਮਾਂ, ਉਸ ਭਾਰ ਨੂੰ ਭਾਰੀ ਬਣਾਈ ਜਾ ਰਿਹਾ ਹੈ।

ਪਾਪ ਜਾਂ ਭੈੜੇ ਕੰਮ ਦਾ ਭਾਰ ਕੁਝ ਚਿਰ ਲਈ ਸਹਿਣਯੋਗ ਹੁੰਦਾ ਹੈ ਪਰ ਜੇ ਪਾਪ ਕਰਦੇ ਰਹੋਗੇ ਜਾਂ ਕਿਸੇ ਪਾਪ ਦਾ ਭਾਰ ਚੁੱਕੀ ਹੀ ਰੱਖੋਗੇ ਤਾਂ ਇਹ ਭਾਰੀ ਹੁੰਦਾ ਜਾਵੇਗਾ।

107

ਇਸਤਰੀ ਅਤੇ ਪੁਰਸ਼ ਵੱਖ-ਵੱਖ ਢੰਗ ਨਾਲ ਸੂਚਨਾ ਦਿੰਦੇ ਹਨ।

ਇਕ ਇਸਤਰੀ ਰਾਤ ਨੂੰ ਘਰ ਨਹੀਂ ਆਉਂਦੀ। ਸਵੇਰੇ ਪਤੀ ਪੁੱਛਦਾ ਹੈ, ਕਿਥੇ ਰਹੀ ? ਕਿਹਾ, ਸਹੇਲੀ ਦੇ ਘਰ ਰਹਿ ਗਈ ਸੀ। ਪਤੀ ਨੂੰ ਸ਼ੱਕ ਹੋਇਆ, ਉਸਨੇ ਪਤਨੀ ਦੀਆਂ ਸਾਰੀਆਂ ਸਹੇਲੀਆਂ ਨੂੰ ਫੋਨ ਕੀਤਾ। ਹਰ ਕਿਸੇ ਨੇ ਕਿਹਾ, ਮੇਰੇ ਤਾਂ ਆਈ ਨਹੀਂ, ਮੈਨੂੰ ਤਾਂ ਕਦੀ ਮਿਲੀ ਨਹੀਂ, ਛੇ ਮਹੀਨੇ ਪਹਿਲਾਂ ਇਕ ਵਾਰੀ ਦਿਖਾਈ ਦਿੱਤੀ ਸੀ।

ਇਕ ਪੁਰਸ਼ ਰਾਤ ਨੂੰ ਘਰ ਨਹੀਂ ਆਉਂਦਾ। ਸਵੇਰੇ ਪਤਨੀ ਪੁੱਛਦੀ ਹੈ, ਕਿਥੇ ਰਿਹਾ ? ਪਤੀ ਨੇ ਕਿਹਾ, ਦੋਸਤ ਦੇ ਘਰ ਰਹਿ ਪਿਆ ਸੀ। ਪਤਨੀ ਨੂੰ ਸ਼ੱਕ ਹੋਇਆ, ਪਤੀ ਦੇ ਸਾਰੇ ਦੱਸਾਂ ਦੋਸਤਾਂ ਨੂੰ ਫ਼ੋਨ ਕੀਤਾ।

ਸੱਤ ਨੇ ਕਿਹਾ, ਮੇਰੇ ਘਰ ਸੁੱਤਾ ਸੀ; ਦੋ ਨੇ ਕਿਹਾ, ਅਜੇ ਵੀ ਸੁੱਤਾ ਹੋਇਆ ਹੈ; ਇਕ ਨੇ ਪੁੱਛਿਆ: ਜਗਾਵਾਂ ?

108

ਇੰਗਲੈਂਡ ਵਿਚ ਮੈਕਮੇਲਿਨ ਪ੍ਰਧਾਨ ਮੰਤਰੀ ਸੀ। ਇਕ ਵਾਰੀ ਪਾਰਲੀਮੈਂਟ ਵਿਚ, ਵਿਰੋਧੀ ਪਾਰਟੀ ਦੇ ਵਿਲਸਨ ਨੇ, ਮੈਕਮੇਲਿਨ ਸਰਕਾਰ ਦੀਆਂ ਖ਼ੂਬ ਧੱਜੀਆਂ ਉਡਾਈਆਂ। ਜਦੋਂ ਵਿਲਸਨ ਵਿਰੋਧੀ ਪਾਰਟੀ ਦੇ ਮੈਂਬਰਾਂ ਦੀਆਂ ਤਾੜੀਆਂ ਦੀ ਗੂੰਜ ਵਿਚ ਬੈਠ ਗਿਆ ਤਾਂ ਮੈਕਮੇਲਿਨ ਆਪਣੀ ਸੀਟ ਤੋਂ ਉਠ ਕੇ ਵਿਲਸਨ ਦੀ ਸੀਟ ਤਕ ਚਲ ਕੇ ਗਿਆ ਅਤੇ ਉਸ ਦੇ ਭਾਸ਼ਣ ਦੀ ਪ੍ਰਸੰਸਾ ਕਰਦਿਆਂ ਕਿਹਾ: ਅੱਜ ਤੁਸੀਂ ਕਮਾਲ ਕਰ ਦਿੱਤੀ, ਤੁਸੀਂ ਮੇਰੇ ਛੱਕੇ ਛੁਡਾ ਦਿੱਤੇ, ਆਓ ਤੁਹਾਡੀ ਸਫਲਤਾ ਨੂੰ ਇਕ-ਇਕ ਜਾਮ ਸਾਂਝਾ ਕਰਕੇ ਮਨਾਈਏ।

www.quotesinpunjabi.ml

QuotesInPunjabi

ਉਹ ਦੱਵੇਂ ਦੋਸਤਾਂ ਅਤੇ ਜਮਾਤੀਆਂ ਵਾਂਗ, ਉਥੋਂ ਉੱਠ ਕੇ ਪਾਰਲੀਮੈਂਟ ਦੀ ਬਾਰ ਵਿਚ ਗਏ, ਜਿਥੇ ਉਨ੍ਹਾਂ ਨੇ ਕਈ ਜਾਮ ਸਾਂਝੇ ਕੀਤੇ।

ਜੇਕਰ ਅੱਜ ਸਾਡੇ ਵਿਚ ਚਰਿੱਤਰ ਦੀ ਇਹ ਅਮੀਰੀ ਨਹੀਂ ਤਾਂ ਇਸ ਦਾ ਕਾਰਨ ਇਹ ਹੈ ਕਿ ਸਾਡੀਆਂ ਵੱਡੀਆਂ ਕੁਰਸੀਆਂ 'ਤੇ ਬੜੇ ਛੋਟੇ ਬੰਦੇ ਬੈਠੇ ਹੋਏ ਹਨ।

ਸਾਡਾ ਕੱਦ ਭਾਵੇਂ ਲੰਮਾ ਹੋ ਗਿਆ ਹੈ ਪਰ ਅਸੀਂ ਉੱਚੇ ਨਹੀਂ ਹੋਏ।

ਅਸੀਂ ਉੱਚੇ ਉੱਠਣ ਦੇ ਅਵਸਰਾਂ ਨੂੰ ਥੱਲੇ ਡਿਗਣ ਅਤੇ ਭੱਜਣ ਵਿਚ ਗੁਆ ਦਿੰਦੇ ਹਾਂ। ਇਸੇ ਕਰਕੇ ਜਿਥੇ ਦਾਦ ਦੇਣੀ ਬਣਦੀ ਹੈ, ਉਥੇ ਵੀ ਅਸੀਂ ਗਾਲ੍ਹਾਂ ਹੀ ਕੱਢਦੇ ਹਾਂ।

109

ਸਿਕੰਦਰ ਨੇ ਡੇਰੀਅਸ ਵਿਰੁੱਧ ਲੜਾਈ ਦੌਰਾਨ, ਸਾਰੇ ਲਾਮ-ਲਸ਼ਕਰ ਨਾਲ ਚਾਰ ਸੌ ਮੀਲ ਦਾ ਸਫ਼ਰ ਗਿਆਰ੍ਹਾਂ ਦਿਨ ਵਿਚ ਤਹਿ ਕੀਤਾ ਸੀ ਅਤੇ ਉਸ ਦੀ ਫੌਜ ਥਕਾਵਟ, ਭੁੱਖ ਅਤੇ ਪਿਆਸ ਨਾਲ ਬੇਹਾਲ ਸੀ। ਸਭ ਤੋਂ ਵੱਡੀ ਘਾਟ ਪਾਣੀ ਦੀ ਸੀ।

ਕੁਝ ਸਿਪਾਹੀਆਂ ਨੇ ਦੂਰੋਂ, ਦਰਿਆ ਤੋਂ ਪਾਣੀ ਦੇ ਕੁਝ ਤੋੜੇ ਲਿਆਂਦੇ ਅਤੇ ਸਿਕੰਦਰ ਨੂੰ ਕਿਹਾ, ਤੁਸੀਂ ਪਹਿਲਾਂ ਪਾਣੀ ਪੀਓ। ਸਾਰੇ ਵੇਖ ਰਹੇ ਸਨ।

ਸਿਕੰਦਰ ਨੇ ਆਪ ਪੀਣ ਦੀ ਬਜਾਇ ਕਿਹਾ, ਅਸੀਂ ਸਾਰੇ ਪਿਆਸੇ ਹਾਂ, ਪਹਿਲਾਂ ਮੇਰੇ ਸਾਥੀ ਪੀਣਗੇ, ਉਨ੍ਹਾਂ ਦੀ ਪਿਆਸ ਬੁਝ ਗਈ, ਮੇਰੀ ਆਪੇ ਬੁਝ ਜਾਵੇਗੀ।

ਸਿਕੰਦਰ ਦੇ ਇਸ ਵਿਹਾਰ ਨੂੰ ਵੇਖ ਕੇ, ਉਸ ਦੇ ਸਿਪਾਹੀ ਹੌਸਲੇ ਵਿਚ ਆ ਗਏ ਅਤੇ ਉਨ੍ਹਾਂ ਨੇ ਕਿਹਾ: ਸਿਕੰਦਰ ਅਸੀਂ ਤੇਰੇ ਨਾਲ ਹਾਂ, ਤੇਰੇ ਜਿਹਾ ਆਗੂ ਹੋਵੇ, ਪਿਆਸ-ਭੁੱਖ ਕੁਝ ਵੀ ਨਹੀਂ, ਚਲ ਨਵੀਆਂ ਧਰਤੀਆਂ ਜਿੱਤੀਏ ਅਤੇ ਨਵਾਂ ਇਤਿਹਾਸ ਸਿਰਜੀਏ।

110

ਇਕ ਜ਼ਾਲਮ ਰਜਵਾੜੇ ਨੇ ਇਕ ਟੋਭਾ ਬਣਵਾਇਆ ਹੋਇਆ ਸੀ, ਜਿਸ ਵਿਚ ਉਸ ਨੇ ਮੱਗਮੱਛ ਪਾਲੇ ਹੋਏ ਸਨ। ਜਿਹੜਾ ਉਸ ਦਾ ਵਿਰੋਧ ਕਰਦਾ ਸੀ, ਉਸ ਨੂੰ ਇਸ ਟੋਭੇ ਵਿਚ ਸੁਟਵਾ ਦਿੰਦਾ ਸੀ। ਲੋਕ ਉਸ ਤੋਂ ਇਤਨਾ ਡਰਦੇ ਸਨ ਕਿ ਉਸ ਦੇ ਅਧਿਕਾਰ ਵਾਲੇ ਇਲਾਕੇ ਵਿਚੋਂ ਬਾਹਰ ਨਿਕਲ ਜਾਂਦੇ ਸਨ।

ਜਿਹੜਾ ਵੀ ਜਬਰ ਕਰਦਾ ਹੈ, ਉਸ ਨੂੰ ਵੰਗਾਰਨ ਵਾਲਾ ਅਵੱਸ਼ ਪੈਦਾ ਹੁੰਦਾ ਹੈ।

ਇਸ ਰਜਵਾੜੇ ਨੇ ਟੋਭੇ ਨੇੜੇ ਅੰਗੂਰਾਂ ਦਾ ਬਾਗ ਲਵਾਇਆ। ਉਸਦੀਆਂ ਵਧੀਕੀਆਂ ਦੀ ਸ਼ਿਕਾਰ ਹੋਣ ਕਾਰਨ, ਪਹਿਲਾਂ ਵਿਧਵਾ ਅਤੇ ਮਗਰੋਂ ਮੰਗਤੀ ਬਣੀ, ਇਕ ਇਸਤਰੀ ਨੇ ਕਿਹਾ ਕਿ ਤੂੰ ਕਦੇ ਇਹ ਅੰਗੂਰ ਨਹੀਂ ਖਾ ਸਕੇਂਗਾ।

ਜਦੋਂ ਅੰਗੂਰ ਤਿਆਰ ਹੋ ਗਏ ਤਾਂ ਉਸ ਰਜਵਾੜੇ ਨੇ ਉਸ ਮੰਗਤੀ ਨੂੰ ਬੁਲਾ ਭੇਜਿਆ ਅਤੇ ਲੋਕਾਂ ਸਾਹਮਣੇ ਪੁੱਛਿਆ ਤੇਰੀ ਭਵਿੱਖਬਾਣੀ ਦਾ ਕੀ ਬਣਿਆ?

ਮੰਗਤੀ ਨੇ ਕਿਹਾ, ਕੁਝ ਵੀ ਵਾਪਰ ਸਕਦਾ ਹੈ ਪਰ ਤੈਨੂੰ ਜ਼ੁਲਮ ਦੇ ਇਸ ਬਾਗ ਦੇ ਅੰਗੂਰ ਖਾਣੇ ਨਸੀਬ ਨਹੀਂ ਹੋਣਗੇ।

www.quotesinpunjabi.ml

QuotesInPunjabi

ਇਕ ਸ਼ਾਮ ਰਜਵਾੜੇ ਨੂੰ ਸੁਨੇਹਾ ਮਿਲਿਆ ਕਿ ਇਕ ਰਿੱਛ ਨੇ ਉਸ ਦਾ ਅੰਗੂਰਾਂ ਦਾ ਬਾਗ ਉਜਾੜ ਦਿੱਤਾ ਹੈ। ਉਹ ਰਜਵਾੜਾ ਚਾਹ ਵਾਲਾ ਪਿਆਲਾ ਵਿਚੇ ਛੱਡ ਕੇ, ਗੁੱਸੇ ਨਾਲ ਬਾਗ ਵਿਚ ਗਿਆ ਅਤੇ ਰਿੱਛ ਨਾਲ ਲੜਦਿਆਂ ਮਾਰਿਆ ਗਿਆ।

ਜਦੋਂ ਜ਼ਾਲਮਾਂ ਦੇ ਜ਼ੁਲਮ ਹੱਦ ਟੱਪ ਜਾਂਦੇ ਹਨ, ਉਦੋਂ ਦੁਖੀ ਲੋਕਾਂ ਦੀਆਂ ਭਵਿੱਖਬਾਣੀਆਂ, ਸੱਚ ਸਾਬਤ ਹੋਣ ਲੱਗ ਪੈਂਦੀਆਂ ਹਨ।

111

ਅਮਰੀਕਾ ਦੇ ਇਕ ਸਕੂਲ ਵਿਚ ਪੜ੍ਹਦਾ, ਇਕ ਕੈਂਸਰ-ਪੀੜਤ ਬੱਚਾ, ਰੇਡੀਓਥਰੈਪੀ ਕਾਰਨ ਸਿਰ ਦੇ ਵਾਲ ਝੜਨ ਕਰਕੇ, ਗੰਜਾ ਹੋ ਗਿਆ ਸੀ ਅਤੇ ਗੰਜਾ ਹੋਣ ਕਾਰਨ, ਉਹ ਆਪਣੇ ਆਪ ਨੂੰ ਹੋਰਾਂ ਨਾਲੋਂ ਵੱਖਰਾ ਅਤੇ ਉਣਾ ਸਮਝ ਰਿਹਾ ਸੀ।

ਪਤਾ ਲਗਾ, ਪੰਜ ਦਿਨ ਮਗਰੋਂ ਉਸ ਦਾ ਜਨਮ ਦਿਨ ਸੀ। ਉਸ ਦਿਨ ਸਾਰੀ ਕਲਾਸ ਗੰਜੀ ਹੋ ਕੇ ਆਈ ਅਤੇ ਉਸ ਨਾਲ ਆਪਣੀ ਹਮਦਰਦੀ ਅਤੇ ਏਕਾ ਜਤਲਾਇਆ।

112

ਸਭ ਤੋਂ ਵੱਡਾ ਅੰਤਰ ਸੋਚ ਦਾ ਅੰਤਰ ਹੁੰਦਾ ਹੈ।

1914-18 ਦੇ ਵਿਸ਼ਵ ਯੁੱਧ ਦੌਰਾਨ, ਜਰਮਨ-ਈਸਟ ਅਫਰੀਕਨ ਮੁਹਿੰਮ ਵਿਚ, ਇਕ ਜਰਮਨ ਜਰਨੈਲ ਨੇ ਇਕੱਲਿਆਂ ਅੰਗਰੇਜ਼ੀ, ਪੁਰਤਗਾਲੀ ਅਤੇ ਬੈਲਜੀਅਮ ਫੌਜਾਂ ਨੂੰ ਕਰਾਰੀ ਹਾਰ ਦਿੱਤੀ ਸੀ, ਭਾਵੇਂ ਅੰਤ ਨੂੰ ਲੜਾਈ ਇੰਗਲੈਂਡ ਨੇ ਜਿੱਤੀ ਸੀ।

ਇਸ ਯੁੱਧ ਤੋਂ ਲਗਭਗ ਦਸ ਸਾਲ ਮਗਰੋਂ, ਅੰਗਰੇਜ਼ ਫੌਜੀ ਅਫਸਰਾਂ ਨੇ ਉਸ ਜਰਨੈਲ ਨੂੰ ਖਾਣੇ 'ਤੇ ਬੁਲਾਇਆ ਅਤੇ ਉਸ ਜਰਮਨ ਜਰਨੈਲ ਦੀ ਅੰਗਰੇਜ਼ਾਂ ਨੇ ਪੈਨਸ਼ਨ ਲਾਈ। ਇਹ ਅੰਗਰੇਜ਼ਾਂ ਵਲੋਂ ਉਸ ਜਰਨੈਲ ਦੀ ਬਹਾਦਰੀ ਦੀ ਦਾਦ ਦੇਣ ਦਾ ਪ੍ਰਮਾਣ ਸੀ।

ਬੰਗਲਾਦੇਸ਼ ਦੀ ਲੜਾਈ ਵਿਚ, ਪਾਕਿਸਤਾਨੀ ਫੌਜ ਦੇ ਇੱਕ ਕਪਤਾਨ, ਅਹਿਸਾਨ ਮਲਿਕ ਨੇ ਬੜੀ ਬਹਾਦਰੀ ਵਿਖਾਈ ਸੀ। ਹਿੱਲੀ ਨਾਂ ਦੇ ਮੋਰਚੇ 'ਤੇ ਪਾਕਿਸਤਾਨੀ ਕਪਤਾਨ, ਪੂਰੀ ਦ੍ਰਿੜ੍ਹਤਾ ਨਾਲ ਅੜਿਆ ਹੋਇਆ ਸੀ ਅਤੇ ਉਹ ਭਾਰਤੀ ਫੌਜ ਦੇ ਅੱਗੇ ਵਧਣ ਵਿਚ ਬੜੀ ਵੱਡੀ ਰੁਕਾਵਟ ਬਣਿਆ ਹੋਇਆ ਸੀ। ਭਾਰਤੀ ਫੌਜ ਦੀਆਂ ਦੋ ਕੋਸ਼ਿਸ਼ਾਂ ਨਾਕਾਮ ਗਈਆਂ ਅਤੇ ਤੀਜੇ ਹਮਲੇ ਵਿਚ ਸਫਲਤਾ ਮਿਲੀ।

ਭਾਰਤ ਦੇ ਫੀਲਡ ਮਾਰਸ਼ਲ ਮਾਣਕ ਸ਼ਾਅ ਨੇ ਉਸ ਕਪਤਾਨ ਦੀ ਬਹਾਦਰੀ ਦੀ ਪ੍ਰਸੰਸਾ ਕਰਦਿਆਂ, ਪਾਕਿਸਤਾਨੀ ਫੌਜ ਦੇ ਜਰਨੈਲ ਨੂੰ ਨਿੱਜੀ ਚਿੱਠੀ ਲਿਖੀ।

ਜਦੋਂ ਕਈ ਸਾਲ ਮਗਰੋਂ, ਮਾਣਕ ਸ਼ਾਅ ਪਾਕਿਸਤਾਨ ਗਿਆ ਤਾਂ ਉਸਨੇ ਪਾਕਿਸਤਾਨੀ ਫੌਜ ਦੇ ਮੁਖੀ ਨੂੰ ਕਿਹਾ ਕਿ ਉਸ ਕਪਤਾਨ ਨੂੰ ਇਨਾਮ ਮਿਲਣਾ ਚਾਹੀਦਾ ਹੈ।

ਇਨਾਮ ਤਾਂ ਕੀ ਮਿਲਣਾ ਸੀ, ਪਾਕਿਸਤਾਨੀ ਫੌਜ ਦੇ ਮੁਖੀ ਨੇ, ਮਾਣਕ ਸ਼ਾਅ ਵਲੋਂ ਪਾਕਿਸਤਾਨੀ ਫੌਜ ਦੇ ਅਫਸਰ ਦੀ ਪ੍ਰਸੰਸਾ ਦਾ ਬੁਰਾ ਮਨਾਇਆ, ਇਸ ਨੂੰ ਦੁਸ਼ਮਣ ਦੀ ਚਾਲ ਸਮਝਿਆ ਅਤੇ ਆਪਣੇ ਅਫਸਰ 'ਤੇ ਸ਼ੱਕ ਕੀਤਾ।

www.quotesinpunjabi.ml

QuotesInPunjabi

113

ਪਤਨੀ, ਕਦੀ ਵੀ ਕਵੀ ਦੀ ਪ੍ਰੇਰਨਾ ਨਹੀਂ ਹੁੰਦੀ, ਕਵੀ ਦੀ ਪ੍ਰੇਰਨਾ ਅਕਸਰ ਉਸ ਦੀ ਪ੍ਰੇਮਿਕਾ ਹੁੰਦੀ ਹੈ। ਕਵੀ ਦੀ ਪ੍ਰੇਰਨਾ ਦਾ ਸਰੋਤ ਬਦਲਦਾ ਰਹਿੰਦਾ ਹੈ।

ਇਕ ਕਵੀ ਨੇ ਆਪਣੀ ਪ੍ਰੇਮਿਕਾ ਨੂੰ ਲਿਖਿਆ: ਤੂੰ ਮੇਰੇ ਤੋਂ ਕਵਿਤਾ ਲਿਖਵਾਉਂਦੀ ਹੈਂ, ਮੈਂ ਤਾਂ ਕਾਗਜ਼ 'ਤੇ ਅੱਖਰ ਉਤਾਰਨ ਦਾ ਸੌਖਾ ਕਾਰਜ ਕਰਦਾ ਹਾਂ। ਤੂੰ ਹਰ ਵੇਲੇ ਮੇਰੇ ਕੋਲ ਹੁੰਦੀ ਹੈਂ; ਦੁੱਖ ਵਿੱਚ, ਸੁੱਖ ਵਿੱਚ। ਤੂੰ ਮੇਰੇ ਸੁਪਨੇ ਵਿੱਚ ਆ ਕੇ ਮੇਰੀ ਸਾਂਭ-ਸੰਭਾਲ ਕਰਦੀ ਹੈਂ। ਤੇਰੇ ਦੱਸੇ ਬਿਨਾਂ ਹੀ ਮੈਂ ਜਾਣ ਜਾਂਦਾ ਹਾਂ ਕਿ ਤੂੰ ਮੇਰੇ ਬਾਰੇ ਸੋਚ ਰਹੀ ਹੈਂ, ਕਿਉਂਕਿ ਜਦੋਂ ਤੇਰੀ ਯਾਦ ਆਉਂਦੀ ਹੈ ਤਾਂ ਉਸ ਵੇਲੇ ਕਵਿਤਾ ਲਿਖਣ ਦਾ ਮੌਸਮ ਬਣ ਜਾਂਦਾ ਹੈ।

ਜਦੋਂ ਮੈਂ ਤੈਨੂੰ ਯਾਦ ਕਰਦਾ ਹਾਂ, ਉਹ ਗੀਤ ਲਿਖਣ ਦਾ ਮੌਸਮ ਹੁੰਦਾ ਹੈ।

ਇਸ ਮੌਸਮ ਵਿਚ ਪਿਆਰੇ ਦੀ ਯਾਦ ਹੀ ਚਾਹੀਦੀ ਹੁੰਦੀ ਹੈ, ਬਾਕੀ ਸਭ ਕੁਝ ਪਹਿਲਾਂ ਹੀ ਸਾਡੇ ਕੋਲ ਹੁੰਦਾ ਹੈ।

114

ਦੋ ਭੈਣਾਂ ਨੂੰ ਸਕੂਲ ਲਈ ਦੇਰ ਹੋ ਰਹੀ ਸੀ। ਇਕ ਨੇ ਦੂਜੀ ਨੂੰ ਕਿਹਾ: ਆਪਾਂ ਰੁਕ ਕੇ ਪ੍ਰਾਰਥਨਾ ਕਰੀਏ ਕਿ ਪਰਮਾਤਮਾ ਸਾਨੂੰ ਸਮੇਂ ਸਿਰ ਸਕੂਲ ਪਹੁੰਚਾ ਦੇਵੇ।

ਦੂਜੀ ਨੇ ਕਿਹਾ: ਨਹੀਂ, ਆ ਆਪਾਂ ਤੇਜ਼ ਦੌੜੀਏ ਅਤੇ ਦੌੜਦਿਆਂ, ਪ੍ਰਾਰਥਨਾ ਕਰੀਏ।

115

ਧਰਮ ਅਤੇ ਵਿਗਿਆਨ ਵਿਚ ਅੰਤਰ ਹੈ।

ਸ਼ਰਧਾਲੂਆਂ ਦੀ ਭੀੜ ਧਰਮ ਦੇ ਸਹੀ ਹੋਣ ਦਾ ਪ੍ਰਮਾਣ ਮੰਨੀ ਜਾਂਦੀ ਹੈ।

ਵਿਗਿਆਨ ਵਿਚ ਭੀੜ ਦਾ ਨਹੀਂ, ਤਰਕ ਦਾ ਬੋਲਬਾਲਾ ਹੈ।

ਇਕ ਵਾਰੀ ਸੌ ਤੋਂ ਵੱਧ ਵਿਗਿਆਨੀ, ਆਈਨਸਟੀਨ ਨੂੰ ਕਹਿਣ ਆਏ ਕਿ ਤੁਹਾਡੇ ਸਾਪੇਖਤਾਵਾਦ ਦੇ ਸਿਧਾਂਤ ਨੂੰ ਅਸੀਂ ਗਲਤ ਸਿੱਧ ਕੀਤਾ ਹੈ।

ਆਈਨਸਟੀਨ ਨੇ ਕਿਹਾ, ਭੀੜ ਦੇ ਆਉਣ ਦੀ ਕੀ ਲੋੜ ਸੀ ? ਜੇ ਸਿਧਾਂਤ ਗਲਤ ਹੈ ਤਾਂ ਗਲਤ ਸਾਬਤ ਕਰਨ ਲਈ, ਇਕ ਵਿਅਕਤੀ ਹੀ ਕਾਫੀ ਹੈ।

116

ਇਕ ਵਿਅਕਤੀ ਨੂੰ ਚੰਗੀ ਤਰ੍ਹਾਂ ਲਿਖਣਾ ਨਹੀਂ ਸੀ ਆਉਂਦਾ ਪਰ ਉਸ ਨੂੰ ਲਾਭਕਾਰੀ ਸੌਦੇ ਕਰਨ ਦੀ ਬੜੀ ਚੰਗੀ ਜਾਚ ਸੀ।

ਇਕ ਹੋਰ ਵਿਅਕਤੀ ਨੂੰ ਲਿਖਣਾ ਤਾਂ ਆਉਂਦਾ ਸੀ ਪਰ ਉਸ ਨੂੰ ਹਰ ਕੰਮ ਵਿਚ ਘਾਟਾ ਪੈ ਜਾਂਦਾ ਸੀ, ਅਣਕਿਆਸੇ ਖਰਚਿਆਂ ਕਾਰਨ ਨੁਕਸਾਨ ਹੋ ਜਾਂਦਾ ਸੀ।

ਜਿਸ ਨੂੰ ਆਪ ਲਿਖਣਾ ਨਹੀਂ ਸੀ ਆਉਂਦਾ, ਉਹ ਦੂਜੇ ਨੂੰ ਸੌਦਾ ਕਰਨਾ ਸਮਝਾਉਂਦਾ ਸੀ ਅਤੇ ਦੂਜਾ ਉਸ ਦੇ ਸਮਝਾਏ ਨੂੰ ਤਰਤੀਬ ਵਾਰ ਲਿਖਵਾਉਂਦਾ ਸੀ।

www.quotesinpunjabi.ml

QuotesInPunjabi

ਜਦੋਂ ਉਹ ਲਿਖਵਾ ਰਿਹਾ ਸੀ ਤਾਂ ਲਿਖਣ ਵਾਲੇ ਨੇ ਚਿੜ੍ਹ ਕੇ ਕਿਹਾ, ਤੁਸੀਂ ਬੜਾ ਤੇਜ਼ ਲਿਖਾਉਂਦੇ ਹੋ। ਦੂਜਾ ਉੱਤਰ ਦੇ ਸਕਦਾ ਸੀ ਕਿ ਤੂੰ ਬੜਾ ਸੁਸਤ ਹੈਂ ਪਰ ਉਸ ਨੇ ਆਪਣੀ ਲਿਖਾਉਣ ਦੀ ਰਫ਼ਤਾਰ ਹੌਲੀ ਕਰ ਲਈ ਅਤੇ ਦੂਜੇ ਨੂੰ ਚੰਗੀ ਤਰ੍ਹਾਂ ਲਿਖਣ ਦਿੱਤਾ।

ਦੂਜੇ ਨੇ ਪਹਿਲੇ ਨੂੰ ਵੱਡੇ ਸੌਦੇ ਲਾਭਕਾਰੀ ਢੰਗ ਨਾਲ ਕਰਨ ਦੀ ਜੁਗਤ ਅਤੇ ਵੱਡੇ ਸੌਦਿਆਂ ਦਾ ਪਿਛੋਕੜ ਸਮਝਾਉਣਾ ਆਰੰਭ ਕੀਤਾ।

ਇਵੇਂ ਉਹ ਦੋਵੇਂ ਇਕ-ਦੂਜੇ ਦੇ ਸਹਿਯੋਗ ਨਾਲ ਕਾਮਯਾਬ ਹੋਏ ਅਤੇ ਰੇਲਵੇ ਦੇ ਸਭ ਤੋਂ ਵੱਡੇ ਠੇਕੇਦਾਰ ਬਣ ਗਏ।

ਸਿੱਖੋ-ਸਿਖਾਓ, ਵਿਦਿਆਰਥੀ-ਅਧਿਆਪਕ, ਅਧਿਆਪਕ-ਵਿਦਿਆਰਥੀ ਬਣੋ, ਤੂੰ ਮੈਂ, ਮੈਂ ਤੂੰ, ਤੂੰ-ਤੂੰ, ਮੈਂ-ਮੈਂ ਕਹਿਣ ਦੀ ਥਾਂ, ਅਸੀਂ ਕਹਿਣ ਦੀ ਜਾਚ ਆ ਜਾਵੇਗੀ ਅਤੇ ਸਫਲ ਹੋਣ ਦਾ ਢੰਗ ਆ ਜਾਵੇਗਾ।

117

ਸ਼ਿਵਾ ਜੀ ਨੇ ਕਲਿਆਣ ਰਿਆਸਤ 'ਤੇ ਹਮਲਾ ਕੀਤਾ ਅਤੇ ਮੁਸਲਮਾਨ ਹਾਕਮ ਨੂੰ ਹਰਾ ਦਿੱਤਾ ਅਤੇ ਹਾਰਿਆ ਹੋਇਆ ਹਾਕਮ ਫਰਾਰ ਹੋ ਗਿਆ ਪਰ ਉਸ ਦੀ ਨੂੰਹ, ਬੇਗਮ ਬਹਿਲੋਲ, ਜਿਹੜੀ ਅਰਬ ਦੇ ਸ਼ੇਖ ਦੀ ਬੇਟੀ ਸੀ, ਮਰਹੱਟੇ ਸਿਪਾਹੀਆਂ ਦੇ ਕਾਬੂ ਆ ਗਈ।

ਸਿਪਾਹੀਆਂ ਨੇ ਬੇਗਮ ਨੂੰ ਸ਼ਿਵਾ ਜੀ ਸਾਹਮਣੇ ਪੇਸ਼ ਕੀਤਾ।

ਸ਼ਿਵਾ ਜੀ ਉਸ ਦੀ ਸੁੰਦਰਤਾ ਨੂੰ ਵੇਖ ਕੇ ਦੰਗ ਰਹਿ ਗਏ ਅਤੇ ਕਿਤਨਾ ਹੀ ਚਿਰ ਉਸ ਨੂੰ ਨਿਹਾਰਦੇ ਰਹੇ ਅਤੇ ਅੰਤ ਨੂੰ ਬੋਲੇ: ਮਾਂ, ਤੂੰ ਕਿਤਨੀ ਸੋਹਣੀ ਹੈਂ! ਜੇ ਮੈਂ ਤੇਰੀ ਕੁੱਖ ਵਿਚੋਂ ਜਨਮ ਲਿਆ ਹੁੰਦਾ ਤਾਂ ਮੈਂ ਵੀ ਬੜਾ ਸੋਹਣਾ ਹੋਣਾ ਸੀ।

ਭਰੇ ਦਰਬਾਰ ਵਿਚ ਸ਼ਿਵਾ ਜੀ ਨੇ ਹੁਕਮ ਦਿੱਤਾ ਕਿ ਬੇਗਮ ਨੂੰ ਪੂਰੇ ਸਨਮਾਨ ਅਤੇ ਹਿਫ਼ਾਜ਼ਤ ਨਾਲ ਉਸ ਦੇ ਮਹਿਲ ਪਹੁੰਚਾਇਆ ਜਾਵੇ।

ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਬੇਗਮ ਨੇ ਸ਼ਿਵਾ ਜੀ ਨੂੰ, ਆਪਣਾ ਚਰਿੱਤਰ ਵਿਖਾਉਣ ਦਾ ਅਵਸਰ ਦਿੱਤਾ ਸੀ ਅਤੇ ਸ਼ਿਵਾ ਜੀ ਨੇ ਆਪਣੇ ਚਰਿੱਤਰਵਾਨ ਹੋਣ ਦਾ ਭਰਪੂਰ ਅਤੇ ਸਥੂਲ ਸਬੂਤ ਦਿੱਤਾ ਸੀ।

118

ਜਦੋਂ ਵੀ ਝਗੜਾ ਹੁੰਦਾ ਹੈ, ਉਸ ਸਮੇਂ ਇਕ ਧਿਰ ਤਕੜੀ ਅਤੇ ਦੂਜੀ ਧਿਰ ਕਮਜ਼ੋਰ ਹੁੰਦੀ ਹੈ। ਜਿਉਂ ਜਿਉਂ ਝਗੜਾ ਵਧਦਾ ਹੈ, ਕਮਜ਼ੋਰ ਧਿਰ ਹੌਲੀ ਹੌਲੀ ਤਕੜੀ ਹੋਈ ਜਾਂਦੀ ਹੈ ਅਤੇ ਆਖਰ ਦੋਵੇਂ ਧਿਰਾਂ ਬਰਾਬਰ ਦੀਆਂ ਹੋ ਜਾਂਦੀਆਂ ਹਨ ਅਤੇ ਜਿਸ ਧਿਰ ਕੋਲ ਚਰਿੱਤਰ ਦੀ ਵਧੇਰੇ ਸ਼ਕਤੀ ਹੁੰਦੀ ਹੈ, ਪਲੜਾ ਉਸ ਦੇ ਪੱਖ ਵਿਚ ਹੋ ਜਾਂਦਾ ਹੈ।

ਇੱਕ ਰਾਜ-ਮਿਸਤਰੀ ਨੂੰ ਇਕ ਮਾਲਕ ਤੰਗ ਕਰ ਰਿਹਾ ਸੀ ਅਤੇ ਉਸ ਨੂੰ ਗਲਤ ਉਸਾਰੀ ਕਰਕੇ, ਬਾਰ-ਬਾਰ ਗਵਾਂਢੀ ਦੀ ਥਾਂ ਮੱਲਣ ਲਈ ਕਹਿ ਰਿਹਾ ਸੀ।

www.quotesinpunjabi.ml

QuotesInPunjabi

ਰਾਜ-ਮਿਸਤਰੀ ਗਲਤ ਕੰਮ ਕਰਨ ਲਈ ਤਿਆਰ ਨਹੀਂ ਸੀ।

ਮਾਲਕ ਨੇ ਉਸ ਰਾਜ-ਮਿਸਤਰੀ ਨੂੰ ਕੰਮ ਤੋਂ ਹਟਾ ਦਿੱਤਾ, ਉਸ ਦੀ ਉਜਰਤ ਅਦਾ ਨਾ ਕੀਤੀ ਅਤੇ ਉਸ ਦੇ ਸੈਦ ਵੀ ਰੱਖ ਲਏ। ਇਹ ਸਭ ਕੁਝ ਉਸ ਨੇ ਇਹ ਸੋਚ ਕੇ ਕੀਤਾ ਕਿ ਰਾਜ-ਮਿਸਤਰੀ ਉਸ ਦਾ ਕੀ ਵਿਗਾੜ ਲਵੇਗਾ ?

ਪਰੇਸ਼ਾਨ ਹੋਏ, ਰਾਜ-ਮਿਸਤਰੀ ਨੇ ਮਿੰਨਤਾਂ-ਤਰਲੇ ਕੀਤੇ ਪਰ ਮਾਲਕ 'ਤੇ ਕੋਈ ਅਸਰ ਨਾ ਹੋਇਆ। ਅਚਾਨਕ ਮਿਸਤਰੀ ਨੂੰ ਯਾਦ ਆਇਆ ਕਿ ਕਿਸੇ ਵੇਲੇ ਉਸ ਨੇ ਇਕ ਨੇਕ ਪੁਲੀਸ ਅਫਸਰ ਦਾ ਮਕਾਨ ਉਸਾਰਿਆ ਸੀ, ਜਿਸ ਨੇ ਕੰਮ ਮੁੱਕਣ 'ਤੇ ਕਿਹਾ ਸੀ, ਕਦੇ ਕਿਸੇ ਮਦਦ ਦੀ ਲੋੜ ਪਵੇ, ਮੇਰੇ ਕੋਲ ਆ ਜਾਈਂ।

ਮਿਸਤਰੀ ਨੂੰ ਅਫਸਰ ਦਾ ਕੇਵਲ ਨਾਂ ਹੀ ਪਤਾ ਸੀ, ਲੱਭਦਿਆਂ-ਲਭਾਉਂਦਿਆਂ ਜਾ ਲੱਭਿਆ, ਸਮੱਸਿਆ ਦੱਸੀ। ਉਹ ਅਫਸਰ ਬੜਾ ਵੱਡਾ ਅਧਿਕਾਰੀ ਬਣ ਗਿਆ ਸੀ। ਉਸ ਅਫਸਰ ਨੇ ਰਾਜ-ਮਿਸਤਰੀ ਨੂੰ ਤੰਗ ਕਰਨ ਵਾਲੇ ਮਾਲਕ ਨੂੰ ਇਕ ਸਖ਼ਤ ਫੋਨ ਹੀ ਕੀਤਾ ਅਤੇ ਇਸ ਮਾਲਕ ਨੂੰ ਸਾਰੀ ਸਥਿਤੀ ਸਮਝਣ ਵਿਚ ਦੇਰ ਨਾ ਲੱਗੀ ਅਤੇ ਉਸ ਨੇ ਸ਼ਾਮ ਤੱਕ ਅਦਾਇਗੀ ਵੀ ਕਰ ਦਿੱਤੀ, ਸੈਦ ਵੀ ਮੋੜ ਦਿੱਤੇ ਅਤੇ ਪਰੇਸ਼ਾਨੀ ਵਾਲੇ ਦਿਨਾਂ ਦੀ ਵੀ ਉਜਰਤ ਦਿੱਤੀ ਅਤੇ ਆਪਣੀ ਗਲਤੀ ਦੀ ਖਿਮਾ ਵੀ ਮੰਗੀ।

119

ਇੱਕ ਜਵਾਨ ਇਕ ਲੜਕੀ ਦਾ ਚਿੱਤਰ ਵੇਖਿਆ ਕਰਦਾ ਸੀ, ਜਿਸਦੀ ਮਾਂ ਮਰ ਗਈ ਸੀ ਅਤੇ ਲੜਕੀ ਦੀ ਅੱਖ ਵਿੱਚ ਬੇਵਸੀ ਦਾ ਇਕ ਹੰਝੂ ਸੀ।

ਇਹ ਹੰਝੂ ਉਹ ਵੇਖਦਾ ਰਹਿੰਦਾ ਸੀ ਅਤੇ ਸੋਚਦਾ ਰਹਿੰਦਾ ਸੀ ਕਿ ਇਹ ਬੇਵਸੀ ਦਾ ਹੰਝੂ ਸੀ ਜਾਂ ਇਹ ਦਰਦ ਦਾ ਹੰਝੂ ਸੀ, ਇਹ ਨਿਆਸਰੇਪਣ ਦਾ ਸੰਤਾਪ ਸੀ ਜਾਂ ਵਿਛੋੜੇ ਦੇ ਦੁੱਖ ਦਾ ਹੰਝੂ ਸੀ, ਇਹ ਸੰਕਟ ਦਾ ਸੰਕੇਤ ਸੀ ਜਾਂ ਪਏ ਘਾਟੇ ਦਾ ਹੰਝੂ ਸੀ, ਇਹ ਆਉਣ ਵਾਲੀਆਂ ਮੁਸ਼ਕਲਾਂ ਦਾ ਹੰਝੂ ਸੀ ਜਾਂ ਡੂੰਘੀ ਵੇਦਨਾ ਦਾ ਪ੍ਰਗਟਾਵਾ ਸੀ।

ਇਸ ਹੰਝੂ ਨੇ ਉਸ ਜਵਾਨ ਨੂੰ, ਸੋਭਾ ਸਿੰਘ ਚਿੱਤਰਕਾਰ ਬਣਾ ਦਿੱਤਾ ਸੀ।

120

ਜਿਨ੍ਹਾਂ ਘਰਾਂ ਵਿਚ ਬੱਚਿਆਂ ਨੂੰ ਗਲਤੀਆਂ ਦੀ ਸਰੀਰਕ ਸਜ਼ਾ ਦਿੱਤੀ ਜਾਂਦੀ ਹੈ, ਉਥੇ ਬੱਚੇ ਵਧੇਰੇ ਝੂਠ ਬੋਲਦੇ ਹਨ, ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਪਤਾ ਨਹੀਂ ਲਗਦਾ ਕਿ ਝੂਠ ਬੋਲ ਕੇ ਉਹ ਚਰਿੱਤਰ ਦੇ ਪੱਖੋਂ ਕਮਜ਼ੋਰ ਹੋ ਰਹੇ ਹੁੰਦੇ ਹਨ।

ਸਜ਼ਾ ਦੇਣ ਵਾਲੇ ਮਾਪੇ, ਬੱਚਿਆਂ ਦੀ ਨਫ਼ਰਤ ਹੀ ਕਮਾਉਂਦੇ ਹਨ।

ਅਜਿਹੇ ਬੱਚੇ ਵਧੇਰੇ ਬਹਾਨੇ ਲਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਹਰ ਵੇਲੇ ਗਲਤੀ ਕਰਨ ਅਤੇ ਗਲਤੀ ਹੋ ਜਾਣ ਦਾ ਡਰ ਲਗਿਆ ਰਹਿੰਦਾ ਹੈ।

ਉਨ੍ਹਾਂ ਵਿਚ ਆਤਮ-ਵਿਸ਼ਵਾਸ ਨਹੀਂ ਹੁੰਦਾ, ਉਹ ਆਪਣੇ ਆਪ ਨੂੰ ਕਿਸੇ ਜ਼ਿੰਮੇਵਾਰੀ ਦੇ ਯੋਗ ਨਹੀਂ ਸਮਝਦੇ, ਉਨ੍ਹਾਂ ਵਿਚ ਪਹਿਲ ਕਰਨ ਦੀ ਹਿੰਮਤ ਨਹੀਂ ਹੁੰਦੀ।

www.quotesinpunjabi.ml

QuotesInPunjabi

ਕੋਈ ਕੰਮ ਗਲਤ ਹੋਣ 'ਤੇ ਜਦੋਂ ਮਾਪੇ ਕਹਿੰਦੇ ਹਨ: ਇਹ ਤੂੰ ਕੀਤਾ ਹੈ। ਹੋਰ ਕਿਸਨੇ ਕੀਤਾ ਹੈ ? ਤੂੰ ਹੀ ਕੀਤਾ ਹੈ। ਵਿਸ਼ੇਸ਼ ਕਰਕੇ ਉਦੋਂ, ਜਦੋਂ ਮਾਪੇ ਜਾਣਦੇ ਹੁੰਦੇ ਹਨ ਕਿ ਉਸਨੇ ਹੀ ਕੀਤਾ ਹੈ। ਉਸ ਵੇਲੇ ਜੇ ਸੋਚਿਆ ਜਾਵੇ ਕਿ ਇਹ ਉਸ ਨੇ ਜਾਣ ਕੇ ਨਹੀਂ ਕੀਤਾ, ਉਸ ਤੋਂ ਹੋ ਗਿਆ ਹੈ, ਇਵੇਂ ਕੁਝ ਗਲਤ ਹੋ ਜਾਣ ਜਾਂ ਕਰਨ ਦਾ ਕਾਰਨ ਦੱਸਦਿਆਂ, ਬੱਚਾ ਝੂਠ ਬੋਲਣਾ ਪਸੰਦ ਨਹੀਂ ਕਰੇਗਾ। ਬਚਪਨ ਵਾਸਤਵ ਵਿਚ ਗਲਤੀਆਂ ਕਰਨ ਅਤੇ ਗਲਤੀਆਂ ਤੋਂ ਸਿੱਖਣ ਦੀ ਉਮਰ ਹੁੰਦੀ ਹੈ।

121

ਸਿੱਪ ਦਾ ਕੀੜਾ ਜਦੋਂ ਖੁਰਾਕ ਲਈ ਮੂੰਹ ਖੋਲ੍ਹਦਾ ਹੈ ਤਾਂ ਰੇਤ ਦਾ ਕਿਣਕਾ ਉਸ ਵਿਚ ਆਣ ਬਹਿੰਦਾ ਹੈ, ਜਿਹੜਾ ਉਸ ਦੀ ਕੋਮਲ ਹੋਂਦ ਨੂੰ ਰੜਕਦਾ ਹੈ।

ਕੀੜਾ, ਇਸ ਰੜਕ ਨੂੰ ਨਰਮ ਕਰਨ ਲਈ, ਉਸ ਉੱਤੇ ਹਰ ਵੇਲੇ ਆਪਣੇ ਮੂੰਹ ਦਾ ਲੁਆਬ ਚੜ੍ਹਾਉਂਦਾ ਰਹਿੰਦਾ ਹੈ।

ਉਸਦੇ ਲੁਆਬ ਚੜ੍ਹਾਉਣ ਕਾਰਨ, ਕਿਣਕਾ ਗੋਲ ਅਤੇ ਵੱਡਾ ਹੁੰਦਾ ਜਾਂਦਾ ਹੈ।

ਇਕ ਦਿਨ ਇਸ ਕਿਣਕੇ ਦੇ ਵੱਡਾ ਹੋਣ ਕਾਰਨ, ਸਾਹ ਘੁਟਣ ਕਰਕੇ, ਸਿੱਪ ਦਾ ਕੀੜਾ ਮਰ ਜਾਂਦਾ ਹੈ, ਉਸ ਦਿਨ ਇਸ ਕਿਣਕੇ ਤੋਂ, ਬਣੇ ਮੋਤੀ ਦਾ ਜਨਮ ਹੁੰਦਾ ਹੈ।

122

ਸੂਰਜ ਦੀ ਗਰਮੀ ਨਾਲ ਬੱਦਲ ਬਣਿਆ ਪਾਣੀ, ਧਰਤੀ 'ਤੇ ਵਰ੍ਹ ਕੇ ਵਹਿ ਟੁਰਦਾ ਹੈ। ਇਸ ਵਹਿਣ ਵਿਚ ਬਰਕਤ ਹੁੰਦੀ ਹੈ, ਕਿਉਂਕਿ ਇਹ ਪਾਣੀ ਰਾਹ ਵਿਚ ਬਨਸਪਤੀ ਨੂੰ ਪਾਲਦਾ, ਜੀਵਾਂ ਦੀ ਪਿਆਸ ਬੁਝਾਉਂਦਾ, ਟੋਇਆਂ ਨੂੰ ਭਰਦਾ, ਟਿੱਬਿਆਂ ਨੂੰ ਹਰਾ-ਭਰਾ ਕਰਦਾ, ਜ਼ਿੰਦਗੀ ਦੀ ਅਸੀਸ ਦਿੰਦਾ, ਧਰਤੀ ਦਾ ਪਹਿਰਾਵਾ ਬਦਲਦਾ, ਦਰੱਖਤਾਂ, ਬੂਟਿਆਂ, ਖੇਤਾਂ ਨੂੰ ਨਵਾਂ ਜੀਵਨ ਦਿੰਦਾ, ਬਹਿੰਦਾ, ਖਲੋਂਦਾ, ਰੁਕਦਾ, ਵਹਿੰਦਾ, ਉਡਦਾ, ਕੁਦਰਤ ਦੇ ਹੁਕਮ ਵਿਚ ਰਹਿੰਦਾ ਹੈ ਅਤੇ ਧਰਤੀ ਦੀ ਪਰਕਰਮਾ ਕਰਕੇ ਮੁੜ ਜਾਂਦਾ ਹੈ।

123

ਨਾਰਦ ਨੇ ਕ੍ਰਿਸ਼ਨ ਨੂੰ ਪੁੱਛਿਆ: ਤੈਨੂੰ ਸਭ ਤੋਂ ਵੱਧ ਪਿਆਰ ਕੌਣ ਕਰਦਾ ਹੈ ?

ਕ੍ਰਿਸ਼ਨ ਨੇ ਨਾਰਦ ਨੂੰ ਉੱਤਰ ਦਿੱਤਾ, ਵਿੰਦਰਾਵਨ ਜਾਹ ਅਤੇ ਪਤਾ ਕਰਕੇ ਆ।

ਜਿਸ ਨੂੰ ਮੇਰੇ ਨਾਲ ਪਿਆਰ ਹੋਵੇ, ਉਸ ਨੂੰ ਯੋਗ ਸਾਧਨਾ ਸਿਖਾਈਂ ਅਤੇ ਧਿਆਨ ਕਰਨ ਦੀ ਸਿਖਲਾਈ ਦੇਈਂ।

ਨਾਰਦ ਚਲਾ ਗਿਆ, ਰਾਧਾ ਵੇਖੀ, ਜਮਨਾ ਦੇ ਕਿਨਾਰੇ, ਗੋਪੀਆਂ ਦੇ ਨਾਲ। ਨਾਰਦ ਨੇ ਕਿਹਾ: ਮੈਂ ਸਾਧਨਾ ਸਿਖਾ ਸਕਦਾ ਹਾਂ, ਜਿਹੜੇ ਸਿਖਣਾ ਚਾਹੁੰਦੇ ਹਨ, ਉਹ ਆ ਜਾਣ।

ਰਾਧਾ ਖੁਸ਼ ਸੀ ਕਿ ਉਹ ਯੋਗ-ਸਾਧਨਾ ਸਿਖੇਗੀ, ਕਿਉਂਕਿ ਕਿਸੇ ਵੇਲੇ ਉਸ ਨੂੰ ਕ੍ਰਿਸ਼ਨ ਨੇ ਯੋਗ ਸਾਧਨਾ ਸਿੱਖਣ ਲਈ ਕਿਹਾ ਸੀ।

www.quotesinpunjabi.ml

QuotesInPunjabi

ਕੁਝ ਦਿਨਾਂ ਮਗਰੋਂ ਨਾਰਦ ਨੇ ਕਿਹਾ: ਆਪਣੇ ਇਸ਼ਟ ਦੇਵ 'ਤੇ ਆਪਣਾ ਧਿਆਨ ਇਕਾਗਰ ਕਰੋ, ਕ੍ਰਿਸ਼ਨ 'ਤੇ ਧਿਆਨ ਇਕਾਗਰ ਕਰੋ।

ਰਾਧਾ ਇਕ ਦਮ ਖੜ੍ਹੀ ਹੋ ਕੇ ਬੋਲੀ, ਕੀ ਧਿਆਨ ਇਸ ਵਾਸਤੇ ਸਿਖਾਉਂਦਾ ਰਿਹਾ ਹੈਂ ? ਕ੍ਰਿਸ਼ਨ ਤਾਂ ਮੇਰੇ ਅੰਗ-ਸੰਗ ਹੈ, ਮੈਂ ਕ੍ਰਿਸ਼ਨ 'ਤੇ ਧਿਆਨ ਕਿਵੇਂ ਇਕਾਗਰ ਕਰਾਂ ?

ਇਕਾਗਰ ਕਰਨ ਦੀ ਲੋੜ ਤਾਂ, ਤਾਂ ਪਏਗੀ ਜੇ ਧਿਆਨ ਕਦੇ ਪਰ੍ਹੇ ਗਿਆ ਹੋਵੇ।

ਜੇ ਤੇਰੇ ਵਿਚ ਕੁਝ ਸਿਖਾਉਣ ਦੀ ਜੋਗਤਾ ਹੈ ਤਾਂ ਮੈਨੂੰ ਇਹੁ ਸਿਖਾ ਕੇ ਵਿਖਾ ਕਿ ਮੈਂ ਕ੍ਰਿਸ਼ਨ ਤੋਂ ਆਪਣਾ ਧਿਆਨ ਪਰ੍ਹੇ ਕਿਵੇਂ ਕਰਾਂ ?

ਨਾਰਦ ਨੇ ਕਿਹਾ: ਮੇਰੇ ਪ੍ਰਸ਼ਨ ਦਾ ਉੱਤਰ ਮਿਲ ਗਿਆ ਹੈ।

124

ਕਈ ਅਵਸਰ ਹੱਥੋਂ ਗੁਆ ਕੇ ਅਸੀਂ ਲੰਮਾ ਅਰਸਾ ਪਛਤਾਉਂਦੇ ਰਹਿੰਦੇ ਹਾਂ। ਇਕ ਬੁੱਢੀ ਮੰਗਤੀ ਦੂਜੇ ਤੀਜੇ ਦਿਨ ਆਉਂਦੀ ਸੀ, ਇਕ ਰੁਪਇਆ ਲੈ ਜਾਂਦੀ ਸੀ, ਕਦੇ-ਕਦੇ ਮੈਂ ਦੋ ਰੁਪਏ ਵੀ ਦੇ ਦਿੰਦਾ ਸਾਂ, ਕਿਉਂਕਿ ਉਹ ਕਈ ਦਿਨਾਂ ਮਗਰੋਂ ਆਈ ਹੁੰਦੀ ਸੀ।

ਇਕ ਵਾਰੀ ਉਸ ਨੇ ਨਾਲ ਦੀ ਦੁਕਾਨ ਤੋਂ ਪੁੱਛਿਆ: ਰਜਾਈ ਕਿਤਨੇ ਦੀ ਬਣਦੀ ਹੈ ? ਉਹ ਚਲੀ ਗਈ ਸੀ, ਮੈਂ ਸੁਣ ਲਿਆ ਸੀ, ਸੋਚਿਆ ਅਗਲੀ ਵਾਰ ਆਵੇਗੀ, ਸੌ ਰੁਪਏ ਦੇਵਾਂਗਾ। ਫਿਰ ਖਿਆਲ ਆਇਆ, ਜੇ ਦੇਣੇ ਹੀ ਹਨ ਤਾਂ ਹੁਣੇ ਹੀ ਦੇ ਦੇਣੇ ਚਾਹੀਦੇ ਹਨ, ਮੈਂ ਉਸ ਨੂੰ ਵਾਪਸ ਬੁਲਾਉਣ ਲਈ ਬਾਹਰ ਗਿਆ ਪਰ ਉਹ ਜਾ ਚੁਕੀ ਸੀ। ਉਹ ਫਿਰ ਕਦੇ ਆਈ ਹੀ ਨਾ। ਕੁਝ ਦਿਨਾਂ ਮਗਰੋਂ ਪਤਾ ਚਲਿਆ, ਉਹ ਚਲਾਣਾ ਕਰ ਗਈ ਸੀ।

ਉਹ ਸੌ ਰੁਪਏ, ਭਾਵੇਂ ਕਿਸੇ ਹੋਰ ਨੂੰ ਦੇ ਦਿੱਤੇ ਪਰ ਉਸ ਦਿਨ, ਉਸ ਨੂੰ, ਇਹ ਪੈਸੇ ਨਾ ਦੇ ਸਕਣ ਦਾ ਪਛਤਾਵਾ ਅਜੇ ਵੀ ਹੈ।

125

ਪਾਦਰੀ ਕਹਿ ਰਿਹਾ ਸੀ, ਪਰਮਾਤਮਾ ਦੀਆਂ ਬਣਾਈਆਂ ਚੀਜ਼ਾਂ ਵਿਚ ਕੋਈ ਨੁਕਸ ਨਹੀਂ ਹੈ। ਸੁਣ ਕੇ ਇਕ ਕੁੱਬਾ ਖੜ੍ਹਾ ਹੋ ਗਿਆ ਅਤੇ ਕਹਿਣ ਲੱਗਾ: ਮੇਰੇ ਵਲ ਵੇਖੋ।

ਪਾਦਰੀ ਨੇ ਪ੍ਰਸੰਸਾਮਈ ਅੰਦਾਜ਼ ਨਾਲ ਕਿਹਾ: ਵੇਖੋ ਪਰਮਾਤਮਾ ਨੇ ਕਿਤਨਾ ਸੋਹਣਾ ਕੁੱਬਾ ਬਣਾਇਆ ਹੈ।

126

ਜਰਮਨੀ ਦੇ ਇਕ ਪ੍ਰਸਿੱਧ ਸੰਗੀਤਕਾਰ ਦੀ ਸੰਗੀਤ-ਮੰਡਲੀ ਵਿਚਲਾ ਵਾਇਲਨ ਵਜਾਉਣ ਵਾਲਾ ਕਲਾਕਾਰ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਅਤੇ ਸੰਗੀਤਕਾਰ ਨੂੰ ਵਾਇਲਨ ਵਜਾਉਣ ਵਾਲੇ ਇਕ ਮਾਹਿਰ ਕਲਾਕਾਰ ਦੀ ਲੋੜ ਸੀ।

ਉਸ ਨੇ ਆਪਣੇ ਸਕੱਤਰ ਨੂੰ ਪ੍ਰਬੰਧ ਕਰਨ ਲਈ ਕਿਹਾ।

www.quotesinpunjabi.ml

QuotesInPunjabi

ਸਕੱਤਰ ਨੂੰ ਕਿਸੇ ਨੇ ਦੱਸ ਪਾਈ ਕਿ ਵਾਇਲਨ ਦਾ ਇਕ ਚੰਗਾ ਕਲਾਕਾਰ ਹੈ ਪਰ ਉਹ ਇਕ ਪਿੰਡ ਵਿਚ ਰਹਿੰਦਾ ਹੈ। ਜੇ ਉਸ ਦੀ ਕਲਾ ਦੀ ਪਰਖ ਕਰਨ ਵਾਸਤੇ, ਉਸ ਨੂੰ ਬੁਲਾਇਆ ਜਾਵੇ ਤਾਂ ਉਹ ਪਰਖੇ ਜਾਣ ਲਈ ਨਹੀਂ ਆਵੇਗਾ, ਉਸ ਕੋਲ ਜਾਣਾ ਪਏਗਾ।

ਜੇ ਉਹ ਤੁਹਾਨੂੰ ਪਸੰਦ ਆ ਗਿਆ ਤਾਂ ਉਸ ਨੂੰ ਤੁਹਾਡੀ ਸੰਗੀਤ ਮੰਡਲੀ ਵਿਚ ਕੰਮ ਕਰਨ ਲਈ ਮੈਂ ਮਨਾ ਲਵਾਂਗਾ।

ਸੰਗੀਤਕਾਰ ਆਪਣੇ ਸਕੱਤਰ ਨਾਲ ਵਾਇਲਨ ਵਜਾਉਣ ਵਾਲੇ ਦੇ ਪਿੰਡ ਗਿਆ।

ਵਾਇਲਨ ਦਾ ਕਲਾਕਾਰ, ਸਰਦੀਆਂ ਦੀ ਧੁੱਪ ਵਿਚ ਬੈਠਾ ਸੀ। ਉਸ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ, ਮਹਿਮਾਨਾਂ ਲਈ ਕੁਰਸੀਆਂ, ਉਹ ਆਪ ਲੈ ਕੇ ਆਇਆ। ਉਸ ਨੇ ਕਿਹਾ, ਮੈਂ ਆਪ ਸਿਗਰਟ-ਸਿਗਾਰ ਨਹੀਂ ਪੀਂਦਾ, ਸੋ ਇਹ ਰੱਖੇ ਵੀ ਨਹੀਂ। ਮਾਲਟੇ ਖਾਵਾਂਗੇ। ਉਹ ਮਾਲਟੇ ਤੋੜ ਲਿਆਇਆ ਅਤੇ ਉਸ ਨੇ ਦਸਤਾਨੇ ਪਾ ਕੇ ਮਾਲਟੇ ਕੱਟੇ, ਫਾੜੀਆਂ ਤੋਂ ਤਾਰਾਂ ਬੜੇ ਸਲੀਕੇ ਨਾਲ ਵੱਖ ਕੀਤੀਆਂ, ਅੰਦਰੋਂ ਪਲੇਟਾਂ ਅਤੇ ਲੂਣ ਲੈ ਆਇਆ ਅਤੇ ਤਸ਼ਤਰੀ ਵਿਚ ਰਖ ਕੇ ਉਸ ਨੇ ਬੜੇ ਆਦਰ ਨਾਲ ਮਾਲਟੇ ਖਾਣ ਲਈ ਬੇਨਤੀ ਕੀਤੀ। ਪਤਨੀ ਇਕ ਟਰੇਅ ਵਿਚ ਉਨ੍ਹਾਂ ਦੇ ਹੱਥ ਧੁਆਉਣ ਲਈ ਗਰਮ ਪਾਣੀ ਅਤੇ ਨਿੱਕੇ-ਨਿੱਕੇ ਤੌਲੀਏ ਲੈ ਕੇ ਆਈ। ਮਹਿਮਾਨਾਂ ਨੇ ਬੜੇ ਪਿਆਰ ਨਾਲ ਮਾਲਟੇ ਖਾਧੇ।

ਪਤੀ-ਪਤਨੀ ਦਾ ਸਲੀਕਾ ਮੋਹ ਲੈਣ ਵਾਲਾ ਸੀ, ਉਨ੍ਹਾਂ ਦੇ ਘਰ ਦੀ ਹਰ ਚੀਜ਼ ਵਿਚੋਂ ਸੋਹਜ ਦਿਸਦਾ ਸੀ, ਕਲਾ ਝਲਕਦੀ ਸੀ।

ਸੰਗੀਤਕਾਰ ਨੇ ਉਸ ਵਾਇਲਨ ਦੇ ਕਲਾਕਾਰ ਨੂੰ, ਆਪਣੇ ਘਰ ਖਾਣੇ 'ਤੇ ਆਉਣ ਲਈ ਸੱਦਾ ਦਿੱਤਾ ਅਤੇ ਉਹ ਆਪਣੇ ਸਕੱਤਰ ਨਾਲ ਵਾਪਸ ਚਲ ਪਿਆ।

ਸਕੱਤਰ ਨੇ ਕਿਹਾ ਜਿਹੜਾ ਕੰਮ ਆਏ ਸਾਂ, ਉਹ ਤਾਂ ਕੀਤਾ ਹੀ ਨਹੀਂ, ਕੁਝ ਪੁੱਛਿਆ ਹੀ ਨਹੀਂ। ਸੰਗੀਤਕਾਰ ਨੇ ਕਿਹਾ ਕੁਝ ਪੁੱਛਣ-ਜਾਣਨ ਦੀ ਲੋੜ ਨਹੀਂ, ਜਿਹੜਾ ਮਾਲਟੇ ਇਤਨੇ ਸਲੀਕੇ ਨਾਲ ਖੁਆਉਂਦਾ ਹੈ, ਉਹ ਵਾਇਲਨ ਵੀ ਚੰਗੀ ਵਜਾਉਂਦਾ ਹੋਵੇਗਾ।

ਮੇਰੇ ਵਲੋਂ ਉਸ ਨੂੰ ਪੂਰੀ ਨਿਮਰਤਾ ਨਾਲ ਬੇਨਤੀ ਕਰੋ, ਉਹ ਭਾਵੇਂ ਮੇਰੀ ਸੰਗੀਤ-ਮੰਡਲੀ ਦਾ ਮਾਲਕ ਬਣ ਜਾਵੇ ਪਰ ਆ ਜਾਵੇ।

127

ਜਦੋਂ ਅਮਰੀਕਾ ਵਿਚ ਗੁਲਾਮੀ ਦੇ ਖਾਤਮੇ ਦੇ ਪੱਖ ਵਿਚ ਅਤੇ ਵਿਰੋਧ ਵਿਚ ਲੜੀ ਗਈ ਖਾਨਾਜੰਗੀ ਖਤਮ ਹੋਈ ਅਤੇ ਗੁਲਾਮੀ ਦਾ ਖਾਤਮਾ ਹੋਇਆ ਤਾਂ ਇਬਰਾਹੀਮ ਲਿੰਕਨ ਨੇ ਆਪਣੀ ਪਤਨੀ ਨਾਲ ਬੱਘੀ ਵਿੱਚ ਬਹਿ ਕੇ ਆਜ਼ਾਦ ਹੋਏ ਗੁਲਾਮਾਂ ਦੀਆਂ ਮੀਲਾਂ ਲੰਮੀਆਂ ਵਹੀਰਾਂ ਤੋਂ ਸਦਭਾਵੀ ਸ਼ੁਭਕਾਮਨਾਵਾਂ ਲੈਂਦਿਆਂ, ਇਧਰ-ਉਧਰ ਵੇਖਿਆ।

ਲਿੰਕਨ ਦੀਆਂ ਅੱਖਾਂ ਵਿਚ ਉਦਾਸੀ ਦੇ ਅੱਥਰੂ ਸਨ ਪਰ ਮਨ ਵਿਚ ਖੁਸ਼ੀ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਖੁਸ਼ੀ ਜਿੱਤ ਅਤੇ ਸਫਲਤਾ ਦੀ ਸੀ ਪਰ ਕੁਰਬਾਨੀਆਂ ਦੀ ਜਿਹੜੀ ਭਾਰੀ ਕੀਮਤ ਦੇਣੀ ਪਈ ਸੀ, ਉਸ ਦੀ ਉਦਾਸੀ ਸੀ।

www.quotesinpunjabi.ml

QuotesInPunjabi

ਲਿੰਕਨ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ ਪਰ ਉਸ ਦੀਆਂ ਅੱਖਾਂ ਵਿਚ ਹੰਝੂ ਸਨ।
ਇਕੋ ਵੇਲੇ ਮੀਂਹ ਪੈ ਰਿਹਾ ਸੀ ਅਤੇ ਧੁੱਪ ਚੜ੍ਹੀ ਹੋਈ ਸੀ।
ਦੱਸਿਆ ਨਹੀਂ ਸੀ ਜਾ ਸਕਦਾ ਕਿ ਲਿੰਕਨ ਖ਼ੁਸ਼ ਵਧੇਰੇ ਸੀ ਕਿ ਉਦਾਸ ਵਧੇਰੇ ਸੀ।

128

ਮੇਰੇ ਇਕ ਮਿੱਤਰ ਦੀ ਧੀ ਦੂਜੇ ਸ਼ਹਿਰ ਵਿਆਹੀ ਹੋਈ ਸੀ। ਕੁਝ ਮਹੀਨੇ ਗੁਜ਼ਰ ਗਏ ਸਨ, ਕੋਈ ਸੁਖ-ਸੁਨੇਹਾ ਨਹੀਂ ਸੀ ਆਇਆ, ਉਸ ਸਮੇਂ ਟੈਲੀਫੋਨ ਆਮ ਨਹੀਂ ਸਨ।

ਮਿੱਤਰ ਨੇ ਕਿਹਾ, ਇਕ ਦਿਨ ਜਾ ਕੇ ਆਵਾਂਗੇ। ਮੈਨੂੰ ਉਹ ਇਸ ਲਈ ਨਾਲ ਲਿਜਾ ਰਿਹਾ ਸੀ ਤਾਂ ਕਿ ਮੈਂ ਘੋਖ-ਪਰਖ ਕਰਕੇ ਅਨੁਮਾਨ ਲਾਵਾਂ ਕਿ ਉਸ ਦੀ ਧੀ ਉਥੇ ਠੀਕ-ਠਾਕ ਸੀ। ਨਿਰਸੰਦੇਹ ਮੇਰੇ ਮਿੱਤਰ ਨੂੰ ਮੇਰੀ ਯੋਗਤਾ 'ਤੇ ਕੁਝ ਵਧੇਰੇ ਹੀ ਵਿਸ਼ਵਾਸ ਸੀ।

ਛੱਬੀ ਜਨਵਰੀ ਦੀ ਛੁੱਟੀ ਵਾਲੇ ਦਿਨ ਅਸੀਂ ਚਲੇ ਗਏ, ਜਦੋਂ ਪਹੁੰਚੇ ਤਾਂ ਨਿੱਕੀਆਂ-ਨਿੱਕੀਆਂ ਕਣੀਆਂ ਪੈ ਰਹੀਆਂ ਸਨ। ਕੁੰਡਾ ਖੜਕਾਇਆ, ਵੇਸਣ ਨਾਲ ਲਿਬੜੇ ਹੱਥਾਂ ਨਾਲ, ਧੀ ਦੀ ਨਨਾਣ ਨੇ ਦਰਵਾਜ਼ਾ ਖੋਲ੍ਹਿਆ, ਅਸੀਂ ਬਹਾਨਾ ਲਾਇਆ ਕਿ ਕਿਸੇ ਕੰਮ ਆਏ ਸਾਂ, ਸੋਚਿਆ ਮਿਲਦੇ ਜਾਈਏ। ਨਨਾਣ-ਭਰਜਾਈ ਪਕੌੜੇ ਤਲ ਰਹੀਆਂ ਸਨ।

ਅਸੀਂ ਪਕੌੜੇ ਖਾਧੇ, ਚਾਹ ਪੀਤੀ, ਸੁਖ-ਸਾਂਦ ਪੁੱਛੀ ਅਤੇ ਉਨ੍ਹਾਂ ਵਲੋਂ ਹੋਰ ਰੁਕਣ ਲਈ ਕਹਿਣ ਦੇ ਬਾਵਜੂਦ, ਸ਼ਗਨ ਦੇ ਕੇ, ਧੰਨਵਾਦ ਕਰਕੇ ਚੱਲ ਪਏ।

ਮੇਰੇ ਮਿੱਤਰ ਨੇ ਪੁੱਛਿਆ, ਕੋਈ ਗੱਲਬਾਤ ਤਾਂ ਕੀਤੀ ਨਹੀਂ, ਜਿਹੜੇ ਕੰਮ ਆਏ ਸੀ, ਉਹ ਤਾਂ ਹੋਇਆ ਨਹੀਂ। ਆਪਣੀ ਸਿਆਣਪ ਦਾ ਸਬੂਤ ਦਿੰਦਿਆਂ ਮੈਂ ਕਿਹਾ, ਅਸੀਂ ਬਿਨਾਂ ਸੂਚਨਾ ਦਿੱਤੇ ਗਏ ਸਾਂ, ਸੋ ਸਾਡਾ ਥੋੜ੍ਹੀ ਦੇਰ ਹੀ ਰੁਕਣਾ ਬਣਦਾ ਸੀ।

ਮੈਂ ਕਿਹਾ: ਗੱਲਬਾਤ ਦੀ ਕੋਈ ਲੋੜ ਨਹੀਂ ਸੀ, ਕਿਉਂਕਿ ਪਤਨੀ ਭਾਵੇਂ ਰੁੱਸੀ ਹੋਵੇ, ਭਾਵੇਂ ਲੜੀ ਹੋਵੇ, ਰੋਟੀ ਤਾਂ ਉਸ ਨੇ ਪਕਾਉਣੀ ਹੀ ਹੁੰਦੀ ਹੈ ਪਰ ਪਕੌੜੇ ਤਾਂ ਹੀ ਤਲੇ ਜਾਣਗੇ, ਜੇ ਸਭ ਕੁਝ ਠੀਕ ਹੋਵੇਗਾ, ਨਾਲੇ ਪਕੌੜੇ ਉਸ ਦੀ ਧੀ ਇਕੱਲੀ ਨਹੀਂ, ਨਨਾਣ-ਭਰਜਾਈ ਰਲ ਕੇ ਤਲ ਰਹੀਆਂ ਸਨ ਅਤੇ ਸੱਸ ਸਾਰਿਆਂ ਨੂੰ ਵਰਤਾ ਰਹੀ ਸੀ ਅਤੇ ਸਾਰੇ ਪਕੌੜੇ ਖਾ ਰਹੇ ਸਨ ਅਤੇ ਉਂਗਲਾਂ ਚੱਟ ਰਹੇ ਸਨ।

ਸੁੱਖ-ਸਾਂਦ ਦਾ ਇਸ ਤੋਂ ਵੱਡਾ ਹੋਰ ਸਬੂਤ ਕੀ ਹੋ ਸਕਦਾ ਸੀ ?

129

ਸਵਿਟਜ਼ਰਲੈਂਡ ਦੀ ਰਾਜਕੁਮਾਰੀ ਨੇ ਦੇਸ਼ ਦੀ ਹਰਮਨ ਪਿਆਰੀ ਆਪਣੀ ਮਾਂ, ਮਹਾਰਾਣੀ ਦੇ ਜਨਮ ਦਿਹਾੜੇ 'ਤੇ ਮਹਿਲ ਦੀ ਬਾਲਕੋਨੀ ਵਿਚੋਂ, ਲੋਕਾਂ ਵਲੋਂ ਕੱਢੇ ਗਏ ਜ਼ੁਲੂਸ-ਇੱਛਾਵਾਂ ਦੇ ਜਲੂਸ ਨੂੰ ਵੇਖਦਿਆਂ, ਪੁੱਛਿਆ: ਕੀ ਇਹ ਸਾਰੇ ਲੋਕ ਸਾਡੇ ਹਨ ?

ਮਹਾਰਾਣੀ ਨੇ ਕਿਹਾ: ਨਹੀਂ ਬੇਟੀ, ਇਹ ਸਾਡੇ ਨਹੀਂ, ਅਸੀਂ ਇਨ੍ਹਾਂ ਦੇ ਹਾਂ।

www.quotesinpunjabi.ml

QuotesInPunjabi

130

ਇਕ ਵਿਅਕਤੀ ਨੇ ਬੇੜੀ ਵਿਚ, ਕਿਸੇ ਨੂੰ ਪੁੱਛਿਆ: ਜੇ ਬੇੜੀ ਉਲਟ ਜਾਵੇ ਅਤੇ ਮੇਰੀ ਮਾਂ ਅਤੇ ਪਤਨੀ ਦੋਵੇਂ ਡੁੱਬ ਰਹੀਆਂ ਹੋਣ ਤਾਂ ਮੈਂ ਕਿਸ ਨੂੰ ਬਚਾਵਾਂ ?

ਸੁਣਨ ਵਾਲੇ ਨੇ ਕਿਹਾ, ਤੂੰ ਮਾਂ ਨੂੰ ਬਚਾਵੀਂ, ਤੇਰੀ ਪਤਨੀ ਨੂੰ ਬਚਾਉਣ ਵਾਲੇ ਕਈ ਆ ਜਾਣਗੇ।

131

ਪਸ਼ੂ ਆਪਣਾ ਭੋਜਨ, ਕਿਸੇ ਹੋਰ ਪਸ਼ੂ ਨੂੰ ਨਹੀਂ ਦਿੰਦਾ। ਬਿੱਲੀ ਆਪਣਾ ਮਾਰਿਆ ਚੂਹਾ, ਕਿਸੇ ਦੂਜੀ ਬਿੱਲੀ ਨੂੰ ਨਹੀਂ ਦਿੰਦੀ। ਸ਼ੇਰ ਆਪਣਾ ਸ਼ਿਕਾਰ, ਕਿਸੇ ਹੋਰ ਸ਼ੇਰ ਨਾਲ ਸਾਂਝਾ ਨਹੀਂ ਕਰਦਾ ਪਰ ਮਨੁੱਖ ਆਪਣਾ ਭੋਜਨ ਵੰਡਦਾ ਹੀ ਨਹੀਂ, ਸਗੋਂ ਲੋੜ ਪੈਣ 'ਤੇ ਆਪਣਾ ਸਾਰਾ ਭੋਜਨ ਕਿਸੇ ਲੋੜਵੰਦ ਨੂੰ ਦੇ ਕੇ, ਆਪ ਭੁੱਖਾ ਵੀ ਰਹਿ ਸਕਦਾ ਹੈ। ਆਪਣਾ ਭੋਜਨ ਹੀ ਨਹੀਂ ਆਪਣੀ ਨੀਂਦਰ ਵੀ ਦੇ ਸਕਦਾ ਹੈ, ਬੀਮਾਰ ਦੇ ਸਰਹਾਣੇ ਸਾਰੀ ਰਾਤ ਬਹਿ ਸਕਦਾ ਹੈ। ਆਪ ਗਰਮੀ ਝਲ ਕੇ ਕਿਸੇ ਹੋਰ ਨੂੰ ਪੱਖਾ ਝੱਲ ਸਕਦਾ ਹੈ। ਉਹ ਆਪਣੀ ਜਾਇਦਾਦ ਹੀ ਨਹੀਂ, ਆਪਣੀ ਜਾਨ ਹੀ ਨਹੀਂ, ਆਪਣਾ ਪਿਤਾ ਵੀ ਦੂਜਿਆਂ ਲਈ ਵਾਰ ਸਕਦਾ ਹੈ, ਆਪਣੇ ਸਾਰੇ ਪੁੱਤਰ ਖਿੜੇ-ਮੱਥੇ ਕੁਰਬਾਨ ਕਰਵਾ ਸਕਦਾ ਹੈ, ਕਿਉਂਕਿ ਉਹ ਮਨੁੱਖ ਹੈ।

ਹਰ ਮਨੁੱਖ ਵਿਚ ਪਰਮ ਮਨੁੱਖ ਬਣਨ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।

132

ਜਦੋਂ ਸਮੁੱਚੀ ਸਥਿਤੀ ਨਿਰਾਸ਼ਾਜਨਕ ਹੋਵੇ ਤਾਂ ਦੇਸ਼ ਨੂੰ, ਵੱਖ-ਵੱਖ ਖੇਤਰਾਂ ਵਿਚ ਉਨ੍ਹਾਂ ਆਗੂਆਂ ਦੀ ਲੋੜ ਪੈਂਦੀ ਹੈ ਜਿਹੜੇ ਕੌਮ ਦਾ ਹੌਸਲਾ ਉੱਚਾ ਚੁੱਕਣ।

ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅੰਤ ਤੇ ਸਾਰਾ ਯੋਰਪ ਆਰਥਿਕ ਮੰਦਵਾੜੇ ਦਾ ਸ਼ਿਕਾਰ ਸੀ। ਇੰਗਲੈਂਡ ਉਸ ਵੇਲੇ ਵਿਸ਼ਵ-ਸ਼ਕਤੀ ਸੀ ਪਰ ਆਰਥਿਕ ਮੰਦੀ ਦਾ ਸਭ ਤੋਂ ਵੱਧ ਸ਼ਿਕਾਰ ਸੀ। ਉਸ ਵੇਲੇ ਇੰਗਲੈਂਡ ਦੇ ਵਿਸ਼ਵ-ਪ੍ਰਸਿੱਧ ਕ੍ਰਿਕਟ ਖਿਡਾਰੀ ਬਰੈਡਮੈਨ ਨੇ ਵਿਦੇਸ਼ ਵਿਚ ਖੇਡੇ ਇਕ ਮੈਚ ਵਿਚ, ਤਿੰਨ ਸੌ ਪੰਜ ਦੌੜਾਂ ਬਣਾ ਕੇ, ਇੰਗਲੈਂਡ ਦੇ ਸਾਰੇ ਦੇਸ਼ਵਾਸੀਆਂ ਦੇ ਹੌਸਲੇ ਬੁਲੰਦ ਕਰ ਦਿੱਤੇ ਸਨ। ਇੰਗਲੈਂਡ ਵਾਸੀਆਂ ਨੂੰ ਲਗਣ ਲੱਗ ਪਿਆ ਸੀ ਕਿ ਜਿਵੇਂ ਖੇਡ ਦੇ ਮੈਦਾਨ ਵਿਚ ਸਫਲਤਾ ਮਿਲੀ ਹੈ, ਆਰਥਿਕ ਮੈਦਾਨ ਵਿਚ ਵੀ ਮਿਲੇਗੀ ਅਤੇ ਹੋਇਆ ਵੀ ਇਵੇਂ।

ਲੋੜ ਹੌਸਲਾ ਉੱਚਾ ਕਰਨ ਦੀ ਹੀ ਸੀ, ਬਾਕੀ ਸਭ ਕੁਝ ਹਾਜ਼ਰ ਸੀ। ਬਰੈਡਮੈਨ ਦੀ ਕ੍ਰਿਕਟ ਵਿਚ ਇਸ ਸਫਲਤਾ ਨਾਲ, ਉਹ ਸਾਰੇ ਕ੍ਰਿਕਟ ਜਗਤ ਵਿੱਚ ਪ੍ਰਸਿੱਧ ਹੋ ਗਿਆ ਸੀ।

ਇਕ ਵਾਰੀ ਬਰੈਡਮੈਨ ਆਸਟਰੇਲੀਆ ਵਿਚ ਖੇਡ ਰਿਹਾ ਸੀ। ਉਸ ਦੇ ਇਕ ਪ੍ਰਸੰਸਕ ਨੇ ਚਿੱਠੀ ਲਿਖੀ, ਜਿਸ ਉਤੇ ਬਰੈਡਮੈਨ ਦਾ ਪਤਾ ਨਹੀਂ ਸੀ ਲਿਖਿਆ ਹੋਇਆ, ਕੇਵਲ ਇਤਨਾ ਹੀ ਲਿਖਿਆ ਸੀ 'ਬਰੈਡਮੈਨ, ਜਿਹੜਾ ਆਸਟਰੇਲੀਆ ਵਿਚ ਕਿਧਰੇ ਕ੍ਰਿਕੇਟ ਖੇਡ ਰਿਹਾ ਹੈ' ਇਹ ਖ਼ਤ ਬਰੈਡਮੈਨ ਨੂੰ ਪਹੁੰਚਾਇਆ ਗਿਆ।

www.quotesinpunjabi.ml

QuotesInPunjabi

ਬਰੈਡਮੈਨ ਇੰਡਨਾ ਪ੍ਰਸਿੱਧ ਹੋ ਗਿਆ ਸੀ ਕਿ ਲੋਕ, ਉਸ ਦੇ ਪੁੱਤਰ ਦੇ ਨਾਂ ਵਿਚ ਬਰੈਡਮੈਨ ਲਿਖਿਆ ਪੜ੍ਹ ਕੇ, ਉਸ ਨੂੰ ਮਿਲਣ ਲਈ ਘੇਰ ਲੈਂਦੇ ਸਨ।

ਬਰੈਡਮੈਨ ਦੇ ਪੁੱਤਰ ਨੇ ਇਹ ਕਹਿਕੇ ਕਿ ਇੰਗਲੈਂਡ ਲਈ ਇਕ ਹੀ ਬਰੈਡਮੈਨ ਕਾਫ਼ੀ ਹੈ, ਪ੍ਰਸੰਸਕਾਂ ਦੀਆਂ ਭੀੜਾਂ ਤੋਂ ਬਚਣ ਲਈ, ਆਪਣਾ ਨਾਂ ਬਦਲ ਲਿਆ ਸੀ।

133

ਅੰਦਰੋਂ ਮਰੇ ਹੋਏ ਵਿਅਕਤੀ, ਇਵੇਂ ਵਿਹਾਰ ਕਰਦੇ ਹਨ, ਜਿਵੇਂ ਕੁਝ ਨਾ ਵਾਪਰਿਆ ਹੋਵੇ, ਭਾਵੇਂ ਸਭ ਕੁਝ ਵਾਪਰ ਗਿਆ ਹੋਵੇ।

ਇਕ ਵਿਅਕਤੀ ਦੇ ਖ਼ੂਨ ਦੀ ਕਿਸਮ ਬੜੀ ਅਸਾਧਾਰਨ ਸੀ, ਜੋ ਫੇਰੀ ਦੇਣ ਨਾਲ ਕਿਸੇ ਮਰ ਰਹੇ ਵਿਅਕਤੀ ਦੀ ਜਾਨ ਬਚਾ ਸਕਦੀ ਸੀ। ਇਸ ਵਿਅਕਤੀ ਨੇ ਆਪਣਾ ਨਾਂ ਖ਼ੂਨਦਾਨ ਕਰਨ ਲਈ ਲਿਖਵਾਇਆ ਹੋਇਆ ਸੀ ਅਤੇ ਹਸਪਤਾਲ ਵਾਲਿਆਂ ਨੇ ਉਸ ਨੂੰ ਦੱਸਿਆ ਹੋਇਆ ਸੀ, ਜਦੋਂ ਵੀ ਲੋੜ ਪਏਗੀ, ਫੇਰੀ ਲੋੜ ਪਏਗੀ, ਝੱਟਪੱਟ ਪਹੁੰਚਣਾ ਹੋਵੇਗਾ। ਇਕ ਦਿਨ ਅਚਾਨਕ ਲੋੜ ਪੈ ਗਈ, ਉਸ ਨੂੰ ਬੁਲਾਇਆ ਗਿਆ, ਉਹ ਪਹੁੰਚਿਆ, ਡਾਕਟਰ ਨੇ ਕਿਹਾ: ਕਮਜ਼ੋਰ ਲਗ ਰਹੇ ਹੋ ? ਉਸ ਨੇ ਕਿਹਾ: ਨਹੀਂ, ਮੈਂ ਠੀਕ ਹਾਂ। ਉਸ ਨੇ ਖ਼ੂਨ ਦਿੱਤਾ।

ਖ਼ੂਨ ਦੇਣ ਉਪਰੰਤ, ਓਪਰੇਸ਼ਨ ਕਰਨ ਤੋਂ ਮਗਰੋਂ, ਡਾਕਟਰ ਨੇ ਪੁੱਛਿਆ: ਤੁਸੀਂ ਚੁੱਪ-ਚੁੱਪ ਲਗ ਰਹੇ ਸੀ। ਖ਼ੂਨ ਦੇਣ ਵਾਲੇ ਨੇ ਦੱਸਿਆ: ਮੇਰੀ ਪਤਨੀ ਦੀ ਹਾਦਸੇ ਵਿਚ ਮੌਤ ਹੋ ਗਈ ਹੈ, ਜਦੋਂ ਤੁਹਾਡਾ ਫੋਨ ਆਇਆ, ਉਸ ਦੇ ਭੋਗ ਦੀ ਅਰਦਾਸ ਹੋ ਰਹੀ ਸੀ, ਮੈਂ ਖ਼ੂਨ ਦੇਣ ਦਾ ਵਾਅਦਾ ਕੀਤਾ ਸੀ। ਮੇਰੀ ਪਤਨੀ ਮਰ ਚੁੱਕੀ ਸੀ, ਇਹ ਮਰੀਜ਼ ਮਰ ਰਿਹਾ ਸੀ।

ਮੈਨੂੰ ਤਸੱਲੀ ਹੈ ਕਿ ਇਹ ਬੱਚ ਜਾਵੇਗਾ। ਇਸ ਨਾਲ ਮੇਰੀ ਪਤਨੀ ਦੀ ਆਤਮਾ ਨੂੰ ਜ਼ਰੂਰ ਸ਼ਾਂਤੀ ਮਿਲੇਗੀ। ਮੈਨੂੰ ਲਗ ਰਿਹਾ ਹੈ, ਜਿਵੇਂ ਮੈਂ ਆਪਣਾ ਖ਼ੂਨ ਉਸ ਨੂੰ ਭੇਟ ਕੀਤਾ ਹੈ।

134

ਪੂਰਨ ਸ਼ਾਂਤੀ ਦੀ ਆਸ ਅਤੇ ਇੱਛਾ ਭਰਮਜਾਲ ਹੁੰਦੀ ਹੈ। ਸਮਾਜ ਵਿਚ ਕਦੇ ਵੀ ਪੂਰਨ ਸ਼ਾਂਤੀ ਨਹੀਂ ਹੁੰਦੀ, ਕਦੇ ਹੋਈ ਨਹੀਂ, ਕਦੀ ਹੋਵੇਗੀ ਵੀ ਨਹੀਂ।

ਜੇ ਰਾਜਨੀਤਕ ਸਮੱਸਿਆਵਾਂ ਹੱਲ ਹੋ ਜਾਣ ਤਾਂ ਆਰਥਿਕ ਸਮੱਸਿਆਵਾਂ ਉਪਜ ਪੈਂਦੀਆਂ ਹਨ, ਜੇ ਆਰਥਿਕ ਝਗੜੇ ਹੱਲ ਹੋ ਜਾਣ ਤਾਂ ਧਾਰਮਿਕ ਮਸਲੇ ਉਪਜ ਪੈਂਦੇ ਹਨ ਅਤੇ ਸਮਾਜਿਕ ਵੱਖਰੇਵੇਂ ਸਿਰ ਚੁੱਕਣ ਲੱਗ ਪੈਂਦੇ ਹਨ। ਜੇ ਇਹ ਵੀ ਹੱਲ ਹੋ ਜਾਣ ਤਾਂ ਪਰਿਵਾਰਕ ਉਲਝਣਾਂ, ਵਿਅਕਤੀਗਤ ਟਕਰਾਓ, ਕੁਦਰਤੀ ਬਿਪਤਾਵਾਂ ਆ ਜਾਂਦੀਆਂ ਹਨ।

ਜੇ ਸਭ ਕੁਝ ਠੀਕ ਹੋ ਜਾਵੇ ਤਾਂ ਗਵਾਂਢੀ ਦੇਸ਼ ਝਗੜੇ ਉਪਜਾਉਣ ਲਗ ਪੈਂਦੇ ਹਨ।

ਸਮੱਸਿਆਵਾਂ, ਝਗੜਿਆਂ, ਟਕਰਾਵਾਂ ਤੋਂ ਭੈਭੀਤ ਹੋਣ ਦੀ ਲੋੜ ਨਹੀਂ, ਲੋੜ ਇਸ ਗੱਲ ਦੀ ਹੈ ਕਿ ਅਸੀਂ ਮਜ਼ਬੂਤ ਬਣੀਏ ਅਤੇ ਹਰ ਸਥਿਤੀ, ਸੰਕਟ, ਚਣੌਤੀ, ਧਮਕੀ ਆਦਿ ਦਾ ਦਲੇਰੀ ਨਾਲ ਸਾਹਮਣਾ ਕਰੀਏ।

www.quotesinpunjabi.ml

QuotesInPunjabi

135

ਇਕ ਸਾਧਾਰਨ ਕਿਸਾਨ ਆਪਣੇ ਖੇਤ ਵਿਚ ਕੰਮ ਕਰ ਰਿਹਾ ਸੀ। ਉਸ ਨੂੰ ਅਚਾਨਕ ਇਕ ਬੱਚੇ ਦੀਆਂ ਚੀਕਾਂ ਸੁਣੀਆਂ, ਕਿਸਾਨ ਦੌੜ ਕੇ ਗਿਆ, ਵੇਖਿਆ ਇਕ ਬੱਚਾ ਦਲਦਲ ਵਿਚ ਧਸਦਾ ਜਾ ਰਿਹਾ ਸੀ। ਕਿਸਾਨ ਨੇ ਉਸ ਬੱਚੇ ਨੂੰ ਬਚਾ ਲਿਆ।

ਅਗਲੇ ਦਿਨ ਇਕ ਵੱਡੀ ਬੱਘੀ ਵਿਚ ਇਕ ਅਮੀਰ ਜੋੜਾ ਆਇਆ, ਜਿਸ ਨੇ ਘੁੰਮਣ ਲਈ ਉਧਰ ਆ ਨਿਕਲੇ ਆਪਣੇ ਪੁੱਤਰ ਨੂੰ ਬਚਾਉਣ ਕਰਕੇ, ਕਿਸਾਨ ਦਾ ਭਰਪੂਰ ਧੰਨਵਾਦ ਕੀਤਾ ਅਤੇ ਕਿਹਾ: ਮੈਂ ਤੁਹਾਨੂੰ ਕੁਝ ਭੇਟ ਕਰਨਾ ਚਾਹੁੰਦਾ ਹਾਂ। ਕਿਸਾਨ ਨੇ ਕਿਹਾ: ਜਿਹੜਾ ਕੰਮ ਮੈਂ ਕੀਤਾ ਹੈ, ਅਜਿਹੇ ਕੰਮਾਂ ਦੇ ਪੈਸੇ ਨਹੀਂ ਵੱਟੇ ਜਾਂਦੇ।

ਇਤਨੇ ਵਿਚ ਬੱਘੀ ਨੂੰ ਵੇਖ ਕੇ ਉਤਸੁਕਤਾ ਵਸ, ਕਿਸਾਨ ਦਾ ਪੁੱਤਰ ਉਥੇ ਆ ਗਿਆ। ਬੱਘੀ ਵਾਲੇ ਨੇ ਕਿਹਾ: ਮੈਂ ਤੁਹਾਡੇ ਇਸ ਪੁੱਤਰ ਦੀ ਵਿਦਿਆ ਦੀ ਜ਼ਿੰਮੇਵਾਰੀ ਲੈਣੀ ਚਾਹੁੰਦਾ ਹਾਂ। ਇਹ ਸਾਰੀ ਪੜ੍ਹਾਈ ਮੇਰੇ ਖਰਚੇ ਤੇ ਕਰੇਗਾ।

ਉਸ ਕਿਸਾਨ ਦਾ ਇਹ ਪੁੱਤਰ, ਵੱਡਾ ਹੋ ਕੇ, ਸੰਸਾਰ ਦਾ ਪ੍ਰਸਿੱਧ ਡਾਕਟਰ ਸਰ ਅਲੈਗਜ਼ੈਂਡਰ ਫਲੇਮਿੰਗ ਬਣਿਆ, ਜਿਸ ਨੇ ਪੈਨਸਲੀਨ ਦੀ ਕਾਢ ਕੱਢੀ। ਪੈਨਸਲੀਨ ਨੇ ਪਿਛਲੀ ਇਕ ਸਦੀ ਦੌਰਾਨ, ਸੌ ਕਰੋੜ ਨਾਲੋਂ ਵੱਧ ਲੋਕਾਂ ਦੀ ਜਾਨ ਬਚਾਈ ਹੈ।

ਇਤਫ਼ਾਕ ਦੀ ਗੱਲ ਹੈ ਕਿ ਧਨਵਾਨ ਵਿਅਕਤੀ ਦੇ ਉਸ ਪੁੱਤਰ ਨੂੰ ਚਾਲ੍ਹੀ ਸਾਲ ਮਗਰੋਂ ਨਮੂਨੀਆ ਹੋ ਗਿਆ, ਜਿਹੜਾ ਫਲੇਮਿੰਗ ਦੀ ਪੈਨਸਲੀਨ ਨਾਲ ਠੀਕ ਹੋਇਆ।

ਉਹ ਧਨਵਾਨ ਵਿਅਕਤੀ ਲਾਰਡ ਰੈਂਡਲਫ ਚਰਚਿਲ ਸੀ ਅਤੇ ਚਿੱਕੜ ਵਿਚ ਧਸਣ ਅਤੇ ਨਮੂਨੀਆ ਹੋਣ ਵਾਲੇ, ਉਸ ਦੇ ਪੁੱਤਰ ਦਾ ਨਾਂ ਵਿਨਸਟਨ ਚਰਚਿਲ ਸੀ, ਜਿਹੜਾ ਦੂਜੇ ਵਿਸ਼ਵਯੁੱਧ ਸਮੇਂ ਬਰਤਾਨੀਆ ਦਾ ਪ੍ਰਧਾਨ ਮੰਤਰੀ ਸੀ, ਜਿਸ ਦੇ ਹੌਸਲੇ, ਸਿਦਕ ਅਤੇ ਦ੍ਰਿੜ੍ਹਤਾ ਦੀ ਸਾਰਾ ਸੰਸਾਰ ਹੁਣ ਵੀ ਦਾਦ ਦਿੰਦਾ ਹੈ।

136

ਕਿਸੇ ਅਦਾਕਾਰ ਦੀ ਅਦਾਕਾਰੀ ਕਰਦਿਆਂ ਸ਼ਕਲ ਹੋਰ ਹੁੰਦੀ ਹੈ ਅਤੇ ਅਸਲ ਸ਼ਕਲ ਹੋਰ ਹੁੰਦੀ ਹੈ। ਚਾਰਲੀ ਚੈਪਲਿਨ ਇਕ ਬੜਾ ਗੰਭੀਰ ਵਿਅਕਤੀ ਸੀ, ਜਿਸ ਨੇ ਸੰਸਾਰ ਦੀਆਂ ਸਭ ਤੋਂ ਵੱਧ ਹਾਸਰਸੀ ਫਿਲਮਾਂ ਵਿਚ ਅਦਾਕਾਰੀ ਕੀਤੀ ਸੀ।

ਉਸ ਦੀਆਂ ਫਿਲਮਾਂ ਨੂੰ ਵੇਖ ਕੇ, ਰੋਗੀ ਤੰਦਰੁਸਤ ਹੋ ਜਾਂਦੇ ਸਨ। ਕਈ ਵਾਰੀ ਡਾਕਟਰ ਮਰੀਜ਼ਾਂ ਨੂੰ, ਚਾਰਲੀ ਚੈਪਲਿਨ ਦੀਆਂ ਫਿਲਮਾਂ ਵੇਖਣ ਦੀ ਸਿਫਾਰਸ਼ ਕਰਦੇ ਸਨ।

ਇਕ ਵਾਰੀ ਚਾਰਲੀ ਚੈਪਲਿਨ ਆਪ ਨਿਰਾਸ਼ ਅਤੇ ਢਹਿੰਦੀ ਕਲਾ ਵਿਚ ਸੀ।

ਉਹ ਮਾਨਸਿਕ ਰੋਗਾਂ ਦੇ ਇਕ ਡਾਕਟਰ ਕੋਲ ਗਿਆ।

ਡਾਕਟਰ ਨੇ ਮੁਆਇਨਾ ਕਰਕੇ ਦੱਸਿਆ ਕਿ ਤੁਹਾਨੂੰ ਹੱਸਣ-ਖੇਡਣ ਦੀ ਲੋੜ ਹੈ, ਕਿਉਂਕਿ ਤੁਹਾਡੀ ਸਮੱਸਿਆ ਇਹ ਹੈ ਕਿ ਤੁਸੀਂ ਸੋਚਦੇ ਬਹੁਤ ਹੋ, ਸੋ ਸੋਚਣ ਤੋਂ ਧਿਆਨ ਹਟਾਉਣ ਲਈ, ਤੁਸੀਂ ਚਾਰਲੀ ਚੈਪਲਿਨ ਦੀਆਂ ਫਿਲਮਾਂ ਵੇਖਿਆ ਕਰੋ।

www.quotesinpunjabi.ml

QuotesInPunjabi

137

ਕਿਸੇ ਇਸਤਰੀ ਨੂੰ ਚਾਹੁਣ ਜਾਂ ਨਾ ਚਾਹੁਣ ਦਾ ਫ਼ੈਸਲਾ ਪੁਰਸ਼ ਪਹਿਲੀ ਤੱਕਣੀ ਵਿਚ ਹੀ ਕਰ ਲੈਂਦਾ ਹੈ। ਇਸ ਪੱਖ ਤੋਂ ਪਹਿਲੀ ਝਲਕ, ਬੜੀ ਮਹੱਤਵਪੂਰਨ ਹੁੰਦੀ ਹੈ।

ਜਿਸ ਇਸਤਰੀ ਵਿਚ ਪੁਰਸ਼ ਦੀ ਦਿਲਚਸਪੀ ਨਾ ਹੋਵੇ, ਉਸ ਨਾਲ ਗੱਲਾਂ ਕਰਦਿਆਂ, ਪੁਰਸ਼ ਨੂੰ ਕੋਈ ਸਮੱਸਿਆ ਨਹੀਂ ਹੁੰਦੀ ਪਰ ਜਿਸ ਵਿਚ ਦਿਲਚਸਪੀ ਹੋਵੇ, ਉਸ ਨਾਲ ਗੱਲ ਕਰਦਿਆਂ ਪੁਰਸ਼ ਉਤੇਜਿਤ ਹੋ ਜਾਂਦਾ ਹੈ, ਕਿਉਂਕਿ ਡਰ ਅਤੇ ਆਸ਼ਾ ਦਾ ਵਾਤਾਵਰਣ, ਉਸ ਨੂੰ ਅਸ਼ਾਂਤ ਕਰ ਦਿੰਦਾ ਹੈ। ਗੱਲਬਾਤ ਦੇ ਪਹਿਲੇ ਕੁਝ ਮਿੰਟ ਔਖੇ ਲੰਘਦੇ ਹਨ, ਫਿਰ ਦੋਵੇਂ ਇਕ ਦੂਜੇ ਨੂੰ ਤਾਲ ਦੇਣ ਲੱਗ ਪੈਂਦੇ ਹਨ।

ਜੇ ਅੱਧਾ ਘੰਟਾ ਲੰਘ ਜਾਵੇ ਤਾਂ ਪੁਰਸ਼, ਉਸ ਇਸਤਰੀ ਬਾਰੇ ਹੀ ਨਹੀਂ, ਆਪਣੇ ਆਪ ਬਾਰੇ ਵੀ ਚੰਗਾ-ਚੰਗਾ ਸੋਚਣ ਲੱਗ ਪੈਂਦਾ ਹੈ।

ਇਸਤਰੀ-ਪੁਰਸ਼ ਦੀ ਗੱਲਬਾਤ ਦਾ ਆਰੰਭ ਕਾਮਿਕ ਖਿੱਚ ਕਾਰਨ ਹੁੰਦਾ ਹੈ ਪਰ ਇਹ ਜਾਰੀ ਉਨ੍ਹਾਂ ਦੀ ਪਰਸਪਰ ਦਿਲਚਸਪੀ ਨਾਲ ਰਹਿੰਦੀ ਹੈ।

ਪੁਰਸ਼ ਨੂੰ ਉਹ ਇਸਤਰੀ ਚੰਗੀ ਲੱਗਦੀ ਹੈ, ਜਿਹੜੀ ਉਸ ਦੀ ਭਟਕਣ ਦੂਰ ਕਰੇ, ਜਿਹੜੀ ਉਸ ਨੂੰ ਉਧੜੇ ਹੋਏ ਨੂੰ, ਸਿਉਂ ਦੇਵੇ, ਨਾ ਕਿ ਸੀਤੇ ਹੋਏ ਨੂੰ ਉਧੇੜ ਦੇਵੇ।

ਇਸਤਰੀ ਨੂੰ ਉਹ ਪੁਰਸ਼ ਚੰਗਾ ਲਗਦਾ ਹੈ, ਜਿਹੜਾ ਉਸ ਦਾ ਸਵੈ-ਵਿਸ਼ਵਾਸ ਵਧਾਏ, ਜਿਹੜਾ ਉਸ ਨੂੰ ਸੋਹਣੀ, ਸਿਆਣੀ ਅਤੇ ਚੰਗੀ ਇਸਤਰੀ ਹੋਣ ਦਾ ਅਹਿਸਾਸ ਕਰਵਾਏ ਅਤੇ ਉਸ ਨੂੰ ਆਪਣੇ ਇਸਤਰੀ ਹੋਣ ਦਾ ਮਾਣ ਮਹਿਸੂਸ ਹੋਣ ਲੱਗ ਪਏ।

138

ਜੇ ਤੁਹਾਡੇ ਕੋਲ ਇਕ ਰੁਪਈਆ ਹੈ, ਮੇਰੇ ਕੋਲ ਇਕ ਰੁਪਈਆ ਹੈ, ਜੇ ਵਟਾ ਲਈਏ ਤਾਂ ਦੋਹਾਂ ਕੋਲ ਇਕ-ਇਕ ਰੁਪਈਆ ਹੀ ਰਹੇਗਾ।

ਜੇ ਤੁਹਾਡੇ ਕੋਲ ਇਕ ਚੰਗਾ ਖਿਆਲ ਹੈ ਅਤੇ ਮੇਰੇ ਕੋਲ ਵੀ ਇਕ ਚੰਗਾ ਵਿਚਾਰ ਹੈ, ਜੇ ਵਟਾ ਲਈਏ ਤਾਂ ਦੋਹਾਂ ਕੋਲ, ਦੋ-ਦੋ ਚੰਗੇ ਵਿਚਾਰ ਹੋ ਜਾਣਗੇ।

ਵਿਚਾਰਾਂ ਦੀ ਦੌਲਤ, ਰੁਪਈਆਂ ਦੀ ਦੌਲਤ ਨਾਲੋਂ, ਤੇਜ਼ੀ ਨਾਲ ਵਧਦੀ ਹੈ ਅਤੇ ਹਰ ਕੋਈ ਅਮੀਰ ਹੋ ਸਕਦਾ ਹੈ ਅਤੇ ਹੋ ਜਾਂਦਾ ਹੈ।

139

ਹਰਿਮੰਦਰ ਸਾਹਿਬ ਦੇ ਸਰੋਵਰ ਦੀ ਪਹਿਲੀ ਕਾਰ-ਸੇਵਾ 1923 ਵਿਚ ਉਦੋਂ ਹੋਈ ਸੀ, ਜਦੋਂ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ 'ਤੇ ਸੀ।

ਜਦੋਂ ਕਾਰ ਸੇਵਾ ਚਲ ਰਹੀ ਸੀ ਤਾਂ ਭਾਰਤ ਦੇ ਕਈ ਹਿੱਸਿਆਂ ਵਿੱਚੋਂ ਕਾਰ ਸੇਵਾ ਲਈ ਜਥੇ ਪਹੁੰਚੇ ਸਨ। ਉਸ ਸਮੇਂ ਅੰਮ੍ਰਿਤਸਰ ਦਾ ਇਕ ਮੁਸਲਮਾਨ ਕਵੀ, ਪੰਝੀ-ਤੀਹ ਪਤਵੰਤੇ ਮੁਸਲਮਾਨ ਸਾਥੀਆਂ ਨੂੰ ਨਾਲ ਲੈ ਕੇ ਕਾਰ-ਸੇਵਾ ਲਈ ਪਹੁੰਚਿਆ ਸੀ।

www.quotesinpunjabi.ml

QuotesInPunjabi

ਸਿੱਖਾਂ ਨੇ ਬੜੀ ਆਓ-ਭਗਤ ਕੀਤੀ। ਮੁਸਲਮਾਨਾਂ ਨੇ ਅਜੇ ਦੋ-ਦੋ ਤਸਲਿਆਂ ਦੀ ਹੀ ਸੇਵਾ ਕੀਤੀ ਸੀ ਕਿ ਸਿੱਖ ਸੱਜਣਾਂ ਨੇ ਅੱਗੇ ਹੋ ਕੇ, ਮੁਸਲਮਾਨ ਭਰਾਵਾਂ ਦੇ ਹੱਥ ਫੜ ਲਏ ਅਤੇ ਕਿਹਾ ਕਿ ਤੁਹਾਡੇ ਭਾਈਚਾਰਕ ਪਿਆਰ ਅਤੇ ਸਹਿਯੋਗ ਦੇ ਜਜ਼ਬੇ ਨੇ ਸਾਡੇ ਦਿਲ ਮੋਹ ਲਏ ਹਨ, ਤੁਸੀਂ ਸਾਨੂੰ ਬੇਮੁਲ ਖਰੀਦ ਲਿਆ ਹੈ। ਤੁਹਾਡੀ ਨਮਾਜ਼ ਦਾ ਵੇਲਾ ਹੋ ਗਿਆ ਹੈ, ਅੱਜ ਤੁਸੀਂ ਇਥੇ ਹਰਿਮੰਦਰ ਦੇ ਅੰਦਰ ਹੀ ਨਮਾਜ਼ ਅਦਾ ਕਰ ਲਵੋ ਅਤੇ ਸਾਡੇ ਵਲੋਂ ਜਲਪਾਣੀ ਦੀ ਸੇਵਾ ਕਬੂਲ ਕਰੋ।

ਉਸ ਵੇਲੇ ਬੜਾ ਅਦਭੁਤ ਦ੍ਰਿਸ਼ ਬਣਿਆ ਹੋਇਆ ਸੀ ਕਿਉਂਕਿ ਹਰਿਮੰਦਰ ਵਿਚ ਨਮਾਜ਼ ਅਦਾ ਹੋ ਰਹੀ ਸੀ ਅਤੇ ਮਸਜਿਦ ਵਿਚੋਂ ਕੀਰਤਨ ਦੀ ਆਵਾਜ਼ ਆ ਰਹੀ ਸੀ।

140

ਬਰਾਜ਼ੀਲ ਵਿਚ ਸੰਸਾਰ ਦੇ ਸਭ ਤੋਂ ਪ੍ਰਸਿੱਧ ਅਤੇ ਵੱਡੇ ਫੁੱਟਬਾਲ ਖਿਡਾਰੀ ਪੇਲੇ ਨੂੰ ਇਕ ਟਰੈਫਿਕ ਕੇਸ ਦੇ ਸਬੰਧ ਵਿਚ ਅਦਾਲਤ ਵਿਚ ਪੇਸ਼ ਹੋਣਾ ਪਿਆ।

ਜੱਜ ਨੇ ਜੁਰਮਾਨਾ ਕੀਤਾ ਪਰ ਪੇਲੇ ਦੱਸ ਚੁਕਿਆ ਸੀ ਕਿ ਉਹ ਇਕ ਪ੍ਰਸਿੱਧ ਮੈਚ ਲਈ ਲੰਟ ਹੋ ਰਿਹਾ ਸੀ, ਇਸ ਲਈ ਉਸ ਤੋਂ ਲਾਲ ਬੱਤੀ ਦੀ ਉਲੰਘਣਾ ਹੋ ਗਈ ਸੀ।

ਮੁਕੱਦਮੇ ਦੀ ਕਾਰਵਾਈ ਦੌਰਾਨ, ਜੱਜ ਨੇ ਪੁੱਛਿਆ: ਸੰਸਾਰ ਦਾ ਸਭ ਤੋਂ ਵੱਡਾ ਫੁੱਟਬਾਲਰ ਕੌਣ ਹੈ? ਪੇਲੇ ਨੇ ਕਿਹਾ: ਸੰਸਾਰ ਦਾ ਸਭ ਤੋਂ ਵੱਡਾ ਫੁੱਟਬਾਲਰ ਮੈਂ ਹੀ ਹਾਂ, ਪੇਲੇ।

ਅਦਾਲਤ ਵਿਚੋਂ ਬਾਹਰ ਆਉਂਦਿਆਂ, ਪੇਲੇ ਦੇ ਕੋਚ ਨੇ ਕਿਹਾ: ਤੂੰ ਬੜਾ ਹੰਕਾਰਿਆ ਹੋਇਆ ਹੈਂ, ਭਾਵੇਂ ਇਹ ਸੱਚ ਹੈ ਕਿ ਤੂੰ ਹੀ ਸੰਸਾਰ ਦਾ ਸਭ ਤੋਂ ਵੱਡਾ ਫੁੱਟਬਾਲਰ ਹੈਂ ਪਰ ਇਤਨੀ ਫੜ੍ਹ ਮਾਰਨ ਦੀ ਕੀ ਲੋੜ ਸੀ? ਪੇਲੇ ਨੇ ਕਿਹਾ: ਮੈਂ ਝੂਠ ਕਿਵੇਂ ਬੋਲ ਸਕਦਾ ਸੀ, ਮੈਂ ਸੱਚ ਬੋਲਣ ਦੀ ਸੌਂਹ ਖਾਧੀ ਹੋਈ ਸੀ।

141

ਪਾਕਿਸਤਾਨ ਦਾ ਪ੍ਰਸਿੱਧ ਆਗੂ, ਜ਼ੁਲਫਿਕਾਰ ਅਲੀ ਭੁੱਟੋ, ਹਸਨਾ ਨਾਂ ਦੀ ਇਕ ਪਠਾਣੀ ਨਾਲ ਇਸ਼ਕ ਕਰਦਾ ਸੀ, ਜਿਸ ਨੂੰ ਭੁੱਟੋ ਆਪਣੇ ਦੋਸਤ ਦੀ ਕਾਰ ਵਿਚ ਮਿਲਿਆ ਕਰਦਾ ਸੀ। ਹਸਨਾ ਨੇ ਭੁਟੋ ਨੂੰ ਕਿਹਾ: ਮੇਰੇ ਨਾਲ ਨਿਕਾਹ ਕਰਾਓ।

ਭੁੱਟੋ ਨੇ ਕਿਹਾ: ਨਿਕਾਹ ਮੈਂ ਕਰਵਾ ਨਹੀਂ ਸਕਦਾ, ਵਿਰੋਧੀ ਪਾਰਟੀਆਂ ਮੇਰੇ, ਤੇਰੇ ਨਾਲ ਇਸ਼ਕ ਨੂੰ ਉਛਾਲਣਗੀਆਂ। ਅੱਲਾ ਦੀਆਂ ਨਜ਼ਰਾਂ ਵਿਚ, ਮੈਂ ਤੈਨੂੰ ਆਪਣੀ ਬੀਵੀ ਕਬੂਲ ਕਰਦਾ ਹਾਂ। ਇਹ ਗੱਲ ਭੁਟੋ ਨੇ ਹਸਨਾ ਦੇ ਕੁਰਾਨ 'ਤੇ ਲਿਖ ਦਿੱਤੀ।

ਕੁਝ ਚਿਰ ਮਗਰੋਂ, ਭੁੱਟੋ ਘਬਰਾ ਗਿਆ ਕਿ ਇਹ ਕੁਰਾਨ ਦੁਸ਼ਮਣਾਂ ਦੇ ਹੱਥ ਲੱਗ ਜਾਵੇਗਾ ਅਤੇ ਅਜਿਹਾ ਹੋਣ ਨਾਲ ਉਸ ਦੀ ਬੜੀ ਭੰਡੀ ਹੋਵੇਗੀ।

ਭੁੱਟੋ ਨੇ ਚੋਰੀ ਦਾ ਇੰਤਜ਼ਾਮ ਕੀਤਾ।

ਹਸਨਾ ਦੇ ਘਰ ਚੋਰੀ ਹੋਈ, ਕੇਵਲ ਕੁਰਾਨ ਚੋਰੀ ਹੋਇਆ, ਹਸਨਾ ਦੇ ਘਰ ਬਾਕੀ ਸਭ ਕੁਝ ਜਿਵੇਂ ਸੀ, ਉਵੇਂ ਹੀ ਪਿਆ ਰਿਹਾ।

www.quotesinpunjabi.ml

QuotesInPunjabi

142

ਇਕ ਵਾਰੀ ਇਕ ਛੋਟੇ ਜਿਹੇ ਬੱਚੇ ਨੇ ਵੱਡਿਆਂ ਨਾਲ ਦੌੜ ਕੇ, ਰੇਸ ਜਿੱਤ ਲਈ ਸੀ। ਇਨਾਮ ਮਿਲਿਆ, ਮਗਰੋਂ ਪੱਤਰਕਾਰਾਂ ਨੇ ਪੁੱਛਿਆ: ਦੌੜ ਕਿਵੇਂ ਜਿੱਤੀ ?

ਉਸ ਨੇ ਕਿਹਾ: ਮੈਂ ਜਾਣਦਾ ਸਾਂ ਕਿ ਬਾਕੀ ਸਾਰੇ ਵੱਡੇ ਸਨ ਅਤੇ ਮੈਂ ਉਨ੍ਹਾਂ ਸਾਰਿਆਂ ਨਾਲੋਂ ਛੋਟਾ ਸਾਂ। ਮੇਰੀਆਂ ਲੱਤਾਂ ਛੋਟੀਆਂ ਸਨ। ਮੈਂ ਆਪਣੇ ਅਧਿਆਪਕਾਂ ਤੋਂ ਸੁਣਿਆ ਸੀ ਕਿ ਪਰਮਾਤਮਾ ਉਨ੍ਹਾਂ ਦੀ ਮਦਦ ਕਰਦਾ ਹੈ, ਜਿਹੜੇ ਆਪਣੀ ਮਦਦ ਆਪ ਕਰਦੇ ਹਨ।

ਮੈਂ ਅਰਦਾਸ ਕੀਤੀ, ਰੱਬ ਜੀ ! ਤੁਸੀਂ ਮੇਰੀਆਂ ਲੱਤਾਂ ਚੁਕਦੇ ਜਾਣਾ, ਮੈਂ ਰੱਖਦਾ ਜਾਵਾਂਗਾ, ਸੱਜਾ ਪੈਰ ਮੈਂ ਚਲਾਂਗਾ, ਖੱਬਾ ਤੁਸੀਂ ਚਲਣਾ।

ਮੈਂ ਰੱਬ ਨੂੰ ਹਾਰਨ ਥੋੜ੍ਹਾ ਹੀ ਦੇਣਾ ਸੀ !

ਇਹ ਅੱਧਾ ਇਨਾਮ ਮੇਰਾ ਹੈ ਅਤੇ ਅੱਧਾ ਰੱਬ ਦਾ ਹੈ।

143

ਸੰਤ ਤਿਲੋਪਾ ਇਕ ਮਹਾਤਮਾ ਦੇ ਆਸ਼ਰਮ ਵਿੱਚ ਸਵੇਰੇ-ਸ਼ਾਮ ਤਿੱਲ ਕੁੱਟਿਆ ਕਰਦੇ ਸਨ ਅਤੇ ਮਹਾਤਮਾ ਤਿੱਲਾਂ ਦੇ ਪੈਸੇ ਵੰਡਦੇ ਸਨ।

ਇਕ ਦਿਨ ਸੰਤ ਤਿਲੋਪਾ ਨੇ ਕੰਧ 'ਤੇ ਮਹਾਤਮਾ ਦਾ ਲਿਖਿਆ ਪੜ੍ਹਿਆ 'ਸਾਧਨਾ ਦਾ ਅਰਥ ਹੈ, ਮਨ ਦੇ ਸ਼ੀਸ਼ੇ 'ਤੇ ਧੂੜ ਨਾ ਪੈਣ ਦਿਓ, ਜਿਸ ਵੇਲੇ ਵੀ ਧੂੜ ਪਏ, ਸ਼ੀਸ਼ਾ ਸਾਫ਼ ਕਰ ਦਿਓ।' ਸੰਤ ਤਿਲੋਪਾ ਤਨ ਅਤੇ ਮਨ, ਦੋਹਾਂ ਪੱਖਾਂ ਤੋਂ ਮਹਾਤਮਾ ਨੂੰ ਸਮਰਪਿਤ ਸਨ।

ਹੇਠ ਤਿਲੋਪੇ ਨੇ ਲਿਖ ਦਿੱਤਾ: ਕਿਹੜੀ ਧੂੜ, ਕਿਹਾ ਮਨ ?

ਜੇ ਮਨ ਹੀ ਨਾ ਰਹੇ ਤਾਂ ਕਿਹੜੇ ਸ਼ੀਸ਼ੇ 'ਤੇ ਧੂੜ ਪਵੇਗੀ ?'

ਮਹਾਤਮਾ ਨੇ ਸਰੀਰ ਤਿਆਗਣ ਵੇਲੇ ਤਿਲੋਪੇ ਨੂੰ ਬੁਲਾ ਕੇ ਗੱਦੀ ਸੰਭਾਲ ਦਿੱਤੀ।

ਸਹਿਜ ਅਰਪਣ, ਸਹਿਜ ਸਵੀਕਾਰ।

144

ਸ਼ਿਵਾ ਜੀ ਆਪਣੇ ਗੁਰੂ ਸਵਾਮੀ ਰਾਮਦਾਸ ਤੋਂ ਸੰਨਿਆਸ ਦੀ ਦੀਖਿਆ ਲੈਣ ਗਏ ਪਰ ਸਵਾਮੀ ਜੀ ਨੇ ਇਹ ਕਹਿ ਕੇ ਸੰਨਿਆਸ ਦੇਣ ਤੋਂ ਇਨਕਾਰ ਕਰ ਦਿੱਤਾ ਕਿ ਇਸ ਸਮੇਂ ਦੇਸ਼ ਨੂੰ ਇਕ ਸੰਨਿਆਸੀ ਦੀ ਨਹੀਂ, ਇਕ ਯੋਧੇ ਦੀ ਲੋੜ ਹੈ।

ਸਵਾਮੀ ਜੀ ਨੇ ਸ਼ਿਵਾ ਜੀ ਨੂੰ ਇਕ ਮੁੱਠੀ ਮਿੱਟੀ ਅਤੇ ਇਕ ਮੁੱਠ ਘੋੜੇ ਦੀ ਲਿੱਦ ਅਤੇ ਇਕ ਨਾਰੀਅਲ ਦਿੱਤਾ ਅਤੇ ਵਾਪਸ ਭੇਜ ਦਿੱਤਾ। ਸੰਨਿਆਸ ਨਾ ਮਿਲਣ ਦਾ ਸ਼ਿਵਾ ਜੀ ਨੇ ਆਪਣੀ ਮਾਂ ਕੋਲ ਸ਼ਿਕਾਇਤ ਵਾਲੀ ਭਾਸ਼ਾ ਵਿਚ ਰੋਸ ਪ੍ਰਗਟਾਇਆ।

ਮਾਂ ਨੇ ਕਿਹਾ: ਪੁੱਤਰ, ਗੁਰੂ ਦੇ ਪਿਆਰ ਨੂੰ ਗਲਤ ਨਾ ਸਮਝ। ਮਿੱਟੀ ਦੇ ਅਰਥ ਹਨ, ਇਕ ਦਿਨ ਤੇਰਾ ਇੱਥੇ ਰਾਜ ਹੋਵੇਗਾ, ਘੋੜੇ ਦੀ ਲਿੱਦ ਦੇ ਮਾਇਨੇ ਹਨ, ਤੇਰੇ ਕੋਲ ਅਨੇਕਾਂ ਘੋੜਿਆਂ ਵਾਲੀ ਫੌਜ ਹੋਵੇਗੀ ਅਤੇ ਇਕ ਘੋੜਾ ਹੀ ਤੇਰੀ ਜਾਨ ਬਚਾਏਗਾ।

www.quotesinpunjabi.ml

QuotesInPunjabi

ਨਾਰੀਅਲ ਦੇ ਅਰਥ, ਅਣਖ ਤੋਂ ਹਨ।

ਤੇਰੇ ਗੁਰੂ ਨੇ ਝੂਠੇ ਮਾਣ ਅਤੇ ਹਉਮੈ ਤੋਂ ਤੇਰੀ ਰੱਖਿਆ ਕਰਨ ਦਾ ਵਚਨ ਦਿੱਤਾ ਹੈ।

ਸ਼ਿਵਾ ਜੀ ਨੇ ਮਾਂ ਦੇ ਕਥਨਾਂ ਨੂੰ ਦਿਲ ਵਿਚ ਬੀਜ ਲਿਆ ਅਤੇ ਸਿਦਕ, ਸਿਰੜ, ਦ੍ਰਿੜ੍ਹਤਾ ਅਤੇ ਕੁਰਬਾਨੀਆਂ ਨਾਲ ਉਨ੍ਹਾਂ ਨੂੰ ਸੱਚ ਕਰ ਵਿਖਾਇਆ।

145

ਇਕ ਸ਼ਰਧਾਲੂ ਨੇ ਬੁੱਧ ਨੂੰ ਪੁੱਛਿਆ: ਚੰਦਰਮਾ ਵਿਚ ਦਾਗ ਕਿਉਂ ਹੈ? ਦੀਵੇ ਥੱਲੇ ਹਨੇਰਾ ਕਿਉਂ ਹੈ? ਬੁੱਧ ਨੇ ਉਸ ਵਲ ਵੇਖਿਆ ਅਤੇ ਕਿਹਾ: ਚੰਦਰਮਾ ਸੀਤਲ ਹੁੰਦਾ ਹੈ, ਸੋਹਣਾ ਹੁੰਦਾ ਹੈ, ਹਰ ਵਸਤ ਨੂੰ ਸੋਹਣਾ ਬਣਾ ਦਿੰਦਾ ਹੈ, ਮਨ ਨੂੰ ਸ਼ਾਂਤ ਕਰਦਾ ਹੈ ਪਰ ਨਾਲ ਹੀ ਪੁੱਛਿਆ: ਤੇਰਾ ਧਿਆਨ ਦਾਗ ਵਲ ਹੀ ਕਿਉਂ ਗਿਆ ਹੈ?

ਦੀਵਾ ਪ੍ਰਕਾਸ਼ ਦਿੰਦਾ ਹੈ, ਪ੍ਰਕਾਸ਼ ਗਿਆਨ ਦਾ ਪ੍ਰਤੀਕ ਹੈ, ਦੀਵੇ ਦੀ ਲੋਅ ਵਿਚ ਹਰ ਕੋਈ ਸੁੰਦਰ ਲਗਦਾ ਹੈ, ਦੀਵੇ ਦਾ ਪ੍ਰਕਾਸ਼ ਸੁਖਾਵਾਂ ਪ੍ਰਭਾਵ ਸਿਰਜਦਾ ਹੈ ਪਰ ਤੇਰਾ ਧਿਆਨ ਦੀਵੇ ਥੱਲੇ ਹਨੇਰੇ ਵੱਲ ਹੀ ਕਿਉਂ ਗਿਆ ਹੈ?

ਤੂੰ ਜੋ ਆਪ ਹੈਂ, ਉਹੀ ਕੁਝ ਲੱਭਦਾ-ਵੇਖਦਾ ਹੈਂ।

146

ਸਾਡੇ ਜ਼ਮਾਨੇ ਦਾ ਵਿਰੋਧਾਭਾਸ ਇਹ ਹੈ ਕਿ ਸਾਡੀਆਂ ਇਮਾਰਤਾਂ ਉੱਚੀਆਂ ਹੋ ਗਈਆਂ ਹਨ, ਸਾਡੇ ਇਰਾਦੇ ਨੀਵੇਂ ਹੋ ਗਏ ਹਨ। ਸਾਡੀਆਂ ਸੜਕਾਂ ਚੌੜੀਆਂ ਹੋ ਗਈਆਂ ਹਨ, ਸਾਡੀਆਂ ਸੋਚਾਂ ਸੌੜੀਆਂ ਹੋ ਗਈਆਂ ਹਨ। ਅਸੀਂ ਖਰੀਦਦੇ ਵਧੇਰੇ ਹਾਂ, ਵਰਤਦੇ ਘੱਟ ਹਾਂ। ਸਾਡੇ ਮਕਾਨ ਵੱਡੇ ਹੋ ਗਏ ਹਨ, ਪਰਿਵਾਰ ਛੋਟੇ ਹੋ ਰਹੇ ਹਨ। ਸਹੂਲਤਾਂ ਸਾਰੀਆਂ ਹੋ ਗਈਆਂ ਹਨ, ਇਨ੍ਹਾਂ ਨੂੰ ਮਾਣਨ ਦਾ ਸਮਾਂ ਘੱਟ ਗਿਆ ਹੈ। ਡਿਗਰੀਆਂ ਵੱਧ ਗਈਆਂ ਹਨ, ਅਕਲ ਘੱਟ ਗਈ ਹੈ। ਗਿਆਨ ਵਧੇਰੇ ਹੋ ਗਿਆ ਹੈ ਪਰ ਸੋਚ ਘੱਟ ਗਈ ਹੈ। ਵਿਸ਼ੇਸ਼ੱਗ ਵੱਧ ਰਹੇ ਹਨ ਪਰ ਸਮੱਸਿਆ ਕੋਈ ਹੱਲ ਨਹੀਂ ਹੋ ਰਹੀ। ਦਵਾਈਆਂ ਵੱਧ ਗਈਆਂ ਹਨ, ਤੰਦਰੁਸਤੀ ਗੁਆਚ ਗਈ ਹੈ। ਮਾਲ-ਅਸਬਾਬ ਵੱਧ ਰਿਹਾ ਹੈ, ਕਦਰਾਂ-ਕੀਮਤਾਂ ਘੱਟ ਰਹੀਆਂ ਹਨ। ਅਸੀਂ ਬੋਲਦੇ ਵਧੇਰੇ ਹਾਂ, ਸੁਣਦੇ ਘੱਟ ਹਾਂ। ਗੱਲਾਂ ਪਿਆਰ ਕਰਨ ਦੀਆਂ ਕਰਦੇ ਹਾਂ ਪਰ ਵਿਹਾਰ ਨਫ਼ਰਤ ਵਾਲਾ ਕਰਦੇ ਹਾਂ। ਅਸੀਂ ਚੰਨ 'ਤੇ ਅੱਪੜ ਗਏ ਹਾਂ ਪਰ ਗਵਾਂਢੀ ਨੂੰ ਮਿਲਣਾ ਭੁੱਲ ਗਏ ਹਾਂ। ਅਸੀਂ ਪੁਲਾੜ ਜਿੱਤ ਲਿਆ ਹੈ ਪਰ ਅੰਦਰੋਂ ਹਾਰ ਗਏ ਹਾਂ। ਅਸੀਂ ਐਟਮ ਨੂੰ ਤੋੜ ਲਿਆ ਹੈ ਪਰ ਪੱਖਪਾਤ ਨਹੀਂ ਟੁੱਟੇ। ਸਾਡੀਆਂ ਅਰਦਾਸਾਂ ਵੱਧ ਗਈਆਂ ਹਨ ਪਰ ਸ਼ਰਧਾ ਘੱਟ ਗਈ ਹੈ। ਗਿਣਤੀ ਹਰ ਚੀਜ਼ ਦੀ ਵੱਧ ਗਈ ਹੈ, ਗੁਣ ਹਰ ਚੀਜ਼ ਦੇ ਘੱਟ ਗਏ ਹਨ। ਕੱਦ ਲੰਮੇ ਹੁੰਦੇ ਜਾ ਰਹੇ ਹਨ, ਚਰਿੱਤਰ ਹਰ ਕਿਸੇ ਦਾ ਸੁੰਗੜਦਾ ਜਾ ਰਿਹਾ ਹੈ। ਬਟੂਏ ਭਰੇ ਪਏ ਹਨ, ਰਿਸ਼ਤੇ ਥੋਥਲੇ ਹੋ ਗਏ ਹਨ। ਸੰਸਾਰ ਵਿਚ ਸ਼ਾਂਤੀ ਲਈ ਜਲੂਸ ਕਢਦੇ ਹਾਂ, ਘਰ ਅੰਦਰ ਨਿੱਤ ਲੜਦੇ ਹਾਂ। ਮਕਾਨ ਬੜੇ ਪੱਕੇ ਬਣਨ ਲਗ ਪਏ ਹਨ, ਰਿਸ਼ਤੇ ਨਿੱਤ

www.quotesinpunjabi.ml

QuotesInPunjabi

ਦਿਨ ਟੁੱਟ ਰਹੇ ਹਨ। ਕੱਪੜੇ ਵੱਧ ਗਏ ਹਨ ਪਰ ਰਿਵਾਜ ਨੰਗੇਜ ਵਾਲਾ ਹੋ ਗਿਆ ਹੈ। ਅਸੀਂ ਗੱਲਾਂ ਸੇਵਾ ਦੀਆਂ ਕਰਦੇ ਹਾਂ, ਸੋਚਦੇ ਲੁੱਟਣ ਬਾਰੇ ਹਾਂ।

ਹੁਣ ਅਸੀਂ ਕਸਮਾਂ ਵਧੇਰੇ ਖਾਂਦੇ ਹਾਂ, ਸੱਚ ਕਦੇ ਬੋਲਦੇ ਹੀ ਨਹੀਂ।

147

ਈਸਾਈ ਧਰਮ ਵਿਚ, ਸ਼ਰਾਬ ਦੇ ਉਹੀ ਅਰਥ ਹਨ ਜੋ ਭਾਰਤੀ ਧਰਮਾਂ ਵਿਚ ਅੰਮ੍ਰਿਤ ਦੇ ਹਨ। ਬਾਈਬਲ ਵਿਚ ਇਕ ਕਥਾ ਹੈ ਕਿ ਈਸਾ ਨੇ ਖੂਹ ਵਿਚ ਵੇਖਿਆ ਅਤੇ ਉਸ ਖੂਹ ਦਾ ਪਾਣੀ ਸ਼ਰਾਬ ਬਣ ਗਿਆ।

ਇਕ ਸਕੂਲ ਵਿਚ ਬੱਚਿਆਂ ਨੂੰ, ਉਨ੍ਹਾਂ ਦਾ ਸੋਚਣ ਪੱਧਰ ਜਾਣਨ ਲਈ, ਪੁੱਛਿਆ ਗਿਆ ਕਿ ਪਾਣੀ, ਸ਼ਰਾਬ ਕਿਵੇਂ ਬਣ ਗਿਆ?

ਹਰੇਕ ਬੱਚੇ ਨੇ ਆਪਣੇ ਢੰਗ ਨਾਲ ਉੱਤਰ ਦਿੱਤਾ। ਕਿਸੇ ਨੇ ਕਿਹਾ, ਇਹ ਕਰਾਮਾਤ ਸੀ; ਕਿਸੇ ਨੇ ਲਿਖਿਆ, ਈਸਾ ਵਿਚ ਸਭ ਕੁਝ ਕਰਨ ਦੀ ਸ਼ਕਤੀ ਸੀ; ਕਿਸੇ ਨੇ ਦੱਸਿਆ, ਪਾਣੀ ਦਾ ਕਾਇਆ-ਕਲਪ ਹੋ ਗਿਆ ਸੀ।

ਜਿਸ ਛੋਟੀ ਲੜਕੀ ਦਾ ਉੱਤਰ ਸਾਰਿਆਂ ਨੂੰ ਪਸੰਦ ਆਇਆ ਅਤੇ ਜਿਸ ਨੂੰ ਸਰਬ-ਸੰਮਤੀ ਨਾਲ ਪਹਿਲਾਂ ਇਨਾਮ ਮਿਲਿਆ, ਉਸ ਨੇ ਲਿਖਿਆ ਸੀ: ਜਦੋਂ ਈਸਾ ਨੇ ਝੁਕ ਕੇ ਪਿਆਰ ਨਾਲ, ਖੂਹ ਵਿਚ ਵੇਖਿਆ ਤਾਂ ਆਪਣੇ ਮਹਿਬੂਬ ਨੂੰ ਵੇਖ ਕੇ, ਖੂਹ ਦਾ ਪਾਣੀ, ਸ਼ਰਮ-ਹਯਾ ਨਾਲ ਲਾਲ-ਸੁਹਾ ਹੋ ਗਿਆ।

148

ਪਾਨੀਪਤ ਦੀ ਪਹਿਲੀ ਲੜਾਈ ਵਿਚ ਬਾਬਰ ਦੀਆਂ ਫੌਜਾਂ ਨਿਰੰਤਰ ਸਫਲ ਹੋ ਰਹੀਆਂ ਸਨ, ਜਦੋਂ ਕਿ ਭਾਰਤੀ ਹਾਕਮ ਅਤੇ ਜਰਨੈਲ ਹਮਲਾ ਕਰਨ ਲਈ ਜੋਤਸ਼ੀਆਂ ਤੋਂ ਸ਼ੁੱਭ ਮਹੂਰਤ ਕਢਵਾ ਰਹੇ ਸਨ।

ਜੋਤਸ਼ੀਆਂ ਨੇ ਮੋੜਵਾਂ ਹਮਲਾ ਕਰਨ ਲਈ ਤਿੰਨ ਦਿਨ ਮਗਰੋਂ ਦਾ ਮਹੂਰਤ ਕੱਢਿਆ ਅਤੇ ਇਨ੍ਹਾਂ ਤਿੰਨ ਦਿਨਾਂ ਵਿਚ ਬਾਬਰ ਦੀ ਫੌਜ ਨੇ ਭਾਰਤੀਆਂ ਨੂੰ ਨਿੰਬੂਆਂ ਵਾਂਗ ਨਿਚੋੜ ਕੇ ਰੱਖ ਦਿੱਤਾ ਅਤੇ ਭਾਰਤ ਦਾ ਇਤਿਹਾਸ ਬਦਲ ਦਿਤਾ।

149

ਇਕ ਮਿਸਤਰੀ ਨੇ ਸਾਹਾ ਜੀਵਨ ਭਾਂਤ-ਭਾਂਤ ਦੇ ਮਕਾਨ ਬਣਾਏ ਸਨ, ਜਿਨ੍ਹਾਂ ਨੂੰ ਬਣਵਾਉਣ ਵਾਲਾ ਮਾਲਕ ਮੁਨਾਫ਼ੇ 'ਤੇ ਵੇਚਦਾ ਸੀ। ਅੰਤ ਨੂੰ ਉਸ ਮਿਸਤਰੀ ਨੇ ਮਾਲਕ ਨੂੰ ਕਿਹਾ: ਹੁਣ ਮੈਂ ਸੇਵਾ-ਮੁਕਤ ਹੋਣਾ ਚਾਹੁੰਦਾ ਹਾਂ। ਮਾਲਕ ਨੇ ਬੇਨਤੀ ਕੀਤੀ: ਇਕ ਮਕਾਨ ਹੋਰ ਉਸਾਰ ਦਿਓ, ਉਸ ਉਪਰੰਤ, ਤੁਹਾਨੂੰ ਸੇਵਾ-ਮੁਕਤ ਕਰ ਦਿਆਂਗਾ।

ਉਹ ਮਿਸਤਰੀ ਅਣਮਨੇ, ਇਹ ਮਕਾਨ ਬਣਾਉਂਦਾ ਰਿਹਾ, ਨਾ ਮਨ ਠੀਕ, ਨਾ ਉਸਾਰੀ ਠੀਕ, ਨਾ ਸਾਮਾਨ ਠੀਕ, ਉਹ ਨਿਰੰਤਰ ਬੁੜ-ਬੁੜ ਕਰਦਾ ਰਿਹਾ।

www.quotesinpunjabi.ml

QuotesInPunjabi

ਆਖਰ ਜਦੋਂ ਇਹ ਮਕਾਨ ਬਣ ਗਿਆ ਤਾਂ ਮਾਲਕ ਨੇ ਇਸ ਮਕਾਨ ਦੀਆਂ ਕੁੰਜੀਆਂ ਮਿਸਤਰੀ ਨੂੰ ਸੌਂਪਦਿਆਂ ਕਿਹਾ: ਇਹ ਮਕਾਨ ਤੁਹਾਡੀਆਂ ਲੰਮਾ ਅਰਸਾ ਮੇਰੇ ਪ੍ਰਤੀ ਨਿਭਾਈਆਂ ਚੰਗੀਆਂ ਸੇਵਾਵਾਂ ਦਾ ਇਨਾਮ ਹੈ।

ਮਿਸਤਰੀ ਨੇ ਕਿਹਾ: ਜੇ ਪਤਾ ਹੁੰਦਾ ਤਾਂ ਮੈਂ ਦਿਲ ਲਾ ਕੇ ਕੰਮ ਕਰਦਾ।

ਸੰਸਾਰ ਦੇ ਕਰੋੜਾਂ ਲੋਕਾਂ ਨਾਲ ਇਵੇਂ ਹੋ ਰਿਹਾ ਹੈ।

ਜੇ ਪਤਾ ਹੁੰਦਾ, ਮੈਂ ਜ਼ਿੰਦਗੀ ਚੰਗੇਰੇ ਢੰਗ ਨਾਲ ਜਿਉਂਦਾ।

150

ਗਾਂਧੀ ਜੀ ਇਕ ਵਾਰੀ ਇਕ ਪਿੰਡ ਵਿਚ ਠਹਿਰੇ ਹੋਏ ਸਨ। ਗਾਂਧੀ ਜੀ ਨੇ ਸ਼ੇਵ ਕਰਵਾਉਣ ਲਈ ਨਾਈ ਨੂੰ ਬੁਲਾ-ਭੇਜਿਆ। ਨਾਈ ਕਿਧਰੇ ਗਿਆ ਹੋਇਆ ਸੀ, ਸੋ ਨਾਇਣ ਆਈ, ਜਿਹੜੀ ਸਰੀਰ ਦੀ ਭਾਰੀ ਸੀ ਅਤੇ ਗਹਿਣਿਆਂ ਨਾਲ ਲੱਦੀ ਹੋਈ ਸੀ।

ਸ਼ੇਵ ਕਰਵਾਉਣ ਉਪਰੰਤ ਗਾਂਧੀ ਜੀ, ਪੁੱਛਣ ਦਾ ਲਾਲਚ ਤਿਆਗ ਨਾ ਸਕੇ, ਉਨ੍ਹਾਂ ਨੇ ਨਾਇਣ ਨੂੰ ਪੁੱਛਿਆ: ਇਤਨੇ ਵਧੇਰੇ ਗਹਿਣੇ ਕਿਉਂ ਪਹਿਨੇ ਹੋਏ ਹਨ, ਗਹਿਣਿਆਂ ਦਾ ਇਸ ਕਿਸਮ ਦਾ ਦਿਖਾਵਾ ਚੰਗਾ ਨਹੀਂ।

ਨਾਇਣ ਨੇ ਦੱਸਿਆ ਕਿ ਗਹਿਣੇ ਮਾਂਗਵੇਂ ਹਨ ਅਤੇ ਮੰਗ ਕੇ ਪਾਏ ਹੋਏ ਹਨ। ਗਾਂਧੀ ਜੀ, ਮੈਂ ਤੁਹਾਡੇ ਅੱਗੇ ਸਾਦੇ ਪਹਿਰਾਵੇ ਵਿਚ ਨਹੀਂ ਆ ਸਕਦੀ ਸੀ। ਇਹ ਗਹਿਣੇ ਪਹਿਨਣ ਮਗਰੋਂ ਹੀ, ਮੇਰੇ ਵਿਚ ਤੁਹਾਡੇ ਸਾਹਮਣੇ ਆਉਣ ਦਾ ਹੌਸਲਾ ਪੈਦਾ ਹੋਇਆ ਸੀ।

ਨਾਇਣ ਨੂੰ ਗਾਂਧੀ ਜੀ ਤੋਂ ਜੋ ਮਜ਼ਦੂਰੀ ਮਿਲੀ, ਉਸ ਨੂੰ, ਉਸ ਨੇ ਗਾਂਧੀ ਜੀ ਦੇ ਪੈਰਾਂ ਵਿਚ ਰੱਖ ਦਿੱਤਾ। ਇਹ ਭੂਚਾਲ ਪੀੜਤਾਂ ਲਈ ਗਾਂਧੀ ਜੀ ਵਲੋਂ ਇਕੱਠੇ ਕੀਤੇ ਜਾ ਰਹੇ ਫੰਡ ਲਈ ਉਸ ਨਾਇਣ ਦਾ ਯੋਗਦਾਨ ਸੀ।

151

ਐਡੀਸਨ ਦੀ ਪ੍ਰਯੋਗਸ਼ਾਲਾ ਨੂੰ ਅੱਗ ਲਗ ਗਈ ਸੀ।

ਸਭ ਕੁਝ ਅੱਗ ਵਿਚ ਸੜ ਰਿਹਾ ਸੀ।

ਐਡੀਸਨ, ਬਲਦੀ ਅੱਗ ਵੇਖ ਰਿਹਾ ਸੀ, ਲੱਭਦਾ-ਲੱਭਦਾ ਉਸ ਦਾ ਪੁੱਤਰ, ਚਾਰਲਸ ਉਥੇ ਆਇਆ। ਐਡੀਸਨ ਨੇ ਕਿਹਾ: ਤੇਰੀ ਮਾਂ ਕਿਥੇ ਹੈ? ਉਸ ਨੂੰ ਇਥੇ ਲੈ ਕੇ ਆ, ਸਾਰੀ ਉਮਰ ਉਸ ਨੂੰ ਇਤਨੀ ਮਹਿੰਗੀ ਅੱਗ ਦਾ ਨਜ਼ਾਰਾ ਵੇਖਣ ਨੂੰ ਫਿਰ ਨਹੀਂ ਮਿਲਣਾ।

ਅਗਲੀ ਸਵੇਰ ਨੂੰ ਸਤਾਹਠ ਸਾਲ ਦਾ ਐਡੀਸਨ ਕਹਿ ਰਿਹਾ ਸੀ: ਬਰਬਾਦੀ ਦਾ ਵੀ ਬੜਾ ਲਾਭ ਹੁੰਦਾ ਹੈ। ਇਸ ਅੱਗ ਵਿਚ ਮੇਰੀਆਂ ਸਾਰੀਆਂ ਗਲਤੀਆਂ ਸੜ ਗਈਆਂ ਹਨ।

ਹੁਣ ਅਸੀਂ ਮੁੱਢੋਂ-ਸੁੱਢੋਂ ਸ਼ੁਰੂ ਕਰਾਂਗੇ। ਗਲਤੀਆਂ ਵੀ ਨਵੀਆਂ ਹੋਣਗੀਆਂ ਅਤੇ ਕਾਢਾਂ ਵੀ ਨਵੀਆਂ ਹੋਣਗੀਆਂ।

www.quotesinpunjabi.ml

QuotesInPunjabi

152

ਪਹਿਲਾਂ ਟਾਟਾ ਕੰਪਨੀ ਵਿਚ ਇਸਤਰੀਆਂ ਨੂੰ ਭਰਤੀ ਨਹੀਂ ਕੀਤਾ ਜਾਂਦਾ ਸੀ, ਕਿਉਂਕਿ ਵਿਆਹ ਹੋ ਜਾਣ 'ਤੇ ਉਹ ਨੌਕਰੀ ਛੱਡ ਜਾਂਦੀਆਂ ਸਨ। ਇਕ ਵਾਰੀ ਕੰਪਨੀ ਨੇ ਕਰਮਚਾਰੀਆਂ ਦੀ ਭਰਤੀ ਲਈ ਇਸ਼ਤਿਹਾਰ ਛਪਵਾਇਆ, ਜਿਸ ਵਿਚ ਲਿਖਿਆ ਗਿਆ ਸੀ ਕਿ ਇਸਤਰੀਆਂ ਦੇ ਬਿਨੈ-ਪੱਤਰ ਸਵੀਕਾਰ ਨਹੀਂ ਕੀਤੇ ਜਾਣਗੇ।

ਇਕ ਇਸਤਰੀ ਨੇ ਟਾਟਾ ਕੰਪਨੀ ਦੇ ਮੁਖੀ, ਰਤਨ ਟਾਟਾ ਨੂੰ ਇਕ ਚਿੱਠੀ ਲਿਖੀ ਅਤੇ ਰੋਸ ਪ੍ਰਗਟਾਇਆ ਕਿ ਟਾਟਾ ਕੰਪਨੀ ਇਸਤਰੀਆਂ ਬਾਰੇ ਇਵੇਂ ਕਿਉਂ ਸੋਚਦੀ ਹੈ? ਸਾਨੂੰ ਇਸਤਰੀਆਂ ਨੂੰ ਕੰਪਨੀ ਵਿਚ ਇਸ ਲਈ ਨਹੀਂ ਰੱਖਿਆ ਜਾਂਦਾ ਕਿ ਅਸੀਂ ਪਤੀਆਂ ਨਾਲ ਰਹਿਣ ਵਾਸਤੇ, ਨੌਕਰੀ ਛੱਡ ਦਿੰਦੀਆਂ ਹਾਂ। ਨਾਲ ਹੀ ਉਸ ਨੇ ਪੁੱਛਿਆ ਕਿ ਕੀ ਪੁਰਸ਼ ਨੌਕਰੀ ਛੱਡ ਕੇ ਨਹੀਂ ਜਾਂਦੇ? ਉਹ ਵੀ ਤਾਂ ਵੱਧ ਤਨਖਾਹ ਜਾਂ ਤਰੱਕੀ ਮਿਲਣ 'ਤੇ ਨੌਕਰੀ ਛੱਡ ਜਾਂਦੇ ਹਨ। ਨਾਲ ਹੀ ਲਿਖਿਆ: ਮੈਂ ਵਾਅਦਾ ਕਰਦੀ ਹਾਂ ਕਿ ਦੂਜੇ ਸ਼ਹਿਰ, ਵਿਆਹ ਉਪਰੰਤ, ਪਤੀ ਨਾਲ ਰਹਿਣ ਲਈ ਤਾਂ ਮੈਂ ਨੌਕਰੀ ਛੱਡ ਕੇ ਚਲੀ ਜਾਵਾਂਗੀ ਪਰ ਕਿਧਰੇ ਹੋਰ ਵੱਧ ਤਨਖਾਹ ਮਿਲਣ 'ਤੇ, ਬਿਲਕੁਲ ਨਹੀਂ ਜਾਵਾਂਗੀ।

ਉਸ ਇਸਤਰੀ ਨੂੰ ਰਤਨ ਟਾਟਾ ਨੇ ਆਪ ਚਿੱਠੀ ਲਿਖ ਕੇ ਬੁਲਾਇਆ ਅਤੇ ਉਸ ਨੂੰ ਨਿਯੁਕਤ ਕਰਕੇ, ਟਾਟਾ ਕੰਪਨੀ ਦੇ ਦਰਵਾਜ਼ੇ ਇਸਤਰੀਆਂ ਲਈ ਖੋਲ੍ਹ ਦਿੱਤੇ।

153

ਹਸਪਤਾਲ ਵਿਚ, ਜਿਥੇ ਸੜ ਗਿਆਂ ਦਾ ਇਲਾਜ ਹੁੰਦਾ ਹੈ, ਉਥੇ ਨਰਕ ਦਾ ਦ੍ਰਿਸ਼ ਹੁੰਦਾ ਹੈ। ਮੇਰੇ ਇਕ ਮਿੱਤਰ ਜਲ ਗਿਆਂ ਅਤੇ ਝੁਲਸ ਗਿਆਂ ਦਾ ਇਲਾਜ ਕਰਨ ਵਾਲੇ ਡਾਕਟਰ ਸਨ। ਇਕ ਵਾਰੀ ਚਾਰ ਸਾਲ ਦੇ ਸੜ ਗਏ ਇਕ ਬੱਚੇ ਨੂੰ, ਜਿਸਦੇ ਜ਼ਖਮ ਚੋ ਰਹੇ ਸਨ, ਉਸ ਦੀ ਮਾਂ ਨੂੰ ਹੌਸਲਾ ਦੇਣ ਲਈ, ਉਨ੍ਹਾਂ ਨੇ ਬੱਚੇ ਨੂੰ ਚੁਕਿਆ ਹੋਇਆ ਸੀ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਿਧਰੇ ਮਾਂ ਸਦਮੇ ਨਾਲ ਹੀ ਨਾ ਮਰ ਜਾਵੇ।

ਉਨ੍ਹਾਂ ਨੇ ਮਗਰੋਂ ਕਿਹਾ: ਇਸ ਵਾਰਡ ਵਿਚ ਜ਼ਿੰਦਗੀ-ਮੌਤ ਦੀ ਲੜਾਈ ਲੜੀ ਜਾਂਦੀ ਹੈ। ਜਦੋਂ ਕੋਈ ਇਸ ਵਾਰਡ ਦੇ ਰੋਗੀਆਂ ਨੂੰ ਵੇਖ ਲੈਂਦਾ ਹੈ, ਉਸ ਨੂੰ ਧਰਤੀ ਦੀਆਂ ਸਾਰੀਆਂ ਸਮੱਸਿਆਵਾਂ ਬੜੀਆਂ ਨਿੱਕੀਆਂ ਅਤੇ ਸਾਰੇ ਦੁੱਖ ਬੜੇ ਛੋਟੇ ਲੱਗਦੇ ਹਨ।

154

ਲੀਲਾਵਤੀ, ਰਿਖੀ ਭਾਸਕਰਚਾਰੀਆ ਦੀ ਪਤਨੀ ਸੀ। ਰਿਖੀ ਇਕ ਗ੍ਰੰਥ ਦੀ ਤਿਆਰੀ ਵਿਚ ਰੁਝਿਆ ਹੋਇਆ ਸੀ, ਜਿਸ ਕਾਰਨ ਉਹ ਆਪਣੀ ਪਤਨੀ ਦੀਆਂ ਸਰੀਰਕ ਲੋੜਾਂ-ਤਾਂਘਾਂ ਪ੍ਰਤੀ ਉਦਾਸੀਨ ਸੀ। ਲੀਲਾਵਤੀ ਸੋਚਦੀ ਸੀ ਕਿ ਉਹ ਰਿਖੀ-ਪਤੀ ਦੀ ਸਾਧਨਾ ਭੰਗ ਕਰੇ ਜਾਂ ਸਾਰਾ ਜੀਵਨ ਸੇਜ-ਵਿਹੂਣੀ ਰਹੇ।

ਰਿਖੀ ਨੇ ਸੰਕਲਪ ਕੀਤਾ ਹੋਇਆ ਸੀ ਕਿ ਉਹ ਗ੍ਰੰਥ ਸੰਪੂਰਨ ਕਹਕੇ ਸੰਨਿਆਸ ਲੈ

www.quotesinpunjabi.ml

QuotesInPunjabi

ਲਵੇਗਾ। ਗੁੱਥ ਦੀ ਸਮਾਪਤੀ ਨਾਲ ਸਮਾਜਿਕ ਵਡਿਆਈ ਅਤੇ ਧਾਰਮਿਕ ਮਾਨਤਾ ਮਿਲਣੀ ਸੀ। ਲੀਲਾਵਤੀ ਇਨ੍ਹਾਂ ਸਵੈ-ਵਿਰੋਧੀ ਸੋਚਾਂ ਵਿਚ ਦਿਨ ਲੰਘਾ ਰਹੀ ਸੀ।

ਇਕ ਸਵੇਰ, ਉਸ ਨੂੰ ਖਿਆਲ ਆਇਆ ਕਿ ਅਸੀਂ ਪਤੀ-ਪਤਨੀ ਦੋਵੇਂ ਆਪਣੀ-ਆਪਣੀ ਕਿਸਮ ਦੀ ਤਪੱਸਿਆ ਅਤੇ ਕੁਰਬਾਨੀ ਕਰ ਰਹੇ ਹਾਂ।

ਇਸ ਖਿਆਲ ਨੇ ਉਸ ਦੀ ਉਦਾਸੀ ਹੂੰਝ ਦਿੱਤੀ ਅਤੇ ਉਹ ਵੀ ਆਪਣੇ ਆਪ ਨੂੰ ਪਤੀ ਦੇ ਲਿਖੇ ਜਾ ਰਹੇ ਗੁੱਥ ਦੀ, ਭਾਈਵਾਲ ਸਮਝਣ ਲੱਗ ਪਈ ਸੀ।

155

ਸਮੁੰਦਰ ਵਿਚ ਤੂਫ਼ਾਨ ਕਾਰਨ ਜਹਾਜ਼ ਡਕੋਡੋਲੇ ਖਾ ਰਿਹਾ ਸੀ। ਸਾਰੇ ਮੁਸਾਫ਼ਰ ਘਬਰਾ ਗਏ ਸਨ ਅਤੇ ਭਾਂਤ-ਭਾਂਤ ਦਾ ਸ਼ੋਰ ਮਚਾ ਰਹੇ ਸਨ। ਹਰ ਕਿਸੇ ਨੂੰ ਆਪਣਾ ਮਹੱਤਵ ਜਾਗ ਪਿਆ ਸੀ, ਕਿਸੇ ਨੂੰ ਆਪਣਾ ਵਪਾਰ ਯਾਦ ਆਇਆ, ਕਿਸੇ ਨੂੰ ਪਰਿਵਾਰ।

ਸਾਰਿਆਂ ਨੇ ਇਕ ਬਜ਼ੁਰਗ ਮੁਸਾਫ਼ਰ ਨੂੰ ਪੁੱਛਿਆ: ਕੀ ਕਰੀਏ ?

ਬਜ਼ੁਰਗ ਨੇ ਉਨ੍ਹਾਂ ਦੇ ਤੌਖਲੇ ਅਤੇ ਭੈਅ ਨੂੰ ਭਾਂਪ ਕੇ, ਉੱਚੀ ਆਵਾਜ਼ ਵਿੱਚ ਕਿਹਾ: ਘਬਰਾਉਣਾ ਨਹੀਂ, ਹੌਸਲਾ ਰਖੋ, ਜਹਾਜ਼ ਦੇ ਕਪਤਾਨ 'ਤੇ ਭਰੋਸਾ ਰੱਖੋ, ਇਹ ਜਹਾਜ਼ ਡੁਬੇਗਾ ਨਹੀਂ। ਸਾਰਿਆਂ ਦਾ ਅੰਦਰਲਾ ਸ਼ੋਰ ਸ਼ਾਂਤ ਹੋ ਗਿਆ ਸੀ। ਬਜ਼ੁਰਗ ਨੇ ਕਿਹਾ: ਕਪਤਾਨ ਦਾ ਹੌਸਲਾ ਵਧਾਉਣ ਲਈ ਅਸੀਂ ਰਲ ਕੇ ਗਾਵਾਂਗੇ। ਗਾਉਣ ਨਾਲ ਸਾਰਿਆਂ ਨੂੰ ਆਪਣੀ ਸਾਂਝੀ ਸ਼ਕਤੀ ਦੇ ਅਹਿਸਾਸ ਨਾਲ ਬਲ ਮਿਲਿਆ। ਕਪਤਾਨ ਦਾ ਵੀ ਹੌਸਲਾ ਵਧਿਆ, ਉਹ ਇਕਾਗਰ ਚਿੱਤ ਹੋ ਕੇ ਨਿਰਣੇ ਲੈਣ ਲੱਗਿਆ।

ਤੂਫ਼ਾਨ ਘਟ ਗਿਆ, ਜਹਾਜ਼ ਬਚ ਗਿਆ, ਯਾਤਰੀ ਖਿੜ ਗਏ, ਬਾਬਾ ਜੀ ਦੇ ਪੈਰੀਂ ਪੈ ਗਏ, ਤੁਹਾਡੀ ਕਿਰਪਾ ਨਾਲ ਹੀ ਅਸੀਂ ਬਚੇ ਹਾਂ। ਬਾਬਾ ਜੀ ਨੇ ਕਿਹਾ: ਮੈਂ ਤਾਂ ਤੁਹਾਡੇ ਵਾਂਗ ਹੀ ਇਕ ਮੁਸਾਫ਼ਰ ਹਾਂ, ਮੈਂ ਤਾਂ ਆਪ ਡਰਿਆ ਹੋਇਆ ਸੀ, ਆਪਣਾ ਡਰ ਲੁਕਾਉਣ ਵਾਸਤੇ, ਮੈਂ ਉੱਚੀ ਆਵਾਜ਼ ਵਿਚ ਤੁਹਾਨੂੰ ਮੁਖਾਤਬ ਹੋਇਆ। ਅਸੀਂ ਜਹਾਜ਼ ਦੇ ਬਚਣ ਨਾਲ ਹੀ ਬਚ ਸਕਦੇ ਸਾਂ, ਸੋ ਜਹਾਜ਼ ਨੂੰ ਬਚਾਉਣਾ ਸਾਡਾ ਉਦੇਸ਼ ਬਣ ਗਿਆ ਸੀ। ਸਾਡੀ ਸਾਰਿਆਂ ਦੀ ਸਾਂਝੀ ਆਵਾਜ਼ ਵਿਚ, ਤੂਫ਼ਾਨ ਦੀ ਡਰਾਉਣੀ ਆਵਾਜ਼ ਦਬ ਗਈ ਸੀ, ਜਿਸ ਨਾਲ ਕਪਤਾਨ ਦਾ ਮਨੋਬਲ ਵਧਿਆ ਅਤੇ ਸਾਡੇ ਵਿਚ ਬਚ ਜਾਣ ਦਾ ਹੌਸਲਾ ਜਾਗ ਪਿਆ।

ਮੈਂ ਪੂਰੇ ਵਿਸ਼ਵਾਸ ਨਾਲ ਕਿਹਾ ਸੀ ਕਿ ਜਹਾਜ਼ ਡੁਬੇਗਾ ਨਹੀਂ।

ਅਸੀਂ ਸਵੈ-ਵਿਸ਼ਵਾਸ ਨਾਲ ਜਹਾਜ਼ ਨੂੰ ਬਚਾ ਲਿਆ ਹੈ। ਮੈਂ ਜਾਣਦਾ ਸਾਂ ਕਿ ਜੇ ਜਹਾਜ਼ ਡੁੱਬ ਗਿਆ ਤਾਂ ਮੈਨੂੰ ਝੂਠਾ ਕਹਿਣ ਵਾਲਾ ਕੋਈ ਨਹੀਂ ਸੀ ਹੋਣਾ।

156

ਤਖਤ ਦੀ ਵਾਰਿਸ, ਰਾਜਕੁਮਾਰੀ ਬੜੀ ਸੋਹਣੀ ਸੀ।

ਰਿਸ਼ਤੇ ਤਾਂ ਸੈਂਕੜੇ ਰਾਜਕੁਮਾਰਾਂ ਦੇ ਆਏ ਸਨ ਪਰ ਅਖੀਰ ਉਤੇ, ਉਸ ਵੱਲੋਂ ਚੋਣ ਕਰਨ ਲਈ, ਨੌਂ ਰਾਜਕੁਮਾਰ ਬੁਲਾਏ ਗਏ ਸਨ।

www.quotesinpunjabi.ml

QuotesInPunjabi

ਪਹਿਲਾ ਬਹੁਤ ਸੋਹਣਾ ਸੀ, ਦੂਜਾ ਬੜਾ ਹੱਸਮੁਖ ਸੀ, ਤੀਜਾ ਬੜਾ ਪ੍ਰਸਿੱਧ ਸੀ, ਚੌਥਾ ਸਰੀਰ ਦਾ ਬੜਾ ਤਕੜਾ ਸੀ, ਪੰਜਵਾਂ ਪ੍ਰਸਿੱਧ ਪਰਿਵਾਰ ਵਿਚੋਂ ਸੀ, ਛੇਵਾਂ ਗੀਤਕਾਰ ਸੀ, ਸੱਤਵਾਂ ਘੁੰਮਣ-ਫਿਰਨ ਦਾ ਸ਼ੌਕੀਨ ਸੀ, ਅੱਠਵਾਂ ਵਾਇਲਨ ਵਧੀਆ ਵਜਾਉਂਦਾ ਸੀ, ਨੌਵਾਂ ਪੂਰਾ ਮਰਦ ਲਗਦਾ ਸੀ ਅਤੇ ਮਰਦ ਵਾਂਗ ਖਲੋਤਾ ਸੀ।

ਮਰਦ ਤੋਂ ਇਲਾਵਾ ਬਾਕੀ ਸਾਰੇ ਇਕ ਹੀ ਢੰਗ ਨਾਲ ਝੁਕੇ ਹੋਏ ਸਨ।

ਉਹ ਇਕ ਮਲਿਕਾ ਵਾਂਗ ਉਨ੍ਹਾਂ ਨੂੰ ਵੇਖ ਕੇ ਸੋਚ ਰਹੀ ਸੀ ਕਿ ਕਿਸ ਨੂੰ ਆਪਣੇ ਦਿਲ ਦਾ ਤਾਜ ਪਹਿਨਾਵੇ।

ਉਸ ਨੇ ਨੌਵੇਂ ਰਾਜਕੁਮਾਰ ਨੂੰ ਚੁਣਿਆ, ਕਿਉਂਕਿ ਉਸ ਰਾਜਕੁਮਾਰੀ ਨੂੰ ਝੁਕਣ ਵਾਲੇ ਪੁਰਸ਼ ਚੰਗੇ ਨਹੀਂ ਸਨ ਲੱਗਦੇ। ਉਸ ਨੂੰ ਇਕ ਅਜਿਹੇ ਮਰਦ ਦੀ ਤਲਾਸ਼ ਸੀ, ਜਿਸ ਅੱਗੇ ਉਸ ਨੂੰ ਆਪ ਝੁਕਣਾ ਚੰਗਾ ਲੱਗੇ। ਉਹ ਉਸ ਮਰਦ ਦੇ ਅੱਗੇ ਜਾ ਖਲੋਤੀ ਅਤੇ ਉਸ ਨੇ ਆਪ ਝੁਕ ਕੇ ਕਿਹਾ, 'ਤੁਸੀਂ ਮੇਰੇ ਬਾਦਸ਼ਾਹ ਹੋਵੋਗੇ।'

157

ਇੱਕ ਬਿੱਲੀ ਨੇ ਸੜਕ ਪਾਰ ਕੀਤੀ।

ਬੱਚੇ ਨੇ ਕਿਹਾ, ਮੰਮੀ-ਮੰਮੀ ਮਾਓਂ ਬਿੱਲੀ ਲਿਆਓ।

ਅਧਿਆਪਕ ਨੇ ਕਿਹਾ: ਬਿੱਲੀ ਪੂਰਬੀ ਦਿਸ਼ਾ ਤੋਂ ਪੱਛਮੀ ਦਿਸ਼ਾ ਵਿਚ, ਸੱਠ ਡਿਗਰੀ ਦੇ ਕੋਣ ਨਾਲ ਲੰਘੀ ਹੈ।

ਫ਼ਿਲਾਸਫ਼ਰ ਨੇ ਕਿਹਾ: ਇਸ ਬਾਰੇ ਭਰਪੂਰ ਚਿੰਤਨ ਕਰਨ ਦੀ ਲੋੜ ਹੈ ਕਿ ਬਿੱਲੀ ਕਿਸੇ ਹੋਰ ਪਾਸੇ ਨਹੀਂ, ਉਧਰ ਹੀ ਕਿਉਂ ਗਈ ਹੈ? ਪੁਜਾਰੀ ਨੇ ਕਿਹਾ, ਕਿਸੇ ਦੂਜੇ ਪਾਸੇ ਜਾਣਾ, ਬਿੱਲੀ ਦੇ ਭਾਗਾਂ ਵਿਚ ਲਿਖਿਆ ਨਹੀਂ ਸੀ।

ਕਾਮਰੇਡ ਨੇ ਕਿਹਾ: ਬਿੱਲੀ ਪੂੰਜੀਵਾਦ ਦੀ ਸਾਜ਼ਸ਼ ਦਾ ਸ਼ਿਕਾਰ ਹੋਈ ਹੈ, ਇਹ ਬੁਰਜ਼ੂਆ ਬਿੱਲੀ ਹੈ। ਰਾਜਸੀ ਆਗੂ ਨੇ ਕਿਹਾ: ਸਾਡੀ ਪਾਰਟੀ ਦੀ ਬਿੱਲੀ 'ਤੇ ਦਲ-ਬਦਲੀ ਦਾ ਲਾਇਆ ਜਾ ਰਿਹਾ ਇਹ ਦੋਸ਼, ਝੂਠਾ ਹੈ।

ਇਕ ਅਫਰੀਕਨ ਨੇ ਕਿਹਾ: ਸੜਕ ਕਾਲੀ ਹੈ, ਇਹ ਕਾਲੇ ਅਫਰੀਕਾ ਦੀ ਪ੍ਰਤੀਕ ਹੈ, ਬਿੱਲੀ ਨੇ ਕਾਲੀ ਸੜਕ ਤੋਂ ਲੰਘ ਕੇ ਆਪਣੇ ਸੰਗਰਾਮ ਦਾ ਸੁਨੇਹਾ ਦਿੱਤਾ ਹੈ।

ਸਾਹਿਤਕਾਰ ਨੇ ਕਿਹਾ: ਮੈਂ ਉਸ ਸੁਨਹਿਰੇ ਭਵਿੱਖ ਨੂੰ ਉਡੀਕ ਰਿਹਾ ਹਾਂ, ਜਦੋਂ ਭਾਰਤ ਅਤੇ ਪਾਕਿਸਤਾਨ ਦੇ ਬਿੱਲੀਆਂ-ਬਿੱਲੇ, ਬਿਨਾਂ ਕਿਸੇ ਰੋਕ-ਟੋਕ ਦੇ, ਦੋਸਤੀ ਦੀ ਭਾਵਨਾ ਨਾਲ ਵਾਹਗੇ ਤੋਂ ਇਧਰ-ਉਧਰ ਆ-ਜਾ ਸਕਣਗੇ।

ਵਕੀਲ ਨੇ ਕਿਹਾ: ਜਦੋਂ ਤੱਕ ਠੋਸ ਸਬੂਤ ਨਹੀਂ ਮਿਲਦਾ, ਇਹ ਮੰਨਣਾ ਕਠਿਨ ਹੈ ਕਿ ਸੜਕ ਪਾਰ ਕਰਨ ਦਾ ਬਿੱਲੀ 'ਤੇ ਕੋਈ ਜੁਰਮ ਆਇਦ ਹੁੰਦਾ ਹੈ ਕਿ ਨਹੀਂ।

ਥਾਣੇਦਾਰ ਨੇ ਕਿਹਾ: ਜਦੋਂ ਬਿੱਲੀ ਦੇ ਪਰਿਵਾਰ ਦਾ ਕੋਈ ਵਿਅਕਤੀ ਰਿਪੋਰਟ ਲਿਖਵਾਏਗਾ ਤਾਂ ਹੀ ਪੁਲੀਸ ਤਹਿਕੀਕਾਤ ਕਰੇਗੀ।

www.quotesinpunjabi.ml

QuotesInPunjabi

ਪਾਕਿਸਤਾਨੀ ਨੇ ਕਿਹਾ: ਭਾਰਤੀ ਬਿੱਲੀ ਨੇ ਪਾਕਿਸਤਾਨ ਵਿਚ ਘੁਸਣ ਦਾ ਯਤਨ ਕੀਤਾ ਸੀ ਪਰ ਮੂੰਹ ਦੀ ਖਾਧੀ। ਇਸ ਮੁੱਠ-ਭੇੜ ਵਿਚ ਪਾਕਿਸਤਾਨ ਦੇ ਦੋ ਬਿੱਲੇ ਸ਼ਹੀਦ ਹੋਏ।

ਮਨੋਵਿਗਿਆਨੀ ਨੇ ਕਿਹਾ: ਬਿੱਲੀ ਕਾਮ ਦੀ ਪ੍ਰਤੀਕ ਹੈ, ਇਹ ਕਾਮਿਕ ਅਤ੍ਰਿਪਤੀ ਕਾਰਨ ਹੀ, ਕਿਸੇ ਬਿੱਲੇ ਦੀ ਭਾਲ ਵਿਚ ਨਿਕਲੀ ਹੋਵੇਗੀ।

ਇਤਿਹਾਸਕਾਰ ਨੇ ਕਿਹਾ: ਸਭ ਤੋਂ ਪਹਿਲਾਂ, ਬਾਬਰੀਲੀ ਨਾਂ ਦੀ ਬਿੱਲੀ ਨੇ, ਸ਼ੇਰਸ਼ਾਹ ਸੂਰੀ ਦੇ ਜ਼ਮਾਨੇ ਵਿਚ ਸੜਕ ਪਾਰ ਕੀਤੀ ਸੀ।

ਆਈਨਸਟੀਨ ਵਰਗੇ ਵਿਗਿਆਨੀ ਨੇ ਕਿਹਾ: ਬਿੱਲੀ ਨੇ ਸੜਕ ਪਾਰ ਨਹੀਂ ਕੀਤੀ ਹੋਵੇਗੀ, ਸਗੋਂ ਸੜਕ ਬਿੱਲੀ ਦੇ ਥੱਲੋਂ ਲੰਘੀ ਹੋਵੇਗੀ।

ਟੋਲ ਵਾਲੇ ਨੇ ਕਿਹਾ: ਬਿੱਲੀ ਪੈਦਲ ਸੀ, ਸੋ ਉਸ ਤੇ ਟੋਲ-ਟੈਕਸ ਨਹੀਂ ਲਗਦਾ।

ਪਾਗਲ ਨੇ ਕਿਹਾ: ਮੈਂ ਵੇਖਦਾ ਹਾਂ, ਬਿੱਲੀ ਆਈ ਕਿਧਰੋਂ ਸੀ, ਤੁਸੀਂ ਵੇਖੋ ਉਹ ਗਈ ਕਿਧਰ ਹੈ? ਇਹ ਤਾਂ ਬਿੱਲੀ ਹੀ ਹੈ, ਅਸੀਂ ਤਾਂ ਇਵੇਂ ਸ਼ੇਰ ਦਾ ਪਤਾ ਲਾ ਲੈਂਦੇ ਹਾਂ।

ਬਿੱਲੀ ਦੇ ਮਾਲਕ ਨੇ ਕਿਹਾ: ਤੁਸੀਂ ਇਧਰ ਕੋਈ ਬਿੱਲੀ ਤਾਂ ਨਹੀਂ ਵੇਖੀ?

ਮੇਰੀ ਪਿਆਰੀ ਬਿੱਲੀ ਗੁਆਚ ਗਈ ਹੈ। ਮੈਂ ਉਸ ਨੂੰ ਲੱਭ ਰਿਹਾ ਹਾਂ।

158

ਸ੍ਰੀ ਰਾਮ ਕ੍ਰਿਸ਼ਨ ਨਾਲ ਜਦੋਂ ਸ਼ਾਰਦਾ ਦਾ ਵਿਆਹ ਹੋਇਆ ਤਾਂ ਉਸ ਨੂੰ ਪਤਾ ਲੱਗਾ ਕਿ ਉਸਦੇ ਪਤੀ ਦਾ ਤਾਂ ਰੱਬ ਨਾਲ ਪਹਿਲਾਂ ਹੀ ਵਿਆਹ ਹੋਇਆ ਹੋਇਆ ਸੀ। ਕਿਤਨੇ ਹੀ ਸਾਲ, ਲੋਕ ਸ਼ਾਰਦਾ ਨੂੰ ਪਾਗਲ ਦੀ ਪਤਨੀ ਕਹਿੰਦੇ ਰਹੇ।

ਰਾਮ ਕ੍ਰਿਸ਼ਨ ਨੇ ਸੰਨਿਆਸ ਲਿਆ ਹੋਇਆ ਸੀ, ਫਿਰ ਵੀ ਉਨ੍ਹਾਂ ਨੇ ਆਪਣੀ ਪਤਨੀ ਨੂੰ ਸਭ ਕੁਝ ਸਿਖਾਇਆ ਅਤੇ ਉਸ ਵਿਚ ਇਤਨੀ ਸ਼ਰਧਾ ਭਰ ਦਿੱਤੀ ਕਿ ਉਹ ਹੀ ਰਾਮ ਕ੍ਰਿਸ਼ਨ ਦੀ ਸਭ ਤੋਂ ਪਹਿਲੀ ਅਤੇ ਵੱਡੀ ਸ਼ਰਧਾਲਣ ਬਣੀ।

ਜਦੋਂ ਸ਼ਾਰਦਾ ਅਠਾਰ੍ਹਾਂ ਸਾਲਾਂ ਦੀ ਹੋਈ ਤਾਂ ਉਸ ਸਮੇਂ ਤੱਕ ਰਾਮ ਕ੍ਰਿਸ਼ਨ, ਵਿਸ਼ਵਮਾਤਾ ਵਜੋਂ, ਉਸ ਦੀ ਪੂਜਾ ਕਰਨ ਲੱਗ ਪਏ ਸਨ।

159

ਭੇਡਾਂ ਚਾਰਨ ਵਾਲੀ ਇਕ ਇਸਤਰੀ ਨੂੰ ਇਕ ਬੜਾ ਕੀਮਤੀ ਹੀਰਾ ਲੱਭ ਪਿਆ।

ਇਕ ਭੁੱਖ-ਪਿਆਸ ਦਾ ਸਤਾਇਆ ਰਾਹੀ ਉਧਰੋਂ ਲੰਘਿਆ, ਉਨ੍ਹਾਂ ਨੇ ਰਲ ਕੇ ਰੋਟੀ ਖਾਧੀ, ਇਸਤਰੀ ਨੇ ਅੱਧੀ ਰੋਟੀ ਉਸ ਨੂੰ ਦੇ ਦਿੱਤੀ ਸੀ। ਰਾਹੀ ਨੇ ਹੀਰਾ ਵੇਖਿਆ, ਬੜਾ ਕੀਮਤੀ ਸੀ, ਲਾਲਚ ਆ ਗਿਆ। ਵੇਖਿਆ, ਇਸਤਰੀ ਨੂੰ ਉਸ ਦੀ ਕੀਮਤ ਦਾ ਉੱਕਾ ਹੀ ਪਤਾ ਨਹੀਂ ਸੀ। ਉਸ ਨੇ ਉਹ ਹੀਰਾ ਮੰਗ ਲਿਆ, ਉਸ ਇਸਤਰੀ ਨੇ ਭੋਲੇ-ਭਾਓ ਦੇ ਦਿੱਤਾ, ਦੇਣ ਵੇਲੇ ਕੋਈ ਝਿਜਕ ਨਹੀਂ ਵਿਖਾਈ।

ਰਾਹੀ ਆਪਣੀ ਚੰਗੀ ਕਿਸਮਤ 'ਤੇ ਝੂਮਦਾ ਜਾ ਰਿਹਾ ਸੀ, ਕਿਉਂਕਿ ਹੀਰਾ ਇਤਨਾ ਕੀਮਤੀ ਸੀ ਕਿ ਉਸ ਦੀ ਸਾਰੀ ਜ਼ਿੰਦਗੀ ਆਰਾਮ ਨਾਲ ਲੰਘ ਜਾਣੀ ਸੀ ਪਰ ਉਸ ਹੀਰੇ ਦੇ

www.quotesinpunjabi.ml

QuotesInPunjabi

ਚੋਰੀ ਹੋ ਜਾਣ ਦੀ ਚਿੰਤਾ ਕਾਰਨ, ਉਹ ਸੌਂ ਨਹੀਂ ਸੀ ਸਕਦਾ।

ਉਹ ਹੀਰਾ ਵੇਚਣ ਵੀ ਨਹੀਂ ਸੀ ਜਾਂਦਾ, ਕਿਉਂਕਿ ਪੁਛੇ ਜਾਣ 'ਤੇ ਉਹ ਹੀਰਾ ਕਿਥੋਂ, ਕਿਵੇਂ ਮਿਲਿਆ, ਦਾ ਉਸ ਕੋਲ ਕੋਈ ਜਵਾਬ ਨਹੀਂ ਸੀ, ਸੋ ਉਸ ਨੂੰ ਫੜੇ ਜਾਣ ਦਾ ਡਰ ਸੀ।

ਹੀਰਾ ਪ੍ਰਾਪਤ ਕਰਨ ਦੀ ਪ੍ਰਸੰਨਤਾ, ਪਰੇਸ਼ਾਨੀ ਬਣ ਗਈ ਸੀ।

ਉਹ ਕਈ ਦਿਨ ਮਗਰੋਂ ਉਸ ਇਸਤਰੀ ਨੂੰ ਲੱਭਦਿਆਂ-ਲੱਭਦਿਆਂ ਵਾਪਸ ਆਇਆ ਅਤੇ ਕਿਹਾ: ਮੈਂ ਇਹ ਕੀਮਤੀ ਹੀਰਾ ਇਸ ਆਸ ਨਾਲ ਪਰਤਾ ਰਿਹਾ ਹਾਂ ਕਿ ਤੁਸੀਂ ਮੈਨੂੰ ਇਸ ਨਾਲੋਂ ਵੀ ਕੀਮਤੀ ਚੀਜ਼ ਦੇ ਸਕੋ।

ਤੁਸੀਂ ਮੈਨੂੰ ਦਿਲ ਦੀ ਉਹ ਅਮੀਰੀ ਦਿਓ, ਜਿਸਨੇ ਤੁਹਾਨੂੰ ਰਾਹ ਜਾਂਦੇ ਅਜਨਬੀ ਨੂੰ ਇਤਨਾ ਕੀਮਤੀ ਹੀਰਾ ਸੁਭਾਵਕ ਹੀ ਦੇ ਦੇਣ ਦੇ ਯੋਗ ਬਣਾਇਆ ਹੈ।

160

ਬਾਹਰ ਮੀਂਹ ਪੈ ਰਿਹਾ ਸੀ, ਅੰਦਰ ਰਾਗੀ ਗਾ ਰਹੇ ਸਨ, ਪਿਛੇ-ਪਿਛੇ ਸੰਗਤ ਗਾ ਰਹੀ ਸੀ। ਉਹੀ ਸ਼ਬਦ ਮੁੜ-ਮੁੜ ਵਾਪਸ ਆ ਰਹੇ ਸਨ, ਮੁੜ-ਮੁੜ ਗਾਏ ਜਾ ਰਹੇ ਸਨ। ਇਕ ਲੈਅ ਬੱਝ ਗਈ ਸੀ। ਮੀਂਹ ਦੀ ਆਵਾਜ਼ ਵੀ ਕੀਰਤਨ ਦਾ ਭਾਗ ਬਣ ਗਈ ਸੀ। ਬਹੁਤੇ ਅੱਖਾਂ ਬੰਦ ਕਰਕੇ, ਲੋਕ-ਪ੍ਰਲੋਕ ਦਾ ਆਨੰਦ ਮਾਣ ਰਹੇ ਸਨ। ਕਈ ਸਿਰ ਨਾਲ ਨੱਚ ਰਹੇ ਸਨ, ਕੰਨਾਂ ਨਾਲ ਗਾ ਰਹੇ ਸਨ, ਅੱਖਾਂ ਨਾਲ ਮਾਣ ਰਹੇ ਸਨ।

ਜਿਨ੍ਹਾਂ ਨੇ ਜੀਵਨ ਵਿਚ ਕਦੇ ਵੀ ਨਹੀਂ ਸੀ ਗਾਇਆ, ਉਹ ਵੀ ਗਾ ਰਹੇ ਸਨ।

ਹਰ ਕੋਈ ਸੋਹਣਾ ਲੱਗ ਰਿਹਾ ਸੀ, ਹਰ ਕੋਈ ਅਨੋਖਾ ਲੱਗ ਰਿਹਾ ਸੀ।

ਵਿਸਮਾਦ ਛਾਇਆ ਹੋਇਆ ਸੀ, ਆਤਮਾ ਦੇ ਦੀਦਾਰੇ ਹੋ ਰਹੇ ਸਨ।

ਜਿਨ੍ਹਾਂ ਨੇ ਪਹਿਲਾਂ ਜ਼ਿੰਦਗੀ 'ਤੇ ਕਦੇ ਮਾਣ ਨਹੀਂ ਸੀ ਕੀਤਾ, ਉਹ ਵੀ ਮਾਣਮੱਤੇ ਹੋ ਰਹੇ ਸਨ। ਪਤਾ ਹੀ ਨਹੀਂ ਸੀ ਲੱਗ ਰਿਹਾ, ਕੌਣ ਗਾ ਰਹੇ ਸਨ, ਕੌਣ ਸੁਣ ਰਹੇ ਸਨ।

161

ਦੂਰੋਂ ਆਏ ਮਹਿਮਾਨ ਨੂੰ ਉਹ ਪੁਰਾਣੀਆਂ ਅਤੇ ਪ੍ਰਸਿੱਧ ਇਮਾਰਤਾਂ ਵਿਖਾਓ, ਜਿਹੜੀਆਂ ਉਸ ਨੇ ਪਹਿਲਾਂ ਵੇਖੀਆਂ ਨਾ ਹੋਣ, ਜਿਹੜੀਆਂ ਉਸ ਵਲੋਂ ਕਦੇ ਵੇਖਣ ਦੀ ਸੰਭਾਵਨਾ ਨਾ ਹੋਵੇ। ਉਸਦੀ ਫੇਰੀ ਯਾਦਗਾਰੀ ਹੋ ਨਿਬੜੇਗੀ।

ਵੱਡੀਆਂ ਇਤਿਹਾਸਕ ਇਮਾਰਤਾਂ, ਉਨ੍ਹਾਂ ਨੂੰ ਉਸਾਰਨ ਵਾਲੇ ਵਿਅਕਤੀਆਂ ਦੇ ਦ੍ਰਿੜ ਇਰਾਦਿਆਂ ਦਾ ਪ੍ਰਮਾਣ ਹੁੰਦੀਆਂ ਹਨ।

ਤਾਜ ਮਹੱਲ ਉਸਾਰਨ ਦੇ ਵਸੀਲੇ ਹਜ਼ਾਰਾਂ ਕੋਲ ਹਨ ਪਰ ਤਾਜ ਮਹੱਲ ਉਸਾਰਨ ਦਾ ਮਜ਼ਬੂਤ ਇਰਾਦਾ ਕਿਸੇ ਕੋਲ ਨਹੀਂ ਹੈ।

ਪਿਰਾਮਿਡ ਮਿਸਰੀਆਂ ਦੀ ਦ੍ਰਿੜਤਾ ਦਾ ਪ੍ਰਮਾਣ ਹਨ।

ਇਵੇਂ ਹੀ ਦੱਖਣੀ ਭਾਰਤ ਦੇ ਪੁਰਾਤਨ ਮੰਦਰ ਧੀਰਜ, ਕਲਾ, ਸਹਿਜ ਅਤੇ ਕਲਪਨਾ ਦੇ ਗਵਾਹ ਹਨ ਅਤੇ ਭਾਰਤੀ ਸਭਿਅਤਾ ਦੇ ਪ੍ਰਮਾਣ ਹਨ। ਰੋਮਨਾਂ-ਯੂਨਾਨੀਆਂ ਦਾ ਇਹ

www.quotesinpunjabi.ml

QuotesInPunjabi

ਵਿਸ਼ੇਸ਼ ਲੱਛਣ ਸੀ ਕਿ ਉਨ੍ਹਾਂ ਦੀਆਂ ਇਮਾਰਤਾਂ ਉਵੇਂ ਬਣੀਆਂ, ਜਿਵੇਂ ਅਤੇ ਜਿਹੋ ਜਿਹੀਆਂ ਉਹ ਬਣਾਉਣੀਆਂ ਚਾਹੁੰਦੇ ਸਨ, ਉਨ੍ਹਾਂ ਲਈ ਭਾਵੇਂ ਕਿਤਨਾ ਹੀ ਵਕਤ ਲੱਗਿਆ, ਕਿਤਨਾ ਵੀ ਖਰਚ ਹੋਇਆ, ਕਿਤਨਾ ਹੀ ਯਤਨ ਕਰਨਾ ਪਿਆ। ਇਹੋ ਜਿਹੀਆਂ ਇਮਾਰਤਾਂ ਪਹਿਲਾਂ ਅਤੇ ਮਗਰੋਂ ਵੀ, ਕਿਧਰੇ ਨਹੀਂ ਬਣੀਆਂ ਸਨ।

ਯੂਨਾਨ ਅਤੇ ਰੋਮ ਦੇ ਅਜੇਕੇ ਖੰਡਰ ਉਸ ਯੁੱਗ ਦੇ ਲੋਕਾਂ ਦੀ ਦ੍ਰਿੜ੍ਹਤਾ, ਸਿਰੜ ਅਤੇ ਸਿਦਕ ਦੇ ਸਬੂਤ ਹਨ। ਪੁਰਾਤਨ ਇਮਾਰਤਾਂ ਜ਼ਿੰਦਗੀ ਦੀ ਨਿਰੰਤਰਤਾ ਦਾ ਪ੍ਰਤੀਕ ਹਨ ਅਤੇ ਮਾਨਵਜਾਤੀ ਨੂੰ ਨਵੇਂ ਉਪਰਾਲੇ ਅਤੇ ਨਵੀਆਂ ਪ੍ਰਾਪਤੀਆਂ ਲਈ ਪ੍ਰੇਰਿਤ ਕਰਦੀਆਂ ਹਨ। ਇਨ੍ਹਾਂ ਨੂੰ ਵੇਖਣ ਨਾਲ ਹਿਰਦਾ ਵਿਸ਼ਾਲ ਅਤੇ ਮਨ ਉੱਚਾ ਹੁੰਦਾ ਹੈ।

ਜਦੋਂ ਤੁਸੀਂ ਮਹਿਮਾਨ ਨੂੰ ਅਜਿਹੀਆਂ ਇਮਾਰਤਾਂ ਵਿਖਾਓਗੇ, ਉਸ ਨੂੰ ਇਨ੍ਹਾਂ ਦੇ ਵੇਖੇ ਹੋਣ ਦਾ ਮਾਣ ਹੋਵੇਗਾ ਅਤੇ ਉਸ ਦੇ ਮਨ ਵਿਚ ਤੁਹਾਡੇ ਲਈ ਸ਼ੁਕਰਾਨਾ ਉਪਜੇਗਾ।

162

ਇਕ ਵਾਰੀ ਬਾਟਾ ਸ਼ੂ ਕੰਪਨੀ ਦਾ ਮਾਲਕ, ਬਾਟਾ, ਦਿੱਲੀ ਆਇਆ ਹੋਇਆ ਸੀ। ਮੈਂ ਆਪਣੇ ਇੱਕ ਮਿੱਤਰ ਨਾਲ, ਉਸ ਵਲੋਂ ਬਾਟਾ ਕੰਪਨੀ ਨਾਲ ਵਪਾਰਕ ਸਾਂਝ ਵਧਾਉਣ ਦੇ ਉਦੇਸ਼ ਨਾਲ, ਦੋ-ਭਾਸ਼ੀਏ ਦਾ ਕਾਰਜ ਕਰਨ ਲਈ, ਨਾਲ ਗਿਆ ਹੋਇਆ ਸਾਂ। ਅਸੀਂ ਉਸ ਦੇ ਕੰਪਨੀ ਦੇ ਨਿਵਾਸ ਸਥਾਨ 'ਤੇ ਮਿਲਣ ਗਏ। ਘਰ ਵਿਚ ਕਈ ਨੌਕਰ-ਨੌਕਰਾਣੀਆਂ ਸਨ ਪਰ ਸਾਡੇ ਲਈ ਚਾਹ ਵਾਲੀ ਤਸ਼ਤਰੀ, ਮਾਲਕ ਬਾਟਾ ਆਪ ਚੁੱਕ ਕੇ ਲਿਆਇਆ।

ਮੇਰੇ ਮਿੱਤਰ ਨੇ ਕਿਹਾ: ਤੁਹਾਡੇ ਇਤਨੇ ਨੌਕਰ-ਚਾਕਰ ਹਨ, ਤੁਸੀਂ ਚਾਹ ਆਪ ਕਿਉਂ ਚੁੱਕ ਕੇ ਲਿਆਏ ਹੋ? ਬਾਟਾ ਨੇ ਮੈਨੂੰ ਜ਼ਿੰਦਗੀ ਭਰ ਨਾ ਭੁੱਲਣ ਵਾਲਾ ਸਬਕ ਸਿਖਾਇਆ, ਉਸ ਨੇ ਕਿਹਾ: ਤੁਸੀਂ ਮੇਰੇ ਨੌਕਰਾਂ ਦੇ ਨਹੀਂ, ਮੇਰੇ ਮਹਿਮਾਨ ਹੋ।

163

ਵਚਸਪਤੀ ਮਿਸ਼ਰ ਇਕ ਰਿਸ਼ੀ ਸਨ, ਜਿਨ੍ਹਾਂ ਨੇ ਵੇਦਾਂਤ 'ਤੇ ਇਕ ਪ੍ਰਸਿੱਧ ਗ੍ਰੰਥ ਦੀ ਰਚਨਾ ਕੀਤੀ ਹੈ, ਜਿਸ ਦੀ ਰਚਨਾ ਵਿਚ ਉਨ੍ਹਾਂ ਦਾ ਸਾਰਾ ਜੀਵਨ ਅਤੇ ਸਾਰੀ ਊਰਜਾ ਲੱਗ ਗਈ ਸੀ। ਜਦੋਂ ਉਨ੍ਹਾਂ ਦਾ ਵਿਆਹ ਹੋਇਆ, ਉਦੋਂ ਉਨ੍ਹਾਂ ਦਾ ਧਿਆਨ ਅਸਮਾਨ ਵਲ ਸੀ।

ਉਨ੍ਹਾਂ ਨੂੰ ਆਪਣੀ ਪਤਨੀ ਦਾ ਕਦੇ ਚੇਤਾ ਹੀ ਨਾ ਆਇਆ, ਜਦੋਂ ਕਿ ਪਤਨੀ ਆਂਢ-ਗੁਆਂਢ ਵਿਚਲੇ ਘਰਾਂ ਵਿਚ ਕੰਮ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੀ ਰਹੀ।

ਜਿਸ ਸ਼ਾਮ ਨੂੰ ਗ੍ਰੰਥ ਮੁਕੰਮਲ ਹੋਇਆ, ਉਸ ਸ਼ਾਮ ਨੂੰ ਰਿਸ਼ੀ ਨੇ ਵੇਖਿਆ ਕਿ ਦੋ ਹੱਥਾਂ ਨੇ ਵਧ ਕੇ ਭੁੱਗੀ ਵਿਚਲਾ ਦੀਵਾ ਜਗਾਇਆ ਸੀ। ਰਿਸ਼ੀ ਨੇ ਵੇਖਿਆ ਕਿ ਉਹ ਇਕ ਇਸਤਰੀ ਦੇ ਹੱਥ ਸਨ। ਪੁੱਛਣ 'ਤੇ ਜਦੋਂ ਉਸ ਇਸਤਰੀ ਨੇ ਆਪਣੇ ਆਪ ਨੂੰ ਉਨ੍ਹਾਂ ਦੀ ਪਤਨੀ ਦੱਸਿਆ ਤਾਂ ਰਿਸ਼ੀ ਨੂੰ ਹੈਰਾਨੀ ਹੋਈ।

ਪਤਨੀ ਨੇ ਦੱਸਿਆ, ਵਿਆਹ ਵੇਲੇ ਤੁਹਾਡਾ ਧਿਆਨ ਸਿਤਾਰਿਆਂ ਦੇ ਉੱਚੇ ਮੰਡਲਾਂ ਵਲ ਸੀ। ਮੇਰੇ ਮਾਪਿਆਂ ਨੇ ਮੈਨੂੰ ਤੁਹਾਡੇ ਪ੍ਰਤੀ ਅਰਪਣ ਕਰ ਦਿੱਤਾ ਸੀ।

www.quotesinpunjabi.ml

QuotesInPunjabi

ਰਿਸ਼ੀ ਨੇ ਪਤਨੀ ਨੂੰ ਪੁੱਛਿਆ: ਕੋਈ ਇੱਛਾ ਹੈ ? ਪਤਨੀ ਨੇ ਕਿਹਾ: ਮੇਰੀ ਇੱਛਾ ਸੀ ਕਿ ਸਾਡੀ ਸੰਤਾਨ ਹੋਵੇ ਅਤੇ ਸੰਸਾਰ ਵਿਚ ਸਾਡੀ ਕੋਈ ਨਿਸ਼ਾਨੀ ਜਾਂ ਸਾਡਾ ਨਾਂ ਹੋਵੇ।

ਰਿਸ਼ੀ ਨੇ ਕਿਹਾ: ਸੰਤਾਨ ਤਾਂ ਹੁਣ ਸੰਭਵ ਨਹੀਂ ਪਰ ਸੰਸਾਰ ਵਿਚ ਨਿਸ਼ਾਨੀ ਅਤੇ ਨਾਂ ਹੋਣ ਦੀ ਇੱਛਾ ਪੂਰੀ ਕੀਤੀ ਜਾ ਸਕਦੀ ਹੈ।

ਰਿਸ਼ੀ ਨੇ ਪੁੱਛਿਆ: ਤੇਰਾ ਨਾਂ ਕੀ ਹੈ ? ਪਤਨੀ ਨੇ ਆਪਣਾ ਨਾਂ ਭਾਮਤੀ ਦੱਸਿਆ ਅਤੇ ਰਿਸ਼ੀ ਨੇ ਕਲਮ ਨਾਲ, ਗ੍ਰੰਥ ਦੇ ਮੁੱਖ ਪੰਨੇ 'ਤੇ ਗ੍ਰੰਥ ਦਾ ਨਾਂ, ਭਾਮ੍ਰਤੀ ਲਿਖ ਦਿੱਤਾ ਅਤੇ ਭਾਮਤੀ ਨੂੰ ਅਮਰ ਕਰ ਦਿੱਤਾ।

ਸੈਂਕੜੇ ਸਾਲਾਂ ਉਪਰੰਤ, ਹੁਣ ਵੀ 'ਭਾਮਤੀ' ਵੇਦਾਂਤ ਦਾ ਇਕ ਵੱਡਾ ਅਤੇ ਸਤਿਕਾਰਯੋਗ ਗ੍ਰੰਥ ਮੰਨਿਆ ਜਾਂਦਾ ਹੈ।

164

ਪੁਰਾਣੇ ਜ਼ਮਾਨੇ ਵਿੱਚ ਯੁੱਧ ਉਪਰੰਤ, ਸਮਝੌਤੇ ਦੀ ਗੱਲਬਾਤ ਦੋਹਾਂ ਧਿਰਾਂ ਦੀ ਹਿੰਸਾਤਮਕ ਸ਼ਕਤੀ ਅਤੇ ਜਿਉਂਦਿਆਂ ਨੂੰ ਮਾਰਨ ਦੀ ਸਮਰੱਥਾ ਦੇ ਆਧਾਰ 'ਤੇ ਹੁੰਦੀ ਸੀ ਅਤੇ ਦੋਵੇਂ ਧਿਰਾਂ ਮਾਰੇ ਗਿਆਂ ਨੂੰ ਭੁੱਲ ਕੇ, ਇਕ-ਦੂਜੇ ਦੀ ਵਰਤਮਾਨ ਸ਼ਕਤੀ ਦੇ ਆਧਾਰ 'ਤੇ ਵਿਹਾਰ ਕਰਦੀਆਂ ਸਨ।

ਮਰ ਗਿਆਂ ਬਾਰੇ ਸੋਚਦਿਆਂ, ਕੋਈ ਸਮਝੌਤਾ ਸੰਭਵ ਨਹੀਂ ਹੁੰਦਾ।

ਉਸ ਸਮੇਂ ਵੱਡੇ ਮਾਣ ਅਤੇ ਵਿਸ਼ਵਾਸ ਦਾ ਪ੍ਰਗਟਾਵਾ, ਦੁਸ਼ਮਣ ਦਾ ਮਹਿਮਾਨ ਬਣ ਕੇ ਉਸ ਦੇ ਇਲਾਕੇ ਵਿਚ ਰਾਤ ਗੁਜ਼ਾਰਨਾ ਹੁੰਦਾ ਸੀ। ਇਹ ਹਿੰਸਾ ਵਾਲੇ ਵਾਤਾਵਰਣ ਵਿਚ ਆਪਣੇ ਆਪ ਨੂੰ ਦੁਸ਼ਮਣ ਦੇ ਹਵਾਲੇ ਕਰਨ ਦਾ ਪ੍ਰਤੀਕਾਤਮਕ ਕਾਰਜ ਹੁੰਦਾ ਸੀ। ਇਹ ਕਾਰਜ ਦਲੇਰ ਯੋਧੇ ਹੀ ਕਰ ਸਕਦੇ ਸਨ। ਦੂਜੇ ਪਾਸੇ ਕਿਲ੍ਹੇ ਦੇ ਮਾਲਕ, ਆਪਣੇ ਕਿਲ੍ਹੇ ਦੀਆਂ ਕੁੰਜੀਆਂ, ਮਹਿਮਾਨ ਨੂੰ ਸੰਭਾਲ ਕੇ, ਉਸ ਉਤੇ ਆਪਣੇ ਵਿਸ਼ਵਾਸ ਅਤੇ ਉਸ ਪ੍ਰਤੀ ਆਪਣੀ ਸਦਭਾਵਨਾ ਦਾ ਪ੍ਰਗਟਾਵਾ ਕਰਦੇ ਸਨ।

ਉਥੋਂ ਕੱਢੇ ਜਾਣ ਜਾਂ ਮਾਰੇ ਜਾਣ ਦਾ ਡਰ, ਦੋਹਾਂ ਧਿਰਾਂ ਦੇ ਮਨਾਂ ਵਿਚ ਹੁੰਦਾ ਸੀ।

ਇਕ ਧਿਰ ਆਪਣੀ ਜਾਨ ਖਤਰੇ ਵਿਚ ਪਾਉਂਦੀ ਸੀ, ਰਾਤ ਦੁਸ਼ਮਣ ਦੇ ਕਿਲ੍ਹੇ ਵਿਚ ਗੁਜ਼ਾਰਦੀ ਸੀ। ਦੂਜੀ ਧਿਰ ਆਪਣੀ ਸਭ ਤੋਂ ਵੱਡੀ ਹਿਫ਼ਾਜ਼ਤ, ਆਪਣਾ ਕਿਲ੍ਹਾ ਹੀ ਉਸ ਨੂੰ ਸੰਭਾਲ ਕੇ ਸਮਝੌਤੇ ਦੀ ਭਾਵਨਾ ਦਾ ਪ੍ਰਗਟਾਵਾ ਕਰਦੀ ਸੀ।

ਸਮਝੌਤਾ ਅਗਲੀ ਸਵੇਰ ਨੂੰ ਕਲਮਬੰਦ ਹੁੰਦਾ ਸੀ।

165

ਇਕ ਇਸਤਰੀ ਨੇ ਆਪਣੇ ਪਤੀ ਨੂੰ ਦੱਸਿਆ ਕਿ ਮੈਨੂੰ ਚਿੰਤਾ ਲਗੀ ਹੋਈ ਹੈ ਕਿ ਮੇਰਾ ਭਰਾ ਸੰਨਿਆਸ ਲੈਣ ਦੀਆਂ ਗੱਲਾਂ ਕਰਦਾ ਰਹਿੰਦਾ ਹੈ ਅਤੇ ਉਹ ਸੰਨਿਆਸ ਲੈਣ ਵਾਸਤੇ ਸਭ ਕੁਝ ਤਿਆਗਣ ਦੀ ਤਿਆਰੀ ਕਰ ਰਿਹਾ ਹੈ। ਪਤੀ ਨੇ ਕਿਹਾ: ਚਿੰਤਾ ਨਾ ਕਰਿਆ ਕਰ, ਕੁਝ ਨਹੀਂ ਵਾਪਰੇਗਾ, ਸੰਨਿਆਸ ਤਿਆਰੀ ਕਰਕੇ ਨਹੀਂ ਲਏ ਜਾਂਦੇ।

www.quotesinpunjabi.ml

QuotesInPunjabi

ਪਤਨੀ ਨੇ ਪਤੀ ਨੂੰ ਕਿਹਾ: ਤੁਸੀਂ ਦੱਸੋ, ਸੰਨਿਆਸ ਕਿਵੇਂ ਲਿਆ ਜਾਂਦਾ ਹੈ?

ਪਤੀ ਨੇ ਕਿਹਾ: ਵੇਖਣਾ ਚਾਹੁੰਦੀ ਹੈਂ, ਸੰਨਿਆਸ ਕੌਣ ਲੈਂਦਾ ਹੈ, ਕਿਵੇਂ ਲੈਂਦਾ ਹੈ?

ਪਤੀ ਨੇ ਉਸੇ ਵੇਲੇ ਆਪਣੇ ਕੱਪੜੇ ਤਿਆਗ ਦਿੱਤੇ, ਲੰਗੋਟ ਬੰਨ੍ਹ ਲਿਆ ਅਤੇ ਕਿਹਾ ਤੂੰ ਅਤੇ ਹੋਰ ਸਾਰੀਆਂ ਇਸਤਰੀਆਂ ਮੇਰੀਆਂ ਮਾਂਵਾਂ ਹੋ ਅਤੇ ਉਸੇ ਪਲ ਉਹ ਸੰਨਿਆਸੀ ਬਣ ਕੇ ਚਲਿਆ ਗਿਆ, ਸੰਨਿਆਸੀਆਂ ਵਾਂਗ, ਸਦਾ ਵਾਸਤੇ।

166

ਦੂਜੇ ਵਿਸ਼ਵਯੁੱਧ ਵਿਚ ਚਰਚਿਲ ਰੇਡੀਓ ਸਟੇਸ਼ਨ 'ਤੇ ਭਾਸ਼ਣ ਰਿਕਾਰਡ ਕਰਵਾ ਕੇ ਸਟੂਡੀਓ ਵਿਚੋਂ ਨਿਕਲਿਆ ਤਾਂ ਉਸ ਨੇ ਇਕ ਟੈਕਸੀ ਵਾਲੇ ਨੂੰ ਬੁਲਾਇਆ।

ਸੁਰੱਖਿਆ ਕਾਰਨਾਂ ਕਰਕੇ ਚਰਚਿਲ ਇਕ ਆਮ ਵਿਅਕਤੀ ਬਣਿਆ ਹੋਇਆ ਸੀ।

ਟੈਕਸੀ ਵਾਲੇ ਨੇ ਕਿਹਾ: ਮੈਂ ਨਹੀਂ ਜਾ ਸਕਦਾ, ਇਕ ਘੰਟੇ ਵਿੱਚ, ਰੇਡੀਓ ਤੋਂ ਪ੍ਰਧਾਨ-ਮੰਤਰੀ ਚਰਚਿਲ ਦਾ, ਘਰ ਜਾ ਕੇ ਭਾਸ਼ਣ ਸੁਣਨਾ ਹੈ। ਚਰਚਿਲ ਬੜਾ ਪ੍ਰਸੰਨ ਹੋਇਆ ਅਤੇ ਟੈਕਸੀ ਵਾਲੇ ਨੂੰ ਦਸ ਪਾਊਂਡ ਦਾ ਨੋਟ ਇਨਾਮ ਦਿੱਤਾ।

ਦੂਜੇ ਵਿਸ਼ਵ ਯੁੱਧ ਦੌਰਾਨ ਦਸ ਪਾਊਂਡ ਬੜੀ ਵੱਡੀ ਰਕਮ ਸੀ। ਇਤਨਾ ਵੱਡਾ ਇਨਾਮ ਮਿਲਣ 'ਤੇ ਟੈਕਸੀ ਵਾਲੇ ਨੇ ਸੋਚਿਆ ਗਾਹਕ ਚੰਗਾ ਹੈ, ਜਾਣਾ ਵੀ ਦੂਰ ਹੈ, ਚੰਗੇ ਪੈਸੇ ਬਣਨਗੇ, ਸੋ ਉਸ ਨੇ ਕਿਹਾ: ਨਰਕ ਵਿੱਚ ਸੁੱਟੋ ਚਰਚਿਲ ਨੂੰ, ਆਓ ਬੈਠੋ।

ਇਹ ਪੈਸੇ ਦੀ ਤਾਕਤ ਸੀ।

167

ਮਨ ਬਾਰੇ ਜਿਤਨਾ ਡੂੰਘਾ ਚਿੰਤਨ ਬੁੱਧ ਨੇ ਕੀਤਾ ਹੈ, ਉਸ ਤੋਂ ਪਹਿਲਾਂ ਜਾਂ ਮਗਰੋਂ ਕਿਸੇ ਨੇ ਨਹੀਂ ਕੀਤਾ, ਕਿਸੇ ਤੋਂ ਹੋਇਆ ਹੀ ਨਹੀਂ।

ਭਾਰਤ ਵਿਚ ਮਹਾਤਮਾ ਦੀ ਪਦਵੀ ਸਭ ਤੋਂ ਪਹਿਲਾਂ ਬੁੱਧ ਨੂੰ ਮਿਲੀ ਸੀ ਅਤੇ ਦੋ ਹਜ਼ਾਰ ਸਾਲ ਨਾਲੋਂ ਵੀ ਵੱਧ ਸਮੇਂ ਮਗਰੋਂ ਗਾਂਧੀ ਜੀ ਨੂੰ ਮਿਲੀ ਸੀ।

ਬੁੱਧ ਕਿਹਾ ਕਰਦੇ ਸਨ ਕਿ ਦੇਵਤਿਆਂ 'ਤੇ ਭਰੋਸਾ ਕਰਨ ਨਾਲ ਮਨੁੱਖ ਦੇ ਚਰਿੱਤਰ ਅਤੇ ਵਿਹਾਰ ਵਿਚ ਢਿੱਲਾਪਣ ਆ ਜਾਂਦਾ ਹੈ। ਅਦਿਖ ਦੇਵਤਿਆਂ ਨੂੰ ਆਪਣੇ ਭਾਗਾਂ ਦਾ ਵਿਧਾਤਾ ਮੰਨਣ ਵਾਲਾ ਵਿਅਕਤੀ, ਸਿੱਥਲ ਅਤੇ ਸੁਸਤ ਹੋ ਜਾਂਦਾ ਹੈ। ਉਹ ਇਸ ਉਮੀਦ ਨਾਲ ਮਾੜਾ ਕੰਮ ਕਰਨ ਤੋਂ ਨਹੀਂ ਰੁਕਦਾ ਕਿ ਇਸ ਨਾਲ ਜਿਹੜਾ ਪਾਪ ਹੋਵੇਗਾ, ਉਹ ਦੇਵਤੇ ਤੋਂ ਮੁਆਫ਼ ਕਰਵਾ ਲਵੇਗਾ।

ਆਤਮਾ ਨੂੰ ਅਬਿਨਾਸ਼ੀ ਕਹਿਣ ਨਾਲ ਮਨੁੱਖ ਵਿਚ ਹੰਕਾਰ ਉਪਜਦਾ ਹੈ।

ਬੁੱਧ ਨੇ ਪ੍ਰਾਰਥਨਾ ਦੀ ਪ੍ਰਥਾ ਵੀ ਨਹੀਂ ਚਲਾਈ, ਕਿਉਂਕਿ ਇਹ ਵੀ ਕਮਜ਼ੋਰੀ ਦਾ ਪਹਿਲੂ ਹੈ, ਕਿਉਂਕਿ ਜਿਹੜਾ ਮਨੁੱਖ ਪ੍ਰਾਰਥਨਾ ਕਰਦਾ ਹੈ, ਬੁੱਧ ਮਤ ਅਨੁਸਾਰ, ਉਹ ਕਰਮਹੀਣ ਅਤੇ ਅਸਾਵਧਾਨ ਹੋ ਕੇ ਦੇਵਤੇ ਤੋਂ ਅਜਿਹੀ ਚੀਜ਼ ਮੰਗ ਰਿਹਾ ਹੁੰਦਾ ਹੈ, ਜਿਹੜੀ ਦੇਵਤੇ ਜਾਂ ਗੁਰੂ ਦੇ ਵਰਦਾਨ ਨਾਲ ਨਹੀਂ, ਮਨੁੱਖ ਦੇ ਉਦਮ ਵਿਚੋਂ ਉਪਜਣੀ ਚਾਹੀਦੀ ਹੈ।

www.quotesinpunjabi.ml

QuotesInPunjabi

168

ਇਕ ਕੀੜੀ ਦੇ ਮਨ ਵਿਚ, ਹਾਥੀ ਦੀ ਮਹਿਮਾਨ ਬਣ ਕੇ, ਉਸ ਦੇ ਕੰਨ ਵਿਚ ਰਹਿਣ ਦੀ ਇੱਛਾ ਜਾਗੀ। ਕੀੜੀ ਨੇ ਹਾਥੀ ਨੂੰ ਨੋਟਿਸ ਭੇਜਿਆ ਕਿ ਤੁਹਾਡੇ ਕੰਨ ਵਿਚ ਰਹਿਣਾ ਚਾਹੁੰਦੀ ਹਾਂ, ਕੋਈ ਇਤਰਾਜ਼ ਹੋਵੇ ਤਾਂ ਦੱਸ ਦੇਵੋ। ਜੋ ਇਕ ਹਫਤਾ ਕੋਈ ਜਵਾਬ ਨਾ ਆਇਆ ਤਾਂ ਸਮਝ ਲਿਆ ਜਾਵੇਗਾ ਕਿ ਕੋਈ ਇਤਰਾਜ਼ ਨਹੀਂ। ਹਫਤੇ ਮਗਰੋਂ ਕੀੜੀ, ਹਾਥੀ ਦੇ ਕੰਨ ਵਿਚ ਰਹਿਣ ਲੱਗ ਪਈ ਅਤੇ ਜਲਦੀ ਹੀ ਕੰਨ ਵਿਚਲੀ ਗਰਮੀ ਅਤੇ ਪਸੀਨੇ ਤੋਂ ਤੰਗ ਆ ਗਈ। ਸੋਚਿਆ ਹਾਥੀ ਕਹੇਗਾ, ਪਹਿਲਾਂ ਤਾਂ ਨੋਟਿਸ ਭੇਜੀ ਜਾਂਦੀ ਸੀ, ਫਿਰ ਜਲਦੀ ਚਲੀ ਵੀ ਗਈ। ਕੁਝ ਦਿਨ ਹੋਰ ਰਹਿ ਕੇ ਫਿਰ ਨੋਟਿਸ ਭੇਜਿਆ, ਆਪਣੇ ਰਿਸ਼ਤੇਦਾਰਾਂ ਕੋਲ ਜਾਣਾ ਹੈ, ਨੋਟਿਸ ਭੇਜ ਰਹੀ ਹਾਂ, ਜੇ ਇਕ ਹਫਤੇ ਵਿਚ ਕੋਈ ਇਤਰਾਜ਼ ਨਾ ਆਇਆ ਤਾਂ ਚਲੀ ਜਾਵਾਂਗੀ। ਕੋਈ ਉੱਤਰ ਨਾ ਆਇਆ ਅਤੇ ਹਫਤੇ ਮਗਰੋਂ ਕੀੜੀ ਚਲੀ ਗਈ।

ਵਾਸਤਵ ਵਿਚ ਹਾਥੀ ਨੂੰ ਨਾ ਕੀੜੀ ਦੇ ਆਉਣ ਦਾ ਪਤਾ ਲੱਗਾ ਨਾ ਜਾਣ ਦਾ।

ਹਾਥੀ ਵਰਗੇ ਸੰਸਾਰ ਨੂੰ, ਤੁਹਾਡੇ ਜਨਮ ਲੈਣ ਜਾਂ ਟੁਰ ਜਾਣ ਦਾ ਕੋਈ ਚਿਤ-ਚੇਤਾ ਨਹੀਂ, ਕੀੜੀ ਵਾਂਗ ਐਵੇਂ ਨੋਟਿਸ ਨਾ ਭੇਜੀ ਜਾਓ।

169

ਦੂਜੇ ਵਿਸ਼ਵਯੁੱਧ ਦੌਰਾਨ ਜਿਹੜੇ ਜੰਗੀ ਕੈਦੀ ਬੰਦੀ ਬਣਾਏ ਗਏ ਸਨ, ਜਦੋਂ ਉਹ ਛੱਡੇ ਗਏ ਤਾਂ ਚਾਰ ਸਾਲਾਂ ਮਗਰੋਂ, ਇਕ ਕੈਦੀ ਰਿਹਾਅ ਹੋ ਕੇ ਘਰ ਜਾ ਰਿਹਾ ਸੀ।

ਸਮੁੰਦਰੀ ਜਹਾਜ਼ ਵਿਚ ਜਾਣਾ ਸੀ, ਜਾਣ ਵਾਲਿਆਂ ਵਿਚ ਅਖੀਰਲੇ ਕੈਦੀ ਨੇ, ਆਪਣੇ ਤੋਂ ਪਿਛਲੇ ਨੂੰ ਪੁੱਛਿਆ: ਤੁਹਾਨੂੰ ਘਰ ਕੌਣ ਉਡੀਕ ਰਿਹਾ ਹੈ ? ਉਸ ਨੇ ਦੱਸਿਆ ਮਾਪੇ, ਬੀਵੀ, ਬੱਚੇ ਹਨ। ਉਸ ਅਖੀਰਲੇ ਬੰਦੇ ਨੇ ਕਿਹਾ: ਮੇਰੀ ਵਾਰੀ ਹੈ, ਮੇਰੀ ਥਾਂ ਤੁਸੀਂ ਚਲੇ ਜਾਓ, ਕਿਉਂਕਿ ਮੈਨੂੰ ਉਡੀਕਣ ਵਾਲਾ ਕੋਈ ਨਹੀਂ।

ਅਗਲਾ ਜਹਾਜ਼ ਪਤਾ ਨਹੀਂ ਕਦੋਂ ਆਉਣਾ ਸੀ। ਇਹ ਵੀ ਨਹੀਂ ਸੀ ਪਤਾ ਕਿ ਆਉਣਾ ਵੀ ਸੀ ਜਾਂ ਨਹੀਂ। ਉਹ ਬੀਵੀ-ਬੱਚਿਆਂ ਵਾਲਾ, ਸੰਸਾਰ ਵਿਚ ਉਸ ਇਕੱਲੇ ਵਿਅਕਤੀ ਦੀ ਕੁਰਬਾਨੀ ਦਾ, ਆਪਣੀਆਂ ਭਰੀਆਂ ਅੱਖਾਂ ਨਾਲ ਧੰਨਵਾਦ ਕਰ ਕੇ ਚਲਿਆ ਗਿਆ।

ਭਾਵੇਂ ਉਸ ਨੇ ਚਾਰ ਸਾਲ, ਬੰਦੀ ਜੀਵਨ ਦੇ ਗੁਜ਼ਾਰੇ ਸਨ ਪਰ ਉਸ ਨੂੰ ਤਿਆਗ ਅਤੇ ਕੁਰਬਾਨੀ ਦਾ ਇਤਨਾ ਡੂੰਘਾ ਤਜਰਬਾ ਨਹੀਂ ਸੀ ਹੋਇਆ।

ਜੰਗੀ ਕੈਦੀ ਬੜੇ ਚੰਗੇ ਸਾਥੀ ਬਣ ਜਾਂਦੇ ਹਨ, ਉਹ ਬੜੇ ਉਦਾਰ ਅਤੇ ਸਭ ਕੁਝ ਨਿਛਾਵਰ ਕਰਨ ਵਾਲੇ ਹੋ ਨਿਬੜਦੇ ਹਨ।

ਜਿਉਣ ਲਈ, ਕੈਦ ਵਿਚ ਵੀ, ਕੈਦੀ ਕੋਈ ਉਦੇਸ਼ ਮਿੱਥ ਲੈਂਦੇ ਸਨ। ਇਨ੍ਹਾਂ ਜੰਗੀ ਕੈਦੀਆਂ ਨੇ ਉਦੇਸ਼ ਮਿਥਿਆ ਹੋਇਆ ਸੀ ਕਿ ਅਸੀਂ ਕੈਦ ਵਿਚ ਨਹੀਂ, ਘਰ ਜਾ ਕੇ ਮਰਾਂਗੇ।

ਬੀਵੀ-ਬੱਚਿਆਂ ਵਾਲਾ ਕੈਦੀ ਘਰ ਪਹੁੰਚਿਆ, ਸਵਾਗਤ ਹੋਇਆ, ਤਿੰਨ-ਚਾਰ ਦਿਨਾਂ ਵਿਚ ਹੀ ਉਹ ਘਰ ਦੇ ਜੀਆਂ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ 'ਤੇ ਝਗੜਿਆਂ ਅਤੇ ਉਨ੍ਹਾਂ ਦੇ ਆਪਸੀ ਸਾੜੇ-ਈਰਖਾ ਨਾਲ ਅੱਕ ਗਿਆ।

www.quotesinpunjabi.ml

QuotesInPunjabi

ਬੱਚੇ ਬਿਸਕੁਟਾਂ ਪਿਛੇ ਲੜ ਰਹੇ ਸਨ, ਪਤਨੀ ਸਭ ਪ੍ਰਕਾਰ ਦੇ ਗਿਲੇ-ਸ਼ਿਕਵੇ ਕਰਨ ਲੱਗ ਪਈ ਸੀ, ਜਦੋਂ ਕਿ ਉਸ ਆਦਮੀ ਨੂੰ, ਆਪਣੀ ਵਾਰੀ ਉਸ ਨੂੰ ਦੇਣ ਵਾਲੇ ਦੀ ਸ਼ਕਲ, ਅੱਖਾਂ ਤੋਂ ਪਰ੍ਹੇ ਨਹੀਂ ਸੀ ਹੋ ਰਹੀ।

ਉਸ ਨੇ ਕੁਰਬਾਨੀ ਦੀ ਕਿਹੜੀ ਦੁਨੀਆ ਵੇਖੀ ਸੀ ਅਤੇ ਉਹ ਨਿੱਕੇ-ਨਿੱਕੇ ਸਵਾਰਥਾਂ ਦੇ ਕਿਹੜੇ ਸੰਸਾਰ ਵਿਚ ਆ ਗਿਆ ਸੀ? ਉਹ ਉਸ ਦੁਨੀਆ ਅਤੇ ਇਸ ਸੰਸਾਰ ਵਿਚ ਤਾਲਮੇਲ ਨਾ ਉਸਾਰ ਸਕਿਆ ਅਤੇ ਪਾਗਲ ਹੋ ਗਿਆ।

170

ਚਿੱਤਰਕਾਰੀ ਦੀ ਇਕ ਕਲਾਸ ਵਿਚ ਬੱਚਿਆਂ ਨੂੰ ਰੱਬ ਦਾ ਚਿੱਤਰ ਬਣਾਉਣ ਲਈ ਕਿਹਾ ਗਿਆ। ਬੱਚਿਆਂ ਨੇ ਭਾਂਤ-ਭਾਂਤ ਦੇ ਆਕਾਰਾਂ, ਸ਼ਕਲਾਂ, ਰੂਪਾਂ ਵਾਲੇ ਚਿੱਤਰ ਬਣਾਏ।

ਇਕ ਲੜਕੀ ਨੇ ਇਕ ਜੰਗਲ ਦਾ ਦਰੱਖਤਾਂ, ਬੂਟਿਆਂ, ਫੁੱਲਾਂ ਦਾ ਚਿੱਤਰ ਬਣਾ ਕੇ ਥੱਲੇ ਲਿਖਿਆ: ਰੱਬ ਇਥੇ ਰਹਿੰਦਾ ਹੈ। ਇਹ ਚਿੱਤਰ ਅਵਲ ਚੁਣਿਆ ਗਿਆ ਸੀ।

171

ਇਕ ਵਿਅਕਤੀ ਨੂੰ ਤਿੱਤਲੀਆਂ ਪਾਲਣ ਦਾ ਸ਼ੌਕ ਸੀ।

ਜਦੋਂ ਤਿੱਤਲੀਆਂ ਕੋਇਆਂ ਵਿਚੋਂ ਨਿਕਲਣ ਲਈ ਜਦੋ-ਜਹਿਦ ਕਰਦੀਆਂ ਸਨ ਤਾਂ ਉਹ ਉਨ੍ਹਾਂ ਦੀ ਜ਼ਿੰਦਗੀ-ਮੌਤ ਦੀ ਵਿਚਕਾਰਲੀ ਹਾਲਤ ਬਰਦਾਸ਼ਤ ਨਹੀਂ ਸੀ ਕਰ ਸਕਦਾ ਅਤੇ ਉਹ ਆਪਣੇ ਅੰਗੂਠੇ ਦੇ ਨਹੁੰ ਨਾਲ, ਉਨ੍ਹਾਂ ਨੂੰ ਕੋਇਆਂ ਵਿਚੋਂ ਬਾਹਰ ਕੱਢ ਦਿੰਦਾ ਸੀ ਪਰ ਉਸ ਦੇ ਅਜਿਹੇ ਸੁਖਾਵੇਂ ਯਤਨਾਂ ਨਾਲ ਪੈਦਾ ਹੋਈ ਕੋਈ ਤਿੱਤਲੀ ਉੱਡਦੀ ਨਹੀਂ ਸੀ।

ਜੀਵਨ ਵਿਚ ਵੀ ਇਵੇਂ ਹੀ ਵਾਪਰਦਾ ਹੈ।

ਜਿਨ੍ਹਾਂ ਨੇ ਆਪ ਬੜੀ ਮਿਹਨਤ ਅਤੇ ਜਦੋਜਹਿਦ ਕੀਤੀ ਹੁੰਦੀ ਹੈ, ਉਹ ਸਾਰਾ ਜ਼ੋਰ ਆਪਣੇ ਧੀਆਂ-ਪੁੱਤਰਾਂ ਦਾ ਰਾਹ ਪੱਧਰਾ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਸੁਖੀ ਬਣਾਉਣ 'ਤੇ ਲਾ ਦਿੰਦੇ ਹਨ। ਉਹ ਬੱਚਿਆਂ ਦਾ ਲੋੜ ਨਾਲੋਂ ਅਧਿਕ ਧਿਆਨ ਰੱਖਦੇ ਹਨ ਅਤੇ ਕੋਈ ਮੁਸ਼ਕਲ ਜਾਂ ਸਮੱਸਿਆ ਉਪਜਣ ਤੋਂ ਪਹਿਲਾਂ ਹੀ ਹੱਲ ਕਰ ਦਿੰਦੇ ਹਨ। ਅਜਿਹਾ ਕਰਦਿਆਂ ਉਹ ਆਪਣੀ ਸੰਤਾਨ ਨੂੰ ਜਦੋਜਹਿਦ ਅਤੇ ਮਿਹਨਤ ਵਿਚੋਂ ਗੁਜ਼ਰਦਿਆਂ, ਸਿੱਖੇ ਜਾਣ ਵਾਲੇ ਸਬਕ ਸਿੱਖਣ ਹੀ ਨਹੀਂ ਦਿੰਦੇ ਅਤੇ ਉਨ੍ਹਾਂ ਵਿਚ ਸਵੈਕਾਬੂ, ਸੰਜਮ, ਸਬਰ, ਸੰਕੋਚ, ਤਿਆਗ, ਮਿਲਵਰਤਨ ਆਦਿ ਜਿਹੇ ਗੁਣ ਅਤੇ ਸਮਝ ਉਪਜਣ ਹੀ ਨਹੀਂ ਦਿੰਦੇ, ਜਿਸ ਕਾਰਨ ਉਨ੍ਹਾਂ ਦੇ ਵਿਹਾਰ ਵਿਚ ਅਨੁਸ਼ਾਸਨ ਹੁੰਦਾ ਹੀ ਨਹੀਂ।

ਇਵੇਂ ਉਹ ਆਪਣੇ ਬੱਚਿਆਂ ਨੂੰ ਇਸ ਸੰਸਾਰ ਵਿਚ ਸਥਾਪਤ ਹੋਣ ਹੀ ਨਹੀਂ ਦਿੰਦੇ।

ਬੜੀ ਦੇਰ ਮਗਰੋਂ, ਉਨ੍ਹਾਂ ਨੂੰ ਬੜੀ ਮਹਿੰਗੀ ਅਤੇ ਪਛਤਾਵੇ-ਭਰੀ ਸਮਝ ਆਉਂਦੀ ਹੈ ਕਿ ਗਮਲਿਆਂ ਵਿਚ ਦਰੱਖਤ ਨਹੀਂ ਲਗਦੇ।

www.quotesinpunjabi.ml

QuotesInPunjabi

172

ਇਕ ਪਤੀ, ਪ੍ਰੇਮਿਕਾ ਤੋਂ ਬਣੀ ਪਤਨੀ ਨੂੰ ਕਹਿ ਰਿਹਾ ਸੀ: ਜਦੋਂ ਤੂੰ ਮੇਰੀ ਪ੍ਰੇਮਿਕਾ ਸੀ, ਤਾਂ ਤੂੰ ਉਸ ਵੇਲੇ ਜਿਹੋ ਜਿਹਾ ਪਿਆਰ ਕਰਦੀ ਸੀ, ਉਹੋ ਜਿਹਾ ਹੁਣ ਪਤਨੀ ਬਣਨ 'ਤੇ ਕਿਉਂ ਨਹੀਂ ਕਰਦੀ ? ਪਤਨੀ ਨੇ ਉਸ ਵਲ ਵੇਖ ਕੇ ਕਿਹਾ: ਕਿਉਂਕਿ ਹੁਣ, ਤੁਸੀਂ ਉਸ ਵੇਲੇ ਜਿਹੋ ਜਿਹੀਆਂ ਗੱਲਾਂ ਕਰਦੇ ਸੀ, ਉਹੋ ਜਿਹੀਆਂ ਗੱਲਾਂ ਨਹੀਂ ਕਰਦੇ।

ਉਹ ਪਿਆਰ ਅਣਜਾਣੇ ਵਿਚ ਸੁਭਾਵਕ ਹੀ ਦੋ ਅਜਨਬੀਆਂ ਵਿਚ ਵਾਪਰਿਆ ਸੀ, ਉਦੋਂ ਤੁਸੀਂ ਮੇਰੇ ਪਤੀ ਨਹੀਂ, ਪ੍ਰੇਮੀ ਸੀ ਅਤੇ ਮੈਂ ਤੁਹਾਡੀ ਪਤਨੀ ਨਹੀਂ, ਪ੍ਰੇਮਿਕਾ ਸਾਂ।

ਸਾਡਾ ਇਕ-ਦੂਜੇ 'ਤੇ ਕੋਈ ਜ਼ੋਰ ਨਹੀਂ ਸੀ, ਸਾਨੂੰ ਇਕ-ਦੂਜੇ ਦਾ ਪਿਛੋਕੜ ਜਾਣਨ ਵਿਚ ਦਿਲਚਸਪੀ ਨਹੀਂ ਸੀ। ਅਸੀਂ ਇਕ-ਦੂਜੇ ਤੋਂ ਕੁਰਬਾਨ ਹੋਣ ਲਈ ਤੱਤਪਰ ਰਹਿੰਦੇ ਸਾਂ।

ਉਦੋਂ ਮੈਂ ਤੁਹਾਨੂੰ ਬਿਨਾਂ ਮੰਗੇ ਪਿਆਰ ਦਿੱਤਾ ਸੀ, ਉਦੋਂ ਤੁਸੀਂ ਵੀ ਮੈਨੂੰ ਆਪਣੇ ਨਾਲੋਂ ਵਧੇਰੇ ਮਹੱਤਵ ਦਿੱਤਾ ਸੀ।

ਜੋ ਕੁਝ ਭੋਲੇਪਣ ਵਿਚ, ਅਣਜਾਣੇ ਵਾਪਰਿਆ ਸੀ, ਉਹ ਸੁਚੇਤ ਹੋ ਕੇ, ਸਭ ਕੁਝ ਜਾਣਦਿਆਂ, ਵਰਤਣਾ-ਵਰਤਾਉਣਾ ਸੰਭਵ ਨਹੀਂ ਹੋ ਸਕਦਾ।

173

ਰੈਡੋਲਫ, ਮਾਪਿਆਂ ਦਾ ਬਾਈਵਾਂ ਬੱਚਾ ਸੀ, ਵਕਤ ਤੋਂ ਪਹਿਲਾਂ ਜੰਮ ਪਿਆ ਸੀ। ਬੜਾ ਕਮਜ਼ੋਰ ਸੀ ਪਰ ਦੌੜਾਂ ਲਾਉਣ ਦਾ ਸ਼ੌਕੀਨ ਸੀ। ਉਹ ਹਰ ਦੌੜ ਵਿਚ ਅਖੀਰ ਤੇ ਹੀ ਆਉਂਦਾ ਸੀ। ਸਾਰੇ ਮਖੌਲ ਉਡਾਉਂਦੇ ਸਨ ਅਤੇ ਛੇੜਦੇ ਸਨ ਕਿ ਇਹ ਪਿਛਲੇ ਪਾਸੇ ਤੋਂ ਅਵਲ ਆਉਂਦਾ ਹੈ। ਦੋਸਤਾਂ-ਰਿਸ਼ਤੇਦਾਰਾਂ ਨੇ ਦੌੜਨਾ ਤਿਆਗਣ ਲਈ ਕਿਹਾ ਪਰ ਦੌੜਨ ਦੇ ਸ਼ੌਕ ਨੇ ਉਸ ਦੀ ਸਰੀਰਕ ਕਮਜ਼ੋਰੀ ਦੂਰ ਕਰ ਦਿੱਤੀ ਸੀ।

ਉਹ ਤੰਦਰੁਸਤ ਹੋਣ ਵਾਸਤੇ ਵੀ ਦੌੜਨਾ ਪਸੰਦ ਕਰਦਾ ਸੀ।

ਜਿਹੜਾ ਵੀ ਉਸ ਨੂੰ ਦੌੜਨ ਦਾ ਖਹਿੜਾ ਛੱਡਣ ਲਈ ਕਹਿੰਦਾ, ਉਸ ਨੂੰ ਉਹ ਕਿਹਾ ਕਰਦਾ ਸੀ: ਇਕ ਵਾਰੀ ਅਵਲ ਆ ਕੇ, ਦੌੜਨਾ ਤਿਆਗ ਦਿਆਂਗਾ।

ਯਤਨ ਕਰਦਾ ਰਿਹਾ, ਹਿੰਮਤ ਨਹੀਂ ਹਾਰਿਆ। ਇਕ ਵਾਰੀ ਉਹ ਅਵਲ ਆ ਗਿਆ ਅਤੇ ਫਿਰ ਹਰੇਕ ਦੌੜ ਵਿਚ ਉਹ ਅਵਲ ਆਉਣ ਲਗ ਪਿਆ।

ਅਜਿਹਾ ਉਸ ਰੈਡੋਲਫ ਨਾਲ ਹੀ ਨਹੀਂ ਸੀ ਵਾਪਰਿਆ, ਅਜਿਹਾ ਨਿਰੰਤਰ ਮਿਹਨਤ ਕਰਨ ਵਾਲੇ ਹਰ ਕਿਸੇ ਨਾਲ ਵਾਪਰ ਸਕਦਾ ਹੈ।

174

ਪਿਆਰ ਵਿਚ, ਸੋਚ ਜਾਂ ਅਕਲ ਨਹੀਂ ਚਲਦੀ, ਕਿਉਂਕਿ ਅਕਲ ਅਤੇ ਸੋਚ ਦਾ ਉਦੇਸ਼ ਲਾਭ ਕਮਾਉਣਾ ਹੁੰਦਾ ਹੈ, ਜਦੋਂ ਕਿ ਪਿਆਰ, ਨਫ਼ੇ-ਨੁਕਸਾਨ ਤੋਂ ਬੇਪ੍ਰਵਾਹ ਹੋ ਕੇ, ਆਪਣੇ ਆਪ ਨੂੰ ਦਾਓ ਤੇ ਲਾਉਣਾ ਅਤੇ ਲੁਟਾਉਣਾ ਹੁੰਦਾ ਹੈ।

www.quotesinpunjabi.ml

QuotesInPunjabi

ਪਿਆਰ ਵਿਚ ਦੋ ਤੋਂ ਇਕ ਹੋਣ ਦੀ ਤਾਂਘ ਹੁੰਦੀ ਹੈ। ਇਸ ਵਿਚ ਆਨੰਦ, ਹਾਰਨ ਵਿਚੋਂ ਮਿਲਦਾ ਹੈ, ਕਿਉਂਕਿ ਉਦੇਸ਼ ਦੂਜੇ ਨੂੰ ਜਿਤਾਉਣਾ ਹੁੰਦਾ ਹੈ। ਦੋਵੇਂ ਧਿਰਾਂ ਹਰ ਨੁਕਸਾਨ ਬਰਦਾਸ਼ਤ ਕਰਨ ਲਈ ਤੱਤਪਰ ਰਹਿੰਦੀਆਂ ਹਨ।

ਅਕਲ ਅਤੇ ਸੋਚ, ਦੋ ਤੋਂ ਇਕ ਹੋਣ ਦੀ ਤਾਂਘ ਨੂੰ ਨਹੀਂ ਸਮਝ ਸਕਦੀ, ਕਿਉਂਕਿ ਅਕਲ ਅਤੇ ਸੋਚ ਦੋ ਤੋਂ ਤਿੰਨ, ਤਿੰਨ ਤੋਂ ਚਾਰ ਬਣਾਉਣਾ ਚਾਹੁੰਦੀ ਹੈ। ਦੋ ਤੋਂ ਇਕ ਹੋਣਾ ਅਕਲ-ਸੋਚ ਦੀ ਸੂਝ ਦੇ ਘੇਰੇ ਤੋਂ ਬਾਹਰ ਦੀ ਗੱਲ ਹੁੰਦੀ ਹੈ।

ਅਕਲ ਨੁਕਸਾਨ ਨਹੀਂ ਸਹਾਰ ਸਕਦੀ। ਸੋਚ ਕੇਵਲ ਲਾਭ ਸੋਚਦੀ ਹੈ।

ਇਹੀ ਕਾਰਨ ਹੈ ਕਿ ਸੰਸਾਰ ਵਿਚ, ਵਪਾਰ ਕਰਨ ਵਾਲਿਆਂ ਅਤੇ ਪਿਆਰ ਕਰਨ ਵਾਲਿਆਂ ਵਿਚਕਾਰ ਅਕਸਰ ਨਹੀਂ ਬਣਦੀ।

175

ਪੁੱਤਰ ਫਜ਼ੂਲ-ਖਰਚ ਸੀ, ਅਜਿਹੀ ਹੀ ਉਸਦੀ ਸੰਗਤ ਸੀ। ਪਿਤਾ ਉਸ ਨੂੰ ਪੈਸੇ ਅਤੇ ਚੰਗੀ ਦੋਸਤੀ ਦਾ ਮਹੱਤਵ ਸਮਝਾ ਕੇ ਸਿੱਧੇ ਰਸਤੇ ਲਿਆਉਣਾ ਚਾਹੁੰਦਾ ਸੀ।

ਇਕ ਦਿਨ ਉਸ ਨੇ ਆਪਣੇ ਪੁੱਤਰ ਨੂੰ ਕਿਹਾ: ਕੁਝ ਪੈਸੇ ਚਾਹੀਦੇ ਹਨ।

ਪੁੱਤਰ ਨੇ ਕਿਹਾ: ਤੁਸੀਂ ਮੇਰੇ ਸੰਗੀ-ਸਾਥੀਆਂ ਨੂੰ ਨਹੀਂ ਜਾਣਦੇ, ਮੈਂ ਸ਼ਾਮ ਤੱਕ ਇਕ ਕਰੋੜ ਇਕੱਠੇ ਕਰ ਦਿਆਂਗਾ।

ਪਹਿਲੇ ਦੋਸਤ ਕੋਲ ਜਾ ਕੇ ਸਮੱਸਿਆ ਦੱਸੀ, ਉਸ ਨੇ ਕਿਹਾ: ਜੇ ਤੂੰ ਇਕ ਘੰਟਾ ਵੀ ਪਹਿਲਾਂ ਆ ਜਾਂਦਾ, ਕੰਮ ਬਣ ਜਾਣਾ ਸੀ, ਪਿਤਾ ਜੀ ਹੁਣੇ ਪੈਸੇ ਲੈ ਕੇ ਗਏ ਹਨ।

ਦੂਜੇ ਦੋਸਤ ਕੋਲ ਗਿਆ, ਉਸ ਨੇ ਕਿਹਾ: ਅਸੀਂ ਜ਼ਮੀਨ ਖਰੀਦੀ ਹੈ, ਅੱਜ ਰਜਿਸਟਰੀ ਕਰਵਾਉਣੀ ਹੈ, ਅਸੀਂ ਤਾਂ ਆਪ ਉਧਾਰੇ ਮੰਗੇ ਹੋਏ ਹਨ, ਫਿਰ ਵੀ ਜਦੋਂ ਪ੍ਰਬੰਧ ਹੋ ਗਿਆ, ਮੈਂ ਆਪ ਤੇਰੇ ਘਰ ਜਾ ਕੇ ਦੇ ਆਵਾਂਗਾ।

ਸ਼ਾਮ ਪੈ ਗਈ ਸੀ, ਚਾਹ-ਪਾਣੀ ਸਭ ਨੇ ਪਿਲਾਇਆ ਪਰ ਪੈਸੇ ਕਿਸੇ ਨੇ ਨਾ ਦਿੱਤੇ।

ਪਿਤਾ ਨੇ ਕਿਹਾ: ਮੇਰਾ ਇਕ ਪੁਰਾਣਾ ਮਿੱਤਰ ਹੈ, ਬੀਕਾਨੇਰ, ਉਸ ਕੋਲ ਜਾਹ।

ਪਹੁੰਚਿਆ, ਖੜਕਾਉਣ ਦੇ ਬਾਵਜੂਦ ਦਰਵਾਜ਼ਾ ਬੰਦ ਹੀ ਰਿਹਾ, ਕੋਈ ਜਵਾਬ ਨਾ ਮਿਲਿਆ, ਬਾਰੀ ਵਿਚੋਂ ਕਿਸੇ ਨੇ ਵੇਖ ਲਿਆ ਸੀ। ਪੁੱਤਰ ਨੇ ਸੋਚਿਆ, ਮੇਰੇ ਦੋਸਤਾਂ ਨੇ ਪੈਸੇ ਭਾਵੇਂ ਨਹੀਂ ਦਿੱਤੇ ਪਰ ਉਨ੍ਹਾਂ ਨੇ ਦਰਵਾਜ਼ਾ ਖੋਲ੍ਹਿਆ ਅਤੇ ਅੰਦਰ ਤਾਂ ਬਿਠਾਇਆ ਪਰ ਇਥੇ ਤਾਂ ਦਰਵਾਜ਼ਾ ਹੀ ਨਹੀਂ ਖੁੱਲ੍ਹ ਰਿਹਾ। ਉਹ ਸੋਚ ਹੀ ਰਿਹਾ ਸੀ ਕਿ ਪਿਤਾ ਦਾ ਦੋਸਤ ਬਾਹਰ ਆਇਆ, ਜਿਸ ਦੇ ਇਕ ਹੱਥ ਵਿਚ ਤਲਵਾਰ ਸੀ, ਦੂਜੇ ਹੱਥ ਵਿਚ ਥੈਲੀ, ਬੋਲਿਆ: ਮੇਰੇ ਦੋਸਤ ਨੇ ਬੜੀ ਦੂਰੋਂ, ਸਵੱਖਤੇ, ਪੁੱਤਰ ਭੇਜਿਆ ਹੈ, ਜ਼ਰੂਰ ਕੋਈ ਭੀੜ ਬਣੀ ਹੋਵੇਗੀ, ਜਾਂ ਸਿਰ ਚਾਹੀਦਾ ਹੋਵੇਗਾ ਜਾਂ ਧਨ, ਦੋਵੇਂ ਹਾਜ਼ਰ ਹਨ।

www.quotesinpunjabi.ml

QuotesInPunjabi

176

ਕਈ ਬਾਦਸ਼ਾਹ ਬੜੇ ਹਰਮਨ ਪਿਆਰੇ ਹੋਏ ਹਨ।

ਨੀਦਰਲੈਂਡ ਦਾ ਜਵਾਨ ਬਾਦਸ਼ਾਹ ਦੂਜੇ ਦੇਸ਼ ਤੋਂ ਵਿਆਹ ਉਪਰੰਤ, ਸ਼ਾਮ ਵੇਲੇ ਹਵਾਈ ਜਹਾਜ਼ ਵਿਚ, ਆਪਣੀ ਦੁਲਹਨ ਲਿਆ ਰਿਹਾ ਸੀ ਕਿ ਕਿਸੇ ਖਰਾਬੀ ਕਾਰਨ ਹਵਾਈ ਅੱਡੇ ਦੀ ਜਹਾਜ਼ ਉਤਰਨ ਵਾਲੀ ਪੱਟੀ ਦੀਆਂ ਰੌਸ਼ਨੀਆਂ ਖਰਾਬ ਹੋ ਗਈਆਂ।

ਉਤਰਨ ਵਾਲੀ ਪੱਟੀ 'ਤੇ ਰੌਸ਼ਨੀਆਂ ਨਾ ਹੋਣ ਕਾਰਨ ਜਹਾਜ਼ ਦੋ ਘੰਟੇ ਉਪਰ ਹੀ ਉਡਦਾ ਰਿਹਾ। ਸ਼ਹਿਰ ਵਾਸੀਆਂ ਨੂੰ ਪਤਾ ਲੱਗਿਆ, ਉਹ ਕਾਰਾਂ ਲੈ ਗਏ ਅਤੇ ਜਹਾਜ਼ ਉਤਰਨ ਵਾਲੀ ਪੱਟੀ ਦੇ ਦੋਵੇਂ ਪਾਸੇ ਕਾਰਾਂ ਖੜ੍ਹੀਆਂ ਕਰਕੇ ਲਾਈਟਾਂ ਜਗਾ ਦਿੱਤੀਆਂ।

ਬਾਦਸ਼ਾਹ ਦਾ ਜਹਾਜ਼ ਇਸ ਸਹੂਲਤ ਨਾਲ, ਪੱਟੜੀ 'ਤੇ ਉਤਰਿਆ।

177

ਇਕ ਵਿਅਕਤੀ ਟੋਏ ਵਿਚ ਡਿੱਗ ਪਿਆ ਸੀ, ਕੋਈ ਉਸ ਨੂੰ ਟੋਏ ਵਿਚੋਂ ਕੱਢਣ ਬਾਰੇ ਨਹੀਂ ਸੀ ਸੋਚ ਰਿਹਾ, ਸਾਰੇ ਆਪਣੀ ਆਪਣੀ ਰਾਇ ਪ੍ਰਗਟਾ ਕੇ ਜਾਈ ਜਾ ਰਹੇ ਸਨ।

ਸਾਧੂ ਨੇ ਕਿਹਾ: ਪਾਪ ਦੀ ਸਜ਼ਾ ਮਿਲੀ ਹੈ। ਆਸ਼ਾਵਾਦੀ ਨੇ ਕਿਹਾ: ਮਰ ਵੀ ਸਕਦਾ ਸੀ, ਖੁਸ਼ ਹੋ, ਕਿ ਜਿਉਂਦਾ ਹੈਂ। ਨਿਰਾਸ਼ਾਵਾਦੀ ਨੇ ਕਿਹਾ: ਨਿਕਲਣ ਦੀ ਕੋਈ ਸੰਭਾਵਨਾ ਨਹੀਂ। ਕਲਰਕ ਨੇ ਕਿਹਾ: ਮੈਨੂੰ ਹੋਰ ਬੜੇ ਕੰਮ ਹਨ। ਫ਼ਿਲਾਸਫ਼ਰ ਨੇ ਕਿਹਾ: ਕੀ ਤੈਨੂੰ ਲਗਦਾ ਹੈ ਕਿ ਤੂੰ ਟੋਏ ਵਿਚ ਹੈਂ? ਮਨੋਵਿਗਿਆਨੀ ਨੇ ਕਿਹਾ: ਤੂੰ ਟੋਏ ਵਿਚ ਹੈਂ ਜਾਂ ਟੋਆ ਤੇਰੇ ਆਲੇ-ਦੁਆਲੇ ਹੈ? ਵਿਸ਼ਲੇਸ਼ਣ ਕਰਨ ਤੇ ਹੀ ਪਤਾ ਲੱਗੇਗਾ। ਹਮਦਰਦ ਨੇ ਕਿਹਾ: ਮੈਂ ਕੋਈ ਪ੍ਰਬੰਧ ਕਰਦਾ ਹਾਂ, ਕੋਈ ਤਰਕੀਬ ਲੜਾਉਂਦਾ ਹਾਂ। ਇਸਤਰੀ ਨੇ ਕਿਹਾ: ਵੇ ਵੇਖੋ, ਇਕ ਆਦਮੀ ਡਿੱਗਿਆ ਪਿਆ ਹੈ, ਕੁਝ ਕਰੋ, ਵਿਚਾਰੇ ਦੇ ਬੱਚੇ ਉਡੀਕਦੇ ਹੋਣਗੇ। ਵਪਾਰੀ ਨੇ ਕਿਹਾ: ਤੈਨੂੰ ਬਾਹਰ ਕੱਢਣ ਦਾ ਕੋਈ ਲਾਭ ਤਾਂ ਹੋਣਾ ਨਹੀਂ। ਮਜ਼ਦੂਰ ਨੇ ਕਿਹਾ: ਬਾਹਰ ਕੱਢਣ ਦੇ ਕਿਤਨੇ ਪੈਸੇ ਮਿਲਣਗੇ? ਡਾਕਟਰ ਨੇ ਕਿਹਾ: ਐਕਸਰੇ ਹੀ ਦਸੇਗਾ ਕਿ ਕਿਹੜੀ ਹੱਡੀ ਟੁੱਟੀ ਹੈ। ਅਧਿਆਪਕ ਨੇ ਕਿਹਾ: ਜੇ ਮੱਥੇ ਵਿਚ ਵਿਦਿਆ ਦਾ ਚਾਨਣ ਹੁੰਦਾ ਤਾਂ ਨਹੀਂ ਸੀ ਡਿੱਗਣਾ।

ਉਸ ਦਾ ਮਿੱਤਰ ਆਇਆ, ਟੋਏ ਦੇ ਉਪਰਲੇ ਪਾਸੇ ਲੇਟ ਗਿਆ, ਕਿਹਾ ਹੱਥ ਫੜ: ਪੂਰਾ ਜ਼ੋਰ ਲਾ ਕੇ, ਟੋਏ ਵਿਚੋਂ ਬਾਹਰ ਖਿੱਚ ਲਿਆ।

ਤੁਹਾਡੇ ਬਾਰੇ, ਜਿਵੇਂ ਤੁਹਾਡਾ ਮਿੱਤਰ ਸੋਚਦਾ ਹੈ, ਹੋਰ ਕੋਈ ਵੀ ਸੋਚਦਾ-ਕਰਦਾ ਨਹੀਂ। ਹੋਰ ਸੋਚਦੇ ਹੀ ਹਨ, ਮਿੱਤਰ ਕਰਨ ਯੋਗ ਨੂੰ, ਕਰਦਾ ਵੀ ਹੈ।

178

ਪਹਿਲੇ ਅਤੇ ਆਖਰੀ ਖ਼ਤ ਵਿਚ ਬੜਾ ਅੰਤਰ ਹੁੰਦਾ ਹੈ।

ਪਹਿਲੇ ਖ਼ਤ ਅਤੇ ਆਖਰੀ ਖ਼ਤ ਦੀ ਇਬਾਰਤ ਹੀ ਨਹੀਂ, ਸਿਆਹੀ ਅਤੇ ਕਾਗਜ਼ ਵੀ ਵੱਖਰੇ ਹੁੰਦੇ ਹਨ। ਦੋਹਾਂ ਖ਼ਤਾਂ ਵਿਚ ਵਾਤਾਵਰਣ, ਸਲੀਕਾ, ਮਨ ਦੀ ਹਾਲਤ, ਸ਼ਬਦਚੋਣ, ਵਿਸ਼ੇਸ਼ਣ ਅਤੇ ਤਾਸੀਰ ਵੀ ਵੱਖਰੀ ਹੁੰਦੀ ਹੈ।

www.quotesinpunjabi.ml

QuotesInPunjabi

ਪਹਿਲਾ ਖ਼ਤ ਭਾਵਨਾਵਾਂ ਚਿੱਤਰਦਾ ਹੈ, ਕਾਮਨਾਵਾਂ ਉਲੀਕਦਾ ਹੈ, ਵਾਅਦਿਆਂ ਦੀ ਸੁਗੰਧ ਖਿਲਾਰਦਾ, ਸੁਪਨੇ ਬੁਣਦਾ ਹੈ।

ਆਖਰੀ ਖ਼ਤ ਵਿਚ ਬਹੁਤ ਕੁਝ ਲਿਖ ਕੇ ਕੱਟ ਦਿੱਤਾ ਜਾਂਦਾ ਹੈ।

ਪਹਿਲਾ ਖ਼ਤ ਗਿਣਤੀਆਂ ਦਾ ਜੋੜ ਹੁੰਦਾ ਹੈ। ਆਖਰੀ ਖ਼ਤ ਤਕਸੀਮ ਹੋ ਗਏ ਸੁਪਨਿਆਂ ਦਾ ਘਟਾਅ ਹੁੰਦਾ ਹੈ। ਪਹਿਲੇ ਖ਼ਤ ਵਿਚ ਮੁਸਕਰਾਹਟਾਂ ਦਾ ਮੀਂਹ ਵਰ੍ਹਦਾ ਹੈ, ਆਖਰੀ ਖ਼ਤ ਵਿਚ ਮਿੱਟ ਗਏ ਵਾਅਦਿਆਂ ਦੀ ਰੇਤ ਉੱਡਦੀ ਹੈ।

ਪਹਿਲੇ ਖ਼ਤ ਨੂੰ ਅਸੀਂ ਪੂਰਾ ਵੀ ਕਰਦੇ ਹਾਂ ਅਤੇ ਚੰਗੀ ਤਰ੍ਹਾਂ ਬੰਦ ਵੀ ਕਰਦੇ ਹਾਂ। ਆਖਰੀ ਖ਼ਤ ਅਕਸਰ ਅਧੂਰਾ ਅਤੇ ਆਮ ਕਰਕੇ ਖੁੱਲ੍ਹਾ ਰਹਿ ਜਾਂਦਾ ਹੈ।

ਪਹਿਲੇ ਖ਼ਤ ਦਾ ਜਵਾਬ ਉਡੀਕਿਆ ਜਾਂਦਾ ਹੈ, ਕਈ ਵਾਰ ਇਕ ਖ਼ਤ ਦੇ ਜਵਾਬ ਵਿਚ ਦੋ ਖ਼ਤ ਆ ਜਾਂਦੇ ਹਨ, ਆਖਰੀ ਖ਼ਤ 'ਤੇ ਪਤਾ ਵੀ ਸਾਫ਼ ਨਹੀਂ ਲਿਖਦੇ।

ਪਹਿਲਾ ਖ਼ਤ ਸੋਹਣੇ ਖੁਸ਼ਬੂਦਾਰ ਫੁੱਲਾਂ ਵਾਲੇ ਕਾਗਜ਼ 'ਤੇ ਲਾਲ-ਹਰੀ ਸਿਆਹੀ ਨਾਲ, ਖੁਸ਼ਖਤ ਲਿਖਦੇ ਹਾਂ। ਆਖਰੀ ਖ਼ਤ ਰੱਫ਼ ਕਾਪੀ ਵਿਚੋਂ ਵਰਕਾ ਪਾੜ ਕੇ, ਕਾਲੀ ਫਿੱਕੀ ਸਿਆਹੀ ਵਿਚ, ਝਰੀਟ ਦਿੰਦੇ ਹਾਂ।

ਪਹਿਲੇ ਖ਼ਤ ਵਿੱਚ ਜਸ਼ਨ ਹੁੰਦਾ ਹੈ, ਆਖਰੀ ਖ਼ਤ ਵਿਚੋਂ ਹੌਕੇ ਸੁਣਦੇ ਹਨ।

179

ਮੇਰੇ ਇਕ ਪਿਆਰੇ ਪ੍ਰੋਫੈਸਰ ਸਨ, ਜੋ ਇਕੱਲੇ ਹੀ ਰਹਿੰਦੇ ਸਨ। ਉਨ੍ਹਾਂ ਦੇ ਵਿਆਹ ਹੋਣ ਜਾਂ ਨਾ ਹੋਣ ਦੀਆਂ ਕਈ ਕਹਾਣੀਆਂ ਪ੍ਰਚੱਲਿਤ ਸਨ।

ਮੇਰੇ ਨਾਲ ਉਨ੍ਹਾਂ ਦਾ ਖਾਸ ਸਨੇਹ ਸੀ।

ਉਹ ਕਿਸੇ ਦੇ ਘਰ ਨਹੀਂ ਸੀ ਜਾਂਦੇ, ਨਾ ਹੀ ਕਿਸੇ ਨੂੰ ਘਰ ਬੁਲਾਉਂਦੇ ਸਨ।

ਮੈਂ ਕਈ ਵਾਰੀ ਸੋਚਦਾ ਸਾਂ ਕਿ ਉਹ ਸੁਕਰਾਤ ਦੀ ਵੰਸ਼ ਵਿਚੋਂ ਸਨ।

ਉਨ੍ਹਾਂ ਦੇ ਵਿਦਿਆਰਥੀ, ਵਿਦਿਆਰਥੀ ਘੱਟ ਅਤੇ ਸ਼ਰਧਾਲੂ ਵਧੇਰੇ ਹੁੰਦੇ ਸਨ।

ਹਰੇਕ ਯੂਨੀਵਰਸਿਟੀ ਵਿਚ ਅਜਿਹੇ ਅਧਿਆਪਕਾਂ ਦੀ ਲੋੜ ਹੁੰਦੀ ਹੈ, ਕਿਉਂਕਿ ਇਹੀ ਹੁੰਦੇ ਹਨ, ਜਿਹੜੇ ਕਿਸੇ ਯੂਨੀਵਰਸਿਟੀ ਦਾ ਮਾਹੌਲ ਸਿਰਜਦੇ ਹਨ।

ਉਹ ਅਚਾਨਕ ਚਲਾਣਾ ਕਰ ਗਏ ਸਨ। ਜਦੋਂ ਉਨ੍ਹਾਂ ਦਾ ਸੰਸਕਾਰ ਹੋਇਆ ਤਾਂ ਲਗਦਾ ਸੀ, ਜਿਵੇਂ ਵਿਸ਼ਾਲ ਲਾਇਬ੍ਰੇਰੀ ਵਿਚੋਂ ਲਾਟਾਂ ਫੈਣ ਪਾ ਰਹੀਆਂ ਸਨ।

ਇਕ ਵਾਰੀ ਕਿਸੇ ਹੋਰ ਦੇ ਵਿਆਹ ਦੀ ਗੱਲ ਕਰਦਿਆਂ, ਉਨ੍ਹਾਂ ਆਪ ਹੀ ਦੱਸਿਆ ਸੀ ਕਿ ਉਨ੍ਹਾਂ ਦਾ ਇਕ ਡਾਕਟਰ ਲੜਕੀ ਨਾਲ ਵਿਆਹ ਹੋਇਆ ਸੀ। ਪਹਿਲੀ ਸ਼ਾਮ ਹੀ ਉਨ੍ਹਾਂ ਨੇ ਪਤਨੀ ਦੀ ਉਦਾਸੀ ਵੇਖ ਕੇ ਕਾਰਨ ਜਾਣਨਾ ਚਾਹਿਆ ਤਾਂ ਪਤਾ ਲਗਿਆ ਕਿ ਉਸ ਲੜਕੀ ਨੂੰ ਦੂਜੀ ਜਾਤ ਦੇ ਇਕ ਡਾਕਟਰ ਨਾਲ ਪਿਆਰ ਸੀ ਪਰ ਮਾਪਿਆਂ ਦੇ ਇਤਰਾਜ਼ ਕਾਰਨ ਉਸ ਨਾਲ ਵਿਆਹ ਨਹੀਂ ਸੀ ਹੋਇਆ।

ਪ੍ਰੋਫੈਸਰ ਸਾਹਿਬ ਨੇ ਪਤਨੀ ਨੂੰ ਪੁੱਛਿਆ: ਕੀ ਉਹ ਡਾਕਟਰ ਅਜੇ ਵੀ ਅਣਵਿਆਹਿਆ

www.quotesinpunjabi.ml

QuotesInPunjabi

ਹੈ ? ਪਤਨੀ ਨੇ ਦੱਸਿਆ: ਉਸ ਡਾਕਟਰ ਨੇ ਸੌਂਹ ਖਾਧੀ ਹੋਈ ਸੀ ਕਿ ਜੇ ਉਸ ਦਾ ਮੇਰੇ ਨਾਲ ਵਿਆਹ ਨਾ ਹੋਇਆ ਤਾਂ ਉਹ ਵਿਆਹ ਨਹੀਂ ਕਰਵਾਏਗਾ।

ਪ੍ਰੋਫੈਸਰ ਸਾਹਿਬ, ਪਤਨੀ ਦੀ ਪਵਿੱਤਰਤਾ ਨੂੰ ਬਰਕਰਾਰ ਰਖਦਿਆਂ, ਉਸੇ ਰਾਤ ਉਸ ਨੂੰ ਉਸ ਡਾਕਟਰ ਦੇ ਘਰ ਪਹੁੰਚਾ ਆਏ ਸਨ ਅਤੇ ਆਪ ਉਨ੍ਹਾਂ ਨੇ, ਸਾਰਾ ਜੀਵਨ ਇਕੱਲੇ ਰਹਿਣ ਦੇ ਪ੍ਰਣ ਨਾਲ, ਗਿਆਨ ਨਾਲ ਰਿਸ਼ਤਾ ਗੰਢ ਲਿਆ ਸੀ।

ਸਮਝ ਨਹੀਂ ਆ ਰਹੀ, ਇਹ ਤਿਆਗ ਸੀ, ਕੁਰਬਾਨੀ ਜਾਂ ਬਨਵਾਸ ਸੀ ?

ਰਾਮ ਨੂੰ ਬਨਵਾਸ ਭੇਜਿਆ ਗਿਆ ਸੀ, ਪ੍ਰੋਫੈਸਰ ਸਾਹਿਬ ਨੇ ਬਨਵਾਸ ਆਪ ਸਹੇੜਿਆ ਸੀ। ਰਾਮ ਦਾ ਬਨਵਾਸ ਚੌਦ੍ਹਾਂ ਸਾਲ ਦਾ ਸੀ, ਪ੍ਰੋਫੈਸਰ ਸਾਹਿਬ ਨੇ ਚਾਰ ਬਨਵਾਸ ਕੱਟੇ ਸਨ।

180

ਇਕ ਕਲੱਬ ਵਿਚ ਬੈਡਮਿੰਟਨ ਖੇਡਣ ਦੀ ਸਹੂਲਤ ਸੀ। ਦੋ ਦੋਸਤਾਂ ਨੂੰ ਬੈਡਮਿੰਟਨ ਖੇਡਣ ਦਾ ਖਿਆਲ ਆਇਆ।

ਵੇਖਿਆ ਪਹਿਲਾਂ ਹੀ ਦੋ ਇਸਤਰੀਆਂ ਖੇਡ ਰਹੀਆਂ ਸਨ।

ਇਕ ਨੇ ਦੂਜੇ ਨੂੰ ਕਿਹਾ: ਪੁੱਛ ਕੇ ਆ, ਕਿਤਨਾ ਚਿਰ ਹੋਰ ਖੇਡਣਗੀਆਂ ?

ਉਹ ਗਿਆ ਪਰ ਬਿਨਾਂ ਕੁਝ ਕਹੇ-ਪੁੱਛੇ ਮੁੜ ਆਇਆ ਅਤੇ ਦੱਸਿਆ: ਇਕ ਮੇਰੀ ਪਤਨੀ ਹੈ, ਦੂਜੀ ਮੇਰੀ ਪ੍ਰੇਮਿਕਾ ਹੈ, ਮੈਨੂੰ ਪੁੱਛਣਾ ਠੀਕ ਨਹੀਂ ਲੱਗਿਆ।

ਉਸ ਨੇ ਦੂਜੇ ਨੂੰ ਕਿਹਾ: ਤੂੰ ਜਾਹ ਅਤੇ ਪਤਾ ਕਰਕੇ ਆ। ਉਹ ਵੀ ਬਿਨਾਂ ਪੁੱਛੇ ਹੀ ਵਾਪਸ ਆ ਗਿਆ ਅਤੇ ਕਹਿਣ ਲੱਗਾ: ਮੇਰੇ ਨਾਲ ਵੀ ਤੇਰੇ ਵਾਲੀ ਗੱਲ ਵਾਪਰੀ ਹੈ।

181

ਇਕ ਚਾਪਲੂਸ ਦਾ ਵਿਆਹ ਹੋ ਰਿਹਾ ਸੀ।

ਬਾਰਾਤ ਰਵਾਨਾ ਹੋਣ ਲਈ ਤਿਆਰ ਸੀ। ਚਾਪਲੂਸ ਘੋੜੀ 'ਤੇ ਬੈਠ ਚੁਕਿਆ ਸੀ।

ਉਸ ਦਾ ਅਫਸਰ ਪਹੁੰਚਿਆ। ਜਦੋਂ ਅਫਸਰ ਸ਼ਗਨ ਦੇਣ ਲਈ ਨੇੜੇ ਹੋਇਆ ਤਾਂ ਚਾਪਲੂਸ ਨੇ ਘੋੜੀ ਤੋਂ ਉੱਤਰ ਕੇ ਅਫਸਰ ਨੂੰ ਕਿਹਾ: ਸਰ, ਘੋੜੀ 'ਤੇ ਤੁਸੀਂ ਬੈਠੋ।

182

ਸਾਡੇ ਸਭਿਆਚਾਰ ਵਿਚੋਂ ਫੁੱਲਕਾਰੀ ਦਾ ਲੋਪ ਹੋ ਜਾਣਾ ਸ਼ਾਇਦ ਕੋਈ ਘਾਟਾ ਨਾ ਹੋਵੇ। ਇਸ ਵਸਤ ਦਾ ਬਦਲ ਸ਼ਾਲਾਂ ਹਨ ਪਰ ਕਲਾ ਦੇ ਅਵਸਰਾਂ ਦਾ ਲੋਪ ਹੋ ਜਾਣਾ, ਭਾਵਾਂ ਨੂੰ ਰੰਗੀਲੇ ਧਾਗਿਆਂ ਦੇ ਰੂਪ ਵਿਚ ਸਾਕਾਰ ਕਰਨ ਦੇ ਮੌਕਿਆਂ ਦਾ ਗੁਆਚ ਜਾਣਾ, ਸੁਪਨਿਆਂ ਨੂੰ ਉਜਾਗਰ ਕਰਨ ਦੀ ਤਾਂਘ ਦਾ ਮੁੱਕ ਜਾਣਾ, ਸਭਿਆਚਾਰ ਦੀ ਗਰੀਬੀ ਹੋ ਨਿਬੜੇਗਾ।

ਚਰਖੇ ਦੇ ਲੋਪ ਹੋ ਜਾਣ ਨਾਲ ਪੰਜਾਬੀ ਜੀਵਨ ਦੇ ਉਹ ਪੱਖ ਲੋਪ ਹੋ ਜਾਣਗੇ, ਜੋ ਸਦਭਾਵਨਾ, ਪਿਆਰ, ਸਹਿਯੋਗ ਅਤੇ ਮਿਲ-ਬਹਿਣ ਦੇ ਅਵਸਰ ਦਿੰਦੇ ਸਨ, ਦੁੱਖ-ਸੁੱਖ ਫੋਲਣ ਦੀ ਮੋਹਲਤ ਦਿੰਦੇ ਸਨ, ਇਕ ਦੂਜੇ ਦੇ ਨੇੜੇ ਹੋਣ ਦਾ ਸਬੱਬ ਸਿਰਜਦੇ ਸਨ।

www.quotesinpunjabi.ml

QuotesInPunjabi

ਪੰਜਾਬੀ ਮੁਟਿਆਰਾਂ ਦੇ ਸੁਭਾਅ ਵਿਚਲੀ ਇਕ-ਦੂਜੀ ਦੇ ਨੇੜੇ ਬਹਿਣ ਦੀ ਉਮੰਗ, ਰਲ ਕੇ ਗਾਉਣ ਅਤੇ ਕੰਮ ਕਰਨ ਦੀ ਇੱਛਾ ਦੀ ਸਾਂਝ, ਦਰਦ ਵੰਡਾਉਣ ਦੀ ਰੁਚੀ, ਕਿਰਤ ਵਿਚੋਂ ਸਵਾਦ ਲੈਣ ਦਾ ਚਾਅ, ਵੰਡ ਕੇ ਖਾਣ ਦੀ ਰੀਝ ਆਦਿ ਤ੍ਰਿੰਞਣਾਂ ਦਾ ਖਾਸਾ ਸਨ।

ਤੀਆਂ, ਸਹੇਲੀਆਂ ਦੇ ਰਲ ਕੇ ਪੀਂਘਾਂ ਝੂਟਣ, ਮਿਲ ਬੈਠਣ, ਮਾਂਵਾਂ-ਧੀਆਂ ਦੇ ਭੇਤ ਸਾਂਝੇ ਕਰਨ, ਬੱਚਿਆਂ ਦੇ ਆਪਣੇ ਨਵੇਂ ਵਿਆਹੇ ਮਾਮਿਆਂ ਨਾਲ ਖਾਣ-ਖੇਡਣ ਦੀ ਕੁੱਖ ਲਾਹੁਣ ਦੇ ਮੌਕੇ ਸਨ। ਇਹ ਸਾਡੇ ਜੀਵਨ-ਵਰਤਾਰੇ ਦੀਆਂ ਝਲਕਾਂ ਅਤੇ ਪਰਤਾਂ ਸਨ। ਇਨ੍ਹਾਂ ਦੇ ਲੋਪ ਹੋ ਜਾਣ ਨਾਲ, ਜੀਵਨ ਦਾ ਨਿੱਘ ਅਤੇ ਤਸੱਲੀ ਹਮੇਸ਼ਾ ਵਾਸਤੇ ਗਵਾਚ ਜਾਵੇਗੀ, ਅਤੇ ਅਸੀਂ ਸੁੱਕ ਗਏ ਦਰਿਆਵਾਂ ਦੇ ਪੱਤਣਾਂ 'ਤੇ ਹੌਕੇ ਭਰਦੇ ਵਿਖਾਈ ਦੇਵਾਂਗੇ।

183

ਕਿਸੇ ਨੇ ਨਵੀਂ ਕਾਰ ਖਰੀਦੀ ਸੀ। ਸੋਚ ਰਿਹਾ ਸੀ ਸਾਰੇ ਉਸ ਦੀ ਨਵੀਂ ਕਾਰ ਨੂੰ ਵੇਖਣਗੇ। ਉਹ ਬੜੀ ਤੇਜ਼ ਜਾ ਰਿਹਾ ਸੀ, ਅਚਾਨਕ ਇੱਕ ਵੱਟਾ ਉਸ ਦੀ ਕਾਰ ਦੇ ਪਾਸੇ ਨਾਲ ਵੱਜਿਆ। ਕਾਰ ਇਕ ਪਾਸੇ ਕਰਕੇ ਰੋਕੀ, ਇਕ ਛੋਟਾ ਜਿਹਾ ਲੜਕਾ ਖੜ੍ਹਾ ਸੀ, ਫੜ ਲਿਆ। ਉਹ ਲੜਕੇ ਨੂੰ ਕੁੱਟਣ ਹੀ ਲੱਗਿਆ ਸੀ ਕਿ ਲੜਕੇ ਨੇ ਕਿਹਾ: ਮੁਆਫ਼ ਕਰਨਾ, ਕੋਈ ਰੁੱਕ ਨਹੀਂ ਸੀ ਰਿਹਾ, ਮੈਨੂੰ ਸੁੱਝ ਨਹੀਂ ਸੀ ਰਿਹਾ ਕਿ ਮੈਂ ਕਾਰ ਰੋਕਣ ਵਾਸਤੇ ਕੀ ਕਰਾਂ, ਮੇਰੀ ਅਪੰਗ ਭੈਣ ਦੀ ਪਹੀਆ-ਕੁਰਸੀ ਉਲਟ ਗਈ ਸੀ, ਮੈਂ ਉਸ ਨੂੰ ਚੁੱਕ ਨਹੀਂ ਸਕਦਾ। ਪਰਮਾਤਮਾ ਤੁਹਾਡਾ ਭਲਾ ਕਰੇ, ਮੈਨੂੰ ਮੁਆਫ਼ ਕਰ ਦੇਣਾ। ਕਾਰ ਦੇ ਮਾਲਕ ਨੇ ਉਸ ਅਪੰਗ ਲੜਕੀ ਨੂੰ ਚੁੱਕ ਕੇ ਉਲਟੀ ਹੋਈ ਪਹੀਆ-ਕੁਰਸੀ ਸਿੱਧੀ ਕਰਕੇ, ਵਿਚ ਬਿਠਾਇਆ।

ਭਰਾ-ਭੈਣ ਭਰਪੂਰ ਧੰਨਵਾਦ ਕਰਕੇ ਚਲੇ ਗਏ।

ਮਾਲਕ ਨੇ ਵੱਟਾ ਲੱਗਣ ਨਾਲ ਪਿਆ ਚਿੱਬ, ਠੀਕ ਨਹੀਂ ਸੀ ਕਰਵਾਇਆ, ਕਿਉਂਕਿ ਉਹ ਚਿੱਬ ਉਸ ਨੂੰ ਯਾਦ ਕਰਵਾਉਂਦਾ ਸੀ ਕਿ ਜ਼ਿੰਦਗੀ ਵਿਚੋਂ ਇਤਨੀ ਤੇਜ਼ੀ ਨਾਲ ਨਹੀਂ ਲੰਘਣਾ ਚਾਹੀਦਾ ਕਿ ਤੁਹਾਡਾ ਧਿਆਨ ਖਿੱਚਣ ਵਾਸਤੇ ਕਿਸੇ ਨੂੰ ਵੱਟਾ ਮਾਰਨਾ ਪਏ।

184

ਇਕ ਵਾਰੀ ਇਕ ਲੜਕੀ ਨੇ ਆਪਣੀ ਮਾਂ ਨੂੰ ਕਿਹਾ: ਮੈਂ ਤੁਹਾਡੇ ਕੋਲ ਨਹੀਂ ਰਹਿਣਾ, ਮੈਂ ਤਾਂ ਆਪਣੀ ਨਾਨੀ ਕੋਲ ਰਹਾਂਗੀ। ਮਾਂ ਦੀ ਹਉਮੈ ਜ਼ਖ਼ਮੀ ਹੋਈ। ਉਸਨੂੰ ਆਪਣੇ ਆਪ ਵਿਚ ਘਾਟ ਨਜ਼ਰ ਆਈ। ਧੀ 'ਤੇ ਗੁੱਸਾ ਵੀ ਆਇਆ ਪਰ ਆਪਣੀ ਧੀ ਨੂੰ ਪਰਖਣ ਲਈ, ਉਸ ਨੇ ਸਵੈਮਾਣ ਨਾਲ ਕਿਹਾ, ਮੈਂ ਤੈਨੂੰ ਆਪਣੇ ਕੋਲ ਨਹੀਂ ਰੱਖਣਾ, ਆਪਣਾ ਸਾਮਾਨ ਬੰਨ੍ਹ ਅਤੇ ਜਾਹ। ਧੀ ਨੂੰ ਸਾਮਾਨ ਇਕੱਠਾ ਕਰਦਿਆਂ ਵੇਖ ਕੇ ਮਾਂ ਬੜੀ ਉਦਾਸ ਸੀ ਪਰ ਉਹ ਆਪਣੀ ਜਾ ਰਹੀ ਧੀ ਨੂੰ ਵੇਖਦੀ ਰਹੀ।

ਧੀ ਨੇ ਇਕ ਵਾਰ ਵੀ ਪਿਛੇ ਮੁੜ ਕੇ ਨਾ ਵੇਖਿਆ।

ਆਪਣੀ ਧੀ ਤੋਂ ਬਿਨਾਂ ਮਾਂ ਬੜੀ ਉਦਾਸ, ਪਰੇਸ਼ਾਨ ਅਤੇ ਬੇਚੈਨ ਸੀ।

www.quotesinpunjabi.ml

QuotesInPunjabi

ਧੀ ਬਿਨਾਂ ਆਪਣਾ ਸੱਖਣਾਪਣ ਭਰਨ ਲਈ, ਉਸ ਨੇ ਕਈ ਉਪਰਾਲੇ ਕੀਤੇ। ਨਾਵਲ ਪੜ੍ਹਦੀ ਰਹੀ, ਟੈਲੀਵਿਜ਼ਨ ਵੇਖਦੀ ਰਹੀ, ਬਾਜ਼ਾਰ ਵਿਚੋਂ ਫਜ਼ੂਲ ਚੀਜ਼ਾਂ ਖਰੀਦਦੀ ਰਹੀ ਪਰ ਧੀ ਬਿਨਾਂ ਅੰਦਰਲੇ ਖਾਲੀਪਣ ਦਾ ਅਹਿਸਾਸ ਵਧਦਾ ਗਿਆ। ਸੋਚਿਆ ਜੇ ਮੁੜ ਆਈ ਤਾਂ ਮੇਰੀ ਹੈ, ਜੇ ਨਹੀਂ ਮੁੜਦੀ ਤਾਂ ਸਮਝਾਂਗੀ, ਮੇਰੀ ਹੈ ਹੀ ਨਹੀਂ।

ਇਸ ਉਦਾਸੀ ਅਤੇ ਵਿਯੋਗ ਵਿਚ ਕਈ ਦਿਨ ਲੰਘ ਗਏ।

ਮਾਂ ਨੂੰ ਉਦੋਂ ਤੱਕ ਸ਼ਾਂਤੀ ਨਾ ਮਿਲੀ, ਜਦੋਂ ਤੱਕ ਬੇਟੀ ਦਾ ਫੋਨ ਨਾ ਆਇਆ ਕਿ ਮੈਂ ਵਾਪਸ ਆਉਣਾ ਚਾਹੁੰਦੀ ਹਾਂ।

ਦਿਲ ਦੇ ਰਿਸ਼ਤਿਆਂ ਦੀਆਂ ਤਾਰਾਂ ਨਹੀਂ ਹੁੰਦੀਆਂ, ਮੋਹ ਦੀਆਂ ਤੰਦਾਂ ਹੁੰਦੀਆਂ ਹਨ।

185

ਰੱਬ ਜੀ, ਉੱਜ ਤਾਂ ਤੁਹਾਡਾ ਸਭ ਕੁਝ ਬਣਾਇਆ ਠੀਕ ਹੈ ਪਰ ਇਕ ਦੋ ਗੱਲਾਂ ਹਨ, ਜਿਹੜੀਆਂ ਸਮਝ ਨਹੀਂ ਆ ਰਹੀਆਂ। ਪੁੱਛ ਲਵਾਂ ?

ਰੱਬ ਜੀ, ਤੁਸੀਂ ਜ਼ਨਾਨੀ ਨੂੰ ਇਤਨੀ ਸੋਹਣੀ ਕਿਉਂ ਬਣਾਇਆ ਹੈ ?

ਸੋਹਣੀ ਇਸ ਲਈ ਬਣਾਇਆ ਹੈ ਤਾਂ ਕਿ ਤੈਨੂੰ ਚੰਗੀ ਲੱਗੇ।

ਰੱਬ ਜੀ, ਜ਼ਨਾਨੀ ਨੂੰ ਸੋਹਣੀ ਬਣਾਉਣ ਦਾ ਕਾਰਨ ਤਾਂ ਸਮਝ ਆ ਗਿਐ ਪਰ ਤੁਸੀਂ ਇਸ ਨੂੰ ਇਤਨੀ ਮੂਰਖ ਕਿਉਂ ਬਣਾਇਆ ਹੈ ?

ਮੂਰਖ ਇਸ ਲਈ ਬਣਾਇਆ ਹੈ ਤਾਂ ਕਿ ਤੂੰ ਵੀ ਉਸ ਨੂੰ ਚੇਰਾ ਲੱਗੇਂ।

186

ਇਕ ਸਮੁੰਦਰੀ ਜਹਾਜ਼ ਵਿਚ ਇਕ ਲਾਲਚੀ ਮੁਸਾਫ਼ਰ ਨੇ ਕਿਸੇ ਹੋਰ ਮੁਸਾਫ਼ਰ ਨੂੰ ਸੋਨੇ ਦੀਆਂ ਮੋਹਰਾਂ ਵਾਲੀ ਲਾਲ ਥੈਲੀ ਨਾਲ ਵੇਖਿਆ ਅਤੇ ਕੁਝ ਚਿਰ ਮਗਰੋਂ ਲਾਲਚੀ ਮੁਸਾਫ਼ਰ ਨੇ ਰੌਲਾ ਪਾ ਦਿੱਤਾ ਕਿ ਮੋਹਰਾਂ ਵਾਲੀ ਮੇਰੀ ਲਾਲ ਥੈਲੀ ਕਿਸੇ ਨੇ ਚੁਰਾ ਲਈ ਹੈ।

ਵਿਰੋਧ ਕਰਨ ਦੇ ਬਾਵਜੂਦ, ਸਾਰੀਆਂ ਸਵਾਰੀਆਂ ਦੀ ਤਲਾਸ਼ੀ ਲਈ ਗਈ।

ਜਿਸ ਮੁਸਾਫ਼ਰ ਤੋਂ ਥੈਲੀ ਮਿਲਣ ਦੀ ਆਸ ਸੀ, ਉਸ ਤੋਂ ਥੈਲੀ ਨਹੀਂ ਮਿਲੀ, ਗੱਲ ਆਈ ਗਈ ਹੋਣ ਉਪਰੰਤ, ਮੁੱਕ ਗਈ। ਉਸ ਬੇਈਮਾਨ ਨੇ ਤਿੰਨ-ਚਾਰ ਦਿਨਾਂ ਮਗਰੋਂ ਥੈਲੀ ਵਾਲੇ ਮੁਸਾਫ਼ਰ ਨੂੰ ਪੁੱਛਿਆ: ਤੁਹਾਡੀ ਥੈਲੀ ਕਿਥੇ ਗਈ ?

ਥੈਲੀ ਵਾਲੇ ਮੁਸਾਫ਼ਰ ਨੇ ਕਿਹਾ: ਅਜਿਹੀ ਥੈਲੀ ਮੇਰੇ ਕੋਲ ਫਿਰ ਆ ਜਾਵੇਗੀ ਪਰ ਤੇਰੀ ਜ਼ਿੰਦਗੀ ਵਿਚ ਥੈਲੀ ਦਾ ਮਾਲਕ ਬਣਨ ਦਾ ਅਵਸਰ ਮੁੜ ਨਹੀਂ ਆਵੇਗਾ।

ਮੇਰੇ ਲਈ ਮਹੱਤਵਪੂਰਨ ਮੇਰੀ ਥੈਲੀ ਨਹੀਂ ਸੀ, ਮੇਰੇ ਲਈ ਇੱਜ਼ਤ ਵਧੇਰੇ ਕੀਮਤੀ ਸੀ, ਮੈਂ ਆਪਣੀ ਇੱਜ਼ਤ ਬਚਾਉਣ ਵਾਸਤੇ, ਉਹ ਥੈਲੀ ਕੁਰਬਾਨ ਕਰ ਦਿੱਤੀ ਸੀ, ਉਹ ਮੈਂ ਸਮੁੰਦਰ ਵਿਚ ਸੁੱਟ ਦਿੱਤੀ ਸੀ।

ਮੈਂ ਜੋ ਚਾਹਿਆ ਸੀ ਮਿਲ ਗਿਆ ਸੀ, ਮੈਂ ਇੱਜ਼ਤ ਬਚਾਉਣੀ ਚਾਹੀ ਸੀ, ਬਚ ਗਈ ਸੀ ਪਰ ਤੂੰ ਜੋ ਚਾਹਿਆ ਸੀ, ਉਹ ਤੈਨੂੰ ਨਹੀਂ ਸੀ ਮਿਲਿਆ।

www.quotesinpunjabi.ml

QuotesInPunjabi

187

ਯੋਰਪ ਵਿਚ ਜਿਨ੍ਹਾਂ ਦੇ ਬੱਚੇ ਨਹੀਂ ਹੁੰਦੇ, ਉਹ ਉਦਾਸ-ਮਾਯੂਸ ਨਹੀਂ ਹੁੰਦੇ, ਉਹ ਕੁੱਤੇ ਪਾਲਦੇ ਹਨ। ਕੁੱਤੇ ਪਾਲਣ ਦਾ ਉਨ੍ਹਾਂ ਦਾ ਆਪਣਾ ਤਰਕ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੁੱਤੇ ਨਾ ਕੇਵਲ ਬੱਚਿਆਂ ਦੀ ਘਾਟ ਪੂਰੀ ਕਰਦੇ ਹਨ, ਇਹ ਬੱਚਿਆਂ ਨਾਲੋਂ ਵੀ ਵਧੇਰੇ ਆਨੰਦ ਦਿੰਦੇ ਹਨ, ਕਿਉਂਕਿ ਕਿਧਰੇ ਜਾਣ ਵਾਸਤੇ ਉਨ੍ਹਾਂ ਨੂੰ ਤਿਆਰ ਨਹੀਂ ਕਰਨਾ ਪੈਂਦਾ। ਉਹ ਬੱਚਿਆਂ ਵਾਂਗ ਅੜੀ ਨਹੀਂ ਕਰਦੇ, ਰੁੱਸਦੇ ਨਹੀਂ, ਜ਼ਿੱਦ ਨਹੀਂ ਕਰਦੇ, ਝੂਠ ਨਹੀਂ ਬੋਲਦੇ। ਉਨ੍ਹਾਂ ਨੂੰ ਸਰਦੀਆਂ ਵਿਚ ਵਾਧੂ ਕੱਪੜੇ ਨਹੀਂ ਪੁਆਉਣੇ ਪੈਂਦੇ।

ਕੁੱਤੇ ਕਿਧਰੇ ਜਾਣ ਵੇਲੇ ਘੜੀ ਨਹੀਂ ਵੇਖਦੇ, ਕਿਧਰੇ ਵੀ ਜਲਦੀ ਕਰਨ ਲਈ ਨਹੀਂ ਕਹਿੰਦੇ, ਬਾਰ-ਬਾਰ ਮਿੰਨਤਾਂ ਕਰਕੇ ਉਠਾਉਣਾ ਨਹੀਂ ਪੈਂਦਾ। ਕਿਧਰੇ ਜਾਣ ਵੇਲੇ ਕੁੱਤੇ ਇਹ ਨਹੀਂ ਕਹਿੰਦੇ ਕਿ ਮੈਂ ਨਹੀਂ ਜਾਣਾ ਜਾਂ ਮੈਂ ਤਾਂ ਉਥੇ ਜਾਵਾਂਗਾ। ਕੁੱਤਿਆਂ ਲਈ ਵੱਖਰਾ ਟੈਲੀਫੋਨ ਨਹੀਂ ਲੁਆਉਣਾ ਪੈਂਦਾ। ਜਿਤਨੀ ਵਾਰ, ਜਦੋਂ ਵੀ, ਜਿਥੇ ਵੀ ਬੁਲਾਈਏ, ਭੱਜ ਕੇ ਆਉਂਦੇ ਹਨ। ਜਿਤਨੀ ਵਾਰੀ ਬਾਹਰੋਂ ਆਓ, ਉਤਨੀ ਹੀ ਵਾਰ ਇਵੇਂ ਸਵਾਗਤ ਕਰਦੇ ਹਨ, ਜਿਵੇਂ ਕੋਈ ਲੰਮੇ ਅਰਸੇ ਮਗਰੋਂ ਮੁੜਿਆ ਹੋਵੇ।

ਜੇਕਰ ਮਾਲਕ ਗਾਏ ਤਾਂ ਕੁੱਤਾ ਬੁਰਾ ਨਹੀਂ ਮਨਾਉਂਦਾ।

ਕੁੱਤਾ ਬੜੇ ਧੀਰਜ ਨਾਲ ਉਡੀਕਦਾ ਹੈ, ਸ਼ਿਕਾਇਤ ਨਹੀਂ ਕਰਦਾ।

ਜੇਕਰ ਕੁੱਤਾ ਚੰਗਾ ਨਾ ਹੋਵੇ ਜਾਂ ਚੰਗਾ ਨਾ ਨਿਕਲੇ, ਤਾਂ ਲੋਕ ਮਾਲਕ ਨੂੰ, ਉਸ ਦਾ ਪਿਤਾ ਹੋਣ ਦਾ ਤਾਅਨਾ ਨਹੀਂ ਮਾਰਦੇ।

188

ਕਲਾਕਾਰ ਅਣਖੀਲੇ ਹੁੰਦੇ ਹਨ, ਉਹ ਆਪਣੀ ਕਲਾ ਦਾ ਅਪਮਾਨ ਸਹਿਣ ਨਹੀਂ ਕਰਦੇ। ਇਕ ਧਨਾਢ ਇਸਤਰੀ ਨੇ ਇਕ ਵੱਡੇ ਅਤੇ ਪ੍ਰਸਿੱਧ ਮੂਰਤੀਕਾਰ ਨੂੰ ਆਪਣੇ ਸਵਰਗਵਾਸੀ ਪਤੀ ਦਾ ਵੱਡ-ਆਕਾਰੀ ਚਿਹਰਾ ਬਣਾਉਣ ਲਈ ਕਿਹਾ। ਜਦੋਂ ਚਿਹਰਾ ਬਣ ਗਿਆ ਤਾਂ ਇਸਤਰੀ ਨੇ ਕਿਹਾ: ਇਕ ਮਹੀਨਾ ਹੀ ਲੱਗਿਆ ਹੈ ਪਰ ਤੁਸੀਂ ਬਹੁਤ ਪੈਸੇ ਮੰਗ ਰਹੇ ਹੋ। ਮੂਰਤੀਕਾਰ ਨੇ ਕਿਹਾ: ਇਸ ਇਕ ਮਹੀਨੇ ਪਿਛੇ ਪੰਜਾਹ ਸਾਲ ਦਾ ਅਭਿਆਸ ਹੈ। ਇਸ ਨੂੰ ਇਕ ਮਹੀਨਾ ਨਹੀਂ, ਬਣਾਉਣ ਵਾਸਤੇ ਪੰਜਾਹ ਸਾਲ ਇਕ ਮਹੀਨਾ ਲਗਿਆ ਹੈ।

ਉਸ ਮੂਰਤੀਕਾਰ ਨੇ ਆਪਣੀ ਬਣਾਈ ਉਸ ਮੂਰਤੀ ਨੂੰ ਠੋਹਕਰ ਮਾਰੀ ਅਤੇ ਚਕਨਾਚੂਰ ਕਰ ਦਿੱਤੀ ਅਤੇ ਕਿਹਾ: ਤੁਸੀਂ ਮੂਰਤੀ ਬਣਵਾਉਣ ਦੀ ਥਾਂ, ਸਬਜ਼ੀ ਮੰਡੀ ਵਿਚੋਂ ਇਕ ਪੇਠਾ ਖਰੀਦ ਕੇ ਆਪਣੇ ਡਰਾਇੰਗ-ਰੂਮ ਵਿਚ ਰੱਖ ਲੈਣਾ।

189

ਇਜ਼ਰਾਈਲ ਵਿਚ ਜਦੋਂ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਬਹੁਤ ਵਧ ਗਈਆਂ ਤਾਂ ਪਾਰਲੀਮੈਂਟ ਨੇ ਹਨੇਰਾ ਪੈਣ ਉਪਰੰਤ ਇਸਤਰੀਆਂ ਦੇ ਬਾਹਰ ਨਿਕਲਣ 'ਤੇ

www.quotesinpunjabi.ml

QuotesInPunjabi

ਪਾਬੰਦੀ ਲਾਉਣ ਦਾ ਸੁਝਾਓ ਦਿੱਤਾ ਪਰ ਉਸ ਵੇਲੇ ਦੀ ਮਹਿਲਾ ਪ੍ਰਧਾਨ-ਮੰਤਰੀ, ਗੋਲਡਾ ਮੇਅਰ ਨੇ ਕਿਹਾ ਕਿ ਪਾਬੰਦੀ ਇਸਤਰੀਆਂ 'ਤੇ ਨਹੀਂ ਲੱਗੇਗੀ, ਪੁਰਸ਼ਾਂ 'ਤੇ ਲੱਗੇਗੀ, ਜਿਹੜੇ ਬਲਾਤਕਾਰ ਕਰਦੇ ਹਨ।

190

ਸਿਧਾਰਥ ਮਹਿਲ ਤਿਆਗ ਕੇ ਮੰਗਤਾ ਬਣਿਆ ਪਰ ਕਿਸੇ ਨੇ ਮੰਗਤਾ ਬਣਨ ਨਾ ਦਿੱਤਾ, ਉਹ ਲੋਕਾਂ ਦੇ ਦਿਲਾਂ ਦਾ ਬਾਦਸ਼ਾਹ ਬਣਿਆ। ਉਸ ਨੇ ਕਪਲਵਸਤੂ ਦਾ ਇਕ ਮਹਿਲ ਤਿਆਗਿਆ ਪਰ ਲੱਖਾਂ-ਕਰੋੜਾਂ ਦਿਲਾਂ ਵਿਚ ਉਸ ਲਈ ਮਹਿਲ ਉਸਰ ਗਏ।

ਲੋਕਾਂ ਦੇ ਦਿਲ, ਬੁੱਧ ਦੀਆਂ ਰਾਜਧਾਨੀਆਂ ਹਨ।

ਸੰਸਾਰ ਭਰ ਦੇ ਬੋਧੀ, ਭਾਰਤ ਅਤੇ ਭਾਰਤੀਆਂ ਦਾ ਇਸ ਲਈ ਸਤਿਕਾਰ ਕਰਦੇ ਹਨ, ਕਿਉਂਕਿ ਬੁੱਧ ਦਾ ਜਨਮ ਭਾਰਤ ਵਿਚ ਹੋਇਆ, ਉਸ ਨੂੰ ਸਦੀਵੀ ਗਿਆਨ ਦੀ ਪ੍ਰਾਪਤੀ ਭਾਰਤ ਵਿਚ ਹੋਈ। ਜਦੋਂ ਬੁੱਧ ਨੂੰ ਗਿਆਨ ਹੋ ਗਿਆ ਤਾਂ ਉਸ ਦੀ ਹਰ ਗੱਲ, ਹਰ ਸ਼ਬਦ, ਹਰ ਸੈਨਤ ਨਿਆਰੀ ਹੋ ਗਈ।

ਇਕ ਨਰਤਕੀ ਨੇ, ਸ਼ਰਧਾ ਨਾਲ, ਬੁੱਧ ਨੂੰ ਆਪਣੇ ਗ੍ਰਹਿ ਵਿਖੇ ਆਉਣ ਲਈ ਬੇਨਤੀ ਕੀਤੀ ਅਤੇ ਬੁੱਧ ਨੇ ਉਸ ਦਾ ਨਿਉਤਾ ਪ੍ਰਵਾਨ ਕਰ ਲਿਆ।

ਲਿੱਛਵੀ ਸਮਰਾਟ ਨਹੀਂ ਸੀ ਚਾਹੁੰਦਾ ਕਿ ਬੁੱਧ, ਨਰਤਕੀ ਆਮਰਪਾਲੀ ਦੇ ਘਰ ਜਾਵੇ, ਉਸ ਨੇ ਵੀ ਜਦੋਂ ਬੁੱਧ ਨੂੰ ਉਸੇ ਦਿਨ ਲਈ ਆਪਣੇ ਮਹਿਲ ਆਉਣ ਦਾ ਨਿਉਤਾ ਦਿੱਤਾ ਤਾਂ ਬੁੱਧ ਨੇ ਕਿਹਾ: ਮਿੱਤਰ ਇਸ ਦਿਨ ਆਮਰਪਾਲੀ ਦੇ ਘਰ ਜਾਣਾ ਹੈ। ਲਿੱਛਵੀ ਨੇ ਕਿਹਾ: ਤਾਂ ਫਿਰ ਅਸੀਂ ਆਮਰਪਾਲੀ ਤੋਂ ਵੀ ਹੀਣੇ ਹੋ ਗਏ ਅਤੇ ਉਹ ਸਾਡੇ ਤੋਂ ਉੱਚੀ ਹੋ ਗਈ ?

ਬੁੱਧ ਨੇ ਧੀਰਜ ਨਾਲ ਕਿਹਾ: ਕੋਈ ਉੱਚਾ-ਨੀਵਾਂ ਨਹੀਂ ਹੈ, ਗੱਲ ਧਰਮ ਦੀ ਹੈ, ਧਰਮ ਉੱਚਾ ਹੈ। ਆਮਰਪਾਲੀ ਨੂੰ ਵਚਨ ਦਿੱਤਾ ਹੈ, ਦਿੱਤੇ ਵਚਨ ਦਾ ਧਰਮ ਪਾਲਣਾ ਹੈ, ਧਰਮ ਵੱਡਾ ਹੈ, ਇਕਰਾਰ ਧਰਮ ਦੀ ਜੜ੍ਹ ਹੈ।

ਉਸ ਦਿਨ ਬੁੱਧ, ਲਿੱਛਵੀ ਦੇ ਮਹਿਲ ਨਹੀਂ ਗਏ, ਆਮਰਪਾਲੀ ਦੇ ਘਰ ਗਏ।

ਜਦੋਂ ਬੁੱਧ ਸੰਸਾਰ ਤੋਂ ਵਿਦਾ ਹੋਏ ਤਾਂ ਉਨ੍ਹਾਂ ਦੀ ਦੇਹ ਇਕ ਸਪਤਾਹ ਵਾਸਤੇ ਦਰਸ਼ਨਾਂ ਲਈ ਰੱਖੀ ਗਈ, ਸੱਤੇ ਦਿਨ ਆਮਰਪਾਲੀ ਉਥੇ ਬਹਿ ਕੇ ਗਾਉਂਦੀ ਰਹੀ।

ਸ਼ਮਸ਼ਾਨਘਾਟ ਜਾਂਦਿਆਂ, ਉਹ ਅੱਗੇ ਅੱਗੇ ਸਾਰਾ ਰਸਤਾ ਨੱਚਦੀ ਰਹੀ।

ਉਸ ਉਪਰੰਤ ਆਮਰਪਾਲੀ ਕਿਸੇ ਮਹਿਲ ਵਿਚ ਗਾਉਣ-ਨੱਚਣ ਨਹੀਂ ਗਈ।

ਆਮਰਪਾਲੀ ਬੁੱਧ ਦੀ ਮੀਰਾ ਸੀ।

191

ਸਾਰੀ ਜ਼ਿੰਦਗੀ ਮਿਹਨਤ ਕਰਨ ਨਾਲ ਅਮੀਰ ਬਣੇ ਇਕ ਵਿਅਕਤੀ ਦੇ, ਬਾਈ ਸਾਲ ਦੇ ਪੁੱਤਰ ਨੇ ਪੁੱਛਿਆ: ਮੈਂ ਮਰਸਡੀਜ਼ ਕਾਰ ਲੈ ਲਵਾਂ ?

www.quotesinpunjabi.ml

QuotesInPunjabi

ਪਿਤਾ ਨੇ ਸੋਚਿਆ, ਉਸ ਕੋਲ ਬਾਈ ਸਾਲ ਦੀ ਉਮਰ ਵਿਚ ਇਕ ਪੁਰਾਣਾ ਸਾਈਕਲ ਹੀ ਸੀ। ਪਿਤਾ ਨੇ ਕਿਹਾ: ਹਾਂ, ਲੈ ਲਓ, ਪਰ ਅੰਦਰ ਨਾ ਵੇਖੋ, ਬਾਹਰ ਵੇਖੋ।

ਜੇ ਜ਼ਿੰਦਗੀ ਨੂੰ ਮਿਹਨਤ ਕੀਤੇ ਬਿਨਾਂ ਹੀ ਮਾਨਣ ਵਾਸਤੇ ਕੁਝ ਖਰੀਦਣਾ ਹੈ ਤਾਂ ਅੰਦਰ ਨਾ ਵੇਖੋ, ਅਰਥਾਤ ਆਪਣੇ ਪਰਿਵਾਰਕ ਵਸੀਲਿਆਂ ਨੂੰ ਨਾ ਵਰਤੋ ਬਾਹਰ ਵੇਖੋ, ਅਰਥਾਤ ਆਪ ਕਮਾਓ ਜਾਂ ਆਪਣੇ ਉਪਜਾਏ ਵਸੀਲਿਆਂ ਨੂੰ ਵਰਤੋ।

192

ਜਿਵੇਂ ਭਾਰਤ ਵਾਸੀਆਂ ਨੇ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਸੰਗ੍ਰਾਮ ਕੀਤਾ ਸੀ, ਉਹੋ ਜਿਹਾ ਹੀ ਸੰਗ੍ਰਾਮ ਉੱਤਰੀ ਆਇਰਲੈਂਡ ਦੇ ਲੋਕ ਲੰਮੇ ਅਰਸੇ ਤੋਂ ਇੰਗਲੈਂਡ ਵਿਰੁੱਧ ਕਰਦੇ ਰਹੇ ਸਨ, ਜਿਸ ਦੌਰਾਨ ਸੈਂਕੜੇ-ਹਜ਼ਾਰਾਂ ਜਾਨਾਂ ਦਾਓ 'ਤੇ ਲੱਗੀਆਂ, ਕਈਆਂ ਨੂੰ ਕੈਦ ਹੋਈ ਅਤੇ ਅਨੇਕਾਂ ਨੇ ਤਸ਼ੀਹੇ ਸਹੇ।

ਆਇਰਲੈਂਡ ਦੇ ਲੋਕ ਸੰਤਿਆਗ੍ਰਹਿ ਵਿਚ ਵਿਸ਼ਵਾਸ ਨਹੀਂ ਸਨ ਕਰਦੇ, ਉਨ੍ਹਾਂ ਦਾ ਢੰਗ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਵਾਲਾ ਸੀ। ਉਨ੍ਹਾਂ ਨੇ ਕਈ ਬੰਬ ਧਮਾਕੇ ਕੀਤੇ, ਹਥਿਆਰਬੰਦ ਬਗਾਵਤਾਂ ਵੀ ਕੀਤੀਆਂ। ਇੰਗਲੈਂਡ ਦੇ ਪ੍ਰਧਾਨ-ਮੰਤਰੀ 'ਤੇ ਗ੍ਰੇਨੇਡਾਂ ਨਾਲ ਕਈ ਹਮਲੇ ਵੀ ਕੀਤੇ ਪਰ ਪ੍ਰਧਾਨ-ਮੰਤਰੀ ਹਰ ਵਾਰੀ ਬਚ ਜਾਂਦਾ ਸੀ।

ਜਦੋਂ ਪ੍ਰਧਾਨ-ਮੰਤਰੀ ਉੱਤੇ ਗ੍ਰੇਨੇਡ ਨਾਲ ਹਮਲਾ ਕਰਨ ਵਾਲੇ ਇਕ ਸੰਗ੍ਰਾਮੀ 'ਤੇ ਮੁਕੱਦਮਾ ਚੱਲਿਆ ਤਾਂ ਉਸ ਨੇ ਅਦਾਲਤ ਵਿਚ ਕਿਹਾ ਸੀ: ਪ੍ਰਧਾਨ-ਮੰਤਰੀ ਨੂੰ ਹਰ ਵਾਰੀ ਚੰਗੀ ਕਿਸਮਤ ਵਾਲਾ ਹੋਣਾ ਪੈਂਦਾ ਹੈ, ਸਾਡੀ ਕਿਸਮਤ ਇਕ ਵਾਰੀ ਹੀ ਚਮਕਣੀ ਹੈ।

193

ਇਕ ਕਸਬੇ ਵਿਚ ਦੋ ਭਰਾ ਰੱਜ ਕੇ ਭੈੜੇ, ਬਦਮਾਸ਼, ਲੜਾਕੇ ਅਤੇ ਬੇਈਮਾਨ ਸਨ ਪਰ ਬਣਦੇ ਬੜੇ ਸ਼ਰੀਫ ਸਨ। ਹਰ ਸ਼ਨੀਵਾਰ ਮੰਦਰ ਜਾਂਦੇ ਸਨ ਅਤੇ ਦਾਨ-ਪੁੰਨ ਵੀ ਕਰਦੇ ਸਨ। ਜਦੋਂ ਮੰਦਰ ਦਾ ਨਵਾਂ ਪੁਰੋਹਿਤ ਆਇਆ ਤਾਂ ਉਸ ਨੇ ਨਵਾਂ ਮੰਦਰ ਉਸਾਰਨ ਦਾ ਉਪਰਾਲਾ ਆਰੰਭਿਆ। ਇਤਨੇ ਵਿਚ ਇਕ ਭਰਾ ਮਰ ਗਿਆ, ਦੂਜੇ ਨੇ ਪੁਰੋਹਿਤ ਨੂੰ ਮੰਦਰ ਉਸਾਰਨ ਲਈ ਵੱਡੀ ਰਕਮ ਦਿੰਦਿਆਂ ਕਿਹਾ ਕਿ ਮੈਂ ਆਪਣੇ ਭਰਾ ਦੀ ਯਾਦ ਵਿਚ ਇਕ ਸਮਾਗਮ ਕਰਨਾ ਚਾਹੁੰਦਾ ਹਾਂ ਅਤੇ ਉਸ ਸਮਾਗਮ ਵਿਚ ਤੁਸੀਂ ਮੇਰੇ ਭਰਾ ਨੂੰ ਸੰਤ ਕਹਿਣਾ ਹੀ ਨਹੀਂ, ਸਾਬਤ ਵੀ ਕਰਨਾ ਹੈ। ਪੁਰੋਹਿਤ ਨੇ ਕਿਹਾ: ਯਤਨ ਕਰਾਂਗਾ।

ਕੁਝ ਦਿਨ ਮਗਰੋਂ ਸਮਾਗਮ ਵਾਲੇ ਦਿਨ, ਜਦੋਂ ਸੰਗਤ ਜੁੜ ਗਈ ਤਾਂ ਪੁਰੋਹਿਤ ਨੇ ਕਿਹਾ ਕਿ ਮਰ ਗਿਆ ਭਰਾ ਬੜਾ ਨੀਚ ਅਤੇ ਕਮੀਨਾ ਸੀ, ਉਹ ਬੜਾ ਭੈੜਾ ਬੰਦਾ ਸੀ, ਲੋਕਾਂ ਨੂੰ ਲੁੱਟਦਾ ਅਤੇ ਧਮਕਾਉਂਦਾ ਸੀ ਪਰ ਜੇ ਮਰ ਗਏ ਭਰਾ ਦੀ, ਜਿਉਂਦੇ ਭਰਾ ਨਾਲ ਤੁਲਨਾ ਕੀਤੀ ਜਾਵੇ ਤਾਂ ਮਰ ਗਿਆ ਭਰਾ, ਪੂਰਾ ਸੰਤ ਸੀ ਅਤੇ ਪੂਜਣਯੋਗ ਸੀ।

www.quotesinpunjabi.ml

QuotesInPunjabi

194

ਸੰਸਾਰ ਦੇ ਸਭ ਤੋਂ ਸਿਆਣੇ ਬਾਦਸ਼ਾਹ ਸੁਲੇਮਾਨ ਨੂੰ ਕਿਹਾ ਗਿਆ ਕਿ ਉਹ ਸੁੰਘੇ ਬਿਨਾਂ ਅਸਲੀ ਫੁੱਲਾਂ ਨੂੰ ਨਕਲੀ ਫੁੱਲਾਂ ਨਾਲੋਂ ਨਿਖੇੜ ਕੇ ਦੱਸੇ।

ਸੁਲੇਮਾਨ ਨੇ ਬਾਰੀ ਖੋਲ੍ਹ ਦਿੱਤੀ, ਸ਼ਹਿਦ ਦੀਆਂ ਮੱਖੀਆਂ ਦੇ ਵਿਹਾਰ ਤੋਂ ਦੱਸ ਦਿੱਤਾ ਕਿ ਅਸਲੀ ਕਿਹੜੇ ਹਨ, ਨਕਲੀ ਕਿਹੜੇ ਹਨ।

ਇਵੇਂ ਹੀ ਜਦੋਂ ਮਨੁੱਖ ਦੇ ਦਿਲ-ਦਿਮਾਗ ਦੀਆਂ ਬਾਰੀਆਂ ਖੁੱਲ੍ਹੀਆਂ ਹੋਣ ਤਾਂ ਅਸਲੀ ਅਤੇ ਨਕਲੀ, ਮੁੱਲਵਾਨ ਅਤੇ ਨਿਗੁਣੇ ਵਿਚਾਰਾਂ ਦਾ ਫਰਕ ਪਤਾ ਲੱਗ ਜਾਂਦਾ ਹੈ। ਮਹੱਤਵਪੂਰਨ ਕਾਰਜ, ਦਿਲ-ਦਿਮਾਗ ਦੀਆਂ ਬਾਰੀਆਂ ਨੂੰ ਖੋਲ੍ਹਣਾ ਅਤੇ ਖੁੱਲ੍ਹਾ ਰੱਖਣਾ ਹੁੰਦਾ ਹੈ।

195

ਇਸਤਰੀ ਦੇ ਗਰਭਵਤੀ ਹੋਣ ਦੀ ਸੂਚਨਾ ਕਿਵੇਂ ਦਿੱਤੀ ਜਾਂਦੀ ਰਹੀ ਹੈ ?

ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਕਿਹਾ ਜਾਂਦਾ ਸੀ, ਹੁਣ ਉਹ ਘਰ ਹੀ ਰਹਿੰਦੀ ਹੈ, ਬਾਹਰ ਨਹੀਂ ਜਾਂਦੀ।

ਦੂਜੇ ਅੱਧ ਵਿਚ ਕਿਹਾ ਜਾਣ ਲੱਗ ਪਿਆ, ਉਸ ਦੇ ਪੈਰ ਭਾਰੀ ਹਨ।

ਸਦੀ ਦੇ ਅੰਤ 'ਤੇ ਕਹਿਣ ਦਾ ਰਿਵਾਜ ਪਿਆ ਕਿ ਉਸ ਨੂੰ ਉਮੀਦ ਲੱਗ ਗਈ ਹੈ।

ਵੀਹਵੀਂ ਸਦੀ ਦੀ ਪਹਿਲੀ ਚੌਥਾਈ ਵਿਚ ਕਿਹਾ ਗਿਆ, ਉਹ ਮਾਂ ਬਣਨ ਵਾਲੀ ਹੈ।

ਦੂਜੀ ਚੌਥਾਈ ਵਿਚ ਕਿਹਾ ਗਿਆ, ਉਹ ਬੱਚੇ ਲਈ ਸਵੈਟਰ ਬੁਣ ਰਹੀ ਹੈ।

ਤੀਜੀ ਚੌਥਾਈ ਵਿੱਚ ਕਿਹਾ ਗਿਆ, ਉਹ ਗਰਭਵਤੀ ਹੈ।

ਵੀਹਵੀਂ ਸਦੀ ਦੇ ਅੰਤ ਵਿਚ ਕਿਹਾ ਜਾਣ ਲੱਗ ਪਿਆ, ਉਹ ਜੂਨ ਵਿਚ ਇਕ ਲੜਕੇ ਨੂੰ ਜਨਮ ਦੇਵੇਗੀ।

ਅਗਲੇ ਦੋ-ਤਿੰਨ ਦਹਾਕਿਆਂ ਵਿਚ ਕਿਹਾ ਜਾਵੇਗਾ, ਉਸ ਦੇ ਪਹਿਲੇ ਵਿਆਹ ਤੋਂ ਵੀ ਦੋ ਬੱਚੇ ਹਨ, ਤੀਜਾ ਬੱਚਾ ਗੋਦ ਲਿਆ ਜਾ ਰਿਹਾ ਹੈ।

196

ਅਸੀਂ ਸਾਰੇ ਸਫਲ ਹੋਣ ਯੋਗ ਹੁੰਦੇ ਹਾਂ, ਸਫਲ ਹੋ ਸਕਦੇ ਹਾਂ ਪਰ ਅਸੀਂ ਅਣਜਾਣੇ ਹੀ ਆਪਣੀ ਸਫਲਤਾ ਨੂੰ ਅਸਫਲਤਾ ਬਣਾ ਲੈਂਦੇ ਹਾਂ।

ਵਿਦਿਆਰਥੀ, ਤਿਆਰੀ ਕਰਕੇ ਇਮਤਿਹਾਨ ਦੇਣ ਉਪਰੰਤ, ਪ੍ਰੀਖਿਆ ਵਿਚ ਸਫਲ ਹੁੰਦਾ ਹੈ ਪਰ ਨਤੀਜਾ ਨਿਕਲਣ 'ਤੇ ਉਹ ਆਪਣੀ ਨਹੀਂ, ਦੂਜਿਆਂ ਦੀ ਚੌਗੇਰੀ ਕਾਰਗੁਜ਼ਾਰੀ ਵੱਲ ਧਿਆਨ ਦੇ ਕੇ ਆਪਣੇ ਆਪ ਨੂੰ ਅਸਫਲ ਸਮਝਣ ਲੱਗ ਪੈਂਦਾ ਹੈ।

ਕਿਸੇ ਨੂੰ ਪਿਆਰ ਕਰਨਾ ਵੀ ਸਫਲਤਾ ਹੈ, ਕਿਸੇ ਵਲੋਂ ਪਿਆਰ ਕੀਤੇ ਜਾਣਾ ਵੀ ਸਫਲਤਾ ਹੈ ਪਰ ਸ਼ੱਕ ਅਤੇ ਸਾੜੇ ਕਾਰਨ ਅਸੀਂ ਪਿਆਰ ਤੋੜਦੇ ਆਪ ਹਾਂ ਪਰ ਬੇਵਫ਼ਾਈ ਦਾ ਦੋਸ਼ ਦੂਜੇ 'ਤੇ ਲਾ ਕੇ ਅਸਫਲਤਾ ਦਾ ਸੰਤਾਪ ਹੰਢਾਉਂਦੇ ਹਾਂ।

www.quotesinpunjabi.ml

QuotesInPunjabi

ਵਿਆਹ ਕਰਨਾ-ਕਰਵਾਉਣਾ ਵੀ ਸਫਲਤਾ ਹੈ। ਕਿਸੇ ਦਾ ਤੁਹਾਡੇ ਨਾਲ ਵਿਆਹ ਕਰਵਾਉਣ ਲਈ ਮੰਨ ਜਾਣਾ, ਤੁਹਾਡੀ ਸਫਲਤਾ ਹੈ ਪਰ ਅਸੀਂ ਦੂਜੇ ਉਤੇ ਅਜਿਹੇ ਬੋਝ ਪਾਉਣ ਲੱਗ ਪੈਂਦੇ ਹਾਂ ਅਤੇ ਇਕ-ਦੂਜੇ ਤੋਂ ਅਜਿਹੀਆਂ ਕੁਰਬਾਨੀਆਂ ਮੰਗਣ ਲੱਗ ਪੈਂਦੇ ਹਾਂ ਕਿ ਦੋਵੇਂ ਅਸਫਲਤਾ ਦੇ ਰਾਹ ਪੈ ਜਾਂਦੇ ਹਨ।

ਬੱਚਾ ਲਾਇਕ ਹੈ, ਇਹ ਮਾਪਿਆਂ ਦੀ ਸਫਲਤਾ ਹੈ ਪਰ ਉਸਦੇ ਹਰ ਪ੍ਰੀਖਿਆ ਵਿਚ ਅਵਲ ਆਉਣ ਦੀ ਜ਼ਿੱਦ ਕਾਰਨ, ਅਸੀਂ ਬੱਚੇ ਲਈ ਅਸਫਲਤਾ ਸਿਰਜ ਕੇ, ਹੀਣ-ਭਾਵਨਾ ਜਗਾ ਕੇ, ਉਸ ਨੂੰ ਉਦਾਸੀ ਦੇ ਰਾਹ ਪਾ ਦਿੰਦੇ ਹਾਂ।

ਰੁਜ਼ਗਾਰ ਮਿਲਣ ਵਿਚ ਸਫਲਤਾ ਮਿਲੀ ਹੈ ਪਰ ਹੋਰਾਂ ਤੋਂ ਤਰੱਕੀ ਪਹਿਲਾਂ ਨਾ ਮਿਲਣ ਵਿਚ ਅਸਫਲਤਾ ਕਾਰਨ ਅਸੀਂ ਢਹਿੰਦੀ ਕਲਾ ਵਿਚ ਰਹਿੰਦੇ ਹਾਂ।

ਸਾਡਾ ਧਿਆਨ ਕਿਥੇ ਹੈ ? ਲੋੜ ਧਿਆਨ ਨੂੰ ਅਸਫਲਤਾ ਤੋਂ ਹਟਾ ਕੇ ਸਫਲਤਾ 'ਤੇ ਲਾਉਣ ਦੀ ਹੈ। ਜਿਸ 'ਤੇ ਧਿਆਨ ਲਾਵਾਂਗੇ, ਉਹੀ ਵਾਪਰੇਗਾ।

197

ਵਧੇਰੇ ਪੈਸੇ, ਵਧੇਰੇ ਪ੍ਰਸੰਨਤਾ ਨਹੀਂ ਦਿੰਦੇ। ਪ੍ਰਸੰਨ ਕਰਨ ਵਾਲੀਆਂ ਚੀਜ਼ਾਂ ਦਾ ਪੈਸੇ ਨਾਲ ਕੋਈ ਸਿੱਧਾ ਸਬੰਧ ਨਹੀਂ ਹੁੰਦਾ। ਇਹ ਸਮਝ ਹੀ ਮਨੁੱਖ ਨੂੰ ਸਿਆਣਾ ਬਣਾਉਣ ਲਈ ਕਾਫ਼ੀ ਹੈ। ਜੀਵਨ ਲਈ ਪੈਸਾ ਜ਼ਰੂਰੀ ਹੈ ਪਰ ਪੈਸਾ ਹੀ ਸਭ ਕੁਝ ਨਹੀਂ ਹੁੰਦਾ।

ਪ੍ਰਸੰਨਤਾ, ਸਮਝ-ਸੂਝ ਵਿਚੋਂ ਉਪਜਦੀ ਹੈ, ਇਹ ਕਿਧਰੇ ਵਿਕਦੀ-ਮਿਲਦੀ ਨਹੀਂ।

ਤੁਸੀਂ ਪੜ੍ਹੇ-ਲਿਖੇ ਹੋ, ਤੁਹਾਨੂੰ ਕਿਤਨੇ ਪੈਸੇ ਮਿਲ ਜਾਣ ਕਿ ਤੁਸੀਂ ਅਨਪੜ੍ਹ ਬਣਨ ਅਤੇ ਅਨਪੜ੍ਹਾਂ ਵਿਚ ਰਹਿਣ ਲਈ ਤਿਆਰ ਹੋ ਜਾਓਗੇ।

ਦੋ ਅੱਖਾਂ ਹਨ, ਇਕ ਵੇਚ ਦੇਈਏ, ਲੱਖਾਂ ਰੁਪਏ ਮਿਲ ਸਕਦੇ ਹਨ, ਕੀ ਇਹ ਪੈਸੇ ਪ੍ਰਸੰਨਤਾ ਦੇਣਗੇ। ਅਸੀਂ ਸੋਚਦੇ ਹੀ ਨਹੀਂ ਕਿ ਕੁਦਰਤ ਨੇ ਪ੍ਰਸੰਨ ਹੋਣ ਲਈ ਬੜੀਆਂ ਕੀਮਤੀ ਚੀਜ਼ਾਂ ਸਾਨੂੰ ਮੁਫ਼ਤ ਦਿੱਤੀਆਂ ਹੋਈਆਂ ਹਨ।

ਕੋਈ ਇਸਤਰੀ ਕਿਤਨੇ ਪੈਸੇ ਲੈ ਕੇ ਆਪਣੇ ਆਪ ਨੂੰ ਮਾਂ ਬਣਨ ਤੋਂ ਵਿਰਵਾ ਰੱਖਣ ਲਈ ਤਿਆਰ ਹੋ ਜਾਵੇਗੀ ?

ਰਾਜਧਾਨੀ ਦਾ ਵਾਸੀ, ਕਿਤਨੇ ਪੈਸੇ ਲੈ ਕੇ ਪੱਛੜੇ ਪਿੰਡ ਵਿਚ ਰਹਿਣਾ ਪ੍ਰਸੰਦ ਕਰੇਗਾ ?

ਕੋਈ ਵਿਦਵਾਨ ਕਿਤਨੇ ਪੈਸੇ ਲੈ ਕੇ ਮੰਨ ਜਾਵੇਗਾ ਕਿ ਉਹ ਬਾਕੀ ਰਹਿੰਦੀ ਜ਼ਿੰਦਗੀ ਦੌਰਾਨ, ਕੋਈ ਪੁਸਤਕ ਨਹੀਂ ਪੜ੍ਹੇਗਾ।

ਅਸੀਂ ਇਹ ਸੋਚ ਕੇ ਆਪਣੇ ਪ੍ਰਸੰਨ ਹੋਣ ਵਿਚ ਰੁਕਾਵਟਾਂ ਪਾਉਂਦੇ ਰਹਿੰਦੇ ਹਾਂ ਕਿ ਪੈਸਾ ਹੋਣ 'ਤੇ ਹੀ ਪ੍ਰਸੰਨਤਾ ਮਿਲੇਗੀ।

www.quotesinpunjabi.ml

QuotesInPunjabi

198

ਇਕ ਵਪਾਰੀ ਨੇ ਅਨੇਕਾਂ ਤੋਂ ਉਧਾਰ ਲਿਆ ਹੋਇਆ ਸੀ।

ਆਖਰ ਉਸ ਦਾ ਦੀਵਾਲਾ ਨਿਕਲ ਗਿਆ। ਲੈਣਦਾਰਾਂ ਤੋਂ ਡਰਦਾ ਉਹ ਘਰੋਂ ਬਾਹਰ ਨਹੀਂ ਸੀ ਜਾਂਦਾ, ਬਾਹਰ ਜਾਣ ਦਾ ਖਿਆਲ ਆਉਂਦਿਆਂ ਹੀ ਉਸ ਨੂੰ ਘਬਰਾਹਟ ਹੋਣ ਲੱਗ ਜਾਂਦੀ ਸੀ। ਬਾਹਰ ਜਾਣਾ ਨਹੀਂ ਸੀ ਚਾਹੁੰਦਾ, ਪੌੜੀਆਂ ਉਤਰਦਿਆਂ, ਪੈਰ ਫਿਸਲ ਗਿਆ, ਡਿਗ ਪਿਆ, ਅਧਰੰਗ ਹੋ ਗਿਆ। ਬਾਹਰ ਜਾਣਾ, ਬਾਜ਼ਾਰ ਜਾਣਾ ਸੰਭਵ ਨਾ ਰਿਹਾ। ਇਹ ਇਸ ਲਈ ਵਾਪਰਿਆ, ਕਿਉਂਕਿ ਉਸ ਨੇ ਅਚੇਤ ਪੱਧਰ 'ਤੇ ਚਾਹਿਆ ਸੀ ਕਿ ਬਾਹਰ ਨਾ ਜਾਣਾ ਪਵੇ, ਘਰੋਂ ਨਾ ਨਿਕਲਣਾ ਪਵੇ, ਲੈਣਦਾਰਾਂ ਦਾ ਸਾਹਮਣਾ ਨਾ ਕਰਨਾ ਪਏ।

ਇਸ ਪੱਖ ਤੋਂ ਅਧਰੰਗ ਉਸ ਨੂੰ ਹੋਇਆ ਨਹੀਂ ਸੀ, ਉਸ ਨੇ ਕਰਵਾ ਲਿਆ ਸੀ। ਮਨ ਬਾਹਰ ਜਾਣ ਤੋਂ ਘਬਰਾਉਂਦਾ ਸੀ, ਸਰੀਰ ਨੇ ਅਧਰੰਗ ਸਹੇੜ ਕੇ ਸਹਿਯੋਗ ਦਿੱਤਾ।

ਜਦੋਂ ਕਿਸੇ ਲੈਣੇਦਾਰ ਦਾ ਸੁਨੇਹਾ ਆਉਂਦਾ, ਉਹ ਇਹੀ ਕਹਿੰਦਾ: ਅਧਰੰਗ ਕਾਰਨ ਕੁਝ ਵੀ ਕਰਨ ਤੋਂ ਮਜਬੂਰ ਅਤੇ ਲਾਚਾਰ ਹਾਂ।

ਅਧਰੰਗ ਦੌਰਾਨ ਇਕ ਵਾਰੀ ਘਰ ਵਿਚ ਅੱਗ ਲੱਗ ਗਈ, ਸਾਰੇ ਨਿਕਲ ਗਏ, ਇਹ ਵੀ ਚੱਲ ਕੇ ਬਾਹਰ ਨਿਕਲ ਗਿਆ, ਅੱਗ ਕਾਰਨ ਭੁੱਲ ਹੀ ਗਿਆ ਕਿ ਉਸ ਨੂੰ ਅਧਰੰਗ ਸੀ।

ਬਾਹਰ ਜਾ ਕੇ ਲੋਕਾਂ ਦੀ ਭੀੜ ਵੇਖ ਕੇ ਯਾਦ ਆਇਆ ਕਿ ਮੈਂ ਤਾਂ ਅਨੇਕਾਂ ਦਾ ਉਧਾਰ ਮੋੜਨਾ ਹੈ, ਮੈਨੂੰ ਤਾਂ ਅਧਰੰਗ ਹੋ ਗਿਆ ਸੀ, ਫਿਰ ਡਿੱਗ ਪਿਆ।

ਹਰ ਕਿਸੇ ਨੇ ਕਿਹਾ ਅਧਰੰਗ ਹੋਇਆ, ਹੋਇਆ ਹੈ, ਡਿੱਗਣਾ ਹੀ ਸੀ।

ਅਜਿਹੇ ਅਧਰੰਗ ਦਾ ਇਲਾਜ ਸੰਭਵ ਨਹੀਂ, ਇਹ ਅਧਰੰਗ ਨਵੀਆਂ-ਨਵੀਆਂ ਅਲਾਮਤਾਂ ਉਪਜਾਉਂਦਾ ਰਹੇਗਾ।

ਜਦੋਂ ਤੱਕ ਉਹ ਬਾਜ਼ਾਰ ਜਾਣ ਦੀ ਹਿੰਮਤ ਨਹੀਂ ਕਰਦਾ, ਲੈਣੇਦਾਰਾਂ ਦਾ ਸਾਹਮਣਾ ਕਰਨ ਦਾ ਸਾਹਸ ਨਹੀਂ ਜੁਟਾਉਂਦਾ, ਸਰੀਰ ਰੋਗੀ ਹੀ ਰਹੇਗਾ।

199

ਜਿਸ ਚੀਜ਼ 'ਤੇ ਵੀ ਪਾਬੰਦੀ ਲਾਈ ਜਾਂਦੀ ਹੈ, ਉਸ ਦੇ ਚੰਗੀ-ਮਾੜੀ ਹੋਣ ਦਾ ਵਿਚਾਰ ਨਹੀਂ ਕੀਤਾ ਜਾਂਦਾ, ਪਾਬੰਦੀ ਹੋਣ ਕਰਕੇ ਪਾਬੰਦੀ ਉਸ ਦਾ ਵਿਰੋਧ ਹੁੰਦਾ ਹੈ।

ਸਵਾਜ਼ੀਲੈਂਡ ਨਾਂ ਦੇ ਦੇਸ਼ ਵਿਚ ਔਰਤਾਂ ਨੂੰ ਸ਼ਕਤੀਸ਼ਾਲੀ, ਆਧੁਨਿਕ ਅਤੇ ਅਗਾਂਹਵਧੂ ਬਣਾਉਣ ਵਾਸਤੇ, ਬੁਰਕਾ ਪਹਿਨਣ ਦੀ ਪਹਿਲਾਂ ਮਨਾਹੀ ਕੀਤੀ ਗਈ ਸੀ ਪਰ ਜਦੋਂ ਕੋਈ ਅਸਰ ਨਾ ਹੋਇਆ ਤਾਂ ਪਾਬੰਦੀ ਲਾਈ ਗਈ।

ਹੋਰ ਤਾਂ ਹੋਰ, ਔਰਤਾਂ ਨੇ ਹੀ ਬੁਰਕਾ ਹਟਾਉਣ ਦਾ ਵਿਰੋਧ ਕੀਤਾ।

ਜਦੋਂ ਉਸ ਹਾਕਮ ਦਾ ਤਖਤਾ ਪਲਟ ਦਿੱਤਾ ਗਿਆ ਤਾਂ ਔਰਤਾਂ ਨੇ ਇਸ ਨੂੰ ਆਪਣੀ ਵੱਡੀ ਸਫਲਤਾ ਦੱਸਿਆ ਅਤੇ ਉਹ ਫਿਰ ਬੁਰਕਾ ਪਹਿਨਣ ਲੱਗ ਪਈਆਂ।

www.quotesinpunjabi.ml

QuotesInPunjabi

200

ਜਦੋਂ ਮੈਂ ਪ੍ਰਸੰਨ ਸਾਂ, ਤਾਂ ਤੁਸੀਂ ਹੀ ਮੇਰੇ ਨਾਲ ਨੱਚੇ ਸੀ।

ਜਦੋਂ ਮੈਂ ਉਦਾਸ ਸਾਂ, ਤੁਸੀਂ ਹੀ ਮੇਰੇ ਅੱਥਰੂ ਪੂੰਝੇ ਸੀ।

ਜਦੋਂ ਮੈਂ ਗਵਾਚ ਗਿਆ ਸਾਂ, ਤੁਸੀਂ ਹੀ ਮੈਨੂੰ ਠੀਕ ਰਾਹ ਵਿਖਾਇਆ ਸੀ।

ਤੁਸੀਂ ਕਿਹਾ ਸੀ: ਨਵੇਂ ਰਾਹ ਉਨ੍ਹਾਂ ਨੂੰ ਹੀ ਲੱਭਦੇ ਹਨ, ਜਿਹੜੇ ਗਵਾਚ ਜਾਂਦੇ ਹਨ।

ਜਦੋਂ ਮੈਂ ਅਸਫਲ ਹੋਇਆ, ਤੁਸੀਂ ਕਿਹਾ ਸੀ ਆਪਣੀ ਯੋਗਤਾ ਵਿਚ ਭਰੋਸਾ ਰੱਖੋ।

ਜਦੋਂ ਮੇਰਾ ਮਨ ਸਾੜੇ ਅਤੇ ਈਰਖਾ ਨਾਲ ਭਰਿਆ ਹੋਇਆ ਸੀ ਤਾਂ ਤੁਸੀਂ ਸਾਵਧਾਨ ਕਰਦਿਆਂ ਕਿਹਾ ਸੀ: ਨਿਆਂਪੂਰਨ ਅਤੇ ਦਇਆਵਾਨ ਬਣੋ।

ਜਦੋਂ ਮੈਨੂੰ ਦਰਦ ਹੋ ਰਿਹਾ ਸੀ ਤਾਂ ਤੁਸੀਂ ਮੈਨੂੰ ਸੌਆ ਕੇ ਮੇਰਾ ਦਰਦ ਲੈ ਗਏ ਸੀ।

ਜਦੋਂ ਮੈਂ ਬਹੁਤ ਗੁੱਸੇ ਵਿਚ ਸੀ ਤਾਂ ਤੁਸੀਂ ਹੀ ਕਿਹਾ ਸੀ: ਕੀ ਮਰਨ ਦੀ ਮਰਜ਼ੀ ਹੈ ? ਤੁਸੀਂ ਗੁੱਸੇ ਨਾਲ ਬਰਬਾਦ ਹੋਣ ਤੋਂ ਪਹਿਲਾਂ, ਮੈਨੂੰ ਸਬਰ ਅਤੇ ਖਿਮਾ ਨਾਲ ਭਰ ਦਿੱਤਾ ਸੀ।

ਜਦੋਂ ਮੈਂ ਪਿਆਰ ਕਰਨਾ ਭੁੱਲਿਆ, ਤੁਸੀਂ ਪਿਆਰ ਕਰਕੇ ਕਿਹਾ: ਇਵੇਂ ਕਰੀਦਾ ਹੈ। ਜਦੋਂ ਮੈਂ ਥੱਕਿਆ ਹੋਇਆ ਸਾਂ ਤਾਂ ਤੁਸੀਂ ਮੈਨੂੰ ਹਿੰਮਤ ਅਤੇ ਸਾਹਸ ਨਾਲ ਭਰ ਦਿੱਤਾ ਸੀ।

ਜਦੋਂ ਮੈਂ ਯਤਨ ਕਰ ਰਿਹਾ ਸੀ, ਤੁਸੀਂ ਕਿਹਾ ਸੀ: ਆਪਣੀ ਜਿੱਤ ਵਿਚ ਨਿਸਚੇ ਨਾਲ, ਯਤਨ ਕਰੋ। ਤੁਸੀਂ ਹੀ ਮੈਨੂੰ ਸਫਲਤਾ ਵਿਚ ਨਿਮਾਣਾ ਬਣਨਾ ਸਿਖਾਇਆ ਸੀ।

ਮੇਰੀ ਹਾਰ ਵਿਚ ਤੁਸੀਂ ਹੀ ਮੇਰੀ ਪੱਤ ਰੱਖੀ ਸੀ।

ਜਦੋਂ ਮੈਂ ਡਿੱਗ ਪਿਆ ਸਾਂ ਤਾਂ ਤੁਸੀਂ ਮੈਨੂੰ ਉਠਾਇਆ ਹੀ ਨਹੀਂ ਸੀ, ਅਸਮਾਨ ਵੀ ਵਿਖਾਇਆ ਸੀ ਅਤੇ ਕਿਹਾ ਸੀ, ਉਥੇ ਪਹੁੰਚਣਾ ਹੈ।

ਜਦੋਂ ਮੈਂ ਉੱਚੇ ਗਗਨਾਂ ਵਿਚ ਉੱਡ ਰਿਹਾ ਸੀ ਤਾਂ ਤੁਸੀਂ ਯਾਦ ਕਰਵਾਇਆ ਸੀ ਕਿ ਥੱਲੇ ਧਰਤੀ ਨੂੰ ਨਹੀਂ ਭੁੱਲਣਾ।

ਹੇ ਪਰਮਾਤਮਾ! ਤੁਹਾਨੂੰ ਮੇਰੀ ਲੋੜ ਨਹੀਂ, ਮੈਨੂੰ ਤੁਹਾਡੀ ਲੋੜ ਹੈ।

ਕਿਸੇ ਵੀ ਹਾਲਤ ਵਿੱਚ ਮੇਰਾ ਤੁਹਾਡੇ ਬਿਨਾਂ ਗੁਜ਼ਾਰਾ ਨਹੀਂ।

201

ਜਦੋਂ ਰਵਿੰਦਰ ਨਾਥ ਟੈਗੋਰ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਿਆ ਤਾਂ ਬੰਗਾਲ ਦੇ ਸਨਕੀ, ਪਰੰਪਰਾਵਾਦੀ ਸਕੂਲ ਅਧਿਆਪਕ ਕਿਹਾ ਕਰਦੇ ਸਨ ਕਿ ਟੈਗੋਰ ਨੂੰ ਬੰਗਲਾ ਲਿਖਣੀ ਨਹੀਂ ਆਉਂਦੀ ਅਤੇ ਸਕੂਲਾਂ ਦੀ ਅੰਦਰਲੀ ਪ੍ਰੀਖਿਆ ਵਿਚ ਇਹ ਅਧਿਆਪਕ ਟੈਗੋਰ ਦੀ ਲਿਖਤ ਦਾ ਕੋਈ ਇਕ ਪੈਰ੍ਹਾ ਦਰਜ ਕਰਕੇ, ਵਿਦਿਆਰਥੀਆਂ ਨੂੰ ਉਹ ਪੈਰ੍ਹਾ, ਸ਼ੁੱਧ ਬੰਗਲਾ ਵਿਚ ਲਿਖਣ ਲਈ ਕਹਿੰਦੇ ਸਨ।

ਸ਼ੁੱਧ ਬੰਗਲਾ ਲਿਖਣ ਵਾਲੇ ਇਹ ਸਕੂਲ ਅਧਿਆਪਕ, ਸਕੂਲ ਅਧਿਆਪਕ ਹੀ ਰਹੇ ਅਤੇ ਅਸ਼ੁੱਧ ਬੰਗਲਾ ਲਿਖਣ ਵਾਲੇ ਟੈਗੋਰ ਨੂੰ ਨੋਬੇਲ ਪੁਰਸਕਾਰ ਮਿਲ ਗਿਆ।

www.quotesinpunjabi.ml

QuotesInPunjabi

202

ਵਿਕਾਸ ਕਰਨ ਦਾ ਅਵਸਰ ਹਰ ਕਿਸੇ ਨੂੰ ਮਿਲਦਾ ਹੈ ਪਰ ਲਾਭ ਉਠਾਉਣ ਦੀ ਯੋਗਤਾ-ਸਮਰੱਥਾ ਅਤੇ ਸੂਝ ਨਾ ਹੋਣ ਕਰਕੇ ਮਿਲੇ ਹੋਏ ਅਵਸਰ ਅਜਾਈਂ ਚਲੇ ਜਾਂਦੇ ਹਨ!

ਇਕ ਲੜਕਾ ਆਪਣੇ ਪਿੰਡ ਤੋਂ ਕਈ ਮੀਲ ਦੂਰ ਸਕੂਲ ਵਿਚ ਪੜ੍ਹਨ ਜਾਂਦਾ ਸੀ। ਉਹ ਲਾਇਕ ਅਤੇ ਹੋਣਹਾਰ ਸੀ। ਉਸ ਦਾ ਅਧਿਆਪਕ ਜਾਣਦਾ ਸੀ ਕਿ ਉਸ ਵਿਚ ਵੱਡੇ ਅਹੁਦੇ 'ਤੇ ਪਹੁੰਚਣ ਦੀਆਂ ਸੰਭਾਵਨਾਵਾਂ ਸਨ ਅਤੇ ਜੀਵਨ ਵਿਚ ਕੁਝ ਬਣ ਕੇ ਉਹ ਆਲੇ-ਦੁਆਲੇ ਦੀ ਨੁਹਾਰ ਬਦਲ ਸਕਦਾ ਸੀ।

ਸਕੂਲ ਦੇ ਇਮਤਿਹਾਨਾਂ ਦੇ ਨੇੜੇ, ਇਕ ਵਾਰੀ ਉਸ ਦਾ ਅਧਿਆਪਕ, ਉਸਦੇ ਘਰ ਗਿਆ ਅਤੇ ਪਿਤਾ ਨਾਲ ਉਸ ਦੇ ਪੁੱਤਰ ਦੇ ਚੰਗੇ ਭਵਿੱਖ ਦੀਆਂ ਗੱਲਾਂ ਕੀਤੀਆਂ ਅਤੇ ਕਿਹਾ ਕਿ ਉਹ ਚਾਹੁੰਦਾ ਸੀ ਕਿ ਆਉਣ-ਜਾਣ ਵਿਚ ਸਮਾਂ ਅਜਾਈਂ ਗੁਆਉਣ ਤੋਂ ਬਚਾਉਣ ਲਈ, ਲੜਕਾ ਉਸ ਦੇ ਘਰ ਰਹਿ ਕੇ ਤਿਆਰੀ ਕਰੇ। ਅਧਿਆਪਕ ਨੇ ਸਾਰਾ ਖਰਚ ਆਪ ਬਰਦਾਸ਼ਤ ਕਰਨ ਦੀ ਪੇਸ਼ਕਸ਼ ਵੀ ਕੀਤੀ।

ਕੁਝ ਦਿਨਾਂ ਦੀ ਹੀ ਗੱਲ ਸੀ ਪਰ ਪਿਤਾ ਨੇ ਪਿੰਡ ਦੇ ਕਿਸੇ ਜਾਣੂ ਨਾਲ ਗੱਲ ਕੀਤੀ, ਜਿਸ ਨੇ ਸਾਰੀ ਗੱਲ ਸੁਣ ਕੇ ਸਲਾਹ ਦਿੱਤੀ: ਬਿਲਕੁਲ ਨਾ ਭੇਜੀਂ, ਸਗੋਂ ਸਕੂਲੋਂ ਹੀ ਹਟਾ ਲੈ। ਮਾਸਟਰ ਤੇਰੀ ਜ਼ਮੀਨ ਵੇਖ ਗਿਆ ਹੈ। ਮੁੰਡਾ ਉਸ ਨੇ ਮੋੜਨਾ ਨਹੀਂ ਅਤੇ ਇਸ ਨਾਲ ਆਪਣੀ ਕੁੜੀ ਵਿਆਹ ਦੇਵੇਗਾ।

ਪਿਤਾ ਨੇ ਅਧਿਆਪਕ ਦੀ ਗੱਲ ਨਹੀਂ ਮੰਨੀ, ਪਿੰਡ ਦੇ 'ਸਿਆਣੇ' ਜਾਣੂ ਦੀ ਮੰਨ ਲਈ। ਜਿਸ ਲੜਕੇ ਵਿਚ ਪੜ੍ਹ ਕੇ ਡਾਕਟਰ-ਇੰਜੀਨੀਅਰ ਬਣਨ ਦੀਆਂ ਸੰਭਾਵਨਾਵਾਂ ਸਨ, ਉਹ ਅੱਜ ਕੱਲ੍ਹ ਘਰ-ਘਰ ਜਾ ਕੇ ਪਾਣੀ ਦੀ ਮਿਲਾਵਟ ਵਾਲਾ ਦੁੱਧ ਪਾਉਂਦਾ ਹੈ।

203

ਇਕ ਇਸਤਰੀ ਦੱਸ ਰਹੀ ਸੀ ਕਿ ਉਸਦੇ ਜੁੜਵੇਂ ਦੋ ਪੁੱਤਰ ਹਨ: ਮੈਂ ਉਨ੍ਹਾਂ ਦੇ ਪੋਤੜੇ ਧੋਂਦੀ ਅਤੇ ਬੋਤਲਾਂ ਹੀ ਬਦਲਦੀ ਰਹਿੰਦੀ ਹਾਂ।

ਇਕ ਚੁੱਪ ਕਰਦਾ ਹੈ, ਦੂਜਾ ਰੋਣ ਲੱਗ ਪੈਂਦਾ ਹੈ।

ਸਹੇਲੀ ਨੇ ਕਿਹਾ ਧੀਰਜ ਰੱਖ, ਵੱਡੇ ਹੋ ਕੇ ਇਕ-ਦੂਜੇ ਨਾਲ ਖੇਡਿਆ ਕਰਨਗੇ।

ਖੇਡਦੇ ਹਨ, ਦੋ ਮਿੰਟ ਵਾਸਤੇ, ਤੀਜੇ ਮਿੰਟ ਵੱਖਰੇ ਕਰਨੇ ਪੈਂਦੇ ਹਨ। ਮੈਨੂੰ ਤਾਂ ਡਰ ਹੀ ਲਗਦਾ ਰਹਿੰਦਾ ਹੈ, ਕਿਧਰੇ ਇਕ-ਦੂਜੇ ਨੂੰ ਮਾਰ ਹੀ ਨਾ ਦੇਣ, ਕਿਉਂਕਿ ਮਗਰੋਂ ਜਨਮ ਲੈਣ ਵਾਲਾ, ਪਹਿਲੇ ਨਾਲੋਂ ਖੁੰਖਾਰ ਹੈ।

ਧੀਰਜ ਰੱਖ, ਥੋੜ੍ਹੇ ਜਿਹੇ ਵੱਡੇ ਹੋ ਕੇ ਇਕ-ਦੂਜੇ ਦੇ ਸਾਥੀ ਬਣ ਜਾਣਗੇ।

ਸਾਥੀ ਬਣ ਗਏ ਹਨ ਪਰ ਹਰ ਵੇਲੇ ਮੇਰੇ ਵਿਰੁੱਧ ਹੀ ਮੋਰਚਾ ਖੋਲ੍ਹੀ ਰੱਖਦੇ ਹਨ। ਇਕ ਨੂੰ ਕੁਝ ਕਹਾਂ, ਦੂਜਾ ਮੁੱਕਾ ਤਾਣ ਕੇ ਖਲੋ ਜਾਂਦਾ ਹੈ। ਮੈਂ ਦੂਜੇ ਨਾਲ ਸਿੱਝਣ ਵਾਸਤੇ ਪਹਿਲੇ ਨੂੰ ਭੁੱਲ ਜਾਂਦੀ ਹਾਂ। ਦੋਵੇਂ ਆਪਣੀਆਂ ਸ਼ਿਕਾਇਤਾਂ ਦੁੱਗਣੀਆਂ ਕਰਕੇ, ਦੋ-ਦੋ ਵਾਰੀ ਦਸਦੇ ਹਨ। ਮੈਂ ਇਕ ਨਾਲ ਇਨਸਾਫ਼ ਕਰਨ ਲਗਦੀ ਹਾਂ, ਦੂਜਾ ਭੜਕ ਉਠਦਾ ਹੈ।

www.quotesinpunjabi.ml

QuotesInPunjabi

ਦੱਵੇ ਰੱਲ ਕੇ ਮੈਨੂੰ ਹਰਾ ਦਿੰਦੇ ਹਨ। ਸ਼ਾਂਤੀ ਕਿੱਥੇ ਹੈ, ਇਹ ਤਾਂ ਦੂਹਰੀ ਮੁਸੀਬਤ ਹਨ, ਕੋਈ ਆ ਕੇ ਵੇਖੇ, ਇਹ ਬੱਚੇ ਹਨ ਕਿ ਬੰਬ।

ਪਰ ਜੇ ਇਹ ਮੈਨੂੰ ਦਿਸਣ ਨਾ, ਤਾਂ ਮੈਨੂੰ ਕੁਝ ਹੋਣ ਲੱਗ ਪੈਂਦਾ ਹੈ।

204

ਕੰਮ ਅਤੇ ਕਸਰਤ ਵਿੱਚ ਅੰਤਰ ਹੁੰਦਾ ਹੈ।

ਕਸਰਤ ਸਾਨੂੰ ਤਰੋ-ਤਾਜ਼ਾ ਕਰਦੀ ਹੈ, ਕਸਰਤ ਨਾਲ ਤਾਕਤ ਉਪਜਦੀ ਹੈ।

ਕੰਮ ਵਿਚ ਇਹ ਖਰਚ ਹੁੰਦੀ ਹੈ। ਕੰਮ ਉਹ ਹੁੰਦਾ ਹੈ, ਜਿਹੜਾ ਅਸੀਂ ਰੋਜ਼ ਕਰਦੇ ਹਾਂ, ਕਰਨਾ ਪੈਂਦਾ ਹੈ, ਕੰਮ ਉਪਜੀਵਕਾ ਦਾ ਸਾਧਨ ਹੈ।

ਕਸਰਤ ਸਾਡੀ ਆਪਣੀ ਮਰਜ਼ੀ ਹੁੰਦੀ ਹੈ, ਇਸਦੇ ਕਰਨ, ਨਾ-ਕਰਨ ਦਾ ਨਿਰਣਾ ਅਸੀਂ ਕਰਦੇ ਹਾਂ। ਕਸਰਤ ਦੀ ਮਜਬੂਰੀ ਨਹੀਂ ਹੁੰਦੀ, ਕਸਰਤ ਕਰਨੀ ਚੰਗੀ ਲਗਦੀ ਹੈ।

ਜੋ ਕੋਈ ਡਾਕੀਏ ਵਾਂਗ ਸਾਰਾ ਦਿਨ ਦੂਰ ਤੱਕ ਟੁਰ ਕੇ ਜਾਂਦਾ ਹੈ ਜਾਂ ਮਜ਼ਦੂਰ ਵਾਂਗ ਬੋਝ ਚੁੱਕਦਾ ਹੈ, ਇਸ ਦਾ ਅਰਥ ਇਹ ਨਹੀਂ ਕਿ ਉਹ ਕਸਰਤ ਵੀ ਕਰ ਰਿਹਾ ਹੈ।

ਡਾਕੀਆ ਸਾਰਾ ਦਿਨ ਆਪਣੇ ਟੁਰਨ ਨੂੰ ਸੈਰ ਨਹੀਂ ਕਹਿ ਸਕਦਾ, ਕਿਉਂਕਿ ਉਸਨੂੰ ਕੰਮ ਮੁਕਾਉਣ ਦੀ ਨਿਰੰਤਰ ਚਿੰਤਾ ਹੁੰਦੀ ਹੈ।

ਕਸਰਤ ਕਰਨ ਦੀ ਚਿੰਤਾ ਨਹੀਂ ਹੁੰਦੀ, ਖੁਸ਼ੀ ਮਿਲਦੀ ਹੈ।

ਕੰਮ ਨੂੰ ਵਿਸ਼ੇਸ਼ ਢੰਗ ਨਾਲ ਕਰਨ ਦੀ ਮਜਬੂਰੀ ਹੁੰਦੀ ਹੈ।

ਕਸਰਤ ਦੀ ਮਜਬੂਰੀ ਨਹੀਂ ਹੁੰਦੀ, ਇਹ ਜਿਵੇਂ ਚਾਹੀਏ ਕੀਤੀ ਜਾ ਸਕਦੀ ਹੈ।

ਕੰਮ ਆਪਣੇ-ਆਪ ਵਿਚ ਇਕ ਉਦੇਸ਼ ਹੈ, ਕਮਾਈ ਦਾ ਸਾਧਨ ਹੈ, ਜਦੋਂ ਕਿ ਕਸਰਤ ਦਾ ਕੋਈ ਉਦੇਸ਼ ਨਹੀਂ ਹੁੰਦਾ, ਪ੍ਰਸੰਨਤਾ ਅਤੇ ਸ਼ਕਤੀ ਇਸ ਦੇ ਫਲ ਹੁੰਦੇ ਹਨ।

ਜੋ ਸਾਰਾ ਦਿਨ ਕਸਰਤ ਕਰੋਗੇ, ਉਹ ਕੰਮ ਬਣ ਜਾਵੇਗਾ, ਥਕਾ ਦੇਵੇਗਾ।

ਕੰਮ ਪੈਸੇ ਕਮਾਉਣ ਲਈ ਕੀਤਾ ਜਾਂਦਾ ਹੈ, ਕਸਰਤ ਖੁਸ਼ਹਾਲੀ ਦੇ ਅਨੁਭਵ ਅਤੇ ਉਸਾਰੂ ਦ੍ਰਿਸ਼ਟੀ ਲਈ ਕੀਤੀ ਜਾਂਦੀ ਹੈ।

ਜੇ ਲਗਭਗ ਇਕ ਘੰਟੇ ਤੋਂ ਵੱਧ ਕਸਰਤ ਕਰੋਗੇ, ਉਹ ਕੰਮ ਬਣ ਜਾਵੇਗਾ।

ਜਿਮ ਚਲਾਉਣ ਵਾਲੇ ਕੰਮ ਕਰਦੇ ਹਨ, ਉਥੇ ਆਉਣ ਵਾਲੇ ਕਸਰਤ ਕਰਦੇ ਹਨ।

ਕੰਮ ਵੇਲੇ ਕੰਮ ਕਰਨ ਨਾਲ ਅਮੀਰੀ ਮਿਲੇਗੀ, ਜੀਵਨ-ਪੱਧਰ ਸੁਧਰੇਗਾ।

ਕਸਰਤ ਵੇਲੇ, ਕਸਰਤ ਕਰਨ ਨਾਲ, ਤੰਦਰੁਸਤੀ ਮਿਲੇਗੀ, ਖੁਸ਼ਹਾਲੀ ਆਵੇਗੀ।

205

ਦਰਦ ਹੋ ਰਿਹਾ ਹੈ, ਬੜਾ ਦਰਦ ਹੋ ਰਿਹਾ ਹੈ, ਪਰੇਸ਼ਾਨ ਕਰ ਰਿਹਾ ਹੈ। ਸ਼ਾਇਦ ਦਿਲ ਦਾ ਦੌਰਾ ਪੈ ਗਿਆ ਹੈ। ਡਾਕਟਰ ਆਉਂਦਾ ਹੈ, ਪਰਖ ਕਰਕੇ ਦਵਾਈ ਮੰਗਵਾਉਂਦਾ ਹੈ, ਦੱਸਦਾ ਹੈ, ਤਿੰਨ ਦਿਨ ਵਿਚ ਪੂਰੀ ਤਰ੍ਹਾਂ ਠੀਕ ਹੋ ਜਾਵੋਗੇ।

www.quotesinpunjabi.ml

QuotesInPunjabi

ਇਹ ਸੁਣ ਕੇ ਹੀ ਦਰਦ ਘੱਟ ਜਾਂਦਾ ਹੈ, ਸਹਿਣਯੋਗ ਹੋ ਜਾਂਦਾ ਹੈ।
ਪਹਿਲਾਂ ਡੌਖਲਾ ਸੀ ਕਿ ਇਹ ਦਰਦ ਮੌਤ ਦਾ ਕਾਰਨ ਬਣੇਗਾ।
ਮੌਤ ਦਾ ਡਰ ਨਿਕਲ ਗਿਆ ਹੈ, ਜਿਉਣ ਦੀ ਆਸ ਬੱਝ ਗਈ ਹੈ।
ਪਹਿਲਾਂ ਮੌਤ ਦਾ ਤੌਖਲਾ ਸੀ, ਹੁਣ ਜ਼ਿੰਦਗੀ ਦਾ ਹੁੰਗਾਰਾ ਹੈ।

206

ਮੇਰਾ ਇਕ ਮਿੱਤਰ ਕਹਿ ਰਿਹਾ ਸੀ: ਜਦੋਂ ਤੱਕ ਸਕੂਲ ਦੇ ਸਿੱਲੇਬਸ ਵਿਚ ਅਲਜਬਰਾ ਰਹੇਗਾ, ਬੱਚੇ ਸਕੂਲ ਵਿਚ ਸਵੇਰੇ ਪ੍ਰਾਰਥਨਾ ਕਰਦੇ ਰਹਿਣਗੇ।

ਸਕੂਲ ਵਿਚ ਪੜ੍ਹਦਿਆਂ, ਨੌਵੀਂ ਜਮਾਤ ਵਿਚ ਉਸਨੂੰ ਅਲਜਬਰਾ ਬੜਾ ਔਖਾ ਲੱਗਦਾ ਸੀ। ਇਹ ਉਸਦੀ ਸਭ ਤੋਂ ਵੱਡੀ ਮੁਸ਼ਕਲ ਬਣ ਗਿਆ ਸੀ। ਅਲਜਬਰਾ ਪੜ੍ਹਦਿਆਂ ਉਸਦੀਆਂ ਅੱਖਾਂ ਅੱਗੇ ਧੁੰਦ ਜਿਹੀ ਪਸਰ ਜਾਂਦੀ ਸੀ, ਜਿਸੇ ਘਬਰਾਹਟ ਵਿਚ ਇਧਰ-ਉਧਰ ਹੁੰਦੇ ਵਿਖਾਈ ਦਿੰਦੇ ਸਨ। ਇਸ ਤੋਂ ਬਚਣ ਦਾ ਉਸ ਨੇ ਹਰ ਉਪਰਾਲਾ ਕੀਤਾ। ਅਲਜਬਰਾ ਨਾ ਆਉਣ ਕਾਰਨ, ਨਾ ਉਹ ਡਾਕਟਰ ਬਣ ਸਕਿਆ ਨਾ ਹੀ ਇੰਜੀਨੀਅਰ।

ਉਸਨੂੰ ਜ਼ਿੰਦਗੀ ਦੇ ਸਾਰੇ ਦਰਵਾਜ਼ੇ ਬੰਦ ਨਜ਼ਰ ਆਉਂਦੇ ਸਨ।

ਉਹ ਚੰਗੇ ਜ਼ਮਾਨੇ ਸਨ, ਉਦੋਂ ਅਲਜਬਰੇ ਦੀ ਸਮਝ ਤੋਂ ਬਿਨਾਂ ਵੀ ਰੁਜ਼ਗਾਰ ਮਿਲ ਜਾਂਦਾ ਸੀ। ਉਸ ਨੂੰ ਵੀ ਗੁਜ਼ਾਰੇ ਜੋਗਾ ਰੁਜ਼ਗਾਰ ਮਿਲ ਗਿਆ ਸੀ।

ਅਲਜਬਰੇ ਦਾ ਡਰ ਉਸ ਅੰਦਰ ਪੀੜ੍ਹਾ ਡਾਹ ਕੇ ਬਹਿ ਗਿਆ ਸੀ।

ਇਕ ਦਿਨ ਉਸ ਨੇ ਵੇਖਿਆ, ਛੇਵੀਂ ਵਿਚ ਪੜ੍ਹਦਾ ਉਸਦਾ ਬੇਟਾ, ਅਲਜਬਰੇ ਦੀ ਕਿਤਾਬ ਪੜ੍ਹ ਰਿਹਾ ਸੀ। ਉਸਨੂੰ ਲੱਗਿਆ ਕਿ ਇਤਿਹਾਸ ਦੁਹਰਾਇਆ ਜਾਵੇਗਾ, ਉਸ ਵਾਂਗ ਪੁੱਤਰ ਵੀ ਫਾਡੀ ਸਿੱਧ ਹੋਵੇਗਾ। ਪੁੱਤਰ ਕੋਲ ਅਲਜਬਰੇ ਦੀ ਕਿਤਾਬ ਵੇਖ ਕੇ ਉਹ ਝੰਜੋੜਿਆ ਗਿਆ। ਆਪਣੇ ਬੇਟੇ ਦੇ ਚਿਹਰੇ ਦੇ ਹਾਵ-ਭਾਵ ਉਹ ਬੜੇ ਧਿਆਨ ਨਾਲ ਵੇਖ ਰਿਹਾ ਸੀ। ਲੱਗ ਰਿਹਾ ਸੀ, ਜੋ ਪਿਤਾ ਦੀ ਹਾਲਤ ਹੋਈ ਸੀ, ਉਹੀ ਹੁਣ ਪੁੱਤਰ ਦੀ ਹੋਵੇਗੀ।

ਡਰਦਿਆਂ-ਡਰਦਿਆਂ, ਉਸਨੇ ਪੁੱਛਿਆ: ਅਲਜਬਰਾ ਬੜਾ ਔਖਾ ਲੱਗਦਾ ਹੋਵੇਗਾ। ਪੁੱਤਰ ਨੇ ਕਿਹਾ: ਨਹੀਂ, ਇਹ ਤਾਂ ਬੜਾ ਦਿਲਚਸਪ ਹੈ। ਉਸਨੂੰ ਲੱਗਿਆ ਪੁੱਤਰ ਝੂਠ ਬੋਲ ਰਿਹਾ ਸੀ। ਜਦੋਂ ਪਿਤਾ ਨੇ ਉਸਨੂੰ ਐਵੇਂ ਹੀ ਇਕ ਪ੍ਰਸ਼ਨ ਹੱਲ ਕਰਨ ਲਈ ਕਿਹਾ ਤਾਂ ਉਸ ਨੇ ਤਿੰਨ ਲਾਈਨਾਂ ਲਿਖ ਕੇ ਸਹੀ ਜਵਾਬ ਬੋਲ ਦਿੱਤਾ, ਜਿਹੜਾ ਪਿਤਾ ਨੇ ਪੁਸਤਕ ਦੇ ਅੰਤ 'ਤੇ ਛਪੇ ਜਵਾਬ ਨਾਲ ਮਿਲਾਇਆ ਅਤੇ ਸਹੀ ਪਾਇਆ।

ਨਾਲ ਹੀ ਪੁੱਤਰ ਨੇ ਕਿਹਾ: ਸਾਡੇ ਟੀਚਰ ਕਹਿੰਦੇ ਹਨ ਕਿ ਅਲਜਬਰਾ ਕੇਵਲ ਉਲ੍ਲੂਆਂ ਨੂੰ ਔਖਾ ਲੱਗਦਾ ਹੈ। ਇਹ ਅਪਮਾਨ ਪਿਤਾ ਨੇ ਖਿੜੇ-ਮੱਥੇ ਸਵੀਕਾਰ ਕਰ ਲਿਆ ਸੀ, ਕਿਉਂਕਿ ਉਸਦੇ ਮਨ ਵਿਚ, ਦਹਾਕਿਆਂ ਤੋਂ ਬੈਠਾ ਡਰ ਨਿਕਲ ਗਿਆ ਸੀ।

ਮੇਰਾ ਮਿੱਤਰ ਆਪਣੇ ਪਿਤਾ ਦਾ ਲਾਇਕ ਪੁੱਤਰ ਸਾਬਤ ਨਹੀਂ ਸੀ ਹੋਇਆ ਪਰ ਉਸਦੇ ਬੇਟੇ ਨੇ, ਉਸਨੂੰ ਇਕ ਲਾਇਕ ਪੁੱਤਰ ਦਾ ਪਿਤਾ ਹੋਣ ਦਾ ਮਾਣ ਦਿੱਤਾ ਸੀ।

www.quotesinpunjabi.ml

QuotesInPunjabi

207

ਮੇਰੇ ਸਾਥੀ ਅਧਿਆਪਕ ਦੀਆਂ ਕਿਤਾਬਾਂ ਉਸ ਦੇ ਮੇਜ਼ ਤੋਂ ਗਾਇਬ ਹੋ ਗਈਆਂ ਸਨ। ਉਹ ਬੜਾ ਪਰੇਸ਼ਾਨ ਸੀ। ਅਗਲੇ ਦਿਨ ਸਵੇਰੇ ਉਸ ਦੀ ਕਲਾਸ ਸੀ।

ਉਸ ਨੇ ਕਲਾਸ ਨੂੰ ਕਿਹਾ: ਮੇਰੇ ਮੇਜ਼ ਤੋਂ ਕਿਸੇ ਨੇ ਗਲਤੀ ਨਾਲ ਮੇਰੀਆਂ ਤਿੰਨ ਕਿਤਾਬਾਂ ਚੁੱਕ ਲਈਆਂ ਹਨ। ਜੇ ਕਿਸੇ ਨੂੰ ਕਿਤਾਬਾਂ ਦੀ ਲੋੜ ਹੈ ਤਾਂ ਮੈਂ ਆਪਣੇ ਪੈਸਿਆਂ ਨਾਲ, ਨਵੀਆਂ ਖਰੀਦ ਕੇ ਭੇਟ ਕਰਨ ਵਿਚ ਮਾਣ ਮਹਿਸੂਸ ਕਰਾਂਗਾ ਪਰ ਇਸ ਨਿੱਕੀ ਜਿਹੀ ਹਰਕਤ ਕਾਰਨ, ਅੱਗੋਂ ਤੁਹਾਡੇ 'ਤੇ ਭਰੋਸਾ ਨਾ ਕਰਨ ਦਾ ਖਿਆਲ, ਮੈਨੂੰ ਸ਼ਰਮਸਾਰ ਕਰ ਰਿਹਾ ਹੈ ਅਤੇ ਇਸ ਸੰਤਾਪ ਕਾਰਨ ਮੈਂ ਰਾਤੀਂ ਸੌਂ ਨਹੀਂ ਸਕਿਆ।

ਅਗਲੇ ਦਿਨ, ਉਸ ਦੇ ਪਹੁੰਚਣ ਤੋਂ ਪਹਿਲਾਂ, ਕਿਤਾਬਾਂ ਮੇਜ਼ 'ਤੇ ਪਈਆਂ ਸਨ ਅਤੇ ਇਕ ਚਿੱਟ ਲੱਗੀ ਹੋਈ ਸੀ: ਅੱਗੇ ਤੋਂ ਇਵੇਂ ਕਦੇ ਨਹੀਂ ਹੋਵੇਗਾ। ਜੇ ਤੁਸੀਂ ਇਸ ਘਟਨਾ ਨੂੰ ਭੁੱਲ ਸਕੋ, ਇਹ ਤੁਹਾਡਾ ਮੋਹ 'ਤੇ, ਸਾਡੇ ਸਾਰਿਆਂ 'ਤੇ ਉਪਕਾਰ ਅਤੇ ਅਹਿਸਾਨ ਹੋਵੇਗਾ।

208

ਤੈਰਾਕੀ ਸਿੱਖਣਾ ਬੜਾ ਵੱਡਾ ਤਜਰਬਾ ਹੁੰਦਾ ਹੈ। ਸਾਈਕਲ ਚਲਾਉਣਾ, ਸਿਲਾਈ ਦੀ ਮਸ਼ੀਨ ਚਲਾਉਣੀ, ਗੋਲ ਫੁਲਕਾ ਬਣਾਉਣਾ ਸਿੱਖਣਾ ਵੀ, ਵੱਡੇ ਤਜਰਬੇ ਹਨ।

ਗਲਤੀਆਂ ਹੋ ਜਾਂਦੀਆਂ ਹਨ, ਗਲਤੀਆਂ ਤੋਂ ਬਚਦਿਆਂ ਹੋਰ ਗਲਤੀਆਂ ਹੋ ਜਾਂਦੀਆਂ ਹਨ ਅਤੇ ਹੋਈ ਹੀ ਜਾਂਦੀਆਂ ਹਨ।

ਜਦੋਂ ਬਹੁਤ ਗਲਤੀਆਂ ਹੋ ਜਾਣ ਅਤੇ ਹੋਈ ਜਾਣ ਤਾਂ ਅਸੀਂ ਤੈਰਾਕੀ ਸਿੱਖਣ ਜਾਂ ਸਾਈਕਲ ਚਲਾਉਣੀ ਸਿੱਖਣ ਦਾ ਵਿਚਾਰ ਤਿਆਗਣ ਬਾਰੇ ਸੋਚਣ ਲੱਗ ਪੈਂਦੇ ਹਾਂ।

ਇਹ ਬੜਾ ਮਹੱਤਵਪੂਰਨ ਪੜਾਓ ਹੁੰਦਾ ਹੈ। ਜਦੋਂ ਸਾਰੀਆਂ ਗਲਤੀਆਂ ਹੋ ਚੁਕੀਆਂ ਹੁੰਦੀਆਂ ਹਨ ਤਾਂ ਅਸੀਂ ਤੈਰਨ ਲੱਗ ਪੈਂਦੇ ਹਾਂ, ਸਾਈਕਲ ਚਲਾਉਣੀ ਆ ਜਾਂਦੀ ਹੈ, ਸਿਲਾਈ ਸਿੱਧੀ ਹੋਣ ਲਗ ਪੈਂਦੀ ਹੈ। ਅਸੀਂ ਹੱਥ ਛੱਡ ਕੇ ਸਾਈਕਲ ਚਲਾਉਣ ਲੱਗ ਪੈਂਦੇ ਹਾਂ, ਗੱਲਾਂ ਕਰਨ ਦੇ ਬਾਵਜੂਦ ਫੁਲਕਾ ਗੋਲ ਹੋਣ ਲੱਗ ਪੈਂਦਾ ਹੈ, ਸਿਲਾਈ ਦੀ ਮਸ਼ੀਨ ਦੌੜਨ ਲੱਗ ਪੈਂਦੀ ਹੈ, ਤੈਰਾਕੀ ਦੇ ਮੁਕਾਬਲੇ ਵਿਚ ਹੋਰਾਂ ਨੂੰ ਅਸੀਂ ਪਛਾੜ ਦਿੰਦੇ ਹਾਂ।

ਜ਼ਿੰਦਗੀ ਵਿਚ ਵੀ ਇਵੇਂ ਵਾਪਰਦਾ ਹੈ। ਗਲਤੀਆਂ ਦੇ ਅਖੀਰ 'ਤੇ ਸਫਲਤਾ ਮੁਸਕਰਾ ਰਹੀ ਹੁੰਦੀ ਹੈ, ਇਨ੍ਹਾਂ ਗਲਤੀਆਂ ਦੇ ਪਾਰ ਜ਼ਿੰਦਗੀ ਦੀ ਮਾਲ-ਰੋਡ ਹੁੰਦੀ ਹੈ।

209

ਪੈਸੇ ਨਾਲ ਮਕਾਨ ਉਸਾਰਿਆ-ਖਰੀਦਿਆ ਜਾ ਸਕਦਾ ਹੈ, ਘਰ ਨਹੀਂ। ਮਹਿੰਗੀ ਘੜੀ ਖਰੀਦੀ ਜਾ ਸਕਦੀ ਹੈ, ਕੀਮਤੀ ਵਕਤ ਨਹੀਂ। ਇਸ ਨਾਲ ਉੱਚਾ ਅਹੁਦਾ ਪ੍ਰਾਪਤ ਕੀਤਾ ਜਾ ਸਕਦਾ ਹੈ, ਸਤਿਕਾਰ ਨਹੀਂ। ਇਸ ਨਾਲ ਦਵਾਈਆਂ ਖਰੀਦੀਆਂ ਜਾ ਸਕਦੀਆਂ ਹਨ, ਸਿਹਤ ਨਹੀਂ। ਇਸ ਨਾਲ ਕਿਤਾਬਾਂ ਮਿਲ ਜਾਣਗੀਆਂ, ਗਿਆਨ ਨਹੀਂ। ਇਸ ਨਾਲ

www.quotesinpunjabi.ml

QuotesInPunjabi

ਗੱਦੇ ਖਰੀਦੇ ਜਾ ਸਕਦੇ ਹਨ, ਨੀਂਦਰ ਨਹੀਂ। ਇਸ ਨਾਲ ਖੂਨ ਖਰੀਦਿਆ ਜਾ ਸਕਦਾ ਹੈ, ਜ਼ਿੰਦਗੀ ਨਹੀਂ। ਇਸ ਨਾਲ ਹੁਸਨ ਖਰੀਦਿਆ ਜਾ ਸਕਦਾ ਹੈ, ਵਫ਼ਾ ਨਹੀਂ।

ਜਿਹੜੀਆਂ ਚੀਜ਼ਾਂ ਮਨੁੱਖ ਨੂੰ ਤਸੱਲੀ, ਖੁਸ਼ੀ ਅਤੇ ਆਨੰਦ ਦਿੰਦੀਆਂ ਹਨ, ਉਹ ਕਿਧਰੇ ਵਿਕਦੀਆਂ ਨਹੀਂ। ਕਿਉਂਕਿ ਇਹ ਕਿਧਰੇ ਵਿਕਦੀਆਂ ਨਹੀਂ, ਇਸ ਲਈ ਇਹ ਖਰੀਦੀਆਂ ਵੀ ਨਹੀਂ ਜਾ ਸਕਦੀਆਂ।

210

ਅੱਧਖੜ ਉਮਰ ਦੀਆਂ ਨਿਸ਼ਾਨੀਆਂ:

ਜਦੋਂ ਧੀਆਂ-ਪੁੱਤਰ ਤੁਹਾਡੇ ਨਵੇਂ ਕੱਪੜੇ ਅਤੇ ਹੋਰ ਚੀਜ਼ਾਂ ਵਰਤਣ ਲੱਗ ਪੈਣ।

ਜਦੋਂ ਤੁਸੀਂ ਆਪਣੇ ਚੰਗੇ-ਸਸਤੇ ਜ਼ਮਾਨੇ ਦੀਆਂ ਗੱਲਾਂ ਸੁਣਾਉਣ ਲੱਗ ਜਾਵੋ।

ਜਦੋਂ ਬਾਜ਼ਾਰ ਵਿਚ ਬੱਚੇ, ਅੰਕਲ-ਆਂਟੀ ਕਹਿਣ ਲੱਗ ਪੈਣ।

ਜਦੋਂ ਨਵਾਂ ਸੰਗੀਤ, ਰੌਲਾ ਪ੍ਰਤੀਤ ਹੋਣ ਲੱਗ ਪਏ।

ਜਦੋਂ ਦਫ਼ਤਰ ਜਾਂ ਕੰਪਨੀ ਵਿਚ ਨਵੀਂ ਭਰਤੀ ਹੋਣ ਲੱਗ ਪਏ ਅਤੇ ਜਾਣੀਆਂ-ਪਛਾਣੀਆਂ ਸੂਰਤਾਂ ਦੇ ਮੁਕਾਬਲੇ, ਵਧੇਰੇ ਨਵੀਆਂ ਸ਼ਕਲਾਂ ਦਿਸਣ ਲੱਗ ਪੈਣ।

ਜਦੋਂ ਗਲਬਾਤ ਕਰਦਿਆਂ ਪਤਾ ਲੱਗੇ ਕਿ ਨਵਾਂ ਕਰਮਚਾਰੀ, ਉਸ ਸਾਲ ਜੰਮਿਆ ਸੀ, ਜਿਸ ਸਾਲ ਤੁਸੀਂ ਨੌਕਰੀ ਕਰਨੀ ਆਰੰਭ ਕੀਤੀ ਸੀ।

ਜਦੋਂ ਆਪਣੇ ਜਮਾਤੀਆਂ ਦੇ ਆਉਣ 'ਤੇ ਬੱਚੇ ਚਾਹੁਣ ਕਿ ਤੁਸੀਂ ਸੈਰ ਕਰ ਆਓ ਜਾਂ ਆਪਣੇ ਕਮਰੇ ਵਿਚ ਆਰਾਮ ਕਰੋ।

ਜਦੋਂ ਕੋਈ ਆਪਣੀ ਬੀਮਾਰੀ ਨੂੰ ਵੇਰਵਿਆਂ ਨਾਲ ਦੱਸਣ ਲੱਗ ਪਏ।

ਜਦੋਂ ਅਧਿਕ ਰੌਸ਼ਨੀ ਵਿਚ ਸ਼ੀਸ਼ੇ ਵਿਚ ਵੇਖਣਾ ਚੰਗਾ ਨਾ ਲੱਗੇ।

ਜਦੋਂ ਤੁਸੀਂ ਮਹਿੰਗਾਈ ਦੀਆਂ ਗੱਲਾਂ ਕਰਦਿਆਂ ਦਸੋ ਕਿ ਤੁਹਾਡੇ ਜ਼ਮਾਨੇ ਵਿਚ ਜਿਤਨੇ ਦੀ ਪਾਰਟੀ ਹੋ ਜਾਂਦੀ ਸੀ, ਉਤਨੇ ਦਾ ਤਾਂ ਹੁਣ ਇਕ ਸਮੋਸਾ ਵੀ ਨਹੀਂ ਆਉਂਦਾ

ਜਦੋਂ ਤੁਸੀਂ ਉਨ੍ਹਾਂ ਕੱਪੜਿਆਂ ਨੂੰ ਹਸਰਤ ਨਾਲ ਵੇਖਦੇ ਹੋ, ਜਿਹੜੇ ਤੁਸੀਂ ਪਤਲੇ ਹੋਣ 'ਤੇ ਪਾਉਣੇ ਹਨ ਪਰ ਤੁਸੀਂ ਪਤਲੇ ਹੋ ਨਹੀਂ ਰਹੇ।

ਜਦੋਂ ਜਨਮ ਦਿਨ ਚੰਗੇ ਨਹੀਂ ਲਗਦੇ, ਕਿਉਂਕਿ ਉਮਰ ਦੱਸਣੀ ਪੈਂਦੀ ਹੈ।

ਜਦੋਂ ਸਾਹਮਣਿਓਂ ਆਉਂਦੀ ਇਸਤਰੀ, ਚੁੰਨੀ ਖਿੱਚ ਕੇ ਛਾਤੀ 'ਤੇ ਕਰ ਲੈਂਦੀ ਹੈ।

ਜਦੋਂ ਦੂਜੇ ਕਹਿੰਦੇ ਹਨ ਕਿ ਇਸ ਕਮੀਜ਼ ਨਾਲ ਤੁਸੀਂ ਦਸ ਸਾਲ ਛੋਟੇ ਲਗਦੇ ਹੋ।

ਜੇ ਜਾਣਨਾ ਜਾਹੁੰਦੇ ਹੋ ਕਿ ਤੁਸੀਂ ਕਿਹੋ ਜਿਹੇ ਲੱਗਦੇ ਹੋ ਤਾਂ ਸਕੂਲ ਦੇ ਆਪਣੇ ਕਿਸੇ ਜਮਾਤੀ ਨੂੰ ਮਿਲੋ, ਚਾਨਣਾ ਹੋ ਜਾਵੇਗਾ।

www.quotesinpunjabi.ml

QuotesInPunjabi

211

ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਸੈਰ ਵਿਹਲੇ ਬੰਦੇ ਕਰਦੇ ਹਨ।

ਫਿਰ ਇਹ ਸਮਝਿਆ ਗਿਆ ਕਿ ਸੈਰ ਕਰਨ ਵਾਲਿਆਂ ਨੂੰ ਨੀਂਦਰ ਨਹੀਂ ਆਉਂਦੀ, ਇਸ ਲਈ ਇਹ ਸਵੇਰੇ, ਹਨੇਰੇ ਵਿਚ ਹੀ ਉਠ ਕੇ ਟੁਰਨ ਲੱਗ ਪੈਂਦੇ ਹਨ।

ਫਿਰ ਇਹ ਦੱਸਿਆ ਗਿਆ ਕਿ ਸੈਰ ਕਰਨ ਵਾਲਾ ਜਾਂ ਤਾਂ ਸ਼ੇਵਾ-ਮੁਕਤ ਹੋ ਗਿਆ ਹੋਵੇਗਾ ਜਾਂ ਫਿਰ ਉਸ ਨੂੰ ਉਸ ਦੀ ਪਤਨੀ ਤੰਗ ਕਰਦੀ ਹੋਵੇਗੀ।

ਹੁਣ ਇਹ ਸਮਝਿਆ ਜਾਂਦਾ ਹੈ ਕਿ ਸੈਰ ਕਰਨ ਵਾਲਾ, ਸ਼ੂਗਰ ਜਾਂ ਖ਼ੂਨ ਦੇ ਦਬਾਓ ਜਾਂ ਦਿਲ ਦਾ ਰੋਗੀ ਹੋਵੇਗਾ ਜਾਂ ਮੋਟਾਪੇ ਤੋਂ ਪਰੇਸ਼ਾਨ ਹੋਵੇਗਾ।

ਵਾਸਤਵਿਕਤਾ ਇਹ ਹੈ ਕਿ ਇਹ ਸਾਰੇ ਸੈਰ ਨਾ ਕਰਨ ਵਾਲਿਆਂ ਦੇ ਬਹਾਨੇ ਹਨ।

212

ਇਕ ਯੋਗੀ ਪਹਾੜੀ 'ਤੇ ਸਾਧਨਾ ਕਰਨ ਲਈ ਗਿਆ।

ਉਸ ਕੋਲ ਕੱਪੜਿਆਂ ਦਾ ਇਕ ਹੀ ਜੋੜਾ ਸੀ, ਉਪਰ ਠੰਡ ਸੀ।

ਵਾਪਸ ਪਿੰਡ ਆਇਆ, ਕੰਬਲ ਲੈ ਗਿਆ।

ਕੱਪੜਿਆਂ ਦਾ ਜੋੜਾ ਧੋ ਕੇ ਸੁੱਕਣੇ ਪਾਇਆ, ਵੇਖਿਆ ਚੂਹਾ ਕੁਤਰ ਰਿਹਾ ਸੀ।

ਵਾਪਸ ਪਿੰਡ ਆਇਆ, ਇੱਕ ਬਿੱਲੀ ਲੈ ਗਿਆ।

ਬਿੱਲੀ ਨੇ ਚੂਹਾ ਖਾ ਲਿਆ ਅਤੇ ਫਲ ਖਰਾਬ ਕਰਨ ਲਗ ਪਈ।

ਵਾਪਸ ਪਿੰਡ ਆਇਆ, ਕੁੱਤਾ ਲੈ ਗਿਆ।

ਕੁੱਤੇ ਨੇ ਬਿੱਲੀ ਭਜਾ ਦਿੱਤੀ, ਪਰ ਦੁੱਧ ਨਾ ਹੋਣ ਕਰਕੇ ਕੁੱਤਾ ਭੁੱਖਾ ਰਹਿੰਦਾ ਸੀ।

ਪਿੰਡ ਵਾਪਸ ਆਇਆ ਅਤੇ ਇਕ ਗਊ ਲੈ ਗਿਆ।

ਯੋਗੀ, ਫਲ ਤਾਂ ਖਾਂਦਾ ਹੀ ਸੀ, ਗਊ ਦਾ ਦੁੱਧ ਪੀਣ ਲਗ ਪਿਆ ਅਤੇ ਉਹ ਤੰਦਰੁਸਤ ਅਤੇ ਸੋਹਣਾ ਪੁਰਸ਼ ਲੱਗਣ ਲੱਗ ਪਿਆ।

ਇਕ ਇਸਤਰੀ, ਆਪਣੀ ਗਵਾਚੀ ਬੱਕਰੀ ਦੀ ਭਾਲ ਵਿਚ ਉਧਰ ਆਈ।

ਯੋਗੀ ਨੂੰ ਵੇਖਿਆ, ਦੋਹਾਂ ਦਾ ਆਪਸ ਵਿਚ ਪਿਆਰ ਹੋ ਗਿਆ।

ਉਹ ਇਸਤਰੀ ਕਈ ਵਾਰ ਆਈ, ਯੋਗੀ ਦਾ ਹਾਲ ਵੇਖ ਕੇ ਉਸਨੇ ਕਿਹਾ: ਤੈਨੂੰ ਇਕ ਪਤਨੀ ਦੀ ਲੋੜ ਹੈ, ਤੇਰੀ ਦੇਖ-ਭਾਲ ਕਰਨ ਲਈ।

ਤਿੰਨ ਸਾਲ ਮਗਰੋਂ, ਉਸ ਯੋਗੀ ਕੋਲ ਇਕ ਪਤਨੀ, ਦੋ ਬੱਚੇ ਅਤੇ ਤਿੰਨ ਗਊਆਂ ਸਨ।

ਉਸਨੇ ਪਹਾੜੀ 'ਤੇ ਮੰਦਰ ਉਸਾਰ ਲਿਆ ਸੀ, ਸ਼ਰਧਾਲੂਆਂ ਦਾ ਚੜ੍ਹਾਵਾ ਆਉਣ ਲੱਗ ਪਿਆ ਸੀ। ਯੋਗੀ, ਵਪਾਰੀ ਬਣ ਗਿਆ ਸੀ।

ਅਸੀਂ ਸਾਰੇ ਯੋਗੀ ਬਣਨ ਦੇ ਯਤਨ ਵਿਚ, ਕੁਝ ਹੋਰ ਹੀ ਬਣ ਜਾਂਦੇ ਹਾਂ।

ਇਹ ਇਕ ਯੋਗੀ ਦੀ ਕਹਾਣੀ ਨਹੀਂ, ਇਹ ਹਰੇਕ ਵਿਅਕਤੀ ਦੀ ਕਹਾਣੀ ਹੈ।

www.quotesinpunjabi.ml

QuotesInPunjabi

213

ਉਦਾਸ ਹੋ, ਅਖਬਾਰ ਨਾ ਪੜ੍ਹੋ, ਖਬਰਾਂ ਹੋਰ ਉਦਾਸ ਕਰਨਗੀਆਂ।

ਭੈੜੀਆਂ ਖਬਰਾਂ ਪੜ੍ਹੋਗੇ, ਦਿਲ ਕਹੇਗਾ: ਕਾਸ਼ ਮੈਂ ਅਨਪੜ੍ਹ ਹੀ ਹੁੰਦਾ।

ਕੁਝ ਉਹ ਪੜ੍ਹੋ, ਜਿਸ ਦੇ ਅਰਥ ਸਦੀਵੀ ਹੋਣ।

ਪੈਸੇ ਨਹੀਂ ਤਾਂ ਕਿਸੇ ਰਿਸ਼ਤੇਦਾਰ ਦੇ ਘਰ ਨਾ ਜਾਓ, ਉਹ ਸਮਝੇਗਾ ਪੈਸੇ ਮੰਗਣ ਆਏ ਹੋ, ਉਹ ਰੁੱਖਾ ਵਰਤਾਓ ਕਰੇਗਾ, ਹੋਰ ਉਦਾਸ ਹੋ ਜਾਵੋਗੇ।

ਸਾਂਝੀਆਂ, ਪੁੱਲ੍ਹੀਆਂ ਥਾਂਵਾਂ ਤੇ ਜਾਓ, ਵਹਿੰਦੇ ਪਾਣੀ ਦੇ ਕਿਨਾਰੇ ਬੈਠੋ, ਦਰੱਖਤ ਦੀ ਛਾਂ ਵਿਚ ਬੈਠੋ, ਮਨ ਸ਼ਾਂਤੀ ਮਹਿਸੂਸ ਕਰੇਗਾ।

ਜੇ ਕੋਲ ਕੁਝ ਨਹੀਂ ਤਾਂ ਕਿਸੇ ਰਿਸ਼ਤੇਦਾਰ ਨੂੰ ਘਰ ਨਾ ਬੁਲਾਓ, ਉਹ ਬੁਲਾਉਣ 'ਤੇ ਵੀ ਨਹੀਂ ਆਵੇਗਾ, ਉਡੀਕ ਥਕਾ ਦੇਵੇਗੀ, ਤੁਸੀਂ ਹੋਰ ਉਦਾਸ ਹੋ ਜਾਵੋਗੇ।

ਰਿਸ਼ਤੇਦਾਰਾਂ ਵਿਚ ਦੋਸ਼ ਨਾ ਕੱਢੋ, ਇਹ ਦੁਨੀਆ ਦਾ ਸੁਭਾਓ ਹੈ।

ਦੁਨੀਆ ਚੱਲਦਿਆਂ ਨਾਲ ਚੱਲਦੀ ਹੈ, ਰੁਕਿਆਂ ਨਾਲ ਰੁਕਦੀ ਨਹੀਂ। ਜਿਨ੍ਹਾਂ ਕੋਲ ਪਹਿਲਾਂ ਹੀ ਬਹੁਤ ਹੁੰਦਾ ਹੈ, ਉਨ੍ਹਾਂ ਨੂੰ ਭਰਦੀ ਹੈ, ਖਾਲੀਆਂ ਵਲ ਧਿਆਨ ਨਹੀਂ ਦਿੰਦੀ।

ਜਿਵੇਂ ਰਿਸ਼ਤੇਦਾਰ ਕਰ ਰਹੇ ਹਨ, ਅਸੀਂ ਵੀ ਉਵੇਂ ਹੀ ਕਰਦੇ ਰਹੇ ਹਾਂ। ਇਹ ਨਾ ਕਹੋ, ਕੋਈ ਰਿਸ਼ਤੇਦਾਰ ਮਦਦ ਨਹੀਂ ਕਰਦਾ, ਅਸੀਂ ਕਿਤਨਿਆਂ ਦੀ ਕੀਤੀ ਹੈ ?

ਸ਼ਾਂਤ ਰਹੋ, ਸੰਜਮ ਵਰਤੋ, ਸਾਦਗੀ ਅਪਨਾਓ, ਚੁੱਪ ਰਹੋ, ਉਡੀਕ ਕਰੋ, ਗੁਆਚੇ ਦਿਨ ਮੁੜ ਆਉਣਗੇ, ਉਦਾਸੀ ਮੁੱਕ ਜਾਵੇਗੀ।

ਪੱਤਝੜ, ਬਹਾਰ ਬਣ ਜਾਵੇਗੀ। ਪੱਤਝੜ ਤੋਂ ਮਗਰੋਂ ਬਹਾਰ ਹੀ ਆਉਂਦੀ ਹੈ।

214

ਇਹ ਨਾ ਪੁੱਛੋ ਕਿ ਇਵੇਂ ਕਿਉਂ ਹੁੰਦਾ ਹੈ ? ਇਹ ਜਾਣੋ ਕਿ ਇਵੇਂ ਹੀ ਹੁੰਦਾ ਹੈ।

ਜਦੋਂ ਵੀ ਹੱਥ ਕਿਸੇ ਚੀਜ਼, ਆਟੇ, ਤੇਲ, ਮਸਾਲੇ ਆਦਿ ਨਾਲ ਲਿਬੜੇ ਹੁੰਦੇ ਹਨ, ਉਸੇ ਵੇਲੇ ਚਿਹਰੇ 'ਤੇ ਕਿਸੇ ਥਾਂ ਖੁਰਕ ਕਰਨ ਦੀ ਲੋੜ ਪੈਂਦੀ ਹੈ।

ਜਦੋਂ ਵੀ ਕੋਈ ਚੀਜ਼ ਡਿੱਗੇਗੀ ਤਾਂ ਉਹ ਰੁੜ੍ਹ ਕੇ ਉਥੇ ਜਾ ਪਹੁੰਚੇਗੀ, ਜਿਥੋਂ ਜਾਂ ਤਾਂ ਦਿਸੇਗੀ ਨਹੀਂ ਜਾਂ ਜਿਥੋਂ ਕੱਢਣੀ ਮੁਸ਼ਕਲ ਹੋਵੇਗੀ।

ਜਿਹੜੀ ਗੱਡੀ-ਬੱਸ ਤੁਸੀਂ ਫੜਨੀ ਹੋਵੇਗੀ, ਉਹ ਨਹੀਂ ਆਵੇਗੀ, ਹੋਰ-ਹੋਰ ਆਈ ਜਾਣਗੀਆਂ, ਜਦੋਂ ਉਡੀਕੀ ਜਾ ਰਹੀ ਬੱਸ-ਗੱਡੀ ਆਵੇਗੀ ਤਾਂ ਸਵਾਰੀਆਂ ਇਤਨੀਆਂ ਹੋਣਗੀਆਂ ਕਿ ਤੁਸੀਂ ਰਹਿ ਜਾਓਗੇ।

ਜੇ ਤੁਸੀਂ ਦੇਰ ਨਾਲ ਆਉਣ ਦਾ ਬਹਾਨਾ ਇਹ ਲਾਓਗੇ ਕਿ ਟਾਇਰ ਪੰਚਰ ਹੋ ਗਿਆ ਸੀ, ਅਗਲੀ ਸਵੇਰ ਵਾਕਿਆ ਹੀ ਪੰਚਰ ਹੋਇਆ ਹੋਵੇਗਾ।

ਜਦੋਂ ਪੈਸੇ ਮੁੱਕਣਗੇ, ਨਾਲ ਹੀ ਸਕੂਟਰ-ਕਾਰ ਦਾ ਪਟਰੋਲ ਮੁੱਕ ਜਾਵੇਗਾ।

ਜਦੋਂ ਘਰ ਵਿਚ ਚਾਹ-ਪਾਣੀ ਆਦਿ ਨਾਲ ਖਾਣ ਲਈ ਸਭ ਕੁਝ ਮੁੱਕਿਆ ਹੋਵੇਗਾ, ਉਸ ਵੇਲੇ ਮਹੱਤਵਪੂਰਨ ਮਹਿਮਾਨ ਆ ਜਾਣਗੇ।

www.quotesinpunjabi.ml

QuotesInPunjabi

ਜੇ ਕੋਈ ਤਰਲ ਪਦਾਰਥ ਡੁਲ੍ਹੇਗਾ ਤਾਂ ਉਹ ਆਪ-ਮੁਹਾਰੇ ਤੁਹਾਡੀ ਸਭ ਤੋਂ ਕੀਮਤੀ ਚੀਜ਼ ਵਲ ਤੇਜ਼ੀ ਨਾਲ ਵਹਿਣ ਲੱਗ ਪਏਗਾ।

ਜੇ ਦਰਜ਼ੀ ਨੂੰ ਕਈ ਕੱਪੜੇ ਦੇਵੋਗੇ ਤਾਂ ਉਹ, ਉਹ ਕੱਪੜਾ ਖ਼ਰਾਬ ਕਰੇਗਾ, ਜਿਹੜਾ ਤੁਹਾਨੂੰ ਸਭ ਤੋਂ ਵਧੇਰੇ ਪਸੰਦ ਹੋਵੇਗਾ।

ਜਦੋਂ ਆਪਣੀ ਲੰਮੀ ਲਾਈਨ ਛੱਡ ਕੇ, ਦੂਜੀ ਛੋਟੀ ਲਾਈਨ ਵਿਚ ਜਾਓਗੇ ਤਾਂ ਮਹਿਸੂਸ ਹੋਵੇਗਾ ਕਿ ਛੋਡੀ ਹੋਈ ਲਾਈਨ, ਜਲਦੀ ਨਿਪਟਾਈ ਜਾ ਰਹੀ ਹੈ।

ਜਦੋਂ ਵੀ ਧੀ-ਪੁੱਤਰ ਦਾ ਰਿਸ਼ਤਾ ਕਰੋਗੇ ਤਾਂ ਕੁਝ ਦਿਨਾਂ ਮਗਰੋਂ ਹੀ ਸੋਚੋਗੇ ਕਿ ਜੇ ਥੋੜ੍ਹਾ ਚਿਰ ਹੋਰ ਉਡੀਕ ਲੈਂਦੇ ਤਾਂ ਰਿਸ਼ਤਾ ਹੋਰ ਚੰਗੀ ਜਗ੍ਹਾ ਹੋ ਜਾਣਾ ਸੀ।

ਇਹ ਤੁਹਾਡੇ ਨਾਲ ਹੀ ਨਹੀਂ, ਇਹ ਹਰ ਕਿਸੇ ਨਾਲ ਵਾਪਰਦਾ ਹੈ।

215

ਕਈਆਂ ਨੂੰ ਉਚੇਰੀ ਵਿਦਿਆ ਦਾ ਅਵਸਰ ਨਹੀਂ ਮਿਲਦਾ ਪਰ ਉਚੇਰੀ ਪੱਧਰ ਦਾ ਵਾਤਾਵਰਣ ਮਿਲ ਜਾਂਦਾ ਹੈ।

ਵੇਖਿਆ ਗਿਆ ਹੈ ਕਿ ਜੇ ਕਿਸੇ ਸਕੂਲ ਕਾਲਜ ਵਿਚ ਕੋਈ ਅਨਪੜ੍ਹ ਲੱਗ ਜਾਵੇ ਤਾਂ ਤਿੰਨ-ਚਾਰ ਸਾਲਾਂ ਵਿਚ, ਉਹ ਦੱਸਵੀਂ ਜਮਾਤ ਜਿਤਨਾ ਸੂਝਵਾਨ ਹੋ ਜਾਂਦਾ ਹੈ।

ਸਾਡੇ ਕਾਲਜ ਵਰਗੇ ਸਕੂਲ ਵਿਚ ਇਕ ਮਾਲੀ, ਚੌਕੀਦਾਰ ਦਾ ਵੀ ਕੰਮ ਕਰਦਾ ਸੀ ਅਤੇ ਉਹ ਪਰਿਵਾਰ ਸਮੇਤ ਸਕੂਲ ਵਿਚ ਹੀ ਰਹਿੰਦਾ ਸੀ। ਉਸ ਨੂੰ ਉਚੇਰੀ ਤਾਂ ਕੀ, ਸਾਧਾਰਨ ਵਿਦਿਆ ਵੀ ਨਹੀਂ ਸੀ ਮਿਲੀ ਪਰ ਸਕੂਲ ਵਿਚ ਰਹਿਣ ਕਾਰਨ, ਉਚੇਰੀ ਪੱਧਰ ਦਾ ਵਾਤਾਵਰਣ ਮਿਲ ਗਿਆ ਸੀ। ਆਪ ਉਹ ਅਨਪੜ੍ਹ ਸੀ ਪਰ ਸਕੂਲ ਦੇ ਉਸਾਰੂ ਵਾਤਾਵਰਣ ਕਰਕੇ, ਉਸ ਦੀ ਇਕਲੌਤੀ ਧੀ, ਡਾਕਟਰ ਬਣ ਗਈ ਸੀ।

216

ਮੈਂ ਆਪਣੇ ਵਿਦਿਆਰਥੀਆਂ ਨੂੰ ਸਮਝਾਉਂਦਾ ਹਾਂ ਕਿ ਆਪਣੀ ਗੱਲ ਕਿਵੇਂ ਮਨਵਾਉਣੀ ਹੈ। ਮੈਂ ਦੱਸ ਰਿਹਾ ਸਾਂ ਕਿ ਇਕ ਐਤਵਾਰ ਦੀ ਸਵੇਰ ਨੂੰ ਸਾਡੇ ਮੁਹੱਲੇ ਵਿਚ ਸੱਤ ਸਾਧੂ ਆ ਗਏ, ਉਨ੍ਹਾਂ ਦੇ ਗਾਉਣ ਦੀ ਆਵਾਜ਼ ਨਾਲ ਮੈਂ ਜਾਗ ਪਿਆ ਸਾਂ।

ਉਨ੍ਹਾਂ ਲਈ ਮੈਂ ਆਪਣੇ ਬੇਟੇ ਰਾਹੀਂ ਦਸ ਰੁਪਏ ਭੇਜੇ।

ਸਾਧੂਆਂ ਨੇ ਬੇਟੇ ਨੂੰ ਪੁੱਛਿਆ: ਇਹ ਤੂੰ ਆਪਣੇ ਕੋਲੋਂ ਦੇ ਰਿਹਾ ਹੈਂ ਜਾਂ ਪਿਤਾ ਨੇ ਭੇਜੇ ਹਨ ? ਅਸੀਂ ਤੇਰੇ ਤੋਂ ਨਹੀਂ ਲੈਣੇ, ਤੇਰੇ ਪਿਤਾ ਤੋਂ ਹੀ ਲਵਾਂਗੇ।

ਮੈਨੂੰ ਉਨ੍ਹਾਂ ਦੇ ਵਿਚਾਰ 'ਤੇ ਹੈਰਾਨੀ ਹੋਈ, ਕਿਉਂਕਿ ਭਾਵੇਂ ਉਹ ਅਨਪੜ੍ਹ ਸਨ ਪਰ ਉਨ੍ਹਾਂ ਵਿਚ ਆਪਣੀ ਗੱਲ ਮਨਵਾਉਣ ਦਾ ਸਵੈ-ਵਿਸ਼ਵਾਸ ਸੀ।

ਮੈਨੂੰ ਬੱਲੇ ਜਾਣਾ ਪਿਆ, ਉਹ ਬੈਠੇ ਸਨ, ਜਿਵੇਂ ਧਰਨਾ ਮਾਰਿਆ ਹੋਵੇ।

ਕਹਿਣ ਲੱਗੇ: ਸਾਨੂੰ ਪੈਸੇ ਨਹੀਂ ਚਾਹੀਦੇ, ਸਾਡੀ ਇੱਛਾ ਪੂਰੀ ਕਰੋ, ਤੁਸੀਂ ਸਾਡੀ ਇੱਛਾ ਪੂਰੀ ਕਰ ਸਕਦੇ ਹੋ, ਜੇ ਪੂਰੀ ਕਰਨ ਦਾ ਵਾਅਦਾ ਕਰੋਗੇ, ਤਾਂ ਦੱਸਾਂਗੇ।

www.quotesinpunjabi.ml

QuotesInPunjabi

ਮੈਂ ਪੁੱਛਿਆ: ਕੀ ਇੱਛਾ ਹੈ ? ਕਹਿਣ ਲੱਗੇ: ਪਹਿਲਾਂ ਕਹੋ, ਪੂਰੀ ਕਰਾਂਗੇ, ਤੁਹਾਡੇ ਕੋਲ ਪੂਰੀ ਕਰਨ ਦੀ ਸ਼ਕਤੀ ਹੈ। ਭਗਵਾਨ ਨੇ ਤੁਹਾਨੂੰ ਸ਼ਕਤੀ ਦਿੱਤੀ ਹੈ। ਮੈਨੂੰ ਲਗਿਆ, ਉਹ ਮੈਨੂੰ ਕਾਬੂ ਕਰੀ ਜਾ ਰਹੇ ਸਨ। ਮੈਂ ਕਿਹਾ: ਪਹਿਲਾਂ ਦੱਸੋ, ਕੀ ਇੱਛਾ ਹੈ ? ਉਨ੍ਹਾਂ ਦੇ ਆਗੂ ਨੇ ਕਿਹਾ: ਸਾਨੂੰ ਪ੍ਰਯਾਗ ਦੀ ਤੀਰਥ-ਯਾਤਰਾ 'ਤੇ ਭੇਜੋ, ਸਾਡਾ ਖਰਚਾ ਤੁਸੀਂ ਕਰੋ।

ਮੈਨੂੰ ਪੰਦਰ੍ਹਾਂ ਸਾਲ ਨੌਕਰੀ ਕਰਕੇ ਵੀ ਮਾਲਕਾਂ ਨੂੰ ਸੌ ਰੁਪਇਆ ਤਨਖਾਹ ਵਧਾਉਣ ਵਾਸਤੇ ਕਹਿਣ ਦਾ ਹੌਸਲਾ ਨਹੀਂ ਸੀ ਪਿਆ, ਪਰੰਤੂ ਮੈਂ ਹੈਰਾਨ ਸਾਂ ਕਿ ਕਿਵੇਂ ਇਹ ਬੰਦਾ, ਜਿਸ ਨੇ ਮੈਨੂੰ ਸੁੱਤੇ ਨੂੰ ਜਗਾਇਆ, ਪਜਾਮੇ ਵਿਚ, ਨੰਗੇ ਪੈਰੀਂ, ਤਿੰਨ ਮੰਜ਼ਲਾਂ ਪੌੜੀਆਂ ਉਤਰਵਾਇਆ ਅਤੇ ਹੁਕਮ ਦੇਣ ਵਾਂਗ ਕਹਿ ਰਿਹਾ ਹੈ ਕਿ ਸੱਤ ਬੰਦਿਆਂ ਨੂੰ ਪ੍ਰਯਾਗ ਭੇਜੋ।

ਮੈਂ ਮਨ ਵਿਚ ਸੋਚਿਆ, ਇਸਦੀ ਹਿੰਮਤ ਤਾਂ ਵੇਖੋ!

ਮੈਂ ਪੁੱਛਿਆ: ਕਿਤਨਾ ਖਰਚਾ ਆਵੇਗਾ ? ਉਸ ਨੇ ਕਿਹਾ: ਸਾਰੇ ਸੱਤ ਸੌ ਰੁਪਏ ਲਗਣਗੇ। ਸਵੇਰ ਦੇ ਸੱਤ ਵੱਜੇ ਸਨ। ਉਹ ਸੱਤ ਬੰਦਿਆਂ ਲਈ, ਸੱਤ ਸੌ ਰੁਪਏ ਦੇਣ ਲਈ ਕਹਿ ਰਿਹਾ ਸੀ। ਮੈਂ ਕਿਹਾ: ਸੱਤ ਦਾ ਨਹੀਂ, ਇਕ ਦਾ ਖਰਚਾ ਦੇਵਾਂਗਾ।

ਉਸਨੇ ਕਿਹਾ: ਸਾਨੂੰ ਨਿਖੇੜੋ ਨਾ, ਸਾਡੇ ਕੋਲ ਚਾਰ ਦਾ ਖਰਚਾ ਹੈ, ਤਿੰਨ ਦਾ ਦੇ ਦਿਓ।

ਮੈਂ ਕਿਹਾ: ਸੌ ਰੁਪਏ ਦੇਵਾਂਗਾ, ਜੇ ਮਰਜ਼ੀ ਕਰੋ, ਸੌ ਤੋਂ ਵੱਧ ਨਹੀਂ ਮਿਲਣਗੇ।

ਉਹ ਸਮਝ ਰਿਹਾ ਸੀ ਕਿ ਇਹ ਸੌ ਤਾਂ ਉਸ ਦੀ ਜੇਬ ਵਿਚ ਸਨ, ਉਹ ਬਿਨਾਂ ਕਿਸੇ ਝਿਜਕ ਦੇ, ਪੂਰੇ ਵਿਸ਼ਵਾਸ ਨਾਲ, ਤਿੰਨ ਸੌ ਦੇਣ ਲਈ ਕਹਿ ਰਿਹਾ ਸੀ, ਜਿਵੇਂ ਮੈਂ ਉਸ ਦਾ ਉਧਾਰ ਦੇਣਾ ਹੋਵੇ। ਉਸ ਨੇ ਕਿਹਾ: ਸੌ ਅਸੀਂ ਨਹੀਂ ਲੈਣਾ, ਜਿਤਨਾ ਵੱਧ ਤੋਂ ਵੱਧ ਦੇ ਸਕਦੇ ਹੋ, ਦੇ ਦਿਓ, ਅਸੀਂ ਇਸ ਦਰ ਤੋਂ ਖੁਸ਼ ਹੋ ਕੇ ਜਾਣਾ ਚਾਹੁੰਦੇ ਹਾਂ।

ਅਖੀਰ 'ਤੇ ਮੈਂ ਅੰਦਰ ਜਾ ਕੇ ਭੇਚ ਸੌ ਰੁਪਏ, ਉਨ੍ਹਾਂ ਨੂੰ ਉਨ੍ਹਾਂ ਤੋਂ ਇਹ ਸਬਕ ਸਿੱਖਣ ਦੇ ਦਿੱਤੇ ਕਿ ਆਪਣੀ ਗੱਲ ਕਿਵੇਂ ਮਨਵਾਈਦੀ ਹੈ।

ਅਗਲੇ ਦਿਨ ਗਵਾਂਢੀ ਨੇ ਪੁੱਛਿਆ: ਕਲ੍ਹ ਅੱਠ ਸਾਧੂ ਤੇਰੇ ਘਰ ਬਾਹਰ ਕੀ ਕਰ ਰਹੇ ਸਨ ? ਮੈਂ ਕਿਹਾ: ਸਾਧੂ ਤਾਂ ਇਕ ਹੀ ਸੀ, ਸੱਤ ਆਦਮੀਆਂ ਨੇ ਉਸ ਨੂੰ ਘੇਰਿਆ ਹੋਇਆ ਸੀ।

217

ਜੋ ਰਿਸ਼ਤਾ ਦਰੱਖਤ ਦਾ ਟਾਹਣੀ ਨਾਲ, ਟਾਹਣੀ ਦਾ ਬਾਂਦਰ ਨਾਲ, ਰੋਟੀ ਦਾ ਪਲੇਟ ਨਾਲ, ਸ਼ੇਅਰਾਂ ਦਾ ਉਛਾਲ ਨਾਲ, ਵਪਾਰ ਦਾ ਮੰਦੇ ਨਾਲ, ਸੁੱਕੀ ਲਕੜੀ ਦਾ ਟਾਲ ਨਾਲ, ਮਰੀਜ਼ ਦਾ ਹਸਪਤਾਲ ਨਾਲ, ਜਵਾਬ ਦਾ ਸਵਾਲ ਨਾਲ, ਔਰਤ ਦਾ ਸ਼ਿੰਗਾਰ ਨਾਲ, ਪੁਰਸ਼ ਦਾ ਰੁਜ਼ਗਾਰ ਨਾਲ, ਲੰਗਰ ਦਾ ਦਾਲ ਨਾਲ, ਵਿਆਹ ਦਾ ਤਲਾਕ ਨਾਲ, ਕਰਮਚਾਰੀਆਂ ਦਾ ਹੜਤਾਲ ਨਾਲ, ਦੁਕਾਨਦਾਰ ਦਾ ਲਾਭ ਨਾਲ, ਵਿਦਿਆਰਥੀ ਦਾ ਪ੍ਰੀਖਿਆ ਨਾਲ, ਯਾਤਰੀ ਦਾ ਨੈਨੀਤਾਲ ਨਾਲ, ਆਗਰੇ ਦਾ ਤਾਜ ਨਾਲ, ਸ਼ੈਂਪੂ ਦਾ ਵਾਲ ਨਾਲ, ਫੁੱਟਬਾਲ ਦਾ ਬੰਗਾਲ ਨਾਲ, ਲਾਇਬਰੇਰੀ ਦਾ ਕਿਤਾਬ ਨਾਲ, ਹੋਲੀ ਦਾ ਗੁਲਾਲ ਨਾਲ, ਮੋਬਾਈਲ ਦਾ ਕਾਲ ਨਾਲ ਹੁੰਦਾ ਹੈ, ਉਹੀ ਰਿਸ਼ਤਾ ਪੁਰਸ਼ ਦਾ ਇਸਤਰੀ ਨਾਲ ਹੁੰਦਾ ਹੈ।

www.quotesinpunjabi.ml

QuotesInPunjabi

218

ਸਾਡੇ ਜ਼ਮਾਨੇ ਵਿਚ ਅਧਿਆਪਕ ਦੇ ਹੱਥ ਵਿਚ ਕਿਤਾਬ ਹੋਵੇ ਨਾ ਹੋਵੇ, ਡੰਡਾ ਜ਼ਰੂਰ ਹੁੰਦਾ ਸੀ। ਸਾਡੇ ਹੈਡਮਾਸਟਰ ਸਾਹਿਬ, ਜਦੋਂ ਬਾਜ਼ਾਰ ਜਾਂਦੇ ਸਨ ਤਾਂ ਵੀ ਡੰਡਾ ਲੈ ਕੇ ਜਾਂਦੇ ਸਨ, ਕਿਉਂਕਿ ਬਹੁਤੇ ਦੁਕਾਨਦਾਰ ਜਾਂ ਦੁਕਾਨਦਾਰਾਂ ਦੇ ਪੁੱਤਰ ਉਨ੍ਹਾਂ ਦੇ ਰਹਿ ਚੁੱਕੇ ਵਿਦਿਆਰਥੀ ਹੁੰਦੇ ਸਨ। ਸਕੂਲ ਵਿਚ ਵੀ ਅਸੀਂ ਡੰਡਾ ਜਾਂ ਡੰਡੇ ਦਾ ਸਿਰਾ ਵੇਖ ਕੇ ਹੀ ਅਨੁਮਾਨ ਲਾ ਲੈਂਦੇ ਸਾਂ ਕਿ ਹੈਡਮਾਸਟਰ ਸਾਹਿਬ ਵੀ ਕਿਧਰੇ ਨੇੜੇ ਹੀ ਹੋਣਗੇ।

ਸਾਨੂੰ ਜਦੋਂ ਡੰਡੇ ਪੈਂਦੇ ਸਨ ਤਾਂ ਅਸੀਂ ਡੰਡੇ ਦਾ ਪ੍ਰਭਾਵ ਗ੍ਰਹਿਣ ਕਰਨ ਦਾ ਕਦੀ ਵਿਰੋਧ ਨਹੀਂ ਸਾਂ ਕਰਦੇ। ਅਸੀਂ ਭਾਣਾ ਮੰਨ ਕੇ ਡੰਡੇ ਖਾਂਦੇ ਸਾਂ, ਕਿਉਂਕਿ ਸਾਨੂੰ ਵਿਸ਼ਵਾਸ ਸੀ ਕਿ ਇਹ ਡੰਡੇ ਜ਼ਿੰਦਗੀ ਵਿਚ ਬੜੇ ਕੰਮ ਆਉਣਗੇ।

ਕਈ ਵਾਰੀ ਜਦੋਂ ਬਿਨਾਂ ਕਾਰਨ ਹੀ ਡੰਡੇ ਪੈ ਜਾਂਦੇ ਸਨ ਤਾਂ ਅਸੀਂ ਡੰਡੇ ਖਾ ਕੇ ਭਾਣਾ ਮੰਨਦੇ ਸਾਂ। ਡੰਡੇ ਖਾਣਾ ਸਾਡੇ ਸਿਲੇਬਸ ਦਾ ਭਾਗ ਪ੍ਰਤੀਤ ਹੁੰਦਾ ਸੀ।

ਰੋਜ਼ ਡੰਡੇ ਪੈਂਦੇ ਸਨ, ਜਿਸ ਦਿਨ ਨਹੀਂ ਪੈਂਦੇ ਸਨ, ਉਸ ਦਿਨ ਸਾਡਾ ਸਰੀਰ ਹੀ ਨਹੀਂ ਸੀ ਖੁੱਲ੍ਹਦਾ। ਉਦੋਂ ਮਹਿੰਗੇ ਸਕੂਲਾਂ ਵਿਚ ਡੰਡੇ ਦੀ ਥਾਂ ਫੁੱਟਾ ਵਰਤਿਆ ਜਾਂਦਾ ਸੀ ਪਰ ਜੋ ਤਸੱਲੀ ਡੰਡੇ ਨਾਲ ਮਿਲਦੀ ਸੀ, ਉਹ ਫੁੱਟੇ ਨਾਲ ਸੰਭਵ ਨਹੀਂ ਸੀ।

ਉਦੋਂ ਦੰਡ ਦੇਣ ਲਈ ਕੇਵਲ ਡੰਡਾ ਵਰਤਿਆ ਜਾਂਦਾ ਸੀ ਪਰ ਅਜੋਕੇ ਦੌਰ ਵਿਚ ਸਕੂਲਾਂ ਦੇ ਵਿਦਿਆਰਥੀਆਂ ਨੂੰ ਭਾਰੇ ਬਸਤਿਆਂ, ਲੰਮੇ ਸਿਲੇਬਸਾਂ, ਮੁਸ਼ਕਲ ਦਾਖਲਿਆਂ, ਸਵੇਰੇ-ਸ਼ਾਮ ਟਿਊਸ਼ਨਾਂ ਅਤੇ ਨਿੱਤ-ਦਿਨ ਪ੍ਰੀਖਿਆਵਾਂ ਨਾਲ ਕੋਹਿਆ ਜਾਂਦਾ ਹੈ।

ਅਜੋਕੇ ਸਮਿਆਂ ਦੇ ਮੁਕਾਬਲੇ, ਸਾਡਾ ਜ਼ਮਾਨਾ ਤਾਂ ਸਤਿਯੁੱਗ ਸੀ।

219

ਇਕ ਗਰੀਬ ਆਦਮੀ ਸਬਜ਼ੀ ਵੇਚਦਾ ਸੀ ਅਤੇ ਹਰ ਰੋਜ਼ ਕੋਈ ਇਕ ਸਬਜ਼ੀ ਦਾਨ ਕਰਿਆ ਕਰਦਾ ਸੀ। ਲੋਕ ਅਸੀਸਾਂ ਦਿੰਦੇ ਸਨ: ਤੇਰਾ ਭਲਾ ਹੋਵੇਗਾ।

ਲੋਕਾਂ ਦੀਆਂ ਅਸੀਸਾਂ ਨਾਲ ਉਹ ਅਗਲੇ ਜਨਮ ਵਿਚ ਰਾਜਾ ਬਣ ਗਿਆ।

ਉਸ ਨੂੰ ਯਾਦ ਸੀ ਕਿ ਉਹ ਪਿਛਲੇ ਜਨਮ ਵਿਚ ਸਬਜ਼ੀ ਦਾਨ ਦਿਆ ਕਰਦਾ ਸੀ। ਉਸਨੇ ਇਕ ਸਬਜ਼ੀ ਦਾ ਦਾਨ ਜਾਰੀ ਰੱਖਿਆ।

ਉਸ ਤੋਂ ਅਗਲੇ ਜਨਮ ਵਿੱਚ, ਉਹ ਭਿਖਾਰੀ ਬਣਿਆ।

ਉਸ ਨੇ ਰੱਬ ਨੂੰ ਬੇਨਤੀ ਕਰਕੇ ਪੁੱਛਿਆ: ਇਹ ਕਿਉਂ ? ਉੱਤਰ ਮਿਲਿਆ ਪਿਛਲੇ ਤੋਂ ਪਿਛਲੇ ਜਨਮ ਤੂੰ ਗਰੀਬ ਸੀ, ਇਕ ਸਬਜ਼ੀ ਦਾ ਦਾਨ, ਬੜਾ ਵੱਡਾ ਦਾਨ ਸੀ। ਫਿਰ ਤੂੰ ਰਾਜਾ ਬਣਿਆ। ਰਾਜਾ ਹੋ ਕੇ ਇਕ ਸਬਜ਼ੀ ਦਾ ਦਾਨ ਤੁੱਛ ਦਾਨ ਸੀ।

ਦਾਨ ਤਾਂ ਹੀ ਦਾਨ ਹੈ, ਜੇ ਉਹ ਦਾਨ ਦੇਣ ਵਾਲੇ ਦੀ ਔਕਾਤ ਅਨੁਸਾਰ ਹੋਵੇ।

www.quotesinpunjabi.ml

QuotesInPunjabi

220

ਖ਼ੁਸ਼ਹਾਲ ਲੋਕ ਭਾਵੇਂ ਗਰੀਬ ਹੋ ਜਾਣ ਪਰ ਉਨ੍ਹਾਂ ਦੇ ਵਿਹਾਰ ਵਿਚੋਂ ਖ਼ੁਸ਼ਹਾਲੀ ਝਲਕਦੀ ਰਹਿੰਦੀ ਹੈ। ਜਦੋਂ ਯੋਰਪ ਵਿਚ ਪਿਛਲੀ ਸਦੀ ਦੇ ਤੀਜੇ ਦਹਾਕੇ ਵਿੱਚ ਗੰਭੀਰ ਮੰਦਵਾੜਾ ਪਿਆ ਤਾਂ ਸਰਕਾਰਾਂ ਨੇ ਗਰੀਬ ਲੋਕਾਂ ਦੀ ਮਦਦ ਕਰਨ ਦੇ ਉਪਰਾਲੇ ਕੀਤੇ ਸਨ।

ਇਕ ਗਰੀਬੜੇ ਇਲਾਕੇ ਵਿਚ ਇਕ ਪ੍ਰਸਿੱਧ ਪੱਤਰਕਾਰ, ਝੁੱਗ੍ਹੀ ਵਿੱਚ ਰਹਿਣ ਵਾਲੀ ਇਕ ਇਸਤਰੀ ਕੋਲ ਗਿਆ। ਉਸ ਦੀ ਝੁੱਗੀ ਵਿਚ ਥਾਂ-ਥਾਂ ਮੋਰੀਆਂ ਸਨ, ਜਿਥੇ ਉਸ ਨੇ ਅਖਬਾਰਾਂ ਫਸਾਈਆਂ ਹੋਈਆਂ ਸਨ।

ਪੱਤਰਕਾਰ ਨੇ ਪੁੱਛਿਆ: ਜੇ ਸਰਕਾਰ ਤੁਹਾਨੂੰ ਸੌ ਡਾਲਰ ਦੇਵੇ ਤਾਂ ਤੁਸੀਂ ਕੀ ਕਰੋਗੇ ?

ਇਸਤਰੀ ਨੇ ਕਿਹਾ: ਕਿਸੇ ਉਸ ਨੂੰ ਦਿਆਂਗੀ, ਜਿਸ ਕੋਲ ਝੁੱਗੀ ਵੀ ਨਹੀਂ ਹੈ।

221

ਆਪਣੀ ਫੋਟੋ ਵੇਖ ਕੇ ਕੋਈ ਸੰਤੁਸ਼ਟ ਨਹੀਂ ਹੁੰਦਾ। ਜਿਹੜੀ ਫੋਟੋ ਨਾਲ ਅਸੀਂ ਕੁਝ ਸੰਤੁਸ਼ਟ ਹੁੰਦੇ ਹਾਂ, ਉਸ ਫੋਟੋ ਨੂੰ ਅਸੀਂ ਕਈ ਸਾਲ ਵਰਤਦੇ ਹਾਂ। ਅਸੀਂ ਕਿਸੇ ਨੂੰ ਉਹ ਹੀ ਫੋਟੋ ਭੇਜਦੇ ਹਾਂ, ਜਿਸ ਵਿਚ ਅਸੀਂ ਅਸਲੀਅਤ ਨਾਲੋਂ ਵੱਧ ਸੋਹਣੇ ਲਗਦੇ ਹਾਂ।

ਜੇ ਕਿਸੇ ਦੀ ਭੇਜੀ ਫੋਟੋ ਵਿਚ ਕੋਈ ਸੁੰਦਰ ਨਹੀਂ ਲਗਦਾ ਤਾਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਅਸਲ ਵਿਚ ਕਿਤਨਾ ਕੌਝਾ ਲਗਦਾ ਹੋਵੇਗਾ।

ਆਪਣੀ ਫੋਟੋ ਵੇਖ ਕੇ ਹਰ ਕੋਈ ਸੋਚਦਾ ਹੈ ਕਿ ਇਹ ਹੈ ਤਾਂ ਮੇਰੀ ਪਰ ਇਹ ਹੋਰ ਚੰਗੀ ਹੋਣੀ ਚਾਹੀਦੀ ਸੀ। ਇਵੇਂ ਅਸੀਂ ਦੋਸ਼ ਫੋਟੋਗ੍ਰਾਫਰ ਨੂੰ ਦਿੰਦੇ ਹਾਂ ਜਾਂ ਫੋਟੋ ਖਿਚਵਾਉਣ ਵੇਲੇ ਆਪਣੇ ਬੋਧਿਆਨੇ ਹੋਣ ਨੂੰ ਦਿੰਦੇ ਹਾਂ। ਆਪਣੀ ਸ਼ਕਲ ਨੂੰ ਕੋਈ ਨਹੀਂ ਕੋਸਦਾ, ਕੋਸਿਆ ਫੋਟੋਗ੍ਰਾਫਰ ਨੂੰ ਜਾਂ ਕੈਮਰੇ ਜਾਂ ਬਿਜਲੀ ਦੀ ਰੌਸ਼ਨੀ ਆਦਿ ਨੂੰ ਜਾਂਦਾ ਹੈ।

ਜਿਹੜੇ ਆਪਣੇ ਘਰਾਂ ਵਿਚ ਆਪਣੀਆਂ ਵੱਡੇ ਆਕਾਰ ਦੀਆਂ ਫੋਟੋਆਂ ਲਾਉਂਦੇ ਹਨ, ਉਹ ਚਾਹੁੰਦੇ ਹਨ ਕਿ ਤੁਸੀਂ ਉਨ੍ਹਾਂ ਫੋਟੋਆਂ ਦੀ ਪ੍ਰਸੰਸਾ ਕਰੋ, ਨਹੀਂ ਕਰੋਗੇ ਤਾਂ ਉਹ ਤੁਹਾਨੂੰ ਆਪਣੇ ਸ਼ੁੱਭਚਿੰਤਕ ਨਹੀਂ ਸਮਝਣਗੇ।

ਅਜੋਕੇ ਯੁਗ ਵਿਚ ਫੋਟੋਗ੍ਰਾਫੀ ਨੇ ਹਰ ਕਿਸੇ ਨੂੰ ਕੌਝੇ ਹੋਣ ਦੀ ਸੋਝੀ ਕਰਵਾਈ ਹੈ ਅਤੇ ਸੋਹਣੇ ਹੋਣ ਦਾ ਭਰਮ ਸਿਰਜਿਆ ਹੈ। ਇਸੇ ਕਰਕੇ ਸ਼ਿਗਾਰ ਦਾ ਸਾਮਾਨ ਵਿਕਦਾ ਹੈ।

ਇਵੇਂ ਫੋਟੋਗ੍ਰਾਫੀ ਰਾਹੀਂ ਮਨੁੱਖ ਯਥਾਰਥ ਅਤੇ ਸੁਪਨੇ ਦੀ ਪੀਂਘ ਝੂਟਦਾ ਹੈ।

222

ਇਕ ਪੰਛੀ ਅਤੇ ਇੱਕ ਮੱਛੀ ਦਾ ਪਿਆਰ ਹੋ ਗਿਆ।

ਪੰਛੀ ਨਿਰਾਸ਼ਾਵਾਦੀ ਸੀ, ਮੱਛੀ ਆਸ਼ਾਵਾਦੀ ਸੀ।

ਨਿਰਾਸ਼ਾਵਾਦੀ ਪੁਰਸ਼ ਹੀ ਹੁੰਦੇ ਹਨ।

ਇਸਤਰੀਆਂ ਅਕਸਰ ਆਸ਼ਾਵਾਦੀ ਹੁੰਦੀਆਂ ਹਨ।

www.quotesinpunjabi.ml

QuotesInPunjabi

ਪੰਛੀ ਨੇ ਕਿਹਾ: ਬੜੇ ਦੁੱਖ ਦੀ ਗੱਲ ਹੈ, ਪਤਾ ਨਹੀਂ ਸਾਡੇ ਨਾਲ ਇਹ ਅਨਿਆਂ ਕਿਉਂ ਹੋਇਆ ਹੈ ? ਅਸੀਂ ਇਕੱਠੇ ਨਹੀਂ ਰਹਿ ਸਕਦੇ।

ਮੈਂ ਸਮੁੰਦਰ ਵਿਚ ਨਹੀਂ ਰਹਿ ਸਕਦਾ, ਤੂੰ ਅਸਮਾਨ ਵਿਚ ਨਹੀਂ ਆ ਸਕਦੀ।

ਮੱਛੀ ਨੇ ਕਿਹਾ: ਇਸ ਨਿਰਾਸਤਾ ਵਿਚ ਵੀ ਆਸ ਹੈ, ਇਵੇਂ ਸਾਡੇ ਵਿਚ ਹਮੇਸ਼ਾ ਪਿਆਰ ਰਹੇਗਾ, ਕਿਉਂਕਿ ਨਿਰੰਤਰ ਵਿਛੜੇ ਰਹਿਣ ਕਰਕੇ, ਸਾਡੇ ਵਿਚਕਾਰ ਮਿਲਣ ਦੀ ਤਾਂਘ ਕਦੇ ਨਹੀਂ ਮਰੇਗੀ।

223

ਦੂਜੇ ਵਿਸ਼ਵਯੁੱਧ ਦੌਰਾਨ, ਜਿਸ ਦੇਸ਼ ਤੋਂ ਇੰਗਲੈਂਡ ਨੂੰ ਅੰਡਿਆਂ ਦੀ ਸਪਲਾਈ ਆਉਂਦੀ ਸੀ, ਉਸ 'ਤੇ ਜਰਮਨੀ ਦਾ ਕਬਜ਼ਾ ਹੋਣ ਨਾਲ ਸਪਲਾਈ ਬੰਦ ਹੋ ਗਈ ਸੀ।

ਜਰਮਨੀ, ਇੰਗਲੈਂਡ ਉੱਤੇ ਵੀ ਹਮਲੇ ਕਰ ਰਿਹਾ ਸੀ, ਸੋ ਸਥਿਤੀ ਅਜਿਹੀ ਸੀ ਕਿ ਕਿਸੇ ਹੋਰ ਦੇਸ਼ ਤੋਂ ਬਦਲਵੇਂ ਪ੍ਰਬੰਧ ਕਰਨੇ ਵੀ ਸੰਭਵ ਨਹੀਂ ਸਨ।

ਇੰਗਲੈਂਡ ਦੀ ਸਰਕਾਰ ਨੇ ਐਲਾਨ ਕੀਤਾ ਕਿ ਅੰਡੇ ਕੇਵਲ ਗਰਭਵਤੀ ਇਸਤਰੀਆਂ ਅਤੇ ਹਸਪਤਾਲ ਵਿਚ ਦਾਖਲ ਮਰੀਜ਼ਾਂ ਨੂੰ ਦਿੱਤੇ ਜਾਣਗੇ, ਹੋਰਾਂ ਲਈ ਅੰਡੇ ਖਰੀਦਣੇ ਮਨ੍ਹਾ ਸਨ। ਦੇਸ਼ਵਾਸੀ, ਯੁੱਧ ਕਾਰਨ ਸਰਕਾਰ ਦੀ ਦਿਲ-ਜਾਨ ਨਾਲ ਹਮਾਇਤ ਕਰ ਰਹੇ ਸਨ ਅਤੇ ਪੂਰਾ ਸਹਿਯੋਗ ਦੇ ਰਹੇ ਸਨ।

ਅੰਡਿਆਂ ਸਬੰਧੀ ਹੁਕਮ ਸੁਣ ਕੇ, ਆਪਣੇ ਘਰਾਂ ਵਿਚ ਪਏ ਅੰਡੇ ਹਸਪਤਾਲਾਂ ਨੂੰ ਭੇਟ ਕਰਨ ਲਈ, ਅਗਲੇ ਹੀ ਦਿਨ ਲੋਕਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ ਸਨ।

224

ਇਕ ਵਿਅਕਤੀ ਰੋਜ਼ ਵੇਖਦਾ ਸੀ ਕਿ ਲੂੰਬੜ ਭੇਡ ਖਾਂਦਾ ਸੀ। ਇਕ ਦਿਨ ਲੁਕ ਕੇ ਵੇਖਣ ਲੱਗਾ ਕਿ ਲੂੰਬੜ ਭੇਡ ਕਿਥੋਂ ਪ੍ਰਾਪਤ ਕਰਦਾ ਸੀ। ਉਸ ਨੇ ਇਕ ਸ਼ੇਰ ਆਉਂਦਾ ਵੇਖਿਆ, ਸ਼ੇਰ ਨੇ ਇਕ ਭੇਡ ਮਾਰੀ, ਜਦੋਂ ਸ਼ੇਰ ਰੱਜ ਗਿਆ ਤਾਂ ਚਲਾ ਗਿਆ ਅਤੇ ਰਹਿੰਦ-ਖੂੰਹਦ ਨੂੰ ਲੂੰਬੜ ਖਾਣ ਲਗ ਪਿਆ। ਉਸ ਵਿਅਕਤੀ ਨੇ ਸੋਚਿਆ, ਪਰਮਾਤਮਾ ਹਰੇਕ ਜੀਅ ਦੇ ਭੋਜਨ ਦਾ ਪ੍ਰਬੰਧ ਕਰਦਾ ਹੈ। ਦੂਜੇ, ਤੀਜੇ, ਚੌਥੇ ਦਿਨ ਵੀ ਇਵੇਂ ਹੀ ਹੋਇਆ।

ਉਸ ਆਦਮੀ ਨੇ ਵੀ ਲੂੰਬੜ ਵਾਂਗ ਜੀਵਨ ਗੁਜ਼ਾਰਨ ਦਾ ਮਨ ਬਣਾਇਆ ਅਤੇ ਸੋਚਿਆ, ਪਰਮਾਤਮਾ ਆਪੇ ਧਿਆਨ ਰੱਖੇਗਾ।

ਉਹ ਇਕ ਪਾਸੇ ਬਹਿ ਗਿਆ, ਕੁਝ ਨਾ ਵਾਪਰਿਆ, ਭੁੱਖ ਸਤਾਉਣ ਲੱਗੀ, ਭੁੱਖ ਨਾਲ ਜਦੋਂ ਮਰਨ ਕਿਨਾਰੇ ਪਹੁੰਚ ਗਿਆ ਤਾਂ ਆਵਾਜ਼ ਆਈ: ਤੂੰ ਲੂੰਬੜ ਦੀ ਨਕਲ ਕੀਤੀ ਹੈ, ਨਕਲ ਸ਼ੇਰ ਦੀ ਕਰਨੀ ਚਾਹੀਦੀ ਸੀ।

www.quotesinpunjabi.ml

QuotesInPunjabi

225

ਇਕ ਸਾਧੂ, ਆਪਣੇ ਚੇਲੇ ਨੂੰ ਤਿਆਗ ਕਰਨ ਦੀ ਸਿਖਲਾਈ ਅਤੇ ਸਿੱਖਿਆ ਦਿੰਦਾ ਰਹਿੰਦਾ ਸੀ। ਇਕ ਦਿਨ ਦੋਵਾਂ ਨੇ ਕਿਸੇ ਹੋਰ ਨਗਰ ਜਾਣ ਦਾ ਨਿਰਣਾ ਕੀਤਾ। ਗੁਰੂ ਦੇ ਮਨ੍ਹਾਂ ਕਰਨ ਦੇ ਬਾਵਜੂਦ, ਚੇਲੇ ਨੇ ਜੇਬ ਵਿਚ ਕੁਝ ਪੈਸੇ ਪਾ ਲਏ ਸਨ। ਗੁਰੂ ਦੀ ਜੇਬ ਹਮੇਸ਼ਾ ਵਾਂਗ ਖਾਲੀ ਸੀ। ਨਦੀ ਪਾਰ ਕਰਨੀ ਸੀ ਪਰ ਮਲਾਹ ਨੇ ਮੁਫ਼ਤ ਪਾਰ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਭਾਵੇਂ ਚੇਲੇ ਕੋਲ ਪੈਸੇ ਸਨ ਪਰ ਉਹ ਚੁੱਪ ਰਿਹਾ।

ਸਾਧੂ ਬੈਠਾ ਰਿਹਾ, ਉਡੀਕਦਾ ਰਿਹਾ, ਰਾਤ ਪੈ ਗਈ। ਮਲਾਹ ਨੇ ਕਿਹਾ: ਕਦੋਂ ਤੱਕ ਇਥੇ ਬੈਠੇ ਰਹੋਗੇ ? ਜੰਗਲੀ ਜਾਨਵਰ ਮਾਰ ਕੇ ਖਾ ਜਾਣਗੇ। ਸਾਧੂ ਨੇ ਕਿਹਾ: ਫਿਰ ਭੂੰ ਨਦੀ ਪਾਰ ਕਰਵਾ ਦੇਹ। ਮਲਾਹ ਨੇ ਕਿਹਾ: ਮੁਫ਼ਤ ਨਦੀ ਪਾਰ ਕਰਵਾਉਣਾ ਮੇਰੇ ਅਸੂਲ ਵਿਰੁੱਧ ਹੈ।

ਚੇਲੇ ਨੇ ਜੇਬ ਵਿਚੋਂ ਦੋ ਰੁਪਏ ਦਿੱਤੇ ਅਤੇ ਮਲਾਹ ਨੇ ਨਦੀ ਪਾਰ ਕਰਵਾ ਦਿੱਤੀ।

ਨਦੀ ਪਾਰ ਕਰਨ ਉਪਰੰਤ ਚੇਲੇ ਨੇ ਕਿਹਾ: ਤੁਸੀਂ ਸਿੱਖਿਆ ਦਿੰਦੇ ਹੋ ਕਿ ਤਿਆਗ ਕਰੋ, ਪੈਸਾ ਨਹੀਂ ਚਾਹੀਦਾ, ਵੇਖੋ ਇਥੇ ਪੈਸਾ ਹੀ ਕੰਮ ਆਇਆ।

ਪੈਸੇ ਨਾਲ ਹੀ ਨਦੀ ਪਾਰ ਕਰਨ ਦਾ ਸੁੱਖ ਮਿਲਿਆ ਹੈ।

ਸਾਧੂ ਨੇ ਕਿਹਾ: ਕੀ ਅਸੀਂ ਮਲਾਹ ਨੂੰ ਪੈਸੇ ਦੇ ਕੇ ਨਦੀ ਪਾਰ ਕਰਨ ਦਾ ਸੁੱਖ ਲਿਆ ਹੈ ? ਸੁੱਖ ਪੈਸੇ ਨਾਲ ਨਹੀਂ ਮਿਲਿਆ, ਸੁੱਖ ਪੈਸਾ ਤਿਆਗਣ ਨਾਲ ਹੀ ਮਿਲਿਆ ਹੈ।

226

ਕਈ ਕਾਰਜ ਸਾਨੂੰ ਸਮਾਜ ਨਹੀਂ ਕਰਨ ਦਿੰਦਾ। ਕਈ ਕੰਮ ਕਰਨ ਦੀ ਸਾਡਾ ਸਭਿਆਚਾਰ ਆਗਿਆ ਨਹੀਂ ਦਿੰਦਾ। ਕਈਆਂ ਨੂੰ ਕਰਨ ਵਿਚ ਕਾਨੂੰਨ ਰੁਕਾਵਟ ਬਣਦਾ ਹੈ। ਕਈ ਕੰਮ ਆਰਥਿਕ ਮਜਬੂਰੀਆਂ ਕਾਰਨ, ਰਾਜਨੀਤਕ ਬੰਧਨਾਂ ਕਾਰਨ ਨਹੀਂ ਕੀਤੇ ਜਾਂਦੇ। ਧਰਮ ਕਈ ਕਾਰਜ ਕਰਨ ਤੇ ਰੋਕਾਂ ਲਾਉਂਦਾ ਹੈ। ਕਈ ਕਾਰਜ ਅਸੀਂ ਪਰਿਵਾਰ ਕਾਰਨ ਨਹੀਂ ਕਰਦੇ, ਕਈ ਕਾਰਜ ਗਵਾਂਢੀਆਂ, ਦੋਸਤਾਂ, ਸਹੇਲੀਆਂ ਕਾਰਨ ਨਹੀਂ ਕੀਤੇ ਜਾਂਦੇ। ਕਈ ਕੰਮ ਅਸੀਂ ਆਪਣੇ ਪੜ੍ਹੇ-ਲਿਖੇ ਹੋਣ ਕਾਰਨ, ਕਈ ਕਾਰਜ ਆਪਣੇ ਅਹੁਦੇ ਕਾਰਨ, ਕਈ ਉਮਰ ਕਾਰਨ ਨਹੀਂ ਕਰ ਸਕਦੇ। ਕਈ ਕਾਰਜ ਕਰਨ ਦਾ ਹੌਸਲਾ ਨਹੀਂ ਪੈਂਦਾ। ਕਈ ਕੰਮ ਦੁਰਘਟਨਾ ਦੇ ਡਰ ਕਾਰਨ ਕਰਨ ਦੀ ਹਿੰਮਤ ਨਹੀਂ ਉਪਜਦੀ।

ਮਨੁੱਖ 'ਤੇ ਰੋਕਾਂ ਹੀ ਰੋਕਾਂ ਹਨ ਪਰ ਮਨੁੱਖ ਸਮਝਦਾ ਆਪਣੇ ਆਪ ਨੂੰ ਸੁਤੰਤਰ ਹੈ।

ਸਮਝਣ ਦੀ ਲੋੜ ਇਹ ਹੈ ਕਿ ਇਹ ਰੋਕਾਂ, ਬੰਧਨ, ਮਨਾਹੀਆਂ ਆਦਿ ਸਾਧਾਰਨ ਲੋਕਾਂ ਲਈ ਹਨ। ਜਿਨ੍ਹਾਂ ਨੇ ਕੁਝ ਕਰਨਾ ਹੁੰਦਾ ਹੈ, ਉਹ ਕਿਸੇ ਰੋਕ ਦੀ ਪਰਵਾਹ ਨਹੀਂ ਕਰਦੇ।

ਹਮਲਾਵਰ, ਵੀਜ਼ੇ ਲੈ ਕੇ ਨਹੀਂ ਆਉਂਦੇ।

ਜੇ ਹਰ ਕਿਸੇ ਨੇ ਰੋਕਾਂ ਹੀ ਮੰਨਣੀਆਂ ਸਨ ਤਾਂ ਨਾ ਕੋਈ ਹੀਰ ਹੁੰਦੀ ਨਾ ਸੱਸੀ।

ਨਾ ਕੋਈ ਸਿਕੰਦਰ ਹੁੰਦਾ, ਨਾ ਨੈਪੋਲੀਅਨ, ਨਾ ਲਿੰਕਨ।

www.quotesinpunjabi.ml

QuotesInPunjabi

227

ਮਨੁੱਖ ਦੇ ਸਾਰੇ ਮੀਟਰ ਉਸ ਦੇ ਚਿਹਰੇ 'ਤੇ ਲੱਗੇ ਹੁੰਦੇ ਹਨ।

ਠੰਡੀ ਕੇਵਲ ਮਨੁੱਖ ਦੀ ਹੁੰਦੀ ਹੈ। ਠੰਡੀ ਕਾਰਨ ਹੀ ਮਨੁੱਖ ਇਕ-ਦੂਜੇ ਤੋਂ ਵੱਖਰੇ ਲਗਦੇ ਹਨ। ਠੰਡੀ ਕਾਰਨ ਮਨੁੱਖ ਦਾ ਮੂੰਹ ਅਤੇ ਅੱਖਾਂ ਚਿਹਰੇ 'ਤੇ ਹਾਵੀ ਨਹੀਂ ਹੁੰਦੀਆਂ।

ਜੇ ਠੰਡੀ ਨਾ ਹੁੰਦੀ ਤਾਂ ਹਰੇਕ ਵਿਅਕਤੀ ਵੱਖਰੀ ਨਸਲ ਦਾ ਬਾਂਦਰ ਲੱਗਣਾ ਸੀ।

ਮਨੁੱਖ ਦੀਆਂ ਅੱਖਾਂ ਵਿਚੋਂ ਅਕਲ ਅਤੇ ਨੱਕ ਵਿਚੋਂ ਮੂਰਖਤਾ ਝਲਕਦੀ ਹੈ।

ਕੁਦਰਤ ਨੇ ਅਕਲ ਅਤੇ ਮੂਰਖਤਾ ਵਿਚ ਸੰਤੁਲਨ ਬਣਾਉਣ ਲਈ, ਅੱਖਾਂ ਦੇ ਥੱਲੇ, ਨੱਕ ਲਾਇਆ ਹੈ। ਮਨੁੱਖ ਨੂੰ ਅੱਖਾਂ ਦਾ ਮਾਣ ਹੁੰਦਾ ਹੈ ਅਤੇ ਨੱਕ ਦੀ ਸ਼ਰਮ ਆਉਂਦੀ ਹੈ।

ਪਤਲੇ ਬੰਦੇ ਦਾ ਨੱਕ, ਉਮਰ ਦੇ ਵਧਣ ਨਾਲ ਵੱਡਾ-ਮੋਟਾ ਹੋ ਜਾਂਦਾ ਹੈ, ਮੋਟੇ ਬੰਦੇ ਦਾ ਅਕਸਰ ਛੋਟਾ ਹੋ ਜਾਂਦਾ ਹੈ।

ਸਵਾਦ ਜੀਭ ਵਿੱਚ ਨਹੀਂ ਹੁੰਦਾ, ਨੱਕ ਵਿੱਚ ਹੁੰਦਾ ਹੈ। ਜੇ ਨੱਕ ਬੰਦ ਹੋਵੇ ਤਾਂ ਚੀਜ਼ਾਂ ਸਵਾਦ ਨਹੀਂ ਲਗਦੀਆਂ। ਅਸੀਂ ਕੁਝ ਖਾਂਦਿਆਂ, ਨਾਲ ਸੁੰਘਦੇ ਵੀ ਹਾਂ, ਸੁੰਘਣ ਨਾਲ ਕੁਝ ਖਾਣ ਤੋਂ ਪਹਿਲਾਂ ਹੀ, ਉਸਦਾ ਸਵਾਦ ਪਤਾ ਲੱਗ ਜਾਂਦਾ ਹੈ।

ਕੋਈ ਚੀਜ਼ ਖਰਾਬ ਹੋ ਗਈ ਹੈ ਕਿ ਨਹੀਂ, ਜਾਣਨ ਲਈ ਅਸੀਂ ਉਸ ਨੂੰ ਸੁੰਘਦੇ ਹਾਂ। ਜਦੋਂ ਬੁਢਾਪੇ ਵਿਚ ਸੁੰਘਣ ਸ਼ਕਤੀ ਘੱਟ ਜਾਂਦੀ ਹੈ ਤਾਂ ਚੀਜ਼ਾਂ ਸਵਾਦ ਲੱਗਣੋਂ ਹਟ ਜਾਂਦੀਆਂ ਹਨ। ਇਸਤਰੀਆਂ ਵਿਚ ਸੁੰਘਣ-ਸ਼ਕਤੀ ਵਧੇਰੇ ਹੁੰਦੀ ਹੈ, ਉਨ੍ਹਾਂ ਨੂੰ ਝੱਟ ਬਦਬੂ ਆਉਣ ਲੱਗ ਪੈਂਦੀ ਹੈ, ਇਸੇ ਲਈ ਉਹ ਸਾਫ-ਸਫਾਈ ਦਾ ਵਧੇਰੇ ਧਿਆਨ ਰੱਖਦੀਆਂ ਹਨ।

ਦੰਦਾਂ ਨੂੰ ਖਾਣ ਵਾਲੀ ਚੀਜ਼ ਨੂੰ ਕੱਟਣ ਲਈ, ਜੀਭ ਨੂੰ ਮੂੰਹ ਅੰਦਰ ਚੀਜ਼ ਉਲਟਾਉਣ-ਪਲਟਾਉਣ ਲਈ, ਬੁੱਲ੍ਹਾਂ ਨੂੰ ਚੀਜ਼ ਅੰਦਰ ਕਰਕੇ ਮੂੰਹ ਬੰਦ ਕਰਨ ਲਈ, ਮੂੰਹ ਦੇ ਅੰਦਰਲੇ ਹਿੱਸੇ ਦੇ ਵੱਖ-ਵੱਖ ਸਥਾਨਾਂ ਨੂੰ ਵੱਖ-ਵੱਖ ਸਵਾਦਾਂ ਨੂੰ ਮਾਣਨ ਲਈ ਵਰਤਿਆ ਜਾਂਦਾ ਹੈ।

ਇਸਤਰੀ ਇਸ ਲਈ ਸੁੰਦਰ ਹੁੰਦੀ ਹੈ ਅਤੇ ਆਕਰਸ਼ਤ ਕਰਦੀ ਹੈ, ਕਿਉਂਕਿ ਉਸ ਦੀਆਂ ਅੱਖਾਂ, ਕੰਨ, ਨੱਕ, ਜੀਭ, ਚਮੜੀ ਆਦਿ ਸਾਰੇ ਗਿਆਨ-ਇੰਦਰੇ ਸੂਖਮ, ਕੂਲੇ, ਨਰਮ, ਤਿੱਖੇ ਅਤੇ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ।

ਪੁਰਸ਼ ਦਾ ਸੁਭਾਓ ਲੱਠੇ ਵਾਲਾ ਹੁੰਦਾ ਹੈ, ਇਸਤਰੀ ਦਾ ਸ਼ਨੀਲ ਵਰਗਾ।

ਪੁਰਸ਼ ਦੇ ਮੀਟਰ ਵਡੇ ਅਤੇ ਸਖਤ ਹੁੰਦੇ ਹਨ ? ਇਸਤਰੀ ਦੇ ਛੋਟੇ ਅਤੇ ਨਰਮ।

228

ਦੂਜੇ ਵਿਸ਼ਵਯੁੱਧ ਵਿਚ ਫਰਾਂਸ ਦਾ ਇਕ ਫੌਜੀ ਜ਼ਖਮੀ ਹੋ ਗਿਆ ਸੀ ਅਤੇ ਇੰਗਲੈਂਡ ਦੇ ਇਕ ਹਸਪਤਾਲ ਵਿਚ ਉਸ ਦਾ ਇਲਾਜ ਚੱਲ ਰਿਹਾ ਸੀ। ਮਾਂ ਨੇੜਲੇ ਸ਼ਹਿਰ ਵਿਚ ਰਹਿੰਦੀ ਸੀ ਅਤੇ ਆਪਣੇ ਪੁੱਤਰ ਨੂੰ ਮਿਲਣਾ ਚਾਹੁੰਦੀ ਸੀ ਪਰ ਮਿਲਣ ਨਹੀਂ ਸੀ ਦਿੱਤਾ ਜਾ ਰਿਹਾ ਤਾਂ ਕਿ ਕਿਧਰੇ ਉਹ ਜ਼ਖਮੀ ਫੌਜੀ, ਖੁਸ਼ੀ ਦੀ ਉਤੇਜਨਾ ਨਾਲ ਹੀ ਨਾ ਮਰ ਜਾਵੇ।

ਮਾਂ ਨਰਸ ਬਣ ਕੇ ਉਸ ਦੀ ਦੇਖ-ਭਾਲ ਕਰਨ ਲਈ ਪਹੁੰਚੀ।

www.quotesinpunjabi.ml

QuotesInPunjabi

ਜਦੋਂ ਉਸ ਨੇ ਜ਼ਖ਼ਮੀ ਫੇਜੀ ਦੇ ਮੱਥੇ 'ਤੇ ਹੱਥ ਰਖਿਆ ਤਾਂ ਮਰੀਜ਼ ਬੋਲਿਆ: ਤੁਹਾਡੇ ਹੱਥ ਦੀ ਛੋਹ ਵਿਚੋਂ ਮਾਂ ਦੇ ਪਿਆਰ ਦਾ ਨਿੱਘ ਮਿਲਦਾ ਹੈ, ਇਸ ਨਿੱਘ ਕਾਰਨ ਹੁਣ ਮੈਂ ਜਲਦੀ ਠੀਕ ਹੋ ਜਾਵਾਂਗਾ।

229

ਬੀਮਾ ਕੰਪਨੀਆਂ, ਝੂਠੇ ਕਲੇਮਾਂ ਤੋਂ ਆਪਣੇ ਬਚਾਓ ਲਈ ਕਈ ਢੰਗ ਵਰਤਦੀਆਂ ਹਨ। ਇਕ ਵਾਰੀ ਸਾਈਕਲਾਂ ਦੇ ਇਕ ਗੁਦਾਮ ਦਾ ਬੀਮਾ ਕਰਵਾ ਕੇ, ਚਲਾਕ ਅਤੇ ਬੇਈਮਾਨ ਮਾਲਕ ਨੇ ਝਾੜ-ਫੂਸ ਰੱਖ ਕੇ ਅਤੇ ਸਾਈਕਲਾਂ ਕੱਢ ਕੇ, ਅੱਗ ਲਾ ਦਿੱਤੀ। ਬੀਮਾ ਕੰਪਨੀ ਨੇ ਕਿਹਾ: ਸੜੀਆਂ ਹੋਈਆਂ ਸਾਈਕਲਾਂ ਕਿਥੇ ਹਨ ?

ਇਸ ਕਰਕੇ ਹੁਣ ਬੀਮਾ ਕੰਪਨੀਆਂ ਅਗਨੀ-ਬੀਮਾ ਕੀਤੀ ਵਸਤ ਦੀ ਫੋਟੋ ਖਿਚਦੀਆਂ ਹਨ ਅਤੇ ਅੱਗ ਲੱਗਣ ਉਪਰੰਤ, ਸੁਆਹ ਦਾ ਨਿਰੀਖਣ ਕਰਵਾਉਂਦੀਆਂ ਹਨ।

ਇਕ ਬੀਮਾ ਕੰਪਨੀ ਨੇ ਆਪਣਾ ਦਫ਼ਤਰ ਸੱਤਵੀਂ ਮੰਜ਼ਲ ਉੱਤੇ ਬੋਲ੍ਹਿਆ ਹੋਇਆ ਸੀ। ਹਾਦਸੇ ਦੇ ਸ਼ਿਕਾਰ ਵਿਅਕਤੀ ਵਧੇਰੇ ਮੁਆਵਜ਼ੇ ਲਈ ਅਕਸਰ ਝੂਠੇ ਮੁਕੱਦਮੇ ਕਰਦੇ ਸਨ। ਕੰਪਨੀ ਨੇ ਆਪਣੀ ਲਿਫਟ ਜਾਣ ਕੇ ਖਰਾਬ ਕੀਤੀ ਹੋਈ ਸੀ। ਜਦੋਂ ਕੋਈ ਪੌੜੀਆਂ ਚੜ੍ਹ ਕੇ, ਪਹੁੰਚ ਕੇ ਟੁੱਟੀ ਲੱਤ ਦਾ ਮੁਆਵਜ਼ਾ ਮੰਗਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਜੇ ਤੁਹਾਡੀ ਹੱਡੀ ਟੁੱਟੀ ਹੁੰਦੀ ਤਾਂ ਤੁਸੀਂ ਪੌੜੀਆਂ ਚੜ੍ਹ ਕੇ ਇਸ ਦਫ਼ਤਰ ਨਹੀਂ ਪਹੁੰਚ ਸਕਦੇ ਸੀ।

ਇਕ ਵਾਰੀ ਇਕ ਵਿਅਕਤੀ ਨੇ ਕਿਹਾ ਕਿ ਉਸ ਦੀ ਬਾਂਹ 'ਤੇ ਸੱਟ ਲੱਗਣ ਕਾਰਨ ਉਹ ਬਾਂਹ ਉੱਚੀ ਨਹੀਂ ਕਰ ਸਕਦਾ। ਮੁਆਵਜ਼ੇ ਲਈ ਉਸ ਨੇ ਮੁਕੱਦਮਾ ਕਰ ਦਿੱਤਾ। ਬੀਮਾ ਕੰਪਨੀ ਦੇ ਵਕੀਲ ਨੇ ਅਦਾਲਤ ਵਿਚ ਉਸ ਨੂੰ ਬਾਂਹ ਉੱਚੀ ਕਰਨ ਲਈ ਕਿਹਾ, ਉਸ ਨੇ ਬਾਂਹ ਅੱਧੀ ਹੀ ਉੱਚੀ ਕੀਤੀ। ਵਕੀਲ ਨੇ ਪੁੱਛਿਆ, ਦੁਰਘਟਨਾ ਤੋਂ ਪਹਿਲਾਂ ਬਾਂਹ ਕਿਤਨੀ ਉੱਚੀ ਜਾ ਸਕਦੀ ਸੀ ? ਝੂਠਾ ਮੁਕੱਦਮਾ ਕਰਨ ਵਾਲੇ ਉਸ ਵਿਅਕਤੀ ਨੇ ਪੂਰੀ ਬਾਂਹ, ਪੂਰੀ ਤਰ੍ਹਾਂ ਉੱਚੀ ਕਰ ਦਿੱਤੀ ਅਤੇ ਜੱਜ ਨੇ ਮੁਕੱਦਮਾ ਖਾਰਜ ਕਰ ਦਿੱਤਾ।

ਇਕ ਇਸਤਰੀ ਨੇ ਬੀਮੇ ਦੀ ਰਕਮ ਲੈਣ ਲਈ ਆਪਣਾ ਪਤੀ ਮਾਰ ਦਿੱਤਾ ਅਤੇ ਉਸ ਨੂੰ ਇਕ ਦੁਰਘਟਨਾ ਵਿਚ ਮਰ ਗਿਆ ਦੱਸਿਆ। ਬੀਮਾ ਕੰਪਨੀ ਨੇ ਅਦਾਲਤ ਵਿਚ ਕੋਈ ਹੋਰ ਵਿਅਕਤੀ ਖੜ੍ਹਾ ਕਰਕੇ, ਸਾਬਤ ਕਰਨਾ ਚਾਹਿਆ ਕਿ ਇਹ ਇਸ ਦਾ ਪਤੀ ਹੈ ਅਤੇ ਜਿਉਂਦਾ ਹੈ। ਉਸ ਇਸਤਰੀ ਨੇ ਕਿਹਾ, ਇਹ ਮੇਰਾ ਪਤੀ ਨਹੀਂ, ਕਿਉਂਕਿ ਉਸ ਨੂੰ ਤਾਂ ਮੈਂ ਆਪ ਮਾਰਿਆ ਹੈ। ਉਸਦੇ ਇਸ ਬਿਆਨ 'ਤੇ, ਉਸ ਨੂੰ ਪਤੀ ਦਾ ਕਤਲ ਕਰਨ ਦੇ ਜੁਰਮ ਵਿਚ, ਗ੍ਰਿਫ਼ਤਾਰ ਕਰ ਲਿਆ ਗਿਆ ਸੀ।

230

ਬਾਦਸ਼ਾਹ ਨੇ ਆਪਣੇ ਵਿਰੋਧੀ ਨੂੰ ਮਰਵਾ ਦਿੱਤਾ ਸੀ। ਲਾਸ਼ ਮਾਰੂਥਲ ਵਿਚ ਸੁੱਟ ਦਿੱਤੀ ਗਈ ਸੀ। ਲਾਸ਼ ਦੇ ਨੇੜੇ ਜਾਣ ਦੀ ਮਨਾਹੀ ਸੀ, ਫਾਂਸੀ 'ਤੇ ਲਾਏ ਜਾਣ ਦੀ ਧਮਕੀ ਸੀ। ਪਤਾ ਲੱਗਾ, ਛੋਟੀ ਭੈਣ ਰਹਿ ਨਾ ਸਕੀ, ਵੱਡੀ ਭੈਣ ਨਾ ਗਈ। ਵੱਡੀ ਭੈਣ ਨੇ ਛੋਟੀ ਨੂੰ ਜਾਣ ਤੋਂ

www.quotesinpunjabi.ml

QuotesInPunjabi

ਰੋਕਿਆ। ਰੋਕਣ ਦੇ ਬਾਵਜੂਦ ਛੋਟੀ ਭੈਣ, ਰਾਤ ਦੇ ਹਨੇਰੇ ਵਿਚ ਗਈ ਅਤੇ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ, ਭਰਾ ਨੂੰ ਦਫ਼ਨਾ ਆਈ।

ਦਫ਼ਨਾਇਆ ਛੋਟੀ ਭੈਣ ਨੇ ਸੀ ਪਰ ਇਸ ਜੁਰਮ ਵਿਚ ਫੜੀ ਵੱਡੀ ਗਈ ਸੀ।

ਵੱਡੀ ਭੈਣ ਨੇ ਛੋਟੀ ਭੈਣ ਨੂੰ ਕਿਹਾ: ਇਕ ਕੁਰਬਾਨੀ ਤੂੰ ਕੀਤੀ ਹੈ, ਹੁਣ ਇਕ ਮੈਨੂੰ ਕਰਨ ਦੇਹ। ਉਸ ਵੱਡੀ ਭੈਣ ਨੇ ਠੋਕ ਕੇ ਕਿਹਾ: ਹਾਂ, ਆਪਣੇ ਭਰਾ ਨੂੰ ਮੈਂ ਦਫ਼ਨ ਕੀਤਾ ਹੈ। ਉਹ ਫਾਂਸੀ ਚੜ੍ਹ ਗਈ।

ਭਰਾ ਅਤੇ ਭੈਣ ਦੀ ਕੁਰਬਾਨੀ, ਸੁਤੰਤਰਤਾ ਅੰਦੋਲਨ ਬਣ ਗਈ, ਜਿਸ ਦਾ ਝੰਡਾ ਛੋਟੀ ਭੈਣ ਨੇ ਚੁੱਕਿਆ ਹੋਇਆ ਸੀ।

231

ਜੇ ਤੁਹਾਡਾ ਅੱਜ ਉਦਾਸ ਹੈ ਤਾਂ ਆਉਣ ਵਾਲੇ ਕੱਲ੍ਹ ਵੱਲ ਧਿਆਨ ਦਿਓ।

ਹਰ ਮੁਸੀਬਤ, ਮੁਸ਼ਕਲ, ਉਦਾਸੀ ਦਾ ਹੱਲ ਕੱਲ੍ਹ ਵਿਚ ਹੈ, ਕੱਲ੍ਹ ਵਿਚ ਆਸ ਹੁੰਦੀ ਹੈ, ਸੰਭਾਵਨਾ ਹੁੰਦੀ ਹੈ। ਜੇ ਤੁਸੀਂ ਕੱਲ੍ਹ ਬਾਰੇ ਆਸਵੰਦ ਨਹੀਂ ਤਾਂ ਅੱਜ ਹੋਰ ਵੀ ਕਾਲਾ ਪ੍ਰਤੀਤ ਹੋਵੇਗਾ। ਭੈੜੇ ਖਿਆਲ ਹੀ ਆਉਣਗੇ।

ਉਦਾਸ ਕਿਉਂ ਹੋ? ਕੀ ਤੁਸੀਂ ਵੀ ਲੋਕਾਂ ਵਾਂਗ ਪ੍ਰਸੰਨਤਾ ਨੂੰ ਪ੍ਰਾਪਤੀ ਨਾਲ ਅਤੇ ਪ੍ਰਾਪਤੀ ਨੂੰ ਪ੍ਰਸੰਨਤਾ ਨਾਲ ਜੋੜਦੇ ਹੋ?

ਪ੍ਰਸੰਨਤਾ ਪ੍ਰਾਪਤੀ ਨਹੀਂ ਹੁੰਦੀ, ਇਹ ਅਨੁਭਵ ਹੁੰਦੀ ਹੈ, ਇਹ ਭਰੇ ਹੋਣ ਦਾ ਅਹਿਸਾਸ ਹੁੰਦੀ ਹੈ। ਇਹ ਸਫਲ ਹੋਣ ਦਾ ਵਿਸ਼ਵਾਸ ਹੁੰਦੀ ਹੈ, ਇਹ ਅੱਜ ਦੇ ਯਤਨਾਂ ਦਾ ਕੱਲ੍ਹ ਨਿਕਲਣ ਵਾਲਾ ਸਿੱਟਾ ਹੁੰਦੀ ਹੈ। ਸਫਲ ਅਸੀਂ ਭਵਿੱਖ ਵਿਚ ਹੀ ਹੋਵਾਂਗੇ।

ਜੇ ਤੁਸੀਂ ਪ੍ਰਸੰਨ ਹੋਣਾ ਚਾਹੁੰਦੇ ਹੋ ਤਾਂ ਦੱਸੋ ਤੁਹਾਡੇ ਪ੍ਰਸੰਨ ਹੋਣ ਵਿਚ ਕੀ ਰੁਕਾਵਟ ਹੈ? ਉਦਾਸ ਵਿਅਕਤੀ, ਦੂਜਿਆਂ ਦੀਆਂ ਤਾੜੀਆਂ ਦੀ ਉਡੀਕ ਕਰਦੇ ਹਨ, ਪ੍ਰਸੰਨ ਵਿਅਕਤੀ ਆਪ ਹੀ ਤਾੜੀਆਂ ਮਾਰਨ ਲੱਗ ਪੈਂਦੇ ਹਨ। ਉਦਾਸ ਵਿਅਕਤੀ ਤੰਗ ਕਰਨ ਵਾਲਾ ਕਰਜ਼ਾ ਲੈ ਕੇ ਮਕਾਨ ਬਣਾਉਂਦਾ ਹੈ, ਵਿਖਾਉਣ ਲਈ। ਵੱਡੀ ਕਾਰ ਖਰੀਦਦਾ ਹੈ, ਹੋਰਾਂ ਨੂੰ ਛੋਟਾ ਸਿੱਧ ਕਰਨ ਲਈ। ਸਮਾਗਮ ਕਰਦਾ ਹੈ, ਦੂਜਿਆਂ ਦੀ ਵਾਹ-ਵਾਹ ਲੈਣ ਲਈ, ਆਪਣੇ ਹੀ ਵੈਭੇ ਹਾਰ ਪੁਆਉਣ ਲਈ। ਫੋਟੋਆਂ ਖਿਚਵਾਉਂਦਾ ਹੈ, ਅਖਬਾਰਾਂ ਵਿਚ ਛਪਵਾਉਣ ਲਈ। ਸਭ ਕੁਝ ਕਰਦਾ ਹੈ, ਇਹ ਦੱਸਣ ਲਈ ਕਿ ਵੇਖੋ ਮੇਰੇ ਕੋਲ ਕਿਤਨਾ ਕੁਝ ਹੈ, ਕੀ ਤੁਹਾਡੇ ਵਿਚੋਂ ਕਿਸੇ ਕੋਲ ਹੈ? ਮੈਨੂੰ ਮੰਨਦੇ ਹੋ ਕਿ ਨਹੀਂ? ਕਰ ਸਕਦੇ ਹੋ ਮੇਰਾ ਮੁਕਾਬਲਾ?

ਜਦੋਂ ਵੀ ਅਜਿਹਾ ਕਰੋਗੇ, ਉਦਾਸ ਹੀ ਹੋਵੋਗੇ, ਕਿਉਂਕਿ ਤੁਹਾਡੇ ਤੋਂ ਵਧੇਰੇ ਪ੍ਰਾਪਤੀਆਂ ਵਾਲੇ, ਵੱਡੇ ਮਕਾਨਾਂ ਵਾਲੇ, ਮਹਿੰਗੀਆਂ ਕਾਰਾਂ ਵਾਲੇ ਦਿਸਣ ਲਗ ਪੈਣਗੇ।

ਦੌੜ ਲੱਗੀ ਹੋਈ ਹੈ, ਦੌੜ ਵਿਚ ਥਕਾਵਟ ਹੈ, ਕਿਉਂਕਿ ਥਕਾਵਟ ਦੀ ਹੀ ਦੌੜ ਹੈ।

ਵੇਖੋ ਕਿਤਨੇ ਦੌੜ ਰਹੇ ਹਨ, ਸਾਰੇ ਥੱਕੇ ਹੋਏ ਹਨ, ਜਿਹੜੇ ਥੱਕੇ ਹੋਏ ਹਨ, ਉਹੀ ਦੌੜ ਰਹੇ ਹਨ। ਉਹ ਵੀ ਹਨ, ਜਿਹੜੇ ਥੱਕ ਕੇ, ਨਿਰਾਸ ਹੋ ਕੇ, ਪੰਜਵੀਂ ਵਾਰ ਚੋਣ ਨਾ ਜਿੱਤ ਸਕਣ

www.quotesinpunjabi.ml

QuotesInPunjabi
ਕਰਕੇ, ਢੇਰੀ ਢਾਹ ਕੇ ਬੈਠੇ ਹੋਏ ਹਨ। ਕਹਿ ਰਹੇ ਹਨ ਜੇ ਕਿਸਮਤ ਥੋੜ੍ਹਾ ਜਿਹਾ ਹੋਰ ਸਾਥ ਦਿੰਦੀ, ਜੇ ਥੋੜ੍ਹੇ ਜਿਹੇ ਵਸੀਲੇ ਹੋਰ ਹੁੰਦੇ, ਜੇ ਥੋੜ੍ਹੀ ਜਿਹੀ ਤਾਕਤ ਹੋਰ ਹੁੰਦੀ, ਮੈਂ ਸਭ ਕੁਝ ਪ੍ਰਾਪਤ ਕਰ ਵਿਖਾਉਣਾ ਸੀ। ਇਹ ਉਦਾਸ ਵੀ ਹਨ ਅਤੇ ਮਾਯੂਸ ਵੀ।

ਹਰ ਸੂਰਜ ਨੇ ਆਖਰ ਡੁੱਬਣਾ ਹੈ ਪਰ ਪੂਰੀ ਤਰ੍ਹਾਂ ਚਮਕ ਕੇ ਡੁੱਬਣਾ ਹੈ।

ਲੋੜ ਚਲਣ ਦੀ ਹੈ, ਟੁਰਦੇ ਰਹਿਣ ਦੀ ਹੈ। ਲੋੜ ਨਾ ਦੌੜਨ ਦੀ ਹੈ ਨਾ ਢੇਰੀ ਢਾਹ ਕੇ ਬੈਠਣ ਦੀ। ਪ੍ਰਸੰਨਤਾ ਟੁਰਨ ਵਿਚ ਹੈ, ਆਪਣੇ ਵਸੀਲਿਆਂ ਵਿਚ ਪ੍ਰਸੰਨ ਰਹਿਣ ਵਿਚ ਹੈ।

ਜਿਹੜਾ ਰਾਹ ਸਹੀ ਲੱਗੇ, ਉਹ ਅਪਨਾ ਲੈਣਾ।

232

ਇਕ ਜ਼ਿਮੀਂਦਾਰ ਘੋੜੇ 'ਤੇ ਜਾ ਰਿਹਾ ਸੀ। ਇਕ ਵਿਅਕਤੀ ਕੰਬਲ ਦੀ ਬੁੱਕਲ ਮਾਰ ਕੇ, ਗਰੀਬੜਾ ਜਿਹਾ ਬਣ ਕੇ ਕਹਿਣ ਲੱਗਾ, ਗਰੀਬ-ਲਾਚਾਰ ਹਾਂ, ਟੁਰ ਨਹੀਂ ਸਕਦਾ, ਘੋੜੇ 'ਤੇ ਬਿਠਾ ਲਓ। ਜ਼ਿਮੀਂਦਾਰ ਨੇ ਉਸ ਨੂੰ ਘੋੜੇ 'ਤੇ ਬਿਠਾ ਦਿੱਤਾ ਅਤੇ ਆਪ ਪੈਦਲ ਚੱਲਣ ਲੱਗ ਪਿਆ। ਉਹ ਚਾਲਾਕ ਵਿਅਕਤੀ, ਜ਼ਿਮੀਂਦਾਰ ਦਾ ਘੋੜਾ ਲੈ ਉਡਿਆ।

ਜ਼ਿਮੀਂਦਾਰ ਨੇ ਰੁਕਣ ਲਈ ਕਿਹਾ: ਘੋੜਾ ਬੇਸ਼ੱਕ ਲੈ ਜਾ ਪਰ ਵਾਅਦਾ ਕਰ ਕਿ ਕਿਸੇ ਨੂੰ ਇਹ ਨਹੀਂ ਦੱਸੇਂਗਾ ਕਿ ਘੋੜਾ ਖੋਹਣ ਵਾਸਤੇ ਤੂੰ ਕੀ ਚਾਲ ਚੱਲੀ ਸੀ, ਕਿਉਂਕਿ ਇਹ ਜਾਣਨ ਨਾਲ, ਅੱਗੇ ਤੋਂ ਲੋਕ, ਡਰਦੇ ਮਾਰੇ, ਕਿਸੇ ਗਰੀਬ-ਲਾਚਾਰ ਦੀ ਮਦਦ ਨਹੀਂ ਕਰਨਗੇ ਅਤੇ ਇਵੇਂ ਕਈ ਲੋੜਵੰਦ, ਮਦਦ ਪੱਖੋਂ ਵਾਂਝੇ ਰਹਿ ਜਾਣਗੇ।

233

ਸੱਸੀ, ਸੋਹਣੀ, ਹੀਰ, ਸਾਹਿਬਾਂ, ਸਾਰੇ ਪਿਆਰ ਦੀਆਂ ਸਜ਼ਾਵਾਂ ਦੇ ਨਾਂ ਹਨ।

ਉਹ ਇਕ ਸਾਧਾਰਨ ਇਸਤਰੀ ਸੀ, ਉਸ ਨੂੰ ਵੀ ਕਿਸੇ ਨਾਲ ਪਿਆਰ ਹੋਇਆ ਸੀ ਪਰ ਧਰਮ ਅਤੇ ਜਾਤ ਦੇ ਵੱਖਰੇਵਿਆਂ ਕਾਰਨ ਉਨ੍ਹਾਂ ਦਾ ਵਿਆਹ ਨਹੀਂ ਸੀ ਹੋ ਸਕਦਾ। ਉਸ ਨੇ ਪਿਆਰ ਕਰਨ ਦੀ ਹਿੰਮਤ ਕਰ ਲਈ ਸੀ ਪਰ ਵਿਆਹ ਸਬੰਧੀ ਸਮਾਜ ਅਤੇ ਧਰਮ-ਦੀ ਮਰਯਾਦਾ ਮੰਨ ਲਈ ਸੀ ਅਤੇ ਸਾਰਾ ਜੀਵਨ ਵਿਆਹ ਨਹੀਂ ਸੀ ਕਰਵਾਇਆ, ਕਿਉਂਕਿ ਉਹ ਉਸ ਜ਼ਮਾਨੇ ਦੀ ਸੀ, ਜਦੋਂ ਸਮਾਜਿਕ ਕਦਰਾਂ-ਕੀਮਤਾਂ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੀਆਂ ਸਨ, ਜਦੋਂ ਇਕ ਜਨਮ ਵਿਚ ਇਕ ਤੋਂ ਕੁਰਬਾਨ ਹੋਣ ਦੀ ਰੀਤ ਸੀ ਅਤੇ ਉਸੇ ਦੀ ਯਾਦ ਵਿਚ ਜਿਉਣ ਅਤੇ ਮਰਨ ਦੀ ਪਰੰਪਰਾ ਸੀ।

ਉਸ ਜ਼ਮਾਨੇ ਵਿਚ ਜਿਨ੍ਹਾਂ ਦਾ ਪਿਆਰ ਪ੍ਰਵਾਨ ਨਹੀਂ ਸੀ ਚੜ੍ਹਦਾ , ਉਹ ਪੱਤਣਾਂ 'ਤੇ ਬਹਿਕੇ, ਦਰਿਆ ਦੇ ਉਤਰਾਵਾਂ-ਚੜ੍ਹਾਵਾਂ ਨੂੰ ਵੇਖਦਿਆਂ, ਜ਼ਿੰਦਗੀ ਕੱਟਦੀਆਂ ਸਨ ਅਤੇ ਸਾਹਿਬਾਂ, ਹੀਰ, ਸੋਹਣੀ ਅਤੇ ਸੱਸੀ ਨਾਲ ਜਾ ਖਲੋਂਦੀਆਂ ਸਨ।

www.quotesinpunjabi.ml

QuotesInPunjabi

234

ਵੀਹਵੀਂ ਸਦੀ ਦੌਰਾਨ ਸੰਸਾਰ ਦਾ ਸਭ ਤੋਂ ਵੱਧ ਪ੍ਰਸਿੱਧ ਵਿਗਿਆਨੀ, ਆਈਨਸਟੀਨ, ਜਰਮਨੀ ਵਿਚ ਪ੍ਰੋਫੈਸਰ ਲੱਗਾ ਹੋਇਆ ਸੀ।

ਯਹੂਦੀ ਹੋਣ ਕਰਕੇ ਜਰਮਨੀ ਦੀ ਸਰਕਾਰ ਨੇ, ਉਸ ਨੂੰ ਇਤਨਾ ਅਤੇ ਇਤਨੀ ਤਰ੍ਹਾਂ ਪਰੇਸ਼ਾਨ ਕੀਤਾ ਕਿ ਉਹ ਜਰਮਨੀ ਛੱਡ ਕੇ ਸਵਿਟਜ਼ਰਲੈਂਡ ਚਲਾ ਗਿਆ ਅਤੇ ਉਸ ਨੇ ਸਵਿਟਜ਼ਰਲੈਂਡ ਦੀ ਨਾਗਰਿਕਤਾ ਲੈ ਲਈ।

ਉਸ ਵਲੋਂ ਸਵਿਟਜ਼ਰਲੈਂਡ ਦੀ ਨਾਗਰਿਕਤਾ ਲੈਣ ਨੂੰ, ਜਰਮਨੀ ਨੇ ਆਪਣਾ ਅਪਮਾਨ ਸਮਝਿਆ ਸੀ, ਸੋ ਜਦੋਂ ਜਰਮਨੀ ਦੇ ਬਾਦਸ਼ਾਹ ਕੈਸਰ ਦੂਜੇ ਨੇ, ਆਈਨਸਟੀਨ ਨੂੰ ਜਰਮਨੀ ਵਿਚ ਮੁੜ ਪ੍ਰੋਫੈਸਰ ਲਾਉਣ ਦੀ ਪੇਸ਼ਕਸ਼ ਕੀਤੀ ਤਾਂ ਇਕ ਸ਼ਰਤ ਵੀ ਲਾਈ ਕਿ ਆਈਨਸਟੀਨ ਸਵਿਟਜ਼ਰਲੈਂਡ ਦੀ ਨਾਗਰਿਕਤਾ ਤਿਆਗ ਦੇਵੇਗਾ।

ਆਈਨਸਟੀਨ ਨੇ ਬਾਦਸ਼ਾਹ ਕੈਸਰ ਦੀ ਇਕ ਸ਼ਰਤ ਦੇ ਜਵਾਬ ਵਿਚ, ਦੋ ਸ਼ਰਤਾਂ ਲਾਈਆਂ ਕਿ ਉਹ ਆਪਣੇ ਯਹੂਦੀ ਹੋਣ ਦੇ ਤੱਥ ਨੂੰ ਕਦੇ ਨਹੀਂ ਲੁਕਾਏਗਾ ਅਤੇ ਜਿਥੇ ਵੀ ਪੁੱਛਿਆ ਗਿਆ, ਉਥੇ ਉਹ ਮਾਣ ਨਾਲ ਦੱਸੇਗਾ ਕਿ ਉਹ ਯਹੂਦੀ ਹੈ।

ਆਈਨਸਟੀਨ ਦੀ ਦੂਜੀ ਸ਼ਰਤ ਇਹ ਸੀ ਕਿ ਸਵਿਟਜ਼ਰਲੈਂਡ ਨੇ ਮੁਸ਼ਕਲ ਸਮੇਂ ਉਸ ਨੂੰ ਪਨਾਹ ਦਿੱਤੀ ਸੀ ਅਤੇ ਆਪਣਾ ਨਾਗਰਿਕ ਬਣਾਇਆ ਸੀ, ਸੋ ਉਹ ਸਵਿਟਜ਼ਰਲੈਂਡ ਦੀ ਨਾਗਰਿਕਤਾ ਕਦੇ ਨਹੀਂ ਤਿਆਗੇਗਾ।

ਸਵੈ-ਵਿਸ਼ਵਾਸ ਤੋਂ ਬਿਨਾਂ ਕਿਸੇ ਦਾ ਕਿਧਰੇ ਸਨਮਾਨ ਨਹੀਂ ਹੁੰਦਾ, ਸੋ ਉਸ ਨੇ ਕਿਹਾ ਕਿ ਪਹਿਲਾਂ ਜਰਮਨੀ ਨੇ ਮੈਨੂੰ ਬਦਲਣ ਲਈ ਮਜਬੂਰ ਕੀਤਾ ਸੀ, ਹੁਣ ਜਰਮਨੀ ਨੂੰ ਬਦਲਣਾ ਪਏਗਾ। ਆਈਨਸਟੀਨ ਨੇ ਆਪਣੀਆਂ ਸ਼ਰਤਾਂ ਮੰਨਵਾਈਆਂ।

235

ਕਿਸ਼ੋਰ ਅਵਸਥਾ ਵਿਚ ਸਾਰੇ ਬੱਚੇ ਮਾਪਿਆਂ ਵਿਰੁੱਧ ਬਗਾਵਤ ਕਰਦੇ ਹਨ ਅਤੇ ਜੋ ਕੁਝ ਕਰਨ ਲਈ ਮਾਪੇ ਕਹਿੰਦੇ ਹਨ, ਉਸ ਦੇ ਉਲਟ ਕਰਦੇ ਹਨ।

ਇਸ ਬਗਾਵਤ ਦਾ ਕਾਰਨ ਸਰੀਰ ਵਿਚ ਤੇਰ੍ਹਾਂ ਤੋਂ ਵੀਹ ਕੁ ਸਾਲ ਦੀ ਉਮਰ ਦੌਰਾਨ ਉਠਿਆ ਕਾਮ-ਸ਼ਕਤੀ ਦਾ ਤੂਫ਼ਾਨ ਹੁੰਦਾ ਹੈ।

ਜਿਨ੍ਹਾਂ ਨੇ ਬੱਚਾ ਗੋਦ ਲਿਆ ਹੁੰਦਾ ਹੈ, ਜਦੋਂ ਗੋਦ ਲਿਆ ਬੱਚਾ, ਇਸ ਉਮਰ ਵਿਚ ਪਹੁੰਚਦਾ ਹੈ ਤਾਂ ਮਾਪੇ ਪਰੇਸ਼ਾਨ ਹੁੰਦੇ ਹਨ ਅਤੇ ਉਸ ਨੂੰ ਗੋਦ ਲੈਣ ਦੇ, ਆਪਣੇ ਫੈਸਲੇ 'ਤੇ ਝੁਰਦੇ ਹਨ। ਜਿਨ੍ਹਾਂ ਦੇ ਆਪਣੇ ਬੱਚੇ ਹੁੰਦੇ ਹਨ, ਉਹ ਵੀ ਬੱਚਿਆਂ ਦੀਆਂ ਇਸ ਉਮਰ ਦੀਆਂ ਹਰਕਤਾਂ ਤੋਂ ਪਰੇਸ਼ਾਨ ਹੁੰਦੇ ਹਨ, ਕਿਉਂਕਿ ਉਹ ਮਾਪਿਆਂ ਦੀ ਕੋਈ ਗੱਲ ਨਹੀਂ ਮੰਨਦੇ।

ਚੰਡੀਗੜ੍ਹ ਦੀ ਇਕ ਲਾਡਲੀ ਲੜਕੀ ਨੇ, ਚੜ੍ਹਦੀ ਜਵਾਨੀ ਵਿਚ ਇਕ ਅਜਿਹੇ ਲੜਕੇ ਨਾਲ ਵਿਆਹ ਕਰਵਾਇਆ, ਜਿਸ ਨੂੰ ਉਸ ਦੇ ਮਾਪੇ ਨਫ਼ਰਤ ਕਰਦੇ ਸਨ, ਕਿਉਂਕਿ ਉਹ ਲੜਕਾ ਹਰ ਪੱਖੋਂ ਭੈੜਾ ਅਤੇ ਨਿਕੰਮਾ ਸੀ।

www.quotesinpunjabi.ml

QuotesInPunjabi

ਉਸ ਨਾਲ ਲੜਕੀ ਨੇ ਵਿਆਹ ਇਸ ਲਈ ਕਰਵਾਇਆ ਸੀ, ਕਿਉਂਕਿ ਉਹ ਆਪਣੇ ਮਾਪਿਆਂ ਵਿਰੁੱਧ ਬਗਾਵਤ ਕਰਨਾ ਚਾਹੁੰਦੀ ਸੀ ਅਤੇ ਸਭ ਨੂੰ ਆਪਣੇ ਬਾਗੀ ਹੋਣ ਦਾ ਪ੍ਰਮਾਣ ਦੇਣਾ ਚਾਹੁੰਦੀ ਸੀ।

ਮਾਪੇ ਉਸ ਲਈ ਇਕ ਆਦਰਸ਼ ਪਤੀ ਲੱਭਣਾ ਚਾਹੁੰਦੇ ਸਨ ਪਰ ਮਾਪਿਆਂ ਦਾ ਉਸ ਨੂੰ ਕੁਝ ਵੀ ਪਸੰਦ ਨਹੀਂ ਸੀ। ਪਹਿਲਾਂ ਉਸ ਨੇ ਪੜ੍ਹਾਈ ਛੱਡੀ, ਫਿਰ ਆਪਣੀ ਮਰਜ਼ੀ ਨਾਲ, ਮਾਪਿਆਂ ਨੂੰ ਵੱਧ ਤੋਂ ਵੱਧ ਪੀੜਤ ਕਰਨ ਲਈ, ਇਕ ਅਵਾਰਾ ਲੜਕੇ ਨਾਲ ਘਰੋਂ ਦੌੜ ਕੇ ਵਿਆਹ ਕਰਵਾ ਲਿਆ।

ਵਿਆਹ ਕਰਵਾਉਂਦਿਆਂ ਹੀ ਉਸ ਨੂੰ ਆਪਣਾ ਪਤੀ ਮੂਰਖ ਅਤੇ ਉਜੱਡ ਲੱਗਣ ਲੱਗ ਪਿਆ। ਵਾਸਤਵ ਵਿਚ ਉਸ ਲੜਕੇ ਵਿਚ ਉਸ ਦੀ ਕੋਈ ਦਿਲਚਸਪੀ ਨਹੀਂ ਸੀ, ਉਸਦਾ ਉਦੇਸ਼ ਆਪਣੇ ਵਿਆਹ ਨੂੰ ਸਫਲ ਬਣਾਉਣਾ ਨਹੀਂ ਸੀ, ਉਦੇਸ਼ ਮਾਪਿਆਂ ਵਿਰੁੱਧ ਬਗਾਵਤ ਕਰਨਾ ਸੀ। ਜਦੋਂ ਬਗਾਵਤ ਕਰ ਲਈ, ਮਾਪਿਆਂ ਨੂੰ ਦੁਖੀ ਹੁੰਦੇ ਵੇਖ ਲਿਆ ਤਾਂ ਵਿਆਹ ਵਿਚ ਦਿਲਚਸਪੀ ਮੁੱਕ ਗਈ ਅਤੇ ਪਛਤਾਵਾ ਪਸਰ ਗਿਆ।

ਪਿਤਾ ਇਸ ਸਦਮੇ ਨਾਲ ਚੱਲ ਵਸਿਆ।

ਪਤੀ ਦੀ ਮੌਤ ਦਾ ਕਾਰਨ ਬਣੀ ਧੀ ਨੂੰ, ਮਾਂ ਨੇ ਆਪਣੀ ਚੇਤਨਾ ਵਿਚੋਂ ਮੇਟ ਦਿੱਤਾ।

ਹੁਣ ਉਹ ਸੁਖਨਾ ਝੀਲ ਦੇ ਕਿਨਾਰੇ ਬੈਠ ਕੇ ਰੋਂਦੀ ਰਹਿੰਦੀ ਹੈ।

ਸੁਖਨਾ ਝੀਲ ਵਿਚਲਾ ਪਾਣੀ, ਪਾਣੀ ਨਹੀਂ, ਉਸ ਦੇ ਅੱਥਰੂ ਹਨ।

236

ਸਤਿਯੁਗ ਦਾ ਜ਼ਮਾਨਾ ਸੀ। ਯੁਧਿਸ਼ਟਰ ਕੋਲ ਇਕ ਮੁਕੱਦਮਾ ਆਇਆ। ਇਕ ਕਿਸਾਨ ਨੇ ਆਪਣੀ ਜ਼ਮੀਨ ਕਿਸੇ ਹੋਰ ਕਿਸਾਨ ਨੂੰ ਵੇਚ ਦਿੱਤੀ ਸੀ। ਖਰੀਦਣ ਵਾਲੇ ਨੂੰ ਜ਼ਮੀਨ ਪੁੱਟਦਿਆਂ ਸੋਨੇ ਦਾ ਇਕ ਮਟਕਾ ਮਿਲਿਆ ਸੀ। ਖਰੀਦਣ ਵਾਲਾ ਕਹਿ ਰਿਹਾ ਸੀ, ਇਹ ਮਟਕਾ ਜ਼ਮੀਨ ਵੇਚਣ ਵਾਲੇ ਕਿਸਾਨ ਦਾ ਹੈ। ਵੇਚਣ ਵਾਲਾ ਕਹਿ ਰਿਹਾ ਸੀ, ਹੁਣ ਉਹ ਜ਼ਮੀਨ ਦਾ ਮਾਲਕ ਨਹੀਂ ਰਿਹਾ, ਸੋ ਉਹ ਮਟਕੇ ਦਾ ਵੀ ਮਾਲਕ ਨਹੀਂ ਹੋ ਸਕਦਾ, ਸੋ ਮੁਟਕਾ ਜ਼ਮੀਨ ਖਰੀਦਣ ਵਾਲੇ ਦਾ ਹੈ।

ਦੋਵੇਂ ਆਪਣੇ-ਆਪਣੇ ਧਰਮ ਦੀ ਪਾਲਣਾ ਕਰਦਿਆਂ, ਦੂਜੇ ਦਾ ਹਿੱਤ ਸੋਚ ਰਹੇ ਸਨ ਅਤੇ ਆਪਣਾ ਹਿੱਤ ਤਿਆਗਣ ਦਾ ਆਨੰਦ ਮਾਣ ਰਹੇ ਸਨ। ਯੁਧਿਸ਼ਟਰ ਇਸ ਮੁਕੱਦਮੇ ਦਾ ਫੈਸਲਾ ਕਰਨ ਬਾਰੇ ਸੋਚ ਹੀ ਰਿਹਾ ਸੀ ਕਿ ਉਸ ਨੂੰ ਕੁਝ ਚਿਰ ਲਈ ਕਿਧਰੇ ਜਾਣਾ ਪੈ ਗਿਆ, ਉਸ ਨੇ ਦੋਵੇਂ ਕਿਸਾਨਾਂ ਨੂੰ ਉਥੇ ਉਡੀਕਣ ਲਈ ਕਿਹਾ।

ਜਦੋਂ ਯੁਧਿਸ਼ਟਰ ਵਾਪਸ ਆਇਆ ਤਾਂ ਸਭ ਕੁਝ ਬਦਲ ਗਿਆ ਸੀ। ਦੋਵੇਂ ਕਿਸਾਨ ਆਪਣੇ ਆਪ ਨੂੰ ਮਟਕੇ ਦਾ ਮਾਲਕ ਦੱਸ ਰਹੇ ਸਨ ਅਤੇ ਮਟਕਾ ਲੈਣ ਲਈ ਹਥੋਪਾਈ ਹੋ ਰਹੇ ਸਨ, ਯੁਧਿਸ਼ਟਰ ਸਾਹਮਣੇ ਵੀ ਦੋਵੇਂ ਮਟਕੇ 'ਤੇ ਆਪਣਾ ਅਧਿਕਾਰ ਜਿਤਲਾ ਰਹੇ ਸਨ।

ਯੁਧਿਸ਼ਟਰ ਨੇ ਇਸ ਤਬਦੀਲੀ ਦਾ ਕਾਰਨ ਦੱਸਦਿਆਂ ਕਿਹਾ: ਜਦੋਂ ਇਹ ਕਿਸਾਨ ਆਏ ਸਨ, ਉਸ ਸਮੇਂ ਸਤਿਯੁਗ ਸੀ, ਦੋਵੇਂ ਇਕ-ਦੂਜੇ ਲਈ ਮਟਕੇ ਦਾ ਤਿਆਗ ਕਰ ਰਹੇ

www.quotesinpunjabi.ml

QuotesInPunjabi

ਸਨ, ਮੇਰੀ ਗੈਰਹਾਜ਼ਰੀ ਦੌਰਾਨ, ਕਲਿਯੁਗ ਆਰੰਭ ਹੋ ਗਿਆ ਸੀ, ਜਿਸ ਕਾਰਨ ਹੁਣ ਦੋਵੇਂ ਮਟਕੇ ਲਈ ਝਗੜਾ ਕਰ ਰਹੇ ਸਨ।

237

ਵਿਦੇਸ਼ ਵਿਚ ਰਸਤਾ ਪੁੱਛੋਗੇ ਤਾਂ ਦਸਿਆ ਜਾਵੇਗਾ: ਸਿੱਧੇ ਜਾਓ, ਤੀਜਾ ਸੱਜਾ ਅਤੇ ਦੂਜਾ ਖੱਬਾ ਮੋੜ ਮੁੜ ਜਾਣਾ, ਸੱਤਵਾਂ ਘਰ ਹੈ।

ਭਾਰਤ ਵਿਚ ਪੁੱਛੋਗੇ, ਦੱਸਿਆ ਜਾਵੇਗਾ: ਸਾਹਮਣੇ ਮੰਦਰ ਹੈ, ਕਿਧਰੇ ਨਹੀਂ ਮੁੜਨਾ, ਪਿੱਪਲ ਦਾ ਦਰੱਖਤ ਦਿੱਸੇਗਾ, ਅੱਗੇ ਮੋਟੇ ਹਲਵਾਈ ਦੀ ਦੁਕਾਨ ਆਵੇਗੀ, ਪੁੱਛ ਲੈਣਾ, ਨਲਕੇ ਵਾਲੀ ਗਲੀ ਕਿਹੜੀ ਹੈ, ਜੋਤਸ਼ੀ ਦੇ ਘਰ ਦੇ ਨਾਲ ਵਾਲਾ, ਢਾਈ ਚੁਬਾਰਿਆਂ ਵਾਲਾ ਘਰ ਹੈ, ਰਾਮ ਪਿਆਰੀ ਘਰ ਦੇ ਬਾਹਰ ਹੀ ਚਰਖਾ ਕੱਤ ਰਹੀ ਹੋਵੇਗੀ।

238

ਇਸਤਰੀ ਮਕਾਨ ਨੂੰ ਘਰ ਬਣਾ ਦਿੰਦੀ ਹੈ, ਬੱਚੇ ਘਰ ਵਿਚ ਰੌਣਕ ਲਾ ਦਿੰਦੇ ਹਨ, ਪੁਸਤਕਾਂ ਘਰ ਨੂੰ ਨਿੱਘਾ ਬਣਾ ਦਿੰਦੀਆਂ ਹਨ।

ਕੁਝ ਕਿਤਾਬਾਂ ਮਹਾਂਪੁਰਸ਼ਾਂ ਦੀ ਯਾਦ ਦੁਆਉਂਦੀਆਂ, ਵੱਡੇ ਪੁਰਖਿਆਂ-ਬਜ਼ੁਰਗਾਂ ਵਰਗੀਆਂ ਹੁੰਦੀਆਂ ਹਨ, ਸਤਿਕਾਰ ਨਾਲ ਰੱਖੀਆਂ ਹੋਈਆਂ। ਕੁਝ ਕਿਤਾਬਾਂ ਦਾਦੇ-ਦਾਦੀ, ਨਾਨੇ-ਨਾਨੀ ਦੀ ਗੋਦੀ ਵਰਗੀਆਂ ਹੁੰਦੀਆਂ ਹਨ, ਜਿਹੜੀਆਂ ਹਰ ਵਾਰੀ ਮੋਹ-ਪਿਆਰ ਦਾ ਹੁਲਾਰਾ ਦਿੰਦੀਆਂ ਹਨ ਅਤੇ ਬਾਰ-ਬਾਰ ਪੜ੍ਹੀਆਂ ਜਾਂਦੀਆਂ ਹਨ।

ਕੁਝ ਕਿਤਾਬਾਂ ਮਾਪਿਆਂ ਵਰਗੀਆਂ ਹੁੰਦੀਆਂ ਹਨ, ਜਿਨ੍ਹਾਂ ਨੇ ਜੀਵਨ ਦਿੱਤਾ ਹੁੰਦਾ ਹੈ, ਜ਼ਿੰਦਗੀ ਦੇ ਸਬਕ ਸਿਖਾਏ ਹੁੰਦੇ ਹਨ।

ਕੁਝ ਪੁਸਤਕਾਂ ਪਿਆਰੇ ਅਧਿਆਪਕਾਂ ਵਰਗੀਆਂ ਹੁੰਦੀਆਂ ਹਨ, ਜਿਹੜੀਆਂ ਰਸਤਾ ਵਿਖਾਉਂਦੀਆਂ ਹਨ ਅਤੇ ਮੰਜ਼ਲ ਵੱਲ ਸੰਕੇਤ ਕਰਦੀਆਂ ਹਨ।

ਕੁਝ ਪੁਸਤਕਾਂ ਦੋਸਤਾਂ-ਸਹੇਲੀਆਂ ਵਰਗੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਮੌਜਾਂ ਮਾਣੀਆਂ ਹੁੰਦੀਆਂ ਹਨ, ਸ਼ਰਾਰਤਾਂ ਕੀਤੀਆਂ ਹੁੰਦੀਆਂ ਹਨ।

ਕੁਝ ਕਿਤਾਬਾਂ ਪ੍ਰੇਮਿਕਾਵਾਂ ਵਰਗੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਲੁਕ ਕੇ, ਲੁਕੋ ਕੇ ਅਨੇਕਾਂ ਵਾਰ ਪੜ੍ਹਿਆ ਹੁੰਦਾ ਹੈ।

ਕੁਝ ਪੁਸਤਕਾਂ ਉਨ੍ਹਾਂ ਵਰਗੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਸਾਂਝ ਪਾਉਣੀ ਚਾਹੀ ਸੀ, ਪਿਆਰ ਕਰਨਾ ਚਾਹਿਆ ਸੀ, ਪਰ ਸਫਲਤਾ ਨਹੀਂ ਮਿਲੀ, ਵਕਤ ਹੀ ਨਹੀਂ ਮਿਲਿਆ। ਇਹ ਹੁੰਦੀਆਂ ਤਾਂ ਹਨ ਪਰ ਇਨ੍ਹਾਂ ਨੂੰ ਖੋਲ੍ਹਿਆ ਹੀ ਨਹੀਂ ਗਿਆ ਹੁੰਦਾ।

ਕੁਝ ਕਿਤਾਬਾਂ ਉਹ ਹੁੰਦੀਆਂ ਹਨ, ਜਿਨ੍ਹਾਂ ਨੂੰ ਵੇਖਣ ਦੀ ਹੀ ਤਸੱਲੀ ਮਿਲੀ ਸੀ, ਖਰੀਦੀਆਂ ਆਪ ਹੁੰਦੀਆਂ ਹਨ ਪਰ ਕੋਈ ਲੈ ਜਾਂਦਾ ਹੈ, ਮੁੜਦੀਆਂ ਨਹੀਂ, ਬੇਗਾਨੀਆਂ ਹੋ ਜਾਂਦੀਆਂ ਹਨ। ਮੰਗਣੀ ਸਾਡੇ ਨਾਲ ਹੁੰਦੀ ਹੈ, ਵਿਆਹ ਕੋਈ ਹੋਰ ਕਰਵਾ ਜਾਂਦਾ ਹੈ।

ਕਈ ਪੁਸਤਕਾਂ ਪ੍ਰੇਮੀ-ਪ੍ਰੇਮਿਕਾਵਾਂ ਵਾਂਗ ਵਿਛੜ ਜਾਂਦੀਆਂ ਹਨ, ਹਮੇਸ਼ਾ ਲਈ।

www.quotesinpunjabi.ml

QuotesInPunjabi

239

ਗੱਡੀ ਦੇ ਡੱਬੇ ਵਿਚ ਟਿਕਟ-ਚੈਕਰ ਆਇਆ।

ਇਕ ਸੀਟ ਨੇੜੇ ਪਰਸ ਡਿੱਗਿਆ ਪਿਆ ਸੀ। ਉਸ ਨੇ ਨਾਲ ਦੀ ਸਵਾਰੀ ਨੂੰ ਪੁੱਛਿਆ: ਇਹ ਪਰਸ ਤੁਹਾਡਾ ਹੈ ? ਸਾਰੀਆਂ ਸਵਾਰੀਆਂ ਵੇਖ ਰਹੀਆਂ ਸਨ। ਚੈਕਰ ਨੇ ਵੇਖਿਆ ਪਰਸ ਵਿਚ ਕੁਝ ਰੁਪਏ ਸਨ ਅਤੇ ਭਗਵਾਨ ਕ੍ਰਿਸ਼ਨ ਦੀ ਤਸਵੀਰ ਸੀ। ਚੈਕਰ ਨੇ ਪਰਸ ਵਿਖਾ ਕੇ, ਉੱਚੀ ਆਵਾਜ਼ ਵਿਚ ਪੁੱਛਿਆ ਇਹ ਪਰਸ ਕਿਸਦਾ ਹੈ ? ਦੂਰ ਬੈਠੇ ਛੱਡੀ ਉਮਰ ਦੇ ਇਕ ਬੰਦੇ ਨੇ ਵੇਖਿਆ, ਆਪਣੀ ਜੇਬ ਫਰੋਲੀ, ਕਿਹਾ, ਮੇਰਾ ਹੈ।

ਕੀ ਸਬੂਤ ਹੈ ? ਸਵਾਰੀ ਨੇ ਕਿਹਾ: ਇਸ ਵਿਚ ਕ੍ਰਿਸ਼ਨ ਦੀ ਤਸਵੀਰ ਹੈ।

ਕ੍ਰਿਸ਼ਨ ਦੀ ਤਸਵੀਰ ਕਿਉਂ ਹੈ, ਕਿਸੇ ਹੋਰ ਦੀ ਜਾਂ ਤੇਰੀ ਆਪਣੀ ਕਿਉਂ ਨਹੀਂ ?

ਸਵਾਰੀ ਨੇ ਕਿਹਾ: ਇਹ ਬਹੁਤ ਯਾਦਗਾਰੀ ਤਸਵੀਰ ਹੈ, ਇਹ ਪਰਸ ਮੇਰੇ ਪਿਤਾ ਨੇ ਮੈਨੂੰ ਦਿੱਤਾ ਸੀ, ਪਹਿਲਾਂ ਇਸ ਵਿਚ ਮੇਰੇ ਮਾਤਾ-ਪਿਤਾ ਦੀ ਤਸਵੀਰ ਸੀ, ਫਿਰ ਮੈਂ ਆਪਣੀ ਰੱਖਣ ਲੱਗ ਪਿਆ, ਫਿਰ ਪ੍ਰੇਮਿਕਾ ਦੀ, ਫਿਰ ਪਤਨੀ ਦੀ, ਫਿਰ ਆਪਣੇ ਪੁੱਤਰ ਦੀ।

ਮਾਤਾ-ਪਿਤਾ ਚਲਾਣਾ ਕਰ ਗਏ, ਮੈਂ ਵੱਡਾ ਹੋ ਗਿਆ ਸਾਂ, ਪ੍ਰੇਮਿਕਾ ਛੱਡ ਗਈ ਸੀ, ਪਤਨੀ ਮਰ ਗਈ, ਪੁੱਤਰ ਆਪਣੇ ਪਰਿਵਾਰ ਵਿਚ ਰੁਝ ਗਿਆ। ਜਿਹੜੇ ਨੇੜੇ ਸਨ, ਉਹ ਦੂਰ ਹੋ ਗਏ ਸਨ। ਫਿਰ ਮੈਂ ਕ੍ਰਿਸ਼ਨ ਦੀ ਤਸਵੀਰ ਰੱਖਣ ਲੱਗ ਪਿਆ, ਇਹ ਹਮੇਸ਼ਾ ਲਈ ਮੇਰਾ ਪੱਕਾ ਸਾਥੀ ਹੈ। ਸਾਰੀਆਂ ਸਵਾਰੀਆਂ ਸੁਣ ਰਹੀਆਂ ਸਨ।

ਕੀ ਇਹ ਕ੍ਰਿਸ਼ਨ ਤੇਰਾ ਪਰਖਿਆ ਹੋਇਆ ਹੈ ?

ਹਾਂ, ਇਹ ਕ੍ਰਿਸ਼ਨ ਹਮੇਸ਼ਾ ਸਾਥ ਦਿੰਦਾ ਹੈ। ਇਹ ਮੇਰਾ ਪੱਕਾ ਸਾਥੀ ਹੈ।

ਚੈਕਰ ਨੇ ਕਿਹਾ: ਮੈਨੂੰ ਵੀ ਇਕ ਪੱਕੇ ਸਾਥੀ ਦੀ ਲੋੜ ਹੈ।

ਤੈਨੂੰ ਪਰਸ ਦੇ ਦਿੰਦਾ ਹਾਂ, ਤੂੰ ਕ੍ਰਿਸ਼ਨ ਦੀ ਤਸਵੀਰ ਹੋਰ ਲੈ ਕੇ ਰੱਖ ਲਈਂ, ਇਸ ਕ੍ਰਿਸ਼ਨ ਨੂੰ ਮੈਂ ਆਪਣੇ ਪਰਸ ਵਿਚ ਰੱਖ ਲੈਂਦਾ ਹਾਂ।

ਇਕ ਕ੍ਰਿਸ਼ਨ ਪਰਸ ਵਿਚ ਸੀ, ਦੋ ਕ੍ਰਿਸ਼ਨ ਇਕ ਦੂਜੇ ਦੇ ਸਾਹਮਣੇ ਖਲੋਤੇ ਸਨ।

240

ਕਿਸੇ ਪਰਾਏ ਇਸਤਰੀ-ਪੁਰਸ਼ ਨਾਲ ਇਕ ਵਾਰੀ ਸੰਭੋਗ ਕਰਨਾ ਖੋਜ ਹੈ, ਪ੍ਰਯੋਗ ਹੈ, ਸੌਗਾਤ ਹੈ, ਸਬੱਬ ਹੈ। ਦੂਜੀ ਵਾਰ ਕਰਨਾ, ਵਿਭਚਾਰ ਅਤੇ ਨਾਜਾਇਜ਼ ਵਿਹਾਰ ਹੈ। ਤੀਜੀ ਵਾਰ ਕਰਨਾ, ਸ਼ੋਸ਼ਣ ਹੈ, ਲਾਲਚ ਹੈ।

ਉਸ ਮਗਰੋਂ ਕਰਦੇ ਰਹਿਣਾ, ਸਾਬਤ ਕਰਦਾ ਹੈ ਕਿ ਪੁਰਸ਼ ਵਿਹਲਾ ਹੈ, ਗੈਰਜ਼ਿੰਮੇਵਾਰ ਹੈ ਅਤੇ ਇਸਤਰੀ ਚਰਿੱਤਰਹੀਣ ਹੈ, ਚਾਟ ਖਾਣ ਦੀ ਸ਼ੌਕੀਨ ਹੈ।

www.quotesinpunjabi.ml

QuotesInPunjabi

241

ਉਲੰਪਿਕ ਖੇਡਾਂ ਵਿਚ ਸੋਨੇ ਦਾ ਇਕ ਤਮਗਾ ਜਿੱਤਣ ਲਈ ਕੀ ਕਰਨਾ ਪੈਂਦਾ ਹੈ ?

ਬਹੁਤ ਉੱਚਾ ਉਦੇਸ਼ ਮਿੱਥਣਾ ਪੈਂਦਾ ਹੈ। ਮੇਚਵੇਂ ਯਤਨ ਕਰਨੇ ਪੈਂਦੇ ਹਨ। ਨੀਂਦ ਤਿਆਗਣੀ ਪੈਂਦੀ ਹੈ। ਸਿਖਰ ਦਾ ਅਨੁਸ਼ਾਸਣ ਅਪਨਾਉਣਾ ਪੈਂਦਾ ਹੈ।

ਦਸ ਸਾਲ ਨਿਰੰਤਰ ਯਤਨ ਕਰਨਾ ਪੈਂਦਾ ਹੈ।

ਸਮੇਂ ਸਿਰ ਨਪਿਆ-ਤੁਲਿਆ ਭੋਜਨ ਖਾਣਾ ਪੈਂਦਾ ਹੈ। ਨੀਅਤ ਵਕਤ 'ਤੇ, ਨੀਅਤ ਵਕਤ ਤਕ ਕਸਰਤ ਕਰਨੀ ਪੈਂਦੀ ਹੈ। ਭਾਵੇਂ ਚੰਗਾ ਲੱਗੇ ਨਾ ਲੱਗੇ, ਦਿਲ ਕਰੇ ਨਾ ਕਰੇ, ਹੋਰਾਂ ਦੇ ਜਾਗਣ ਤੋਂ ਪਹਿਲਾਂ, ਜਾਗਣਾ ਪਏਗਾ। ਦਿਲ ਸੌਣ ਲਈ ਕਹਿ ਰਿਹਾ ਹੋਵੇਗਾ ਪਰ ਸਟੇਡੀਅਮ ਵਿਚ ਇਕੱਲਿਆਂ ਪਹੁੰਚਣਾ ਪਏਗਾ। ਸਰਦੀ ਵਿਚ ਕੱਪੜੇ ਲਾਹ ਕੇ ਦੌੜਨਾ ਪਏਗਾ, ਹੋਰ ਸਾਰੀਆਂ ਦਿਲਚਸਪੀਆਂ ਤਿਆਗਣੀਆਂ ਪੈਣਗੀਆਂ। ਸ਼ਰਾਬ ਤੋਂ ਤੌਬਾ ਕਰਨੀ ਹੋਵੇਗੀ।

ਆਪਣੇ ਆਪ ਨੂੰ ਕੋਚ ਦੇ ਹਵਾਲੇ ਕਰਨਾ ਪਏਗਾ, ਉਵੇਂ ਕਰਨਾ ਪਏਗਾ, ਜਿਵੇਂ ਉਹ ਚਾਹੇਗਾ, ਜਿਵੇਂ ਉਹ ਕਰਨ ਲਈ ਕਹੇਗਾ। ਉਸਦੀ ਹਰ ਗੱਲ ਮੰਨਣੀ ਪਏਗੀ।

ਕਦੀ ਪਿੱਠ ਦਰਦ ਕਰੇਗੀ, ਕਦੇ ਅੱਡੀ ਹਿੱਲ ਜਾਵੇਗੀ, ਕਦੇ ਗੁੱਟ ਦੁਖਣ ਲੱਗ ਜਾਵੇਗਾ, ਬੁਖਾਰ ਤਾਂ ਹੋਵੇਗਾ ਹੀ, ਸਿਰ ਵੀ ਦੁਖੇਗਾ, ਮਿੱਟੀ-ਘੱਟਾ ਬਰਦਾਸ਼ਤ ਕਰਨਾ ਪਏਗਾ। ਇਹ ਸਭ ਕੁਝ ਕਰਨ ਤੋਂ ਮਗਰੋਂ ਬੜਾ ਹੀ ਸਖਤ ਮੁਕਾਬਲਾ ਹੋਵੇਗਾ, ਜਿਸ ਵਿਚ ਹਾਰ ਬਰਦਾਸ਼ਤ ਕਰਨ ਲਈ ਤਿਆਰ ਰਹਿਣਾ ਪਏਗਾ।

ਉਪਰੋਕਤ ਸਾਰੇ ਕਾਰਜਾਂ ਦਾ ਦਸ ਲੱਖ ਜਵਾਨ ਚਾਰ ਸਾਲ ਨਿਰੰਤਰ, ਕੜਾ ਅਭਿਆਸ ਕਰਨਗੇ, ਜਿਨ੍ਹਾਂ ਵਿਚੋਂ ਨੌਂ ਲੱਖ ਨੱਬੇ ਹਜ਼ਾਰ ਝੜ ਜਾਣਗੇ ਅਤੇ ਕੇਵਲ ਦਸ ਹਜ਼ਾਰ ਖਿਡਾਰੀ ਚੁਣੇ ਜਾਣਗੇ, ਜਿਹੜੇ ਕੇਵਲ ਤਿੰਨ ਸੌ ਮੈਡਲਾਂ ਲਈ ਉਲੰਪਿਕਸ ਵਿਚ ਪੰਦਰ੍ਹਾਂ ਦਿਨ ਆਪਸ ਵਿਚ ਭਿੜਨਗੇ, ਜਿਥੇ ਹਰ ਮੁਕਾਬਲਾ ਵਿਸ਼ਵ-ਪੱਧਰ ਦਾ ਹੋਵੇਗਾ, ਸਾਰਾ ਵਿਸ਼ਵ ਮੁਕਾਬਲੇ ਲਈ ਆਵੇਗਾ, ਸਾਰਾ ਵਿਸ਼ਵ ਮੁਕਾਬਲਾ ਵੇਖੇਗਾ।

242

ਵਿਕਾਸ ਲਈ ਮੁਸ਼ਕਲਾਂ, ਮੁਸੀਬਤਾਂ ਅਤੇ ਸੰਕਟ ਲਾਜ਼ਮੀ ਹੁੰਦੇ ਹਨ।

ਹਨੇਰੇ ਦੇ ਸੰਕਟ ਨੇ ਦੀਵਾ ਉਪਜਾਇਆ। ਸਮੁੰਦਰਾਂ 'ਤੇ ਧੁੰਦ ਨੇ ਕੰਪਾਸ ਦੀ ਕਾਢ ਕੱਢੀ। ਭੁੱਖ ਅਤੇ ਉਤਸੁਕਤਾ ਨੇ, ਮਨੁੱਖ ਨੂੰ ਨਵੀਆਂ ਧਰਤੀਆਂ ਲੱਭਣ ਲਈ ਪ੍ਰੇਰਿਆ। ਗਰੀਬੀ ਨੇ ਮਿਹਨਤ ਕਰਨ ਦੀ ਜਾਚ ਸਿਖਾਈ। ਇਕੱਲਤਾ ਨੇ ਪਿਆਰ ਕਰਨ ਅਤੇ ਪਰਿਵਾਰ ਵਿਚ ਰਹਿਣ ਦੀ ਲੋੜ ਉਪਜਾਈ। ਦੂਰੀਆਂ ਨੇ ਪਿੰਡ ਸ਼ਹਿਰ ਵਸਾਉਣ ਦਾ ਸੰਕਲਪ ਦਿੱਤਾ। ਅਕੇਵੇਂ ਅਤੇ ਥਕਾਵਟ ਨੇ ਮਨੋਰੰਜਨ ਦੇ ਸਾਧਨ ਉਪਜਾਏ। ਅਗਿਆਨਤਾ ਨੇ ਵਿਦਿਅਕ ਅਦਾਰੇ ਉਸਾਰੇ। ਔਖ ਅਤੇ ਕਸ਼ਟ ਨੇ ਹੀ ਵਿਗਿਆਨ ਦੇ ਨਿਰਮਾਣ ਦਾ ਰਾਹ ਖੋਲ੍ਹਿਆ।

 www.quotesinpunjabi.ml

QuotesInPunjabi

243

ਖਾਲਸੇ ਨੂੰ ਸਾਜ ਕੇ ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਸਾਹਿਬ ਤੋਂ ਇਕ ਸੰਦੇਸ਼ ਦਿੱਤਾ ਸੀ: ਅੱਜ ਤੋਂ ਮੇਰੀ ਪਿਆਰੀ ਭੇਟਾ, ਸੋਹਣੀ ਜਵਾਨੀ ਅਤੇ ਚੰਗਾ ਸ਼ਸਤਰ ਹੋਵੇਗਾ। ਮੇਰੀ ਖੁਸ਼ੀ ਲੈਣੀ ਹੈ ਤਾਂ ਕਸਰਤ ਕਰੋ, ਜੱਤਕਾ ਖੇਡੋ, ਕਮਰਕਸੇ ਕਰੋ। ਕਮਜ਼ੋਰੀ ਇਕ ਗੁਨਾਹ ਹੈ, ਜਿਸ ਲਈ ਖਿਮਾ ਨਹੀਂ ਕੀਤਾ ਜਾ ਸਕਦਾ। ਕੌਮ ਨੂੰ, ਦੇਸ਼ ਨੂੰ, ਤੁਹਾਡੀ ਜਵਾਨੀ ਦੀ ਲੋੜ ਹੈ।

ਚੰਗੀ ਜਵਾਨੀ ਉਹ ਹੈ, ਜੋ ਕਰਮ ਕਰਦਿਆਂ ਪ੍ਰਵਾਨ ਚੜ੍ਹੇ।

ਕੌਮ ਨੂੰ ਪਵਿੱਤਰ ਹਿਰਦਿਆਂ, ਸਵੱਛ ਦਿਮਾਗਾਂ, ਬਹਾਦਰ ਇਰਾਦਿਆਂ ਅਤੇ ਕਿਰਤੀ ਹੱਥਾਂ ਦੀ ਉਡੀਕ ਹੈ। ਸਿਰ ਉੱਚਾ ਕਰਕੇ ਟੁਰੋ, ਭੈਅ ਮੁੱਕ ਜਾਵੇਗਾ। ਟੁਰਨ ਦਾ ਨਿਸਚਾ ਕਰੋਗੇ, ਨਿਸ਼ਾਨੇ ਜਾਗ ਪੈਣਗੇ। ਡਰ ਉੱਡ ਗਿਆ ਤਾਂ ਮੌਤ ਵੀ ਆਨੰਦ ਜਾਪੇਗੀ। ਸਿਦਕ ਅਤੇ ਸਿਰੜ ਦੀ ਲੋੜ ਹੈ, ਇਖ਼ਲਾਕ ਦੀ ਬੁਲੰਦੀ ਵਾਜਾਂ ਮਾਰ ਰਹੀ ਹੈ। ਤੁਸੀਂ ਥੱਕ੍ਹੇ ਨਹੀਂ, ਤੁਸੀਂ ਸੋਮੇ ਦੀ ਨਿਆਈ ਹੋ, ਇਕੱਠੇ ਹੋ ਕੇ ਵਗੋਗੇ ਤਾਂ ਦਰਿਆ ਵਿਚ ਹੜ੍ਹ ਆ ਜਾਵੇਗਾ।

ਆਪਣੀ ਤਾਕਤ ਨੂੰ ਪਛਾਣੋ, ਇਕ ਨਿਮਾਣੀ ਤੀਲੀ, ਜੰਗਲ ਨੂੰ ਸੁਆਹ ਬਣਾ ਸਕਦੀ ਹੈ। ਤੁਹਾਡੇ ਵਿਚ ਮਾਨਵਜਾਤੀ ਧੜਕਦੀ ਹੈ, ਤੱਤੀਆਂ ਤਵੀਆਂ 'ਤੇ ਬੈਠਣ ਦਾ ਤੁਹਾਨੂੰ ਅਭਿਆਸ ਹੈ, ਚਾਂਦਨੀ ਚੌਕ ਤੁਹਾਡੇ ਸਿਰਾਂ ਨਾਲ ਹੀ ਉਸਰਿਆ ਹੈ।

ਢਾਡੀਓ ਅਤੇ ਕਵੀਓ, ਤੁਸੀਂ ਸ਼ਹੀਦਾਂ ਦੀ ਮਹਿਮਾ ਗਾਉਣੀ ਹੈ ਤਾਂ ਕਿ ਆਜ਼ਾਦ ਬੁਲਬਲਾਂ ਚਹਿਕ ਸਕਣ। ਕੌਮ ਨੂੰ ਟੋਇਆਂ ਵਿਚੋਂ ਬਾਹਰ ਕੱਢੋ, ਉਹ ਇਤਿਹਾਸ ਗਾਓ, ਜਿਸ ਨਾਲ ਲੋਕ ਪੱਲਾਂ ਉਤਰਵਾਉਣ ਅਤੇ ਚਰਖੜੀਆਂ 'ਤੇ ਚੜ੍ਹਨ ਲਈ ਤਿਆਰ ਹੋ ਜਾਣ ਅਤੇ ਮਿੱਧਿਆ ਹੋਇਆ ਪੰਜਾਬ ਅਤੇ ਕੁਚਲੀ ਹੋਈ ਕੌਮ ਸਿਰ ਉੱਚਾ ਕਰਕੇ ਖਲੋ ਸਕੇ।

ਤੁਹਾਡੇ ਸਾਜ਼ਾਂ ਵਿਚੋਂ ਵੈਣ ਨਹੀਂ, ਲਲਕਾਰਾਂ ਨਿਕਲਣੀਆਂ ਚਾਹੀਦੀਆਂ ਹਨ, ਢੋਲਕੀਆਂ ਦੀ ਥਾਂ ਨਗਾਰੇ ਸੁਣਾਈ ਦੇਣੇ ਚਾਹੀਦੇ ਹਨ। ਤੁਹਾਡੀਆਂ ਸੁਰਾਂ ਅੱਗ ਦੀਆਂ ਲਾਟਾਂ ਅਤੇ ਅਸਮਾਨ ਦੀਆਂ ਬਿਜਲੀਆਂ ਬਣ ਜਾਣੀਆਂ ਚਾਹੀਦੀਆਂ ਹਨ ਤਾਂ ਕਿ ਤੁਹਾਡੀਆਂ ਲੰਮੀਆਂ ਹੇਕਾਂ ਕੁਰਬਾਨੀਆਂ ਲਈ ਲੋਕਾਂ ਦੇ ਦਿਲਾਂ ਵਿਚ ਚਾਅ ਭਰ ਦੇਣ।

ਦੁਸ਼ਮਣ ਨੇ ਸੋਚ ਕੇ, ਵਿਉਂਤ ਕੇ, ਗੁੱਥੀ ਉਲਝਾਈ ਹੈ, ਉਹ ਹੱਥ ਜੋ ਕਾਤਲ ਬਣੇ ਹਨ, ਉਹ ਅੱਜ ਕੱਟ ਦਿੱਤੇ ਜਾਣਗੇ।

ਤੁਸੀਂ ਕੌਮ ਦੀਆਂ ਤਰਕਾਲਾਂ ਵਿਚ ਦੁਪਹਿਰਾਂ ਬਣ ਕੇ ਚਮਕਣਾ ਹੈ।

244

ਚੀਨੀ ਫ਼ਿਲਾਸਫ਼ਰ ਕਨਫਿਊਸ਼ੀਅਸ ਨੂੰ ਪੁੱਛਿਆ ਗਿਆ: ਜੇ ਤੁਹਾਨੂੰ ਰਾਜ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਵੇ ਤਾਂ ਕੀ ਕਰੋਗੇ ? ਕਨਫਿਊਸ਼ੀਅਸ ਨੇ ਕਿਹਾ ਸੀ: ਸਭ ਤੋਂ ਪਹਿਲਾਂ ਮੈਂ ਲੋਕਾਂ ਦੀ ਭਾਸ਼ਾ ਨੂੰ ਦਰੁਸਤ ਕਰਾਂਗਾ। ਇਸ ਉੱਤਰ ਨਾਲ ਸੁਣਨ ਵਾਲੇ ਹੈਰਾਨ ਹੋਏ ਪਰ ਕਨਫਿਊਸ਼ੀਅਸ ਨੇ ਕਿਹਾ: ਜੇ ਭਾਸ਼ਾ ਸਹੀ ਨਾ ਹੋਵੇ ਤਾਂ ਸ਼ਬਦ ਸਹੀ ਅਰਥ ਨਹੀਂ ਦਿੰਦੇ। ਜੇ ਅਰਥ ਸਹੀ ਸਮਝ ਨਾ ਆਉਣ ਤਾਂ ਕਾਰਜ ਸਹੀ ਨਹੀਂ ਹੁੰਦਾ। ਜੇ ਕਾਰਜ ਸਹੀ ਨਾ ਹੋਵੇ ਤਾਂ

www.quotesinpunjabi.ml

QuotesInPunjabi

ਸਿੱਟੇ-ਨਤੀਜੇ ਸਹੀ ਨਹੀਂ ਨਿਕਲਦੇ ਅਤੇ ਨੈਤਿਕਤਾ ਦੇ ਪੱਧੇ ਪਤਨ ਹੁੰਦਾ ਹੈ, ਇਨਸਾਫ਼ ਲੜਖੜਾ ਜਾਂਦਾ ਹੈ, ਚਰਿੱਤਰ ਵਿਗੜ ਜਾਂਦਾ ਹੈ, ਗੜਬੜੀ ਮੱਚ ਜਾਂਦੀ ਹੈ, ਭ੍ਰਿਸ਼ਟਾਚਾਰ ਫੈਲਦਾ ਹੈ। ਲੋਕਾਂ ਨੂੰ ਸਮਝ ਹੀ ਨਹੀਂ ਪੈਂਦੀ ਕਿ ਉਹ ਕੀ ਕਰਨ ਅਤੇ ਕੀ ਨਾ ਕਰਨ। ਇਸ ਨਾਲ ਅਰਾਜਕਤਾ ਫੈਲਦੀ ਹੈ ਅਤੇ ਦੇਸ਼ ਗੁਲਾਮ ਹੋ ਜਾਂਦਾ ਹੈ।

ਭੈੜੀ ਭਾਸ਼ਾ ਨਾ ਕੇਵਲ ਆਪਣੇ ਆਪ ਵਿਚ ਇਕ ਕੁਰੀਤੀ ਹੈ, ਇਹ ਸਾਰੀਆਂ, ਰਾਜਨੀਤਕ ਸਮਾਜਿਕ ਅਤੇ ਆਰਥਿਕ ਕੁਰੀਤੀਆਂ ਦੀ ਜੜ੍ਹ ਵੀ ਹੈ।

245

ਹਰ ਕਿਸੇ ਨੂੰ, ਕਿਸੇ ਨਾ ਕਿਸੇ ਕਾਰਨ ਕਰਕੇ, ਆਪਣੀ ਵਿਦਿਅਕ ਸੰਸਥਾ ਵਿਰੁੱਧ ਜਾਂ ਕਿਸੇ ਅਧਿਆਪਕ ਵਿਰੁੱਧ, ਕੋਈ ਨਾ ਕੋਈ ਸ਼ਿਕਾਇਤ ਹੁੰਦੀ ਹੈ।

ਇਕ ਵਿਦਿਆਰਥੀ ਨੂੰ ਸਾਰੇ ਅਧਿਆਪਕਾਂ ਤੋਂ ਝਿੜਕਾਂ ਪਿਆ ਕਰਦੀਆਂ ਸਨ, ਜਿਸ ਕਾਰਨ ਉਹ ਬੜਾ ਕੌੜਾ ਅਤੇ ਸਨਕੀ ਹੋ ਗਿਆ ਸੀ।

ਲਗਭਗ ਵੀਹ ਸਾਲ ਮਗਰੋਂ, ਉਸ ਨੇ ਆਪਣੇ ਪੁਰਾਣੇ ਸਕੂਲ ਦੇ ਨਵੇਂ ਪ੍ਰਿੰਸੀਪਲ ਨੂੰ ਖ਼ਤ ਲਿਖਿਆ ਕਿ ਮੈਂ ਦਸ ਸਾਲ ਸਕੂਲ ਦੀ ਫੀਸ ਦਿੰਦਾ ਰਿਹਾ ਸਾਂ ਪਰ ਸਕੂਲ ਨੇ ਮੈਨੂੰ ਕੁਝ ਨਹੀਂ ਸਿਖਾਇਆ, ਸੋ ਮੇਰੇ ਤੋਂ ਲਈ ਗਈ ਸਾਰੀ ਫੀਸ, ਵਿਆਜ ਸਮੇਤ ਵਾਪਸ ਕੀਤੀ ਜਾਵੇ, ਨਹੀਂ ਤਾਂ ਮੈਂ ਕਾਨੂੰਨੀ ਕਾਰਵਾਈ ਕਰਾਂਗਾ।

ਸਕੂਲ ਵਾਸਤੇ ਅਜੀਬ ਸਮੱਸਿਆ ਉਪਜ ਪਈ ਸੀ।

ਕਿਸੇ ਨੇ ਪਹਿਲਾਂ ਇਸ ਪ੍ਰਸਿੱਧ ਸਕੂਲ 'ਤੇ ਅਜਿਹਾ ਦੋਸ਼ ਨਹੀਂ ਸੀ ਲਾਇਆ।

ਪ੍ਰਿੰਸੀਪਲ ਨੇ ਮੀਟਿੰਗ ਬੁਲਾਈ, ਦੋ-ਤਿੰਨ ਅਧਿਆਪਕ ਉਸ ਪੁਰਾਣੇ ਵਿਦਿਆਰਥੀ ਦੇ ਵੀ ਅਧਿਆਪਕ ਰਹੇ ਸਨ, ਸੋ ਉਹ ਉਸ ਨੂੰ ਜਾਣਦੇ ਸਨ। ਉਨ੍ਹਾਂ ਨੇ ਉਸ ਦੀਆਂ ਕਈ ਗੱਲਾਂ ਸੁਣਾਈਆਂ ਪਰ ਫੈਸਲਾ ਨਹੀਂ ਸੀ ਹੋ ਰਿਹਾ ਕਿ ਉਸ ਦੇ ਨੋਟਿਸ ਵਰਗੇ ਖ਼ਤ ਬਾਰੇ ਕੀ ਕੀਤਾ ਜਾਵੇ। ਅਖੀਰ 'ਤੇ ਫੈਸਲਾ ਹੋਇਆ ਕਿ ਸਕੂਲ ਕੋਲ ਫੀਸਾਂ ਦਾ ਇਤਨਾ ਪੁਰਾਣਾ ਰੀਕਾਰਡ ਨਹੀਂ ਹੈ, ਸੋ ਉਸ ਪੁਰਾਣੇ ਵਿਦਿਆਰਥੀ ਨੂੰ ਹੀ ਕਿਹਾ ਜਾਵੇ ਕਿ ਉਹ ਆਪ ਇਕ ਮਹੀਨੇ ਵਿਚ, ਵਿਸਥਾਰ ਵਿਚ ਦੱਸੇ ਕਿ ਉਸ ਨੇ ਸਾਰੀ ਕਿਤਨੀ ਫੀਸ ਦਿੱਤੀ ਸੀ ?

ਉਹ ਪੁਰਾਣਾ ਵਿਦਿਆਰਥੀ ਪੰਦਰ੍ਹਾਂ ਦਿਨਾਂ ਵਿਚ ਹੀ, ਬੜੇ ਵੇਰਵਿਆਂ ਨਾਲ, ਹਰੇਕ ਵਰ੍ਹੇ ਦਾ ਵੱਖਰਾ ਚਾਰਟ ਬਣਾ ਕੇ ਲੈ ਆਇਆ।

ਉਸ ਦੇ ਹਿਸਾਬ-ਕਿਤਾਬ ਦੀਆਂ ਬਰੀਕੀਆਂ ਵੇਖ ਕੇ ਪ੍ਰਿੰਸੀਪਲ ਨੇ ਉਸ ਨੂੰ ਕਿਹਾ: ਤੁਹਾਡਾ ਸਕੂਲ ਵਲੋਂ ਤੁਹਾਨੂੰ ਕੁਝ ਵੀ ਨਾ ਸਿਖਾਉਣ ਦਾ ਦੋਸ਼ ਗ਼ਲਤ ਹੈ। ਜੇ ਸਕੂਲ ਨੇ ਕੁਝ ਨਾ ਸਿਖਾਇਆ ਹੁੰਦਾ ਤਾਂ ਤੁਸੀਂ ਇਤਨਾ ਗੁੰਝਲਦਾਰ ਹਿਸਾਬ-ਕਿਤਾਬ ਨਹੀਂ ਸੀ ਕਰ ਸਕਣਾ, ਇਹ ਸਭ ਕੁਝ ਤੁਸੀਂ ਸਕੂਲ ਤੋਂ ਹੀ ਸਿੱਖਿਆ ਹੈ।

ਇਹ ਕਹਿ ਕੇ ਪ੍ਰਿੰਸੀਪਲ ਨੇ ਉਸ ਦੀ ਅਰਜ਼ੀ ਖਾਰਜ ਕਰ ਦਿਤੀ।

www.quotesinpunjabi.ml

QuotesInPunjabi

246

ਡਾਕਟਰ ਸਾਹਿਬ, ਮੈਂ ਥੱਕਿਆ ਹੋਇਆ ਹਾਂ, ਰੋਜ਼ ਥੱਕ ਜਾਂਦਾ ਹਾਂ, ਮੈਨੂੰ ਬਹੁਤ ਕੰਮ ਹਨ, ਮੈਨੂੰ ਬਹੁਤ ਕੰਮ ਕਰਨਾ ਪੈਂਦਾ ਹੈ, ਜੇ ਮੈਂ ਕੰਮ ਨਾ ਕਰਾਂ ਤਾਂ ਕੰਪਨੀ ਵਿਚ ਕੰਮ ਹੁੰਦਾ ਹੀ ਨਹੀਂ। ਡਾਕਟਰ ਨੇ ਪੁੱਛਿਆ: ਕੀ ਤੁਹਾਡੇ ਵਾਲਾ ਕੰਮ ਕੋਈ ਹੋਰ ਨਹੀਂ ਕਰ ਸਕਦਾ ? ਨਹੀਂ, ਮੈਂ ਹੀ ਕਰਨਾ ਹੁੰਦਾ ਹੈ, ਮੈਂ ਹੀ ਕਰ ਸਕਦਾ ਹਾਂ, ਹੋਰ ਕਿਸੇ ਨੂੰ ਕਰਨਾ ਨਹੀਂ ਆਉਂਦਾ, ਮੇਰੇ ਤੋਂ ਸਿਵਾਇ ਹੋਰ ਕੋਈ ਕਰ ਨਹੀਂ ਸਕਦਾ।

ਡਾਕਟਰ ਨੇ ਕਿਹਾ: ਥਕਾਵਟ ਦਾ ਇਲਾਜ ਇਹ ਹੈ ਕਿ ਹਰ ਰੋਜ਼ ਸਵੇਰੇ ਸ਼ਾਮ, ਇਕ-ਇਕ ਘੰਟਾ ਸੈਰ ਕਰਿਆ ਕਰੋ। ਜੇ ਸੈਰ ਨਹੀਂ ਕਰ ਸਕਦੇ ਤਾਂ ਹਰ ਐਤਵਾਰ ਅੱਧਾ ਦਿਨ ਕਬਰਸਤਾਨ ਵਿਚ ਗੁਜ਼ਾਰਿਆ ਕਰੋ, ਉਥੇ ਲੱਗੇ ਪੱਥਰਾਂ ਦੀ ਇਬਾਰਤ ਪੜ੍ਹੋ, ਹਰੇਕ ਪੱਥਰ 'ਤੇ ਜਨਮ ਅਤੇ ਮਰਨ ਦੀ ਮਿਤੀ ਪੜ੍ਹੋ।

ਸੈਰ ਤਾਂ ਠੀਕ ਹੈ ਡਾਕਟਰ ਸਾਹਿਬ। ਪਰ ਕਬਰਸਤਾਨ ਕਿਸ ਲਈ ਭੇਜ ਰਹੇ ਹੋ ?

ਕਬਰਸਤਾਨ ਮੈਂ ਭੇਜ ਨਹੀਂ ਰਿਹਾ, ਤੁਸੀਂ ਆਪ ਹੀ ਜਾ ਰਹੇ ਹੋ, ਜਾਣ ਦੀ ਤਿਆਰੀ ਕਰ ਰਹੇ ਹੋ। ਮੈਂ ਤਾਂ ਤੁਹਾਨੂੰ ਕਬਰਸਤਾਨ, ਹਰ ਐਤਵਾਰ ਅੱਧੇ ਦਿਨ ਲਈ ਜਾਣ ਵਾਸਤੇ ਕਹਿ ਰਿਹਾ ਹਾਂ ਤਾਂ ਕਿ ਤੁਸੀਂ ਜਾਣ ਸਕੋ ਕਿ ਉਥੋਂ ਦੇ ਪੱਕੇ ਵਸਨੀਕ ਕੌਣ ਹਨ। ਉਹ ਵੀ ਬੜੇ ਮਹੱਤਵਪੂਰਨ ਸਨ ਅਤੇ ਬੜਾ ਮਹੱਤਵਪੂਰਨ ਕੰਮ ਕਰਨ ਵਾਲੇ ਸਨ, ਉਹ ਵੀ ਸੋਚਦੇ ਸਨ ਕਿ ਕਈ ਕੰਮ ਸਨ, ਜਿਹੜੇ ਉਹ ਹੀ ਕਰਦੇ ਸਨ, ਉਨ੍ਹਾਂ ਨੇ ਹੀ ਕਰਨੇ ਸਨ।

ਤੁਸੀਂ ਪੱਥਰ ਪੜ੍ਹ ਕੇ ਵੇਖਣਾ, ਉਹ ਕਿਤਨੇ ਸਾਲਾਂ ਵਿਚ ਉਥੇ ਪਹੁੰਚੇ, ਜੀਵਨ ਦੇ ਕਿਹੜੇ ਪੜਾਓ ਵਿਚ ਪਹੁੰਚੇ।

ਉਸ ਸਮੇਂ ਬਾਰੇ ਸੋਚਣਾ, ਜਦੋਂ ਤੁਸੀਂ ਵੀ ਉਥੋਂ ਦੇ ਪੱਕੇ ਵਸਨੀਕ ਬਣ ਜਾਓਗੇ।

ਜੇ ਆਪਣਾ ਕੰਮ ਕਰਨ ਲਈ ਹੋਰਾਂ ਨੂੰ ਨਹੀਂ ਦਿਓਗੇ, ਸਮਾਂ ਪਰਿਵਾਰ ਨਾਲ ਨਹੀਂ ਗੁਜ਼ਾਰੋਗੇ, ਦੋਸਤਾਂ-ਮਿੱਤਰਾਂ ਨੂੰ ਨਹੀਂ ਮਿਲੋਗੇ, ਸੈਰ ਰਾਹੀਂ ਕੁਦਰਤ ਨਹੀਂ ਮਾਣੋਗੇ ਤਾਂ ਥੋੜ੍ਹੇ ਸਮੇਂ ਵਿਚ ਹੀ, ਤੁਸੀਂ ਵੀ ਕਬਰਸਤਾਨ ਦੇ ਪੱਕੇ ਵਸਨੀਕ ਬਣ ਜਾਵੋਗੇ।

247

ਅਠਾਰ੍ਹਵੀਂ ਸਦੀ ਦੇ ਅੰਤ 'ਤੇ ਜਦੋਂ ਅਮਰੀਕਾ ਉਤੇ ਫਰਾਂਸ ਦੇ ਹਮਲੇ ਦਾ ਡਰ ਬਣਿਆ ਹੋਇਆ ਸੀ ਤਾਂ ਉਸ ਸਮੇਂ ਅਮਰੀਕਾ ਦਾ ਪਹਿਲਾ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ, ਇਕਾਂਤ ਜੀਵਨ ਜਿਉਂ ਰਿਹਾ ਸੀ ਪਰ ਫਿਰ ਵੀ ਉਸਦਾ ਬੜਾ ਰੋਅਬ ਸੀ।

ਉਸ ਵੇਲੇ ਦੇ ਕਾਰਜਸ਼ੀਲ ਰਾਸ਼ਟਰਪਤੀ, ਐਡਮਸ ਨੇ ਜਾਰਜ ਵਾਸ਼ਿੰਗਟਨ ਨੂੰ ਲਿਖਿਆ: ਲੋੜ ਪੈਣ 'ਤੇ ਅਸੀਂ ਤੁਹਾਡਾ ਨਾਂ ਵਰਤਾਂਗੇ, ਇਵੇਂ ਕਰਨ ਨਾਲ ਸਾਡੀ ਗੱਲ ਦਾ ਵਜ਼ਨ ਅਤੇ ਸਾਡੀ ਫੌਜ ਦਾ ਰੋਅਬ ਵਧ ਜਾਵੇਗਾ।

www.quotesinpunjabi.ml

QuotesInPunjabi

248

ਯੋਰਪ ਦੀ ਇਕ ਲਾਇਬ੍ਰੇਰੀ ਦੇ ਪ੍ਰਸਿੱਧ ਲਾਇਬ੍ਰੇਰੀਅਨ ਨੇ, ਆਪਣਾ ਕੁੱਤਾ ਲਾਇਬ੍ਰੇਰੀ ਦੀ ਇਕ ਵਿਸ਼ੇਸ਼ ਸ਼ੈਲਫ ਵਿਚੋਂ, ਇਕ ਵਿਸ਼ੇਸ਼ ਥਾਂ 'ਤੇ ਪਈ, ਆਪਣੀ ਰਖੀ ਹੋਈ ਕਿਤਾਬ ਲਿਆਉਣ ਲਈ ਸਿਖਾਇਆ ਹੋਇਆ ਸੀ।

ਯੋਰਪ ਦੀਆਂ ਲਾਇਬ੍ਰੇਰੀਆਂ ਵਿਚ ਪਾਠਕਾਂ ਦੇ ਵਿਚਾਰ-ਵਟਾਂਦਰੇ ਲਈ ਇਕ ਥਾਂ ਹੁੰਦੀ ਹੈ, ਜਿਥੇ ਉਹ ਵਿਚਾਰ-ਵਟਾਂਦਰਾ ਕਰਦੇ ਹਨ ਅਤੇ ਤੱਥਾਂ ਦੇ ਸਹੀ-ਗਲਤ ਹੋਣ ਦਾ ਨਿਰਣਾ, ਕਿਤਾਬੀ ਸਬੂਤਾਂ ਦੇ ਆਧਾਰ 'ਤੇ ਕਰਦੇ ਹਨ।

ਇਹ ਲਾਇਬ੍ਰੇਰੀਅਨ ਬੜਾ ਗਿਆਨਵਾਨ ਸਮਝਿਆ ਜਾਂਦਾ ਸੀ। ਗਿਆਨ ਦੇ ਪੱਖੋਂ, ਇਸ ਦਾ ਕੁੱਤਾ ਵੀ ਪ੍ਰਸਿੱਧ ਹੋ ਗਿਆ ਸੀ। ਜਦੋਂ ਪਾਠਕਾਂ ਵਿਚਕਾਰ ਕੋਈ ਵਿਚਾਰ-ਵਟਾਂਦਰਾ ਹੁੰਦਾ ਤਾਂ ਲਾਇਬ੍ਰੇਰੀਅਨ, ਹੌਲੀ-ਹੌਲੀ ਘੁੰਮਾ ਕੇ ਗਲਬਾਤ ਨੂੰ ਉਸ ਦਿਨ ਉਸ ਸ਼ੈਲਫ ਵਿਚ ਰੱਖੀ ਕਿਤਾਬ ਵਿਚ ਦਰਜ ਕਿਸੇ ਤੱਥ, ਘਟਨਾ ਜਾਂ ਵਿਚਾਰ ਵਲ ਲੈ ਆਉਂਦਾ ਸੀ।

ਜਦੋਂ ਬਹਿਸ ਭਖ ਜਾਂਦੀ ਸੀ ਤਾਂ ਉਹ ਆਪ ਹੀ ਸੁਝਾਓ ਦਿੰਦਾ ਸੀ, ਅਸੀਂ ਕਿਤਾਬ ਲਿਆ ਕੇ ਹੁਣੇ ਪੁਸ਼ਟੀ ਕਰ ਲੈਂਦੇ ਹਾਂ ਅਤੇ ਉਹ ਆਪਣੇ ਕੁੱਤੇ ਨੂੰ ਕਹਿੰਦਾ ਸੀ ਕਿ ਉਹ ਜਾ ਕੇ ਫਲਾਣੇ ਲੇਖਕ ਦੀ ਫਲਾਣੀ ਕਿਤਾਬ ਲੈ ਕੇ ਆਵੇ, ਜਿਸ ਵਿਚ ਇਹ ਗੱਲ ਦਰਜ ਹੈ, ਅਤੇ ਕੁੱਤਾ ਪਉੜੀ ਚੜ੍ਹ ਕੇ ਸ਼ੈਲਫ ਵਿਚੋਂ ਉਹ ਕਿਤਾਬ ਕੱਢ ਲਿਆਉਂਦਾ ਸੀ।

ਲੋਕ ਹੈਰਾਨ ਹੁੰਦੇ ਅਤੇ ਸੋਚਦੇ ਸਨ ਕਿ ਜਿਸ ਦਾ ਕੁੱਤਾ ਇਤਨਾ ਲਾਇਕ ਹੈ, ਉਸ ਦਾ ਮਾਲਕ ਕਿਤਨਾ ਵਿਦਵਾਨ ਹੋਵੇਗਾ ?

249

ਐਡਮੰਡ ਹਿਲੇਰੀ, ਮਾਉਂਟ ਐਵਰੈਸਟ 'ਤੇ ਪਹੁੰਚਣ ਵਾਲਾ ਪਹਿਲਾ ਮਨੁੱਖ ਸੀ। ਇਸ ਯਤਨ ਵਿਚ ਉਸ ਦੇ ਸਰੀਰ, ਮਨ, ਬੁੱਧੀ ਅਤੇ ਆਤਮਾ ਸਭਨਾਂ ਨੇ ਜਦੋਜਹਿਦ ਕੀਤੀ ਸੀ।

ਮਨ, ਬੁੱਧੀ ਅਤੇ ਆਤਮਾ ਪਹਿਲਾਂ ਹੀ ਉਥੇ ਪਹੁੰਚੀਆਂ ਹੋਈਆਂ ਸਨ, ਸਰੀਰ ਦਾ ਪਹੁੰਚਣਾ ਬਾਕੀ ਸੀ। ਆਪਣੀ ਕਲਪਨਾ ਵਿਚ ਸੁੱਤਿਆਂ-ਜਾਗਦਿਆਂ, ਹਰ ਵੇਲੇ ਉਹ ਸਿਖਰ ਵਲ ਵਧ ਰਿਹਾ ਹੁੰਦਾ ਸੀ।

ਨਾ ਰਸਤੇ ਦਾ ਪਤਾ ਸੀ, ਨਾ ਮੁਸ਼ਕਲਾਂ ਦਾ ਪਰ ਉਦੇਸ਼ ਦੀ ਸੋਝੀ ਸੀ।

ਹਿਲੇਰੀ ਦਾ ਸਿਖਰ 'ਤੇ ਪਹੁੰਚਣਾ ਮਨੁੱਖੀ ਨਸਲ ਲਈ ਬੜੀ ਵੱਡੀ ਪੁਲਾਂਘ ਸੀ।

ਹੁਣ ਹਰ ਸਾਲ ਲਗਭਗ ਪੰਜ ਸੌ ਵਿਅਕਤੀ ਸਿਖਰ 'ਤੇ ਅੱਪੜ ਜਾਂਦੇ ਹਨ ਪਰ ਪ੍ਰਸਿੱਧ ਪਹਿਲ ਕਰਨ ਵਾਲੇ ਹੀ ਹੁੰਦੇ ਹਨ। ਹਿਲੇਰੀ ਨੇ ਮਾਉਂਟ ਐਵਰੈਸਟ 'ਤੇ ਪਹੁੰਚ ਕੇ, ਨੀਲ ਆਰਮਸਟਰਾਂਗ ਨੂੰ ਜਗਾ ਦਿੱਤਾ ਸੀ।

www.quotesinpunjabi.ml

QuotesInPunjabi

250

ਇਕ ਬਜ਼ੁਰਗ ਡਾਕਟਰ ਦੇ ਪੁਰਾਣੇ ਸਾਥੀ ਅਤੇ ਜਮਾਤੀ, ਜਿਨ੍ਹਾਂ ਵਿਚ ਇਕ ਇਸਤਰੀ ਵੀ ਸੀ, ਅਕਸਰ ਉਸ ਕੋਲ ਆ ਜਾਂਦੇ ਸਨ ਅਤੇ ਆਪਣੇ ਗੁਜ਼ਰੇ ਜੀਵਨ ਦੀਆਂ ਗੱਲਾਂ ਸਾਂਝੀਆਂ ਕਰਦੇ ਸਨ। ਉਹ ਡਾਕਟਰ ਨੂੰ ਤਾਕਤ ਦਾ ਕੋਈ ਟਾਨਿਕ ਦੱਸਣ ਜਾਂ ਤਿਆਰ ਕਰਨ ਬਾਰੇ ਅਕਸਰ ਕਹਿੰਦੇ-ਪੁੱਛਦੇ ਰਹਿੰਦੇ ਸਨ।

ਡਾਕਟਰ ਨੇ ਇਕ ਟਾਨਿਕ ਤਿਆਰ ਕੀਤਾ, ਜਿਸ ਨੂੰ ਪੀਤਿਆਂ ਪੀਣ ਵਾਲੇ ਦੀ ਉਮਰ ਪੰਝੀ ਵਰ੍ਹੇ ਛੋਟੀ ਹੋ ਜਾਂਦੀ ਸੀ। ਉਹ ਟਾਨਿਕ ਦੇਣ ਤੋਂ ਪਹਿਲਾਂ, ਡਾਕਟਰ ਨੇ ਸਾਰਿਆਂ ਨੂੰ ਕਿਹਾ ਕਿ ਟਾਨਿਕ ਇਸ ਸ਼ਰਤ ਤੇ ਪਿਲਾਇਆ ਜਾਵੇਗਾ, ਜੇ ਤੁਸੀਂ ਵਾਅਦਾ ਕਰੋ ਕਿ ਤੁਸੀਂ ਗੁਜ਼ਰੀ ਹੋਈ ਉਮਰ ਵਾਲੀਆਂ ਖਰਮਸਤੀਆਂ ਨਹੀਂ ਕਰੋਗੇ।

ਸਾਰਿਆਂ ਨੇ ਕਿਹਾ: ਅਸੀਂ ਸਿਆਣੇ-ਬਿਆਣੇ ਹਾਂ, ਪੁੱਤਰਾਂ-ਧੀਤਿਆਂ ਵਾਲੇ ਹਾਂ, ਅਸੀਂ ਪੁਰਾਣੀਆਂ ਹਰਕਤਾਂ ਕਿਵੇਂ ਦੁਹਰਾ ਸਕਦੇ ਹਾਂ? ਇਹ ਵਿਸ਼ਵਾਸ ਦਿਵਾਉਣ 'ਤੇ ਡਾਕਟਰ ਨੇ ਟਾਨਿਕ ਦਾ ਇਕ-ਇਕ ਪਿਆਲਾ ਸਾਰਿਆਂ ਨੂੰ ਦਿੱਤਾ, ਉਹ ਸਾਰੇ ਲਗਭਗ, ਪੰਜਾਹ ਸਾਲ ਦੇ ਹੋ ਗਏ ਅਤੇ ਹੋਰ ਪਿਆਲਾ ਲੈਣ ਲਈ ਕਾਹਲੇ ਪੈ ਗਏ ਅਤੇ ਹਰ ਕੋਈ ਉਥੇ ਹਾਜ਼ਰ ਜਮਾਤਣ ਨੂੰ ਚੋਰ-ਨਜ਼ਰਾਂ ਨਾਲ ਨਿਹਾਰਨ ਅਤੇ ਵੇਖਣ ਲੱਗ ਪਿਆ। ਡਾਕਟਰ ਨੇ ਉਨ੍ਹਾਂ ਦੇ ਵਿਹਾਰ ਨੂੰ ਵੇਖ ਕੇ ਕਿਹਾ, ਹੋਰ ਟਾਨਿਕ ਨਹੀਂ ਮਿਲੇਗਾ ਪਰ ਉਹ ਜਮਾਤਣ ਹੋਰ ਪਿਆਲਾ ਲੈਣ ਲਈ, ਦਲੀਲਾਂ ਦੇਣ ਲੱਗ ਪਈ ਅਤੇ ਬਾਕੀ ਵੀ ਕਾਹਲੇ ਪੈ ਗਏ।

ਅਖੀਰ 'ਤੇ ਉਨ੍ਹਾਂ ਨੇ ਡਾਕਟਰ ਦੇ ਹੱਥੋਂ ਬੋਤਲ ਖੋਹ ਲਈ ਅਤੇ ਆਪੇ ਹੀ ਆਪਣਾ-ਆਪਣਾ ਪਿਆਲਾ ਭਰ ਕੇ ਪੀ ਗਏ ਅਤੇ ਪੀਂਦਿਆਂ ਹੀ ਉਹ ਸਾਰੇ ਪੰਝੀ-ਪੰਝੀ ਸਾਲਾਂ ਦੇ ਹੋ ਗਏ ਅਤੇ ਜਮਾਤਣ ਦੇ ਆਲੇ-ਦੁਆਲੇ ਨੱਚਣ ਲੱਗ ਪਏ ਅਤੇ ਉਹ ਜਮਾਤਣ ਵੀ ਨਖਰੇ ਕਰਨ ਲੱਗ ਪਈ ਅਤੇ ਸਾਰੇ ਉਸ ਜਮਾਤਣ ਪਿਛੇ ਆਪਸ ਵਿਚ ਲੜਨ ਲੱਗ ਪਏ, ਜਿਸ ਕਾਰਨ ਬੋਤਲ ਡਿੱਗ ਪਈ, ਡਾਕਟਰ ਨੂੰ ਵੀ ਧੱਕੇ ਲੱਗੇ।

ਹੌਲੀ-ਹੌਲੀ ਟਾਨਿਕ ਦਾ ਅਸਰ ਘਟਣ ਨਾਲ, ਉਹ ਸਾਰੇ ਮੁੜ ਬਜ਼ੁਰਗੀ ਵਾਲੀ ਹਾਲਤ ਵਿੱਚ ਪਰਤ ਆਏ। ਡਾਕਟਰ ਨੇ ਕਿਹਾ: ਤੁਹਾਡਾ ਕੋਈ ਕਸੂਰ ਨਹੀਂ, ਕਿਉਂਕਿ ਕੁਝ ਚੀਜ਼ਾਂ ਬੰਦਾ ਨਹੀਂ ਕਰਦਾ, ਉਸ ਦੀ ਉਮਰ ਕਰਵਾਉਂਦੀ ਹੈ।

251

ਹਰ ਕੋਈ ਸਮਝਦਾ ਹੈ ਕਿ ਉਸ ਦੇ ਚਿਹਰੇ ਦੁਆਲੇ ਪ੍ਰਕਾਸ਼ ਮੰਡਲ ਹੈ, ਆਭਾ ਹੈ। ਆਭਾ ਕੇਵਲ ਤੁਹਾਡੇ ਚਿਹਰੇ ਦੁਆਲੇ ਹੀ ਨਹੀਂ, ਹਰ ਕਿਸੇ ਦੇ ਚਿਹਰੇ ਦੁਆਲੇ ਹੁੰਦੀ ਹੈ ਪਰ ਬਹੁਤਿਆਂ ਦੀ ਆਭਾ, ਕੇਵਲ ਉਨ੍ਹਾਂ ਨੂੰ ਹੀ ਦਿਸਦੀ ਹੈ।

ਕਈਆਂ ਦੀ ਇਹ ਆਭਾ ਕਾਲੀ ਹੁੰਦੀ ਹੈ, ਜਿਸ ਕਾਰਨ ਚਿਹਰਾ ਬੁਝਿਆ-ਬੁਝਿਆ ਲੱਗਦਾ ਹੈ। ਕਈਆਂ ਦੀ ਇਹ ਆਭਾ ਧੁੰਦਲੀ ਅਤੇ ਮੈਲੀ ਜਿਹੀ ਹੁੰਦੀ ਹੈ। ਕੁਝ ਹੀ ਹੁੰਦੇ ਹਨ, ਜਿਨ੍ਹਾਂ ਦੇ ਚਿਹਰੇ ਦਾ ਪ੍ਰਭਾਵ, ਉਨ੍ਹਾਂ ਦੀ ਸਾਊ ਪਰਵਰਿਸ਼ ਅਤੇ ਚੰਗੀ ਰਹਿਣੀ-ਬਹਿਣੀ ਦਾ

www.quotesinpunjabi.ml

QuotesInPunjabi
ਸਬੂਤ ਹੁੰਦਾ ਹੈ। ਕੋਈ-ਕੋਈ ਹੁੰਦਾ ਹੈ, ਜਿਸ ਦੇ ਚਿਹਰੇ 'ਤੇ ਨੂਰ ਹੁੰਦਾ ਹੈ, ਜਿਹੜਾ ਅੰਦਰਲੀ ਸ਼ਕਤੀ ਅਤੇ ਉਤਸ਼ਾਹ ਦਾ ਬਾਹਰੀ ਪ੍ਰਗਟਾਵਾ ਹੁੰਦਾ ਹੈ।

ਜੇ ਅੰਦਰ ਛਲ ਅਤੇ ਕਪਟ ਹੈ ਤਾਂ ਇਹ ਆਭਾ ਬੁਝੀ-ਬੁਝੀ ਲਗੇਗੀ। ਜੇ ਅੰਦਰ ਸਦਭਾਵਨਾ ਅਤੇ ਪਿਆਰ, ਸਨੇਹ ਅਤੇ ਖਿਮਾ ਹੈ ਤਾਂ ਚਿਹਰਾ ਨਰਮ, ਕੂਲਾ ਅਤੇ ਚਮਕ ਵਾਲਾ ਹੋਵੇਗਾ ਅਤੇ ਖਿੱਚ ਪਾਵੇਗਾ। ਇਹ ਬਿਲਕੁਲ ਸੰਭਵ ਨਹੀਂ ਕਿ ਅੰਦਰ ਨਿੰਦਾ, ਈਰਖਾ ਅਤੇ ਸਾੜਾ ਹੋਣ ਅਤੇ ਚਿਹਰਾ ਖਿੜਿਆ ਹੋਵੇ।

ਕਈਆਂ ਦੇ ਚਿਹਰੇ ਬੁਝੇ ਹੋਏ ਹੀ ਨਹੀਂ, ਝੁਲਸੇ ਹੋਏ ਵੀ ਲਗਦੇ ਹਨ, ਕਿਉਂਕਿ ਇਨ੍ਹਾਂ ਨੇ ਸੈਂਕੜਿਆਂ ਨਾਲ ਝੂਠ ਬੋਲਿਆ ਹੁੰਦਾ ਹੈ, ਦਰਜਨਾਂ ਤੋਂ ਉਧਾਰ ਲੈ ਕੇ ਮੋੜਿਆ ਨਹੀਂ ਹੁੰਦਾ, ਆਪਣਿਆਂ ਨਾਲ ਹੀ ਧੋਖਾ ਕੀਤਾ ਹੁੰਦਾ ਹੈ, ਹਰ ਕਿਸੇ ਨੂੰ ਲੁੱਟਿਆ ਹੁੰਦਾ ਹੈ, ਨਸ਼ਿਆਂ ਪਿੱਛੇ ਸਾਰੇ ਕੁਕਰਮ ਕੀਤੇ ਹੁੰਦੇ ਹਨ ਅਤੇ ਕੇਵਲ ਬਦਨਾਮੀ ਕਮਾਈ ਹੁੰਦੀ ਹੈ।

252

ਇਕ ਸੰਨਿਆਸੀ ਪਹਾੜੀ ਰਸਤੇ ਤੋਂ ਸਾਮਾਨ ਲਿਜਾ ਰਿਹਾ ਸੀ। ਨਿੱਕ-ਸੁੱਕ ਬਹੁਤ ਸੀ। ਬੋਝ, ਪਸੀਨੇ ਅਤੇ ਥਕਾਵਟ ਨਾਲ ਸੰਨਿਆਸੀ ਹਫ਼ ਗਿਆ ਸੀ।

ਸੰਨਿਆਸੀ ਨੇ ਵੇਖਿਆ ਇਕ ਬਾਰ੍ਹਾਂ-ਤੇਰ੍ਹਾਂ ਸਾਲਾਂ ਦੀ ਲੜਕੀ ਨੇ ਇਕ ਬੱਚੇ ਨੂੰ ਮੋਢੇ ਤੇ ਚੁੱਕਿਆ ਹੋਇਆ ਸੀ, ਉਹ ਵੀ ਥੱਕੀ ਹੋਈ ਸੀ, ਪਸੀਨਾ ਪਰੇਸ਼ਾਨ ਕਰ ਰਿਹਾ ਸੀ ਪਰ ਉਹ ਹੌਲੀ-ਹੌਲੀ ਚੱਲੀ ਜਾ ਰਹੀ ਸੀ।

ਉਸ ਨੂੰ ਵੇਖ ਕੇ ਸੰਨਿਆਸੀ ਨੇ ਕਿਹਾ: ਬੇਟੀ, ਬੜਾ ਬੋਝ ਲਗ ਰਿਹਾ ਹੋਵੇਗਾ, ਮੁਸ਼ਕਲ ਆ ਰਹੀ ਹੋਵੇਗੀ ? ਲੜਕੀ ਨੇ ਕਿਹਾ: ਸਵਾਮੀ ਜੀ, ਬੋਝ ਤਾਂ ਤੁਸੀਂ ਚੁੱਕਿਆ ਹੋਇਐ, ਮੇਰੇ ਮੋਢੇ 'ਤੇ ਤਾਂ ਮੇਰਾ ਭਰਾ ਹੈ, ਇਸਦਾ ਕੋਈ ਬੋਝ ਨਹੀਂ।

253

ਭਾਰਤ ਵਿਚ ਅੰਗਰੇਜ਼ਾਂ ਦਾ ਰਾਜ ਕਿਉਂ ਹਰਮਨ ਪਿਆਰਾ ਹੋਇਆ ?

ਭਾਰਤ ਨੂੰ ਕੇਵਲ ਅੰਗਰੇਜ਼ਾਂ ਨੇ ਹੀ ਗੁਲਾਮ ਨਹੀਂ ਬਣਾਇਆ, ਭਾਰਤ ਹਜ਼ਾਰਾਂ ਸਾਲਾਂ ਤੋਂ ਗੁਲਾਮ ਚਲਿਆ ਆ ਰਿਹਾ ਹੈ।

ਅੰਗਰੇਜ਼ਾਂ ਤੋਂ ਪਹਿਲਾਂ ਜਿਹੜੇ ਆਏ, ਉਨ੍ਹਾਂ ਨੇ ਹਕੂਮਤ ਕੀਤੀ, ਅੰਗਰੇਜ਼ਾਂ ਨੇ ਰਾਜ ਕੀਤਾ। ਪਹਿਲੇ ਹਾਕਮ ਬਗਾਵਤਾਂ ਦਬਾਉਂਦੇ ਅਤੇ ਇਲਾਕੇ ਮੱਲਦੇ ਰਹੇ। ਅੰਗਰੇਜ਼ਾਂ ਨੇ ਭਾਰਤ ਨੂੰ ਰਾਜਨੀਤਕ, ਆਰਥਿਕ, ਸਭਿਆਚਾਰਕ ਪੱਖੋਂ ਨਵੀਂ ਤਰਤੀਬ ਦਿੱਤੀ।

ਅੰਗਰੇਜ਼ਾਂ ਨੇ ਪਹਿਲੀ ਤਰੀਕ ਨੂੰ ਤਨਖਾਹ ਦੇਣ ਦਾ ਰਿਵਾਜ ਪਾਇਆ।

ਜਿਸ ਨਾਲ ਭਾਂਤ-ਭਾਂਤ ਦੇ ਦੇਸੀ ਮਹੀਨਿਆਂ ਦੀ ਥਾਂ ਅੰਗਰੇਜ਼ੀ ਮਹੀਨੇ ਦਾ ਮਹੱਤਵ ਵਧਿਆ ਅਤੇ ਜਨਵਰੀ-ਫਰਵਰੀ ਵਾਲਾ ਕੈਲੰਡਰ ਹਰਮਨ ਪਿਆਰਾ ਹੋਇਆ।

ਰਿਆਸਤੀ ਰਾਜੇ ਤਨਖਾਹਾਂ ਦੇ ਵਾਅਦੇ ਹੀ ਕਰਦੇ ਸਨ, ਅੰਗਰੇਜ਼ ਤਨਖਾਹ ਦਿੰਦੇ ਸਨ। ਅੰਗਰੇਜ਼ਾਂ ਨੇ ਫੌਜੀ ਅਹੁਦੇ ਸਥਾਪਤ ਕੀਤੇ, ਭੀੜ ਦੀ ਥਾਂ ਤਰਤੀਬ ਨਾਲ ਪਰੇਡ

www.quotesinpunjabi.ml

QuotesInPunjabi

ਕਰਦਿਆਂ ਚਲਣ ਦਾ ਰਿਵਾਜ ਪਾਇਆ, ਜਿਸ ਕਾਰਨ ਫੌਜ ਦੀ ਨੌਕਰੀ ਨੇ ਹਰ ਕਿਸੇ ਨੂੰ ਆਕਰਸ਼ਿਤ ਕੀਤਾ। ਅੰਗਰੇਜ਼ਾਂ ਨੇ ਫੌਜ ਵਿਚ ਵੀ ਦਫਤਰਾਂ ਵਾਂਗ, ਐਤਵਾਰ ਦੀ ਛੁੱਟੀ ਦਾ ਰਿਵਾਜ ਪਾਇਆ। ਉਨ੍ਹਾਂ ਨੇ ਸਭ ਲਈ ਸਕੂਲ-ਕਾਲਜ ਖੋਲ੍ਹੇ, ਡਾਕਖਾਨੇ, ਡਿਸਪੈਂਸਰੀਆਂ, ਹਸਪਤਾਲ, ਯਤੀਮ-ਖਾਨੇ ਖੋਲ੍ਹੇ, ਨਹਿਰਾਂ ਖੁਦਵਾਈਆਂ, ਸੜਕਾਂ ਬਣਵਾਈਆਂ, ਪੁਲ ਉਸਾਰੇ, ਮੰਡੀਆਂ ਸਥਾਪਤ ਕੀਤੀਆਂ, ਰੇਲ ਚਲਾਈ, ਥਾਣੇ, ਅਦਾਲਤਾਂ ਸਥਾਪਤ ਕੀਤੀਆਂ, ਕਾਨੂੰਨ ਸਾਹਮਣੇ ਬ੍ਰਾਹਮਣ-ਸ਼ੂਦਰ ਨੂੰ ਬਰਾਬਰ ਖੜ੍ਹਾ ਕੀਤਾ, ਲੜਕੀਆਂ ਲਈ ਪੜ੍ਹਾਈ ਦਾ ਪ੍ਰਬੰਧ ਕੀਤਾ ਅਤੇ ਠੱਗੀਆਂ-ਡਾਕੇ ਖਤਮ ਕੀਤੇ।

ਉਹ ਵਿਦੇਸ਼ ਤੋਂ ਆਏ ਸਨ, ਇਸ ਲਈ ਉਹ ਨਿਰਪੱਖ ਸਨ।

ਉਹ ਵਕਤ ਦੇ ਪਾਬੰਦ ਸਨ, ਉਨ੍ਹਾਂ ਨੇ ਸੜਕ ਦੇ ਖੱਬੇ ਪਾਸੇ ਚੱਲਣ ਦਾ ਰਿਵਾਜ ਪਾਇਆ। ਉਨ੍ਹਾਂ ਨੇ ਸ਼ਹਿਰ ਵਸਾਏ, ਨਵੀਂ ਚਕਿਤਸਾ ਪ੍ਰਣਾਲੀ ਲਾਗੂ ਕੀਤੀ।

ਪ੍ਰਸ਼ਨ ਇਹ ਨਹੀਂ ਕਿ ਉਨ੍ਹਾਂ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਿਆ।

ਪ੍ਰਸ਼ਨ ਇਹ ਹੈ ਕਿ ਅਸੀਂ ਆਜ਼ਾਦ ਹੋ ਕੇ ਆਪਣੇ ਦੇਸ਼ ਵਿਚ ਅਗਰੇਜ਼ਾਂ ਤੋਂ ਬਿਹਤਰ ਰਾਜ ਪ੍ਰਬੰਧ ਕਿਉਂ ਸਥਾਪਤ ਨਹੀਂ ਕਰ ਸਕੇ ?

254

ਜੋਧ ਸਿੰਘ ਨਾਂ ਦਾ ਵਿਅਕਤੀ ਪੁਸਤਕਾਂ ਦਾ ਵਪਾਰੀ ਸੀ ਅਤੇ ਆਪਣੇ ਵਪਾਰ ਦੇ ਸਬੰਧ ਵਿਚ ਉਹ ਸਿੰਧ ਗਿਆ ਹੋਇਆ ਸੀ।

ਉਸ ਸਮੇਂ ਸਿੰਧ ਬਦਮਾਸ਼ਾਂ ਦਾ ਗੜ੍ਹ ਬਣਿਆ ਹੋਇਆ ਸੀ।

ਉਦੋਂ ਕਿਤਾਬਾਂ ਨੂੰ ਟਰੰਕਾਂ ਵਿਚ ਲਿਜਾਇਆ-ਲਿਆਂਦਾ ਜਾਂਦਾ ਸੀ।

ਜਦੋਂ ਉਹ ਕਿਤਾਬਾਂ ਦਾ ਟਰੰਕ, ਟਾਂਗੇ ਵਿਚ ਰਖਾਉਣ ਲਈ ਦੁਕਾਨ ਤੋਂ ਚੁੱਕਣ ਲੱਗਾ ਤਾਂ ਟਰੰਕ ਦੇ ਕੋਨੇ ਨਾਲ, ਉਥੇ ਖਲੋਤੇ ਇਕ ਬਦਮਾਸ਼ ਦੀ ਬਾਂਹ ਝਰੀਟੀ ਗਈ। ਬਦਮਾਸ਼ ਨੇ ਜਦੋਂ ਖੂੰਖਾਰ ਹੋ ਕੇ ਵੇਖਿਆ ਤਾਂ ਦੁਕਾਨਦਾਰ, ਦੁਕਾਨ ਛੱਡ ਕੇ ਭੱਜ ਗਿਆ।

ਜੋਧ ਸਿੰਘ ਨੇ ਬਦਮਾਸ਼ ਨੂੰ ਅੱਗੇ ਵਧਣ ਤੋਂ ਰੋਕਦਿਆਂ, ਆਪਣੀ ਜੇਬ ਵਿਚੋਂ ਚਾਕੂ ਕੱਢ ਕੇ ਕਿਹਾ: ਵੇਖ, ਮੈਂ ਜਾਣ ਕੇ ਤੇਰੀ ਬਾਂਹ ਜ਼ਖਮੀ ਨਹੀਂ ਕੀਤੀ। ਇਹ ਚਾਕੂ ਪਿਆ ਹੈ, ਜਿਥੋਂ ਲੈ ਕੇ ਜਿਥੇ ਤੱਕ ਤੇਰਾ ਜੀਅ ਕਰਦਾ ਹੈ, ਤੂੰ ਮੇਰੀ ਬਾਂਹ ਕੱਟ ਦੇਹ।

ਜੋਧ ਸਿੰਘ ਨੇ ਅਪਣੀ ਜਵਾਨੀ ਵਿਚ, ਇਕ ਕਿੱਸੇ ਵਿਚ ਪੜ੍ਹਿਆ ਸੀ ਕਿ ਪ੍ਰਦੇਸ ਵਿਚ ਕਿਸੇ ਨਾਲ ਵੈਰ ਨਹੀਂ ਪਾਈਦਾ, ਕਿਸੇ ਨਾਲ ਝਗੜਾ ਨਹੀਂ ਕਰੀਦਾ, ਕਿਉਂਕਿ ਪ੍ਰਦੇਸ ਵਿਚ ਝਗੜਾ ਕਦੇ ਰਾਸ ਨਹੀਂ ਆਉਂਦਾ।

ਇਹ ਗੱਲ ਉਸ ਨੂੰ ਯਾਦ ਆ ਗਈ ਸੀ ਅਤੇ ਉਹ ਇਸ ਗੱਲ 'ਤੇ ਅਮਲ ਕਰ ਰਿਹਾ ਸੀ। ਉਹ ਬਦਮਾਸ਼, ਸਰਦਾਰ ਦੀ ਹਿੰਮਤ ਵੇਖ ਕੇ ਹੈਰਾਨ ਹੋਇਆ ਅਤੇ ਉਸ ਨੇ ਉਸ ਦੀ ਹਿੰਮਤ ਦੀ ਦਾਦ ਦਿੱਤੀ। ਇਤਨੇ ਵਿਚ ਉਸ ਦੇ ਦੋ ਬਦਮਾਸ਼ ਸਾਥੀ ਵੀ ਆ ਪਹੁੰਚੇ ਸਨ ਅਤੇ ਜ਼ਖਮ ਵੇਖ ਕੇ ਹਮਲਾ ਕਰਨ ਹੀ ਲਗੇ ਸਨ ਪਰ ਬਦਮਾਸ਼ ਨੇ ਕਿਹਾ: ਰੁਕ ਜਾਓ ਅਤੇ ਇਸ ਸਰਦਾਰ ਦਾ ਇਹ ਟਰੰਕ ਚੁੱਕ ਕੇ ਟਾਂਗੇ ਵਿੱਚ ਰਖਾਓ।

www.quotesinpunjabi.ml

QuotesInPunjabi

255

ਇਕ ਅਮਰੀਕਨ ਜਰਨੈਲ ਲਫੈਟੇ ਦੀ ਸੇਵਾ-ਮੁਕਤੀ ਸਮੇਂ ਇਕ ਸਨਮਾਨ ਸਮਾਰੋਹ ਹੋ ਰਿਹਾ ਸੀ। ਹਾਜ਼ਰ ਫੌਜੀ ਅਫਸਰ ਆਪਣੇ ਹਰਮਨ ਪਿਆਰੇ ਜਰਨੈਲ ਪ੍ਰਤੀ ਆਪਣਾ ਪਿਆਰ ਅਤੇ ਸਤਿਕਾਰ ਪ੍ਰਗਟਾਉਣਾ ਚਾਹੁੰਦੇ ਸਨ।

ਜਦੋਂ ਲਫੈਟੇ ਘੋੜਿਆਂ ਵਾਲੀ ਬੱਘੀ ਵਿਚ ਜਾਣ ਲੱਗਾ ਤਾਂ ਫੌਜੀ ਅਫਸਰਾਂ ਨੇ ਉਸ ਬੱਘੀ ਦੇ ਘੋੜੇ ਲਾਹ ਦਿੱਤੇ ਅਤੇ ਬੱਘੀ ਦੀਆਂ ਬਾਹੀਆਂ ਨੂੰ ਆਪਣੇ ਮੋਢਿਆਂ 'ਤੇ ਰੱਖ ਕੇ, ਲਫੈਟੇ ਨੂੰ ਉਸਦੀ ਰਿਹਾਇਸ਼ 'ਤੇ ਪਹੁੰਚਾ ਕੇ ਆਏ।

256

ਲਗਭਗ ਅੱਧੀ ਸਦੀ ਪਹਿਲਾਂ ਅਮਰੀਕਾ ਵਿਚ ਕਾਲਿਆਂ ਲਈ ਸਕੂਲ ਵੱਖਰੇ ਸਨ, ਬੱਸਾਂ-ਗੱਡੀਆਂ ਵਿਚ ਵੀ ਕਾਲਿਆਂ ਲਈ, ਪਿਛੇ ਵੱਖਰੀਆਂ ਸੀਟਾਂ ਹੁੰਦੀਆਂ ਸਨ।

ਗਾਂਧੀ ਜੀ ਤੋਂ ਪ੍ਰੇਰਿਤ ਹੋ ਕੇ ਅਮਰੀਕਾ ਦੇ ਕਾਲੇ ਆਗੂ ਮਾਰਟਿਨ ਲੂਥਰ ਕਿੰਗ ਨੇ ਨਸਲੀ ਭੇਦ-ਭਾਵ ਖਤਮ ਕਰਨ ਦਾ ਅੰਦੋਲਨ ਚਲਾਇਆ ਸੀ ਅਤੇ ਲੰਮੀ ਜਦੋਜਹਿਦ ਉਪਰੰਤ ਕਾਨੂੰਨੀ ਤੌਰ ਤੇ ਭੇਦ-ਭਾਵ ਖਤਮ ਕਰਵਾਇਆ ਸੀ।

ਮਾਰਟਿਨ ਲੂਥਰ ਕਿੰਗ ਨੂੰ ਵੀ, ਗਾਂਧੀ ਜੀ ਵਾਂਗ ਗੋਲੀ ਮਾਰ ਕੇ ਮਾਰਿਆ ਗਿਆ ਸੀ।

ਲੂਥਰ ਦੇ ਸ਼ਰਧਾਂਜਲੀ ਸਮਾਰੋਹ ਵਿਚ ਵਿਸ਼ਵ ਭਰ ਦੇ ਆਗੂਆਂ ਨੇ ਭਾਸ਼ਣ ਦਿੱਤੇ ਸਨ ਪਰ ਸਭ ਤੋਂ ਚੰਗੀ ਸ਼ਰਧਾਂਜਲੀ ਲੂਥਰ ਦੇ ਘਰੇਲੂ ਨੌਕਰ ਦੀ ਮੰਨੀ ਗਈ ਸੀ, ਜਿਸ ਨੇ ਕਿਹਾ ਸੀ ਕਿ ਮਾਰਟਿਨ ਲੂਥਰ ਮੈਨੂੰ ਪੜ੍ਹਨ ਲਈ ਕਹਿੰਦੇ ਸਨ ਅਤੇ ਜਦੋਂ ਉਹ ਘਰ ਹੁੰਦੇ ਸਨ ਤਾਂ ਆਪ ਵੀ ਪੜ੍ਹਾਉਂਦੇ ਸਨ ਪਰ ਮੈਂ ਹਰ ਵਾਰੀ ਫੇਲ੍ਹ ਹੋ ਜਾਂਦਾ ਸਾਂ, ਫਿਰ ਵੀ ਉਹ ਮੈਨੂੰ ਪੜ੍ਹਾਉਣਾ ਜਾਰੀ ਰਖਦੇ ਸਨ। ਪੜ੍ਹ ਕੇ ਪਾਸ ਹੋਣ ਵਾਲਿਆਂ ਦੀ ਮਦਦ ਕਰਨ ਵਾਲੇ ਬਜ਼ੇ ਮਿਲ ਜਾਣਗੇ ਪਰ ਮੇਰੇ ਵਰਗੇ ਬਾਰ-ਬਾਰ ਫੇਲ੍ਹ ਹੋਣ ਵਾਲਿਆਂ ਦੀ ਮਦਦ ਕਰਨ ਦੀ ਜਾਚ, ਕੇਵਲ ਮਹਾਨ ਮਾਰਟਿਨ ਲੂਥਰ ਕਿੰਗ ਨੂੰ ਆਉਂਦੀ ਸੀ।

257

ਅਗਿਆਨਤਾ ਦਾ ਵੀ ਲਾਭ ਹੁੰਦਾ ਹੈ। ਇਕ ਘਰ ਵਿਚ ਲੱਸੀ ਰਿੜਕੀ ਜਾਂਦੀ ਸੀ। ਇਕ ਦਿਨ ਉਸੇ ਵੇਲੇ ਕੋਈ ਮਹਿਮਾਨ ਆਇਆ। ਪਿਆਸ ਲੱਗੀ ਹੋਈ ਸੀ, ਪਾਣੀ ਮੰਗਿਆ, ਨਵੀਂ ਰਿੜਕੀ ਲੱਸੀ ਦਿੱਤੀ ਗਈ, ਪੀ ਕੇ ਚਲਾ ਗਿਆ।

ਮਗਰੋਂ ਪਤਾ ਲੱਗਿਆ ਕਿ ਲੱਸੀ ਵਿਚ ਇਕ ਸੱਪ ਰਿੜਕਿਆ ਗਿਆ ਸੀ।

ਕਿਸੇ ਨੇ ਉਹ ਲੱਸੀ ਨਾ ਪੀਤੀ, ਸਾਰੇ ਸੋਚਦੇ ਰਹੇ ਕਿ ਜਿਹੜਾ ਪੀ ਕੇ ਗਿਆ ਹੈ, ਉਸ ਨਾਲ ਪਤਾ ਨਹੀਂ ਕੀ ਬੀਤੀ ਹੋਵੇਗੀ।

ਲਗਭਗ ਇਕ ਮਹੀਨੇ ਮਗਰੋਂ ਉਹ ਵਿਅਕਤੀ ਫਿਰ ਆਇਆ। ਜਿਸ ਔਰਤ ਨੇ ਸੱਪ ਵਾਲੀ ਲੱਸੀ ਰਿੜਕੀ ਸੀ, ਉਸ ਨੇ ਪਛਾਣ ਕੇ ਕਿਹਾ: ਵੇ ਤੂੰ ਅਜੇ ਜਿਉਂਦਾ ਏਂ ?

www.quotesinpunjabi.ml

QuotesInPunjabi

ਫਿਰ ਉਸ ਨੂੰ ਲੱਸੀ ਵਿਚ ਸੱਪ ਰਿੜਕੇ ਜਾਣ ਦੀ ਸਾਰੀ ਗੱਲ ਦੱਸੀ ਗਈ।

ਸਾਰੇ ਹੱਸ ਰਹੇ ਸਨ ਪਰ ਉਸ ਆਦਮੀ ਦਾ ਰੰਗ ਉਡਿਆ ਹੋਇਆ ਸੀ।

ਜਦੋਂ ਉਹ ਘਰ ਗਿਆ ਤਾਂ ਸਿਰ ਦੁੱਖ ਰਿਹਾ ਸੀ, ਥਕਾਵਟ ਵੀ ਸੀ, ਉਹ ਹੋਰ-ਹੋਰ ਤਰ੍ਹਾਂ ਮਹਿਸੂਸ ਕਰ ਰਿਹਾ ਸੀ। ਪਤਨੀ ਨੇ ਰੋਟੀ ਪਰੋਸ ਕੇ ਲਿਆਂਦੀ, ਉਸਨੇ ਕਿਹਾ: ਕੁਝ ਖਾਣ ਨੂੰ ਮਨ ਨਹੀਂ ਕਰ ਰਿਹਾ, ਮਨ ਕੱਚਾ ਹੋ ਰਿਹਾ ਹੈ। ਜ਼ੋਰ ਦਾ ਪਸੀਨਾ ਆਇਆ, ਉਸ ਨੂੰ ਲੱਗਿਆ ਜ਼ਹਿਰ ਦਾ ਅਸਰ ਹੋ ਰਿਹਾ ਸੀ। ਸਵੇਰੇ ਮਰਿਆ ਪਿਆ ਸੀ।

258

ਮੇਰੇ ਜਮਾਤੀ ਨੇ ਚਾਹਿਆ ਸੀ ਕਿ ਮੈਂ ਉਸ ਨੂੰ ਚੁੰਮਾਂ ਪਰ ਮੈਂ ਕਿਹਾ ਸੀ: ਨਹੀਂ, ਮੇਰੀ ਮਾਂ ਨੇ ਕਿਹਾ ਹੈ ਕਿ ਕਿਸੇ ਪੁਰਸ਼ ਨਾਲ ਅਜਿਹਾ ਕੰਮ ਨਹੀਂ ਕਰਨਾ।

ਮੈਂ ਉਸ ਨੂੰ ਦੱਸਿਆ ਕਿ ਮੈਂ ਆਪਣੀ ਮਾਂ ਦੀ ਲਾਈ ਰੋਕ ਉਲੰਘ ਨਹੀਂ ਸਕਦੀ।

ਉਹ ਉਦਾਸ ਹੋ ਗਿਆ ਸੀ ਅਤੇ ਜਾਣ ਬਾਰੇ ਸੋਚ ਰਿਹਾ ਸੀ ਪਰ ਮੈਂ ਆਪਣੀ ਨਜ਼ਰ ਨਾਲ, ਉਸ ਨੂੰ ਜਾਣ ਤੋਂ ਰੋਕ ਲਿਆ ਸੀ।

ਜਦੋਂ ਉਹ ਇਕੱਲਾ ਰਹਿ ਗਿਆ ਤਾਂ ਮੈਂ ਉਸ ਨੂੰ ਨੇੜੇ ਬੁਲਾ ਕੇ ਕਿਹਾ: ਉਦਾਸ ਨਾ ਹੋ। ਮੇਰੀ ਮਾਂ ਨੇ ਮੈਨੂੰ ਕਿਹਾ ਸੀ ਕਿ ਮੈਂ ਕਿਸੇ ਪੁਰਸ਼ ਨੂੰ ਨਹੀਂ ਚੁੰਮਣਾ, ਮੇਰੀ ਮਾਂ ਨੇ ਮੈਨੂੰ ਰੋਕਿਆ ਹੈ, ਮੇਰੀ ਮਾਂ ਨੇ ਤੈਨੂੰ ਤਾਂ ਨਹੀਂ ਰੋਕਿਆ।

259

ਉਹ ਰਾਜਕੁਮਾਰ ਵਾਂਗ ਮਹਿਲ ਵਿਚ ਨਹੀਂ ਸੀ ਜੰਮਿਆ, ਉਹ ਆਮ ਸਾਧਾਰਨ, ਬੇਨਾਮ ਮਾਪਿਆਂ ਦੀ ਸੰਤਾਨ ਸੀ। ਉਹ ਉਜਾੜਾਂ ਦੀ ਇਕੱਲ ਅਤੇ ਗਰੀਬੀ ਦੀਆਂ ਬੁੜ੍ਹਾਂ ਵਿਚ ਪਲਿਆ ਸੀ। ਉਹ ਸਕੂਲ ਨਹੀਂ ਸੀ ਜਾ ਸਕਿਆ, ਕਿਉਂਕਿ ਉਸ ਕੋਲ ਫੀਸ ਅਦਾ ਕਰਨ ਜੋਗੇ ਪੈਸੇ ਨਹੀਂ ਸਨ। ਉਸ ਕੋਲ ਮਾਣ ਕਰਨ ਜੋਗਾ ਕੁਝ ਵੀ ਨਹੀਂ ਸੀ। ਕਿਸੇ ਨੇ ਉਸ ਨੂੰ ਉਡੀਕਿਆ ਨਹੀਂ ਸੀ, ਕਿਸੇ ਦੀ ਉਸ ਨੂੰ ਉਡੀਕ ਨਹੀਂ ਸੀ। ਉਹ ਹਰ ਯਤਨ ਵਿਚ ਅਸਫਲ ਹੋਇਆ ਸੀ, ਪਿਆਰ ਵਿਚ, ਵਪਾਰ ਵਿਚ। ਉਸ ਦੇ ਨੈਣ-ਨਕਸ਼ ਵੀ ਉਸ ਨਾਲ ਰੁੱਸੇ ਹੋਏ ਸਨ ਪਰ ਇਨ੍ਹਾਂ ਸਾਰੀਆਂ ਘਾਟਾਂ-ਥੁੜ੍ਹਾਂ ਦੇ ਬਾਵਜੂਦ ਉਹ ਟੁਰਦਾ ਰਿਹਾ, ਭਾਰੇ ਕਦਮਾਂ ਨਾਲ, ਚੋਂਦੇ ਪਸੀਨੇ ਨਾਲ, ਧੱਕੇ ਦਿਲ ਨਾਲ, ਤਕੜੇ ਇਰਾਦੇ ਨਾਲ।

ਉਹ ਇਕ ਵਾਰ ਉਠਿਆ ਤਾਂ ਫਿਰ ਬੈਠਿਆ ਨਹੀਂ, ਉਹ ਇਕ ਵਾਰ ਜਾਗਿਆ ਤਾਂ ਫਿਰ ਸੁੱਤਾ ਨਹੀਂ। ਨਫਰਤਾਂ ਉਸ ਨੂੰ ਰੋਕ ਨਾ ਸਕੀਆਂ, ਅਪਮਾਨ ਉਸ ਨੂੰ ਡੇਗ ਨਾ ਸਕੇ। ਵਕਤ ਉਸ ਦੇ ਖਿਲਾਫ਼ ਸੀ, ਜ਼ਮਾਨਾ ਉਸ ਪ੍ਰਤੀ ਲਾਪ੍ਰਵਾਹ ਸੀ ਪਰ ਉਸ ਕੋਲ ਅਮੁੱਕਵਾਂ ਜੋਸ਼ ਸੀ, ਅਮਿੱਟਵਾਂ ਉਮਾਹ ਸੀ, ਕੋਈ ਵੱਡਾ ਕਾਰਜ ਕਰਨ ਦਾ ਉਤਸ਼ਾਹ ਸੀ। ਉਸ ਕੋਲ ਜੰਗਲ ਵਾਲੀ ਤਾਕਤ ਸੀ, ਧਰਤੀ ਵਾਲਾ ਜਿਗਰਾ ਸੀ, ਅਸਮਾਨ ਵਰਗਾ ਹਿਰਦਾ ਸੀ, ਸੂਰਜ ਵਾਲੀ ਚਮਕ ਸੀ, ਸਮੁੰਦਰ ਵਾਲੀ ਡੂੰਘਾਈ ਅਤੇ ਵਿਸ਼ਾਲਤਾ ਸੀ। ਉਸ ਦੀਆਂ ਅੱਖਾਂ ਵਿਚ ਡੂੰਘੀ

www.quotesinpunjabi.ml

QuotesInPunjabi
ਵੇਦਨਾ ਸੀ, ਉਸ ਨੂੰ ਆਪਣੇ ਆਪ 'ਤੇ ਭਰੋਸਾ ਸੀ।

ਉਸ ਵਿਚ ਕੁਝ ਵੱਖਰਾ, ਕੁਝ ਨਿਆਰਾ ਕਰ ਵਿਖਾਉਣ ਦੀ ਤਾਂਘ ਸੀ। ਉਸ ਦੇ ਅੰਦਰ ਮਨੁੱਖੀ ਜਜ਼ਬਿਆਂ ਦੇ ਅੰਗਾਰ ਸਨ, ਬਸ ਸੁਆਹ ਹਟਾਉਣ ਦੀ ਲੋੜ ਸੀ।

ਉਹ ਬਹੁਤ ਦੂਰੋਂ ਆਇਆ ਸੀ। ਉਸਨੇ ਇਤਿਹਾਸ ਵਿਚ ਬਹੁਤ ਦੂਰ ਜਾਣਾ ਸੀ। ਉਹ ਇਕੱਲਾ ਹੀ, ਫੌਜ ਦੀ ਨਿਆਈਂ, ਪੁਲਾਂਘਾਂ ਵਰਗੇ ਕਦਮਾਂ ਨਾਲ ਟੁਰਦਾ ਰਿਹਾ।

ਉਸਨੇ ਗੁਲਾਮੀ ਨਹੀਂ ਸੀ ਮੁਕਾਈ, ਉਸ ਨੇ ਆਪਣੀ ਆਜ਼ਾਦੀ ਕਮਾਈ ਸੀ।

ਉਹ ਮਰਿਆ ਨਹੀਂ ਸੀ, ਉਸ ਨੂੰ ਅਮਰ ਕਰਨ ਵਾਸਤੇ ਮਾਰਿਆ ਗਿਆ ਸੀ।

ਉਸ ਦੇ ਮਾਰੇ ਜਾਣ 'ਤੇ ਸਾਰਾ ਸੰਸਾਰ ਕੰਬਿਆ ਸੀ।

ਉਸਦੀ ਮੌਤ ਵਿਚੋਂ ਅਮਰੀਕਾ ਜੰਮਿਆ ਉਠਿਆ ਸੀ।

ਉਸ ਦਾ ਨਾਂ ਲਿੰਕਨ ਸੀ, ਉਹ ਈਸਾ ਦਾ ਮਲਾਹ ਸੀ, ਉਹ ਸੰਤ ਸੀ, ਯੋਧਾ ਸੀ, ਪੈਗੰਬਰ ਸੀ। ਉਹ ਸੰਸਾਰ ਦਾ ਸਾਂਝਾ ਸਪੁੱਤਰ ਸੀ। ਉਹ ਸਭ ਲਈ ਸਭ ਕੁਝ ਸੀ।

ਕੋਈ ਮਰੇ ਤਾਂ ਉਸ ਵਾਂਗ ਮਰੇ, ਕੋਈ ਜੀਵੇ ਤਾਂ ਉਸ ਵਾਂਗ ਜੀਵੇ।

260

ਕੁਝ ਵੀ ਹੋ ਜਾਵੇ, ਅਦਾਲਤ ਨਾ ਚੜ੍ਹਨਾ। ਬੇਇੱਜ਼ਤੀ ਬਰਦਾਸ਼ਤ ਕਰ ਲੈਣਾ, ਨੁਕਸਾਨ ਉਠਾ ਲੈਣਾ ਪਰ ਜੇ ਤੁਸੀਂ ਅਦਾਲਤ ਚੜ੍ਹ ਗਏ ਤਾਂ ਬੇਇੱਜ਼ਤੀ ਵੀ ਹੋਵੇਗੀ, ਨੁਕਸਾਨ ਵੀ ਹੋਵੇਗਾ, ਵਕਤ ਵੀ ਬਰਬਾਦ ਹੋਵੇਗਾ, ਖਰਚ ਵੀ ਬਹੁਤ ਹੋਵੇਗਾ, ਥਕਾਵਟ ਵੀ ਹੋਵੇਗੀ, ਪਰੇਸ਼ਾਨੀ ਤਾਂ ਮੁੱਕੇਗੀ ਹੀ ਨਹੀਂ, ਜਿਉਂ-ਜਿਉਂ ਅਗਲੀ ਪੇਸ਼ੀ ਨੇੜੇ ਆਵੇਗੀ, ਨੀਂਦਰ ਉਛਣ ਲਗ ਜਾਵੇਗੀ, ਬੇਚੈਨੀ ਵੱਧਣ ਲੱਗ ਪਵੇਗੀ।

ਜਦੋਂ ਝਗੜਾ ਅਦਾਲਤ ਕੋਲ ਪਹੁੰਚ ਜਾਂਦਾ ਹੈ ਤਾਂ ਜਿਹੜਾ ਹਾਰ ਜਾਂਦਾ ਹੈ, ਉਸ ਦਾ ਲਗਭਗ ਸਭ ਕੁਝ ਦਾਓ ਤੇ ਲਗ ਚੁਕਾ ਹੁੰਦਾ ਹੈ।

ਜਿਹੜਾ ਜਿੱਤ ਜਾਂਦਾ ਹੈ, ਉਸ ਕੋਲ ਦਾਓ ਤੇ ਲਾਉਣ ਲਈ ਕੁਝ ਨਹੀਂ ਬਚਦਾ।

ਜਿੱਤਣ ਵਾਲੇ ਨੂੰ ਜਿੱਤ ਕੇ ਵੀ ਜਿੱਤਣ ਦਾ ਅਹਿਸਾਸ ਨਹੀਂ ਹੋਵੇਗਾ।

ਸ਼ਾਡੀਆਂ ਅਦਾਲਤਾਂ ਵਿਚ ਜਿਉਂਦੇ-ਜਾਗਦੇ ਬੰਦੇ ਉਡੀਕ-ਉਡੀਕ ਕੇ ਸੁੱਕੇ ਰੁੱਖ ਬਣ ਜਾਂਦੇ ਹਨ। ਕਿਸੇ ਢੰਗ ਨਾਲ ਫੈਸਲਾ ਕਰ ਲੈਣਾ ਪਰ ਅਦਾਲਤ ਨਾ ਚੜ੍ਹਨਾ।

261

ਦੇਸ਼-ਸਮਾਜ ਕੋਈ ਹੋਵੇ, ਸ਼ਰਾਬੀ ਤਾਂ ਆਖਰ ਸ਼ਰਾਬੀ ਹੁੰਦੇ ਹਨ।

ਇਹ ਉਦੋਂ ਪੀਂਦੇ ਹਨ ਜਦੋਂ ਉਦਾਸ ਹੋਣ ਅਤੇ ਉਦੋਂ, ਜਦੋਂ ਇਹ ਖੁਸ਼ ਹੋਣ। ਇਹ ਉਦੋਂ ਵੀ ਪੀਂਦੇ ਹਨ, ਜਦੋਂ ਇਕੱਲੇ ਹੋਣ, ਜਾਂ ਜਦੋਂ ਕੋਈ ਮਿਲ ਜਾਵੇ। ਇਹ ਹਾਰਨ 'ਤੇ ਹਾਰ ਨੂੰ ਭੁੱਲਣ ਲਈ ਪੀਂਦੇ ਹਨ, ਜਿੱਤਣ 'ਤੇ ਇਹ ਜਿੱਤ ਨੂੰ, ਪੀ ਕੇ ਮਨਾਉਂਦੇ ਹਨ।

ਇਕ ਵਾਰੀ ਇਕ ਪੱਕੇ ਸ਼ਰਾਬੀ ਦੀ ਮੌਤ 'ਤੇ ਉਸ ਦੇ ਵਫ਼ਾਦਾਰ ਸ਼ਰਾਬੀ ਦੋਸਤ ਸੰਸਕਾਰ ਕਰਨ ਲਈ ਆਏ। ਕਈਆਂ ਨੇ ਉਸ ਵੇਲੇ ਵੀ ਪੀਤੀ ਹੋਈ ਸੀ।

www.quotesinpunjabi.ml

QuotesInPunjabi

ਘਰ ਦੇ ਅੰਦਰ ਪਹੁੰਚ ਕੇ ਵੇਖਿਆ ਕਿ ਪਉੜੀਆਂ ਬੱਲੇ ਬੋਤਲਾਂ ਦੀ ਇਕ ਪੇਟੀ ਪਈ ਸੀ, ਲਗ ਗਏ ਪੀਣ ਅਤੇ ਲਗ ਗਏ ਮਰ ਗਏ ਦੇ ਗੁਣ ਗਾਉਣ।

ਜਦੋਂ ਦੋ ਸ਼ਰਾਬੀ ਮਿਲਦੇ ਹਨ ਤਾਂ ਵੀ ਗੱਲ ਪੀਣ-ਪਿਲਾਣ ਦੀ ਹੀ ਹੁੰਦੀ ਹੈ, ਇਥੇ ਤਾਂ ਪੂਰੀ ਮਹਿਫਲ ਜੁੜੀ ਹੋਈ ਸੀ ਅਤੇ ਮੌਜ ਲੱਗੀ ਪਈ ਸੀ।

ਉਹ ਮੌਜ-ਮੇਲਾ ਕਰ ਰਹੇ ਸਨ, ਪੱਕੇ ਸ਼ਰਾਬੀਆਂ ਵਾਂਗ ਸ਼ੋਰ ਮਚਾ ਰਹੇ ਸਨ, ਉਨ੍ਹਾਂ ਦਾ ਰੌਲਾ ਸੁਣ ਕੇ ਇਕ ਗਵਾਂਢਣ ਇਸਤਰੀ, ਉਸ ਰਸਤੇ ਤੋਂ ਘਰ ਅੰਦਰ ਲੰਘਦੀ ਹੋਈ ਹੈਰਾਨੀ ਨਾਲ ਵੇਖਦਿਆਂ ਕਹਿ ਰਹੀ ਸੀ: ਤੁਹਾਨੂੰ ਸ਼ਰਮ ਨਹੀਂ ਆਉਂਦੀ ?

ਉਸ ਨੂੰ ਉਥੇ ਖਲੋਤੀ ਵੇਖ ਕੇ, ਇਕ ਸ਼ਰਾਬੀ ਨੇ ਕਿਹਾ: ਇਹ ਕੌਣ ਹੁੰਦੀ ਹੈ, ਸਾਡੇ ਦੁੱਖ ਅਤੇ ਸੋਗ ਵਿਚ ਵਿਘਨ ਪਾਉਣ ਵਾਲੀ ?

262

ਸੋਚਦਿਆਂ ਫ਼ਿਲਾਸਫ਼ਰ ਆਪਣਾ ਸਿਰ ਖੁਰਕਦਾ ਹੈ, ਜਰਨੈਲ ਆਪਣੀ ਮੁੱਛ ਨੂੰ ਵੱਟ ਦਿੰਦਾ ਹੈ, ਗਣਿਤ-ਸ਼ਾਸਤਰੀ ਆਪਣਾ ਨਹੁੰ ਟੁੱਕਦਾ ਹੈ, ਫਿਲਮ ਸਾਜ਼ ਸਿਗਰਟ ਸੁਲਗਾ ਲੈਂਦਾ ਹੈ, ਵਪਾਰੀ ਆਪਣਾ ਨੱਕ ਮਰੋੜਦਾ ਹੈ, ਕੋਈ ਉੱਠ ਕੇ ਟਹਿਲਣ ਲਗ ਪੈਂਦਾ ਹੈ, ਕੋਈ ਕਾਗਜ਼ 'ਤੇ ਚੀਚ-ਘਚੋਲੇ ਬਣਾਉਣ ਲੱਗ ਪੈਂਦਾ ਹੈ, ਕੋਈ ਉਂਗਲਾਂ ਦੇ ਪਟਾਖੇ ਵਜਾਉਣ ਲੱਗ ਪੈਂਦਾ ਹੈ, ਕੋਈ ਤੀਲੇ ਨਾਲ ਜ਼ਮੀਨ ਖਰੋਚਦਾ ਹੈ, ਕੋਈ ਕੁੰਜੀ ਘੁੰਮਾਉਂਦਾ ਹੈ, ਕੋਈ ਐਨਕ ਲਾਹ ਕੇ ਸ਼ੀਸ਼ਾ ਸਾਫ ਕਰਨ ਲੱਗ ਪੈਂਦਾ ਹੈ, ਕੋਈ ਬਟਨ ਖੋਲ੍ਹਣ-ਬੰਦ ਕਰਨ ਲੱਗ ਪੈਂਦਾ ਹੈ, ਕੋਈ ਸਿਰ ਪਿੱਛੇ ਸੁੱਟ ਕੇ ਬਹਿ ਜਾਂਦਾ ਹੈ। ਇਨ੍ਹਾਂ ਯਤਨਾਂ ਨਾਲ ਕੋਈ ਸਮੱਸਿਆ ਹੱਲ ਨਹੀਂ ਹੁੰਦੀ, ਇਹ ਯਤਨ ਮਨ ਨੂੰ, ਬੁੱਧੀ ਨੂੰ, ਇਕ ਵਾਰੀ ਹੋਰ ਵਧੇਰੇ ਇਕਾਗਰਤਾ ਨਾਲ ਯਤਨ ਕਰਨ ਲਈ ਪ੍ਰੇਰਦੇ ਹਨ ਅਤੇ ਅਚੇਤ ਮਨ ਨੂੰ ਜਗਾਉਂਦੇ ਹਨ।

ਸਮੱਸਿਆ ਭਾਵੇਂ ਇਕ ਹੀ ਹੋਵੇ, ਹਰ ਕਿਸੇ ਦਾ ਸੋਚਦਿਆਂ, ਅੰਦਾਜ਼ ਵੱਖਰਾ ਹੋਵੇਗਾ।

263

ਸਲਾਹ-ਮਸ਼ਵਰਾ ਤਿੰਨ ਮੂੰਹਾਂ ਅਤੇ ਛੇ ਕੰਨਾਂ ਨਾਲ ਕੀਤੇ ਜਾਣ ਦਾ ਹੀ ਲਾਭ ਹੁੰਦਾ ਹੈ।

ਜੇ ਆਪਣੇ ਤੋਂ ਕਿਸੇ ਉਚੇਰੇ ਵਿਅਕਤੀ ਨਾਲ ਸਲਾਹ-ਮਸ਼ਵਰਾ ਕਰੋਗੇ ਤਾਂ ਚਾਹੁਣ ਦੇ ਬਾਵਜੂਦ ਉਸ ਨਾਲ ਸਹਿਮਤ ਨਹੀਂ ਹੋ ਸਕੋਗੇ। ਜੇ ਬਰਾਬਰ ਦੇ ਨਾਲ ਕਰੋਗੇ ਤਾਂ ਗਿਣਤੀ 'ਤੇ ਨਿਰਭਰ ਕਰੇਗਾ ਕਿ ਫੈਸਲਾ ਮੰਨਿਆ ਜਾਵੇਗਾ ਕਿ ਨਹੀਂ। ਜੇ ਨੀਵੇਂ ਨਾਲ ਕਰੋਗੇ ਤਾਂ ਖਿਆਲ ਆਵੇਗਾ ਕਿ ਇਸ ਨਾਲੋਂ ਤਾਂ ਮੈਂ ਹੀ ਚੰਗੇਰਾ ਸੋਚ ਸਕਦਾ ਹਾਂ।

ਜੇ ਤਿੰਨ ਵਿਅਕਤੀ ਰਲ ਕੇ ਸਲਾਹ-ਮਸ਼ਵਰਾ ਕਰੋਗੇ ਤਾਂ ਆਪ-ਮੁਹਾਰੇ ਇਕ ਉਚੇਰਾ, ਦੂਜਾ ਬਰਾਬਰ ਅਤੇ ਤੀਜਾ ਨੀਵਾਂ ਬਣ ਜਾਵੇਗਾ।

ਜਦੋਂ ਕਿਸੇ ਮਸ਼ਵਰੇ ਵਿਚ ਤਿੰਨਾਂ ਵਿਚੋਂ ਦੋ ਸਹਿਮਤ ਹੋਣ ਤਾਂ ਉਨ੍ਹਾਂ ਦਾ ਫੈਸਲਾ ਅਕਸਰ ਠੀਕ ਹੁੰਦਾ ਹੈ। ਇਸੇ ਕਰਕੇ ਵੱਡੀਆਂ ਅਦਾਲਤਾਂ ਵਿਚ ਜੱਜਾਂ ਦੀ ਗਿਣਤੀ ਅਕਸਰ ਤਿੰਨ ਹੁੰਦੀ ਹੈ, ਜਿਧਰ ਦੋ ਸਹਿਮਤ ਹੋਣ, ਉਹ ਫੈਸਲਾ ਸਹੀ ਮੰਨਿਆ ਜਾਂਦਾ ਹੈ।

www.quotesinpunjabi.ml

QuotesInPunjabi

ਜੇ ਮਸਲਾ ਵੱਡਾ ਹੋਵੇ ਤਾਂ ਸਲਾਹ-ਮਸ਼ਵਰਾ ਕਰਨ ਵਾਲਿਆਂ ਜਾਂ ਜੱਜਾਂ ਦੀ ਗਿਣਤੀ ਪੰਜ, ਸੱਤ, ਨੌਂ ਆਦਿ ਹੁੰਦੀ ਹੈ ਤਾਂ ਕਿ ਜਿਹੜੀ ਬਹੁਸੰਮਤੀ ਦੀ ਰਾਇ ਹੋਵੇ, ਉਹ ਮੰਨੀ ਜਾਵੇ। ਜੱਜ ਭਾਵੇਂ ਕਿਤਨੇ ਵੀ ਹੋਣ, ਸਲਾਹ-ਮਸ਼ਵਰੇ ਵਿਚ ਵੀ ਭਾਵੇਂ ਕਿਤਨੇ ਹੀ ਵਿਅਕਤੀ ਸ਼ਾਮਲ ਹੋਣ, ਸੋਚਣ ਵਾਲੇ ਤਿੰਨ ਹੀ ਹੋਣਗੇ, ਫੈਸਲਾ ਕਰਨ ਵਾਲਾ ਇਕ ਹੀ ਹੋਵੇਗਾ।

ਬਾਕੀ ਹਾਂ ਜਾਂ ਨਾਂਹ ਵਿਚ ਸਿਰ ਹਿਲਾਉਣ ਵਾਲੇ ਹੁੰਦੇ ਹਨ।

264

ਯੂਨੀਵਰਸਿਟੀ ਵਿਚ ਇਕ ਮੈਚ ਦੌਰਾਨ ਵਿਦਿਆਰਥੀ ਲੜ ਪਏ ਸਨ।

ਛਾਣ-ਬੀਣ ਲਈ ਦੋ ਪ੍ਰੋਫੈਸਰਾਂ ਦੀ ਇਕ ਕਮੇਟੀ ਬਣਾਈ ਗਈ ਸੀ। ਕਮੇਟੀ ਦੀ ਮੀਟਿੰਗ ਵਿਚ, ਮੈਚ ਦੌਰਾਨ ਲੜਦੇ ਦੇਖੇ ਗਏ ਲੜਕਿਆਂ ਨੂੰ ਬੁਲਾਇਆ ਗਿਆ।

ਵਿਦਿਅਰਥੀਆਂ ਨੇ ਉਦੋਂ ਤਕ ਆਪਸ ਵਿਚ ਸਮਝੌਤਾ ਕਰ ਲਿਆ ਸੀ ਅਤੇ ਜਦੋਂ ਉਨ੍ਹਾਂ ਨੂੰ ਬੁਲਾਇਆ ਗਿਆ ਸੀ, ਉਸ ਵੇਲੇ ਵੀ ਉਹ ਰਲ ਕੇ ਖਾਣਾ ਖਾ ਰਹੇ ਸਨ।

ਕਾਨੂੰਨ ਵਿਭਾਗ ਦੇ ਇਕ ਸਖ਼ਤ ਪ੍ਰੋਫੈਸਰ ਨੇ ਸਖ਼ਤ ਸਜ਼ਾ ਤਜਵੀਜ਼ ਕਰਦਿਆਂ ਕਿਹਾ: ਆਖਰਕਾਰ ਕੁਦਰਤ ਨੇ ਵੇਖਣ ਲਈ ਸਾਨੂੰ ਅੱਖਾਂ ਦਿੱਤੀਆਂ ਹਨ, ਅਸੀਂ ਆਪਣੀਆਂ ਅੱਖਾਂ ਨਾਲ ਇਨ੍ਹਾਂ ਦੀ ਲੜਾਈ ਵੇਖੀ ਹੈ, ਇਨ੍ਹਾਂ ਨੂੰ ਤਿੰਨ-ਤਿੰਨ ਸਾਲ ਲਈ ਯੂਨੀਵਰਸਿਟੀ ਵਿਚੋਂ ਕੱਢ ਦੇਣਾ ਚਾਹੀਦਾ ਹੈ ਤਾਂ ਕਿ ਹੋਰਾਂ ਨੂੰ ਵੀ ਕੰਨ ਹੋ ਜਾਣ।

ਮਨੋਵਿਗਿਆਨ ਦੇ ਪ੍ਰੋਫੈਸਰ ਨੇ ਕਿਹਾ: ਠੀਕ ਹੈ, ਕੁਦਰਤ ਨੇ ਵੇਖਣ ਲਈ ਸਾਨੂੰ ਅੱਖਾਂ ਦਿੱਤੀਆਂ ਹਨ ਪਰ ਕੁਦਰਤ ਨੇ ਅੱਖਾਂ ਦੇ ਨਾਲ ਪਲਕਾਂ ਵੀ ਦਿੱਤੀਆਂ ਹਨ। ਆਪਣੀ ਜਵਾਨੀ ਦੇ ਦਿਨਾਂ ਨੂੰ ਨਾ ਭੁੱਲੋ। ਇਹ ਵਿਦਿਆਰਥੀ ਹਨ, ਫਰਵਰੀ ਦਾ ਮਹੀਨਾ ਜਾ ਰਿਹਾ ਹੈ, ਇਨ੍ਹਾਂ ਦਾ ਅਖੀਰਲਾ ਸਾਲ ਹੈ। ਇਕ-ਦੋ ਮਹੀਨਿਆਂ ਵਿਚ ਇਨ੍ਹਾਂ ਨੇ ਚਲੇ ਜਾਣਾ ਹੈ, ਸਜ਼ਾ ਦੇ ਕੇ ਇਨ੍ਹਾਂ ਵਿਚ ਵੈਰ ਨਾ ਪੁਆਓ।

ਅਸੀਂ ਥਾਣੇ ਵਿਚ ਨਹੀਂ ਬੈਠੇ ਹੋਏ, ਅਸੀਂ ਮਾਪਿਆਂ ਵਾਂਗ ਯੂਨੀਵਰਸਿਟੀ ਵਿਚ ਬੈਠੇ ਹਾਂ। ਵਾਰਨਿੰਗ ਦੇ ਕੇ ਮਾਮਲਾ ਨਿਪਟਾਓ ਕਿ ਜੇ ਫਿਰ ਝਗੜਾ ਕੀਤਾ ਤਾਂ ਇਸ ਝਗੜੇ ਦੀ ਵੀ ਸਜ਼ਾ ਦਿੱਤੀ ਜਾਵੇਗੀ।

ਨਰਮੀ ਨੇ, ਸਖ਼ਤੀ ਪਿਘਲਾ ਦਿੱਤੀ ਸੀ।

265

ਇਕ ਬੱਚੇ ਨੇ ਬਲੈਕ-ਬੋਰਡ 'ਤੇ ਕਾਰਟੂਨ ਬਣਾ ਕੇ ਥੱਲੇ ਆਪਣੀ ਅਧਿਆਪਕਾ ਦਾ ਨਾਂ ਲਿਖ ਦਿੱਤਾ। ਜਦੋਂ ਉਸ ਨਾਂ ਵਾਲੀ ਅਧਿਆਪਕਾ ਕਮਰੇ ਵਿਚ ਆਈ ਤਾਂ ਉਸ ਨੇ ਪੁੱਛਿਆ: ਇਹ ਕਿਸ ਦੀ ਕਰਤੂਤ ਹੈ ? ਕੋਈ ਨਾ ਬੋਲਿਆ। ਫਿਰ ਅਧਿਆਪਕਾ ਨੇ ਕਿਹਾ: ਮੈਂ ਸਜ਼ਾ ਨਹੀਂ ਦੇਵਾਂਗੀ, ਜਿਹੜਾ ਬੱਚਾ ਸੱਚ ਬੋਲੇਗਾ, ਉਸਨੂੰ ਇਨਾਮ ਦੇਵਾਂਗੀ।

ਇਕ ਬੱਚਾ ਖੜ੍ਹਾ ਹੋ ਗਿਆ। ਅਧਿਆਪਕਾ ਦਾ ਗੁੱਸਾ ਫਿਰ ਭੜਕਿਆ। ਉਹ ਸਜ਼ਾ ਦੇਣ ਹੀ ਲੱਗੀ ਸੀ ਕਿ ਉਸਦੀ ਉੱਚੀ ਆਵਾਜ਼ ਸੁਣ ਕੇ, ਉਧਰੋਂ ਲੰਘ ਰਹੀ ਇਕ ਹੋਰ

www.quotesinpunjabi.ml

QuotesInPunjabi

ਅਧਿਆਪਕਾ ਰੁਕੀ, ਕਾਰਟੂਨ ਵਾਲੀ ਅਧਿਆਪਕਾ ਨੇ ਸਾਰੀ ਗੱਲ ਦੱਸੀ।

ਸੁਣਨ ਵਾਲੀ ਅਧਿਆਪਕਾ ਨੇ ਕਿਹਾ: ਜੇ ਤੂੰ ਇਸ ਨੂੰ ਸੱਚ ਬੋਲਣ ਦੀ ਸਜ਼ਾ ਦੇਵੇਂਗੀ ਤਾਂ ਇਹ ਕਦੇ ਸੱਚ ਨਹੀਂ ਬੋਲੇਗਾ, ਜੇ ਤੂੰ ਇਨਾਮ ਦੇਣ ਦਾ ਆਪਣਾ ਵਾਅਦਾ ਨਹੀਂ ਨਿਭਾਏਂਗੀ ਤਾਂ ਇਹ ਕਿਸੇ ਅਧਿਆਪਕ 'ਤੇ ਵਿਸ਼ਵਾਸ ਨਹੀਂ ਕਰੇਗਾ।

ਤੂੰ ਆਪਣਾ ਵਾਅਦਾ ਨਿਭਾ, ਇਹ ਤੇਰੇ ਨਿਭਾਏ ਵਾਅਦੇ ਨੂੰ ਜ਼ਿੰਦਗੀ ਭਰ ਯਾਦ ਰਖੇਗਾ ਅਤੇ ਮਿਲੇ ਇਨਾਮ ਲਈ ਇਹ ਤੇਰਾ ਸਦਾ ਲਈ ਧੰਨਵਾਦੀ ਰਹੇਗਾ।

266

ਮਾਂ ਥੱਕੀ ਹੋਈ ਸੀ, ਥੱਚੇ ਨੂੰ ਸੌਆ ਕੇ ਉਹ ਵੀ ਸੌਂ ਗਈ।

ਬਾਰਾਤ ਲੰਘ ਗਈ, ਫਾਇਰ ਬ੍ਰੀਗੇਡ ਦੀਆਂ ਗੱਡੀਆਂ ਲੰਘ ਗਈਆਂ, ਬੱਚੇ ਖੇਡਦੇ ਰਹੇ, ਜਾਗਰਣ ਚਲਦਾ ਰਿਹਾ, ਨਹੀਂ ਜਾਗੀ।

ਨਾਲ ਦੇ ਕਮਰੇ ਵਿਚ, ਰਜਾਈ ਵਿਚ ਲੇਟਿਆ ਬੱਚਾ ਰੋਇਆ, ਝੱਟ ਜਾਗ ਪਈ।

267

ਸਰਦਾਰ ਵਲਭ ਭਾਈ ਪਟੇਲ ਵਕੀਲ ਸਨ। ਪਤਨੀ ਹਸਪਤਾਲ ਵਿਚ ਦਾਖਲ ਸੀ। ਕੈਂਸਰ ਦੀ ਮਰੀਜ਼ ਸੀ। ਪਟੇਲ ਅਦਾਲਤ ਵਿਚ ਸਨ। ਉਸ ਦਿਨ ਹਸਪਤਾਲ ਵਿਚ ਪਤਨੀ ਦਾ ਓਪਰੇਸ਼ਨ ਹੋਇਆ ਪਰ ਮੌਤ ਹੋ ਗਈ। ਪਟੇਲ ਇਕ ਕੇਸ ਵਿਚ ਬਹਿਸ ਕਰ ਰਹੇ ਸਨ, ਉਨ੍ਹਾਂ ਨੂੰ ਪਤਨੀ ਦੇ ਸੁਰਗਵਾਸ ਹੋਣ ਦੀ ਚਿੱਟ ਫੜਾਈ ਗਈ, ਪਟੇਲ ਨੇ ਚਿੱਟ ਪੜ੍ਹੀ, ਪੜ੍ਹ ਕੇ ਜੇਬ ਵਿਚ ਪਾ ਲਈ ਪਰ ਅਦਾਲਤ ਵਿਚ ਬਹਿਸ ਦੀ ਕਾਰਵਾਈ ਜਾਰੀ ਰੱਖੀ।

ਉਨ੍ਹਾਂ ਦੀ ਇਸ ਮਜ਼ਬੂਤੀ ਅਤੇ ਕਰਤੱਵ ਦੀ ਪਾਲਣਾ ਕਰਨ ਕਰਕੇ ਅਤੇ ਅਜਿਹੇ ਹੋਰ ਕਾਰਜਾਂ ਕਾਰਨ ਹੀ, ਉਨ੍ਹਾਂ ਨੂੰ ਲੋਹ-ਪੁਰਸ਼ ਕਿਹਾ ਜਾਂਦਾ ਹੈ।

268

ਇਕ ਪਿੰਡ ਦੇ ਬਾਹਰ ਜ਼ਹਿਰੀਲੇ ਪਰ ਬੜੇ ਸੋਹਣੇ ਫਲਾਂ ਵਾਲਾ ਦਰੱਖਤ ਸੀ। ਜਿਹੜਾ ਰਾਹੀ ਫਲ ਖਾਂਦਾ ਸੀ, ਬੇਹੋਸ਼ ਹੋ ਜਾਂਦਾ ਸੀ ਅਤੇ ਨੇੜੇ ਹੀ ਲੁਕੇ ਹੋਏ ਠੱਗ, ਉਸ ਨੂੰ ਲੁੱਟ ਲੈਂਦੇ ਸਨ। ਇਸ ਪ੍ਰਕਾਰ ਦੀਆਂ ਵਾਰਦਾਤਾਂ ਕਾਰਨ ਇਹ ਪਿੰਡ ਬਦਨਾਮ ਹੋ ਗਿਆ ਸੀ।

ਇਕ ਵਾਰੀ ਚਾਰ ਸੁਨਿਆਰ ਉਧਰੋਂ ਲੰਘੇ, ਲੁੱਟਣ ਵਾਲਿਆਂ ਨੇ ਹਾਲ-ਚਾਲ ਪੁੱਛਿਆ, ਕਿਹਾ ਫਲ ਖਾਓ, ਇਸ ਦਰਖਤ ਦੀ ਪੂਜਾ ਕਰੋ, ਜਿਸ ਕਾਰਜ ਲਈ ਜਾ ਰਹੇ ਹੋ, ਸਫਲਤਾ ਮਿਲੇਗੀ। ਸੁਨਿਆਰਾਂ ਨੇ ਉਨ੍ਹਾਂ ਤੋਂ ਮਿਲੇ ਫਲ ਖਾਣ ਦੀ ਥਾਂ ਲੈ ਕੇ ਰੱਖ ਲਏ।

ਸੁਨਿਆਰ ਬੜੇ ਸਿਆਣੇ ਅਤੇ ਚੌਕੰਨੇ ਹੁੰਦੇ ਹਨ। ਇਕ ਸੁਨਿਆਰ ਨੇ ਉਥੇ ਖੇਡ ਰਹੇ ਬੱਚਿਆਂ ਨੂੰ ਵੇਖ ਕੇ ਕਿਹਾ: ਫਲ ਵੇਖਣ ਨੂੰ ਬੜੇ ਸੁੰਦਰ ਲਗਦੇ ਹਨ, ਮਿੱਠੇ ਵੀ ਹਨ ਕਿ ਨਹੀਂ, ਸੰਦੇਹ ਹੈ। ਜੇ ਮਿੱਠੇ ਹੁੰਦੇ ਤਾਂ ਪਿੰਡ ਦੇ ਬੱਚਿਆਂ ਨੇ ਹੀ ਤੋੜ ਕੇ ਖਾ ਲਏ ਹੋਣੇ ਸਨ।

ਇਹ ਫਲ ਜ਼ਹਿਰੀਲੇ ਹਨ, ਇਹ ਕਹਿ ਕੇ ਉਹ ਉਥੋਂ ਚਲੇ ਗਏ।

www.quotesinpunjabi.ml

QuotesInPunjabi

269

ਕੁਝ ਲੋਕ ਹੀ ਕਿਸਮਤ ਵਾਲੇ ਹੁੰਦੇ ਹਨ, ਬਹੁਤੇ ਨਹੀਂ। ਕਿਸਮਤ ਵਾਲੇ ਹੋਰਾਂ ਨਾਲੋਂ ਵਧੇਰੇ ਸੁਚੇਤ ਹੁੰਦੇ ਹਨ ਅਤੇ ਮਿਲੇ ਅਵਸਰ ਦਾ ਲਾਭ ਉਠਾਉਣਾ ਜਾਣਦੇ ਹਨ। ਇਨ੍ਹਾਂ ਨੂੰ ਜੋ ਕੁਝ ਕਰਨ-ਵੇਖਣ-ਲਿਖਣ ਲਈ ਕਿਹਾ ਜਾਂਦਾ ਹੈ, ਇਹ ਉਸ ਨਾਲੋਂ ਕੁਝ ਵਾਧੂ ਕਰਦੇ ਹਨ।

ਕਿਸਮਤ ਹੁੰਦੀ ਸਾਰਿਆਂ ਦੀ ਹੈ ਪਰ ਵਰਤਦਾ ਕੋਈ ਕੋਈ ਹੈ।

ਇਕ ਵਾਰੀ ਵੀਹ ਵਿਦਿਆਰਥੀਆਂ ਨਾਲ ਇਕ ਪ੍ਰਯੋਗ ਕੀਤਾ ਗਿਆ।

ਸਾਰਿਆਂ ਨੂੰ ਇਕ-ਇਕ ਅਖਬਾਰ ਦਿੱਤਾ ਗਿਆ: ਦੱਸੋ, ਇਸ ਵਿਚ ਕਿਤਨੀਆਂ ਤਸਵੀਰਾਂ ਹਨ ? ਅਖਬਾਰ ਵਿਚ ਅੱਧੇ ਪੰਨੇ ਦਾ ਇਸ਼ਤਿਹਾਰ ਵੀ ਸੀ, ਜਿਸ ਵਿਚ ਇਸ ਪ੍ਰਯੋਗ ਦੇ ਸਬੰਧ ਵਿਚ ਦੱਸਿਆ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਇਹ ਇਸ਼ਤਿਹਾਰ ਕੱਟ ਕੇ ਪ੍ਰਬੰਧਕਾਂ ਨੂੰ ਦਿਓ ਅਤੇ ਇਸ ਬਦਲੇ ਇਕ ਹਜ਼ਾਰ ਰੁਪਏ ਪ੍ਰਾਪਤ ਕਰੋ।

ਕੇਵਲ ਇਕ ਵਿਦਿਆਰਥੀ ਨੇ ਇਹ ਇਸ਼ਤਿਹਾਰ ਕੱਟ ਕੇ ਪੇਸ਼ ਕੀਤਾ।

ਬਾਕੀ ਫੋਟੋਆਂ ਗਿਣਦੇ ਰਹੇ, ਮੁੜ-ਮੁੜ ਗਿਣਦੇ ਰਹੇ।

270

ਇਕ ਰਾਜੇ ਨੇ ਕਿਸੇ ਇਕ ਸੰਨਿਆਸੀ ਨੂੰ ਮਿਲਣ ਦੀ ਇੱਛਾ ਪ੍ਰਗਟਾਈ।

ਵਜ਼ੀਰ ਨੂੰ ਸੰਨਿਆਸੀਆਂ ਨਾਲ ਚਿੜ੍ਹ ਸੀ। ਉਸ ਨੇ ਕਿਹਾ: ਹਰ ਗਲੀ ਦੇ ਮੋੜ 'ਤੇ ਸੰਨਿਆਸੀ ਮਿਲ ਜਾਂਦੇ ਹਨ। ਉਹ ਰਾਜੇ ਦੀ ਮੰਗ ਟਾਲਦਾ ਰਿਹਾ। ਜਦੋਂ ਰਾਜੇ ਨੇ, ਸੰਨਿਆਸੀ ਨੂੰ ਮਿਲਣ ਦੀ ਇੱਛਾ ਦੁਹਰਾਈ ਤਾਂ ਵਜ਼ੀਰ ਨੇ ਆਪਣੇ ਇਕ ਜਾਣੂ ਨੂੰ, ਸੰਨਿਆਸੀ ਦਾ ਢੌਂਗ ਰਚਣ ਲਈ ਕਿਹਾ ਅਤੇ ਉਸ ਨੂੰ ਇਸ ਢੌਂਗ ਉਪਰੰਤ, ਇਕ ਥੈਲੀ ਦੇਣੀ ਕੀਤੀ।

ਅਸਲੀ ਸੰਨਿਆਸੀ ਕੁਝ ਸਵੀਕਾਰ ਨਹੀਂ ਕਰਦੇ।

ਵਜ਼ੀਰ ਵਲੋਂ ਨਿਸਚਿਤ ਥਾਂ 'ਤੇ ਸੰਨਿਆਸੀ ਬੈਠ ਗਿਆ। ਰਾਜੇ ਨੂੰ ਪਾਲਕੀ ਵਿਚ ਲਿਆਂਦਾ ਗਿਆ, ਉਸਨੇ ਸੰਨਿਆਸੀ ਵੇਖਿਆ, ਝੁਕਿਆ, ਮੋਹਰਾਂ ਦਾ ਥਾਲ ਭੇਟ ਕਰਨਾ ਚਾਹਿਆ। ਸੰਨਿਆਸੀ ਨੇ ਕਿਹਾ, ਕੁਝ ਨਹੀਂ ਲੈਣਾ, ਵਾਪਸ ਲੈ ਜਾਓ। ਰਾਣੀਆਂ, ਰਾਜਕੁਮਾਰਾਂ, ਰਾਜਕੁਮਾਰੀਆਂ ਆਦਿ ਨੇ ਝੁਕ-ਝੁਕ ਕੇ ਮੱਥੇ ਟੇਕੇ, ਭਾਂਤ-ਭਾਂਤ ਦੀਆਂ ਚੀਜ਼ਾਂ-ਵਸਤਾਂ ਭੇਟ ਕਰਨੀਆਂ ਚਾਹੀਆਂ, ਸੰਨਿਆਸੀ ਨੇ ਕੋਈ ਚੀਜ਼ ਨਾ ਲਈ, ਹਰ ਕਿਸੇ ਨੂੰ ਕਿਹਾ, ਕੁਝ ਨਹੀਂ ਚਾਹੀਦਾ, ਲੈ ਜਾਓ। ਰਾਜੇ ਨੇ ਵਜ਼ੀਰ ਨੂੰ ਵੀ ਕਿਹਾ ਕਿ ਝੁਕ ਕੇ ਡੰਡੌਤ ਕਰੋ।

ਰਾਜਾ-ਰਾਣੀ ਸਾਰੇ ਪ੍ਰਸੰਨ ਹੋ ਕੇ ਚਲੇ ਗਏ।

ਜਦੋਂ ਸਾਰੇ ਚਲੇ ਗਏ ਤਾਂ ਵਜ਼ੀਰ ਵਾਅਦੇ ਅਨੁਸਾਰ ਥੈਲੀ ਦੇਣ ਗਿਆ ਤਾਂ ਸੰਨਿਆਸੀ ਨੇ ਇਹ ਵੀ ਲੈਣ ਤੋਂ ਇਨਕਾਰ ਕਰ ਦਿੱਤਾ। ਵਜ਼ੀਰ ਨੇ ਕਿਹਾ: ਮੂਰਖ ਨਾ ਬਣ, ਨਾਟਕ ਮੁੱਕ ਗਿਆ ਹੈ, ਖਤਮ ਕਰ ਆਪਣੀ ਨਾਂਹ-ਨਾਂਹ, ਇਹ ਸਵੀਕਾਰ ਕਰ ਲੈ। ਆਨੰਦ-ਪ੍ਰਸੰਨ ਹੋਏ ਸੰਨਿਆਸੀ ਨੇ ਕਿਹਾ, ਕੋਈ ਥੈਲੀ ਨਹੀਂ ਲੈਣੀ। ਵਜ਼ੀਰ ਹੈਰਾਨ ਸੀ।

ਸੰਨਿਆਸੀ ਨੇ ਕਿਹਾ: ਜੇ ਢੌਂਗ ਨਾਲ ਇਤਨਾ ਆਨੰਦ ਮਿਲਿਆ ਹੈ, ਜੇ ਝੂਠੇ ਸੰਨਿਆਸ

www.quotesinpunjabi.ml

QuotesInPunjabi

ਵਿਚ ਇਤਨਾ ਸੁੱਖ ਹੈ ਤਾਂ ਸੱਚੇ ਸੰਨਿਆਸ ਦਾ ਕਿਤਨਾ ਆਨੰਦ ਆਵੇਗਾ! ਲੈ ਜਾ ਆਪਣੀ ਥੈਲੀ, ਕੁਝ ਨਹੀਂ ਚਾਹੀਦਾ। ਸੰਨਿਆਸ ਵਿਚ ਤਿਆਗ ਦਾ ਆਨੰਦ ਹੈ।

ਇਹ ਕਹਿੰਦਿਆਂ ਸੰਨਿਆਸੀ ਵਿਦਾ ਹੋ ਗਿਆ। ਵਜ਼ੀਰ, ਜਾਂਦੇ ਸੰਨਿਆਸੀ ਦੀ ਪਿੱਠ ਵੇਖ ਰਿਹਾ ਸੀ ਅਤੇ ਸੰਨਿਆਸੀ ਦੇ ਚਿਹਰੇ ਨੂੰ ਸੂਰਜ ਨਿਹਾਰ ਰਿਹਾ ਸੀ।

271

ਸਤਾਰ੍ਹਵੀਂ ਸਦੀ ਤੱਕ ਫਰਾਂਸ ਵਿਚ ਜਦੋਂ ਮਹਾਰਾਣੀ ਨੂੰ ਗਰਭ ਹੋ ਜਾਂਦਾ ਸੀ ਤਾਂ ਪੈਰਿਸ ਦੀਆਂ ਬਹੁਤੀਆਂ ਇਸਤਰੀਆਂ, ਆਪਣੇ ਪੇਟ ਨਾਲ ਸਿਰਹਾਣੇ ਬੰਨ੍ਹ ਕੇ ਮਹਾਰਾਣੀ ਵਾਂਗ ਹੀ ਗਰਭਵਤੀ ਲਗ ਕੇ, ਮਹਾਰਾਣੀ ਨੂੰ ਸ਼ਰਮਾਉਣ ਤੋਂ ਬਚਾਉਣ ਦਾ ਯਤਨ ਕਰਦੀਆਂ ਸਨ। ਉਸ ਵੇਲੇ ਗਰਭ ਦੇ ਮਹੀਨਿਆਂ ਦੇ ਹਿਸਾਬ ਨਾਲ, ਸਿਰਹਾਣੇ ਵਿਕਦੇ ਸਨ।

272

ਉਨ੍ਹਾਂ ਵਿਚ ਪਿਆਰ ਹੋ ਗਿਆ ਸੀ। ਦੋਵੇਂ ਕਹਿਣ ਲੱਗ ਪਏ ਸਨ ਕਿ ਅਸੀਂ ਵੱਖਰੇ ਨਹੀਂ ਰਹਿ ਸਕਦੇ। ਦੋਹਾਂ ਨੇ ਮਾਪਿਆਂ ਦੀ ਮਰਜ਼ੀ ਵਿਰੁੱਧ, ਦੌੜ ਕੇ ਵਿਆਹ ਕਰਵਾ ਲਿਆ ਸੀ। ਚਾਰ ਸਾਲ ਮਗਰੋਂ ਦੋਵੇਂ ਕਹਿਣ ਲੱਗ ਪਏ ਕਿ ਅਸੀਂ ਇਕੱਠੇ ਨਹੀਂ ਰਹਿ ਸਕਦੇ।

ਦੋਹਾਂ ਨੂੰ ਵੱਖਰੇ ਕਰਕੇ ਪੁੱਛਿਆ ਗਿਆ ਕਿ ਵਿਆਹ ਕਰਾਉਣ ਵੇਲੇ ਕੀ ਵੇਖਿਆ ਸੀ, ਜੋ ਸਾਰੀ ਜ਼ਿੰਦਗੀ ਇਸ ਨਾਲ ਗੁਜ਼ਾਰਨ ਦਾ ਫੈਸਲਾ ਕਰ ਲਿਆ ਸੀ? ਇਸਤਰੀ ਨੇ ਕਿਹਾ: ਇਹ ਸਿਆਣਾ ਸੀ, ਸਿਆਣੀਆਂ ਗੱਲਾਂ ਕਰਦਾ ਸੀ, ਮੈਨੂੰ ਇਸ ਦੀਆਂ ਸਿਆਣੀਆਂ ਗੱਲਾਂ ਚੰਗੀਆਂ ਲਗਦੀਆਂ ਸਨ। ਉਸਨੂੰ ਪੁੱਛਿਆ ਗਿਆ: ਕੀ ਹੁਣ ਇਹ ਸਿਆਣਾ ਨਹੀਂ ਅਤੇ ਸਿਆਣੀਆਂ ਗੱਲਾਂ ਨਹੀਂ ਕਰਦਾ?

ਇਸਤਰੀ ਨੇ ਸੋਚਿਆ ਅਤੇ ਕਿਹਾ: ਹੁਣ ਵੀ ਸਿਆਣਾ ਹੈ।

ਪੁਰਸ਼ ਨੇ ਦੱਸਿਆ, ਇਹ ਗਾਉਂਦੀ ਬਹੁਤ ਚੰਗਾ ਸੀ, ਮੇਰਾ ਧਿਆਨ ਰੱਖਦੀ ਸੀ।

ਉਸ ਨੂੰ ਪੁੱਛਿਆ ਗਿਆ ਕੀ ਹੁਣ ਨਹੀਂ ਗਾਉਂਦੀ, ਹੁਣ ਧਿਆਨ ਨਹੀਂ ਰੱਖਦੀ? ਇਹ ਹੁਣ ਵੀ ਗਾਉਂਦੀ ਹੈ, ਧਿਆਨ ਵੀ ਰੱਖਦੀ ਹੈ।

ਪੁੱਛਣ ਵਾਲੇ ਨੇ ਦਸਿਆ: ਜੇ ਰਿਸ਼ਤੇ ਦੀ ਨੀਂਹ ਅਤੇ ਵਿਆਹ ਦਾ ਆਧਾਰ ਬਰਕਰਾਰ ਹਨ ਤਾਂ ਪਿਆਰ ਇਸ ਲਈ ਨਹੀਂ ਰਿਹਾ, ਕਿਉਂਕਿ ਤੁਸੀਂ ਸੰਤਾਨ-ਪ੍ਰਾਪਤੀ ਦਾ ਅਗਲੇਰਾ ਕਦਮ ਨਹੀਂ ਪੁੱਟਿਆ।

ਦੋਹਾਂ ਨੇ ਸੋਚਿਆ, ਸੋਚ ਕੇ ਵਾਪਸ ਚਲੇ ਗਏ। ਪਰਿਵਾਰ ਉਸਾਰਨ ਲਈ, ਮੁੜ ਇਕੱਠੇ ਰਹਿਣ ਲੱਗ ਪਏ। ਖੋਤਰ ਕੋਈ ਹੋਵੇ, ਮਹੱਤਵਪੂਰਨ ਅਗਲੇਰਾ ਕਦਮ ਹੁੰਦਾ ਹੈ।

ਅਗਲੇਰੇ ਕਦਮ ਤੋਂ ਬਿਨਾਂ ਜ਼ਿੰਦਗੀ ਥੱਕ ਜਾਵੇਗੀ।

www.quotesinpunjabi.ml

QuotesInPunjabi

273

ਦੋ ਬੰਦੇ ਆਪਣੇ ਆਪ ਨੂੰ ਈਸਾ ਸਮਝਦੇ ਸਨ।

ਅਜਿਹਾ ਝੱਲ ਕਈ ਈਸਾਈਆਂ ਨੂੰ ਚੜ੍ਹਦਾ ਹੈ।

ਉਨ੍ਹਾਂ ਦੋਹਾਂ ਨੂੰ ਮਾਨਸਿਕ ਰੋਗਾਂ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

ਡਾਕਟਰ ਨੇ ਅਸ਼ਿੱਧੀ ਪਹੁੰਚ ਅਪਣਾਈ ਅਤੇ ਦੋਹਾਂ ਨੂੰ ਆਪਣੇ ਸਾਹਮਣੇ ਬਿਠਾ ਕੇ ਕਿਹਾ: ਤੁਸੀਂ ਦੋਵੇਂ ਤਾਂ ਈਸਾ ਹੋ ਨਹੀਂ ਸਕਦੇ, ਆਪਸ ਵਿਚ ਹੀ ਫੈਸਲਾ ਕਰ ਲਓ ਕਿ ਕੌਣ ਈਸਾ ਨਹੀਂ। ਇਕ ਨਾਲ ਡਾਕਟਰ ਦੇਰ ਤੱਕ ਗੱਲਾਂ ਕਰਦਾ ਰਿਹਾ, ਵੇਖਣ ਵਾਲਾ ਦੂਜਾ ਸਮਝ ਗਿਆ ਕਿ ਇਹੋ ਜਿਹਾ ਬੰਦਾ ਤਾਂ ਈਸਾ ਨਹੀਂ ਹੋ ਸਕਦਾ।

ਹੁਣ ਆਪਣੇ ਆਪ ਨੂੰ ਈਸਾ ਸਮਝਣ ਵਾਲਾ, ਇਕ ਹੀ ਰਹਿ ਗਿਆ ਸੀ।

ਉਸਨੂੰ ਮਾਨਸਿਕ ਰੋਗਾਂ ਦੇ ਡਾਕਟਰ ਨੇ ਪੁੱਛਿਆ: ਤੈਨੂੰ ਪਤਾ ਹੈ ਈਸਾ ਤਰਖਾਣਾ ਕੰਮ ਕਰਦਾ ਸੀ ? ਉਸ ਨੇ ਕਿਹਾ: ਹਾਂ। ਡਾਕਟਰ ਨੇ ਕਿਹਾ: ਤੈਨੂੰ ਤਰਖਾਣਾ ਕੰਮ ਤਾਂ ਆਉਂਦਾ ਹੀ ਹੋਵੇਗਾ, ਮੇਰੇ ਘਰ ਚੱਲ ਕੇ ਟੁੱਟੇ ਫਰਨੀਚਰ ਦੀ ਮੁਰੰਮਤ ਦਾ ਤਰਖਾਣਾ ਕੰਮ ਕਰ। ਜਦੋਂ ਉਸ ਤੋਂ ਤਰਖਾਣਾ ਕੰਮ ਨਾ ਹੋਇਆ ਤਾਂ ਉਸ ਨੇ ਵੀ ਈਸਾ ਹੋਣ ਦਾ ਖਿਆਲ ਤਿਆਗ ਦਿੱਤਾ।

ਸਿੱਧੀ ਪਹੁੰਚ ਨਾਲੋਂ ਅਸ਼ਿੱਧੀ ਪਹੁੰਚ, ਵਧੇਰੇ ਉਪਯੋਗੀ ਹੁੰਦੀ ਹੈ।

274

ਚਾਰ ਪੁੱਤਰ ਸਨ, ਪਿਤਾ ਮਰਨ ਕਿਨਾਰੇ ਸੀ, ਚਾਰੇ ਪੁੱਤਰਾਂ ਨੂੰ ਬੁਲਾਇਆ, ਵੱਡੇ ਪੁੱਤਰ ਨੂੰ ਕਿਹਾ, ਜਾਇਦਾਦ ਦੇ ਤਿੰਨ ਹਿੱਸੇ ਕਰੋ। ਪੁੱਤਰ ਨੇ ਕਿਹਾ: ਪਿਤਾ ਜੀ ਅਸੀਂ ਚਾਰ ਹਾਂ, ਤਿੰਨ ਹਿੱਸੇ ਕਿਉਂ ? ਜਵਾਬ ਦੇਣ ਤੋਂ ਪਹਿਲਾਂ ਹੀ ਪਿਤਾ ਮਰ ਗਿਆ। ਭੋਗ ਪੈਣ ਉਪਰੰਤ ਵੱਡੇ ਪੁੱਤਰ ਨੇ ਬਾਕੀ ਭਰਾਵਾਂ ਨੂੰ ਬੁਲਾਇਆ ਅਤੇ ਉਹ ਸਾਰੇ, ਪਿਤਾ ਦੀ ਤਿੰਨ ਹਿੱਸੇ ਕਰਨ ਦੀ ਬੁਝਾਰਤ ਸੁਲਝਾਉਣ ਲੱਗੇ ਪਰ ਉਨ੍ਹਾਂ ਨੂੰ ਪਿਤਾ ਦੀ ਗੱਲ ਸਮਝ ਨਾ ਆਈ।

ਕਿਸੇ ਸਿਆਣੇ ਕੋਲ ਗਏ। ਉਸ ਨੇ ਕਿਹਾ: ਕੱਲ੍ਹ ਪੰਚਾਇਤ ਸਾਹਮਣੇ ਗੱਲ ਕਰਾਂਗਾ। ਸਾਰੇ ਪਹੁੰਚੇ, ਪੰਚਾਇਤ ਬੈਠੀ, ਸਿਆਣੇ ਨੇ ਕਿਹਾ: ਤੁਹਾਡਾ ਪਿਤਾ ਤਿੰਨ ਹਿੱਸੇ ਕਰਨ ਲਈ ਕਹਿ ਰਿਹਾ ਸੀ, ਤੁਸੀਂ ਚਾਰ ਹੋ। ਸਪਸ਼ਟ ਹੈ ਕਿ ਤੁਹਾਡਾ ਪਿਤਾ ਤੁਹਾਡੇ ਵਿਚੋਂ ਇਕ ਨੂੰ ਕੁਝ ਨਹੀਂ ਦੇਣਾ ਚਾਹੁੰਦਾ ਸੀ। ਤੁਹਾਡੇ ਵਿਚੋਂ ਕੋਈ ਇਕ, ਆਪ ਹੀ ਆਪਣਾ ਹਿੱਸਾ ਛੱਡ ਦਿਓ। ਪੰਚਾਇਤ ਬੈਠੀ ਹੈ, ਜਿਹੜਾ ਆਪਣਾ ਹਿੱਸਾ ਛੱਡਣਾ ਚਾਹੁੰਦਾ ਹੈ, ਉਹ ਅੱਗੇ ਆ ਜਾਵੇ।

ਤਿੰਨੇ ਛੋਟੇ ਪੁੱਤਰ ਅੱਗੇ ਆ ਗਏ, ਵੱਡਾ ਚੁੱਪ ਰਿਹਾ।

ਸਿਆਣੇ ਨੇ ਕਿਹਾ: ਤੁਹਾਡਾ ਪਿਤਾ, ਇਨ੍ਹਾਂ ਤਿੰਨਾਂ ਨੂੰ ਦੇਣਾ ਚਾਹੁੰਦਾ ਸੀ, ਵੱਡੇ ਨੂੰ ਕੁਝ ਨਹੀਂ ਸੀ ਦੇਣਾ ਚਾਹੁੰਦਾ, ਕਿਉਂਕਿ ਵੱਡਾ ਲਾਲਚੀ ਹੈ, ਕਾਹਲਾ ਪਿਆ ਹੋਇਆ ਹੈ, ਪਿਤਾ ਦੇ ਮਰਨ ਦਾ ਦੁੱਖ ਨਹੀਂ, ਜਾਇਦਾਦ ਲੈਣ ਦਾ ਸੁੱਖ ਭਾਲਦਾ ਹੈ।

www.quotesinpunjabi.ml

QuotesInPunjabi

275

ਜਦੋਂ ਤੱਕ ਖੇਤਾਂ ਵਿਚ ਕਿਸਾਨ ਆਪ ਕੰਮ ਕਰਦਾ ਹੈ, ਵਿਕਾਸ ਵਾਪਰਦਾ ਹੈ।

ਜਦੋਂ ਖੇਤੀ ਨੌਕਰਾਂ-ਮਜ਼ਦੂਰਾਂ ਤੋਂ ਕਰਵਾਈ ਜਾਂਦੀ ਹੈ ਤਾਂ ਕਿਸਾਨ ਨਿਘਰਦਾ ਹੈ।

ਇਤਿਹਾਸ ਵਿਚ ਵੀ ਇਵੇਂ ਵਾਪਰਦਾ ਹੈ।

ਜਦੋਂ ਤੱਕ ਰੋਮਨ ਆਪ ਖੇਤੀ ਕਰਦੇ ਰਹੇ, ਉਹ ਰੋਮਨ ਫੌਜ ਲਈ ਤਕੜੇ ਜੁੱਸੇ ਵਾਲੇ ਜਵਾਨ-ਪੁੱਤਰ ਉਸਾਰਦੇ ਰਹੇ। ਜਦੋਂ ਖੇਤੀ ਗੁਲਾਮਾਂ ਨੂੰ ਸੰਭਾਲ ਦਿੱਤੀ ਤਾਂ ਸੰਸਾਰ ਦੀ ਸਭ ਤੋਂ ਵੱਡੀ ਬਾਦਸ਼ਾਹਤ ਨਿਘਰ ਗਈ।

ਜਦੋਂ ਤੱਕ ਪੰਜਾਬ ਵਿਚ ਕਿਸਾਨ ਆਪ ਖੇਤੀ ਕਰਦਾ ਰਿਹਾ, ਪੰਜਾਬ ਭਾਰਤ ਦਾ ਤਾਜ ਬਣਿਆ ਰਿਹਾ, ਜਦੋਂ ਪੰਜਾਬੀਆਂ ਨੇ ਆਪਣੀ ਖੇਤੀ ਪ੍ਰਵਾਸੀ ਮਜ਼ਦੂਰਾਂ ਨੂੰ ਸੰਭਾਲ ਦਿੱਤੀ, ਪੰਜਾਬ ਨਸ਼ਿਆਂ ਵਿਚ ਨਿਘਰ ਗਿਆ।

ਸੰਸਾਰ ਅਤੇ ਜੀਵਨ ਵਿਚ, ਵਿਕਾਸ ਅਤੇ ਨਿਘਾਰ ਦੇ ਨੇਮ ਅਟੱਲ ਹਨ।

276

ਤੁਹਾਡੀ ਤਨਖਾਹ ਇਕ ਲੱਖ ਹੈ, ਤੁਹਾਡੇ ਸਾਥੀ ਦੀ ਅੱਸੀ ਹਜ਼ਾਰ।

ਤੁਹਾਡੀ ਤਨਖਾਹ ਭਾਵੇਂ ਇਕ ਲੱਖ ਹੀ ਹੈ ਪਰ ਤੁਹਾਡੇ ਸਾਥੀ ਨਾਲੋਂ ਵੱਧ ਹੈ।

ਦੋਹਾਂ ਨੂੰ ਤਰੱਕੀ ਮਿਲੀ ਹੈ, ਹੁਣ ਤੁਹਾਡੀ ਤਨਖਾਹ ਡੇਢ ਲੱਖ ਹੈ, ਤੁਹਾਡੇ ਸਾਥੀ ਦੀ ਦੋ ਲੱਖ। ਪਹਿਲਾਂ ਤੁਹਾਡੀ ਤਨਖਾਹ ਇਕ ਲੱਖ ਸੀ, ਹੁਣ ਡੇਢ ਲੱਖ ਹੈ। ਪਹਿਲਾਂ ਤੁਹਾਡੇ ਸਾਥੀ ਦੀ ਤਨਖਾਹ ਤੁਹਾਡੇ ਨਾਲੋਂ ਘੱਟ ਸੀ, ਹੁਣ ਤੁਹਾਡੇ ਨਾਲੋਂ ਵੱਧ ਹੈ।

ਕਿਹੜੀ ਹਾਲਤ ਬਿਹਤਰ ਹੈ? ਸੋਚ ਕੇ ਦੱਸਣਾ।

277

ਕਿਸੇ ਨੂੰ ਉਧਾਰ ਦੇਈਏ ਕਿ ਨਾ ਦੇਈਏ? ਫੈਸਲਾ ਕਰਨਾ ਸੌਖਾ ਨਹੀਂ ਹੁੰਦਾ।

ਵੇਖੋ, ਉਧਾਰ ਮੰਗਣ ਵਾਲੇ ਦੀ ਲੋੜ ਕਿਤਨੀ ਕੁ ਜ਼ਰੂਰੀ ਹੈ। ਜ਼ਰੂਰੀ ਤੁਹਾਡੀ ਦ੍ਰਿਸ਼ਟੀ ਤੋਂ, ਉਸ ਦੀ ਦ੍ਰਿਸ਼ਟੀ ਤੋਂ ਨਹੀਂ।

ਵੇਖੋ, ਉਸ ਦੀ ਮਦਦ ਕਰਨੀ ਕਿਤਨੀ ਕੁ ਜ਼ਰੂਰੀ ਹੈ।

ਜੇ ਤੁਸੀਂ ਮਦਦ ਨਹੀਂ ਕਰੋਗੇ ਤਾਂ, ਜੇ ਤੁਹਾਡੇ ਤੋਂ ਘੱਟ ਵਸੀਲਿਆਂ ਵਾਲੇ ਕਿਸੇ ਹੋਰ ਵਿਅਕਤੀ ਵਲੋਂ, ਉਸ ਦੀ ਮਦਦ ਕਰ ਦੇਣ ਦੀ ਸੰਭਾਵਨਾ ਹੋਵੇ ਤਾਂ, ਮਦਦ ਕਰ ਦਿਓ।

ਵੇਖੋ, ਤੁਹਾਡੇ ਆਪਸੀ ਸੰਬੰਧਾਂ ਦੀ ਗਹਿਰਾਈ ਅਤੇ ਨੇੜਤਾ ਕਿਤਨੀ ਹੈ? ਕੀ ਤੁਹਾਡਾ ਉਸ ਨਾਲ ਪਹਿਲਾਂ ਵੀ ਉਧਾਰ ਲੈਣ-ਦੇਣ ਅਤੇ ਮੋੜਨ ਦਾ ਸਿਲਸਿਲਾ ਹੈ? ਕਿਤਨੀ ਰਕਮ ਜਾਂ ਕਿਤਨੀ ਰਕਮ ਦਾ ਸਾਮਾਨ ਮੰਗਿਆ ਜਾ ਰਿਹਾ ਹੈ?

ਉਸ ਕੋਲ ਆਪਣੇ ਪੈਸੇ ਕਿਤਨੇ ਹਨ? ਕੀ ਇਹ ਪੈਸੇ ਕਿਸੇ ਤੋਂ ਉਧਾਰੇ ਲਏ ਹੋਏ ਹਨ ਕਿ ਉਸ ਦੇ ਆਪਣੇ ਕਮਾਏ-ਬਚਾਏ ਹੋਏ ਹਨ? ਕੀ ਉਹ ਹੋਰਾਂ ਤੋਂ ਵੀ ਉਧਾਰ ਲੈਂਦਾ ਹੈ?

www.quotesinpunjabi.ml

QuotesInPunjabi

ਵੇਖੋ, ਪੈਸੇ ਮੁੜਨ ਦੀ ਸੰਭਾਵਨਾ ਕਿਤਨੀ ਕੁ ਹੈ? ਜੇ ਨਾ ਮੁੜਨ ਤਾਂ ਤੁਹਾਡੇ ਵਿਚ ਦਿੱਤੇ ਪੈਸਿਆਂ ਨੂੰ ਭੁੱਲਣ ਦੀ ਸਮਰੱਥਾ ਕਿਤਨੀ ਕੁ ਹੈ?

ਉਸ ਦੀ ਲੈਣ ਦੀ ਸਮਰੱਥਾ ਅਤੇ ਤੁਹਾਡੀ ਦੇਣ ਦੀ ਯੋਗਤਾ ਕਿਤਨੀ ਹੈ?

ਜੇ ਤੁਸੀਂ ਉਧਾਰ ਨਾ ਦਿਓ ਤਾਂ ਉਹ ਕੀ ਉਪਰਾਲਾ ਕਰੇਗਾ?

ਜੋ ਉਪਰਾਲਾ ਉਹ ਕਰੇਗਾ, ਉਹ ਹੁਣ ਕਿਉਂ ਨਹੀਂ ਕਰ ਰਿਹਾ?

ਪੈਸੇ ਲੈ ਕੇ ਉਸ ਵਲੋਂ ਆਪਣੇ ਉਦੇਸ਼ ਵਿਚ ਸਫਲ ਹੋਣ ਦੀ ਸੰਭਾਵਨਾ ਕਿਤਨੀ ਹੈ?

ਜੇ ਤੁਸੀਂ ਦੇ ਨਹੀਂ ਸਕਦੇ, ਨਾ ਦਿਓ; ਕਿਸੇ ਤੋਂ ਉਧਾਰ ਲੈ ਕੇ ਬਿਲਕੁਲ ਨਾ ਦਿਓ; ਜੇ ਲੈਣ ਵਾਲਾ ਕੰਮਚੋਰ, ਲਾਪ੍ਰਵਾਹ ਅਤੇ ਫ਼ਜ਼ੂਲ-ਖਰਚ ਹੈ, ਨਾ ਦਿਓ।

ਕੀ ਉਸ ਦੀ ਸਮੱਸਿਆ ਹੱਲ ਕਰਨ ਵਿਚ ਤੁਹਾਡੀ ਦਿਲਚਸਪੀ ਹੈ? ਕੀ ਉਹ ਤੁਹਾਡੀ ਸਮੱਸਿਆ ਹੈ? ਕੀ ਉਸ ਦੀ ਸਮੱਸਿਆ ਹੱਲ ਕਰਨੀ ਤੁਹਾਡੀ ਜ਼ਿੰਮੇਵਾਰੀ ਹੈ?

ਜੇ ਵਿਸ਼ਲੇਸ਼ਣ ਕਰਕੇ ਦੇਣ ਦਾ ਯਤਨ ਕਰੋਗੇ, ਉਧਾਰ ਨਹੀਂ ਦਿੱਤਾ ਜਾ ਸਕੇਗਾ।

ਜੇ ਤੁਸੀਂ ਨਹੀਂ ਦਿਓਗੇ, ਉਹ ਦੁੱਖੀ ਹੋਵੇਗਾ। ਜੇ ਉਹ ਵਾਪਸ ਨਹੀਂ ਕਰ ਸਕੇਗਾ, ਤੁਸੀਂ ਦੁੱਖੀ ਹੋਵੋਗੇ।

ਭਾਵੇਂ ਤੁਸੀਂ ਕਿਤਨੀ ਵੀ ਨਿਰਖ-ਪਰਖ ਕਰ ਲਵੋ, ਤੁਸੀਂ ਉਧਾਰ ਦੇਣ ਦੀ ਗਲਤੀ ਕਰੋਗੇ। ਜਿਹੜੀਆਂ ਗਲਤੀਆਂ ਸੋਚ-ਸਮਝ ਕੇ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਦਾ ਵਧੇਰੇ ਦੁੱਖ ਹੁੰਦਾ ਹੈ। ਤੁਸੀਂ ਗਲਤੀ ਕਰਨ ਤੋਂ ਪਹਿਲਾਂ ਕਿਸੇ ਨਾਲ ਸਲਾਹ ਨਹੀਂ ਕਰੋਗੇ ਪਰ ਗਲਤੀ ਕਰਕੇ ਹਰ ਕਿਸੇ ਨੂੰ ਦੱਸਣ ਦੀ ਮੂਰਖਤਾ ਕਰੋਗੇ।

ਇਹ ਮੂਰਖਤਾ ਤੁਸੀਂ ਹੀ ਨਹੀਂ ਕੀਤੀ, ਅਜਿਹੀ ਮੂਰਖਤਾ ਹਰ ਕੋਈ ਕਰਦਾ ਹੈ।

278

ਇਕ ਵਾਰੀ ਇਕ-ਇਕ ਕਰੋੜ ਵਾਲੀ, ਸੌ ਘਰਾਂ ਵਾਲੀ, ਦਸ-ਮੰਜ਼ਲਾ ਇਮਾਰਤ ਵਿਚ, ਲਿੱਫਟ ਚਲਦੀ ਰੱਖਣ ਵਾਸਤੇ, ਓਪਰੇਟਰਾਂ ਲਈ ਅਤੇ ਆਲਾ-ਦੁਆਲਾ ਹਰਿਆ-ਭਰਿਆ ਰੱਖਣ ਵਾਸਤੇ, ਮਾਲੀਆਂ ਲਈ, ਹਰੇਕ ਘਰ ਤੋਂ ਸੌ-ਸੌ ਰੁਪਏ ਪ੍ਰਤੀ ਮਹੀਨਾ, ਇਕੱਠਾ ਕਰਨ ਦਾ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ।

ਮਨੁੱਖੀ ਵਿਹਾਰ ਦੱਸਦਾ ਹੈ ਕਿ ਸਵਾਰਥੀ ਸੋਚ ਤੱਕ ਅਸੀਂ ਸਾਰੇ ਸਿਆਣੇ ਅਤੇ ਚੌਕੰਨੇ ਰਹਿੰਦੇ ਹਾਂ ਪਰ ਸਾਂਝੇ ਹਿੱਤਾਂ ਲਈ ਸੋਚਣਾ ਸਾਡੇ ਸੁਭਾਓ ਵਿਚ ਨਹੀਂ ਹੁੰਦਾ।

ਸਭ ਤੋਂ ਨੀਵੀਂ ਜ਼ਮੀਨੀ-ਮੰਜ਼ਲ ਵਾਲੇ ਦਸ ਘਰਾਂ ਨੇ, ਲਿੱਫਟ ਲਈ ਪੈਸੇ ਇਹ ਕਹਿ ਕੇ ਨਾ ਦਿੱਤੇ ਕਿ ਅਸੀਂ ਕਿਹੜਾ ਲਿਫਟ ਵਰਤਣੀ ਹੈ।

ਉਪਰਲੀਆਂ ਮੰਜ਼ਲਾਂ ਵਾਲੇ ਨੱਬੇ ਘਰਾਂ ਨੇ, ਮਾਲੀਆਂ ਲਈ ਪੈਸੇ ਇਹ ਕਹਿ ਕੇ ਨਾ ਦਿੱਤੇ ਕਿ ਅਸੀਂ ਕਿਹੜਾ ਲਾਅਨ ਵਰਤਣਾ ਹੈ, ਜਿਸ ਕਾਰਨ ਇਕ ਸੌ, ਕਰੋੜਪਤੀ ਪਰਿਵਾਰਾਂ ਵਾਸਤੇ ਲਿਫਟ ਖਰਾਬ ਹੀ ਰਹੀ ਅਤੇ ਜ਼ਮੀਨ ਉਤੇ ਰੋੜੇ ਖਿਲਰੇ ਹੀ ਰਹੇ।

www.quotesinpunjabi.ml

QuotesInPunjabi

279

ਜੋ ਜਾਣਿਆ-ਪਛਾਣਿਆ ਹੁੰਦਾ ਹੈ, ਉਹ ਪੁਰਾਣਾ ਹੀ ਹੋ ਸਕਦਾ ਹੈ।

ਨਵਾਂ ਜਦੋਂ ਜਾਣ ਲਿਆ ਜਾਵੇ, ਉਹ ਵੀ, ਪੁਰਾਣਾ ਹੋ ਜਾਂਦਾ ਹੈ।

ਜਦੋਂ ਕਿਸੇ ਦੇ ਚੰਗੇ ਜਾਂ ਮਾੜੇ ਹੋਣ ਬਾਰੇ ਸਾਡੀ ਰਾਇ ਬਣ ਜਾਵੇ ਜਾਂ ਅਸੀਂ ਫੈਸਲਾ ਕਰ ਲਈਏ, ਤਾਂ ਉਹ ਵੀ ਪੁਰਾਣਾ ਹੋ ਜਾਂਦਾ ਹੈ।

ਕੋਈ ਚੀਜ਼ ਉਦੋਂ ਤੱਕ ਹੀ ਨਵੀਂ ਰਹਿੰਦੀ ਹੈ, ਜਦੋਂ ਤੱਕ ਉਹ ਸਾਡੀ ਨਹੀਂ ਹੁੰਦੀ।

ਸ਼ੋਅ-ਕੇਸ ਵਿਚ ਕਾਰ ਨਵੀਂ ਹੁੰਦੀ ਹੈ, ਸਾਡੀ ਹੁੰਦਿਆਂ ਹੀ ਪੁਰਾਣੀ ਹੋ ਜਾਂਦੀ ਹੈ।

ਸੋਨਾ ਖਰੀਦਦਿਆਂ ਨਵਾਂ ਹੁੰਦਾ ਹੈ, ਵੇਚਦਿਆਂ ਪੁਰਾਣਾ ਹੁੰਦਾ ਹੈ। ਜੋ ਪੁਰਾਣਾ ਹੋ ਜਾਂਦਾ ਹੈ, ਪੁਰਾਣਾ ਹੋਣ ਕਰਕੇ, ਸਾਡੀ ਉਸ ਵਿਚ ਦਿਲਚਸਪੀ ਮੁੱਕ ਜਾਂਦੀ ਹੈ।

ਆਗਰੇ ਦੇ ਲੋਕਾਂ ਲਈ ਤਾਜ ਬੜਾ ਪੁਰਾਣਾ ਹੈ, ਵਿਦੇਸ਼ੀਆਂ ਲਈ ਨਵਾਂ ਹੈ।

ਦਿਲਚਸਪੀ ਦਾ ਅਰਥ ਹੀ ਨਵਾਂ ਹੈ। ਜੋ ਨਵਾਂ ਹੈ, ਉਹ ਦਿਲਚਸਪ ਹੈ ਅਤੇ ਉਤਨਾ ਚਿਰ ਹੀ ਦਿਲਚਸਪ ਹੈ, ਜਿਤਨਾ ਚਿਰ ਨਵਾਂ ਹੈ।

ਘਰ ਪੁਰਾਣੀਆਂ ਚੀਜ਼ਾਂ ਦਾ ਬਾਜ਼ਾਰ ਹੁੰਦਾ ਹੈ, ਬਾਜ਼ਾਰ ਨਵੀਆਂ ਚੀਜ਼ਾਂ ਦਾ ਘਰ ਹੁੰਦਾ ਹੈ। ਘਰ ਦੀਆਂ ਚੀਜ਼ਾਂ ਵਿਚ ਦਿਲਚਸਪੀ ਨਹੀਂ ਹੁੰਦੀ, ਬਾਜ਼ਾਰ ਦੀਆਂ ਚੀਜ਼ਾਂ ਵਿਚ ਹੁੰਦੀ ਹੈ।

280

ਖੇਤਰ ਕੋਈ ਹੋਵੇ ਜਦੋਂ ਪ੍ਰਸਿੱਧ ਪੁਰਸ਼ ਜਾਂ ਇਸਤਰੀ ਦੀ ਪ੍ਰਸਿੱਧੀ ਘਟਣ ਲਗਦੀ ਹੈ ਤਾਂ ਲੋਕਾਂ ਦੇ ਧਿਆਨ ਦਾ ਕੇਂਦਰ ਬਣੇ ਰਹਿਣ ਲਈ, ਉਹ ਭਾਂਤ-ਭਾਂਤ ਦੇ ਚਲਿੱਤਰ ਅਤੇ ਨਾਟਕ ਕਰਨ ਲੱਗ ਪੈਂਦੇ ਹਨ।

ਜਦੋਂ ਕਿਸੇ ਸੁੰਦਰ ਇਸਤਰੀ ਦੀ ਸੁੰਦਰਤਾ ਮਾਂਦ ਪੈਂਦੀ ਹੈ ਤਾਂ ਉਹ ਵੱਧ ਸ਼ਿੰਗਾਰ ਕਰਕੇ ਪਹਿਲੇ ਨਾਲੋਂ ਵੀ ਵਧੇਰੇ ਸੁੰਦਰ ਹੋਣ ਦਾ ਭਰਮ ਪਾਲਦੀ ਹੈ।

ਜਵਾਨੀ ਲੰਘਾ ਚੁਕੇ ਪੁਰਸ਼ ਵੀ ਭਾਂਤ-ਭਾਂਤ ਦੇ ਢੰਗ ਅਪਨਾ ਕੇ ਆਪਣੇ ਆਪ ਨੂੰ ਜਵਾਨ ਸਮਝਣ ਦਾ ਭੁਲੇਖਾ ਮਾਣਦੇ ਹਨ।

ਜਦੋਂ ਵਿਸ਼ਵ ਪ੍ਰਸਿੱਧ ਚਿੱਤਰਕਾਰ ਪਿਕਾਸੋ, ਕਿਸੇ ਇੱਕ ਚਿੱਤਰ-ਸ਼ੈਲੀ ਨਾਲ ਜੁੜ ਕੇ ਪੁਰਾਣਾ ਹੋ ਜਾਂਦਾ ਸੀ ਤਾਂ ਉਹ ਕਿਸੇ ਨਵੀਂ ਸ਼ੈਲੀ ਵਿਚ ਚਿੱਤਰ ਬਣਾਉਣ ਲਗ ਪੈਂਦਾ ਸੀ।

ਇਵੇਂ ਹੀ ਪ੍ਰਸਿੱਧ ਵਿਗਿਆਨੀ ਐਡੀਸਨ, ਚਰਚਾ ਦਾ ਵਿਸ਼ਾ ਬਣੇ ਰਹਿਣ ਲਈ, ਭਾਂਤ-ਭਾਂਤ ਦੀਆਂ ਨਿਰਰਥਕ ਕਾਢਾਂ ਕੱਢਦਾ ਰਹਿੰਦਾ ਸੀ।

ਜਦੋਂ ਕੋਈ ਕਵੀ ਜਾਂ ਨਾਵਲਕਾਰ ਪੁਰਾਣਾ ਹੋ ਜਾਂਦਾ ਹੈ ਤਾਂ ਉਹ ਨਵਿਆਂ ਵਿਚ ਪਤਵੰਤਾ ਬਣੇ ਰਹਿਣ ਲਈ, ਲਿਖਣ ਦੀ ਰਫਤਾਰ ਵਧਾ ਦਿੰਦਾ ਹੈ ਅਤੇ ਹਰ ਸਾਲ ਨਵਾਂ ਕਾਵਿ-ਸੰਗ੍ਰਹਿ ਜਾਂ ਨਵਾਂ ਨਾਵਲ ਛਾਪਣ ਲਗ ਪੈਂਦਾ ਹੈ।

www.quotesinpunjabi.ml

QuotesInPunjabi

281

ਜਿਹੜਾ ਨੌਕਰ ਮਾਲਕ ਨਾਲੋਂ ਵਧੇਰੇ ਚਮਕੇਗਾ, ਮਾਲਕ ਉਸ ਨੂੰ ਬੁਝਾ ਦੇਵੇਗਾ।

ਫਰਾਂਸ ਵਿਚ ਖਜ਼ਾਨਾ-ਮੰਤਰੀ ਫੂਕੇ, ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਸੀ।

ਉਸ ਨੇ ਆਪਣਾ ਠਾਠ-ਬਾਠ ਸਥਾਪਤ ਕਰਨ ਲਈ ਅਤੇ ਬਾਦਸ਼ਾਹ ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋਣ ਲਈ, ਆਪਣਾ ਨਵਾਂ ਮਹਿਲ ਬਣਵਾਇਆ।

ਉਹ ਆਪਣੇ ਸੋਹਜ-ਸਵਾਦ ਅਦੇ ਪ੍ਰਬੰਧਕੀ ਯੋਗਤਾ ਦਾ ਪ੍ਰਮਾਣ ਦੇਣਾ ਚਾਹੁੰਦਾ ਸੀ।

ਜਦੋਂ ਮਹਿਲ ਤਿਆਰ ਹੋ ਗਿਆ ਤਾਂ ਫੂਕੇ ਨੇ ਵੱਡਾ ਸਮਾਗਮ ਕੀਤਾ, ਜਿਸ ਵਿਚ ਬਾਦਸ਼ਾਹ ਨੂੰ ਵੀ ਬੁਲਾਇਆ। ਬਾਦਸ਼ਾਹ ਦਾ ਮਹਿਲ ਪੁਰਾਣਾ ਸੀ, ਫੂਕੇ ਦਾ ਮਹਿਲ ਨਵਾਂ ਸੀ। ਬਾਦਸ਼ਾਹ ਨੇ ਵੇਖਿਆ ਕਿ ਮਹਿਮਾਨ ਉਸ ਵੱਲ ਘੱਟ ਅਤੇ ਫੂਕੇ ਵਲ ਵੱਧ ਧਿਆਨ ਦੇ ਰਹੇ ਸਨ ਅਤੇ ਨਵੇਂ ਮਹਿਲ ਦੀ ਸ਼ਾਨ-ਸ਼ੌਕਤ ਤੋਂ ਵਧੇਰੇ ਪ੍ਰਭਾਵਿਤ ਹੋ ਰਹੇ ਸਨ।

ਸਬਕ ਸਿਖਾਉਣ ਲਈ ਬਾਦਸ਼ਾਹ ਨੇ ਪ੍ਰਧਾਨ-ਮੰਤਰੀ ਦੀ ਪਦਵੀ ਹੀ ਖਤਮ ਕਰ ਦਿੱਤੀ ਪਰ ਫੂਕੇ ਫਿਰ ਵੀ ਨਾ ਸਮਝਿਆ ਅਤੇ ਇਹ ਸੋਚ ਕੇ ਕਿ ਬਾਦਸ਼ਾਹ ਉਸ ਨਾਲ ਨਾਰਾਜ਼ ਹੈ, ਫੂਕੇ ਨੇ ਆਪਣੇ ਮਹਿਲ ਵਿਚ ਬਾਦਸ਼ਾਹ ਦੇ ਸਨਮਾਨ ਵਿਚ ਅਜਿਹਾ ਸ਼ਹਾਨਾ ਸਮਾਗਮ ਰਚਾਇਆ, ਜਿਹੋ ਜਿਹਾ ਫਰਾਂਸ ਵਿਚ ਪਹਿਲਾਂ ਨਹੀਂ ਸੀ ਵੇਖਿਆ ਗਿਆ।

ਹਰ ਕੋਈ ਬਾਦਸ਼ਾਹ ਨੂੰ ਸੁਣਾ ਕੇ ਫੂਕੇ ਦੀ ਪ੍ਰਸੰਸਾ ਕਰ ਰਿਹਾ ਸੀ।

ਅਗਲੇ ਹੀ ਦਿਨ ਬਾਦਸ਼ਾਹ ਨੇ ਖਜ਼ਾਨੇ ਦੀਆਂ ਰਕਮਾਂ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ ਵਿਚ, ਫੂਕੇ ਨੂੰ ਗ੍ਰਿਫ਼ਤਾਰ ਕਰਵਾ ਕੇ ਵੀਹ ਸਾਲ ਲਈ ਜੇਲ੍ਹ ਵਿਚ ਬੰਦ ਕਰ ਦਿੱਤਾ।

ਫੂਕੇ ਨੇ ਬਾਦਸ਼ਾਹ ਨਾਲੋਂ ਵੱਧ ਚਮਕਣ ਦਾ ਯਤਨ ਕੀਤਾ ਸੀ।

ਰਾਤ ਨੂੰ ਫੂਕੇ ਸ਼ਾਨ ਦੀ ਸਿਖਰ 'ਤੇ ਸੀ, ਸਵੇਰੇ ਫੂਕੇ ਅਪਮਾਨ ਦੀ ਖੱਡ ਵਿਚ ਸੀ।

282

ਇਕ ਵਿਅਕਤੀ ਕਿਸੇ ਧਨਵਾਨ ਤੋਂ ਮਦਦ ਲੈਣ ਗਿਆ।

ਧਨਵਾਨ ਨੇ ਪੁੱਛਿਆ: ਤੁਸੀਂ ਮੈਨੂੰ ਜਾਣਦੇ ਹੋ ?

ਮਦਦ ਲੈਣ ਲਈ ਆਉਣ ਵਾਲੇ ਨੇ ਕਿਹਾ: ਤੁਹਾਨੂੰ ਕੌਣ ਨਹੀਂ ਜਾਣਦਾ ? ਤੁਹਾਡੀਆਂ ਮਿਹਰਬਾਨੀਆਂ ਦੇ ਕਿੱਸੇ ਦੂਰ-ਦੂਰ ਤੱਕ ਪ੍ਰਸਿੱਧ ਹਨ, ਮੈਂ ਤੁਹਾਡੀ ਦਰਿਆਦਿਲੀ ਅਤੇ ਮਹਿਮਾ ਦਾ ਪ੍ਰੇਰਿਆ ਹੋਇਆ ਹੀ ਆਇਆ ਹਾਂ।

ਸੰਸਾਰ ਵਿਚ ਪ੍ਰਸੰਸਾ ਦਾ ਨਸ਼ਾ, ਸਭ ਤੋਂ ਵੱਡਾ ਨਸ਼ਾ ਹੁੰਦਾ ਹੈ।

ਕਿਸੇ ਤੋਂ ਮਦਦ ਲੈਣੀ ਹੈ ਤਾਂ ਉਸ ਦੀ ਪ੍ਰਸੰਸਾ ਕਰਨ ਵਿਚ ਸੰਕੋਚ ਨਾ ਕਰੋ।

ਧਨਵਾਨ ਵੀ ਲਾਲਚੀ ਹੁੰਦੇ ਹਨ, ਉਨ੍ਹਾਂ ਨੂੰ ਪ੍ਰਸੰਸਾ ਦਾ ਲਾਲਚ ਹੁੰਦਾ ਹੈ।

ਤੁਸੀਂ ਉਨ੍ਹਾਂ ਦੀ ਲੋੜ ਪੂਰੀ ਕਰੋ, ਉਹ ਤੁਹਾਡੀ ਲੋੜ ਪੂਰੀ ਕਰਨਗੇ।

www.quotesinpunjabi.ml

QuotesInPunjabi

283

ਜਿਨ੍ਹਾਂ ਨੇ ਕੁਝ ਨਵਾਂ, ਮੁਲਵਾਨ ਅਤੇ ਮਹੱਤਵਪੂਰਨ ਕਰਨਾ ਹੁੰਦਾ ਹੈ, ਉਹ ਘੜੀ ਵੇਖ ਕੇ ਕੰਮ ਨਹੀਂ ਕਰਦੇ, ਉਹ ਕੰਮ ਕਰਕੇ ਘੜੀ ਵੇਖਦੇ ਹਨ।

ਰਾਤ ਦੇ ਬਾਰ੍ਹਾਂ ਵੱਜ ਗਏ ਸਨ ਪਰ ਉਹ ਅਜੇ ਸੁੱਤਾ ਨਹੀਂ ਸੀ, ਕੰਮ ਕਰ ਰਿਹਾ ਸੀ।

ਇਕ ਵੱਜ ਗਿਆ ਸੀ, ਉਹ ਅਜੇ ਵੀ ਜਾਗਦਾ ਸੀ।

ਦੋ ਵੱਜ ਗਏ ਸਨ ਪਰ ਅਜੇ ਉਸ ਨੇ ਸੋਣ ਬਾਰੇ ਨਹੀਂ ਸੀ ਸੋਚਿਆ।

ਤਿੰਨ ਵੱਜ ਗਏ ਸਨ, ਕੰਮ ਅਜੇ ਮੁੱਕਿਆ ਨਹੀਂ ਸੀ, ਮੁਕਾਉਣਾ ਜ਼ਰੂਰੀ ਸੀ।

ਚਾਰ ਵੱਜ ਚੁਕੇ ਸਨ, ਉਹ ਪਹਿਲਾਂ ਵਾਂਗ ਹੀ ਰੁੱਝਿਆ ਹੋਇਆ ਸੀ।

ਜਦੋਂ ਪੰਜ ਵੱਜ ਗਏ ਤਾਂ ਉਸ ਨੇ ਕਿਹਾ: ਹੁਣ ਤਾਂ ਜਾਗਣ ਦਾ ਸਮਾਂ ਹੋ ਗਿਆ ਹੈ।

284

ਪ੍ਰਸਿੱਧ ਵਿਅਕਤੀ ਵੀ ਆਮ ਸਾਧਾਰਨ ਵਿਅਕਤੀਆਂ ਵਾਂਗ ਹੀ ਸਾੜੇ ਅਤੇ ਈਰਖਾ ਦਾ ਸ਼ਿਕਾਰ ਹੁੰਦੇ ਹਨ। ਉਹ ਦੂਰ ਹੁੰਦੇ ਹਨ, ਇਸ ਲਈ ਮਹਾਨ ਲਗਦੇ ਹਨ।

ਨੇੜਿਓਂ ਵੇਖਿਆਂ ਉਹ ਸਾਧਾਰਨ ਹੀ ਲਗਦੇ ਹਨ। ਅਸੀਂ ਉਨ੍ਹਾਂ ਨੂੰ ਮਹਾਨ ਸਿੱਧ ਕਰਨ ਲਈ, ਉਨ੍ਹਾਂ ਨਾਲ ਭਾਂਤ-ਭਾਂਤ ਦੀਆਂ ਕਹਾਣੀਆਂ ਜੋੜ ਲੈਂਦੇ ਹਾਂ।

ਜੇ ਪਰਮਾਤਮਾ ਵੀ ਇਕ ਤੋਂ ਵਧੇਰੇ ਹੁੰਦੇ ਤਾਂ ਉਨ੍ਹਾਂ ਵਿਚ ਵੀ ਸਾੜਾ ਹੋਣਾ ਸੀ।

ਦੇਵਤਿਆਂ ਵਿਚਕਾਰ ਸਾੜੇ-ਈਰਖਾ ਦਾ ਸੰਘਰਸ਼ ਚਲਦਾ ਰਿਹਾ ਹੈ।

ਕੋਈ ਸੰਤ ਕਿਸੇ ਹੋਰ ਸੰਤ ਦੇ ਡੇਰੇ ਨਹੀਂ ਜਾਂਦਾ, ਕੋਈ ਭਜਨ-ਕੀਰਤਨ ਕਰਨ ਵਾਲਾ, ਕਿਸੇ ਹੋਰ ਦਾ ਕੀਰਤਨ-ਭਜਨ ਨਹੀਂ ਸੁਣਦਾ। ਕੋਈ ਪਤਨੀ, ਪਤੀ ਦੇ ਮੂੰਹੋਂ ਕਿਸੇ ਹੋਰ ਇਸਤਰੀ ਦੀ ਸਿਫਤ ਨਹੀਂ ਸੁਣਦੀ। ਜਦੋਂ ਪ੍ਰੇਮਿਕਾ ਕਿਸੇ ਹੋਰ ਪੁਰਸ਼ ਦੀ ਪ੍ਰਸੰਸਾ ਕਰਦੀ ਹੈ ਤਾਂ ਪ੍ਰੇਮੀ ਅਕਸਰ ਬੀਮਾਰ ਦਿਸਣ ਲੱਗ ਪੈਂਦਾ ਹੈ।

ਕਿਹਾ ਜਾਂਦਾ ਹੈ ਕਿ ਮੋਨਾਲੀਜ਼ਾ ਦਾ ਚਿੱਤਰ ਬਣਾਉਣ ਕਰਕੇ ਸੰਸਾਰ ਭਰ ਵਿਚ ਪ੍ਰਸਿੱਧ ਹੋਣ ਵਾਲਾ ਚਿੱਤਰਕਾਰ, ਲਿਓਨਾਰਦੋ-ਦ-ਵਿੰਚੀ ਬੱਚਿਆਂ ਨੂੰ ਪੈਸੇ ਦੇ ਕੇ ਆਪਣੇ ਸਮਕਾਲੀ ਵਿਸ਼ਵ-ਪ੍ਰਸਿੱਧ ਚਿੱਤਰਕਾਰ ਅਤੇ ਮੂਰਤੀਕਾਰ, ਮਾਈਕਲ ਐਂਜਲੋ ਨੂੰ, ਵੱਟੇ ਮਰਵਾਉਂਦਾ ਸੀ ਅਤੇ ਆਪ ਵੀ ਲੁਕ ਕੇ ਵੱਟੇ ਮਾਰਦਾ ਸੀ।

ਇਵੇਂ ਹੀ ਬਿਜਲੀ ਦੇ ਖੇਤਰ ਵਿਚ ਕਾਢਾਂ ਕੱਢਣ ਲਈ ਪ੍ਰਸਿੱਧ ਐਡੀਸਨ, ਆਪਣੇ ਸਮਕਾਲੀ ਟੈਸਲਾ ਦੇ ਵਿਚਾਰ ਵਰਤ ਕੇ, ਉਸ ਨਾਲੋਂ ਪਹਿਲਾਂ ਕਾਢ ਕੱਢ ਕੇ, ਪ੍ਰਸਿੱਧ ਹੋ ਜਾਂਦਾ ਸੀ। ਜਦੋਂ 1915 ਵਿਚ ਐਡੀਸਨ ਅਤੇ ਟੈਸਲਾ ਦੋਹਾਂ ਨੂੰ ਸਾਂਝਾ ਨੋਬੇਲ ਪੁਰਸਕਾਰ ਦੇਣ ਦਾ ਸੁਝਾਓ ਸਾਹਮਣੇ ਆਇਆ ਤਾਂ ਐਡੀਸਨ ਨੇ ਅਜਿਹਾ ਇਨਾਮ ਲੈਣ ਤੋਂ ਇਨਕਾਰ ਕਰ ਦਿਤਾ, ਕਿਉਂਕਿ ਇਵੇਂ ਟੈਸਲਾ ਨੇ ਵੀ ਪ੍ਰਸਿੱਧ ਹੋ ਜਾਣਾ ਸੀ।

www.quotesinpunjabi.ml

QuotesInPunjabi

285

ਜਿਹੜੇ ਅਧਿਆਪਕ ਇਕ ਹੀ ਸਕੂਲ ਵਿਚ, ਇਕ ਹੀ ਕਲਾਸ ਨੂੰ, ਇਕ ਹੀ ਵਿਸ਼ਾ ਪੜ੍ਹਾਉਂਦਿਆਂ, ਸਾਰਾ ਜੀਵਨ ਗੁਜ਼ਾਰ ਦਿੰਦੇ ਹਨ, ਉਹ ਵਿਕਾਸ ਨਹੀਂ ਕਰਦੇ।

ਲੰਮੇ ਤਜਰਬੇ ਦਾ ਅਤੇ ਮਾਹਿਰ ਹੋਣ ਦਾ ਭਰਮ, ਉਨ੍ਹਾਂ ਨੂੰ ਲਾਇਕ ਨਹੀਂ ਰਹਿਣ ਦਿੰਦਾ, ਉਹ ਨਾਲਾਇਕ ਹੋ ਨਿਬੜਦੇ ਹਨ। ਉਹ ਫੈਲਦੇ ਨਹੀਂ, ਸੁੰਗੜਦੇ ਹਨ।

ਅਧਿਆਪਕ ਨੂੰ ਆਪਣੇ ਤਜਰਬੇ ਦਾ ਕਦੇ ਮਾਣ ਨਹੀਂ ਕਰਨਾ ਚਾਹੀਦਾ ਅਤੇ ਆਪਣੇ ਵਿਦਿਆਰਥੀ ਹੋਣ ਦਾ ਅਹਿਸਾਸ ਕਦੇ ਗੁਆਉਣਾ ਨਹੀਂ ਚਾਹੀਦਾ।

ਵਿਕਾਸ ਕਰਨ ਲਈ, ਕੋਈ ਚਣੌਤੀ ਚਾਹੀਦੀ ਹੁੰਦੀ ਹੈ, ਜਿਥੇ ਕੋਈ ਚਣੌਤੀ ਨਹੀਂ ਹੁੰਦੀ, ਉਥੇ ਲੋਕਾਂ ਦੀਆਂ ਅੱਖਾਂ ਭਾਵੇਂ ਖੁੱਲ੍ਹੀਆਂ ਹੋਣ, ਪਰ ਉਹ ਸੁੱਤੇ ਹੋਏ ਹੁੰਦੇ ਹਨ।

286

ਜੇਬ-ਕਤਰੇ ਅਕਸਰ ਉਥੇ ਜੇਬ ਕੱਟਦੇ ਹਨ, ਜਿਥੇ ਲਿਖਿਆ ਹੁੰਦਾ ਹੈ: ਜੇਬ ਕਤਰਿਆਂ ਤੋਂ ਸਾਵਧਾਨ ਰਹੋ। ਪੜ੍ਹਨ ਵਾਲਾ ਸਮਝਦਾ ਹੈ, ਮੈਂ ਪੜ੍ਹ ਲਿਆ ਹੈ, ਇਸ ਲਈ ਮੈਂ ਬਚ ਜਾਵਾਂਗਾ। ਉਦੋਂ ਤੱਕ ਉਸ ਦੀ ਜੇਬ ਕੱਟੀ ਨਹੀਂ ਗਈ ਹੁੰਦੀ।

ਉਹ ਸਮਝਦਾ ਹੈ, ਮੈਂ ਪੜ੍ਹ ਲਿਆ ਹੈ, ਇਸ ਲਈ ਬਚਿਆ ਹੋਇਆ ਹਾਂ। ਇਸ ਭਰਮ ਅਧੀਨ, ਪੜ੍ਹਨ ਵਾਲੇ ਅਵੇਸਲੇ ਹੋ ਜਾਂਦੇ ਹਨ ਅਤੇ ਜੇਬ ਕਟਵਾ ਲੈਂਦੇ ਹਨ।

ਕਈ ਵਾਰੀ ਭੀੜ ਵਾਲੀ ਜਗ੍ਹਾ 'ਤੇ ਜੇਬ-ਕਤਰਿਆਂ ਤੋਂ ਸਾਵਧਾਨ ਰਹਿਣ ਦਾ ਬੋਰਡ ਵੀ, ਜੇਬ-ਕਤਰਿਆਂ ਨੇ ਆਪ ਹੀ ਲਵਾਇਆ ਹੋਇਆ ਹੁੰਦਾ ਹੈ।

287

ਮੱਧਕਾਲ ਵਿਚ ਕਿਲ੍ਹੇ ਉਸਾਰੇ ਹਿਫ਼ਾਜ਼ਤ ਲਈ ਜਾਂਦੇ ਸਨ ਪਰ ਇਹ ਹਾਕਮਾਂ ਲਈ ਭਾਰੀ ਖਤਰਿਆਂ ਦਾ ਕੇਂਦਰ ਬਣ ਜਾਂਦੇ ਸਨ।

ਅੰਦਰਲਿਆਂ ਦਾ ਬਾਹਰਲਿਆਂ ਨਾਲ ਸੰਪਰਕ ਟੁੱਟ ਜਾਂਦਾ ਸੀ। ਘੇਰਾਬੰਦੀ ਕਰਨ ਵਾਲੀ ਫੌਜ ਨੂੰ ਪਤਾ ਹੁੰਦਾ ਸੀ ਕਿ ਦੁਸ਼ਮਣ ਕਿਥੇ ਲੁਕਿਆ ਹੋਇਆ ਹੈ। ਥੋੜ੍ਹੇ ਜਿਹੇ ਸਿਪਾਹੀਆਂ ਨਾਲ, ਕਿਲ੍ਹੇ ਅੰਦਰ ਬੰਦ ਵੱਡੀ ਫੌਜ ਦੀ ਘੇਰਾਬੰਦੀ ਕੀਤੀ ਜਾ ਸਕਦੀ ਸੀ।

ਅੰਦਰ ਬੰਦ ਹੋਣ ਕਰਕੇ, ਥਾਂ ਤੰਗ ਹੋਣ ਕਰਕੇ, ਹਮਲੇ ਦਾ ਡਰ ਹੋਣ ਕਰਕੇ, ਸਫਾਈ ਦਾ ਪ੍ਰਬੰਧ ਨਾ ਹੋਣ ਕਰਕੇ, ਬੀਮਾਰੀਆਂ ਫੈਲ ਜਾਂਦੀਆਂ ਸਨ। ਬਾਹਰ ਆਇਆ ਨਹੀਂ ਸੀ ਜਾ ਸਕਦਾ, ਜਦੋਂ ਕਿ ਘੇਰਾ ਪਾਉਣ ਵਾਲਿਆਂ ਕੋਲ ਸਾਰੇ ਵਸੀਲੇ ਹੁੰਦੇ ਸਨ।

ਕਿਉਂਕਿ ਹਾਕਮ ਅੰਦਰ ਲੁਕ ਜਾਂਦੇ ਸਨ ਅਤੇ ਪਰਜਾ ਨੂੰ ਨਿਆਸਰਾ ਛੱਡ ਦਿੱਤਾ ਜਾਂਦਾ ਸੀ, ਸੋ ਪਰਜਾ ਹਮਲਾਵਰਾਂ ਦਾ ਸਵਾਗਤ ਕਰਨ ਲੱਗ ਪੈਂਦੀ ਸੀ।

ਫੌਜੀ ਦ੍ਰਿਸ਼ਟੀ ਤੋਂ ਇਨ੍ਹਾਂ ਕਿਲ੍ਹਿਆਂ ਨੇ ਨੁਕਸਾਨ ਹੀ ਕੀਤਾ ਹੈ।

ਇਵੇਂ ਹੀ ਅਜੋਕੇ ਯੁਗ ਵਿਚ ਪਿਸਤੌਲ ਜਾਂ ਬੰਦੂਕ ਰੱਖੀ ਆਪਣੀ ਹਿਫ਼ਾਜ਼ਤ ਲਈ ਜਾਂਦੀ ਹੈ ਪਰ ਜੋ ਵੀ ਰੱਖਦਾ ਹੈ, ਉਸ ਨੂੰ ਪਿਸਤੌਲ ਜਾਂ ਬੰਦੂਕ ਦੀ ਰਾਖੀ ਕਰਨੀ ਪੈਂਦੀ ਹੈ ਅਤੇ

www.quotesinpunjabi.ml

QuotesInPunjabi
ਅੰਤ ਨੂੰ ਇਹ ਪਿਸਤੌਲ ਜਾਂ ਬੰਦੂਕ ਘਰ ਦੇ ਹੀ ਕਿਸੇ ਜੀਅ ਦੀ ਮੌਤ ਦਾ ਕਾਰਨ ਬਣਦੀ ਹੈ ਜਾਂ ਘਰ ਦਾ ਹੀ ਕੋਈ ਜੀਅ, ਇਸ ਨੂੰ ਖੁਦਕੁਸ਼ੀ ਕਰਨ ਲਈ ਵਰਤਦਾ ਹੈ।

288

ਪੁਰਾਤਨ ਸਮੇਂ ਵਿਚ ਦੋ ਗਵਾਂਢੀ ਰਿਆਸਤਾਂ ਲੜਨ ਲਈ ਆਹਮੇ-ਸਾਹਮਣੇ ਸਨ।

ਦੋਵੇਂ ਰਿਆਸਤਾਂ ਸ਼ਕਤੀਸ਼ਾਲੀ ਯੂਨਾਨ ਦਾ ਸਹਿਯੋਗ ਚਾਹੁੰਦੀਆਂ ਸਨ, ਕਿਉਂਕਿ ਯੂਨਾਨ ਦਾ ਸਹਿਯੋਗ ਪ੍ਰਾਪਤ ਕਰਨ ਵਾਲੀ ਰਿਆਸਤ ਨੇ ਜਿੱਤ ਜਾਣਾ ਸੀ ਅਤੇ ਦੂਜੀ ਰਿਆਸਤ ਦਾ ਨਾਮ-ਨਿਸ਼ਾਨ ਮਿੱਟ ਜਾਣਾ ਸੀ।

ਇਕ ਰਿਆਸਤ ਦੇ ਯੂਨਾਨ ਨਾਲ ਸਬੰਧ ਕਦੇ ਵੀ ਸੁਖਾਵੇਂ ਨਹੀਂ ਰਹੇ ਸਨ, ਸਗੋਂ ਉਹ ਇਕ ਦੂਜੇ ਦੇ ਵਿਰੋਧੀ ਰਹੇ ਸਨ। ਇਸ ਰਿਆਸਤ ਦਾ ਸਮੁੰਦਰੀ ਬੇੜਾ ਬੜਾ ਸ਼ਕਤੀਸ਼ਾਲੀ ਸੀ ਅਤੇ ਇਹ ਬੇੜਾ ਯੂਨਾਨ ਦੇ ਸਮੁੰਦਰੀ ਬੇੜੇ ਨਾਲ ਰਲ ਕੇ ਅਜਿੱਤ ਬਣ ਜਾਣਾ ਸੀ।

ਦੂਜੀ ਰਿਆਸਤ ਦੇ ਦੂਤ ਨੇ ਬੜੀ ਭਾਵਕ ਅਪੀਲ ਕਰਦਿਆਂ ਕਿਹਾ ਕਿ ਅਤੀਤ ਵਿਚ ਯੂਨਾਨ ਅਤੇ ਉਸਦੀ ਰਿਆਸਤ ਨੇ ਕਈ ਮੁਸ਼ਕਲਾਂ ਅਤੇ ਮੁਸੀਬਤਾਂ ਵਿਚ ਇਕ-ਦੂਜੇ ਨੂੰ ਸਹਿਯੋਗ ਦਿੱਤਾ ਸੀ। ਉਸ ਨੇ ਕਿਹਾ ਕਿ ਅਸੀਂ ਯੂਨਾਨ ਉਤੇ ਕਈ ਅਹਿਸਾਨ, ਪਰਉਪਕਾਰ ਅਤੇ ਮਿਹਰਬਾਨੀਆਂ ਕੀਤੀਆਂ ਹਨ, ਸਾਡੀਆਂ ਮਿਹਰਬਾਨੀਆਂ ਅਤੇ ਪਰਉਪਕਾਰਾਂ ਨੂੰ ਭੁਲਾਇਆ ਨਾ ਜਾਵੇ। ਅਸੀਂ ਪੁਰਾਣੇ ਸਾਥੀ ਹਾਂ, ਅਸੀਂ ਅੱਗੇ ਵੀ ਕੰਮ ਆਵਾਂਗੇ, ਸੋ ਯੂਨਾਨੀਆਂ ਨੂੰ ਸਾਡੀ ਮਦਦ ਕਰਨੀ ਚਾਹੀਦੀ ਹੈ।

ਤਜਰਬਾ ਦੱਸਦਾ ਹੈ ਕਿ ਕਿਸੇ ਤੋਂ ਮਦਦ ਮੰਗਣ ਵੇਲੇ, ਅਤੀਤ ਵਿਚ ਉਸ 'ਤੇ ਕੀਤੀਆਂ ਮਿਹਰਬਾਨੀਆਂ ਦਾ ਹਵਾਲਾ ਦੇਣਾ, ਲਾਭਕਾਰੀ ਸਾਬਤ ਨਹੀਂ ਹੁੰਦਾ। ਅਜਿਹਾ ਕਰਨ ਨਾਲ, ਜਿਸ ਤੋਂ ਮਦਦ ਮੰਗੀ ਜਾ ਰਹੀ ਹੁੰਦੀ ਹੈ, ਉਹ ਅਪਮਾਨਿਤ ਮਹਿਸੂਸ ਕਰਦਾ ਹੈ।

ਯੂਨਾਨੀਆਂ ਨੇ ਸਮੁੱਚੇ ਮਸਲੇ ਅਤੇ ਸਥਿਤੀ ਨੂੰ ਵਿਚਾਰਿਆ।

ਯੂਨਾਨੀ ਭਾਵਕਤਾ ਦੇ ਵਹਿਣ ਵਿਚ ਵਹਿਣ ਵਾਲੇ ਨਹੀਂ ਸਨ। ਉਨ੍ਹਾਂ ਨੇ ਸੋਚਿਆ ਉਨ੍ਹਾਂ ਦੇ ਹਿੱਤ ਕਿਧਰ ਸਨ ਅਤੇ ਉਹ ਕਿਹੜੇ ਢੰਗ ਨਾਲ ਵਧੇਰੇ ਤਾਕਤਵਰ ਹੋ ਸਕਦੇ ਸਨ।

ਜਿਸ ਰਿਆਸਤ ਨਾਲ ਉਨ੍ਹਾਂ ਦਾ ਪਹਿਲਾਂ ਵਿਰੋਧ ਸੀ, ਉਨ੍ਹਾਂ ਨੇ ਉਸ ਰਿਆਸਤ ਦੀ ਮਦਦ ਕਰਨ ਦਾ ਫੈਸਲਾ ਕੀਤਾ। ਇਵੇਂ ਕਰਨ ਨਾਲ ਉਹ ਆਪ ਵੀ ਵਧੇਰੇ ਸ਼ਕਤੀਸ਼ਾਲੀ ਹੋਏ।

289

ਪਿਆਰ ਦੇ ਆਰੰਭ ਵਿਚ, ਨਿਰੰਤਰ ਦਿਸਦੇ ਰਹਿਣਾ ਪਿਆਰ ਨੂੰ ਪੀਡਾ ਕਰਦਾ ਹੈ।

ਜਦੋਂ ਪਿਆਰ ਪੱਕ ਜਾਵੇ, ਉਸ ਸਮੇਂ ਗੈਰ-ਹਾਜ਼ਰ ਹੋਣ ਨਾਲ ਪਿਆਰ ਵਧਦਾ ਹੈ।

ਇਸ ਨੇਮ ਨੂੰ ਉਲਟਾ ਕਰਨ ਨਾਲ, ਨਾ ਪਿਆਰ ਪੈਂਦਾ ਹੈ, ਨਾ ਰਹਿੰਦਾ ਹੈ।

ਗੈਰਹਾਜ਼ਰ ਰਹਿਣ ਨਾਲ ਪਿਆਰ ਪੈਂਦਾ ਨਹੀਂ। ਪੈ ਜਾਣ 'ਤੇ ਨਿਰੰਤਰ ਦਿਸਦੇ ਰਹਿਣ ਨਾਲ, ਇਹ ਵਧਦਾ ਨਹੀਂ, ਘਟਦਾ ਹੈ ਅਤੇ ਅਕਸਰ ਮੁੱਕ ਜਾਂਦਾ ਹੈ।

www.quotesinpunjabi.ml

QuotesInPunjabi

290

ਇਕ ਗੁਰੂ ਦੇ ਦੋ ਸ਼ਿਸ਼ ਸਨ, ਦੋਵੇਂ ਬਹਾਦਰ ਅਤੇ ਸਿਆਣੇ ਸਨ।

ਇਕ ਦਿਨ, ਉਨ੍ਹਾਂ ਚੋਹਾਂ ਨੇ ਗੁਰੂ ਨੂੰ ਕਿਹਾ: ਅੱਜ ਫੈਸਲਾ ਕਰ ਦਿਓ ਕਿ ਕਿਹੜਾ ਸ਼ਿਸ਼ ਅਵਲ ਹੈ। ਗੁਰੂ ਨੇ ਕਿਹਾ: ਤੁਸੀਂ ਦੋਵੇਂ ਅਵਲ ਹੋ ਪਰ ਉਹ ਨਹੀਂ ਮੰਨੇ।

ਗੁਰੂ ਨੇ ਦੋਹਾਂ ਨੂੰ ਦੂਰ ਦਿਸਦੇ, ਇਕ ਦਰੱਖਤ ਨੂੰ ਹੱਥ ਲਾ ਕੇ ਆਉਣ ਲਈ ਕਿਹਾ। ਦੋਵੇਂ ਦੌੜ ਕੇ ਗਏ। ਜਦੋਂ ਵਾਪਸ ਆਏ ਤਾਂ ਗੁਰੂ ਨੇ ਇਕ ਨੂੰ ਕਿਹਾ: ਤੂੰ ਮੈਨੂੰ ਜਾਂਦਿਆਂ ਅਵਲ ਲਗਿਆ ਸੀ, ਦੂਜੇ ਨੂੰ ਕਿਹਾ: ਤੂੰ ਮੈਨੂੰ ਆਉਂਦਿਆਂ ਅਵਲ ਲਗਿਆ ਸੀ।

291

ਅਰਬ ਦੇਸ਼ ਦੇ ਇਕ ਸਿਆਣੇ ਵਜ਼ੀਰ ਨੇ ਬਾਦਸ਼ਾਹ ਦੀ ਤੀਹ ਸਾਲ ਇਮਾਨਦਾਰੀ ਨਾਲ ਸੇਵਾ ਕੀਤੀ ਸੀ ਪਰ ਉਸ ਵਜ਼ੀਰ ਦੇ ਦੋਖੀ ਦਰਬਾਰੀਆਂ ਨੇ ਬਾਦਸ਼ਾਹ ਦੇ ਕੰਨ ਭਰ-ਭਰ ਕੇ ਅਤੇ ਗੰਭੀਰ ਦੋਸ਼ ਲਾ ਕੇ, ਉਸ ਨੂੰ ਮੌਤ ਦੀ ਸਜ਼ਾ ਸੁਣਵਾ ਦਿੱਤੀ।

ਉਸ ਵੇਲੇ ਦੇ ਰਿਵਾਜ ਅਨੁਸਾਰ, ਆਲੇ-ਦੁਆਲੇ ਬੈਠੇ ਲੋਕਾਂ ਦੇ ਵਿਚਕਾਰ, ਅਖਾੜੇ ਵਿਚ, ਵਿਅਕਤੀ ਨੂੰ ਮੌਤ ਦੇ ਘਾਟ ਉਤਾਰਨ ਲਈ, ਉਸ 'ਤੇ ਕੁੱਤੇ ਛੱਡੇ ਜਾਂਦੇ ਸਨ।

ਮੌਤ ਦੀ ਸਜ਼ਾ ਮਿਲਣ ਤੋਂ ਇਕ ਦਿਨ ਪਹਿਲਾਂ ਵਜ਼ੀਰ ਨੇ ਬਾਦਸ਼ਾਹ ਨੂੰ ਬੇਨਤੀ ਕੀਤੀ ਕਿ ਉਸ ਨੂੰ ਦਸ ਦਿਨ ਦੀ ਮੋਹਲਤ ਦਿੱਤੀ ਜਾਵੇ ਤਾਂ ਜੁ ਉਹ ਪਰਿਵਾਰ ਲਈ ਗੁਜ਼ਾਰੇ ਦਾ ਕੋਈ ਪ੍ਰਬੰਧ ਕਰ ਸਕੇ । ਉਸਦੀ ਲੰਮੀ ਸੇਵਾ ਨੂੰ ਧਿਆਨ ਵਿਚ ਰੱਖਦਿਆਂ, ਬਾਦਸ਼ਾਹ ਨੇ ਮੋਹਲਤ ਦੇ ਦਿੱਤੀ। ਮੋਹਲਤ ਮਿਲਣ ਉਪਰੰਤ ਉਹ ਕੁੱਤੇ-ਖਾਨੇ ਵਿਚ ਗਿਆ ਅਤੇ ਮੋਹਲਤ ਦੇ ਦਸ ਦਿਨ ਉਸ ਨੇ ਕੁੱਤਿਆਂ ਦੀ ਖ਼ੂਬ ਸੇਵਾ ਕੀਤੀ। ਕੁੱਤੇ ਉਸ ਦੇ ਮਤਵਾਲੇ ਹੋ ਗਏ ਸਨ।

ਸਜ਼ਾ ਵਾਲੇ ਦਿਨ ਜਦੋਂ ਵਜ਼ੀਰ ਉਤੇ ਕੁੱਤੇ ਛੱਡੇ ਗਏ ਤਾਂ ਉਹ ਵੱਢਣ ਦੀ ਥਾਂ ਵਜ਼ੀਰ ਦੇ ਹੱਥ-ਪੈਰ ਚੱਟਣ ਲਗ ਪਏ। ਬਾਦਸ਼ਾਹ ਹੈਰਾਨ ਹੋਇਆ ਅਤੇ ਹੈਰਾਨੀ ਨਾਲ ਪੁੱਛਿਆ: ਇਹ ਕੀ ਹੋ ਰਿਹਾ ਹੈ ? ਵਜ਼ੀਰ ਨੇ ਕਿਹਾ: ਤੁਹਾਡੇ ਵਲੋਂ ਮਿਲੀ ਮੋਹਲਤ ਦੇ ਦਸ ਦਿਨ ਮੈਂ ਇਨ੍ਹਾਂ ਕੁੱਤਿਆਂ ਦੀ ਸੇਵਾ ਕੀਤੀ ਹੈ, ਇਹ ਮੇਰੀ ਸੇਵਾ ਦਾ ਮੁੱਲ ਤਾਰ ਰਹੇ ਹਨ।

ਤੁਹਾਡੀ ਮੈਂ ਤੀਹ ਸਾਲ ਸੇਵਾ ਕੀਤੀ ਹੈ, ਤੁਸੀਂ ਮੇਰੀ ਸੇਵਾ ਦਾ ਕੀ ਮੁੱਲ ਤਾਰਿਆ ਹੈ ?

292

ਪ੍ਰਸਿੱਧ ਮੂਰਤੀਕਾਰ ਮਾਈਕਲ ਐਂਜਲੋ ਨੇ ਜਦੋਂ ਇਕ ਬੁੱਤ ਬਣਾਇਆ ਤਾਂ ਉਸ ਵੇਲੇ ਦਾ ਪ੍ਰਸਿੱਧ ਸੋਹਜਵਾਦੀ ਆਲੋਚਕ ਅਤੇ ਪਾਰਖੂ ਸਾਰਡਗੀਨੀ ਉਹ ਬੁੱਤ ਵੇਖਣ ਆਇਆ।

ਵੇਖ ਕੇ ਸਾਰਡਗੀਨੀ ਨੇ ਕਿਹਾ: ਨੱਕ, ਲੋਤ ਨਾਲੋਂ ਵੱਡਾ ਹੈ।

ਮਾਈਕਲ ਐਂਜਲੋ, ਉਸ ਨਾਲ ਬਹਿਸ ਨਹੀਂ ਸੀ ਕਰਨੀ ਚਾਹੁੰਦਾ, ਕਿਉਂਕਿ ਉਸ ਨੂੰ ਸਾਰਡਗੀਨੀ ਰਾਹੀਂ ਹੀ ਕੰਮ ਮਿਲਦਾ ਸੀ। ਮਾਈਕਲ ਐਂਜਲੋ ਨੇ ਸਾਰਡਗੀਨੀ ਨੂੰ ਸੁਣ ਕੇ ਕਿਹਾ: ਮੈਂ ਇਸ ਨੂੰ ਸੁਧਾਰਾਂਗਾ, ਤੁਸੀਂ ਕੱਲ੍ਹ ਵੇਖਣਾ।

www.quotesinpunjabi.ml

QuotesInPunjabi

ਮਾਈਕਲ ਐਂਜਲੋ ਨੇ ਬੁੱਤ ਦੇ ਨੱਕ 'ਤੇ, ਚਿੱਟੀ ਮਿੱਟੀ ਗੁੰਨ ਕੇ ਥੱਪ ਦਿੱਤੀ ਅਤੇ ਅਗਲੇ ਦਿਨ ਸਾਰਡਰੀਨੀ ਦੇ ਸਾਹਮਣੇ ਹੌਲੀ-ਹੌਲੀ ਨਿੱਕੀ ਛੈਣੀ ਦੀਆਂ ਛੋਹਾਂ ਨਾਲ ਉਹ ਥੱਪੀ ਹੋਈ ਮਿੱਟੀ ਛਿੱਲਦਾ ਰਿਹਾ ਅਤੇ ਪੂਰੀ ਤਰ੍ਹਾਂ ਛਿੱਲ ਕੇ ਕਿਹਾ: ਹੁਣ ਵੇਖੋ!

ਸਾਰਡਰੀਨੀ ਨੇ ਧਿਆਨ ਨਾਲ ਵੇਖਿਆ ਅਤੇ ਕਿਹਾ: ਹੁਣ ਠੀਕ ਹੈ।

ਹੈ ਤਾਂ ਮਾਈਕਲ ਐਂਜਲੋ ਠੀਕ ਸੀ ਪਰ ਉਸ ਨੇ ਬਹਿਸ ਨਹੀਂ ਕੀਤੀ। ਆਪ ਬੁੱਤ ਬਣਾਉਣ ਦਾ ਮਾਣ ਨਹੀਂ ਕੀਤਾ, ਸਾਰਡਰੀਨੀ ਨੂੰ ਮਾਣ ਦਿੱਤਾ ਕਿ ਉਸ ਪ੍ਰਸਿੱਧ ਬੁੱਤ ਨੂੰ ਸੁਧਾਰਨ ਅਤੇ ਉਸ ਨੂੰ ਸ਼ਾਹਕਾਰ ਬਣਾਉਣ ਦਾ ਕਾਰਜ ਸਾਰਡਰੀਨੀ ਨੇ ਕਰਵਾਇਆ ਸੀ।

ਚੰਗਾ ਹੋਣਾ ਹੀ ਕਾਫੀ ਨਹੀਂ ਹੁੰਦਾ, ਸਿਆਣਾ ਹੋਣਾ ਵੀ ਜ਼ਰੂਰੀ ਹੁੰਦਾ ਹੈ।

293

ਚੋਰ ਦੌੜ ਰਿਹਾ ਹੈ, ਸਿਪਾਹੀ ਪਿੱਛਾ ਕਰ ਰਿਹਾ ਹੈ।

ਚੋਰ, ਸਿਪਾਹੀ ਨੂੰ ਦੌੜਾ ਰਿਹਾ ਹੈ। ਸਿਪਾਹੀ, ਚੋਰ ਜਿਤਨਾ ਤੇਜ਼ ਦੌੜਨਾ ਚਾਹੁੰਦਾ ਹੈ, ਬਲਕਿ ਚੋਰ ਨਾਲੋਂ ਵੀ ਤੇਜ਼ ਦੌੜ ਕੇ ਚੋਰ ਨੂੰ ਫੜਨ ਵਿਚ ਸਫਲ ਹੋਣਾ ਚਾਹੁੰਦਾ ਹੈ।

ਇਵੇਂ ਹੀ ਹਰ ਵਿਅਕਤੀ ਸਫਲਤਾ ਪਿਛੇ ਦੌੜ ਰਿਹਾ ਹੈ।

ਸਾਡੇ ਅੱਗੇ-ਅੱਗੇ ਸਫਲਤਾ ਦੌੜ ਰਹੀ ਹੈ, ਸਫਲਤਾ ਦੀ ਖਿਚ, ਸਫਲਤਾ ਦਾ ਰੇਤ-ਛੱਲ, ਸਫਲਤਾ ਦੀ ਤ੍ਰਿਸ਼ਨਾ ਸਾਨੂੰ ਦੌੜਾ ਰਹੀ ਹੈ।

ਅਸੀਂ ਸਫਲਤਾ ਪਿੱਛੇ ਇਸ ਲਈ ਦੌੜਦੇ ਹਾਂ ਕਿਉਂਕਿ ਅਸੀਂ ਸਫਲਤਾ ਨੂੰ ਪ੍ਰਸੰਨਤਾ ਨਾਲ ਜੋੜ ਦਿੱਤਾ ਹੈ। ਦੌੜ ਅਸਲੀਅਤ ਹੈ, ਸਫਲਤਾ ਭਰਮ ਹੈ।

ਸਫਲਤਾ ਨਾਲ ਪ੍ਰਸੰਨਤਾ ਆਪ-ਮੁਹਾਰੇ ਨਹੀਂ ਮਿਲਦੀ, ਸਫਲਤਾ ਨਾਲ ਕੇਵਲ ਹੋਰ ਦੌੜ ਮਿਲਦੀ ਹੈ। ਪ੍ਰਸੰਨਤਾ ਦਾ ਮਾਰਗ, ਸਫਲਤਾ ਦੇ ਮਾਰਗ ਤੋਂ ਵੱਖਰਾ ਹੈ, ਵੱਖਰੀ ਦਿਸ਼ਾ ਵਲ ਹੈ, ਵੱਖਰੇ ਸੁਭਾਓ ਵਾਲਾ ਹੈ।

ਪ੍ਰਸੰਨਤਾ ਨੂੰ ਅਸੀਂ ਸਮਝਦੇ ਹੀ ਨਹੀਂ, ਇਸ ਲਈ ਇਸ ਨੂੰ ਮਾਣਦੇ ਵੀ ਨਹੀਂ। ਪ੍ਰਸੰਨਤਾ ਮਾਣਨ ਲਈ ਸਾਨੂੰ ਨਿਰਛਲ, ਨਿਰਵੈਰ ਅਤੇ ਸੰਤੁਸ਼ਟ ਹੋਣਾ ਪੈਂਦਾ ਹੈ। ਜੋ ਸਾਡੇ ਕੋਲ ਹੈ, ਉਸ ਦਾ ਮਾਣ ਕਰਨਾ ਸਿੱਖਣਾ ਪਏਗਾ।

ਸਾਨੂੰ ਪ੍ਰਸੰਨਤਾ ਦੀ ਲੋੜ ਉਦੋਂ ਹੀ ਮਹਿਸੂਸ ਹੁੰਦੀ ਹੈ, ਜਦੋਂ ਅਸੀਂ ਆਪ ਪ੍ਰਸੰਨਤਾ ਦੇ ਰਾਹ ਵਿਚ ਲਾਲਚ, ਸਾੜੇ ਅਤੇ ਮੁਕਾਬਲੇ ਦੀਆਂ ਰੁਕਾਵਟਾਂ ਉਸਾਰ ਲੈਂਦੇ ਹਾਂ, ਇਨ੍ਹਾਂ ਰੁਕਾਵਟਾਂ ਨੂੰ ਹਟਾਉਣ ਨਾਲ, ਇਸੇ ਪਲ ਪ੍ਰਸੰਨ ਹੋਇਆ ਜਾ ਸਕਦਾ ਹੈ।

294

ਜਦੋਂ ਤੀਰ-ਅੰਦਾਜ਼ ਤੀਰ ਚਲਾਵੇ ਪਰ ਵੇਖੇ ਨਿਸ਼ਾਨੇ ਨੂੰ
ਜਦੋਂ ਕ੍ਰਿਕਟ ਦਾ ਖਿਡਾਰੀ ਆ ਰਹੀ ਬਾਲ ਵਿਚੋਂ ਛੱਕਾ ਵੇਖੇ
ਜਦੋਂ ਬੁੱਤਸਾਜ਼ ਪੱਥਰ ਦੀ ਬੇਢੰਗੀ ਸਿੱਲ ਵਿਚੋਂ ਮੂਰਤੀ ਵੇਖੇ
ਜਦੋਂ ਸੰਗੀਤਕਾਰ ਨੂੰ ਪਏ ਹੋਏ ਸਾਜ਼ ਵਿਚੋਂ ਧੁਨ ਸੁਣਾਈ ਦੇਵੇ

www.quotesinpunjabi.ml

QuotesInPunjabi

ਜਦੋਂ ਪ੍ਰੇਮੀ ਨੂੰ ਆ ਰਹੀ ਪ੍ਰੇਮਿਕਾ ਵਿਚੋਂ ਕੁਦਰਤ ਦੇ ਦੀਦਾਰ ਹੋਣ
ਜਦੋਂ ਵਿਦਿਆਰਥੀ ਨੂੰ ਅਧਿਆਪਕ ਵਿਚੋਂ ਵਿਸ਼ਵ-ਵਿਦਿਆਲਾ ਦਿਖਾਈ ਦੇਵੇ
ਜਦੋਂ ਕੋਈ, ਕੰਮ ਕਰਦਿਆਂ ਨਾਲ ਗੁਣ-ਗੁਣਾ ਰਿਹਾ ਹੋਵੇ
ਜਦੋਂ ਸੰਤਾਨ ਨੂੰ ਮਾਂ ਵਿਚੋਂ ਰੱਬ ਦਿਸਣ ਲੱਗ ਜਾਵੇ

ਉਦੋਂ ਵਿਸਮਾਦ ਦੇ ਪਲ ਹੁੰਦੇ ਹਨ, ਉਦੋਂ ਪ੍ਰਸੰਨਤਾ ਦਾ ਆਲਮ ਹੁੰਦਾ ਹੈ, ਉਦੋਂ ਸਾਡੀ ਆਤਮਾ ਜਾਗਦੀ ਹੈ। ਅਜਿਹੇ ਪਲ ਮਹਿਸੂਸ ਹੀ ਕੀਤੇ ਜਾ ਸਕਦੇ ਹਨ, ਬਿਆਨ ਨਹੀਂ ਕੀਤੇ ਜਾ ਸਕਦੇ ਪਰ ਅਜਿਹੇ ਪਲ ਆਉਂਦੇ ਹਰ ਕਿਸੇ ਦੇ ਜੀਵਨ ਵਿਚ ਹਨ, ਬਸ ਵੇਖਣ ਵਾਲੀਆਂ ਆਤਮਕ ਅੱਖਾਂ ਚਾਹੀਦੀਆਂ ਹੁੰਦੀਆਂ ਹਨ।

295

ਇਕ ਹੋਟਲ ਦੇ ਪਿਛਲੇ ਪਾਸੇ ਦਰਿਆ ਲਗਦਾ ਸੀ। ਪਿਛੇ ਦਰਿਆ ਲੱਗਣ ਕਰਕੇ ਹੀ ਇਹ ਹੋਟਲ ਸੈਲਾਨੀਆਂ ਅਤੇ ਯਾਤਰੀਆਂ ਦੀ ਪਸੰਦ ਸੀ।

ਇਥੇ ਠਹਿਰਨ ਵਾਲੇ ਸੈਲਾਨੀ ਜਾਂ ਮਹਿਮਾਨ ਕਮਰੇ ਦੀ ਬਾਰੀ ਵਿਚੋਂ ਮੱਛੀਆਂ ਫੜਨ ਲਗ ਪੈਂਦੇ ਸਨ ਅਤੇ ਨਾਸ਼ਤੇ ਅਤੇ ਖਾਣੇ ਲਈ ਆਉਂਦੇ ਨਹੀਂ ਸਨ, ਜਿਸ ਕਾਰਨ ਹੋਟਲ ਦੀ ਆਮਦਨ 'ਤੇ ਅਸਰ ਪੈਂਦਾ ਸੀ। ਮਾਲਕ ਪਰੇਸ਼ਾਨ ਸਨ। ਉਨ੍ਹਾਂ ਨੇ ਇਕ ਮਾਹਿਰ ਮਨੋਵਿਗਿਆਨੀ ਨੂੰ, ਸਥਿਤੀ ਦਾ ਮੁਲਾਂਕਣ ਕਰਕੇ ਸੁਝਾਓ ਦੇਣ ਲਈ ਕਿਹਾ।

ਮਨੋਵਿਗਿਆਨੀ ਨੇ ਕਮਰਿਆਂ ਦਾ ਮੁਆਇਨਾ ਕਰਦਿਆਂ ਵੇਖਿਆ ਕਿ ਹਰ ਕਮਰੇ ਵਿਚ ਤਖਤੀ ਲਗੀ ਸੀ, ਜਿਸ 'ਤੇ ਲਿਖਿਆ ਸੀ: ਕਮਰੇ ਦੀ ਬਾਰੀ ਵਿਚੋਂ ਮੱਛੀਆਂ ਫੜਨਾ ਮਨ੍ਹਾ ਹੈ। ਮਨੋਵਿਗਿਆਨੀ ਨੇ ਮਾਲਕਾਂ ਨੂੰ ਦਸਿਆ ਕਿ ਜਦੋਂ ਕਿਸੇ ਨੂੰ ਕੁਝ ਕਰਨ ਤੋਂ ਮਨ੍ਹਾਂ ਕੀਤਾ ਜਾਂਦਾ ਹੈ ਤਾਂ ਉਹ ਦੋ ਸੰਕੇਤ ਪ੍ਰਾਪਤ ਕਰਦਾ ਹੈ: ਮੱਛੀਆਂ ਫੜੀਆਂ ਜਾ ਸਕਦੀਆਂ ਹਨ ਪਰ ਮੱਛੀਆਂ ਫੜਨਾ ਮਨ੍ਹਾ ਹੈ।

ਮਹਿਮਾਨ ਮਨਾਹੀ ਦੀ ਉਲੰਘਣਾ ਮਾਣਦੇ ਹਨ।

ਮਨੋਵਿਗਿਆਨੀ ਨੇ ਹਰ ਕਮਰੇ ਵਿਚੋਂ ਮਨਾਹੀ ਵਾਲੀ ਤਖਤੀ ਉਤਰਵਾ ਦਿੱਤੀ।

ਉਸ ਉਪਰੰਤ ਮਹਿਮਾਨਾਂ ਨੂੰ ਮੱਛੀਆਂ ਫੜਨ ਦਾ ਖਿਆਲ ਹੀ ਨਹੀਂ ਆਇਆ।

296

ਭਾਰਤ ਨੂੰ ਗਾਂਧੀ ਜੀ ਨੇ ਆਜ਼ਾਦ ਕਰਵਾਇਆ ਸੀ, ਦੱਖਣੀ ਅਫਰੀਕਾ ਨੂੰ ਨੈਲਸਨ ਮੰਡੇਲਾ ਨੇ। ਨੈਲਸਨ ਮੰਡੇਲਾ ਨੇ ਅਠਾਈ ਸਾਲ ਜੇਲ੍ਹ ਦੀ ਕੈਦ ਵਿੱਚ ਗੁਜ਼ਾਰੇ ਸਨ।

ਕੈਦ ਦੌਰਾਨ ਮੰਡੇਲਾ ਨੇ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦਾ, ਆਪ ਆਜ਼ਾਦ ਦੇਸ਼ ਵਿਚ ਰਹਿਣ ਦਾ ਸੁਪਨਾ, ਮਰਨ ਨਹੀਂ ਸੀ ਦਿੱਤਾ।

ਜਦੋਂ ਅਪਮਾਨਜਨਕ ਲੰਮੀ ਕੈਦ ਉਪਰੰਤ, ਮੰਡੇਲਾ ਨੂੰ ਰਿਹਾਅ ਕੀਤਾ ਗਿਆ ਤਾਂ ਉਸ ਦੇ ਸਾਥੀਆਂ ਅਤੇ ਸਮਰਥਕਾਂ ਨੇ ਕਿਹਾ ਸੀ ਕਿ ਅਸੀਂ ਆਪਣੇ ਉਤੇ ਹੋਏ ਜ਼ੁਲਮਾਂ ਅਤੇ ਮੰਡੇਲਾ ਨਾਲ ਹੋਏ ਦੁਰਵਿਹਾਰ ਦਾ ਬਦਲਾ ਲਵਾਂਗੇ।

www.quotesinpunjabi.ml

QuotesInPunjabi

ਇਹ ਸੁਣ ਕੇ ਮੰਡੇਲਾ ਨੇ ਕਿਹਾ ਸੀ: ਮੈਂ ਅਠਾਈ ਸਾਲ ਸਰੀਰਕ ਪੱਖੋਂ ਅੰਗਰੇਜ਼ਾਂ ਦਾ ਕੈਦੀ ਰਿਹਾ ਹਾਂ, ਹੁਣ ਮੈਂ ਬਦਲੇ ਦੀ ਭਾਵਨਾ ਨਾਲ, ਉਨ੍ਹਾਂ ਦਾ ਮਾਨਸਿਕ ਕੈਦੀ ਨਹੀਂ ਬਣਨਾ ਚਾਹੁੰਦਾ। ਉਸ ਨੇ ਇਕ ਮੁਆਫ਼ੀ ਅੰਦੋਲਨ ਚਲਾਇਆ ਸੀ ਤਾਂ ਕਿ ਦੇਸ਼ਵਾਸੀ, ਜ਼ਾਲਮ ਹਾਕਮਾਂ ਨੂੰ ਮੁਆਫ਼ ਕਰਕੇ, ਪੱਕੇ ਕਦਮਾਂ ਨਾਲ ਅੱਗੇ ਵਧਣ।

ਦੇਸ਼ ਨੂੰ ਆਜ਼ਾਦ ਕਰਵਾਉਣ ਉਪਰੰਤ, ਮੰਡੇਲਾ ਦਾ ਦੂਜਾ ਵੱਡਾ ਯੋਗਦਾਨ, ਦੇਸ਼ ਵਾਸੀਆਂ ਨੂੰ ਬਦਲੇ ਦੀ ਭਾਵਨਾ ਤੋਂ ਮੁਕਤ ਕਰਵਾਉਣਾ ਸੀ।

297

ਅਸੀਂ ਮੱਝ ਨੂੰ ਘੋੜੇ ਤੋਂ, ਘੋੜੇ ਨੂੰ ਊਠ ਤੋਂ, ਊਠ ਨੂੰ ਹਾਥੀ ਤੋਂ ਕਿਵੇਂ ਵੱਖਰਿਆਉਂਦੇ ਹਾਂ ? ਹਰੇਕ ਜੀਵ ਦਾ ਇਕ ਦਾਇਰਾ ਹੁੰਦਾ ਹੈ। ਹਰੇਕ ਜੀਵ ਉਸ ਦਾਇਰੇ ਵਿਚ ਰਹਿੰਦਾ ਹੈ।

ਪਿਤਾ, ਪੁੱਤਰ, ਭਰਾ, ਪਤੀ, ਧੀ, ਭੈਣ ਆਦਿ ਵੀ ਦਾਇਰੇ ਹਨ।

ਜਦੋਂ ਕੋਈ ਆਪਣੇ ਦਾਇਰੇ ਵਿਚੋਂ ਬਾਹਰ ਨਿਕਲਦਾ ਹੈ, ਖੱਚਰ ਅਤੇ ਹੀਜੜੇ ਵਾਂਗ ਉਸ ਦੀ ਪਛਾਣ ਖਤਰੇ ਵਿਚ ਪੈ ਜਾਂਦੀ ਹੈ। ਇਹ ਦਾਇਰੇ ਨੂੰ ਉਲੰਘਣ ਦਾ ਦੰਡ ਹੁੰਦਾ ਹੈ।

ਜੀਵਨ ਵਿਚ ਆਪਣੇ ਦਾਇਰੇ ਵਿਚ ਰਹਿਣ ਨੂੰ ਸੰਜਮ ਕਹਿੰਦੇ ਹਨ, ਪਰਿਵਾਰ ਵਿਚ ਇਸ ਦਾ ਨਾਂ ਕਰਤੱਵ ਹੁੰਦਾ ਹੈ। ਧਰਮ ਵਿਚ ਇਸ ਦਾਇਰੇ ਨੂੰ ਮਰਯਾਦਾ ਕਿਹਾ ਗਿਆ ਹੈ, ਸਮਾਜ ਵਿਚ ਪਰੰਪਰਾ ਅਤੇ ਫੌਜ ਵਿਚ ਇਸ ਨੂੰ ਅਨੁਸ਼ਾਸਨ ਕਹਿੰਦੇ ਹਨ।

ਪਿਆਰ ਵਿਚ ਇਸ ਨੂੰ ਵਫਾਦਾਰੀ ਕਹਿੰਦੇ ਹਨ।

ਪ੍ਰਸੰਨਤਾ ਦਾਇਰੇ ਵਿਚ ਵਿਚਰਨ ਵਿਚੋਂ ਮਿਲਦੀ ਹੈ ਅਤੇ ਤਸੱਲੀ ਅਤੇ ਸੰਤੁਸ਼ਟਤਾ, ਦਾਇਰੇ ਨੂੰ ਵੱਡਾ-ਵਿਸ਼ਾਲ ਕਰਨ ਵਿਚੋਂ ਮਿਲਦੀ ਹੈ, ਜਦੋਂ ਕਿ ਦਾਇਰੇ ਨੂੰ ਉਲੰਘਣ ਵਿਚ ਪਰੇਸ਼ਾਨੀ ਅਤੇ ਗੁਮਨਾਮੀ ਹੀ ਮਿਲਦੀ ਹੈ।

ਆਪਣੇ ਦਾਇਰੇ ਵਿਚ ਰਹੋਗੇ, ਪਛਾਣ ਬਣੀ ਰਹੇਗੀ, ਵਿਕਾਸ ਹੁੰਦਾ ਰਹੇਗਾ।

298

ਕੀੜੀਆਂ ਕਦੇ ਹਾਰ ਨਹੀਂ ਮੰਨਦੀਆਂ। ਇਨ੍ਹਾਂ ਦੇ ਰਸਤੇ ਵਿਚ ਰੁਕਾਵਟ ਖੜ੍ਹੀ ਕਰੋ, ਉਲੰਘ ਜਾਣਗੀਆਂ। ਉਪਰੋਂ, ਥੱਲੋਂ, ਵਿਚਕਾਰੋਂ, ਸੱਜਿਓਂ, ਇਹ ਹਰ ਹਾਲਤ ਵਿਚ ਕੋਈ ਰਸਤਾ ਲੱਭ ਲੈਣਗੀਆਂ। ਇਹ ਗਰਮੀਆਂ ਵਿਚ ਸਰਦੀਆਂ ਬਾਰੇ ਸੋਚਦੀਆਂ ਹਨ, ਇਨ੍ਹਾਂ ਦੀ ਯੋਜਨਾਬੰਦੀ ਅਤੇ ਪ੍ਰਬੰਧਕੀ ਯੋਗਤਾ ਪ੍ਰਸਿੱਧ ਹੈ।

ਸਰਦੀ ਵਿਚ, ਗਰਮੀਆਂ ਨੂੰ ਇਹ ਇਸ ਆਸ ਨਾਲ ਉਡੀਕਦੀਆਂ ਹਨ ਕਿ ਭਲੇ ਦਿਨ ਆਉਣਗੇ। ਫਿਰ ਅਚਾਨਕ ਇਕ ਦਿਨ ਇਹ ਬਾਹਰ ਨਿਕਲ ਆਉਂਦੀਆਂ ਹਨ। ਜੇ ਫਿਰ ਸਰਦੀ ਪੈ ਜਾਵੇ ਤਾਂ ਸੰਕਟ ਨਾਲ ਨਜਿੱਠਣ ਲਈ, ਵਾਪਸ ਜਾਣ ਲਈ, ਇਹ ਝੱਟ ਸਹਿਮਤ ਹੋ ਜਾਂਦੀਆਂ ਹਨ। ਇਹ ਆਪਣੀ ਵਿਤ ਅਨੁਸਾਰ, ਲੋੜ ਪੂਰੀ ਕਰਨ ਜੋਗਾ ਅਨਾਜ ਇਕੱਤਰ ਕਰਦੀਆਂ ਹਨ, ਜਿਤਨਾ ਸੰਭਵ ਹੋਵੇ, ਉਤਨਾ। ਕੋਈ ਕੀੜੀ ਕਿਸੇ ਹੋਰ ਦੀ ਚੋਰੀ ਨਹੀਂ ਕਰਦੀ, ਜੋ ਕੋਲ ਹੁੰਦਾ ਹੈ, ਉਸੇ ਨਾਲ ਗੁਜ਼ਾਰਾ ਕਰਦੀਆਂ ਹਨ।

www.quotesinpunjabi.ml

QuotesInPunjabi

ਕੁਦਰਤ ਨੇ ਇਨ੍ਹਾਂ ਨੂੰ ਕੀ ਸੋਚ ਕੇ ਪੈਦਾ ਕੀਤਾ ਹੈ ?

ਨਿਰਸੰਦੇਹ ਇਹ ਸੋਚ ਕੇ ਪੈਦਾ ਕੀਤਾ ਹੋਵੇਗਾ ਕਿ ਆਕਾਰ ਮਹੱਤਵਪੂਰਨ ਨਹੀਂ ਹੁੰਦਾ, ਚਰਿੱਤਰ ਅਤੇ ਵਿਹਾਰ ਮੁਲਵਾਨ ਹੁੰਦਾ ਹੈ।

299

ਇਕ ਘਰ ਵਿਚ ਲਕਸ਼ਮੀ ਦਾ ਵਾਸ ਸੀ। ਸੁਪਨੇ ਵਿਚ ਲਕਸ਼ਮੀ ਨੇ ਸੇਠ ਨੂੰ ਦਸਿਆ ਕਿ ਤੇਰੇ ਪੁੰਨ ਮੁੱਕ ਗਏ ਹਨ, ਸੋ ਮੇਰੀ ਇਥੇ ਠਹਿਰਨ ਦੀ ਮਿਆਦ ਵੀ ਮੁੱਕ ਗਈ ਹੈ, ਕੁਝ ਦਿਨਾਂ ਵਿਚ ਮੈਂ ਵਿਦਾ ਹੋ ਜਾਵਾਂਗੀ। ਮੈਂ ਤੇਰੀ ਭਗਤੀ ਤੋਂ ਪ੍ਰਸੰਨ ਹਾਂ, ਕੁਝ ਮੰਗਣਾ ਹੈ ਤਾਂ, ਮੰਗ ਲੈ। ਸੇਠ ਨੇ ਕਿਹਾ ਆਪਣੇ ਪਰਿਵਾਰ ਨਾਲ ਸਲਾਹ ਕਰਕੇ ਦੱਸਾਂਗਾ।

ਸਲਾਹ ਕੀਤੀ, ਕਿਸੇ ਜੀਅ ਨੇ ਕਿਹਾ, ਬੰਗਲਾ ਮੰਗੋ, ਕਿਸੇ ਨੇ ਹੀਰੇ, ਕਿਸੇ ਨੇ ਮਹਿੰਗੀ ਕਾਰ ਮੰਗਣ ਦੀ ਗੱਲ ਕਹੀ।

ਸਭ ਤੋਂ ਛੋਟੀ ਨੂੰਹ ਨੇ ਕਿਹਾ: ਜੇ ਲਕਸ਼ਮੀ ਨੇ ਚਲੇ ਜਾਣਾ ਹੈ ਤਾਂ ਇਹ ਚੀਜ਼ਾਂ ਵੀ ਚਲੀਆਂ ਜਾਣਗੀਆਂ। ਜੇ ਮੰਗਣਾ ਹੈ ਤਾਂ ਮੰਗੋ ਕਿ ਸਾਡਾ ਆਪਸ ਵਿਚ ਪ੍ਰੇਮ-ਪਿਆਰ-ਸਨੇਹ ਬਣਿਆ ਰਹੇ, ਇਸ ਨਾਲ ਅਸੀਂ ਸਾਰੀਆਂ ਮੁਸ਼ਕਲਾਂ, ਮੁਸੀਬਤਾਂ ਸਹਾਰ ਲਵਾਂਗੇ।

ਅਗਲੀ ਰਾਤ ਸੁਪਨਾ ਆਇਆ, ਸੇਠ ਨੇ ਕਿਹਾ: ਹੇ ਦੇਵੀ, ਜੇ ਤੁਸੀਂ ਜਾਣਾ ਹੀ ਹੈ ਤਾਂ ਪ੍ਰਸੰਨ ਹੋ ਕੇ ਜਾਣਾ। ਸਾਨੂੰ ਇਹ ਵਰਦਾਨ ਦੇ ਕੇ ਜਾਣਾ ਕਿ ਸਾਡਾ ਆਪਸ ਵਿਚ ਪਿਆਰ ਅਤੇ ਸਤਿਕਾਰ, ਪ੍ਰੇਮ ਅਤੇ ਸਨੇਹ ਬਣਿਆ ਰਹੇ।

ਦੇਵੀ ਨੇ ਕਿਹਾ: ਪ੍ਰੇਮ, ਪਿਆਰ ਅਤੇ ਸਨੇਹ ਮੰਗ ਕੇ, ਤੁਸੀਂ ਤਾਂ ਮੈਨੂੰ ਬੰਨ੍ਹ ਹੀ ਲਿਆ ਹੈ। ਇਹ ਸਭ ਕੁੱਝ ਦੇ ਕੇ, ਇਥੋਂ ਮੈਂ ਕਿਵੇਂ ਜਾ ਸਕਦੀ ਹਾਂ ?

300

ਸਾਧਾਰਨ ਲੋਕਾਂ ਵਿਚ ਝੱਟ ਸਾਂਝ ਅਤੇ ਭਾਈਚਾਰਾ ਉਪਜ ਪੈਂਦਾ ਹੈ।

ਯਾਤਰਾ ਦੌਰਾਨ, ਪੈਸੰਜਰ ਗੱਡੀ ਦੀਆਂ ਸਵਾਰੀਆਂ ਆਪਸ ਵਿਚ ਘਰ ਦੇ ਜੀਆਂ ਵਾਂਗ ਵਿਹਾਰ ਕਰਦੀਆਂ ਹਨ, ਪਰ ਜਿਉਂ-ਜਿਉਂ ਸਵਾਰੀਆਂ ਦੇ ਡੱਬੇ ਦਾ ਦਰਜਾ ਉੱਚਾ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਆਪਸੀ ਸਾਂਝ ਟੁੱਟਦੀ ਜਾਂਦੀ ਹੈ।

ਏਅਰ-ਕੰਡੀਸ਼ਨਡ ਡੱਬੇ ਦੀਆਂ ਸਵਾਰੀਆਂ ਹਰ ਕਿਸੇ ਵਿਚ ਨੁਕਸ ਹੀ ਵੇਖਦੀਆਂ ਹਨ। ਹਵਾਈ ਜਹਾਜ਼ ਦੀਆਂ ਸਵਾਰੀਆਂ ਰੁੱਸੀਆਂ ਜਿਹੀਆਂ ਬੈਠੀਆਂ ਹੁੰਦੀਆਂ ਹਨ।

ਹਵਾਈ ਜਹਾਜ਼ ਵਿਚ ਸਭ ਤੋਂ ਮਹਿੰਗੀਆਂ ਸੀਟਾਂ ਦੀਆਂ ਸਵਾਰੀਆਂ ਮਰੀਜ਼ਾਂ ਵਾਂਗ ਵਿਹਾਰ ਕਰਦੀਆਂ ਹਨ, ਕਿਸੇ ਹੋਰ ਵਲ ਵੇਖਦੀਆਂ ਹੀ ਨਹੀਂ, ਉਨ੍ਹਾਂ ਦਾ ਵੱਸ ਚਲੇ ਤਾਂ ਉਹ ਇਕੱਲਿਆਂ ਹੀ ਸਫ਼ਰ ਕਰਨ, ਕਿਉਂਕਿ ਇਹ ਹੋਰਾਂ ਨੂੰ ਆਪਣੇ ਨਾਲੋਂ ਨੀਵੀਆਂ, ਆਰਾਮ ਵਿਚ ਵਿਘਨ ਪਾਉਣ ਵਾਲੀਆਂ ਸਮਝਦੀਆਂ ਹਨ।

ਜਿਉਂ-ਜਿਉਂ ਸੁਖ ਵਧਦਾ ਹੈ, ਮਨੁੱਖ ਵਧੇਰੇ ਇਕੱਲਾ ਅਤੇ ਦੁਖੀ ਹੁੰਦਾ ਹੈ।

www.quotesinpunjabi.ml

QuotesInPunjabi

ਰੱਬ ਹੈ ਕਿ ਨਹੀਂ ? ਕਰੋੜਾਂ ਦਾ ਵਿਸ਼ਵਾਸ ਹੈ ਕਿ ਹੈ, ਲੱਖਾਂ ਦਾ ਤਰਕ ਹੈ ਕਿ ਨਹੀਂ ਹੈ।

ਪ੍ਰਸ਼ਨ ਇਹ ਨਹੀਂ ਕਿ ਰੱਬ ਹੈ ਕਿ ਨਹੀਂ, ਪ੍ਰਸ਼ਨ ਇਹ ਹੈ ਕਿ ਰੱਬ ਦੀ ਲੋੜ ਹੈ ਕਿ ਨਹੀਂ ? ਇਹ ਬਹਿਸ ਹਜ਼ਾਰਾਂ ਸਾਲਾਂ ਤੋਂ ਜਾਰੀ ਹੈ।

ਪਿਆਰ ਵਾਂਗ ਰੱਬ ਵੀ ਮਨੁੱਖਤਾ ਦੀ ਵੱਡੀ ਲੋੜ ਹੈ। ਮਨੁੱਖ ਸੰਸਾਰ ਨੂੰ ਸਮਝਣਾ ਚਾਹੁੰਦਾ ਹੈ, ਸੂਰਜ ਕਿਵੇਂ ਕਾਰਜ ਕਰਦਾ ਹੈ ? ਫਸਲਾਂ ਕਿਵੇਂ ਉਗਦੀਆਂ ਹਨ ? ਮਨੁੱਖ ਕਿਥੋਂ ਆਉਂਦਾ ਹੈ, ਕਿਥੇ ਜਾਂਦਾ ਹੈ ? ਰੱਬ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਹੈ। ਜੇ ਰੱਬ ਨਾ ਹੁੰਦਾ ਤਾਂ ਇਨ੍ਹਾਂ ਪ੍ਰਸ਼ਨਾਂ ਨੇ ਮਾਨਵਜਾਤੀ ਨੂੰ ਬਹੁਤ ਪਰੇਸ਼ਾਨ ਕਰਨਾ ਸੀ। ਸੁਲਝੇ ਤਾਂ ਇਹ ਪ੍ਰਸ਼ਨ ਅਜੇ ਵੀ ਨਹੀਂ ਪਰ ਵਿਸ਼ਵਾਸ ਹੈ ਕਿ ਸੁਲਝੇ ਹੋਏ ਹਨ, ਰੱਬ ਨੇ ਸੁਲਝਾਏ ਹੋਏ ਹਨ।

ਕੁਦਰਤ ਦੇ ਨੇਮਾਂ ਨੂੰ ਸਮਝਣ ਨਾਲ ਰੱਬ ਵਿਚ ਵਿਸ਼ਵਾਸ ਬੱਝ ਜਾਂਦਾ ਹੈ।

ਰੱਬ ਮਨੁੱਖ ਦੀ ਕਾਢ ਹੈ, ਇਹ ਮਨੁੱਖ ਦੀ ਸਭ ਤੋਂ ਵੱਡੀ ਕਾਢ ਹੈ। ਆਤਮਾ ਦਾ ਸੰਕਲਪ, ਪਰਮਾਤਮਾ ਦੇ ਸੰਕਲਪ ਮਗਰੋਂ ਹੀ ਸੰਭਵ ਹੋਣਾ ਸੀ, ਜਿਵੇਂ ਚੰਦਰਮਾ 'ਤੇ ਜਾਣ ਦੀ ਇੱਛਾ, ਮਾਉਂਟ ਐਵਰੈਸਟ 'ਤੇ ਜਾਣ ਪਿਛੋਂ ਹੀ ਪੈਦਾ ਹੋਣੀ ਸੀ।

ਨਾਸਤਕ ਜਾਂ ਤਰਕ ਵਾਲੇ ਵਿਗਿਆਨੀ ਕਹਿੰਦੇ ਹਨ ਕਿ ਬ੍ਰਹਿਮੰਡ ਨੇਮਾਂ ਨਾਲ ਚਲਦਾ ਹੈ, ਇਸ ਵਿਚ ਰੱਬ ਦਾ ਕੋਈ ਰੋਲ ਨਹੀਂ, ਪਰ ਇਹ ਨੇਮ ਬਣਾਏ ਕਿਸ ਨੇ ਹਨ ?

ਨਾਸਤਕ ਕਹਿੰਦੇ ਹਨ ਕਿ ਕੁਦਰਤ ਦੇ ਨੇਮਾਂ ਨੂੰ ਰੱਬ ਵੀ ਨਹੀਂ ਤੋੜਦਾ।

ਮਨੁੱਖ ਰੱਬ ਅੱਗੇ ਅਰਦਾਸ ਕਰਦਾ ਹੈ, ਰੱਬ ਨਾਲ ਗੱਲਾਂ ਕਰਨ ਦਾ ਢੰਗ ਅਰਦਾਸ ਅਖਵਾਉਂਦਾ ਹੈ। ਅਰਦਾਸ ਦਾ ਸੁਖਾਵਾਂ ਪ੍ਰਭਾਵ ਪੈਂਦਾ ਹੈ। ਅਰਦਾਸ ਨਾਲ ਸੰਕਟ ਭਾਵੇਂ ਮੁੱਕਦਾ ਨਹੀਂ ਪਰ ਸੰਕਟ ਨੂੰ ਸਹਿਣਾ ਸੌਖਾ ਹੋ ਜਾਂਦਾ ਹੈ। ਇਸ ਪੱਖ ਤੋਂ ਰੱਬ ਦਾ ਹੋਣਾ ਜ਼ਰੂਰੀ ਹੈ। ਜੇ ਰੱਬ ਨਾ ਹੁੰਦਾ ਤਾਂ ਸੰਕਟ ਵਿਚ ਮਨੁੱਖ ਕਿਸ ਤੋਂ ਮਦਦ ਮੰਗਦਾ ? ਪਤਾ ਨਹੀਂ ਰੱਬ ਸਾਡੀਆਂ ਬੇਨਤੀਆਂ ਸੁਣਦਾ ਹੈ ਕਿ ਨਹੀਂ ਪਰ ਸਾਨੂੰ ਬੇਨਤੀ ਕਰਨ ਦੀ ਬੜੀ ਤਸੱਲੀ ਮਿਲਦੀ ਹੈ। ਅਰਦਾਸ-ਬੇਨਤੀ ਨਾਲ ਸਾਡੇ ਵਿਚ ਸੁਖਾਵੀਂ ਨਿਮਰਤਾ ਵਾਪਰਦੀ ਹੈ।

ਜੇਕਰ ਇਹ ਸੁੱਖ ਕਿਸੇ ਹੋਰ ਢੰਗ ਨਾਲ ਵਾਪਰ ਸਕਦਾ ਹੋਵੇ ਤਾਂ ਮਨੁੱਖ ਉਸ ਨੂੰ ਵੀ ਅਰਦਾਸ ਵਾਂਗ ਅਪਨਾ ਲਵੇਗਾ। ਅਰਦਾਸ-ਬੇਨਤੀ ਨਾਲ ਅਸੀਂ ਆਪਣੇ-ਆਪ ਨੂੰ ਰੱਬ ਦੇ ਨੇੜੇ ਸਮਝਦੇ ਹਾਂ। ਰੱਬ ਨੂੰ ਯਾਦ ਕਰਨ ਨਾਲ ਸਾਡੇ ਵਿਚ ਸ਼ਾਂਤੀ ਪਸਰਦੀ ਹੈ। ਸ਼ਾਂਤੀ ਇਕ ਗੁਣ ਹੈ। ਮਨੁੱਖ ਨੇ ਧਰਤੀ ਦੇ, ਜੀਵਨ ਦੇ, ਸਾਰੇ ਗੁਣ ਪਰਮਾਤਮਾ ਵਿਚ ਪਾ ਦਿੱਤੇ ਹਨ। ਸਾਰੇ ਵਿਸ਼ੇਸ਼ਣ ਵਾਸਤਵ ਵਿਚ ਰੱਬ ਦੇ ਗੁਣ ਹਨ। ਜਿਨ੍ਹਾਂ ਵਿਚੋਂ ਸਾਨੂੰ ਰੱਬ ਵਾਲੇ ਗੁਣ ਵਿਖਾਈ ਦਿੰਦੇ ਹਨ, ਉਨ੍ਹਾਂ ਨੂੰ ਅਸੀਂ ਪੂਜਦੇ ਹਾਂ। ਇਸ ਨਾਲ ਅਸੀਂ ਮਾਣ-ਮੱਤੇ ਮਹਿਸੂਸ ਕਰਦੇ ਹਾਂ। ਰੱਬ ਨੂੰ ਕੀ ਫਰਕ ਪੈਂਦਾ ਹੈ ਕਿ ਅਸੀਂ ਉਸ ਨੂੰ ਮੰਨੀਏ ਕਿ ਨਾ ਪਰ ਸਾਨੂੰ ਬੜਾ ਫਰਕ ਪੈਂਦਾ ਹੈ।

ਜਿਹੜੇ ਪੁੱਛਦੇ ਹਨ: ਰੱਬ ਕਿਥੇ ਹੈ ? ਉਨ੍ਹਾਂ ਨੂੰ ਪੁੱਛੋ: ਰੱਬ ਕਿਥੇ ਨਹੀਂ ਹੈ ?

ਰੱਬ ਇਕ ਰਹੱਸ ਹੈ, ਜਿਵੇਂ ਪਿਆਰ, ਸੁੰਦਰਤਾ ਵੀ ਰਹੱਸ ਹਨ। ਰਹੱਸ ਮਾਣਿਆ ਤਾਂ ਜਾ ਸਕਦਾ ਹੈ ਪਰ ਇਸ ਬਾਰੇ ਬਹਿਸਿਆ ਨਹੀਂ ਜਾ ਸਕਦਾ।

www.quotesinpunjabi.ml

QuotesInPunjabi

302

ਭਾਰਤ ਵਿਚਲੇ ਭਿਖਾਰੀਆਂ ਬਾਰੇ ਜਾਣਨ ਲਈ, ਅਮਰੀਕਾ ਵਿਚ ਵਿਵੇਕਾਨੰਦ ਦਾ ਇਕ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ ਸੀ।

ਵਿਵੇਕਾਨੰਦ ਨੇ ਕਿਹਾ: ਭਾਰਤ ਵਿਚ ਜਿਸ ਨੇ ਜਿਤਨਾ ਵੱਧ ਤਿਆਗਿਆ ਹੈ, ਉਸ ਨੂੰ ਉਤਨਾ ਮਹਾਨ ਮੰਨਿਆ ਗਿਆ ਹੈ।

ਬੁੱਧ ਅਤੇ ਮਹਾਵੀਰ ਮਹਾਂਤਿਆਗੀ ਸਨ।

ਭਾਰਤ ਵਿਚ ਜਿਨ੍ਹਾਂ ਨੇ ਜਿਤਨਾ ਵੱਧ ਜੋੜਿਆ ਹੈ, ਉਨ੍ਹਾਂ ਨੂੰ ਉਤਨਾ ਹੀ ਵੱਧ ਸਵਾਰਥੀ ਅਤੇ ਘਟ ਮਹੱਤਵਪੂਰਨ ਸਮਝਿਆ ਗਿਆ ਹੈ।

ਭਿਖਾਰੀ ਉਹ ਹੁੰਦਾ ਹੈ, ਜਿਸ ਕੋਲ ਧਨ ਹੁੰਦਾ ਹੀ ਨਹੀਂ, ਭਿਖਸ਼ੂ ਉਸ ਨੂੰ ਕਹਿੰਦੇ ਹਨ, ਜਿਸ ਕੋਲ ਧਨ ਸੀ, ਜਿਸਨੇ ਧਨ ਨੂੰ ਜਾਣਿਆ, ਮਾਣਿਆ ਪਰ ਵਿਅਰਥ ਜਾਣ ਕੇ ਤਿਆਗ ਦਿੱਤਾ। ਭਿਖਾਰੀ ਸ਼ਬਦ ਸੰਸਾਰ ਦੀ ਹਰ ਭਾਸ਼ਾ ਵਿਚ ਹੈ, ਭਿਖਸ਼ੂ ਸ਼ਬਦ ਕੇਵਲ ਪਾਲੀ ਭਾਸ਼ਾ ਵਿਚ ਹੈ। ਭਿਖਸ਼ੂ ਦਾ ਇਹ ਅਨੁਭਵ ਕੇਵਲ ਭਾਰਤ ਦਾ ਹੈ।

ਸੰਸਾਰ ਵਿਚ ਭੀਖ ਮੰਗਣ ਵਾਲੇ ਭਿਖਾਰੀ ਹਨ ਪਰ ਸ਼ਾਹੀ ਠਾਠ-ਬਾਠ ਤਿਆਗ ਕੇ ਭਿਖਾਰੀ ਬਣੇ, ਭਿਖਸ਼ੂ ਕੇਵਲ ਭਾਰਤ ਵਿਚ ਹੀ ਹਨ। ਵਿਵੇਕਾਨੰਦ ਨੇ ਭਿਖਾਰੀ ਅਤੇ ਭਿਖਸ਼ੂ ਵਿਚਲਾ ਅੰਤਰ ਸਪਸ਼ਟ ਕਰਕੇ, ਅਮਰੀਕਨਾਂ ਦਾ ਤੀਜਾ ਨੇਤਰ ਖੋਲ੍ਹਿਆ ਸੀ।

303

ਯੋਰਪ ਦੇ ਹੋਰ ਦੇਸ਼ਾਂ ਵਾਂਗ ਇੰਗਲੈਂਡ ਵਿਚ ਵੀ ਮਹਾਰਾਜਿਆਂ ਨਾਲੋਂ ਮਹਾਰਾਣੀਆਂ ਵਧੇਰੇ ਪ੍ਰਸਿੱਧ ਹੋਈਆਂ ਹਨ। ਸੋਲ੍ਹਵੀਂ ਸਦੀ ਵਿਚ ਮਲਕਾ ਅਲਿਜ਼ਬੈਥ, ਉਨ੍ਹੀਵੀਂ ਸਦੀ ਦੀ ਮਲਕਾ ਵਿਕਟੋਰੀਆ ਅਤੇ ਵੀਹਵੀਂ ਸਦੀ ਦੀ ਦੂਜੀ ਮਲਕਾ ਅਲਿਜ਼ਬੈਥ ਨੇ ਇੰਗਲੈਂਡ 'ਤੇ ਲੰਮਾ ਅਰਸਾ ਰਾਜ ਕੀਤਾ ਹੈ।

ਮਲਕਾ ਵਿਕਟੋਰੀਆ ਤਰੇਂਹਠ ਸਾਲ ਇੰਗਲੈਂਡ ਦੇ ਤਖਤ 'ਤੇ ਬੈਠੀ। ਉਹ ਇਤਨੀ ਸ਼ਕਤੀਸ਼ਾਲੀ ਸੀ ਕਿ ਕਿਹਾ ਜਾਂਦਾ ਸੀ ਕਿ ਅਸਮਾਨ ਵਿਚ ਕਿਹੜੇ ਤਾਰੇ ਨੇ ਕਿਥੇ ਹੋਣਾ ਹੈ, ਇਸ ਦਾ ਵੀ ਫੈਸਲਾ ਉਹ ਕਰਦੀ ਸੀ।

ਜਦੋਂ ਸੋਲ੍ਹਵੀਂ ਸਦੀ ਵਿਚ ਅਲਿਜ਼ਬੈਥ ਮਹਾਰਾਣੀ ਬਣ ਕੇ ਇੰਗਲੈਂਡ ਦੇ ਤਖਤ 'ਤੇ ਬੈਠੀ ਤਾਂ ਉਸ ਦੇ ਵਿਆਹ ਦਾ ਚਰਚਾ ਚਲ ਪਿਆ, ਕਿਉਂਕਿ ਮਹਾਰਾਜਾ ਵੀ ਚਾਹੀਦਾ ਸੀ ਅਤੇ ਤਖਤ ਦਾ ਵਾਰਿਸ ਵੀ ਚਾਹੀਦਾ ਸੀ। ਹਰ ਕਿਸੇ ਨੇ ਕਿਸਮਤ ਅਜ਼ਮਾਈ। ਸਕੂਲਾਂ ਵਿਚ ਲੇਖ ਲਿਖਣ ਲਈ ਆਉਣ ਲਗ ਪਏ ਕਿ ਮਹਾਰਾਣੀ ਨਾਲ ਵਿਆਹ ਕਰਵਾਉਣ ਵਾਲੇ ਪੁਰਸ਼ ਵਿਚ ਕੀ-ਕੀ ਲੱਛਣ ਹੋਣੇ ਚਾਹੀਦੇ ਹਨ ?

ਮਹਾਰਾਣੀ ਕੋਲ ਸੰਸਦ ਦਾ ਡੈਲੀਗੇਸ਼ਨ ਭੇਜਿਆ ਗਿਆ ਕਿ ਜਲਦੀ ਫੈਸਲਾ ਕਰੋ, ਤਖਤ ਦਾ ਵਾਰਿਸ ਪੈਦਾ ਕਰਨ ਦੀ ਉਮਰ ਲੰਘਦੀ ਜਾ ਰਹੀ ਹੈ। ਮਹਾਰਾਣੀ ਹਰ ਕਿਸੇ ਨੂੰ ਧਿਆਨ ਨਾਲ ਸੁਣਦੀ ਸੀ, ਪਰ ਕੋਈ ਫੈਸਲਾ ਨਹੀਂ ਸੀ ਕਰਦੀ। ਮਹਾਰਾਣੀ ਦਾ ਵਿਆਹ, ਬੁਝਾਰਤ ਬਣ ਗਈ ਸੀ। ਲੋਕ ਸ਼ਰਤਾਂ ਲਾਉਣ ਲੱਗ ਪਏ ਸਨ।

www.quotesinpunjabi.ml

QuotesInPunjabi

ਉਹ ਯੋਰਪ ਦੇ ਰਾਜਕੁਮਾਰਾਂ ਦੇ ਨੇੜੇ ਹੁੰਦੀ-ਹੁੰਦੀ ਦੂਰ ਹੋ ਜਾਂਦੀ ਸੀ। ਲੋਕਾਂ ਅਨੁਸਾਰ ਮਹਾਰਾਣੀ ਦੇ ਦੋ ਉਦੇਸ਼ ਸਨ, ਵਿਆਹ ਤੋਂ ਬਚਣਾ ਅਤੇ ਯੁੱਧ ਤੋਂ ਬਚਣਾ। ਉਸ ਨੇ ਵਿਆਹ ਦੀਆਂ ਸੰਭਾਵਨਾਵਾਂ ਜਗਾ ਕੇ, ਯੋਰਪ ਦੇ ਸਾਰੇ ਦੇਸ਼ਾਂ ਨਾਲ ਸੁਖਾਵੇਂ ਸਬੰਧ ਬਣਾਏ ਹੋਏ ਸਨ। ਉਸ ਨੇ ਦਰਜਨਾਂ ਰਾਜਕੁਮਾਰਾਂ ਵਿਚ ਆਪਸੀ ਸਾੜਾ ਉਪਜਾਇਆ। ਉਸ ਨੇ ਉਸ ਵੇਲੇ ਦੀ ਸਭ ਤੋਂ ਵੱਡੀ ਸ਼ਕਤੀ ਫਰਾਂਸ ਨਾਲ ਸਮਝੌਤਾ ਕੀਤਾ ਅਤੇ ਬਾਦਸ਼ਾਹ ਦੇ ਦੋ ਭਰਾਵਾਂ ਨਾਲ ਪਿਆਰ ਸਬੰਧ ਵੀ ਉਸਾਰੇ ਪਰ ਸਮਝੌਤਾ ਹੋਣ ਉਪਰੰਤ, ਫਾਸਲਾ-ਬਣਾ ਲਿਆ।

ਉਸ ਨੇ ਆਸ ਹਰ ਕਿਸੇ ਨੂੰ ਬਨ੍ਹਾਈ ਪਰ ਖੈਰ ਕਿਸੇ ਨੂੰ ਨਾ ਪਾਈ, ਕਿਉਂਕਿ ਇੰਗਲੈਂਡ ਦੀ ਮਹਾਰਾਣੀ ਦਾ ਪਤੀ ਬਣਨਾ, ਆਲਮੀ ਤਾਕਤ ਦਾ ਮਾਲਕ ਬਣਨ ਵਾਲੀ ਗੱਲ ਸੀ।

ਉਹ ਆਪਣੇ ਢੰਗਾਂ ਨਾਲ ਇੰਗਲੈਂਡ ਦੀ ਤਾਕਤ ਵਧਾ ਰਹੀ ਸੀ। ਉਹ ਕਲਪਨਾ ਹਰ ਕਿਸੇ ਦੀ ਜਗਾਉਂਦੀ ਰਹੀ ਪਰ ਨਾ ਆਪ ਕਿਸੇ ਦੇ ਨੇੜੇ ਹੋਈ, ਨਾ ਕਿਸੇ ਨੂੰ ਆਪਣੇ ਕਰੀਬ ਆਉਣ ਦਿੱਤਾ, ਉਹ ਫਾਸਲੇ ਤੋਂ ਪ੍ਰਭਾਵਿਤ ਕਰਦੀ ਰਹੀ।

ਉਹ ਕੰਵਾਰੀ ਹੀ ਮਰ ਗਈ ਪਰ ਉਹ ਆਪਣੇ ਵਿਆਹ ਦੇ ਮਸਲੇ ਨੂੰ ਭਖਾ ਕੇ, ਇੰਗਲੈਂਡ ਨੂੰ ਵਿਸ਼ਵ-ਸ਼ਕਤੀ ਬਣਾਉਣ ਦੇ ਨਿਰੰਤਰ ਉਪਰਾਲੇ ਕਰਦੀ ਰਹੀ।

304

ਕਈ ਉੱਤਰ ਇਤਨੇ ਸੰਖੇਪ ਹੁੰਦੇ ਹਨ ਕਿ ਉਹ ਪਹਿਲਾਂ, ਸਵਾਲ ਪੁੱਛਣ ਵਾਲੇ ਨੂੰ ਹਾਸੋਹੀਣਾ ਬਣਾਉਂਦੇ ਹਨ, ਫਿਰ ਸਵਾਲ ਨੂੰ ਹੀ ਬਰਬਾਦ ਕਰ ਦਿੰਦੇ ਹਨ।

ਇਕ ਵਾਰੀ ਸਪਾਰਟਾ ਨੇ ਯੂਨਾਨ ਨੂੰ ਧਮਕੀ ਦਿੱਤੀ ਕਿ ਜੇ ਅਸੀਂ ਤੁਹਾਡੇ ਤੇ ਹਮਲਾ ਕੀਤਾ ਤਾਂ ਤੁਹਾਡਾ ਮਲੀਆਮੇਟ ਕਰ ਦਿਆਂਗੇ, ਤੁਹਾਡਾ ਇਕ ਵੀ ਬੰਦਾ ਜਿਉਂਦਾ ਨਹੀਂ ਛੱਡਾਂਗੇ, ਜੇ ਅਸੀਂ ਹਮਲਾ ਕੀਤਾ ਤਾਂ ਤੁਹਾਡਾ ਨਾਮ-ਨਿਸ਼ਾਨ ਮਿਟ ਜਾਵੇਗਾ।

ਯੂਨਾਨੀ ਆਪਣੀ ਅਕਲ ਅਤੇ ਬਹਾਦਰੀ ਦੋਵੇਂ ਕਰਕੇ ਜਾਣੇ ਜਾਂਦੇ ਸਨ।

ਉਨ੍ਹਾਂ ਨੇ ਸੰਸਾਰ ਦਾ ਸਭ ਤੋਂ ਸੰਖੇਪ ਉੱਤਰ ਦਿੱਤਾ ਸੀ: 'ਜੇ'।

305

ਮਨੁੱਖ ਕਦੇ ਨਾ ਕਦੇ ਜ਼ਰੂਰ ਸੋਚਦਾ ਹੈ ਕਿ ਸੰਸਾਰ ਵਿਚ ਚੰਗੇ ਬੰਦੇ ਕਿਉਂ ਦੁੱਖ ਪਾਉਂਦੇ ਹਨ ਅਤੇ ਭੈੜੇ ਬੰਦੇ ਕਿਉਂ ਮੌਜਾਂ ਕਰਦੇ ਹਨ ?

ਧਰਮ ਇਸ ਪ੍ਰਸ਼ਨ ਦਾ ਕੋਈ ਸੰਤੋਖਜਨਕ ਉੱਤਰ ਨਹੀਂ ਦੇ ਸਕਿਆ।

ਪੁੱਛਿਆ ਜਾਂਦਾ ਹੈ ਕਿ ਜੇ ਪਰਮਾਤਮਾ ਸਰਬ-ਸ਼ਕਤੀਮਾਨ ਅਤੇ ਸਰਬਵਿਆਪਕ ਹੈ ਤਾਂ ਸੰਸਾਰ ਚੰਗੇ ਬੰਦਿਆਂ ਨੂੰ ਕਿਉਂ ਪਰੇਸ਼ਾਨ ਕਰਦਾ ਹੈ। ਜੇ ਪਰਮਾਤਮਾ ਦੇ ਹੁਕਮ ਬਿਨਾਂ ਪੱਤਾ ਵੀ ਨਹੀਂ ਹਿਲਦਾ ਤਾਂ ਕੀ ਚੰਗੇ ਬੰਦੇ ਪਰਮਾਤਮਾ ਦੇ ਹੁਕਮ ਅਨੁਸਾਰ ਦੁੱਖ ਪਾਉਂਦੇ ਹਨ। ਜੇ ਪਰਮਾਤਮਾ ਬਦੀ ਨੂੰ ਰੋਕਣਾ ਚਾਹੁੰਦਾ ਹੈ ਪਰ ਰੋਕ ਨਹੀਂ ਸਕਦਾ ਤਾਂ ਨਿਰਸੰਦੇਹ ਪਰਮਾਤਮਾ ਸਰਬਸ਼ਕਤੀਮਾਨ ਨਹੀਂ ਹੈ। ਜੇ ਰੋਕ ਸਕਦਾ ਹੈ ਪਰ ਰੋਕਦਾ ਨਹੀਂ ਤਾਂ ਉਹ

www.quotesinpunjabi.ml

QuotesInPunjabi

ਮਿਹਰਬਾਨ ਨਹੀਂ ਹੈ। ਜੇ ਉਹ ਰੋਕ ਵੀ ਸਕਦਾ ਹੈ ਅਤੇ ਰੋਕਣਾ ਚਾਹੁੰਦਾ ਵੀ ਹੈ ਤਾਂ ਫਿਰ ਸੰਸਾਰ ਵਿਚ ਬੁਰਾਈ ਕਿਉਂ ਬਰਕਰਾਰ ਹੈ ?

ਧਰਮ ਅਸਲ ਪ੍ਰਸ਼ਨ ਦਾ ਜਵਾਬ ਨਹੀਂ ਦੇ ਸਕਿਆ, ਸੋ ਧਰਮ ਨੇ ਦੁੱਖ ਦਾ ਖਾਤਮਾ ਕਰਨ ਦੀ ਥਾਂ ਦੁੱਖ ਨੂੰ ਵਡਿਆਉਣਾ ਆਰੰਭ ਦਿੱਤਾ। ਧਰਮ ਅਨੁਸਾਰ ਦੁਖੀ ਹੋਣਾ, ਕਿਸੇ ਦੇ ਚੰਗੇ ਹੋਣ ਦੀ ਪਰਖ ਹੈ। ਧਰਮ ਕਹਿੰਦਾ ਹੈ ਕਿ ਦੁੱਖ ਵਿਚ ਮਨੁੱਖ ਪਰਮਾਤਮਾ ਦੇ ਨੇੜੇ ਹੁੰਦਾ ਹੈ। ਦੁੱਖ ਚੰਗਾ ਹੈ, ਕਿਉਂਕਿ ਦੁੱਖ ਵਿਚ ਅਸੀਂ ਪਰਮਾਤਮਾ ਨੂੰ ਯਾਦ ਕਰਦੇ ਹਾਂ। ਸੱਜਣ-ਪੁਰਸ਼ ਹਾਰਦਾ ਹੈ, ਪਰ ਉਹ ਹਾਰਨ ਨਾਲ ਆਪਣਾ ਸੱਜਣਪੁਣਾ ਸਥਾਪਤ ਕਰਦਾ ਹੈ।

ਸੱਜਣ ਦਾ ਸੱਜਣਪੁਣਾ ਉਸ ਦੇ ਦੁੱਖ ਸਹਿਣ ਵਿਚ ਹੈ।

ਇਵੇਂ ਧਰਮ ਅਨੁਸਾਰ ਦੁੱਖ ਸਜ਼ਾ ਨਹੀਂ ਹੈ, ਇਹ ਪਰਮਾਤਮਾ ਦੇ ਨੇੜੇ ਹੋਣ ਦੀ ਕੀਮਤ ਹੈ। ਦੁੱਖ ਸਾਨੂੰ ਸ਼ੁੱਧ ਕਰਕੇ, ਨੀਵੀਆਂ ਖਿੱਚਾਂ ਤੋਂ ਉੱਚਾ ਚੁੱਕਦਾ ਹੈ।

ਜਦੋਂ ਪ੍ਰਸਿੱਧ ਫ਼ਿਲਾਸਫ਼ਰ, ਨੀਤਸ਼ੇ ਨੇ ਰੱਬ ਦੇ ਮਰਨ ਦੀ ਘੋਸ਼ਣਾ ਕੀਤੀ ਤਾਂ ਉਸ ਨੇ ਕਿਹਾ ਸੀ ਕਿ ਰੱਬ ਸਮੱਸਿਆਵਾਂ ਸੁਲਝਾਉਣ ਵਾਲੀ ਸ਼ੁਭ-ਸ਼ਕਤੀ ਨਹੀਂ, ਸਮੱਸਿਆਵਾਂ ਉਪਜਾਉਣ ਵਾਲੀ ਬਦ-ਸ਼ਕਤੀ ਹੈ। ਨੀਤਸ਼ੇ ਅਨੁਸਾਰ ਜੇ ਰੱਬ ਹੁੰਦਾ ਤਾਂ ਸੰਸਾਰ ਵਿਚ ਬਦੀ ਨਾ ਹੁੰਦੀ, ਕਿਉਂਕਿ ਸੰਸਾਰ ਵਿਚ ਬਦੀ ਹੈ, ਸੋ ਰੱਬ ਨਹੀਂ ਹੈ।

ਰੱਬ ਨੂੰ ਨਾ ਮੰਨਣ ਵਾਲੇ ਜੈਨ ਅਤੇ ਬੁੱਧ ਧਰਮ ਕਰਮ-ਸਿਧਾਂਤ ਨੂੰ ਦ੍ਰਿੜ੍ਹ ਕਰਵਾਉਂਦੇ ਹਨ ਅਤੇ ਨਾਲ ਹੀ ਕਹਿੰਦੇ ਹਨ ਕਿ ਕੋਈ ਵੀ ਇਸ ਸਿਧਾਂਤ ਤੋਂ ਮੁਕਤ ਨਹੀਂ ਹੈ ਪਰ ਚੰਗੇ ਕਰਮਾਂ ਨਾਲ, ਕਰਮਾਂ ਦੇ ਰੋਡ਼ ਨੂੰ ਪੁੱਠਾ ਘੁਮਾਇਆ ਜਾ ਸਕਦਾ ਹੈ।

ਹਿੰਦੂ ਧਰਮ ਦੇ ਉਪਨਿਸ਼ਦ ਕਹਿੰਦੇ ਹਨ ਕਿ ਜਿਹੋ ਜਿਹਾ ਬੀਜ ਹੋਵੇਗਾ, ਉਹੋ ਜਿਹਾ ਬੂਟਾ ਹੋਵੇਗਾ। ਧਰਤੀ ਕੁਦਰਤ ਦੇ ਨੇਮਾਂ ਵਿਚ ਦਖਲ ਨਹੀਂ ਦਿੰਦੀ, ਇਹ ਸੰਗਤਰੇ ਦੇ ਬੀਜ ਦਾ ਖਰਬੂਜ਼ਾ ਨਹੀਂ ਬਣਾਉਂਦੀ। ਉਪਨਿਸ਼ਦ ਇਹ ਵੀ ਕਹਿੰਦੇ ਹਨ ਕਿ ਧਰਤੀ ਵਾਂਗ ਹੀ ਪਰਮਾਤਮਾ ਵੀ ਮਨੁੱਖਾਂ ਦੇ ਵਿਕਾਸ-ਵਿਨਾਸ਼ ਵਿਚ ਦਖਲ ਨਹੀਂ ਦਿੰਦਾ। ਮਨੁੱਖ ਦੀ ਨੇਕੀ-ਬਦੀ ਵਾਸਤੇ ਪਰਮਾਤਮਾ ਜ਼ਿੰਮੇਵਾਰ ਨਹੀਂ, ਮਨੁੱਖ ਆਪ ਜ਼ਿੰਮੇਵਾਰ ਹੈ। ਸਿੱਖ ਧਰਮ ਵੀ ਕਹਿੰਦਾ ਹੈ ਕਿ ਆਪਣੇ ਕਰਮਾਂ ਲਈ ਅਸੀਂ ਆਪ ਜ਼ਿੰਮੇਵਾਰ ਹਾਂ।

ਕੋਈ ਵੀ ਧਰਮ ਇਸ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਿਆ ਕਿ ਚੰਗੇ ਬੰਦੇ ਕਿਉਂ ਦੁੱਖ ਪਾਉਂਦੇ ਹਨ। ਹਰ ਧਰਮ ਨੇ ਉੱਤਰ ਤਾਂ ਕਈ ਦਿੱਤੇ ਹਨ ਪਰ ਕੋਈ ਅਜਿਹਾ ਪ੍ਰਭਾਵਸ਼ਾਲੀ ਉੱਤਰ ਨਹੀਂ ਮਿਲਿਆ ਕਿ ਇਹ ਪ੍ਰਸ਼ਨ ਤਿਆਗ ਦਿੱਤਾ ਜਾਵੇ।

306

ਜਦੋਂ ਕੋਈ ਹਾਦਸਾ ਵਾਪਰਦਾ ਹੈ ਤਾਂ ਬਚ ਜਾਣ ਵਾਲੇ ਬਚ ਜਾਣ ਕਰਕੇ, ਨੱਚਣ ਨਹੀਂ ਲਗ ਜਾਂਦੇ। ਉਹ ਹੋਰਾਂ ਨਾਲ ਜੁੜੇ ਹੁੰਦੇ ਹਨ, ਜੇ ਨਾਲ ਦੀਆਂ ਸਵਾਰੀਆਂ ਮਰੀਆਂ ਹੋਣ ਤਾਂ ਅਸੀਂ ਭੁਲਦੇ ਨਹੀਂ ਕਿ ਅਸੀਂ ਵੀ ਸਵਾਰੀਆਂ ਸਾਂ, ਅਸੀਂ ਵੀ ਮਰ ਸਕਦੇ ਸਾਂ।

ਜੇ ਕਿਸੇ ਹਾਦਸੇ ਵਿਚ ਬਹੁਤ ਅਧਿਕ ਵਿਅਕਤੀ ਮਰ ਜਾਣ ਤਾਂ ਅਸੀਂ ਚਾਹੁੰਦੇ ਹਾਂ ਕਿ ਹੋਰ ਨਹੀਂ ਮਰਨੇ ਚਾਹੀਦੇ, ਪਹਿਲਾਂ ਹੀ ਬਹੁਤ ਮਰ ਗਏ ਹਨ। ਅਸੀਂ ਪਸ਼ੂਆਂ-ਪੰਛੀਆਂ ਨੂੰ

www.quotesinpunjabi.ml

QuotesInPunjabi
ਵੀ ਬਚਾਉਣ ਦਾ ਯਤਨ ਕਰਦੇ ਹਾਂ, ਕਿਉਂਕਿ ਉਨ੍ਹਾਂ ਨਾਲ ਵੀ ਸਾਡੀ ਜ਼ਿੰਦਗੀ ਦੀ ਸਾਂਝ ਹੁੰਦੀ ਹੈ ਅਤੇ ਮੌਤ ਸਾਰੇ ਜੀਵਾਂ ਦੀ ਸਾਂਝੀ ਵਿਰੋਧੀ ਸ਼ਕਤੀ ਹੈ।

ਜ਼ਿੰਦਗੀ ਦੀਆਂ ਤੰਦਾਂ ਦੂਰ-ਦੂਰ ਤੱਕ ਫੈਲੀਆਂ ਹੋਈਆਂ ਹਨ।

ਭਾਵੇਂ ਮਨੁੱਖ ਸਵਾਰਥੀ ਅਤੇ ਭ੍ਰਿਸ਼ਟ ਹੋ ਗਿਆ ਹੈ ਪਰ ਜ਼ਿੰਦਗੀ ਦੀਆਂ ਮੂਲ-ਪ੍ਰਵਿਰਤੀਆਂ ਅਜੇ ਵੀ ਪਵਿੱਤਰ ਅਤੇ ਸ਼ੁੱਧ ਹਨ।

307

ਇਕ ਵਾਰੀ ਫਰਾਂਸੀਸੀ ਚਿੰਤਕ ਵਾਲਟੇਅਰ, ਉਸ ਵੇਲੇ ਇੰਗਲੈਂਡ ਵਿਚ ਸੀ, ਜਦੋਂ ਇੰਗਲੈਂਡ ਵਿਚ ਫਰਾਂਸ ਵਿਰੁੱਧ ਨਫ਼ਰਤ ਭੜਕੀ ਹੋਈ ਸੀ।

ਇਕ ਥਾਂ ਉਸ ਦੁਆਲੇ ਵਿਰੋਧੀ ਭੀੜ ਜੁੜ ਗਈ, ਜਿਹੜੀ ਵਾਲਟੇਅਰ ਨੂੰ, ਫਰਾਂਸੀਸੀ ਹੋਣ ਕਰਕੇ ਮੌਤ ਦੇ ਘਾਟ ਉਤਾਰਨ ਦੀ ਮੰਗ ਕਰ ਰਹੀ ਸੀ।

ਵਾਲਟੇਅਰ ਨੇ ਧੀਰਜ ਨਾਲ, ਉਨ੍ਹਾਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ: ਤੁਸੀਂ ਮੈਨੂੰ ਇਸ ਲਈ ਸਜ਼ਾ ਦੇਣੀ ਚਾਹੁੰਦੇ ਹੋ, ਕਿਉਂਕਿ ਮੈਂ ਫਰਾਂਸੀਸੀ ਹਾਂ? ਕੀ ਮੈਨੂੰ ਪਰਮਾਤਮਾ ਨੇ ਪਹਿਲਾਂ ਹੀ ਸਜ਼ਾ ਨਹੀਂ ਦਿੱਤੀ ਹੋਈ ਕਿ ਮੈਨੂੰ ਇੰਗਲੈਂਡ ਵਿਚ ਜਨਮ ਲੈਣ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ? ਭੀੜ ਉਸ ਦੀ ਪ੍ਰਸੰਸਾ ਵਿਚ ਤਾੜੀਆਂ ਮਾਰ ਰਹੀ ਸੀ।

308

ਜਦੋਂ ਕੋਈ ਆਪਣੀ ਤਾਕਤ ਜਾਂ ਹਥਿਆਰ ਜਾਂ ਅਹੁਦੇ ਦਾ ਰੋਅਬ ਪਾਉਂਦਾ ਹੈ ਤਾਂ ਉਹ ਆਸ ਕਰਦਾ ਹੈ ਕਿ ਤੁਸੀਂ ਆਕੜੋਗੇ, ਜਿਸ ਕਾਰਨ ਉਸ ਨੂੰ ਤੁਹਾਡੀ ਬੇਇੱਜ਼ਤੀ ਕਰਨ ਦਾ ਮੌਕਾ ਮਿਲ ਜਾਵੇਗਾ। ਅਜਿਹੀ ਸਥਿਤੀ ਵਿੱਚ ਆਕੜੋ ਨਾ, ਨਿਮਰਤਾ ਨਾਲ ਪੇਸ਼ ਆਓ, ਸੜਿਕਾਰ ਵਿਖਾਓ। ਉਸ ਨੂੰ ਸਮਝ ਨਹੀਂ ਆਵੇਗੀ ਕਿ ਉਹ ਹੁਣ ਕੀ ਕਰੇ।

ਇਵੇਂ ਕਰਨ ਨਾਲ ਨਾ ਤੁਸੀਂ ਆਪਣੀ ਇੱਜ਼ਤ ਬਚਾ ਲਵੋਗੇ, ਸਗੋਂ ਸਮੁੱਚੀ ਸਥਿਤੀ ਉਸ ਦੇ ਨਿਯੰਤਰਣ ਵਿਚੋਂ ਨਿਕਲ ਕੇ ਤੁਹਾਡੇ ਕਾਬੂ ਵਿਚ ਆ ਜਾਵੇਗੀ।

ਉਸ ਕੋਲ ਕੇਵਲ ਇਹ ਭਰਮ ਰਹਿ ਜਾਵੇਗਾ ਕਿ ਉਸ ਨੇ ਤੁਹਾਨੂੰ ਆਪਣੇ ਅਹੁਦੇ ਜਾਂ ਰੋਅਬ ਜਾਂ ਹਥਿਆਰ ਨਾਲ ਹਰਾ ਦਿੱਤਾ ਹੈ।

309

ਮਨੁੱਖ ਦੀ ਅੰਦਰਲੀ ਜਿਉਣ-ਸ਼ਕਤੀ ਫੈਲਣਾ ਚਾਹੁੰਦੀ ਹੈ। ਸੀਮਾਵਾਂ ਤੋਂ ਪਾਰ ਜਾਣਾ ਚਾਹੁੰਦੀ ਹੈ। ਦਾਇਰਾ ਕਿਤਨਾ ਵੀ ਵੱਡਾ ਹੋਵੇ, ਵਕਤ ਦੇ ਬੀਤਣ ਨਾਲ, ਜਾਣਿਆ-ਪਛਾਣਿਆ ਹੋਣ ਕਰਕੇ, ਫੈਲਣ ਦੀ ਪ੍ਰਵਿਰਤੀ ਕਾਰਨ, ਛੋਟਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਬੂਟੇ ਵਾਂਗ ਫੈਲਣ ਅਤੇ ਵਿਗਸਣ ਦੀ ਇੱਛਾ ਜਾਗਦੀ ਹੈ।

ਸਮੁੱਚਾ ਬ੍ਰਹਿਮੰਡ ਫੈਲ ਰਿਹਾ ਹੈ, ਫੈਲਣ ਦੀ ਇੱਛਾ, ਇਸ ਫੈਲਾਓ ਦਾ ਹੀ ਭਾਗ ਹੈ। ਫੈਲਣ ਦੀ ਇੱਛਾ ਦਾ ਪ੍ਰੇਰਿਆ ਮਨੁੱਖ ਸੁਖਾਵੇਂ ਸਾਧਨ, ਗਿਆਨ, ਵਿਸ਼ਾਲ-ਰਾਜ,

www.quotesinpunjabi.ml

QuotesInPunjabi
ਸਨਮਾਨਯੋਗ ਰੁਤਬਾ, ਸੋਹਣਾ ਸਾਥ, ਮਾਣਨਾ ਚਾਹੁੰਦਾ ਹੈ।

ਫੈਲਣ ਦਾ ਅਮਲ ਪਹਿਲਾਂ ਕਲਪਨਾ ਵਿਚ ਵਾਪਰਦਾ ਹੈ। ਸ਼ਾਰੀਆਂ ਕਲਾਵਾਂ ਫੈਲਣ ਦੀਆਂ ਕਾਲਪਨਿਕ ਉਡਾਰੀਆਂ ਹਨ। ਚੰਗੇਰੇ ਜੀਵਨ ਦੀ ਤਾਂਘ, ਸਾਫ-ਸੁਥਰੇ ਘਰ ਦਾ ਸੁਪਨਾ, ਰਿਸ਼ਤੇ ਵੀ ਫੈਲਣ ਦੀ ਇੱਛਾ ਦਾ ਸਬੂਤ ਹਨ। ਪਿਆਰ ਨਾਲ ਪ੍ਰੇਮੀ-ਪ੍ਰੇਮਿਕਾ ਦੋਵੇਂ ਫੈਲਣਾ ਚਾਹੁੰਦੇ ਹਨ, ਫੈਲਦੇ ਹਨ। ਬੱਚੇ ਇਸ ਫੈਲਾਓ ਦਾ ਭਾਗ ਹੁੰਦੇ ਹਨ।

ਜਾਣੂਆਂ, ਗਵਾਂਢੀਆਂ, ਦੋਸਤਾਂ, ਸਹੇਲੀਆਂ, ਜਮਾਤੀਆਂ, ਸਹਿਕਰਮੀਆਂ ਨਾਲ ਅਸੀਂ ਆਪਣਾ ਪਰਿਵਾਰ ਵੱਡਾ ਕਰਦੇ ਹਾਂ। ਇਤਿਹਾਸ ਪੜ੍ਹਨ ਦਾ ਉਦੇਸ਼ ਇਹ ਜਾਣਨਾ ਹੁੰਦਾ ਹੈ ਕਿ ਵਿਅਕਤੀ, ਸਮਾਜ, ਦੇਸ਼ ਕਿਵੇਂ ਫੈਲਿਆ ਹੈ। ਮਨੁੱਖ ਜਾਣਨਾ ਚਾਹੁੰਦਾ ਹੈ, ਹੋਰ ਕਿਵੇਂ ਫੈਲਾਂ, ਹੋਰ ਵਿਕਾਸ ਕਿਵੇਂ ਕਰਾਂ। ਗਿਆਨ ਦਾ ਉਦੇਸ਼ ਵੀ ਇਹ ਸਮਝਣਾ ਹੁੰਦਾ ਹੈ ਕਿ ਹੋਰਾਂ ਦੇ ਨੇੜੇ ਕਿਵੇਂ ਜਾਵਾਂ, ਹੋਰਾਂ ਨੂੰ ਕੋਲ ਕਿਵੇਂ ਬੁਲਾਵਾਂ। ਧਰਮ ਰਾਹੀਂ ਮਨੁੱਖ ਫੈਲ ਕੇ ਪਰਮਾਤਮਾ ਦੇ ਨੇੜੇ ਪਹੁੰਚਦਾ ਹੈ। ਪਰ ਮਨੁੱਖ ਦੀ ਸ਼ਕਤੀ, ਸਮਾਂ, ਸਮਰੱਥਾ ਅਤੇ ਪਹੁੰਚ ਸੀਮਤ ਹੁੰਦੀ ਹੈ। ਅੰਦਰਲੀ ਸ਼ਕਤੀ, ਕਲਪਨਾ ਅਤੇ ਆਤਮਾ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਣਾ ਚਾਹੁੰਦੀ ਹੈ ਪਰ ਮਨੁੱਖ ਸੀਮਾਵਾਂ ਵਿਚ ਬੱਝਾ ਹੋਇਆ ਹੈ।

ਇਹ ਸੀਮਾਵਾਂ ਉਸ ਨੂੰ ਪਰੇਸ਼ਾਨ ਕਰਦੀਆਂ ਹਨ। ਮਨੁੱਖ ਦੇ ਫੈਲਣ ਦਾ ਯਤਨ ਵਾਸਤਵ ਵਿਚ ਆਪਣੇ ਆਪ ਨੂੰ ਲੱਭਣ ਦਾ ਉਪਰਾਲਾ ਹੁੰਦਾ ਹੈ। ਜਦੋਂ ਮਨੁੱਖ ਹੋਰਾਂ ਦੇ ਫੈਲਣ ਵਿਚ ਸਹਾਈ ਹੁੰਦਾ ਹੈ, ਉਦੋਂ ਉਹ ਹੋਰਾਂ ਨੂੰ ਪ੍ਰਸੰਨ ਕਰਦਾ ਅਤੇ ਆਪ ਪ੍ਰਸੰਨ ਹੁੰਦਾ ਹੈ ਅਤੇ ਉਸ ਦਾ ਆਪਣਾ ਅਨੁਭਵ ਖੇਤਰ ਫੈਸਲਾ ਅਤੇ ਵਿਸ਼ਾਲ ਹੁੰਦਾ ਹੈ।

310

ਮੇਰੀ ਰਿਸ਼ਤੇਦਾਰੀ ਵਿਚ ਇਕ ਭਰਾ ਸੀ। ਉਸ ਨੇ ਕਈ ਕੰਮ ਆਰੰਭੇ ਸਨ ਪਰ ਸਫਲ ਕਿਸੇ ਵਿਚ ਨਾ ਹੋਇਆ। ਉਸ ਦੀ ਮਦਦ ਕਰਨ ਦੀ ਭਾਵਨਾ ਨਾਲ, ਇਕ ਹੋਰ ਭਰਾ ਨੇ ਆਪਣੀ ਖਾਲੀ ਪਈ ਦੁਕਾਨ, ਉਸਨੂੰ ਥੋੜ੍ਹੇ ਜਿਹੇ ਕਿਰਾਏ 'ਤੇ ਦੇ ਦਿੱਤੀ ਅਤੇ ਮੈਨੂੰ ਵੀ ਕਿਹਾ ਆਪਣਾ ਭਰਾ ਹੈ, ਤੂੰ ਵੀ ਇਸ ਦੀ ਮਦਦ ਕਰ, ਤਾਂ ਕਿ ਇਹ ਆਪਣੇ ਪੈਰਾਂ 'ਤੇ ਖਲੋ ਜਾਵੇ। ਉਸ ਨੂੰ ਸਾਮਾਨ ਪਾਉਣ ਲਈ, ਦੋ ਸਾਲ ਦੇ ਕਿਰਾਏ ਜਿਤਨੇ ਪੈਸੇ ਮੈਂ ਦਿੱਤੇ, ਜਿਹੜੇ ਉਸ ਨੇ ਚੌਵ੍ਹੀ ਕਿਸ਼ਤਾਂ ਵਿਚ ਮੋੜਨੇ ਸਨ। ਕੁਝ ਦਿਨਾਂ ਮਗਰੋਂ ਉਹ ਫਿਰ ਆ ਗਿਆ ਕਿ ਮੇਰਾ ਮਾਲ ਆਇਆ ਹੈ, ਅਦਾਇਗੀ ਕਰਨੀ ਹੈ। ਹੋਰ ਪੈਸੇ ਲੈ ਗਿਆ।

ਕਈ ਮਹੀਨੇ ਲੰਘ ਗਏ, ਉਸਨੇ ਕੋਈ ਪੈਸਾ ਨਾ ਮੋੜਿਆ। ਦੁਕਾਨ ਦੇ ਮਾਲਕ ਨੇ ਕਿਹਾ, ਮੇਰਾ ਵੀ ਕਿਰਾਇਆ ਨਹੀਂ ਦਿੰਦਾ। ਅਸੀਂ ਜਦੋਂ ਕਾਰਨ ਜਾਣਨਾ ਚਾਹਿਆ ਤਾਂ ਪਤਾ ਲੱਗਿਆ ਕਿ ਮਿਹਨਤ ਕਰਨ ਦੀ ਥਾਂ ਉਸਨੇ ਆਪਣਾ ਖਾਣ-ਪੀਣ ਵਧਾ ਲਿਆ ਸੀ।

ਅਸੀਂ ਉਸਦੀਆਂ ਅਸਫਲਤਾਵਾਂ ਦਾ ਕਾਰਨ ਸਮਝ ਗਏ ਸਾਂ।

ਕਰਜ਼ਾ ਨਾ ਮੁੜਨ ਦਾ ਮੁੱਖ ਕਾਰਨ ਇਹ ਹੁੰਦਾ ਹੈ ਕਿ, ਜਿਸ ਉਦੇਸ਼ ਲਈ ਇਹ ਲਿਆ ਜਾਂਦਾ ਹੈ, ਉਸ ਉਦੇਸ਼ ਲਈ ਵਰਤਿਆ ਨਹੀਂ ਜਾਂਦਾ ਅਤੇ ਜਿਹੜਾ ਰਿਸ਼ਤੇਦਾਰਾਂ ਤੋਂ ਕਰਜ਼ਾ ਲੈਂਦਾ ਹੈ, ਉਹ ਅਕਸਰ ਆਪਣੇ ਇਰਾਦਿਆਂ ਵਿਚ ਇਮਾਨਦਾਰ ਨਹੀਂ ਹੁੰਦਾ।

www.quotesinpunjabi.ml

QuotesInPunjabi

311

ਜੇ ਤੁਸੀਂ ਸਮਝਦੇ ਹੋ ਕਿ ਤੁਸੀਂ ਨਿਰਸੁਆਰਥ ਹੋ ਤਾਂ ਤੁਹਾਨੂੰ ਵਧੇਰੇ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਮਨ ਕੁਝ ਵੀ ਨਿਰਸੁਆਰਥ ਹੋ ਕੇ ਕਰਨ ਲਈ ਤਿਆਰ ਨਹੀਂ ਹੁੰਦਾ।

ਮਨ ਤੁਹਾਨੂੰ ਨਿਰਸੁਆਰਥ ਬਣਨ ਨਹੀਂ ਦੇਵੇਗਾ।

ਜੇ ਨਿਰਸੁਆਰਥ ਹੋ ਕੇ ਪਿਆਰ ਕਰੋਗੇ ਤਾਂ ਕਾਮ ਦਾ ਸੁਆਰਥ ਜਾਗ ਪਏਗਾ।

ਪਿਆਰ ਨਿਰਸੁਆਰਥ ਹੋ ਸਕਦਾ ਹੈ ਪਰ ਕਾਮ ਸੁਆਰਥ ਅਧੀਨ ਜਾਗਦਾ ਹੈ। ਇਹ ਹਰੇਕ ਮਨੁੱਖ ਨੂੰ ਸੁਆਰਥੀ ਬਣਾਉਂਦਾ ਹੈ।

ਇਵੇਂ ਨਿਰਸੁਆਰਥ ਪੱਛੜ ਜਾਂਦਾ ਹੈ ਅਤੇ ਸੁਆਰਥ ਮੋਹਰੀ ਬਣ ਜਾਂਦਾ ਹੈ।

ਮਨ ਦਾ ਮੁੱਢਲਾ ਸੁਭਾਓ ਸੁਆਰਥੀ ਹੈ। ਜਿਤਨਾ ਚਿਰ ਮਨ ਨਾਲ ਜੁੜੇ ਰਹੋਗੇ ਜਾਂ ਮਨ ਦੇ ਅਧੀਨ ਰਹੋਗੇ, ਸੁਆਰਥੀ ਹੀ ਰਹੋਗੇ।

ਮਨ ਸਦਾ ਹੀ ਸੁਆਰਥੀ ਹੈ, ਜਦੋਂ ਕਿ ਸਮੁੱਚੀ ਕੁਦਰਤ ਨਿਰਸੁਆਰਥ ਹੈ।

ਮਨ ਦਾ ਸੁਭਾਉ ਲੈਣਾ ਹੈ, ਕੁਦਰਤ ਦਾ ਸੁਭਾਓ ਦੇਣਾ ਹੈ।

ਮਨ ਸਾਡੇ ਜੀਵਨ ਨੂੰ ਵਪਾਰ ਬਣਾ ਦਿੰਦਾ ਹੈ, ਇਹ ਹਰ ਚੀਜ਼ ਨੂੰ ਲਾਭ ਵਿਚ ਬਦਲਣ ਦਾ ਯਤਨ ਕਰਦਾ ਰਹਿੰਦਾ ਹੈ, ਇਸੇ ਲਈ ਇਹ ਪਰੇਸ਼ਾਨ ਰਹਿੰਦਾ ਹੈ।

312

ਬਹੁਤੀਆਂ ਪੜਤਾਲੀਆ ਕਮੇਟੀਆਂ, ਦੋਸ਼ੀ ਵਿਅਕਤੀ ਨੂੰ ਸਜ਼ਾ, ਉਸ ਵਲੋਂ ਕਮੇਟੀ ਸਾਹਮਣੇ, ਵਿਖਾਈ ਗਈ ਬਦਕਲਾਮੀ, ਬਦਸਲੂਕੀ ਅਤੇ ਬਦਤਮੀਜ਼ੀ ਕਾਰਨ ਦਿੰਦੀਆਂ ਹਨ। ਜੇ ਦੋਸ਼ੀ ਵਿਅਕਤੀ ਸਲੀਕੇ ਨਾਲ ਪੇਸ਼ ਆਵੇ ਅਤੇ ਕਮੇਟੀ ਦੇ ਮੈਂਬਰਾਂ ਦਾ ਸਤਿਕਾਰ ਕਰੇ ਤਾਂ ਕਮੇਟੀ ਅਜਿਹੇ ਵਿਅਕਤੀ ਨੂੰ ਸਜ਼ਾ ਦੇਣ ਦੇ ਪੱਖੋਂ ਝਿਜਕਦੀ ਹੈ, ਕਿਉਂਕਿ ਸਜ਼ਾ ਕਿਸੇ ਨੂੰ ਨੀਵਾਂ ਵਿਹਾਰ ਵਿਖਾਉਣ ਕਾਰਨ ਦਿੱਤੀ ਜਾਂਦੀ ਹੈ, ਆਪਣੇ ਤੋਂ ਚੰਗਾ ਵਿਹਾਰ ਵਿਖਾਉਣ ਵਾਲੇ ਨੂੰ ਸਜ਼ਾ ਦੇਣੀ, ਉਸ ਨਾਲ ਵਧੀਕੀ ਪ੍ਰਤੀਤ ਹੁੰਦੀ ਹੈ।

ਕਮਜ਼ੋਰਾਂ ਦੇ ਸਾਹਮਣੇ ਆਕੜਨਾ ਮੂਰਖਤਾ ਹੁੰਦੀ ਹੈ ਅਤੇ ਤਾਕਤਵਰਾਂ ਦੇ ਸਾਹਮਣੇ ਆਕੜਨਾ, ਮਹਾਂ-ਮੂਰਖਤਾ ਹੁੰਦੀ ਹੈ।

ਸਲੀਕੇ ਅਤੇ ਸਤਿਕਾਰ-ਭਰਿਆ ਵਿਹਾਰ ਅਜਿਹੀ ਕੁੰਜੀ ਹੈ, ਜਿਸ ਨਾਲ ਜ਼ੰਗਾਲੇ ਹੋਏ ਜਿੰਦਰੇ ਵੀ ਖੁੱਲ੍ਹ ਜਾਂਦੇ ਹਨ ਅਤੇ ਵਿਰੋਧੀ ਵੀ ਹਮਾਇਤੀ ਬਣ ਜਾਂਦੇ ਹਨ।

313

ਸ਼ਰਧਾਲੂ, ਸੰਤ ਨੂੰ ਪੁੱਛ ਰਿਹਾ ਸੀ ਕਿ ਸੁੱਖ-ਦੁੱਖ ਤੋਂ ਉਪਰ ਕਿਵੇਂ ਉਠਿਆ ਜਾਵੇ।

ਸੰਤ ਨੇ ਸ਼ਰਧਾਲੂ ਨੂੰ ਕਿਹਾ: ਕਬਰਾਂ ਵਿਚ ਜਾਓ, ਉਥੇ ਹਰ ਕਿਸੇ ਦੀ ਪ੍ਰਸੰਸਾ ਕਰ ਕੇ, ਗੁਣ ਗਾ ਕੇ ਆਓ। ਉਸ ਨੇ ਇਵੇਂ ਹੀ ਕੀਤਾ, ਵਾਪਸ ਆਉਣ 'ਤੇ ਸੰਤ ਨੇ ਪੁੱਛਿਆ: ਕਿਸੇ ਨੇ ਕੋਈ ਜਵਾਬ ਦਿੱਤਾ ? ਕਿਹਾ ਨਹੀਂ।

www.quotesinpunjabi.ml

QuotesInPunjabi

ਫਿਰ ਜਾਓ, ਸਾਰਿਆਂ ਨੂੰ ਉੱਚੀਆਂ-ਉੱਚੀਆਂ ਗਾਲ੍ਹਾਂ ਕੱਢ ਕੇ ਆਓ। ਵਾਪਸ ਆਉਣ 'ਤੇ ਸੰਤ ਨੇ ਪੁੱਛਿਆ: ਕਿਸੇ ਨੇ ਕੋਈ ਜਵਾਬ ਦਿੱਤਾ? ਨਹੀਂ।

ਤੇਰੇ ਪ੍ਰਸ਼ਨ ਦਾ ਉੱਤਰ ਇਹ ਹੈ ਕਿ ਕੋਈ ਪ੍ਰਸੰਸਾ ਕਰੇ, ਕੋਈ ਗਾਲ੍ਹਾਂ ਕੱਢੇ, ਸੁਖੀ-ਦੁਖੀ, ਦੁਖੀ-ਸੁਖੀ ਨਹੀਂ ਹੋਣਾ।

314

ਇਕ ਡਾਕਟਰ-ਇਸਤਰੀ ਕੋਲ, ਇਕ ਸ਼ਾਇਰ-ਮਰੀਜ਼ ਆਇਆ। ਉਹ ਇਵੇਂ ਮਿਲੇ ਜਿਵੇਂ ਪਿਆਸੇ ਨੂੰ ਪਾਣੀ ਮਿਲਦਾ ਹੈ, ਜਿਵੇਂ ਮੁਰਝਾਏ ਬੂਟੇ ਨੂੰ ਬਹਾਰ ਮਿਲਦੀ ਹੈ।

ਕੁਝ ਦਿਨਾਂ ਵਿਚ ਉਹ ਡਾਕਟਰ, ਉਸ ਸ਼ਾਇਰ ਦੀ ਮਰੀਜ਼ ਹੋ ਗਈ ਸੀ।

ਉਹ ਦਰਦ ਦਾ ਗੀਤਕਾਰ ਅਤੇ ਗੀਤਾਂ ਦਾ ਦਰਦ ਸੀ।

ਉਹ ਸੁਪਨੇ ਦਾ ਯਥਾਰਥ ਅਤੇ ਯਥਾਰਥ ਦਾ ਸੁਪਨਾ ਸੀ।

ਉਹ ਆਪਣੇ ਗੀਤਾਂ ਨਾਲ ਦੂਜਿਆਂ ਦੇ ਰਾਹਾਂ ਵਿਚੋਂ ਕੰਡੇ ਚੁਗਦਾ ਸੀ।

ਉਸ ਦੀ ਕੋਈ ਪ੍ਰੇਮਿਕਾ ਨਹੀਂ ਸੀ ਪਰ ਉਸ ਨੂੰ ਸੁਣ ਕੇ, ਹਰ ਇਸਤਰੀ ਉਸਦੀ ਪ੍ਰੇਮਿਕਾ ਬਣਨ ਲਈ, ਹੋਰਾਂ ਨਾਲ ਮੁਕਾਬਲਾ ਕਰਨ ਲੱਗ ਪੈਂਦੀ ਸੀ।

ਡਾਕਟਰ ਨੇ ਉਸ ਨੂੰ ਲਿਖਿਆ: ਮੈਂ ਚਾਹੁੰਦੀ ਹਾਂ ਕਿ ਤੂੰ ਤੂਫ਼ਾਨ ਬਣ ਕੇ ਮੇਰੇ ਵਿਚੋਂ ਲੰਘੇਂ। ਤੂੰ ਮੇਰੀਆਂ ਹਨੇਰੀਆਂ ਰਾਤਾਂ ਵਿਚ ਚੜ੍ਹਿਆ ਚੰਨ੍ਹ ਹੈਂ। ਤੂੰ ਮੇਰੀਆਂ ਖਾਮੋਸ਼ੀਆਂ ਵਿਚ ਗੂੰਜਿਆ ਇਕ ਗੀਤ ਹੈਂ। ਤੂੰ ਮੇਰੇ ਹੰਝੂਆਂ ਵਿਚੋਂ ਉਭਰਿਆ ਇਕ ਸੁਪਨਾ ਹੈਂ। ਤੂੰ ਮੇਰੇ ਖ਼ੂਨ ਵਿਚ ਟੁਰਦਾ ਇਕ ਖਿਆਲ ਹੈਂ। ਤੂੰ ਮੇਰੇ ਹਰ ਦਿਨ ਦੀ ਨਵੀਂ ਉਮੀਦ ਹੈਂ।

ਉਸ ਡਾਕਟਰ-ਇਸਤਰੀ ਨੇ ਸ਼ਾਇਰ ਨੂੰ ਕਿਹਾ: ਤੇਰੇ ਰਾਹੀਂ ਮੈਂ ਤੇਰੇ ਵਰਗੇ, ਇਕ ਸੋਹਣੇ ਜਿਹੇ ਸੁਪਨੇ ਦੀ ਮਾਂ ਬਣਨਾ ਚਾਹੁੰਦੀ ਹਾਂ।

ਸ਼ਾਇਰ ਨੇ ਜਵਾਬ ਦਿੱਤਾ: ਪਰੀਆਂ, ਮਾਂਵਾਂ ਨਹੀਂ ਬਣਦੀਆਂ।

315

ਇਕ ਵਿਅਕਤੀ ਇਕ ਸੰਨਿਆਸੀ ਕੋਲ ਜਾਇਆ ਕਰਦਾ ਸੀ।

ਇਕ ਦਿਨ ਕਹਿਣ ਲੱਗਾ: ਮੈਂ ਵੀ ਸੰਨਿਆਸ ਲੈਣਾ ਚਾਹੁੰਦਾ ਹਾਂ ਪਰ ਮੇਰਾ ਪਰਿਵਾਰ ਮੇਰੇ ਨਾਲ ਬੜਾ ਮੋਹ ਕਰਦਾ ਹੈ। ਹਰ ਕੋਈ ਜਾਨ ਦੇਣ ਵਾਸਤੇ ਹਮੇਸ਼ਾ ਤਿਆਰ ਰਹਿੰਦਾ ਹੈ। ਮੇਰੇ ਤੋਂ ਬਿਨਾਂ ਉਹ ਰਹਿ ਨਹੀਂ ਸਕਣਗੇ।

ਸੰਨਿਆਸੀ ਨੇ ਕਿਹਾ: ਇਹ ਸਭ ਤੇਰੇ ਵਹਿਮ ਹਨ। ਇਸ ਸੰਸਾਰ ਵਿਚ ਹਰ ਕੋਈ ਆਪਣੇ ਸੁਆਰਥ ਦਾ ਚਲਾਇਆ ਚਲ ਰਿਹਾ ਹੈ। ਕਿਸੇ ਦਾ ਕਿਸੇ ਨਾਲ ਮੋਹ ਨਹੀਂ, ਸਭ ਦਿਖਾਵਾ ਹੈ। ਵਿਅਕਤੀ ਨੇ ਕਿਹਾ: ਨਹੀਂ, ਤੁਸੀਂ ਮੇਰੇ ਪਰਿਵਾਰ ਦੇ ਜੀਆਂ ਨੂੰ ਨਹੀਂ ਜਾਣਦੇ।

ਸੰਨਿਆਸੀ ਨੇ ਕਿਹਾ: ਪਰਖ ਕਰ ਲੈਂਦੇ ਹਾਂ। ਅੱਜ ਦੇ ਦਿਨ, ਅਗਲੇ ਹਫ਼ਤੇ, ਸਵੇਰ ਵੇਲੇ ਤੂੰ ਮਰਨ ਦੀ ਮੁਦਰਾ ਅਪਨਾ ਲਵੀਂ, ਮਰਨ ਦਾ ਨਾਟਕ ਕਰੀਂ, ਮੈਂ ਆਵਾਂਗਾ। ਅਸਲੀਅਤ

www.quotesinpunjabi.ml

QuotesInPunjabi

ਨੂੰ ਆਪਣੇ ਕੰਨੀਂ ਸੁਣ ਲਵੀਂ। ਦੱਸੇ ਹੋਏ ਦਿਨ 'ਤੇ ਉਹ ਵਿਅਕਤੀ ਸਾਹ ਰੋਕ ਕੇ, ਮੁਰਦੇ ਵਾਂਗ ਲੰਮਾ ਪੈ ਗਿਆ। ਸਾਰੇ ਰੋ-ਕੁਰਲਾ ਰਹੇ ਸਨ।

ਅਚਾਨਕ ਸੰਨਿਆਸੀ ਆਇਆ। ਪਰਿਵਾਰ ਨੇ ਕਿਹਾ: ਤੁਹਾਡਾ ਤਾਂ ਸ਼ਰਧਾਲੂ ਹੈ, ਕੁਝ ਕਰੋ। ਸੰਨਿਆਸੀ ਨੇ ਕਿਹਾ: ਇਹ ਵਾਪਸ ਆ ਸਕਦਾ ਹੈ ਪਰ ਜੇ ਕੋਈ ਹੋਰ, ਇਸ ਦੀ ਥਾਂ ਮਰਨ ਲਈ ਤਿਆਰ ਹੋ ਜਾਵੇ। ਹੁਣ ਕੋਈ ਸੰਨਿਆਸੀ ਨੂੰ ਹੈਰਾਨੀ ਨਾਲ ਅਤੇ ਹੈਰਾਨੀ ਨਾਲੋਂ ਵੀ ਵੱਧ ਪਰੇਸ਼ਾਨੀ ਨਾਲ ਵੇਖ ਰਿਹਾ ਸੀ।

ਹਰ ਕਿਸੇ ਦਾ ਆਪਣਾ ਮਹੱਤਵ ਜਾਗ ਪਿਆ ਸੀ। ਪੁੱਤਰ ਦੀ ਪੜ੍ਹਾਈ ਦਾ ਅਖੀਰਲਾ ਸਾਲ ਸੀ, ਧੀ ਦਾ ਛੇ ਮਹੀਨੇ ਮਗਰੋਂ ਵਿਆਹ ਸੀ, ਪਤਨੀ ਨੇ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਸਨ। ਭਰਾ ਨੇ ਵਪਾਰ ਵੱਲ ਧਿਆਨ ਦੇਣਾ ਸੀ।

ਇਹ ਕਹਿ ਕੇ ਸਾਰੇ, ਸੰਨਿਆਸੀ ਦੇ ਦੁਆਲੇ ਹੋ ਗਏ ਅਤੇ ਪੁੱਛਿਆ: ਕਿਸੇ ਦੀ ਜਗ੍ਹਾ ਹੋਰ ਕੋਈ ਕਿਵੇਂ ਮਰ ਸਕਦਾ ਹੈ? ਜੋ ਪਰਮਾਤਮਾ ਨੇ ਕੀਤਾ ਹੈ, ਠੀਕ ਹੀ ਕੀਤਾ ਹੋਵੇਗਾ। ਅਸੀਂ ਪਿਤਾ ਜੀ ਤੋਂ ਬਿਨਾਂ ਜਿਵੇਂ-ਕਿਵੇਂ ਸਾਰਨ ਦਾ ਯਤਨ ਕਰਾਂਗੇ। ਜਿਤਨਾ ਚਿਰ ਇਹ ਜਿਉਂਦੇ ਸਨ, ਅਸੀਂ ਇਨ੍ਹਾਂ ਦੀ ਪੂਰੀ ਸੇਵਾ ਕੀਤੀ ਹੈ। ਲਿਖੀਆਂ ਕੌਣ ਮੇਟ ਸਕਦਾ ਹੈ? ਇਹ ਭਾਣਾ ਤਾਂ ਸਾਨੂੰ ਹੁਣ ਮੰਨਣਾ ਹੀ ਪਏਗਾ।

ਸੰਨਿਆਸੀ ਨੇ ਮੰਤਰ ਪੜ੍ਹਿਆ ਅਤੇ ਉਹ ਮੁਰਦਾ ਜਿਉਂਦਾ ਹੋ ਗਿਆ ਪਰ ਹੁਣ ਉਸ ਨੂੰ ਕੋਈ ਭਰਮ-ਭੁਲੇਖਾ ਨਹੀਂ ਸੀ।

316

ਹਾਕਮਾਂ ਨੂੰ ਕੇਵਲ ਪ੍ਰਸੰਸਾ ਸੁਣਨ ਦੀ ਆਦਤ ਹੁੰਦੀ ਹੈ।

ਇਕ ਜਗਿਆਸੂ ਆਪਣੇ ਪਿੰਡ ਨੇੜਿਓਂ ਲੰਘਦੀ ਸ਼ਾਹ-ਰਾਹ ਤੋਂ ਲੰਘਣ ਵਾਲੇ ਰਾਹੀਆਂ ਤੋਂ ਉਨ੍ਹਾਂ ਦੀ ਤੀਰਥ-ਯਾਤਰਾ ਦੀਆਂ ਗੱਲਾਂ ਸੁਣਿਆ ਕਰਦਾ ਸੀ। ਉਸ ਨੂੰ ਪਤਾ ਲੱਗਿਆ ਕਿ ਬਹੁਤ ਦੂਰ ਰਾਜਧਾਨੀ ਵਿਚ ਰਹਿਣ ਵਾਲੇ, ਰਾਜੇ ਸਨਤ ਕੁਮਾਰ ਦੀ ਸਾਰੇ ਬੜੀ ਪ੍ਰਸੰਸਾ ਕਰਦੇ ਸਨ। ਉਸ ਨੇ ਰਾਜਧਾਨੀ ਜਾਣ ਦੀ ਤਿਆਰੀ ਕਰ ਲਈ।

ਕਈ ਦਿਨ ਟੁਰਦੇ ਰਹਿਣ ਉਪਰੰਤ ਪਹੁੰਚ ਕੇ ਮਹਿਲ ਦਾ ਦਰਵਾਜ਼ਾ ਖੜਕਾਇਆ। ਦੁਆਰਪਾਲਾਂ ਨੇ ਕਿਹਾ: ਰਾਜੇ ਨੂੰ ਮਿਲਣਾ ਸੌਖਵ ਨਹੀਂ। ਰਾਜਾ ਉਨ੍ਹਾਂ ਨੂੰ ਹੀ ਮਿਲਦਾ ਹੈ, ਜਿਨ੍ਹਾਂ ਨੂੰ ਉਸ ਨੇ ਆਪ ਬੁਲਾਇਆ ਹੋਵੇ।

ਜਗਿਆਸੂ ਨੇ ਕਿਹਾ: ਮੈਂ ਇਤਨੀ ਦੂਰੋਂ ਆਇਆ ਹਾਂ ਕਿ ਤੁਸੀਂ ਅਨੁਮਾਨ ਵੀ ਨਹੀਂ ਲਗਾ ਸਕਦੇ। ਮੈਂ ਕੇਵਲ ਰਾਜੇ ਦੇ ਦਰਸ਼ਨਾਂ ਲਈ ਆਇਆ ਹਾਂ।

ਸੁਨੇਹਾ ਰਾਜੇ ਤੱਕ ਪਹੁੰਚਿਆ, ਕਿਹਾ ਆ ਜਾਣ ਦਿਓ।

ਰਾਜਾ ਲੇਟਿਆ ਹੋਇਆ ਸੀ, ਉਠ ਬੈਠਿਆ। ਯਾਤਰੀ ਦੀ ਹਾਲਤ ਗਰੀਬ ਵਿਅਕਤੀ ਵਾਲੀ ਸੀ ਪਰ ਉਸ ਨੇ ਰਾਜੇ ਦੇ ਹਰ ਪੱਖ ਦੀ ਬੜੀ ਯੋਗਤਾ ਨਾਲ ਪ੍ਰਸੰਸਾ ਕੀਤੀ ਅਤੇ ਉਸ ਨੂੰ ਰਾਹੀਆਂ ਤੋਂ ਪਤਾ ਲੱਗੀਆਂ ਸਾਰੀਆਂ ਗੱਲਾਂ ਦੱਸੀਆਂ।

www.quotesinpunjabi.ml

QuotesInPunjabi

ਆਪਣੀ ਪ੍ਰਸੰਸਾ ਤੋਂ ਪ੍ਰਸੰਨ ਹੋ ਕੇ, ਰਾਜੇ ਨੇ ਉਸ ਦੀ ਰਿਹਾਇਸ਼ ਅਤੇ ਪਹਿਰਾਵੇ ਦਾ ਬੰਦੋਬਸਤ ਕਰਨ ਦਾ ਆਦੇਸ਼ ਦਿੱਤਾ ਅਤੇ ਯਾਤਰੀ ਨੂੰ ਕਿਹਾ: ਤੂੰ ਕੱਲ੍ਹ ਸਵੇਰੇ ਦਰਬਾਰ ਵਿਚ ਆਵੀਂ, ਉਥੇ ਮੈਂ ਹੋਰ ਵੀ ਪ੍ਰਭਾਵਸ਼ਾਲੀ ਲੱਗਾਂਗਾ।

ਅਗਲੇ ਦਿਨ ਰਾਜਾ ਆਪਣੇ ਪੂਰੇ ਸ਼ਹਾਨਾ ਲਿਬਾਸ ਵਿਚ ਸੀ। ਉਹ ਜਗਿਆਸੂ-ਯਾਤਰੀ, ਸਭ ਤੋਂ ਅਗਲੀ ਕਤਾਰ ਵਿਚ ਰਾਜੇ ਦੇ ਸਾਹਮਣੇ ਬੈਠਾ ਸੀ ਅਤੇ ਰਾਜੇ ਨੂੰ ਹੈਰਾਨੀ ਨਾਲ ਵੇਖ ਰਿਹਾ ਸੀ ਪਰ ਚੁੱਪ ਸੀ। ਉਹ ਕੁਝ ਨਾ ਬੋਲਿਆ। ਰਾਜਾ ਪਿਛਲੀ ਸ਼ਾਮ ਸੁਣੀ ਆਪਣੀ ਪ੍ਰਸੰਸਾ ਦੁਹਰਾਏ ਜਾਣ ਦੀ ਉਡੀਕ ਕਰ ਰਿਹਾ ਸੀ।

ਰਾਜਾ ਉਸ ਦੇ ਬੋਲਣ ਨੂੰ ਉਡੀਕ ਰਿਹਾ ਸੀ ਪਰ ਉਹ ਕੁਝ ਨਾ ਬੋਲਿਆ, ਸਗੋਂ ਉਸ ਨੇ ਰਾਜੇ ਵਲ ਕੋਈ ਵਿਸ਼ੇਸ਼ ਧਿਆਨ ਹੀ ਨਾ ਦਿੱਤਾ।

ਰਾਜਾ ਕੜਕ ਕੇ ਬੋਲਿਆ: ਬੋਲ, ਬੋਲਦਾ ਕਿਉਂ ਨਹੀਂ ? ਜੋ ਕੱਲ੍ਹ ਬੋਲਿਆ ਸੀ, ਉਹ ਬੋਲ। ਉੱਤਰ ਮਿਲਿਆ: ਕੀ ਬੋਲਾਂ ? ਬੋਲਣ ਨੂੰ ਕੁਝ ਹੈ ਹੀ ਨਹੀਂ। ਮੇਰੇ ਸਾਹਮਣੇ ਰੋਗਾਂ ਦਾ ਖਾਧਾ, ਹਉਮੈ ਵਿਚ ਗ੍ਰਸਿਆ ਸਰੀਰ ਬੈਠਾ ਹੈ। ਆਪਣੇ ਹਕੀਮ ਨੂੰ ਪੁੱਛ ਵੇਖੋ, ਕਿਤਨੀਆਂ ਬੀਮਾਰੀਆਂ ਹਨ, ਇਹ ਤੁਹਾਡੀ ਹਉਮੈ ਦੇ ਰੋਗ ਹਨ।

ਕੱਲ੍ਹ ਤੁਸੀਂ ਨਿਮਰ ਸੀ, ਸ਼ਾਂਤ ਸੀ, ਇਸ ਲਈ ਸੋਹਣੇ, ਤੇਜਸਵੀ ਅਤੇ ਪ੍ਰਭਾਵਸ਼ਾਲੀ ਲੱਗੇ ਸੀ, ਅੱਜ ਤੁਸੀਂ ਹੰਕਾਰੇ ਹੋਏ ਹੋ, ਮਹਿੰਗੇ ਕੱਪੜਿਆਂ ਅਤੇ ਗਹਿਣਿਆਂ ਦੇ ਘਮੰਡ ਵਿਚ ਹੋ, ਗੁੱਸੇ ਵਿਚ ਹੋ, ਪ੍ਰਸੰਸਾ ਦੀ ਭੁੱਖ ਨਾਲ ਪਰੇਸ਼ਾਨ ਹੋ। ਤੁਸੀਂ ਜੋ ਕੱਲ੍ਹ ਸੀ, ਉਹ ਅੱਜ ਨਹੀਂ ਹੋ।

ਮੈਂ ਕੀ ਬੋਲਾਂ ? ਬੋਲਣ ਲਈ ਕੁਝ ਹੈ ਹੀ ਨਹੀਂ।

317

ਨੈਪੋਲੀਅਨ ਦੇ ਯਤਨਾਂ ਨਾਲ, ਫਰਾਂਸ ਵਿਸ਼ਵ-ਸ਼ਕਤੀ ਬਣ ਗਿਆ ਸੀ। ਨੈਪੋਲੀਅਨ ਕਿਸੇ ਰਾਜ ਘਰਾਣੇ ਵਿਚੋਂ ਨਹੀਂ ਸੀ। ਨੈਪੋਲੀਅਨ ਨੇ ਲੜਾਈ ਅਤੇ ਪ੍ਰਸ਼ਾਸਨ ਦੇ ਉਹ ਪੈਂਤੜੇ ਵਰਤੇ, ਜਿਹੜੇ ਵਿਰੋਧੀ ਅਸੰਭਵ ਸਮਝਦੇ ਸਨ ਪਰ ਉਸ ਨੇ ਵੱਡੀਆਂ ਗਲਤੀਆਂ ਵੀ ਕੀਤੀਆਂ। ਵਾਟਰਲੂ ਦੀ ਲੜਾਈ ਉਸ ਦੀ ਮੂਰਖਤਾ ਸੀ। ਜਦੋਂ ਉਸ ਦੀ ਤਾਕਤ ਘਟੀ ਤਾਂ ਵਿਰੋਧੀਆਂ ਨੇ ਉਹ ਢੰਗ-ਤਰੀਕੇ ਵਰਤੇ, ਜਿਹੜੇ ਨੈਪੋਲੀਅਨ ਦੀ ਸਮਝ ਤੋਂ ਪਰ੍ਹੇ ਸਨ।

ਨੈਪੋਲੀਅਨ, ਉਹ ਅਸਟਰੀਆ ਦੇ ਬਾਦਸ਼ਾਹ ਦਾ ਜਵਾਈ ਸੀ ਪਰ ਉਹ ਅਸਟਰੀਆ 'ਤੇ ਹਮਲਾ ਕਰਕੇ, ਅਸਟਰੀਆ ਨੂੰ ਆਪਣੇ ਰਾਜ ਵਿਚ ਮਿਲਾਉਣ ਦੀਆਂ ਵਿਉਂਤਾਂ ਬਣਾ ਹੀ ਰਿਹਾ ਸੀ ਕਿ ਅਸਟਰੀਆ ਦੇ ਬਾਦਸ਼ਾਹ ਨੇ ਨੈਪੋਲੀਅਨ 'ਤੇ ਹਮਲਾ ਕਰ ਦਿੱਤਾ।

ਨੈਪੋਲੀਅਨ ਸੋਚ ਵੀ ਨਹੀਂ ਸੀ ਸਕਦਾ ਕਿ ਕੋਈ ਸਹੁਰਾ, ਆਪਣੇ ਜਵਾਈ 'ਤੇ ਹਮਲਾ ਕਰੇਗਾ। ਨੈਪੋਲੀਅਨ ਜਾਣਦਾ ਨਹੀਂ ਸੀ ਕਿ ਬਾਦਸ਼ਾਹਾਂ ਦੇ ਕੋਈ ਰਿਸ਼ਤੇਦਾਰ ਨਹੀਂ ਹੁੰਦੇ। ਇਸ ਲੜਾਈ ਨੇ ਸਾਬਤ ਕੀਤਾ ਕਿ ਨੈਪੋਲੀਅਨ ਨੂੰ ਬਾਦਸ਼ਾਹਾਂ ਦੀਆਂ ਤਰਜੀਹਾਂ, ਆਦਤਾਂ ਅਤੇ ਸੋਚਾਂ ਦੀ ਸਮਝ ਨਹੀਂ ਸੀ।

ਇਥੋਂ ਨੈਪੋਲੀਅਨ ਦਾ ਪਤਨ ਆਰੰਭ ਹੋਇਆ ਅਤੇ ਨਿਰੰਤਰ ਜਾਰੀ ਰਿਹਾ।

www.quotesinpunjabi.ml

QuotesInPunjabi

318

ਸੰਸਾਰ ਵਿਚ ਪਹਿਲ ਕਰਨ ਦੀ ਦਲੇਰੀ ਨਹੀਂ, ਪਿੱਛੇ ਲੱਗਣ ਦਾ ਸ਼ੌਕ ਹੈ ਪਰ ਨਾਂ-ਥਾਂ ਉਨ੍ਹਾਂ ਦਾ ਹੀ ਹੁੰਦਾ ਹੈ, ਜਿਹੜੇ ਪਹਿਲ ਕਰਦੇ ਹਨ।

ਖੇਡਾਂ ਦੇ ਖੇਤਰ ਵਿਚ ਲੰਮਾ ਅਰਸਾ, ਇਹ ਵਿਸ਼ਵਾਸ ਸੀ ਕਿ ਚਾਰ ਮਿੰਟਾਂ ਵਿਚ ਇਕ ਮੀਲ ਦੌੜਨ ਦਾ ਸੁਪਨਾ ਪੂਰਾ ਨਹੀਂ ਹੋ ਸਕਦਾ। ਕਈ ਦਹਾਕਿਆਂ ਤੋਂ ਯਤਨ ਜਾਰੀ ਸਨ ਪਰ ਸਫਲਤਾ ਨਹੀਂ ਮਿਲ ਰਹੀ ਸੀ।

ਆਖਰ 1954 ਵਿਚ ਰੋਜਰ ਬੈਨਿਸਟਰ ਨੇ ਇਹ ਸੁਪਨਾ ਯਥਾਰਥ ਬਣਾ ਦਿੱਤਾ।

ਚਾਰ ਮਿੰਟ ਵਿਚ ਇਕ ਮੀਲ ਦੌੜਨ ਦਾ ਪਹਿਲਾਂ ਉਸ ਨੇ ਸੁਪਨਾ ਵੇਖਿਆ, ਫਿਰ ਦੌੜਨ ਦਾ ਪ੍ਰਣ ਕੀਤਾ, ਮਨ ਅਤੇ ਸਰੀਰ ਦੋਹਾਂ ਨਾਲ ਅਭਿਆਸ ਕੀਤਾ। ਉਹ ਸੁੱਤਾ ਹੋਇਆ ਵੀ ਅਭਿਆਸ ਕਰਦਾ ਰਹਿੰਦਾ ਸੀ। ਉਸ ਨੂੰ ਸੁਪਨੇ ਵੀ ਦੌੜਨ ਦੇ ਹੀ ਆਉਂਦੇ ਸਨ।

ਜਦੋਂ ਉਸ ਨੇ ਮਾਨਵਜਾਤੀ ਦੇ ਸੁਪਨੇ ਨੂੰ ਯਥਾਰਥ ਬਣਾ ਦਿਤਾ ਤਾਂ ਉਸੇ ਸਾਲ, ਸੈਂਤੀ ਹੋਰ ਦੌੜਾਕਾਂ ਨੇ ਵੀ ਚਾਰ ਮਿੰਟ ਵਿਚ ਇਕ ਮੀਲ ਦੌੜਨ ਵਿਚ ਸਫਲਤਾ ਪ੍ਰਾਪਤ ਕੀਤੀ ਪਰ ਪਹਿਲ ਰੋਜਰ ਬੈਨਿਸਟਰ ਨੇ ਕੀਤੀ ਸੀ।

319

ਮਨੋਵਿਗਿਆਨ ਦਾ ਪਿਤਾਮਾ ਵੀ ਜਿਸ ਇਕ ਪ੍ਰਸ਼ਨ ਦਾ ਉੱਤਰ ਨਹੀਂ ਦੇ ਸਕਿਆ, ਉਹ ਇਹ ਸੀ ਕਿ ਆਖਰ ਇਸਤਰੀ ਚਾਹੁੰਦੀ ਕੀ ਹੈ?

ਪੁਰਾਣੇ ਵੇਲੇ ਦੀ ਗੱਲ ਹੈ, ਹੁਣ ਇਹ ਹਰ ਵੇਲੇ ਦੀ ਗੱਲ ਹੈ।

ਇਕ ਵਿਦਵਾਨ ਕੈਦੀ ਨੂੰ ਫਾਂਸੀ ਲੱਗਣੀ ਸੀ। ਰਾਜੇ ਨੇ ਕਿਹਾ: ਜਾਨ ਬਖਸ਼ੀ ਜਾ ਸਕਦੀ ਹੈ, ਜੇ ਪ੍ਰਭਾਵਸ਼ਾਲੀ ਉੱਤਰ ਮਿਲੇ ਕਿ ਆਖਰ ਇਸਤਰੀ ਚਾਹੁੰਦੀ ਕੀ ਹੈ? ਕੈਦੀ ਨੇ ਕਿਹਾ, ਮੋਹਲਤ ਮਿਲ ਜਾਵੇ ਤਾਂ ਪਤਾ ਕਰਕੇ ਦੱਸ ਸਕਦਾ ਹਾਂ।

ਇਕ ਸਾਲ ਦੀ ਮੋਹਲਤ ਮਿਲ ਗਈ, ਉਹ ਵਿਦਵਾਨ ਬੜਾ ਘੁੰਮਿਆ ਪਰ ਕਿਧਰੋਂ ਵੀ ਸੰਤੋਖਜਨਕ ਉੱਤਰ ਨਾ ਮਿਲਿਆ।

ਅਖੀਰ ਕਿਸੇ ਨੇ ਕਿਹਾ ਦੂਰ ਇਕ ਚੁੜੇਲ ਰਹਿੰਦੀ ਹੈ, ਉਹ ਜਵਾਬ ਦੇ ਸਕਦੀ ਹੈ। ਕੈਦੀ ਉਸ ਕੋਲ ਪਹੁੰਚਿਆ। ਚੁੜੇਲ ਨੇ ਕਿਹਾ: ਜਵਾਬ ਮੈਂ ਇਸ ਸ਼ਰਤ 'ਤੇ ਦਿਆਂਗੀ, ਜੇ ਤੂੰ ਮੇਰੇ ਨਾਲ ਵਿਆਹ ਕਰਵਾਏਂ। ਕੈਦੀ ਨੇ ਖੂਬ ਸੋਚਿਆ, ਦੋ ਦਿਨ ਸੋਚਣ ਉਪਰੰਤ, ਜਾਨ ਬਚਾਉਣ ਵਾਸਤੇ, ਫਾਂਸੀ ਤੋਂ ਬਚਣ ਲਈ, ਵਿਆਹ ਕਰਵਾਉਣ ਦੀ ਸਹਿਮਤੀ ਦੇ ਦਿੱਤੀ।

ਵਿਆਹ ਹੋਣ ਉਪਰੰਤ ਚੁੜੇਲ ਨੇ ਕਿਹਾ: ਤੂੰ ਮੇਰੀ ਗੱਲ ਮੰਨ ਲਈ ਹੈ, ਸੋ ਮੈਂ ਤੈਨੂੰ ਪ੍ਰਸੰਨ ਕਰਨ ਲਈ ਫੈਸਲਾ ਕੀਤਾ ਹੈ ਕਿ ਮੈਂ ਬਾਰ੍ਹਾਂ ਘੰਟੇ ਚੁੜੇਲ ਰਿਹਾ ਕਰਾਂਗੀ ਅਤੇ ਬਾਰ੍ਹਾਂ ਘੰਟੇ ਪਰੀ ਵਰਗੀ ਸੁੰਦਰ ਹੋਇਆ ਕਰਾਂਗੀ। ਤੂੰ ਦੱਸ, ਦਿਨ ਵੇਲੇ ਚੁੜੇਲ ਹੋਇਆ ਕਰਾਂ ਕਿ ਰਾਤ ਵੇਲੇ? ਕੈਦੀ ਨੇ ਸੋਚਿਆ, ਜੇ ਦਿਨ ਵੇਲੇ ਚੁੜੇਲ ਹੋਵੇਂਗੀ, ਦਿਨ ਨਹੀਂ ਲੰਘੇਗਾ, ਜੇ ਰਾਤ ਵੇਲੇ ਚੁੜੇਲ ਹੋਵੇਂਗੀ ਤਾਂ ਰਾਤ ਨਹੀਂ ਲੰਘੇਗੀ। ਅੰਤ ਨੂੰ ਵਿਦਵਾਨ ਨੇ ਚੁੜੇਲ ਪਤਨੀ

www.quotesinpunjabi.ml

QuotesInPunjabi
ਨੂੰ ਕਿਹਾ: ਜਿਵੇਂ ਤੇਰੀ ਮਰਜ਼ੀ, ਉਵੇਂ ਕਰ ਲਿਆ ਕਰ। ਜਦੋਂ ਤੇਰਾ ਦਿਲ ਕਰੇ, ਪਰੀ ਬਣ ਲਿਆ ਕਰ, ਜਦੋਂ ਦਿਲ ਕਰੇ, ਚੁੜੇਲ ਹੀ ਰਿਹਾ ਕਰ।

ਇਹ ਗੱਲ ਸੁਣਕੇ ਚੁੜੇਲ ਨੇ ਪ੍ਰਸੰਨ ਹੋ ਕੇ ਕਿਹਾ: ਕਿਉਂਕਿ ਤੂੰ ਮੈਨੂੰ ਆਪਣੀ ਮਰਜ਼ੀ ਕਰਨ ਦੀ ਖੁੱਲ੍ਹ ਦਿੱਤੀ ਹੈ, ਸੋ ਮੈਂ ਹਰ ਵੇਲੇ ਪਰੀ ਹੀ ਬਣ ਕੇ ਰਿਹਾ ਕਰਾਂਗੀ।

ਇਹੀ ਤੇਰੇ ਪ੍ਰਸ਼ਨ ਦਾ ਉੱਤਰ ਹੈ। ਇਸਤਰੀ ਆਪਣੀ ਮਰਜ਼ੀ ਕਰਨੀ ਚਾਹੁੰਦੀ ਹੈ।

ਜਦੋਂ ਇਸਤਰੀ ਨੂੰ ਆਪਣੀ ਮਰਜ਼ੀ ਕਰਨ ਦੀ ਖੁੱਲ੍ਹ ਦਿਓਗੇ, ਉਹ ਕਰੇਗੀ ਉਹੀ ਕੁਝ, ਜੋ ਤੁਹਾਨੂੰ ਚੰਗਾ ਲਗੇਗਾ ਅਤੇ ਤੁਹਾਡੇ ਲਈ ਲਾਭਕਾਰੀ ਹੋਵੇਗਾ ਪਰ ਉਸ ਨੂੰ ਆਪਣੀ ਮਰਜ਼ੀ ਕਰਨ ਦੀ ਤਸੱਲੀ ਅਤੇ ਪ੍ਰਸੰਨਤਾ ਮਿਲੇਗੀ।

320

ਪਤੀ-ਪਤਨੀ ਕੋਲ ਸੱਤ ਲੱਡੂ ਸਨ। ਪਤਨੀ ਨੇ ਚਾਰ ਆਪ ਰੱਖ ਲਏ, ਤਿੰਨ ਪਤੀ ਨੂੰ ਦਿੱਤੇ, ਕਿਹਾ ਮੈਂ ਬਣਾਏ ਹਨ। ਪਤੀ ਨੇ ਕਿਹਾ: ਇਹ ਠੀਕ ਵੰਡ ਨਹੀਂ ਕੀਤੀ।

ਬੱਸ, ਹੁਣ ਜਿਹੜਾ ਬੋਲੇਗਾ, ਉਸਨੂੰ ਸਾਰੇ ਲੱਡੂ ਦੇਣੇ ਪੈਣਗੇ।

ਦੋਵੇਂ ਚੁੱਪ ਹੋ ਗਏ। ਚੁੱਪ ਕਰਕੇ ਪਏ ਰਹੇ। ਪਤਨੀ ਉਠੀ, ਰਸੋਈ ਵਿਚ ਗਈ, ਵੇਖਿਆ ਚਾਵਲ ਹੈ ਨਹੀਂ, ਕੀ ਬਣਾਵਾਂ? ਚੁੱਪ ਕਰਕੇ ਫਿਰ ਲੇਟ ਗਈ। ਜਦੋਂ ਪਤੀ-ਪਤਨੀ ਦੋਵੇਂ ਤਿੰਨ ਦਿਨ ਨਾ ਦਿਸੇ ਤਾਂ ਗਵਾਂਢੀ ਆਏ। ਠੀਕ ਤਾਂ ਹੋ ਬਾਬਾ? ਪਰ ਬਾਬਾ ਚੁੱਪ। ਠੀਕ ਤਾਂ ਹੈਂ ਅੰਮਾ? ਪਰ ਅੰਮਾ ਚੁੱਪ। ਗਵਾਂਢੀਆਂ ਨੇ ਕਿਹਾ, ਇਹ ਤਾਂ ਮਰ ਗਏ ਹਨ, ਇਹ ਤਾਂ ਇਨ੍ਹਾਂ ਦੀਆਂ ਲਾਸ਼ਾਂ ਹਨ। ਸੰਸਕਾਰ ਦਾ ਪ੍ਰਬੰਧ ਕਰੋ।

ਪਤਨੀ ਨੇ ਪਤੀ ਨੂੰ ਕਿਹਾ: ਬਸ ਕਰੀਏ, ਚੰਗਾ ਤੂੰ ਚਾਰ ਖਾ ਲਵੀਂ, ਮੈਂ ਤਿੰਨ ਖਾ ਲਵਾਂਗੀ। ਜਿਹੜੇ ਹਾਲ ਪੁੱਛਣ ਆਏ ਸਨ, ਉਹ ਸੱਤ ਸਨ। ਇਹ ਤਾਂ ਜਿਉਂ ਪਏ ਹਨ, ਸਾਨੂੰ ਖਾਣ ਲਈ ਗਿਣ ਰਹੇ ਹਨ। ਉਹ ਸਭ ਕੁਝ ਉਥੇ ਹੀ ਸੁੱਟ ਕੇ ਭੱਜ ਗਏ। ਕੋਈ ਉਨ੍ਹਾਂ ਦੇ ਘਰ ਦੇ ਅੰਦਰ ਨਾ ਜਾਵੇ। ਪਤਨੀ ਰਸੋਈ ਵਿਚ ਕੰਮ ਕਰ ਰਹੀ ਸੀ। ਬੋਰੀ ਹਟਾਈ ਤਾਂ ਕੀੜੇ-ਮਕੌੜੇ ਇਧਰ-ਉਧਰ ਦੌੜੇ। ਪਤਨੀ ਨੇ ਪਤੀ ਨੂੰ ਕਿਹਾ ਮਾਰੋ, ਸਾਰੇ ਮਾਰੋ, ਦੋ ਤੇਰੇ ਵਲ ਆ ਰਹੇ ਹਨ, ਬਚ ਕੇ ਨਾ ਜਾਵੇ ਕੋਈ। ਜਦੋਂ ਬਾਹਰ ਨਿਕਲਣ ਲਗੇ, ਉਹ ਸੋਟਾ ਲੈ ਕੇ ਖਲੋ ਗਿਆ ਅਤੇ ਕਿਹਾ: ਮੇਰੇ ਤੋਂ ਕੋਈ ਕੀੜਾ-ਮਕੌੜਾ ਬਚ ਕੇ ਨਹੀਂ ਜਾ ਸਕਦਾ।

ਹਾਏ, ਹਾਏ ਇਹ ਤਾਂ ਸਾਨੂੰ ਕੀੜੇ-ਮਕੌੜੇ ਸਮਝਦੇ ਹਨ। ਪਿੰਡ ਵਿਚ ਹਾਲ-ਦੁਹਾਈ ਪੈ ਗਈ, ਪਿੰਡ ਵਾਲੇ ਡਰ ਗਏ। ਇਥੇ ਰਹਿਣਾ ਖਤਰੇ ਤੋਂ ਖਾਲੀ ਨਹੀਂ।

ਸਾਰਿਆਂ ਨੇ ਆਪਣਾ-ਆਪਣਾ ਸਾਮਾਨ ਇਕੱਠਾ ਕੀਤਾ ਅਤੇ ਪਿੰਡ ਛੱਡ ਗਏ।

ਦੂਜੇ ਦਿਨ ਪਤੀ-ਪਤਨੀ ਨੇ ਵੇਖਿਆ ਪਿੰਡ ਵਿਚ ਕੋਈ ਹੈ ਹੀ ਨਹੀਂ। ਜ਼ਰੂਰ ਪਲੇਗ ਫੈਲ ਗਈ ਹੋਵੇਗੀ, ਨਹੀਂ ਤਾਂ ਲੋਕਾਂ ਦੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਅਸੀਂ ਵੀ ਚੱਲੀਏ? ਉਹ ਵੀ ਚਲੇ ਗਏ।

ਇਕ ਲੱਡੂ ਦੇ ਵੱਧ-ਘੱਟ ਹੋਣ ਨੇ, ਮੂਰਖਾਂ ਦਾ ਸਾਰਾ ਪਿੰਡ ਉਜਾੜ ਦਿੱਤਾ ਸੀ।

ਉਜੜਨਾ ਤਾਂ ਉਨ੍ਹਾਂ ਨੇ ਉਂਝ ਵੀ ਸੀ, ਲੱਡੂ ਇਕ ਬਹਾਨਾ ਬਣ ਗਿਆ ਸੀ।

www.quotesinpunjabi.ml

QuotesInPunjabi

321

ਬਚਪਨ ਵਿਚ ਅਸੀਂ ਭਾਰਤ ਦੇ ਉਦੋਂ ਦੇ ਵਿਦੇਸ਼-ਮੰਤਰੀ ਕ੍ਰਿਸ਼ਨਾ ਮੈਨਨ ਬਾਰੇ ਬੜੇ ਮਾਣ ਨਾਲ ਕਹਿੰਦੇ ਸਾਂ ਕਿ ਉਸ ਨੇ ਸੰਯੁਕਤ ਰਾਸ਼ਟਰ ਵਿਚ ਕਸ਼ਮੀਰ ਸਮੱਸਿਆ 'ਤੇ ਲਗਾਤਾਰ ਅੱਠ ਘੰਟੇ ਭਾਸ਼ਣ ਦਿੱਤਾ ਸੀ। ਹੁਣ ਮੈਨੂੰ ਸੋਚ ਕੇ ਹੀ ਸ਼ਰਮ ਆਉਂਦੀ ਹੈ ਕਿ ਸਾਡੇ ਵਿਦੇਸ਼ ਮੰਤਰੀ ਨੂੰ ਆਪਣੀ ਗੱਲ ਦੱਸਣ ਵਿਚ ਅੱਠ ਘੰਟੇ ਲੱਗੇ ਸਨ।

322

ਜੁਆਰੀਏ ਭਾਵੇਂ ਇਕ-ਦੂਜੇ ਨੂੰ ਵਿਰੋਧੀ ਮਿੱਥ ਕੇ ਹਰਾਉਂਦੇ-ਜਿੱਤਦੇ ਹਨ ਪਰ ਉਨ੍ਹਾਂ ਵਿਚ ਆਪਸੀ ਸਨੇਹ ਵੀ ਬਹੁਤ ਹੁੰਦਾ ਹੈ। ਵਿਰੋਧੀ, ਉਹ ਜੂਆ ਖੇਡਣ ਵੇਲੇ ਹੀ ਹੁੰਦੇ ਹਨ, ਉਂਝ ਉਹ ਦੋਸਤਾਂ ਵਾਂਗ ਵਿਚਰਦੇ ਹਨ।

ਇਕ ਜੁਆਰੀਆ ਉਧਾਰ ਲਿਆ ਹੋਇਆ ਪੰਜਾਹ ਹਜ਼ਾਰ ਰੁਪਇਆ ਹਾਰ ਗਿਆ।

ਉਸ ਦੀ ਛਾਤੀ ਵਿਚ ਦਰਦ ਹੋਇਆ ਅਤੇ ਅਚਾਨਕ ਮਰ ਗਿਆ।

ਬਾਕੀ ਉਸ ਦੇ ਸਤਿਕਾਰ ਵਿਚ ਖਲੋਕੇ ਖੇਡਦੇ ਰਹੇ। ਜਦੋਂ ਖੇਡ ਖਤਮ ਹੋਈ ਤਾਂ ਸਮੱਸਿਆ ਉਪਜੀ ਕਿ ਇਸ ਦੀ ਪਤਨੀ ਨੂੰ ਕੌਣ ਦੱਸੇਗਾ। ਇੱਕ ਨੇ ਸੁਝਾਓ ਦਿੱਤਾ, ਪੱਤੇ ਵੰਡੋ, ਜਿਸ ਨੂੰ ਪਹਿਲਾ ਯੱਕਾ ਆਇਆ, ਉਹ ਦੱਸਣ ਜਾਵੇਗਾ। ਜਿਸ ਨੇ ਦੱਸਣ ਜਾਣਾ ਸੀ, ਉਸ ਨੂੰ ਬਾਕੀਆਂ ਨੇ ਸਮਝਾਇਆ ਕਿ ਧਿਆਨ ਨਾਲ, ਤਰੀਕੇ ਨਾਲ, ਸਲੀਕੇ ਨਾਲ ਦੱਸੀਂ।

ਉਸ ਨੇ ਪਤਨੀ ਨੂੰ ਜਾ ਕੇ ਕਿਹਾ ਕਿ ਤੁਹਾਡਾ ਪਤੀ ਪੰਜਾਹ ਹਜ਼ਾਰ ਰੁਪਏ ਹਾਰ ਗਿਆ ਹੈ, ਹੁਣ ਘਰ ਆਉਣ ਤੋਂ ਡਰਦਾ ਹੈ। ਪਤਨੀ ਨੇ ਕਿਹਾ: ਉਸ ਨੂੰ ਕਹੋ, ਜਾ ਕੇ ਮਰੇ ਢੱਠੇ ਖੂਹ ਵਿਚ। ਜੁਆਰੀਏ ਨੇ ਕਿਹਾ: ਠੀਕ ਹੈ, ਅਸੀਂ ਉਸ ਨੂੰ ਅਜਿਹਾ ਕਰਨ ਲਈ ਮਨਾਉਂਦੇ ਹਾਂ।

ਉਸੇ ਨੇ ਥੋੜ੍ਹੀ ਦੇਰ ਮਗਰੋਂ ਜਾ ਕੇ ਕਿਹਾ: ਉਹ ਢੱਠੇ ਖੂਹ ਵਿਚ ਮਰਨ ਲਈ ਮੰਨਦਾ ਨਹੀਂ ਸੀ, ਬੜੀ ਮੁਸ਼ਕਲ ਨਾਲ ਮਨਾਇਆ ਹੈ। ਉਹ ਮਰ ਗਿਆ ਹੈ।

ਤੁਸੀਂ ਉਸ ਨੂੰ ਲੈਣ ਲਈ ਚੱਲੋਗੇ, ਕਿ ਉਸ ਨੂੰ ਇਥੇ ਚੁੱਕ ਲਿਆਈਏ, ਕਿ ਉਸ ਦਾ ਅਸੀਂ ਹੀ ਸੰਸਕਾਰ ਕਰ ਦੇਈਏ ? ਤੁਸੀਂ ਅੰਧੇ ਹੋਵੋਗੇ, ਅਸੀਂ ਹੀ ਸੰਸਕਾਰ ਕਰ ਦਿੰਦੇ ਹਾਂ।

323

ਜ਼ਿੰਦਗੀ ਵਿਚ ਬਚਪਨ ਦੀਆਂ ਯਾਦਾਂ ਦੀ ਦੱਬੀ ਹੋਈ ਦੌਲਤ ਜਦੋਂ ਫਰੋਲੋਗੇ, ਯਾਦਾਂ ਦੇ ਚੌਰਾਹੇ ਰੌਸ਼ਨ ਹੋ ਜਾਣਗੇ।

ਮੀਂਹ ਦੇ ਪਾਣੀ ਵਿਚ ਕਾਗਜ਼ ਦੀਆਂ ਕਿਸ਼ਤੀਆਂ, ਵਿਆਹਾਂ 'ਤੇ ਮਿਲਣ ਵਾਲੀਆਂ ਜਲੇਬੀਆਂ ਅਤੇ ਲੱਡੂ, ਤਿਉਹਾਰਾਂ ਦੀ ਉਡੀਕ, ਮਹਿਮਾਨਾਂ ਦਾ ਆਉਣਾ, ਨਾਨਕੇ ਜਾਣਾ, ਮਹਿਰੀ ਦੇ ਭੁੰਨੇ ਹੋਏ ਦਾਣੇ, ਸਕੂਲ ਦੇ ਬਾਹਰ ਬਰਫ਼ ਦੇ ਰਸਗੁੱਲੇ, ਸਕੂਲ ਵਿਚ ਅੱਧੀ ਛੁੱਟੀ ਵੇਲੇ ਵੰਡ ਕੇ ਖਾਧੇ ਸਮੋਸੇ, ਸਕੂਲ ਵਿਚ ਨਤੀਜੇ ਵਾਲੇ ਦਿਹਾੜੇ ਦੇ ਗੁਲਦਸਤੇ।

ਉਹ ਦੋਸਤ ਯਾਦ ਆ ਜਾਣਗੇ, ਜਿਨ੍ਹਾਂ ਨਾਲ ਗੁੱਲੀ-ਡੰਡਾ ਖੇਡਦੇ ਸਾਂ।

www.quotesinpunjabi.ml

QuotesInPunjabi

ਕਿਧਰ ਗਈਆਂ ਉਹ ਸ਼ੀਲਾ, ਗੁੱਡੀ, ਭੋਲੀ ਤੇ ਰਾਣੋ, ਜਿਨ੍ਹਾਂ ਨਾਲ ਪੀਚੋ ਅਤੇ ਗੀਟੇ ਖੇਡਦੇ ਸਾਂ। ਜਿਹੜੀਆਂ ਹਾਰ ਕੇ ਵੀ ਹੱਸਦੀਆਂ ਸਨ। ਉਹ ਘੁਲਾ, ਕੁਕੂ, ਬਿਲੂ ਅਤੇ ਜੀਤਾ, ਜਿਹੜੇ ਪਤੰਗ ਉਡਾਉਂਦੇ ਸਨ ਅਤੇ ਧਰਤੀ ਅਸਮਾਨ ਆਪਣੇ ਲਗਦੇ ਸਨ, ਜਿਨ੍ਹਾਂ ਨੂੰ ਪਤੰਗ ਕਟਵਾਉਣੇ ਆਉਂਦੇ ਸਨ, ਜਿਹੜੇ ਪਤੰਗ ਕੱਟਣੇ ਜਾਣਦੇ ਸਨ।

ਇਹ ਉਹ ਦੋਸਤ ਹੁੰਦੇ ਹਨ, ਉਹ ਸਹੇਲੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਜ਼ਿੰਦਗੀ ਭਰ ਲੱਭਦੇ ਰਹਿੰਦੇ ਹਾਂ, ਹਾਏ ਕਿਧਰੇ ਮਿਲ ਪੈਣ!

324

ਸਾਡੀ ਇਕ ਭੂਆ ਹੁੰਦੀ ਸੀ, ਜਿਸ ਨਾਲ ਜ਼ਿੰਦਗੀ ਨੇ ਇਨਸਾਫ਼ ਨਹੀਂ ਸੀ ਕੀਤਾ।

ਜ਼ਿੰਦਗੀ ਦੀਆਂ ਬੇਇਨਸਾਫ਼ੀਆਂ ਨੇ ਉਸ ਨੂੰ ਬੜੀ ਕੌੜੀ ਬਣਾ ਦਿੱਤਾ ਸੀ।

ਉਹ ਜਿਥੇ ਜਾਂਦੀ ਸੀ, ਝਗੜਾ ਉਪਜ ਪੈਂਦਾ ਸੀ।

ਉਸ ਨੂੰ ਕੋਈ ਆਪਣੇ ਘਰ ਜਾਂ ਕਿਸੇ ਸਮਾਗਮ 'ਤੇ ਬੁਲਾਉਣਾ ਨਹੀਂ ਸੀ ਚਾਹੁੰਦਾ ਪਰ ਕਿਉਂਕਿ ਭੂਆ ਸੀ, ਜੇ ਉਹ ਆ ਜਾਵੇ ਤਾਂ ਕਿਸੇ ਵਿਚ ਰੋਕਣ ਦੀ ਹਿੰਮਤ ਵੀ ਨਹੀਂ ਸੀ, ਸੋ ਉਸ ਨੂੰ ਅਕਸਰ ਬੁਲਾ ਲਿਆ ਜਾਂਦਾ ਸੀ ਅਤੇ ਉਸ ਦਾ ਧਿਆਨ ਰੱਖਣ ਲਈ ਦੋ-ਤਿੰਨ ਔਰਤਾਂ ਦੀ ਡਿਊਟੀ ਲਾਈ ਜਾਂਦੀ ਸੀ। ਉਸ ਨੇ ਕਈ ਭਰਾ ਲੜਾਏ ਸਨ, ਕਈ ਵਿਆਹ ਤੁੜਵਾਏ ਸਨ। ਉਹ ਹੋਰਾਂ ਨੂੰ ਪਾੜਨ ਵਿਚ ਬੜੀ ਮਾਹਿਰ ਸੀ।

ਉਸ ਨੂੰ ਬਰਦਾਸ਼ਤ ਕਰਨਾ ਬੜੀ ਦਲੇਰੀ ਵਾਲਾ ਕੰਮ ਸੀ।

ਉਸ ਨੂੰ ਹਰ ਕਿਸੇ ਦੀ ਹਰ ਗੱਲ ਦਾ ਪਤਾ ਹੁੰਦਾ ਸੀ। ਪਤਾ ਨਹੀਂ, ਉਸ ਕੋਲ ਸਾਰੀਆਂ ਸੱਚੀਆਂ-ਝੂਠੀਆਂ ਖਬਰਾਂ ਕਿਥੋਂ ਪਹੁੰਚ ਜਾਂਦੀਆਂ ਸਨ। ਉਹ ਬੁੱਢੀ ਸੀ ਪਰ ਬੜੀ ਤੇਜ਼ ਚਲਦੀ ਸੀ। ਚਾਰ-ਚਾਰ ਘੰਟੇ ਲਗਾਤਾਰ ਬੋਲ ਸਕਦੀ ਸੀ, ਉਹ ਹਰ ਕਿਸੇ ਦੀਆਂ ਛੁਪੀਆਂ ਹੋਈਆਂ ਗੱਲਾਂ ਅਤੇ ਲੁਕਾਏ ਹੋਏ ਭੇਤਾਂ ਦੀ ਨੁਮਾਇਸ਼ ਲਾ ਦਿੰਦੀ ਸੀ।

ਉਸ ਨੂੰ ਕਿਸੇ ਦੀ ਨਾਰਾਜ਼ਗੀ ਦੀ ਪਰਵਾਹ ਨਹੀਂ ਸੀ।

ਅਚਾਨਕ ਇਕ ਰਾਤ ਉਹ ਸੁੱਤੀ-ਸੁੱਤੀ ਮਰ ਗਈ। ਉਸ ਦੇ ਮਰਨ ਦੀ ਖਬਰ ਅੱਗ ਵਾਂਗ ਫੈਲੀ ਸੀ। ਬੜਾ ਵੱਡਾ ਇਕੱਠ ਹੋਇਆ ਸੀ, ਹਰ ਕੋਈ ਆਇਆ ਸੀ, ਪਰ ਸਾਰੇ ਇਹੀ ਗੱਲਾਂ ਕਰ ਰਹੇ ਸਨ ਕਿ ਜ਼ਿੰਦਗੀ-ਭਰ ਸਾਰਿਆਂ ਨੂੰ ਤੰਗ ਕਰਨ ਵਾਲੀ, ਸਭ ਦੀ ਭੂਆ ਇਤਨੀ ਜਲਦੀ ਅਤੇ ਇਤਨੀ ਸੌਖਿਆਂ ਕਿਉਂ ਮਰ ਗਈ ਸੀ।

ਹਰ ਕਿਸੇ ਨੂੰ ਠੱਗੇ ਜਾਣ ਦਾ ਅਹਿਸਾਸ ਹੋ ਰਿਹਾ ਸੀ। ਹਰ ਕੋਈ ਸਮਝ ਰਿਹਾ ਸੀ ਕਿ ਜਾਂਦੀ-ਜਾਂਦੀ ਵੀ ਭੂਆ, ਸਾਰਿਆਂ ਨੂੰ ਠੁੱਠ ਵਿਖਾ ਗਈ ਸੀ, ਵਿਅੰਗ ਕਰ ਗਈ ਸੀ।

325

ਸਭ ਤੋਂ ਦੁਖਦਾਈ ਦ੍ਰਿਸ਼ ਗੱਭਰੂ ਦੀ ਮੌਤ ਹੁੰਦਾ ਹੈ, ਤਿਹੱਥੜ ਸਿਆਪਾ ਕੇਵਲ ਗੱਭਰੂ ਦੀ ਮੌਤ 'ਤੇ ਕੀਤਾ ਜਾਂਦਾ ਹੈ। ਬਾਕੀ ਸਿਆਪੇ, ਇਕਹਿਰੇ ਜਾਂ ਦੁਹਰੇ ਹੁੰਦੇ ਹਨ।

www.quotesinpunjabi.ml

QuotesInPunjabi

ਗੱਭਰੂ ਦੀ ਮੌਤ ਉਪਰੰਤ ਮਾਂ ਦੀ, ਜ਼ਿੰਦਗੀ ਵਿਚ, ਦਿਲਚਸਪੀ ਹੀ ਮੁੱਕ ਜਾਂਦੀ ਹੈ।

ਅਣਵਿਆਹੇ ਗੱਭਰੂ ਨੂੰ, ਜਿਸ ਨੂੰ ਮਾਂ ਨੇ ਆਪਣੀ ਜਵਾਨੀ ਲਾ ਕੇ, ਪੋਟਾ-ਪੋਟਾ ਕਰਕੇ ਪਾਲਿਆ ਹੁੰਦਾ ਹੈ, ਉਸ ਨੂੰ ਮੌਤ ਪਲਾਂ ਵਿੱਚ ਢਹਿ-ਢੇਰੀ ਕਰ ਦਿੰਦੀ ਹੈ।

ਮਿਹਨਤ ਅਤੇ ਸਿਰਜਣਾ ਦੀ ਮੂਰਤੀ ਮਾਂ, ਮੌਤ ਦੀ ਖ਼ੂਨੀ ਵੰਗਾਰ ਸਾਹਮਣੇ ਨਿਹੱਥੀ, ਨਿਆਸਰੀ ਅਤੇ ਬੇਵੱਸ ਹੋ ਕੇ ਰਹਿ ਜਾਂਦੀ ਹੈ। ਇਹ ਮਨੁੱਖੀ ਆਸਰਿਆਂ, ਸੁਪਨਿਆਂ ਅਤੇ ਆਦਰਸ਼ਾਂ ਦੇ ਬੁਰਜ-ਮੁਨਾਰਿਆਂ ਦਾ ਢਹਿ-ਢੇਰੀ ਹੋਣਾ ਹੁੰਦਾ ਹੈ।

ਜਦੋਂ ਸ਼ਬਦਾਂ ਦਾ ਕੋਈ ਰੂਪ ਸਾਡੇ ਦੁੱਖਦਾਈ ਭਾਵਾਂ ਨੂੰ ਪ੍ਰਗਟਾਉਣ ਦੇ ਮੇਚ ਨਹੀਂ ਆਉਂਦਾ ਤਾਂ ਦੁੱਖਾਂ ਦਾ ਵੇਗ, ਆਪ-ਮੁਹਾਰੇ ਸਰੀਰਕ ਪੱਧਰ 'ਤੇ ਪ੍ਰਗਟਾਵਾ ਗ੍ਰਹਿਣ ਕਰ ਲੈਂਦਾ ਹੈ। ਇਸ ਹਾਲਤ ਵਿਚ ਸੋਗ ਦੀਆਂ ਸਰਾਪੀਆਂ ਇਸਤਰੀਆਂ, ਆਦਿ-ਕਾਲੀ ਉਚਾਰਾਂ ਦਾ ਰਾਹ ਚੁਣਦੀਆਂ ਹਨ ਅਤੇ ਦੁੱਖ ਦੇ ਅੰਨ੍ਹੇ ਵੇਗ, ਨੂੰ ਕੂਕਾਂ, ਚੀਕਾਂ, ਲੇਰਾਂ, ਹਉਕਿਆਂ, ਹਿਚਕੀਆਂ, ਵੈਣਿਕ ਲੈਆਂ ਅਤੇ ਤਾਲਾਂ ਵਿਚ ਉਚਾਰਦੀਆਂ ਹਨ।

ਸਰੀਰ ਨੂੰ ਵੱਧ ਤੋਂ ਵੱਧ ਦੁੱਖ ਦੇ ਕੇ, ਪੀੜ ਕਰਕੇ, ਵਾਲ ਖੋਹ ਕੇ, ਛਾਤੀਆਂ ਪਿੱਟ ਕੇ, ਇੱਕ ਦੂਜੇ ਦੇ ਗਲੇ ਲੱਗ ਕੇ, ਉਹ ਆਪਣੇ ਮਨ ਦਾ ਗੁਬਾਰ ਕੱਢਦੀਆਂ ਹਨ।

ਜੇ ਉਹ ਇਵੇਂ ਨਾ ਕਰਨ ਤਾਂ ਉਨ੍ਹਾਂ ਦੇ ਮਰ ਜਾਣ ਦਾ ਖਤਰਾ ਉਤਪੰਨ ਹੋ ਜਾਂਦਾ ਹੈ। ਸਿਆਪੇ ਦੀ ਕਿਰਿਆ ਰਾਹੀਂ ਦੁੱਖ ਦਾ ਸਮੂਹੀਕਰਣ ਹੁੰਦਾ ਹੈ। ਇਸ ਸਮੇਂ ਮਨੁੱਖੀ ਹੋਂਦ ਦੀ ਛਿਣ-ਭੰਗਰਤਾ ਦਾ ਅਹਿਸਾਸ ਚਰਮ-ਸੀਮਾ 'ਤੇ ਪਹੁੰਚ ਜਾਂਦਾ ਹੈ। ਗੱਭਰੂ ਨੂੰ ਵਿਅਕਤੀ ਵਜੋਂ ਨਹੀਂ, ਸਮੂਹਿਕ ਨਾਇਕ, ਅੰਤਿਮ ਆਦਰਸ਼ ਅਤੇ ਲਾੜੇ ਵਜੋਂ ਚਿਤਵਿਆ ਜਾਂਦਾ ਹੈ।

ਮਰਨ ਦਾ ਕਾਰਨ ਕੋਈ ਹੋਵੇ, ਗੱਭਰੂ ਦੀ ਮੌਤ ਬੜੀ ਹੀ ਦੁਖਦਾਈ ਹੁੰਦੀ ਹੈ।

ਕਹਿੰਦੇ ਹਨ ਪਾਣੀ ਲਈ ਤਰਸਦੇ, ਮੋਏ ਬੰਦਿਆਂ ਦੀ ਗਤੀ ਨਹੀਂ ਹੁੰਦੀ। ਜਿੱਥੇ ਮਾਰੂਥਲਾਂ ਵਿਚ ਗੱਭਰੂ ਮਰੇ ਹੁੰਦੇ ਹਨ, ਉਥੇ ਜੇਠ-ਹਾੜ੍ਹ ਦੀਆਂ ਦੁਪਹਿਰਾਂ ਨੂੰ ਪਾਣੀ-ਪਾਣੀ ਦੀਆਂ ਆਵਾਜ਼ਾਂ ਆਉਂਦੀਆਂ ਹਨ। ਲੋਕ ਇਨ੍ਹਾਂ ਰਾਹਾਂ ਤੋਂ ਲੰਘਣੋਂ ਡਰਦੇ ਹਨ।

ਗੱਭਰੂ ਦੀ ਮੌਤ ਨਾਲ ਇਕ ਹੱਸਦਾ-ਖੇਡਦਾ ਘਰ ਸਰਾਪਿਆ ਜਾਂਦਾ ਹੈ। ਧੀਆਂ ਨੂੰ ਸ਼ਗਨਾਂ ਨਾਲ ਟੋਰਨ ਵਾਲਾ, ਚਾਵਾਂ ਨਾਲ ਵਿਦਾ ਕਰਨ ਵਾਲਾ ਘਰ ਅਤੇ ਬੂਹਾ, ਕਿਤਨਾ ਉਦਾਸ ਹੁੰਦਾ ਹੈ, ਜਿਥੋਂ ਜਵਾਨੀ ਦੀ ਅਰਥੀ ਉੱਠ ਰਹੀ ਹੁੰਦੀ ਹੈ।

326

ਦੋ ਘੋੜਿਆਂ ਨੇ ਬਰਾਬਰ ਬੋਝ ਚੁੱਕਿਆ ਹੋਇਆ ਸੀ। ਇਕ ਤੇਜ਼ ਚੱਲਦਾ ਸੀ, ਦੂਜਾ ਹੌਲੀ, ਇਕ ਅੱਗੇ ਚਲਦਾ ਸੀ, ਦੂਜਾ ਪਿਛੇ।

ਮਾਲਕ ਨੇ ਪਿਛਲੇ ਦਾ ਕੁਝ ਬੋਝ, ਅਗਲੇ ਘੋੜੇ 'ਤੇ ਪਾ ਦਿੱਤਾ।

ਪਿਛਲੇ ਨੇ ਅੱਗੇ ਵਾਲੇ ਦੇ ਬਰਾਬਰ ਪਹੁੰਚ ਕੇ ਤਾਹਨੇ ਨਾਲ ਕਿਹਾ, ਤੈਨੂੰ ਚੰਗੇ ਕੰਮ ਦੀ, ਮਿਹਨਤ ਦੀ ਸਜ਼ਾ ਮਿਲ ਰਹੀ ਹੈ ਅਤੇ ਹੁਣ ਤੂੰ ਹੀ ਸਾਰਾ ਭਾਰ ਚੁੱਕ ਰਿਹਾ ਹੈਂ।

ਜਦੋਂ ਰਾਤ ਨੂੰ ਰਸਤੇ ਵਿਚ ਟਿਕਾਣਾ ਕੀਤਾ ਤਾਂ ਮਾਲਕ ਨੇ ਸੋਚਿਆ, ਇਸ ਵਿਹਲੇ ਅਤੇ ਕੰਮ ਚੋਰ ਘੋੜੇ ਨੂੰ ਖਾਣ ਲਈ ਕਿਉਂ ਦਿਆਂ ?

www.quotesinpunjabi.ml

QuotesInPunjabi

ਸਪੱਸ਼ਟ ਹੈ ਕਿ ਘੋੜਾ ਹੋਰ ਤਰ੍ਹਾਂ ਸੋਚਦਾ ਹੈ, ਮਾਲਕ ਹੋਰ ਤਰ੍ਹਾਂ।

ਮਾਲਕ ਨੇ ਸੋਚਿਆ, ਮੈਂ ਇਸ ਨਿਕੰਮੇ ਨੂੰ ਕਿਉਂ ਰੱਖਿਆ ਹੋਇਆ ਹੈ?

ਕੱਲ੍ਹ ਮੈਂ ਇਹ ਕਸਾਈ ਨੂੰ ਵੇਚ ਦਿਆਂਗਾ, ਚਾਰ ਪੈਸੇ ਮਿਲਣਗੇ ਨਾਲੇ ਮੇਰੀ ਨਿਗਰਾਨੀ ਅਤੇ ਖਰਚਾ ਘਟੇਗਾ। ਘੋੜਾ ਹੋਵੇ ਜਾਂ ਮਨੁੱਖ, ਹਰ ਮਾਲਕ ਇਵੇਂ ਹੀ ਸੋਚਦਾ ਹੈ।

327

ਪੁਰਤਗਾਲੀ, ਜਾਪਾਨ ਵਿਚ ਵਪਾਰ ਲਈ ਆਏ ਸਨ। ਵਪਾਰ ਵਿਚ ਪੁਰਤਗਾਲੀਆਂ ਦਾ ਏਕਾਧਿਕਾਰ ਸੀ ਪਰ ਪੁਰਤਗਾਲੀ ਪਾਦਰੀ, ਜਾਪਾਨੀਆਂ ਦਾ ਧਰਮ ਬਦਲਣ ਲਗ ਪਏ ਸਨ, ਜਿਸ ਕਾਰਨ ਜਾਪਾਨੀ ਹਕੂਮਤ ਪਰੇਸ਼ਾਨ ਸੀ ਪਰ ਹਾਕਮ ਕੁਝ ਠੋਸ ਕਾਰਵਾਈ ਕਰਨ ਦੀ ਹਾਲਤ ਵਿਚ ਨਹੀਂ ਸਨ। ਕੁਝ ਚਿਰ ਮਗਰੋਂ ਡੱਚ ਆਏ, ਜਾਪਾਨੀ ਬਾਦਸ਼ਾਹ ਨੇ ਉਨ੍ਹਾਂ ਦਾ ਸਵਾਗਤ ਕੀਤਾ। ਡੱਚ ਕੇਵਲ ਵਪਾਰ ਕਰਦੇ ਸਨ ਅਤੇ ਜਾਪਾਨੀ, ਉਨ੍ਹਾਂ ਤੋਂ ਬੰਦੂਕਾਂ ਅਤੇ ਸਮੁੰਦਰੀ ਜਹਾਜ਼ ਬਣਾਉਣਾ ਸਿੱਖਦੇ ਸਨ।

ਬਾਦਸ਼ਾਹ ਨੇ ਡੱਚਾਂ ਨੂੰ ਸਾਰੇ ਅਧਿਕਾਰ ਅਤੇ ਰਿਆਇਤਾਂ ਦਿੱਤੀਆਂ ਅਤੇ ਡੱਚਾਂ ਨੂੰ ਇਤਨਾ ਸ਼ਕਤੀਸ਼ਾਲੀ ਬਣਾ ਦਿੱਤਾ ਕਿ ਉਨ੍ਹਾਂ ਨੇ ਹੀ ਪੁਰਤਗਾਲੀਆਂ ਨੂੰ ਕੱਢ ਦਿੱਤਾ।

328

ਪੰਦਰ੍ਹਵੀਂ ਸਦੀ ਵਿਚ, ਇਟਲੀ ਦੀਆਂ ਰਿਆਸਤਾਂ ਵੀਨਸ, ਫਲੋਰੈਂਸ, ਰੋਮ ਅਤੇ ਮਿਲਾਨ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ।

ਫਰਾਂਸ ਅਤੇ ਸਪੇਨ ਦੋਵੇਂ ਦੇਸ਼ ਇਨ੍ਹਾਂ ਰਿਆਸਤਾਂ ਨੂੰ ਹੜੱਪ ਕਰਨ ਦੀ ਤਾਕ ਵਿਚ ਰਹਿੰਦੇ ਸਨ। ਇਨ੍ਹਾਂ ਦੇ ਵਿਚਕਾਰ ਇਕ ਛੋਟੀ ਜਿਹੀ ਰਿਆਸਤ ਮਨਟੂਆ ਸੀ। ਜਦੋਂ ਵੱਡੀਆਂ ਰਿਆਸਤਾਂ ਅਤੇ ਦੇਸ਼ ਲੜਦੇ ਸਨ ਤਾਂ ਮਨਟੂਆ ਦੀ ਰਿਆਸਤ ਵਿਚ-ਵਿਚਾਲੇ ਫਸ ਜਾਂਦੀ ਸੀ। ਇਸ ਸਮੇਂ ਮਨਟੂਆ ਦੀ ਹਕੂਮਤ ਇਕ ਰਾਣੀ ਕੋਲ ਸੀ।

ਜਦੋਂ ਮਨਟੂਆ ਦੀ ਮਹਾਰਾਣੀ ਨੂੰ ਫਰਾਂਸ ਤੋਂ ਖਤਰਾ ਹੁੰਦਾ ਸੀ ਤਾਂ ਉਹ ਫਰਾਂਸ ਦੇ ਬਾਦਸ਼ਾਹ ਨਾਲ ਦੋਸਤੀ ਪਾ ਲੈਂਦੀ ਸੀ ਅਤੇ ਉਸ ਦੇ ਬਿਸਤਰੇ ਵਿਚ ਸੌਣ ਦੀ ਆਸ ਜਗਾ ਦਿੰਦੀ ਸੀ। ਜਦੋਂ ਉਸ ਨੂੰ ਸਪੇਨ ਤੋਂ ਖਤਰਾ ਹੁੰਦਾ ਸੀ ਤਾਂ ਉਹ ਉਸ ਵਲ ਝੁਕ ਜਾਂਦੀ ਸੀ।

ਇਵੇਂ ਮਨਟੂਆ ਦੀ ਮਹਾਰਾਣੀ ਆਪਣੀਆਂ ਮੁਸਕਰਾਹਟਾਂ ਅਤੇ ਨਖਰਿਆਂ ਨਾਲ, ਆਪਣੀ ਰਿਆਸਤ ਮਨਟੂਆ ਦੀ ਰੱਖਿਆ ਕਰਦੀ ਰਹੀ ਸੀ।

329

ਜੇ ਠੀਕ ਢੰਗ ਨਾਲ ਪਛਤਾਵਾ ਕੀਤਾ ਜਾਵੇ ਤਾਂ ਪਛਤਾਵੇ ਦਾ ਲਾਭ ਹੁੰਦਾ ਹੈ ਅਤੇ ਅਗਲੇ ਫੈਸਲੇ ਵਧੇਰੇ ਹੰਢਣਸਾਰ ਸਾਬਤ ਹੁੰਦੇ ਹਨ।

ਪਛਤਾਵਾ, ਉਸ ਕਾਰਜ ਜਾਂ ਫੈਸਲੇ ਦਾ ਹੁੰਦਾ ਹੈ, ਜਿਹੜਾ ਹੋ ਗਿਆ ਹੋਵੇ ਪਰ ਜਿਹੜਾ

www.quotesinpunjabi.ml

QuotesInPunjabi

ਹੋਣਾ ਨਹੀਂ ਸੀ ਚਾਹੀਦਾ। ਜੇਕਰ ਪਛਤਾਵਾ ਬੇਕਾਬੂ ਹੋ ਜਾਵੇ ਤਾਂ ਜ਼ਿੰਦਗੀ ਦਾ ਗਲਾ ਘੁੱਟਣ ਲੱਗ ਪੈਂਦਾ ਹੈ ਅਤੇ ਇਹ ਬਹੁਤ ਗੰਦੇ ਹੋ ਗਏ ਕੱਪੜਿਆਂ ਨੂੰ ਧੋ ਕੇ ਸਾਫ਼ ਕਰਨ ਵਰਗਾ ਔਖਾ ਕਾਰਜ ਬਣ ਜਾਂਦਾ ਹੈ।

ਕੁਝ ਲੋਕਾਂ ਨੂੰ ਹੀ ਪਛਤਾਵੇ ਤੋਂ ਲਾਭ ਉਠਾਉਣਾ ਆਉਂਦਾ ਹੈ।

ਪਛਤਾਵੇ ਦੇ ਤਿੰਨ ਪੜਾਓ ਹੁੰਦੇ ਹਨ। ਪਹਿਲਾ ਪੜਾਓ ਆਪਣੀ ਗਲਤੀ ਜਾਂ ਅਣਗਹਿਲੀ ਨੂੰ ਮੰਨਣਾ ਹੁੰਦਾ ਹੈ। ਦੂਜਾ ਪੜਾਓ ਗਲਤੀ ਤੋਂ ਉਪਜੀ ਉਲਝਣ, ਭਟਕਣ, ਨੁਕਸਾਨ ਅਤੇ ਸਿੱਟਿਆਂ ਨੂੰ ਬਰਦਾਸ਼ਤ ਕਰਨਾ ਹੁੰਦਾ ਹੈ। ਤੀਜਾ ਪੜਾਓ ਨਵੀਂ ਸ਼ੁਰੂਆਤ ਬਾਰੇ ਜਾਂ ਨਵੇਂ ਉਪਰਾਲੇ ਬਾਰੇ ਸੋਚਣਾ-ਵਿਉਂਤਣਾ ਹੁੰਦਾ ਹੈ।

ਪਛਤਾਵੇ ਦੇ ਇਨ੍ਹਾਂ ਤਿੰਨਾਂ ਪੜਾਵਾਂ ਵਿਚੋਂ ਲੰਘਣ ਨਾਲ, ਮਨ ਟਿਕ ਜਾਂਦਾ ਹੈ, ਹਿੰਮਤ ਜਾਗ ਪੈਂਦੀ ਹੈ ਅਤੇ ਜ਼ਿੰਦਗੀ ਅੱਗੇ ਵਲ ਵਹਿਣ ਲੱਗ ਪੈਂਦੀ ਹੈ।

330

ਕਈ ਥਾਂਵਾਂ ਹੁੰਦੀਆਂ ਹਨ, ਜਿਥੇ ਸਾਡੀ ਸਿਆਣਪ ਨਹੀਂ ਚੱਲਦੀ।

ਜਦੋਂ ਕੋਈ ਤੁਹਾਨੂੰ ਮੂਰਖ ਬਣਾਉਣ ਦਾ ਯਤਨ ਕਰ ਰਿਹਾ ਹੋਵੇ, ਉਥੇ ਸਿਆਣੇ ਹੋਣ ਦੀ ਜ਼ਿੱਦ ਕੰਮ ਨਹੀਂ ਆਉਂਦੀ। ਉਥੇ ਆਪਣੀ ਮੂਰਖਤਾ ਤੋਂ ਲਾਭ ਉਠਾਉਣਾ ਸਿਖੋ।

ਆਪਣੇ ਆਪ ਨੂੰ ਮੂਰਖ ਸਿੱਧ ਕਰੋ, ਸਾਰੇ ਤੁਹਾਨੂੰ ਵਿਲੱਖਣ ਸਮਝਣ ਲੱਗ ਪੈਣਗੇ, ਕਿਉਂਕਿ ਤੁਹਾਡੀ ਹਾਜ਼ਰੀ ਉਨ੍ਹਾਂ ਨੂੰ ਸਿਆਣੇ ਹੋਣ ਦਾ ਅਹਿਸਾਸ ਕਰਵਾਏਗੀ। ਅਜਿਹੀ ਹਾਲਤ ਵਿਚ ਤੁਹਾਨੂੰ ਆਪਣੇ ਬਚਾਓ ਦਾ ਉਪਰਾਲਾ ਕਰਨ ਵਿਚ ਸੌਖ ਹੋਵੇਗੀ।

ਹੋਰਾਂ ਨੂੰ ਆਪਣੇ ਤੋਂ ਵੱਧ ਸਲੀਕੇ ਵਾਲੇ ਹੋਣ ਦਾ ਭਰਮ ਪਾਓ, ਉਹ ਤੁਹਾਨੂੰ ਆਪਣੇ ਨੇੜੇ-ਨੇੜੇ ਰੱਖਣਗੇ, ਕਿਉਂਕਿ ਉਹ ਸਮਝਣਗੇ ਕਿ ਤੁਸੀਂ ਹੀ ਉਨ੍ਹਾਂ ਨੂੰ ਠੀਕ ਪਛਾਣਿਆ ਹੈ ਅਤੇ ਉਨ੍ਹਾਂ ਦਾ ਸਹੀ ਮੁੱਲ ਪਾਇਆ ਹੈ।

ਤੁਹਾਡੀ ਹਾਜ਼ਰੀ ਵਿਚ ਉਨ੍ਹਾਂ ਨੂੰ ਆਪਣਾ-ਆਪ ਚੰਗਾ-ਚੰਗਾ ਲੱਗੇਗਾ।

ਮੂਰਖਾਂ ਵਿਚ ਸਿਆਣਾ ਹੋਣ ਅਤੇ ਪਾਗਲਾਂ ਵਿਚ ਅਕਲਮੰਦ ਹੋਣ ਦਾ ਕੋਈ ਲਾਭ ਨਹੀਂ ਹੁੰਦਾ। ਜੇ ਤੁਸੀਂ ਸੋਹਣੇ ਅਤੇ ਸਿਆਣੇ ਹੋ ਤਾਂ ਜਾਣ-ਬੁੱਝ ਕੇ ਸਾਧਾਰਨ ਬਣੋ। ਤੁਹਾਡੀ ਸਾਧਾਰਨਤਾ ਨੂੰ ਦੂਜੇ ਤੁਹਾਡਾ ਨੁਕਸ ਨਹੀਂ ਦੱਸਣਗੇ, ਸਗੋਂ ਤੁਹਾਨੂੰ ਨਿਮਰਤਾ ਵਾਲਾ ਹੋਣ ਕਰਕੇ, ਸਤਿਕਾਰਯੋਗ ਵਿਅਕਤੀ ਸਮਝਣਗੇ।

ਆਪਣੀ ਅਕਲ ਨੂੰ ਵਰਤੋ ਪਰ ਰੱਖੋ ਆਪਣੀ ਅਕਲ ਨੂੰ ਲੁਕਾ ਕੇ।

ਲੋਕਾਂ ਨਾਲੋਂ ਸਿਆਣੇ ਬਣੋ ਪਰ ਸਿਆਣੇ ਹੋਣ ਦੀ ਨੁਮਾਇਸ਼ ਨਾ ਲਾਓ।

ਇਹ ਸਾਰੀਆਂ ਗੱਲਾਂ ਰਾਜਦੂਤਾਂ ਨੂੰ ਸਿਖਾਈਆਂ ਜਾਂਦੀਆਂ ਹਨ ਅਤੇ ਵੱਡੇ ਫੈਸਲੇ ਕਰਨ ਵਾਲਿਆਂ ਨੂੰ ਸਿੱਖਣੀਆਂ ਪੈਂਦੀਆਂ ਹਨ।

www.quotesinpunjabi.ml

QuotesInPunjabi

331

ਰਾਤ ਕਦੋਂ ਮੁੱਕਦੀ ਹੈ, ਸਵੇਰ ਕਦੋਂ ਹੁੰਦੀ ਹੈ ?

ਜਦੋਂ ਭੇਡ ਅਤੇ ਬੱਕਰੀ ਦਾ ਫਰਕ ਦਿਸਣ ਲੱਗ ਜਾਵੇ, ਜਦੋਂ ਬੋਹੜ ਅਤੇ ਨਿੰਮ ਦਾ ਅੰਤਰ ਵਿਖਾਈ ਦੇ ਜਾਵੇ, ਜਦੋਂ ਕਾਲਾ ਅਤੇ ਚਿੱਟਾ ਧਾਗਾ, ਕਾਲਾ ਅਤੇ ਚਿੱਟਾ ਵਿਖਾਈ ਦੇਣ ਲੱਗ ਪੈਣ। ਇਹ ਉੱਠਣ ਦਾ ਵੇਲਾ ਹੁੰਦਾ ਹੈ।

ਨਹੀਂ, ਸਾਡੇ ਜੀਵਨ ਵਿਚ ਰਾਤ ਕਦੋਂ ਮੁੱਕਦੀ ਹੈ ਅਤੇ ਸਵੇਰ ਕਦੋਂ ਹੁੰਦੀ ਹੈ ? ਉਦੋਂ ਜਦੋਂ ਸਾਰਾ ਸੰਸਾਰ ਆਪਣਾ ਲੱਗਣ ਲੱਗ ਜਾਵੇ, ਜਦੋਂ ਦਰੱਖਤ ਵੀ ਜ਼ਿੰਦਗੀ ਦੀਆਂ ਅਸੀਸਾਂ ਲੱਗਣ ਲੱਗ ਪੈਣ, ਜਦੋਂ ਪੰਛੀ ਗਾਉਣ ਲੱਗ ਪੈਣ, ਜਦੋਂ ਭੈੜੀਆਂ ਖ਼ਬਰਾਂ ਵਾਲੇ ਅਖ਼ਬਾਰ ਤੋਂ ਪਹਿਲਾਂ ਦੁੱਧ ਦੇਣ ਵਾਲਾ ਆ ਜਾਵੇ, ਜਦੋਂ ਬੱਚੇ ਉੱਠ ਕੇ ਪਹਿਲਾਂ ਦਾਦੀ ਕੋਲ ਜਾਣ, ਜਦੋਂ ਨੂੰਹ, ਧੀ ਲੱਗਣ ਲੱਗ ਜਾਵੇ, ਜਦੋਂ ਕੋਈ ਅਜਨਬੀ ਸਾਡੇ ਕੋਲ ਆਵੇ ਅਤੇ ਆਪਣਾ ਦੋਸਤ ਲੱਗੇ। ਜਦੋਂ ਗਿਆਨ ਨਾਲ, ਸਾਡੇ ਸੰਸੇ, ਟਕਰਾਓ ਅਤੇ ਵਿਰੋਧ ਮੁੱਕ ਜਾਣ, ਉਦੋਂ ਰਾਤ ਮੁੱਕ ਜਾਂਦੀ ਹੈ ਅਤੇ ਜ਼ਿੰਦਗੀ ਦੀ ਸਵੇਰ ਹੋ ਜਾਂਦੀ ਹੈ। ਇਹ ਜਾਗਣ ਦਾ ਵੇਲਾ ਹੁੰਦਾ ਹੈ।

332

ਨਸਲੀ ਭੇਦ-ਭਾਵ ਵਾਲੇ ਦੌਰ ਵਿਚ, ਦੱਖਣੀ ਅਫਰੀਕਾ ਦੇ ਹਾਕਮ ਕੇਵਲ ਗੋਰੇ ਵਪਾਰੀਆਂ ਨੂੰ ਹੀ ਵੀਜ਼ਾ ਦਿੰਦੇ ਸਨ। ਜਦੋਂ ਜਾਪਾਨੀ ਤਕੜੇ ਹੋ ਗਏ ਅਤੇ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕੀਤੇ ਜਾਣਾ ਸੰਭਵ ਨਾ ਰਿਹਾ ਤਾਂ ਦੱਖਣੀ ਅਫਰੀਕਾ ਨੇ ਆਪਣੀ ਨੀਤੀ ਨਹੀਂ ਬਦਲੀ, ਸਗੋਂ ਜਾਪਾਨੀਆਂ ਦੀ ਪੀਲੀ ਚਮੜੀ ਨੂੰ, ਗੋਰੀ ਚਮੜੀ ਦਾ ਦਰਜਾ ਦੇ ਦਿੱਤਾ।

333

ਰੱਬ ਅੰਕਲ,

ਬੜੀ ਦੇਰ ਤੋਂ ਤੁਹਾਨੂੰ ਚਿੱਠੀ ਲਿਖਣ ਬਾਰੇ ਸੋਚ ਰਿਹਾ ਸੀ। ਅੱਜ ਸਕੂਲ ਛੁੱਟੀ ਹੋਣ ਕਰਕੇ ਲਿਖ ਰਿਹਾ ਹਾਂ। ਮੈਂ ਤੁਹਾਡੇ ਤੋਂ ਬੜੀਆਂ ਗੱਲਾਂ ਪੁਛਣੀਆਂ ਹਨ। ਤੁਸੀਂ ਜਿਰਾਫ ਨੂੰ ਬਣਾਇਆ ਹੀ ਇਵੇਂ ਸੀ ਜਾਂ ਤੁਹਾਡੇ ਤੋਂ ਕੋਈ ਗਲਤੀ ਹੋ ਗਈ ਸੀ ? ਮੇਰੇ ਦਾਦਾ ਜੀ, ਸਾਨੂੰ ਛੱਡ ਗਏ ਹਨ, ਹੁਣ ਤੱਕ ਤਾਂ ਉਹ ਤੁਹਾਡੇ ਕੋਲ ਪਹੁੰਚ ਗਏ ਹੋਣਗੇ। ਤੁਸੀਂ ਪਹਿਲਾਂ ਲੋਕਾਂ ਨੂੰ ਮਾਰਦੇ ਹੋ, ਫਿਰ ਹੋਰਾਂ ਨੂੰ ਜਨਮ ਦਿੰਦੇ ਹੋ, ਤੁਸੀਂ ਜਿਉਂਦਿਆਂ ਨੂੰ ਜਿਉਂਦੇ ਹੀ ਕਿਉਂ ਨਹੀਂ ਰੱਖ ਲੈਂਦੇ। ਤੁਸੀਂ ਆਪਣਾ ਕੰਮ ਇਤਨਾ ਉਲਟਾ-ਪੁਲਟਾ ਕਿਉਂ ਬਣਾਇਆ ਹੋਇਆ ਹੈ ?

ਦੇਸ਼ਾਂ ਦੀਆਂ ਹੱਦਾਂ ਕੌਣ ਬਣਾਉਂਦਾ ਹੈ ? ਤੁਸੀਂ ਕੁਰੋਲ ਕਿਸ ਤੋਂ ਪੜ੍ਹਦੇ ਹੋ ?

ਮੈਨੂੰ ਛੋਟਾ ਭਰਾ ਦੇਣ ਲਈ ਧੰਨਵਾਦ ਪਰ ਅਰਦਾਸ ਤਾਂ ਮੈਂ ਛੋਟੇ ਜਿਹੇ ਕਤੂਰੇ ਲਈ ਕੀਤੀ ਸੀ। ਅਗਲੀ ਵਾਰ ਕਤੂਰਾ ਹੀ ਦੇਣਾ।

ਤੁਸੀਂ ਦਿਸਦੇ ਕਿਉਂ ਨਹੀਂ ? ਤੁਸੀਂ ਡਰਦੇ ਹੋ ਜਾਂ ਤੁਹਾਨੂੰ ਲੁਕਣਾ ਚੰਗਾ ਲੱਗਦਾ ਹੈ ? ਜੇਕਰ ਤੁਸੀਂ ਮੈਨੂੰ ਮੁੜ ਸੰਸਾਰ ਵਿਚ ਭੇਜਿਆ ਤਾਂ ਮੇਰਾ ਪਾਪਾ ਬਦਲ ਦੇਣਾ। ਸਕੂਲ ਵਿਚ

www.quotesinpunjabi.ml

QuotesInPunjabi
ਪ੍ਰਾਰਥਨਾ ਕਰਦਿਆਂ ਮੈਂ ਅਕਸਰ ਸੋਚਦਾ ਰਹਿੰਦਾ ਹਾਂ ਕਿ ਮੈਂ ਤੁਹਾਡੀ ਮਦਦ ਕਿਵੇਂ ਕਰਾਂ।

ਮੇਰਾ ਖਿਆਲ ਹੈ ਤੁਹਾਨੂੰ ਸੰਸਾਰ ਦੇ ਸਾਰੇ ਲੋਕਾਂ ਨੂੰ ਪਿਆਰ ਕਰਨ ਵਿਚ ਮੁਸ਼ਕਲ ਆਉਂਦੀ ਹੋਵੇਗੀ। ਸਾਡੇ ਘਰ ਵਿਚ ਤਾਂ ਸਾਰੇ ਚਾਰ ਬੰਦੇ ਹਨ, ਮੈਂ ਤਾਂ ਇਨ੍ਹਾਂ ਸਾਰਿਆਂ ਨੂੰ ਵੀ ਪਿਆਰ ਨਹੀਂ ਕਰ ਸਕਦਾ, ਕਿਉਂਕਿ ਇਹ ਮੈਨੂੰ ਤੰਗ ਕਰਦੇ ਹਨ। ਜੇ ਤੁਸੀਂ ਮੈਨੂੰ ਗੁਰਦੁਆਰੇ ਮਿਲਣ ਲਈ ਆਓ ਤਾਂ ਮੈਂ ਤੁਹਾਨੂੰ ਆਪਣੀ ਅੱਧੀ ਚਾਕਲੇਟ ਦੇਵਾਂਗਾ ਪਰ ਮੈਂ ਤੁਹਾਨੂੰ ਪਛਾਣਾਂਗਾ ਕਿਵੇਂ ? ਸਕੂਲ ਵਿਚ ਦੱਸਿਆ ਜਾਂਦਾ ਹੈ ਕਿ ਥਾਮਸ ਐਡੀਸਨ ਨੇ ਬਲਬ ਬਣਾ ਕੇ ਰੋਸ਼ਨੀ ਕੀਤੀ ਸੀ ਪਰ ਗੁਰਦੁਆਰੇ ਵਿਚ ਦਸਦੇ ਹਨ ਕਿ ਤੁਸੀਂ ਹੀ ਸਭ ਕੁਝ ਬਣਾਉਂਦੇ ਹੋ। ਲੱਗਦਾ ਹੈ ਐਡੀਸਨ ਨੇ ਤੁਹਾਡਾ ਵਿਚਾਰ ਚੋਰੀ ਕਰ ਲਿਆ ਹੋਵੇਗਾ।

ਤੁਹਾਨੂੰ ਕਿਵੇਂ ਪਤਾ ਲੱਗਿਆ ਕਿ ਤੁਸੀਂ ਪਰਮਾਤਮਾ ਹੋ ? ਤੁਹਾਨੂੰ ਕਿਸੇ ਨੇ ਦੱਸਿਆ ਸੀ ? ਤੁਹਾਡਾ ਹੈਪੀ ਬਰਥਡੇ ਕਦੋਂ ਹੁੰਦਾ ਹੈ ? ਤੁਸੀਂ ਜੋ ਕੁਝ ਕੀਤਾ, ਉਹ ਬਹੁਤ ਚਿਰ ਪਹਿਲਾਂ ਕੀਤਾ ਸੀ, ਹੁਣ ਕੁਝ ਨਵਾਂ ਨਹੀਂ ਬਣਾਉਂਦੇ ?

ਮੇਰੇ ਭਰਾ ਨੂੰ ਨਵਾਂ ਕਮਰਾ ਦੇ ਦੇਣਾ, ਉਹ ਮੇਰੇ ਕਮਰੇ ਵਿਚ ਮੇਰੀਆਂ ਚੀਜ਼ਾਂ ਛੇੜਦਾ ਰਹਿੰਦਾ ਹੈ। ਕੀ ਕੋਈ ਹੋਰ ਤੁਹਾਡੇ ਨਾਲੋਂ ਵੱਡਾ ਪਰਮਾਤਮਾ ਨਹੀਂ ਬਣ ਸਕਦਾ ?

ਮੈਂ ਸੋਚਦਾ ਸੀ, ਸੰਗਤਰੇ ਦਾ ਰੰਗ ਇਹੋ ਜਿਹਾ ਕਿਉਂ ਹੈ। ਸੂਰਜ ਛੁਪਦਾ ਵੇਖਿਆ ਤਾਂ ਸਮਝ ਆ ਗਈ ਕਿ ਤੁਸੀਂ ਸੰਗਤਰਾ ਸ਼ਾਮ ਵੇਲੇ ਬਣਾਇਆ ਹੋਵੇਗਾ। ਮੈਂ ਤੁਹਾਨੂੰ ਮਿਲਣਾ ਚਾਹੁੰਦਾ ਹਾਂ, ਮੈਂ ਤਾਂ ਛੋਟਾ ਹਾਂ, ਆ ਨਹੀਂ ਸਕਦਾ, ਤੁਸੀਂ ਆ ਜਾਓ।

334

ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਵਲੋਂ, ਮਨੁੱਖੀ ਵਿਹਾਰ-ਸੰਬੰਧੀ ਇਕ ਪ੍ਰਯੋਗ ਲਈ ਨੇੜਲੇ ਸ਼ਹਿਰ ਦੇ ਕੁਝ ਲੋਕਾਂ ਨੂੰ ਬੁਲਾਇਆ ਗਿਆ। ਹੌਲੀ-ਹੌਲੀ ਲੋਕਾਂ ਦੀ ਵੱਡੀ ਗਿਣਤੀ ਇਕੱਤਰ ਹੋ ਗਈ। ਭਾਂਤ-ਭਾਂਤ ਦੇ ਪੁਰਸ਼-ਇਸਤਰੀਆਂ ਆਏ ਸਨ, ਜਵਾਨ-ਬੁੱਢੇ ਹਾਜ਼ਰ ਸਨ ਪਰ ਕੋਈ ਮਨੋਵਿਗਿਆਨੀ ਨਹੀਂ ਪਹੁੰਚਿਆ ਸੀ, ਪ੍ਰਬੰਧਕ ਵੀ ਕੋਈ ਹਾਜ਼ਰ ਨਹੀਂ ਸੀ। ਲੋਕ ਕੁਝ ਚਿਰ ਆਸ-ਉਮੀਦ ਨਾਲ ਉਡੀਕਦੇ ਰਹੇ।

ਅਜਿਹੇ ਸੰਕੇਤ ਜ਼ਰੂਰ ਮਿਲਦੇ ਰਹੇ ਕਿ ਪ੍ਰਯੋਗ ਸ਼ੁਰੂ ਹੋਣ ਵਾਲਾ ਹੈ ਪਰ ਕੁਝ ਵੀ ਸਪਸ਼ਟ ਨਹੀਂ ਸੀ। ਸਾਰੇ ਹਾਜ਼ਰ ਲੋਕ, ਪ੍ਰਬੰਧਕਾਂ ਦੇ ਨਾ ਪਹੁੰਚਣ ਦੇ ਕਾਰਨ ਕਿਆਸਦੇ ਰਹੇ। ਸੱਦਾ-ਪੱਤਰ ਨੂੰ ਮੁੜ-ਮੁੜ ਵੇਖਦੇ ਰਹੇ, ਸਮਾਂ ਵੀ ਸਹੀ ਸੀ, ਸਥਾਨ ਵੀ ਠੀਕ ਸੀ।

ਫਿਰ ਹਰ ਕੋਈ ਆਪਣੇ ਜਾਣੂਆਂ ਨੂੰ ਲੱਭਣ ਲੱਗ ਪਿਆ, ਆਪਸ ਵਿਚ ਗੱਲਬਾਤ ਕਰਕੇ ਜਾਣਨ ਦਾ ਯਤਨ ਕਰਦੇ ਰਹੇ ਕਿ ਸਾਨੂੰ ਕਿਉਂ ਬੁਲਾਇਆ ਹੈ, ਕੀ ਪ੍ਰਯੋਗ ਕਰਨਾ ਹੈ ?

ਥੋੜ੍ਹੇ ਚਿਰ ਪਿਛੋਂ ਸਾਰੇ ਅਪਮਾਨਿਤ ਮਹਿਸੂਸ ਕਰਨ ਲਗ ਪਏ ਅਤੇ ਥੱਕੇ ਹੋਏ ਲਗਣ ਲਗ ਪਏ। ਫਿਰ ਇਕੱਤਰ ਲੋਕਾਂ ਦੇ ਆਪਸੀ ਗਿਲੇ-ਸ਼ਿਕਵੇ ਜਾਗ ਪਏ, ਦੁਸ਼ਮਣੀਆਂ ਉਜਾਗਰ ਹੋ ਗਈਆਂ। ਔਰਤਾਂ ਥੱਕ ਕੇ ਬਹਿ ਗਈਆਂ ਸਨ। ਪੁਰਸ਼, ਔਰਤਾਂ ਵੇਖਣ ਲੱਗ ਪਏ ਸਨ। ਕਈ ਆਪਸ ਵਿਚ ਗੱਲਾਂ ਕਰਦੇ-ਕਰਦੇ ਬਹਿਸ ਕਰਨ ਲਗ ਪਏ ਸਨ।

www.quotesinpunjabi.ml

QuotesInPunjabi

ਔਰਤਾਂ, ਪੁਰਸ਼ਾਂ ਵਲ ਸਵਾਲੀਆ ਨਜ਼ਰਾਂ ਨਾਲ ਵੇਖ ਰਹੀਆਂ ਸਨ। ਪੁਰਸ਼ ਬਹਿਸ ਕਰਦੇ-ਕਰਦੇ ਗਾਲ੍ਹਾਂ ਕੱਢਣ ਲੱਗ ਪਏ ਸਨ, ਫਿਰ ਨਾਹਰੇ ਲਾਉਣ ਲੱਗ ਪਏ ਸਨ।

ਸਾਰੇ ਕਦੀ ਢਾਣੀਆਂ ਵਿਚ ਵੰਡੇ ਗਏ ਸਨ। ਮੁਕਾਬਲਾ ਚਲ ਪਿਆ ਸੀ। ਅਸੀਂ ਉੱਚੇ ਹਾਂ, ਤੁਸੀਂ ਨੀਵੇਂ ਹੋ। ਤੁਸੀਂ ਗਲਤ ਹੋ, ਅਸੀਂ ਸਹੀ ਹਾਂ। ਤੁਸੀਂ ਉਜੱਡ ਹੋ, ਅਸੀਂ ਸਾਊ ਹਾਂ। ਅਸੀਂ ਸਿਆਣੇ ਹਾਂ, ਤੁਸੀਂ ਮੂਰਖ ਹੋ। ਤੁਸੀਂ ਕੋਹਜੇ ਹੋ, ਅਸੀਂ ਸੋਹਣੇ ਹਾਂ। ਅਸੀਂ ਅਮੀਰ ਹਾਂ, ਤੁਸੀਂ ਕੰਗਾਲ ਹੋ। ਅਸੀਂ ਪੜ੍ਹੇ-ਲਿਖੇ ਹਾਂ, ਤੁਸੀਂ ਅਨਪੜ੍ਹ ਹੋ।

ਹਰ ਕੋਈ ਉੱਚਾ-ਉੱਚਾ ਬੋਲ ਰਿਹਾ ਸੀ ਪਰ ਸੁਣ ਕੋਈ ਨਹੀਂ ਸੀ ਰਿਹਾ।

ਭੁੱਖ-ਪਿਆਸ ਹਰ ਕਿਸੇ ਨੂੰ ਸਤਾਉਣ ਲਗ ਪਈ ਸੀ।

ਜਦੋਂ ਗੜਬੜ ਮੱਚ ਗਈ ਤਾਂ, ਮਨੋਵਿਗਿਆਨੀ ਪਹੁੰਚ ਗਏ। ਉਹ ਸਾਹਮਣੇ ਉਤਲੀ ਮੰਜ਼ਲ ਦੇ ਕਮਰੇ ਵਿਚ ਬੈਠੇ ਸਨ। ਉਨ੍ਹਾਂ ਨੂੰ ਵੇਖ ਕੇ ਲੋਕਾਂ ਨੇ ਬੜੇ ਗੁੱਸੇ ਨਾਲ ਪੁੱਛਿਆ: ਕੀ ਪ੍ਰਯੋਗ ਕਰਨਾ ਸੀ ? ਪਹਿਲਾਂ ਦੇਰ ਨਾਲ ਆਉਣ ਦੀ ਮੁਆਫ਼ੀ ਮੰਗੋ, ਤੁਸੀਂ ਸਾਡਾ ਅਪਮਾਨ ਕੀਤਾ ਹੈ, ਸਾਡਾ ਕੀਮਤੀ ਵਕਤ ਬਰਬਾਦ ਕੀਤਾ ਹੈ।

ਮਨੋਵਿਗਿਆਨੀਆਂ ਨੇ ਕਿਹਾ: ਪ੍ਰਯੋਗ ਤਾਂ ਤੁਹਾਡੇ ਇਥੇ ਪਹੁੰਚਣ ਨਾਲ ਹੀ ਆਰੰਭ ਹੋ ਗਿਆ ਸੀ, ਅਸੀਂ ਤੁਹਾਡੀ ਹਰ ਹਰਕਤ ਨੂੰ ਧਿਆਨ ਨਾਲ ਵੇਖ ਰਹੇ ਸੀ। ਤੁਸੀਂ ਇਥੇ ਕੁਝ ਘੰਟੇ ਹੀ ਰਹੇ ਹੋ ਪਰ ਇਸ ਥੋੜ੍ਹੇ ਜਿਹੇ ਅਰਸੇ ਵਿਚ ਹੀ ਤੁਸੀਂ ਵਿਹਾਰ ਦੇ ਕਈ ਯੁੱਗ ਪਿਛੇ ਮੁੜ ਗਏ ਹੋ। ਅਸੀਂ ਵੇਖਣਾ ਚਾਹੁੰਦੇ ਸਾਂ ਕਿ ਜੇ ਲੋਕਾਂ ਨੂੰ ਪੂਰੀ ਖੁੱਲ੍ਹ ਦੇ ਦਿੱਤੀ ਜਾਵੇ ਤਾਂ ਕੀ ਉਹ ਵਿਕਾਸ ਕਰਨਗੇ ਕਿ ਨਿਘਰਨਗੇ ? ਉਨ੍ਹਾਂ ਦਾ ਵਿਹਾਰ ਚੰਗੇਰਾ ਹੋ ਜਾਵੇਗਾ ਜਾਂ ਉਹ ਗੜਬੜ ਮਚਾਉਣਗੇ ? ਤੁਹਾਡੇ 'ਤੇ ਲਾਗੂ ਸਮਾਜ, ਕਾਨੂੰਨ, ਭਾਈਚਾਰੇ, ਧਰਮ ਆਦਿ ਦੇ ਨਿਯੰਤਰਣ ਹੌਲੀ-ਹੌਲੀ ਟੁੱਟ ਰਹੇ ਸਨ। ਜੇ ਬਾਰ ਤੋਂ ਨਿਯੰਤਰਣ ਹਟਾ ਲਿਆ ਜਾਵੇ, ਤਾਂ ਉਹ ਥੋੜ੍ਹੇ ਅਰਸੇ ਵਿਚ ਹੀ ਜੰਗਲ ਬਣ ਜਾਂਦਾ ਹੈ। ਤੁਸੀਂ ਵੀ ਜੰਗਲ ਯੁੱਗ ਵਿਚ ਪ੍ਰਵੇਸ਼ ਕਰਨ ਵਾਲੇ ਸੀ। ਇਹ ਪ੍ਰਯੋਗ ਸਮਾਜ ਵਿਚ ਨਿਯੰਤਰਣ ਦੀ ਲੋੜ ਬਾਰੇ ਸੀ।

ਤੁਹਾਡੇ ਵਿਹਾਰ ਨੇ ਸਿੱਧ ਕੀਤਾ ਹੈ ਕਿ ਨਿਯੰਤਰਣ ਨਾਲ ਮਨੁੱਖੀ ਵਿਹਾਰ ਨੇਮਬਧ ਹੁੰਦਾ ਹੈ। ਸਭ ਤੋਂ ਚੰਗਾ ਨਿਯੰਤਰਣ ਸਵੈ-ਅਨੁਸ਼ਾਸਨ ਹੁੰਦਾ ਹੈ।

ਤੁਹਾਡੇ ਵਿਚੋਂ ਕਿਸੇ ਨੇ ਸਵੈ-ਅਨੁਸ਼ਾਸਨ ਦਾ ਪ੍ਰਮਾਣ ਨਹੀਂ ਦਿੱਤਾ।

335

ਇਕ ਵਾਰੀ ਉਲੰਪਿਕ ਦੀ ਇਕ ਲੰਮੀ ਦੌੜ ਵਿਚ, ਪ੍ਰਬੰਧਕਾਂ ਨੇ ਦੌੜਾਕਾਂ ਦਾ ਸਟੇਡੀਅਮ ਵਿਚ ਇਕ ਵਾਧੂ ਗੇੜਾ ਲਗਵਾ ਦਿੱਤਾ। ਜੇ ਸਹੀ ਗੇੜੇ ਲਗਵਾਏ ਗਏ ਹੁੰਦੇ ਤਾਂ ਕਿਸੇ ਹੋਰ ਨੇ ਅਵਲ ਆਉਣਾ ਸੀ ਅਤੇ ਉਸ ਨੂੰ ਸੋਨੇ ਦਾ ਤਮਗਾ ਮਿਲਣਾ ਸੀ ਪਰ ਵਾਧੂ ਗੇੜਾ ਲੱਗਣ ਕਰਕੇ, ਉਹ ਦੌੜਾਕ ਕੋਈ ਤਮਗਾ ਨਾ ਜਿੱਤ ਸਕਿਆ ਪਰ ਨਾ ਉਸ ਨੇ ਰੋਸ ਪ੍ਰਗਟਾਇਆ, ਨਾ ਆਪਣਾ ਹੱਕ ਜਿਤਲਾਇਆ। ਉਸ ਨੇ ਵਾਧੂ ਗੇੜੇ ਨੂੰ ਪ੍ਰਬੰਧਕਾਂ ਦੀ ਇਕ ਸੁਭਾਵਕ ਗਲਤੀ ਵਜੋਂ ਸਵੀਕਾਰ ਕਰ ਲਿਆ ਸੀ। ਉਸ ਵਿਚ ਖਿਡਾਰੀ ਵਾਲੀ ਸੱਚੀ ਭਾਵਨਾ ਸੀ। ਉਹ ਇਸ ਕਾਰਨ ਕਰਕੇ ਸਤਿਕਾਰਿਆ ਗਿਆ ਸੀ।

www.quotesinpunjabi.ml

QuotesInPunjabi

336

ਇਕ ਭਾਵਕ ਕਵੀ ਆਪਣੀ ਪੋਤੀ ਬਾਰੇ ਦੱਸ ਰਿਹਾ ਸੀ, ਜਿਸ ਨੇ ਡਾਕਟਰੀ ਦੀ ਪੜ੍ਹਾਈ ਅਮਰੀਕਾ ਵਿਚ ਕੀਤੀ ਸੀ। ਕਵੀ ਵਿਰਲਾਪ ਕਰ ਰਿਹਾ ਸੀ ਕਿ ਪੋਤੀ ਨੂੰ ਆਪਣੀ ਮਾਂ-ਬੋਲੀ ਭੁੱਲ ਗਈ ਸੀ, ਉਸ ਨੂੰ ਉਸ ਦੇ ਡਾਕਟਰ ਬਣਨ ਦਾ ਮਾਣ ਨਹੀਂ ਸੀ। ਕਵੀ ਅਨੁਸਾਰ ਉਹ ਆਪਣੀਆਂ ਜੜ੍ਹਾਂ ਨਾਲੋਂ ਟੁੱਟੀ ਹੋਈ ਸੀ, ਉਸ ਨੂੰ ਉਸ ਦੀਆਂ ਸਾਰੇ ਸੰਸਾਰ ਵਿਚ ਫੈਲੀਆਂ ਜੜ੍ਹਾਂ ਵਿਖਾਈ ਨਹੀਂ ਦੇ ਰਹੀਆਂ ਸਨ। ਕਵੀ ਅਨੁਸਾਰ ਉਹ ਕੇਵਲ ਨਾਂ ਦੀ ਭਾਰਤੀ ਸੀ ਪਰ ਕਵੀ ਨੂੰ ਨਹੀਂ ਸੀ ਪਤਾ ਕਿ ਉਹ ਵਿਸ਼ਵ-ਨਾਗਰਿਕ ਸੀ। ਵਿਸ਼ਵੀਕਰਣ ਦੇ ਦੌਰ ਵਿਚ ਬੜਾ ਕੁਝ ਟੁੱਟਣਾ ਵੀ ਹੈ ਅਤੇ ਢੇਰ ਸਾਰਾ ਨਵਾਂ ਉਸਰਨਾ ਵੀ ਹੈ।

ਉਹ ਕਵੀ ਦੱਸ ਰਿਹਾ ਸੀ: ਮੈਂ ਇਕ ਸੁਪਨਾ ਵੇਖਿਆ, ਮੈਂ ਆਪਣੇ ਪਿੰਡ ਦੇ ਨਾਲ ਲਗਦੇ ਜੰਗਲ ਵਿਚੋਂ ਲੰਘ ਰਿਹਾ ਸਾਂ। ਮੇਰੇ ਕੰਨਾਂ ਵਿਚ ਆਪਣੀ ਮਾਂ ਬੋਲੀ ਵਿਚ ਗਾਇਆ ਜਾ ਰਿਹਾ ਇਕ ਗੀਤ ਪਿਆ। ਮੈਂ ਉਸ ਗੀਤ ਦੀ ਆਵਾਜ਼ ਵੱਲ ਖਿਚਿਆ ਚਲਾ ਗਿਆ। ਮੈਂ ਵੇਖਿਆ ਇਕ ਕੁੜੀ ਬੱਕਰੀਆਂ ਚਾਰ ਰਹੀ ਸੀ, ਇਹ ਉਸ ਦੀ ਆਵਾਜ਼ ਸੀ, ਜਿਹੜੀ ਮੇਰੇ ਕੰਨਾਂ ਵਿਚ ਸ਼ਹਿਦ ਘੋਲ ਰਹੀ ਸੀ। ਉਹ ਮੇਰਾ ਹੀ ਇਕ ਗੀਤ ਗਾ ਰਹੀ ਸੀ। ਮੈਂ ਸੋਚਿਆ ਮੇਰੀ ਮਾਂ-ਬੋਲੀ ਇਨ੍ਹਾਂ ਚਰਵਾਹਿਆ ਕਾਰਨ ਹੀ ਜਿਉਂਦੀ ਰਹੇਗੀ।

ਕਵੀ ਦੀਆਂ ਰੋਮਾਂਚਿਕ, ਭਾਵਕ ਅਤੇ ਆਦਰਸ਼ਵਾਦੀ ਗੱਲਾਂ ਸੁਣ ਕੇ ਸਰੋਤਿਆਂ ਦੀਆਂ ਅੱਖਾਂ ਨਮ ਹੋਈਆਂ ਪਈਆਂ ਸਨ।

ਹਰ ਕੋਈ ਮਾਂ-ਬੋਲੀ ਦੇ ਮੋਹ ਵਿਚ ਭਿੱਜਿਆ ਪਿਆ ਸੀ।

ਸਰੋਤਿਆਂ ਦੀ ਅਖੀਰਲੀ ਕਤਾਰ ਵਿਚ ਬੈਠੇ ਇਕ ਪੁਰਸ਼ ਨੇ ਕੁਝ ਬੋਲਣ ਦੀ ਆਗਿਆ ਮੰਗੀ। ਉਸ ਨੇ ਕਿਹਾ: ਹੁਣੇ ਅਸੀਂ ਇਕ ਸੁਪਨਾ ਸੁਣਿਆ ਹੈ, ਮੈਂ ਯਥਾਰਥ ਸੁਣਾਉਣਾ ਚਾਹੁੰਦਾ ਹਾਂ। ਮੈਂ ਭੇਡਾਂ-ਬੱਕਰੀਆਂ ਚਾਰਨ ਵਾਲੇ ਕਬੀਲੇ ਨਾਲ ਸਬੰਧਤ ਹਾਂ। ਮੈਂ ਹੁਣ ਵੀ ਬੱਕਰੀਆਂ ਅਤੇ ਭੇਡਾਂ ਚਾਰਦਾ ਹਾਂ। ਮੇਰੀ ਧੀ ਵੀ ਬੱਕਰੀਆਂ ਚਾਰਦੀ ਹੈ। ਮੇਰੀ ਧੀ ਵੀ ਤੁਹਾਡਾ ਗੀਤ ਗਾਉਂਦੀ ਹੈ। ਉਹ ਜਿਹੜੀ ਤੁਹਾਡਾ ਗੀਤ ਗਾ ਰਹੀ ਸੀ, ਉਹ ਮੇਰੀ ਹੀ ਧੀ ਸੀ ਪਰ ਮੇਰਾ ਸੁਪਨਾ ਹੈ ਕਿ ਮੇਰੀ ਧੀ ਬੱਕਰੀਆਂ ਚਾਰਨ ਦੀ ਥਾਂ, ਅਮਰੀਕਾ ਵਿਚ ਡਾਕਟਰੀ ਪੜ੍ਹੇ ਅਤੇ ਸੁਖਾਲੇ ਘਰ ਵਿਚ, ਸੁਖਦਾਈ ਜੀਵਨ ਜੀਵੇ। ਭਾਵੇਂ ਉਹ ਮੇਰੀ ਮਾਂ-ਬੋਲੀ ਭੁੱਲ ਜਾਵੇ ਪਰ ਮੈਂ ਉਸ ਨੂੰ ਡਾਕਟਰ ਬਣਿਆ ਵੇਖਣਾ ਚਾਹੁੰਦਾ ਹਾਂ। ਉਸ ਨੂੰ ਭੇਡਾਂ-ਬੱਕਰੀਆਂ ਚਰਾਉਂਦਿਆਂ ਵੇਖ-ਵੇਖ ਅਤੇ ਉਸ ਦੇ ਗੀਤ ਸੁਣ-ਸੁਣ ਕੇ ਮੈਂ ਅੱਕ ਗਿਆ ਹਾਂ।

ਕੀ ਮਾਂ-ਬੋਲੀ ਨੂੰ ਜਿਉਂਦਿਆਂ ਰੱਖਣ ਦੀ ਜ਼ਿੰਮੇਵਾਰੀ ਕੇਵਲ ਸਾਡੀ ਹੈ?

337

ਯੂਨਾਨ ਵਿਚ, ਮਹਾਨ ਫ਼ਿਲਾਸਫ਼ਰ ਸੁਕਰਾਤ ਦਾ ਸ਼ਿਸ਼, ਪਲੈਟੋ ਇਤਨਾ ਸਨਮਾਨਯੋਗ ਅਤੇ ਚਰਿੱਤਰਵਾਨ ਸੀ ਕਿ ਉਹ ਜਦੋਂ ਅਦਾਲਤ ਵਿਚ ਗਵਾਹੀ ਦਿੰਦਾ ਸੀ ਤਾਂ ਉਸ ਨੂੰ ਸੱਚ ਬੋਲਣ ਦੀ ਸੌਂਹ ਨਹੀਂ ਸੀ ਖੁਆਈ ਜਾਂਦੀ।

www.quotesinpunjabi.ml

QuotesInPunjabi

338

ਮੁੱਢ ਵਿਚ ਮਨੁੱਖ ਇਕੱਲਾ ਸੀ, ਡਰਿਆ ਹੋਇਆ ਸੀ, ਉਸ ਨੇ ਆਪਣੇ ਸਾਥ ਲਈ ਇਕ ਰੱਬ ਸਿਰਜ ਲਿਆ। ਜਿਹੜਾ ਸਦਾ ਉਸ ਦੇ ਅੰਗ-ਸੰਗ ਰਹਿੰਦਾ ਸੀ। ਉਸ ਨੇ ਰੱਬ ਨੂੰ ਇਤਨਾ ਬਲਵਾਨ ਬਣਾ ਲਿਆ ਕਿ ਉਹ ਆਪ ਵੀ ਉਸ ਤੋਂ ਡਰਨ ਲੱਗ ਪਿਆ। ਫਿਰ ਉਸ ਨੂੰ ਸੰਸਾਰ ਵਿਚ ਕੋਈ ਵੀ ਇਤਨਾ ਤਾਕਤਵਰ ਨਾ ਲੱਗਾ, ਜਿਹੜਾ ਰੱਬ ਨੂੰ ਡਰਾ ਸਕੇ।

ਫਿਰ ਕੁਝ ਲੋਕ ਰੱਬ ਦੇ ਨੇੜੇ ਹੋਣ ਦਾ ਦਾਅਵਾ ਕਰਨ ਲੱਗ ਪਏ, ਫਿਰ ਉਹ ਆਪਣੇ ਆਪ ਨੂੰ ਰੱਬ ਦੇ ਪ੍ਰਤੀਨਿਧ ਦੱਸਣ ਲੱਗ ਪਏ ਅਤੇ ਕਹਿਣ ਲਗ ਪਏ: ਜਿਵੇਂ ਰੱਬ ਤੋਂ ਡਰਦੇ ਹੋ, ਉਵੇਂ ਹੀ ਸਾਡੇ ਤੋਂ ਵੀ ਡਰਿਆ ਕਰੋ।

ਪਹਿਲਾਂ ਮਨੁੱਖ ਇਕੱਲਾ ਹੀ ਰੱਬ ਤੋਂ ਡਰਦਾ ਸੀ, ਹੁਣ ਸਾਰੇ ਰਲ ਕੇ ਡਰਦੇ ਹਨ। ਜਿਹੜਾ ਰੱਬ ਮੁੱਢ ਵਿਚ ਸਹਿਯੋਗੀ ਸ਼ਕਤੀ ਸੀ, ਉਹ ਵਿਰੋਧੀ ਸ਼ਕਤੀ ਬਣ ਗਿਆ ਹੈ। ਜਿਹੜਾ ਰੱਬ ਪਿਆਰ ਕਰਨ ਵਾਲਾ ਸੀ, ਉਹ ਅਸੀਂ ਦੰਡ ਦੇਣ ਵਾਲਾ ਬਣਾ ਲਿਆ ਹੈ।

339

ਉਹ ਵੱਡੇ ਨਹੀਂ ਸਨ ਹੋਏ, ਅਸੀਂ ਆਪਣੇ-ਆਪ ਨੂੰ ਛੋਟਾ ਕਰ ਲਿਆ ਸੀ। ਉਹ ਸਿਆਣੇ ਨਹੀਂ ਸਨ, ਅਸੀਂ ਅੰਧ-ਵਿਸ਼ਵਾਸੀ ਸਾਂ। ਅਸੀਂ ਹੀ ਨਿਰਣਾ ਕਰ ਲਿਆ ਸੀ ਕਿ ਚੋਲਾਂ ਵਰਗਾ ਰੰਗ, ਕਣਕ ਵਾਲੇ ਰੰਗ ਨਾਲੋਂ ਸੋਹਣਾ ਹੁੰਦਾ ਹੈ। ਅਸੀਂ ਸਾਬਤ ਕਰ ਵਿਖਾਇਆ ਹੈ ਕਿ ਪਤਲੂਨ ਪਾਉਣਾ, ਪਜਾਮੇ ਅਤੇ ਤਹਿਮਤ ਨਾਲੋਂ ਉਚੇਰੀ ਸਭਿਅਤਾ ਹੈ। ਆਪਣੇ ਦੇਸ਼ ਵਿਚ ਸਾਡਾ ਘਰ ਸਾਫ ਕਰਨਾ ਨੀਵੀਂ ਜਾਤ ਦਾ ਕੰਮ ਹੈ ਪਰ ਪ੍ਰਦੇਸ ਵਿਚ ਸੜਕ ਸਾਫ ਕਰਦਿਆਂ, ਸਾਡੀ ਜਾਤ ਨੂੰ ਕੋਈ ਫਰਕ ਨਹੀਂ ਪੈਂਦਾ।

ਪੜ੍ਹਿਆ-ਲਿਖਿਆ ਮਨੁੱਖ ਅਸੀਂ ਉਸ ਨੂੰ ਸਮਝਦੇ ਹਾਂ, ਜਿਹੜਾ ਆਪਣੀ ਜ਼ੁਬਾਨ ਵਿਚ ਗੱਲ ਨਾ ਕਰੇ। ਅਸੀਂ ਸਮਝਦੇ ਹਾਂ ਆਪਣੀ ਕਾਰ ਵਿਚ ਜਾਂਦਾ ਬੰਦਾ, ਬੱਸ-ਗੱਡੀ ਵਿਚ ਜਾਣ ਵਾਲੇ ਨਾਲੋਂ ਉੱਚਾ ਹੁੰਦਾ ਹੈ। ਵਿਕਾਸ ਕਰਨ ਦਾ ਅਰਥ ਮਾਂ ਨੂੰ ਖ਼ਤ ਲਿਖਣ ਦੀ ਥਾਂ ਮਦਰਜ਼-ਡੇ ਦਾ ਕਾਰਡ ਭੇਜ ਦੇਣਾ ਸਮਝ ਲਿਆ ਗਿਆ ਹੈ।

ਸਾਡੇ ਨਿਰਣਾ ਕਰਨ ਦੀ ਦੇਰ ਸੀ, ਆਪਣੇ-ਆਪ ਨੂੰ ਛੋਟਾ ਮੰਨਣ ਦੀ ਦੇਰ ਸੀ, ਫਿਰ ਉਨ੍ਹਾਂ ਨੂੰ ਸਾਡੇ ਤੋਂ ਵੱਡੇ ਬਣਨ ਵਿਚ ਕੋਈ ਦੇਰ ਨਹੀਂ ਲੱਗੀ।

ਸਾਡੇ ਝੁਕਣ ਦੀ ਦੇਰ ਸੀ, ਉਹ ਪਲਾਕੀ ਮਾਰ ਕੇ ਸਾਡੇ 'ਤੇ ਸਵਾਰ ਹੋ ਗਏ ਸਨ।

ਸਾਨੂੰ ਝੁਕਾਉਣ ਲਈ ਇਥੇ ਯੂਨਾਨੀ ਆਏ, ਤੁਰਕ ਆਏ, ਲੋਧੀ ਆਏ, ਹੂਨ ਆਏ, ਮੁਗਲ ਆਏ, ਪੁਰਤਗਾਲੀ, ਫਰਾਂਸੀਸੀ ਅਤੇ ਅੰਗਰੇਜ਼ ਆਏ, ਜਿਹੜੇ ਨਹੀਂ ਆਏ, ਪਤਾ ਨਹੀਂ ਕਿਉਂ ਨਹੀਂ ਆਏ ?

ਜੇ ਉਹ ਆ ਜਾਂਦੇ ਤਾਂ ਉਨ੍ਹਾਂ ਨੇ ਵੀ ਸਾਡੇ 'ਤੇ ਰਾਜ ਹੀ ਕਰਨਾ ਸੀ, ਕਿਉਂਕਿ ਅਸੀਂ ਗੁਲਾਮ ਬਣਨ ਵਿਚ ਮਾਹਿਰ ਸਾਂ।

www.quotesinpunjabi.ml

QuotesInPunjabi

340

ਪਰਮਾਤਮਾ ਮਹਿਸੂਸ ਕੀਤੇ ਜਾਣ ਵਾਲਾ ਤੱਤ ਹੈ। ਪਰਮਾਤਮਾ ਸੰਕੇਤ ਦਿੰਦਾ ਹੈ ਕਿ ਮੈਂ ਹਰ ਵੇਲੇ ਕੁਝ ਕਹਿ ਰਿਹਾ ਹੁੰਦਾ ਹਾਂ। ਪ੍ਰਸ਼ਨ ਇਹ ਨਹੀਂ ਕਿ ਕਿਸ ਨੂੰ ਕਹਿ ਰਿਹਾ ਹਾਂ, ਪ੍ਰਸ਼ਨ ਇਹ ਹੈ ਕਿ ਸੁਣ ਕੌਣ ਰਿਹਾ ਹੈ। ਅਹਿਸਾਸ, ਮੇਰੀ ਬੋਲੀ ਹਨ।

ਅਹਿਸਾਸਾਂ ਨਾਲ ਮੈਂ ਮਹਿਸੂਸ ਕਰਨ ਦੀ ਸ਼ਕਤੀ ਉਪਜਾਉਂਦਾ ਹਾਂ।

ਜਿਸ ਵਿਚ ਵੀ ਮਹਿਸੂਸ ਕਰਨ ਦੀ ਯੋਗਤਾ ਹੈ, ਉਹ ਮੈਨੂੰ ਮਹਿਸੂਸ ਕਰ ਲੈਂਦਾ ਹੈ, ਉਹ ਮੈਨੂੰ ਜਾਣ ਜਾਂਦਾ ਹੈ, ਮੈਂ ਉਸ ਨੂੰ ਅਤੇ ਉਹ ਮੈਨੂੰ ਮਿਲ ਲੈਂਦਾ ਹੈ।

ਮੈਂ ਆਪਣੀ ਗੱਲ ਪੰਛੀਆਂ, ਜੀਵ-ਜੰਤੂਆਂ, ਮਨੁੱਖਾਂ, ਦਰੱਖਤਾਂ, ਫੁੱਲਾਂ, ਪਹਾੜਾਂ, ਦਰਿਆਵਾਂ, ਹਵਾਵਾਂ, ਧੁੱਪਾਂ-ਛਾਂਵਾਂ ਰਾਹੀਂ ਕਹਿੰਦਾ ਹਾਂ। ਜਦੋਂ ਇਵੇਂ ਨਹੀਂ ਕਰਦਾ ਤਾਂ ਮੈਂ ਦਿਲ ਦੀ ਧੜਕਣ ਰਾਹੀਂ ਬੋਲਦਾ ਹਾਂ, ਸਮਝਾਉਂਦਾ ਹਾਂ, ਸਮਝਦਾ ਹਾਂ। ਅਨੇਕਾਂ ਚੀਜ਼ਾਂ ਸਮਝਣ ਅਤੇ ਜਾਣਨ ਤੋਂ ਵੀ ਪਰ੍ਹੇ ਹਨ, ਉਨ੍ਹਾਂ ਨੂੰ ਮੈਂ ਅਹਿਸਾਸਾਂ ਨਾਲ ਸਮਝਾਉਂਦਾ ਹਾਂ।

ਤੁਸੀਂ ਰੱਬ, ਰੱਬ ਕਰੀ ਜਾ ਰਹੇ ਹੋ ਪਰ ਅਹਿਸਾਸਾਂ ਨਾਲ ਮੈਨੂੰ ਮਹਿਸੂਸ ਨਹੀਂ ਕਰਦੇ। ਉੱਚੇ ਵਿਚਾਰਾਂ ਵਿਚ ਸਮਝ ਸੂਝ ਹੀ ਨਹੀਂ, ਪ੍ਰਸੰਨਤਾ ਅਤੇ ਆਨੰਦ ਵੀ ਹੁੰਦੇ ਹਨ। ਜਦੋਂ ਤੁਹਾਡੇ ਦਿਲ ਵਿਚ ਪਿਆਰ ਉਪਜਦਾ ਹੈ, ਉਸ ਵੇਲੇ ਤੁਸੀਂ ਮੈਨੂੰ ਸਮਝ ਰਹੇ ਹੁੰਦੇ ਹੋ।

ਪ੍ਰਸੰਨਤਾ, ਸੱਚਾਈ ਅਤੇ ਪਿਆਰ, ਇਕ ਹੀ ਚੀਜ਼ ਹਨ। ਮੈਨੂੰ ਅਨੁਭਵ ਕਰੋ। ਲੱਖਾਂ ਸਾਲਾਂ ਤੋਂ, ਕਰੋੜਾਂ ਬੱਚਿਆਂ ਰਾਹੀਂ, ਅਰਬਾਂ ਫੁੱਲਾਂ ਰਾਹੀਂ, ਤੁਹਾਨੂੰ ਸੁਨੇਹੇ ਭੇਜੇ ਹਨ, ਭੇਜ ਰਿਹਾ ਹਾਂ। ਹਰ ਪਲ ਵਿਸ਼ੇਸ਼ ਹੈ, ਹਰ ਵਿਅਕਤੀ ਨਿਆਰਾ ਹੈ, ਹਰ ਜੀਵ-ਜੰਤੂ ਅਨੋਖਾ ਹੈ। ਜਿਨ੍ਹਾਂ ਨੂੰ ਤੁਸੀਂ ਮਹਾਨ, ਪਹੁੰਚੇ ਹੋਏ ਕਹਿੰਦੇ ਹੋ, ਉਹ ਤੁਹਾਡੇ ਵਰਗੇ ਹੀ ਹਨ। ਉਹ ਮੈਨੂੰ ਸੁਣਦੇ ਹਨ, ਤੁਸੀਂ ਸੁਣਦੇ ਨਹੀਂ। ਤੁਸੀਂ ਉਠੇ ਹੋਏ ਹੀ ਨਹੀਂ ਪਰ ਉਹ ਜਾਗੇ ਹੋਏ ਵੀ ਹਨ।

ਜਦੋਂ ਵੀ ਮਨ ਵਿਚ ਕੋਈ ਪ੍ਰਸ਼ਨ ਉਪਜੇ, ਇਹੀ ਸੋਚਣਾ ਕਿ ਜਵਾਬ ਮੈਂ ਪਹਿਲਾਂ ਹੀ ਦਿੱਤਾ ਹੋਇਆ ਹੈ: ਤੁਸੀਂ ਕਹਿ ਰਹੇ ਹੋ, ਸੰਸਾਰ ਨੂੰ ਸੁਧਾਰਨ ਲਈ ਕਿਸੇ ਨੂੰ ਭੇਜਾਂ। ਮੇਰਾ ਉੱਤਰ ਹੈ: ਤੁਹਾਨੂੰ ਭੇਜਿਆ ਤਾਂ ਹੋਇਆ ਹੈ। ਤੁਹਾਨੂੰ ਕਿਸੇ ਉਦੇਸ਼ ਅਧੀਨ ਹੀ ਭੇਜਿਆ ਗਿਆ ਹੈ, ਉਹ ਉਦੇਸ਼ ਪਛਾਣੋ ਅਤੇ ਉਸ ਅਨੁਸਾਰ ਜੀਵੋ।

341

ਭਾਰਤ ਦੀ ਸੁਸ਼ਮਿਤਾ ਸੈਨ ਨੇ ਵਿਸ਼ਵ-ਸੁੰਦਰੀ ਚੁਣੇ ਜਾਣ ਉਪਰੰਤ ਕੁੰਵਾਰੀ ਹੁੰਦਿਆਂ ਹੀ, ਚੌਵ੍ਹੀ ਸਾਲ ਦੀ ਉਮਰ ਵਿਚ, ਇਕ ਲੜਕੀ ਗੋਦ ਲੈ ਲਈ ਸੀ। ਸਹੇਲੀਆਂ ਨੇ ਰੋਕਿਆ ਸੀ, ਰਿਸ਼ਤੇਦਾਰਾਂ ਨੇ ਮਨ੍ਹਾ ਕਰਦਿਆਂ ਕਿਹਾ ਸੀ: ਪਾਗਲ ਹੋ ਗਈ ਹੈਂ? ਜਾਣੂਆਂ ਨੇ ਸੁਚੇਤ ਕੀਤਾ: ਇਵੇਂ ਤੇਰਾ ਵਿਆਹ ਨਹੀਂ ਹੋਵੇਗਾ, ਕੌਣ ਵਿਆਹ ਕਰੇਗਾ ਤੇਰੇ ਨਾਲ?

ਜੱਜ ਨੇ ਲੜਕੀ ਗੋਦ ਲੈਣ ਦੀ ਕਾਨੂੰਨੀ ਪ੍ਰਵਾਨਗੀ ਦੇਣ ਤੋਂ ਪਹਿਲਾਂ, ਸੁਸ਼ਮਿਤਾ ਸੈਨ ਦੇ ਪਿਤਾ ਨੂੰ ਪੁੱਛਿਆ: ਕੀ ਤੁਹਾਨੂੰ ਆਪਣੀ ਧੀ ਦੇ ਇਸ ਫੈਸਲੇ ਦੀ ਕੋਈ ਚਿੰਤਾ ਨਹੀਂ? ਇਸ ਹਾਲਤ ਵਿਚ ਕੀ ਇਸ ਦੇ ਵਿਆਹ ਵਿਚ ਮੁਸ਼ਕਲ ਨਹੀਂ ਆਵੇਗੀ?

www.quotesinpunjabi.ml

QuotesInPunjabi

ਪਿਤਾ ਨੇ ਕਿਹਾ ਸੀ: ਨਹੀਂ, ਕੋਈ ਚਿੰਤਾ ਨਹੀਂ, ਹੁਣ ਮੈਂ ਨਿਸਚਿੰਤ ਹੋ ਕੇ ਸੌਂ ਸਕਾਂਗਾ, ਕਿਉਂਕਿ ਹੁਣ ਕੋਈ ਸੂਝਵਾਨ ਅਤੇ ਚੰਗਾ ਬੰਦਾ ਹੀ ਮੇਰੀ ਧੀ ਨਾਲ ਵਿਆਹ ਕਰਵਾਏਗਾ, ਕਮਜ਼ੋਰ ਅਤੇ ਭੈੜੇ ਦੂਰ ਹੀ ਰਹਿਣਗੇ।

342

ਉਸਰਨਾ ਅਤੇ ਟੁੱਟਣਾ ਹਰੇਕ ਵਰਤਾਰੇ ਦਾ ਲਾਜ਼ਮੀ ਪੱਖ ਹੁੰਦੇ ਹਨ।

ਵਪਾਰਕ ਪਰਿਵਾਰ ਕਿਉਂ, ਕਦੋਂ ਅਤੇ ਕਿਵੇਂ ਟੁੱਟਦੇ ਹਨ ?

ਪਹਿਲੀ ਪੀੜ੍ਹੀ ਬਹੁਤ ਮਿਹਨਤ ਕਰਦੀ ਹੈ। ਇਹ ਨੀਂਹਾਂ ਵਿਚ ਲਗ ਜਾਂਦੀ ਹੈ। ਸਾਰਾ ਵਪਾਰ ਇਸ ਦੇ ਮੋਢਿਆਂ 'ਤੇ ਉਸਰਿਆ ਹੁੰਦਾ ਹੈ। ਇਹ ਲੈਂਦੀ ਕੁਝ ਨਹੀਂ, ਸਭ ਕੁਝ ਵਪਾਰ ਵਿਚ ਲਾ ਦਿੰਦੀ ਹੈ। ਇਹ ਪਰਿਵਾਰ ਲਈ ਸੁਖ-ਸਾਧਨ ਉਪਜਾਉਂਦੀ ਹੈ।

ਦੂਜੀ ਪੀੜ੍ਹੀ ਅਕਸਰ ਨਵਾਂ ਕੁਝ ਨਹੀਂ ਕਰਦੀ, ਇਹ ਚਲਦੇ ਵਪਾਰ ਨੂੰ ਚਲਾਉਂਦੀ ਹੈ, ਬਜ਼ੁਰਗਾਂ ਦਾ ਬੀਜਿਆ ਮਾਣਦੀ ਹੈ।

ਤੀਜੀ ਪੀੜ੍ਹੀ ਪੂਰੇ ਆਰਾਮ ਨਾਲ ਪਲੀ ਹੁੰਦੀ ਹੈ। ਨਾ ਇਹ ਕੁਝ ਨਵਾਂ ਕਰਦੀ ਹੈ, ਨਾ ਹੀ ਇਹ ਚਲਦੇ ਨੂੰ ਚਲਾਉਣ ਵਿਚ ਦਿਲਚਸਪੀ ਲੈਂਦੀ ਹੈ। ਇਸਦੀ ਦਿਲਚਸਪੀ ਮਾਲਕ ਬਣਨ ਅਤੇ ਮਾਲਕੀ ਦੀਆਂ ਸਹੂਲਤਾਂ ਮਾਣਨ ਵਿਚ ਹੁੰਦੀ ਹੈ।

ਇਹ ਨੌਕਰਾਂ 'ਤੇ ਨਿਰਭਰ ਕਰਦੀ ਹੈ, ਆਰਾਮ-ਪ੍ਰਸਤ, ਸੁਸਤ ਅਤੇ ਆਲਸੀ ਹੋਣ ਕਰਕੇ ਇਹ ਕੰਗਾਲ ਹੋ ਜਾਂਦੀ ਹੈ।

ਚੌਥੀ ਪੀੜ੍ਹੀ ਨੂੰ ਮੁੱਢੋਂ-ਸੁੱਢੋਂ ਵਪਾਰ ਆਰੰਭਣਾ ਪੈਂਦਾ ਹੈ ਜਾਂ ਇਸ ਪੀੜ੍ਹੀ ਦੀ ਦਿਲਚਸਪੀ ਨੌਕਰੀ ਕਰਨ ਵਿੱਚ ਹੁੰਦੀ ਹੈ।

ਪਰਿਵਾਰ ਉਦੋਂ ਟੁੱਟਦੇ ਹਨ, ਜਦੋਂ ਕਝ ਨਵਾਂ ਉਸਾਰਨ ਦੀ ਥਾਂ, ਬਚ ਗਈ ਜਾਇਦਾਦ ਦੀ ਵੰਡ ਦੇ ਮੁਕੱਦਮੇ ਚਲਦੇ ਹਨ।

ਵਪਾਰ ਵੀ ਥੱਕ ਜਾਂਦਾ ਹੈ। ਕੁਝ ਨਵਾਂ ਸੋਚਣ-ਕਰਨ ਦੀ ਹਿੰਮਤ ਨਹੀਂ ਰਹਿੰਦੀ।

ਬਾਜ਼ਾਰ ਦਾ ਸੁਭਾਓ ਬਦਲ ਜਾਂਦਾ ਹੈ, ਗਾਹਕਾਂ ਦੀਆਂ ਤਰਜੀਹਾਂ ਬਦਲ ਜਾਂਦੀਆਂ ਹਨ, ਬਾਜ਼ਾਰ ਵਿਚ ਨਵੀਆਂ ਚੀਜ਼ਾਂ-ਵਸਤਾਂ ਆ ਜਾਂਦੀਆਂ ਹਨ।

ਪਰਿਵਾਰ ਉਦੋਂ ਵੀ ਟੁੱਟਦੇ ਹਨ, ਜਦੋਂ ਕਮਾਉਣ ਵਿਚ ਦਿਲਚਸਪੀ ਘੱਟ ਅਤੇ ਲੈਣ-ਖਰਚਣ ਵਿਚ ਵਧੇਰੇ ਹੁੰਦੀ ਹੈ, ਜਦੋਂ ਕਰਤੱਵ ਕੋਈ ਨਹੀਂ ਪਛਾਣਦਾ, ਹਰ ਕੋਈ ਆਪਣੇ ਅਧਿਕਾਰਾਂ ਬਾਰੇ ਗੱਲ ਕਰਦਾ ਹੈ।

ਕੋਈ ਆਪਣੇ-ਆਪ ਨੂੰ ਭਾਈਵਾਲ ਨਹੀਂ ਕਹਿੰਦਾ, ਸਾਰੇ ਮਾਲਕ ਬਣ ਬੈਠਦੇ ਹਨ।

ਇਹ ਹਰ ਵਪਾਰ, ਪਰਿਵਾਰ, ਅਦਾਰੇ, ਬਾਦਸ਼ਾਹੀ, ਸੰਸਥਾ, ਸੰਗਠਨ, ਧਰਮ ਦੀ ਕਹਾਣੀ ਹੈ, ਇਸੇ ਨੂੰ ਜਗਤ-ਤਮਾਸ਼ਾ ਕਹਿੰਦੇ ਹਨ।

www.quotesinpunjabi.ml

QuotesInPunjabi

343

ਪੰਜਾਬੀ ਦੇ ਪ੍ਰਸਿੱਧ ਵਾਰਤਕਕਾਰ, ਪ੍ਰਿੰਸੀਪਲ ਤੇਜਾ ਸਿੰਘ ਪਟਿਆਲੇ ਦੇ ਮਹਿੰਦਰਾ ਕਾਲਜ ਵਿਚ ਅੰਗਰੇਜ਼ੀ ਪੜ੍ਹਾਉਂਦੇ ਸਨ। ਉਹ ਬੜੇ ਭਾਵਕ ਅਤੇ ਸ਼ਰਮਾਕਲ ਸਨ। ਇਕ ਵਾਰੀ ਉਨ੍ਹਾਂ ਨੇ ਸ਼ੈਕਸਪੀਅਰ ਦੇ ਇਕ ਨਾਟਕ ਵਿਚਲਾ ਇਸਤਰੀ-ਪੁਰਸ਼ ਦੇ ਪਿਆਰ ਅਤੇ ਚੁਹਲ-ਮੁਹਲ ਵਾਲਾ ਦ੍ਰਿਸ਼ ਪੜ੍ਹਾਉਣਾ ਸੀ, ਸੋ ਉਨ੍ਹਾਂ ਨੇ ਆਪਣੀਆਂ ਵਿਦਿਆਰਥਣਾਂ ਨੂੰ ਕਿਹਾ ਕਿ ਉਹ ਕੱਲ੍ਹ ਨਾ ਆਉਣ ਪਰ ਜਦੋਂ ਉਹ ਅਗਲੇ ਦਿਨ ਕਲਾਸ ਵਿਚ ਗਏ ਤਾਂ ਵਿਦਿਆਰਥਣਾਂ ਆਪਣੀਆਂ ਸਹੇਲੀਆਂ ਨੂੰ ਵੀ ਲੈ ਕੇ ਆਈਆਂ ਹੋਈਆਂ ਸਨ ਅਤੇ ਸਾਰਾ ਕਮਰਾ ਲੜਕੀਆਂ ਨਾਲ ਭਰਿਆ ਪਿਆ ਸੀ ਅਤੇ ਲੜਕੇ ਬਾਹਰ ਖਲੋਤੇ ਸਨ।

344

ਪਿਆਰ ਸਾਡੀ ਕਲਪਨਾ ਅਤੇ ਯਥਾਰਥ ਦੇ ਵਿਚਕਾਰ ਵਸਦਾ ਹੈ।

ਅਸੀਂ ਚਾਹੁੰਦੇ ਹਾਂ ਸੰਪੂਰਣ ਹੋਣਾ, ਸਹੀ ਹੋਣਾ, ਚੰਗੇ ਹੋਣਾ, ਪ੍ਰਸੰਨ ਹੋਣਾ। ਅਸੀਂ ਸਭ ਕੁਝ ਹੋਣਾ ਚਾਹੁੰਦੇ ਹਾਂ। ਸਾਨੂੰ ਆਪਣੇ ਵਿੱਚ ਇਹ ਸਭ ਕੁਝ ਹੋਣਾ ਸੰਭਵ ਲੱਗਦਾ ਨਹੀਂ, ਸੋ ਅਸੀਂ ਇਹ ਸਭ ਕੁਝ ਕਿਸੇ ਹੋਰ ਵਿਚ ਕਿਆਸਦੇ ਹਾਂ।

ਹੁੰਦਾ ਉਹ ਵੀ ਅਧੂਰਾ ਹੈ ਪਰ ਸਾਨੂੰ ਲਗਦਾ ਪੂਰਾ ਹੈ।

ਅਸੀਂ ਉਸ ਨੂੰ ਤਲਾਸ਼ਦੇ ਹਾਂ, ਜਿਸ ਨੂੰ ਅਸੀਂ ਜਾਣਦੇ ਨਹੀਂ, ਵੇਖਿਆ ਨਹੀਂ, ਮਿਲੇ ਨਹੀਂ, ਬੋਲੇ ਨਹੀਂ, ਸੁਣਿਆ ਨਹੀਂ, ਛੋਹਿਆ ਨਹੀਂ, ਪਰ ਉਸ ਵਿਚ ਇਹ ਸਾਰੇ ਗੁਣ ਸਾਡੀ ਕਲਪਨਾ ਦੀਆਂ ਅੱਖਾਂ ਨੂੰ ਵਿਖਾਈ ਦਿੰਦੇ ਹਨ।

ਜਿਸ ਬਾਰੇ ਅਸੀਂ ਕਲਪਨਾ ਕਰਦੇ ਰਹਿੰਦੇ ਹਾਂ, ਉਸ ਨੂੰ ਮਿਲਣ ਉਤੇ ਭਰਮ ਟੁੱਟਦਾ ਹੈ। ਯਥਾਰਥ, ਕਲਪਨਾ ਨੂੰ ਗੰਧਲਾ ਕਰ ਦਿੰਦਾ ਹੈ।

ਜਿਸ ਨੂੰ ਹੀਰਾ ਸਮਝਦੇ ਸੀ, ਉਹ ਪੱਥਰ ਨਿਕਲ ਆਉਂਦਾ ਹੈ।

ਜਿਸ ਨੂੰ ਸੋਨਾ ਕਲਪਿਆ ਸੀ, ਉਹ ਪਿੱਤਲ ਨਿਕਲਦਾ ਹੈ। ਹੀਰਾ, ਪੱਥਰ ਨਹੀਂ ਬਣਦਾ; ਸੋਨਾ, ਪਿੱਤਲ ਨਹੀਂ ਨਿਕਲਦਾ। ਅਸੀਂ ਹੀ ਕਲਪਨਾ ਕਾਰਨ ਪੱਥਰ ਨੂੰ ਹੀਰਾ ਅਤੇ ਪਿੱਤਲ ਨੂੰ ਸੋਨਾ ਬਣਾਇਆ ਹੋਇਆ ਸੀ।

ਜਿਸ ਪ੍ਰਤੀ ਅਸੀਂ ਵਫ਼ਾਦਾਰ ਹੋਣ ਦਾ ਦਾਅਵਾ ਕਰਦੇ ਹਾਂ, ਉਹ ਬੇਵਫ਼ਾ ਨਹੀਂ ਨਿਕਲਦਾ। ਵਾਸਤਵ ਵਿਚ ਉਹ ਸਾਡੀ ਅਸਲੀਅਤ ਜਾਣ ਜਾਂਦਾ ਹੈ, ਜਿਸ ਕਾਰਨ ਉਸ ਦੀ ਸਾਡੇ ਵਿਚ ਦਿਲਚਸਪੀ ਮੁੱਕ ਜਾਂਦੀ ਹੈ, ਇਸ ਨੂੰ ਅਸੀਂ ਬੇਵਫ਼ਾਈ ਕਹਿੰਦੇ ਹਾਂ।

ਪਿਆਰ, ਕਲਪਨਾ ਦਾ ਦੂਜਾ ਨਾਂ ਹੈ, ਇਹ ਸੁਪਨੇ ਵਰਗਾ ਸੋਹਣਾ ਹੁੰਦਾ ਹੈ।

ਅਰਸ਼ 'ਤੇ ਉੱਡਣਾ ਕਲਪਨਾ ਹੈ, ਫਰਸ਼ ਤੇ ਡਿੱਗਣਾ ਯਥਾਰਥ ਹੈ।

ਸੰਸਾਰ ਦੇ ਅਰਥ ਯਥਾਰਥ ਤੋਂ ਹਨ, ਜੀਵਨ ਦੇ ਅਰਥ ਧਰਤੀ ਤੋਂ ਹਨ।

ਹਮੇਸ਼ਾ ਲਈ ਕਲਪਨਾ ਵਿਚ ਨਹੀਂ ਰਿਹਾ ਜਾ ਸਕਦਾ, ਹਮੇਸ਼ਾ ਲਈ ਯਥਾਰਥ ਨਾਲ ਰਹਿਣਾ ਵੀ ਸੰਭਵ ਨਹੀਂ ਹੁੰਦਾ। ਮਨੁੱਖ, ਕਲਪਨਾ ਮਾਣਦਾ ਹੈ, ਯਥਾਰਥ ਕੁਗਤਦਾ ਹੈ।

ਇਹ ਸਾਡੇ ਨਾਲ ਹੀ ਨਹੀਂ ਵਾਪਰਦਾ, ਇਹ ਹਰ ਕਿਸੇ ਨਾਲ ਵਾਪਰਦਾ ਹੈ।

www.quotesinpunjabi.ml

QuotesInPunjabi

345

ਇਕ ਵਾਰੀ ਏਕਨਾਥ ਆਪਣੇ ਨਾਲ ਇਕ ਹਜ਼ਾਰ ਸ਼ਰਧਾਲੂਆਂ ਨੂੰ ਲੈ ਕੇ ਇਕ ਸਾਲ ਦੀ ਤੀਰਥ-ਯਾਤਰਾ 'ਤੇ ਗਿਆ। ਇਕ ਚੋਰ ਵੀ ਨਾਲ ਜਾਣਾ ਚਾਹੁੰਦਾ ਸੀ। ਏਕਨਾਥ ਨੇ ਕਿਹਾ: ਨਹੀਂ, ਤੈਨੂੰ ਲੈ ਕੇ ਨਹੀਂ ਜਾਣਾ, ਤੂੰ ਨਾ ਜਾ, ਤੂੰ ਚੋਰੀ ਕਰੇਂਗਾ।

ਚੋਰ ਨੇ ਕਿਹਾ: ਜਾਣਾ ਜ਼ਰੂਰ ਹੈ, ਵਾਅਦਾ ਹੈ, ਇਕ ਸਾਲ, ਪੂਰਾ ਸਾਲ ਕੋਈ ਚੋਰੀ ਨਹੀਂ ਕਰਾਂਗਾ। ਉਹ ਚੋਰ ਵੀ ਨਾਲ ਚੱਲ ਪਿਆ।

ਇਕ ਹਫਤੇ ਮਗਰੋਂ ਹੀ ਸਮੱਸਿਆਵਾਂ ਉਪਜਣ ਲਗ ਪਈਆਂ। ਚੀਜ਼ਾਂ ਗਾਇਬ ਹੋਣ ਲਗ ਪਈਆਂ। ਕਿਸੇ ਦੀ ਚੀਜ਼, ਕਿਸੇ ਹੋਰ ਦੇ ਥੈਲੇ ਵਿਚੋਂ ਲੱਭਦੀ, ਕਿਸੇ ਦੀ ਚੀਜ਼ ਕਿਸੇ ਹੋਰ ਦੀ ਦਰੀ ਥੱਲੇ ਪਈ ਹੁੰਦੀ। ਸਾਰੇ ਹੈਰਾਨ-ਪਰੇਸ਼ਾਨ ਸਨ। ਇਕ ਰਾਤ ਏਕਨਾਥ ਸੌਣ ਦਾ ਬਹਾਨਾ ਕਰਕੇ ਸਭ ਕੁਝ ਵੇਖਦਾ ਰਿਹਾ। ਜਦੋਂ ਸਾਰੇ ਸੌਂ ਗਏ ਤਾਂ ਚੋਰ ਨੇ ਆਪਣਾ ਕਾਰਜ ਆਰੰਭ ਕੀਤਾ: ਇਧਰ ਦੀਆਂ ਚੀਜ਼ਾਂ ਉਧਰ ਰੱਖਣ ਅਤੇ ਇਕ ਦੀ ਚੀਜ਼, ਦੂਜੇ ਦੀ ਪੋਟਲੀ ਵਿਚ ਪਾਉਣ ਲਗ ਪਿਆ। ਏਕਨਾਥ ਨੇ ਫੜ ਲਿਆ। ਚੋਰ ਨੇ ਕਿਹਾ: ਚੋਰੀ ਨਹੀਂ ਕੀਤੀ। ਪੁਰਾਣੀ ਆਦਤ ਹੈ, ਅੱਧੀ ਰਾਤ ਨੂੰ ਜੇ ਕੋਈ ਗੜਬੜ ਨਾ ਕਰਾਂ ਤਾਂ ਨੀਂਦ ਨਹੀਂ ਆਉਂਦੀ। ਇਕ ਸਾਲ ਮੈਂ ਬਿਨਾਂ ਸੁੱਤੇ ਕਿਵੇਂ ਗੁਜ਼ਾਰ ਸਕਦਾ ਹਾਂ ? ਮੈਂ ਅਭਿਆਸ ਜਾਰੀ ਰੱਖ ਰਿਹਾ ਹਾਂ, ਇਕ ਸਾਲ ਮਗਰੋਂ ਚੋਰੀਆਂ ਹੀ ਤਾਂ ਕਰਨੀਆਂ ਹਨ।

ਹਰ ਕੋਈ ਆਪਣੀਆਂ ਆਦਤਾਂ ਦਾ ਗੁਲਾਮ ਹੈ। ਕੁਝ ਵੀ ਦੁਹਰਾਇਆ ਜਾਵੇ, ਉਹ ਆਦਤ ਬਣ ਜਾਂਦੀ ਹੈ। ਮਨ, ਸਰੀਰ ਅਤੇ ਬੁਧੀ ਨੂੰ ਦੁਹਰਾਉਣ ਦੀ ਆਦਤ ਹੁੰਦੀ ਹੈ।

ਜੋ ਕੁਝ ਲਗਭਗ ਚਾਲ੍ਹੀ ਦਿਨ ਲਗਾਤਾਰ ਕੀਤਾ ਜਾਵੇ, ਉਹ ਪੱਕੀ ਆਦਤ ਬਣ ਜਾਂਦੀ ਹੈ। ਚੰਗੀਆਂ-ਮਾੜੀਆਂ ਆਦਤਾਂ ਇਵੇਂ ਹੀ ਪੈਂਦੀਆਂ ਹਨ।

346

ਤਰਕ ਵਾਪਰੀਆਂ ਘਟਨਾਵਾਂ 'ਤੇ ਹੀ ਲਾਗੂ ਕੀਤਾ ਜਾ ਸਕਦਾ ਹੈ।

ਉਪਜਣ ਵਾਲੇ ਨਵੇਂ ਅਨੁਭਵਾਂ ਅਤੇ ਸਥਿਤੀਆਂ ਨੂੰ ਤਰਕ ਨਾਲ ਨਹੀਂ ਸਮਝਿਆ ਜਾ ਸਕਦਾ। ਯਾਤਰਾ ਦੌਰਾਨ ਜੋ ਵਾਪਰਦਾ ਹੈ, ਉਸਦੀ ਕਲਪਨਾ ਨਹੀਂ ਕੀਤੀ ਜਾ ਸਕਦੀ, ਵਾਪਰਨ ਉਪਰੰਤ ਹੀ ਉਸਦੀ ਵਿਆਖਿਆ ਕੀਤੀ ਜਾ ਸਕਦੀ ਹੈ ਅਤੇ ਵਾਪਰਨ ਦੇ ਕਾਰਨ ਲੱਭੇ ਜਾ ਸਕਦੇ ਹਨ। ਵਿਆਹ ਕਰਨ ਵੇਲੇ ਪਤੀ-ਪਤਨੀ ਨਹੀਂ ਜਾਣ ਸਕਦੇ ਕਿ ਉਨ੍ਹਾਂ ਨੂੰ ਕਿਹੜੇ ਅਨੁਭਵ ਹੋਣਗੇ, ਉਹ ਹੋਣ ਵਾਲੇ ਬੱਚਿਆਂ ਦੀ ਸ਼ਕਲ-ਸੂਰਤ ਅਤੇ ਸੁਭਾਓ ਨਹੀਂ ਕਿਆਸ ਸਕਦੇ।

ਜ਼ਿੰਦਗੀ ਵਿਚ ਕੀ ਵਾਪਰੇਗਾ, ਇਸ ਨੂੰ ਨਾ ਜਾਣਦੇ ਹੋਣਾ ਹੀ ਜੀਵਨ ਦਾ ਸਭ ਤੋਂ ਵੱਧ ਦਿਲਚਸਪ ਪੱਖ ਹੁੰਦਾ ਹੈ। ਕੇਵਲ ਤਰਕ ਨਾਲ ਜ਼ਿੰਦਗੀ ਨਾ ਜੀਵੀ ਜਾ ਸਕਦੀ ਹੈ, ਨਾ ਜਿਉਣੀ ਚਾਹੀਦੀ ਹੈ।

www.quotesinpunjabi.ml

QuotesInPunjabi

347

ਮੌਤ ਬਿਨਾਂ ਜ਼ਿੰਦਗੀ ਨੂੰ ਸੋਚ ਕੇ ਤਾਂ ਵੇਖੋ। ਕਿਤਨੀ ਮੁਸੀਬਤ ਬਣ ਜਾਵੇਗੀ।

ਅੱਠ ਸੌ ਸਾਲ ਦਾ ਲਾੜਾ, ਦਸ ਹਜ਼ਾਰ ਸਾਲ ਦਾ ਮਰੀਜ਼।

ਹਰ ਕਿਸੇ ਨੇ ਅਰਦਾਸਾਂ ਕਰਨੀਆਂ ਸਨ: ਹੇ ਵਾਹਿਗੁਰੂ, ਮੈਨੂੰ ਮੌਤ ਦੀ ਦਾਤ ਬਖਸ਼ੋ, ਮੈਨੂੰ ਆਪਣੇ ਚਰਨਾਂ ਵਿਚ ਥਾਂ ਦਿਓ।

ਮੌਤ ਤੋਂ ਬਿਨਾਂ ਜ਼ਿੰਦਗੀ ਦੇ ਕੋਈ ਅਰਥ ਨਹੀਂ।

ਮੌਤ, ਜ਼ਿੰਦਗੀ ਨੂੰ ਸੇਧ ਦਿੰਦੀ ਹੈ, ਮਹੱਤਵ ਪ੍ਰਦਾਨ ਕਰਦੀ ਹੈ। ਮੌਤ ਕਾਰਨ ਹੀ ਜ਼ਿੰਦਗੀ ਦੀ ਖਿੱਚ ਅਤੇ ਸ਼ਿੱਦਤ ਹੈ। ਹਰ ਪਲ ਇਸ ਲਈ ਕੀਮਤੀ ਹੈ, ਕਿਉਂਕਿ ਮੌਤ ਆ ਰਹੀ ਹੈ।

ਵਕਤ ਦੇ ਅਰਥ ਮੌਤ ਕਾਰਨ ਹੀ ਹਨ।

ਜੇ ਮੌਤ ਨਾ ਹੁੰਦੀ ਤਾਂ ਹਰ ਕਿਸੇ ਨੇ ਹਰ ਕੰਮ ਮੁਲਤਵੀ ਕਰਦੇ ਰਹਿਣਾ ਸੀ।

ਅੱਜ ਬਾਰੇ ਕਿਸੇ ਨੇ ਸੋਚਣਾ ਹੀ ਨਹੀਂ ਸੀ।

ਕੱਲ੍ਹ ਮੌਤ ਹੋ ਸਕਦੀ ਹੈ, ਇਸੇ ਲਈ ਅੱਜ ਮਹੱਤਵਪੂਰਨ ਹੈ।

ਜ਼ਿੰਦਗੀ ਜੀਵੋ, ਭਰਪੂਰ ਜ਼ਿੰਦਗੀ ਜੀਵੋ, ਉਵੇਂ ਜੀਵੋ, ਜਿਵੇਂ ਕਿਸੇ ਨੇ ਜੀਵੀ ਨਾ ਹੋਵੇ, ਮਰਨ ਤੋਂ ਪਹਿਲਾਂ ਜੀਵੋ।

348

ਬੱਚੇ ਦਾ ਦੰਦ ਟੁੱਟ ਗਿਆ ਸੀ। ਮਾਂ ਨੇ ਰੂੰ ਵਿੱਚ ਲਪੇਟਦਿਆਂ ਕਿਹਾ: ਪਰੀ ਨਵੇਂ ਦੰਦ ਦਾ ਤੋਹਫਾ ਦੇਵੇਗੀ। ਪਰੀ ਤੋਹਫੇ ਦਿੰਦੀ ਹੈ। ਬੱਚੇ ਨੇ ਆਪਣੇ ਲਈ ਵੱਡੇ ਅਤੇ ਮਹਿੰਗੇ ਤੋਹਫਿਆਂ ਦੀ ਸੂਚੀ ਬਣਾਈ। ਮਾਂ ਨੇ ਕਿਹਾ: ਪਰੀ ਕੋਲ ਇਤਨੇ ਪੈਸੇ ਨਹੀਂ ਹੁੰਦੇ, ਉਹ ਉਹੀ ਤੋਹਫਾ ਖਰੀਦਦੀ ਹੈ, ਜਿਹੜਾ ਉਹ ਆਪਣੇ ਪੈਸਿਆਂ ਨਾਲ ਖਰੀਦ ਸਕਦੀ ਹੈ, ਨਾਲੇ ਉਹ ਆਪਣੀ ਮਰਜ਼ੀ ਦਾ ਤੋਹਫਾ ਦਿੰਦੀ ਹੈ।

ਬੱਚੇ ਨੇ ਤੋਹਫਿਆਂ ਦੀ ਸੋਧੀ ਹੋਈ ਸੂਚੀ ਬਣਾਈ। ਮਾਂ ਨੇ ਇਕ ਤੋਹਫੇ ਦੀ ਹਾਮੀ ਭਰੀ, ਬੱਚੇ ਨੇ ਤੋਹਫਾ ਮਿਲਣ ਦੀ ਕਲਪਨਾ ਕੀਤੀ ਅਤੇ ਸੌਂ ਗਿਆ।

ਸਵੇਰੇ ਉਠਿਆ, ਵੇਖਿਆ ਤੋਹਫਾ ਸਿਰਹਾਣੇ ਕੋਲ ਪਿਆ ਸੀ।

ਉਸਦਾ ਆਪਣੀ ਮਾਂ ਵਿਚ, ਪਰੀ ਨੂੰ ਜਾਣਨ ਕਰਕੇ, ਵਿਸ਼ਵਾਸ ਵਧ ਗਿਆ ਸੀ।

ਹੋਰ ਤੋਹਫੇ ਲੈਣ ਲਈ ਬੱਚਾ ਆਪਣੇ ਸਾਰੇ ਦੰਦ ਗੁਆਉਣ ਲਈ ਤਿਆਰ ਹੋ ਗਿਆ ਪਰ ਮਾਂ ਨੇ ਕਿਹਾ: ਪਰੀ ਲਾਲਚੀ ਬੱਚਿਆਂ ਨੂੰ ਪਸੰਦ ਨਹੀਂ ਕਰਦੀ, ਚੰਗੇ ਬੱਚਿਆਂ ਨੂੰ ਪਸੰਦ ਕਰਦੀ ਹੈ। ਬੱਚੇ ਨੇ ਪੁੱਛਿਆ: ਚੰਗਾ ਬੱਚਾ ਕਿਵੇਂ ਬਣਿਆ ਜਾ ਸਕਦਾ ਹੈ?

ਮਾਂ ਨੇ ਦੱਸਿਆ: ਚੰਗੇ ਬੱਚੇ ਮੰਮੀ-ਪਾਪਾ ਅਤੇ ਵੱਡਿਆਂ ਨੂੰ ਧਿਆਨ ਨਾਲ ਸੁਣਦੇ ਹਨ, ਚੰਗੇ ਬੱਚੇ ਲੜਦੇ ਨਹੀਂ, ਚੀਜ਼ਾਂ ਨਹੀਂ ਤੋੜਦੇ, ਕੱਪੜੇ ਗੰਦੇ ਨਹੀਂ ਕਰਦੇ, ਸਵੇਰੇ ਉਠਦੇ ਹਨ, ਰੋਜ਼ ਨਹਾਉਂਦੇ ਹਨ। ਮਾਂ ਨੇ ਕਈ ਗੁਣ ਗਿਣਾ ਦਿੱਤੇ।

ਬੱਚਾ ਬੜੇ ਧਿਆਨ ਨਾਲ ਸੁਣ ਰਿਹਾ ਸੀ ਤਾਂ ਕਿ ਕੁਝ ਸੁਣਨਾ ਰਹਿ ਨਾ ਜਾਏ।

www.quotesinpunjabi.ml

QuotesInPunjabi

ਉਸ ਨੇ ਕਿਹਾ, ਉਹ ਚੰਗਾ ਬੱਚਾ ਬਣੇਗਾ ਤਾਂ ਕਿ ਪਰੀ ਉਸ ਨੂੰ ਤੋਹਫੇ ਦੇਵੇ।

ਖੂਬ ਪੜ੍ਹਿਆ, ਵੱਡਾ ਹੋਇਆ, ਚੰਗੇ ਅਹੁਦੇ 'ਤੇ ਲੱਗਿਆ। ਉਸ ਕੋਲ ਸਾਰੇ ਸੁਪਨੇ ਪੂਰੇ ਕਰਨ ਦੇ ਸਾਧਨ ਸਨ। ਉਸ ਨੂੰ ਸਮਝ ਆਇਆ ਕਿ ਪਰੀ ਦੇ ਨਿੱਕੇ-ਨਿੱਕੇ ਤੋਹਫਿਆਂ ਰਾਹੀਂ, ਮਾਂ ਨੇ ਉਸ ਵਿਚ ਕੁਝ ਕਰਨ, ਕੁਝ ਬਣਨ ਦੀ ਰੀਝ ਜਗਾ ਦਿੱਤੀ ਸੀ।

ਉਹ ਸਮਝ ਗਿਆ ਸੀ ਕਿ ਨਿੱਕੀਆਂ-ਨਿੱਕੀਆਂ ਗੱਲਾਂ, ਕਰਾਮਾਤਾਂ ਦੀ ਤਾਕਤ ਰੱਖਦੀਆਂ ਹਨ ਅਤੇ ਮਾਂ ਦੀਆਂ ਪ੍ਰੇਰਨਾਵਾਂ ਮਹਾਂਪੁਰਸ਼ ਵੀ ਪੈਦਾ ਕਰ ਸਕਦੀਆਂ ਹਨ।

349

ਇਕ ਵਿਆਹ ਉਪਰੰਤ ਪਤਨੀ ਨੇ ਛੇ ਮਹੀਨੇ ਮਗਰੋਂ ਜਦੋਂ ਬੱਚੇ ਨੂੰ ਜਨਮ ਦਿੱਤਾ ਤਾਂ ਪਤੀ ਨੂੰ ਸ਼ੱਕ ਹੋਇਆ। ਉਹ ਡਾਕਟਰ ਕੋਲ ਗਿਆ। ਡਾਕਟਰ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਦਾ ਵਿਆਹ ਟੁੱਟ ਜਾਵੇ। ਇਹ ਸੋਚ ਕੇ ਡਾਕਟਰ ਨੇ ਤਸੱਲੀ ਦਿੰਦਿਆਂ ਕਿਹਾ: ਪਹਿਲੇ ਬੱਚੇ ਸਮੇਂ ਅਕਸਰ ਇਵੇਂ ਹੋ ਜਾਂਦਾ ਹੈ, ਮਗਰੋਂ ਨਹੀਂ ਹੁੰਦਾ।

350

ਭਾਸ਼ਣ ਮੁਕਾਬਲਾ ਹੋ ਰਿਹਾ ਸੀ। ਦੂਰੋਂ-ਦੂਰੋਂ ਟੀਮਾਂ ਆਈਆਂ ਹੋਈਆਂ ਸਨ।

ਉਹ ਮਲਕਾ ਵਾਂਗ ਆਈ, ਭਾਸ਼ਣ ਨੂੰ ਪੜ੍ਹਨ ਦੀ ਆਗਿਆ ਨਹੀਂ ਸੀ ਪਰ ਉਸ ਨੇ ਲਿਖਿਆ ਹੋਇਆ ਭਾਸ਼ਣ ਸਾਹਮਣੇ ਰੱਖਿਆ ਹੋਇਆ ਸੀ। ਮੋਟੀਆਂ ਕਾਲੀਆਂ ਅੱਖਾਂ, ਦਰਸ਼ਨੀ ਨੈਣ-ਨਕਸ਼, ਪ੍ਰਭਾਵਸ਼ਾਲੀ ਸਰੀਰਕ ਡੀਲ-ਡੌਲ, ਅੰਗਾਂ ਵਿਚ ਰੌਣਕ।

ਉਸ ਨੇ ਸਰੋਤਿਆਂ ਨੂੰ ਇਵੇਂ ਵੇਖਿਆ ਜਿਵੇਂ ਮਹਾਰਾਣੀ ਆਪਣੀ ਪਰਜਾ ਨੂੰ ਵੇਖਦੀ ਹੈ। ਉਸ ਵਲੋਂ ਸਰੋਤਿਆਂ ਨੂੰ ਵੇਖਣ ਦੇ ਢੰਗ 'ਤੇ ਉਸ ਨੂੰ ਦਾਦ ਮਿਲੀ, ਭਰਪੂਰ ਤਾੜੀਆਂ ਵੱਜੀਆਂ। ਉਸ ਦੀ ਹਰ ਹਰਕਤ ਸ਼ਹਾਨਾ ਸੀ।

ਉਸ ਦਾ ਭਾਸ਼ਣ ਅਜੇ ਸ਼ੁਰੂ ਨਹੀਂ ਸੀ ਹੋਇਆ ਪਰ ਸਰੋਤੇ ਅੱਖਾਂ ਨਾਲ ਉਸ ਨੂੰ ਸੁਣਨ ਲੱਗ ਪਏ ਸਨ। ਉਸ ਦੀ ਹਰ ਗੱਲ 'ਤੇ ਤਾੜੀਆਂ ਵੱਜ ਰਹੀਆਂ ਸਨ। ਸਾਰੇ ਦੀਵਾਨੇ-ਪਰਵਾਨੇ ਬਣੇ ਹੋਏ ਸਨ। ਉਸ ਨੇ ਵਾਤਾਵਰਣ ਵਿਚ ਉਤਸ਼ਾਹ ਭਰ ਦਿੱਤਾ ਸੀ।

ਉਹ ਦੋ ਵਾਰ ਭਾਸ਼ਣ ਭੁੱਲ ਗਈ, ਉਸ ਨੇ ਤਿੰਨ ਵਾਰ ਕਿਹਾ ਮੁਆਫ਼ ਕਰਨਾ, ਇਸ 'ਤੇ ਵੀ ਤਾੜੀਆਂ ਵੱਜੀਆਂ। ਤਾੜੀਆਂ ਆਪ-ਮੁਹਾਰੇ ਵੱਜ ਰਹੀਆਂ ਸਨ।

ਉਸ ਨੇ ਮੁਸਕਰਾ ਕੇ ਤਾੜੀਆਂ ਦੇ ਰੁਕਣ ਦਾ ਇੰਤਜ਼ਾਰ ਕੀਤਾ, ਉਸ ਦੇ ਇੰਤਜ਼ਾਰ ਕਰਨ ਦੇ ਅੰਦਾਜ਼ 'ਤੇ ਵੀ ਤਾੜੀਆਂ ਵੱਜੀਆਂ।

ਲੱਗ ਰਿਹਾ ਸੀ, ਉਹ ਤਾੜੀਆਂ ਵਜਵਾਉਣ ਹੀ ਆਈ ਸੀ, ਉਹ ਤਾੜੀਆਂ ਮਾਰਨ ਦੀ ਸਿਖਲਾਈ ਦੇਣ ਲਈ ਆਈ ਸੀ।

ਵਾਤਾਵਰਣ ਅਜਿਹਾ ਸੀ ਕਿ ਸਾਰੇ ਉਸ ਨੂੰ ਹੀ ਅਵਲ ਵੇਖਣਾ ਚਾਹੁੰਦੇ ਸਨ।

ਉਸ ਤੋਂ ਮਗਰੋਂ ਮੇਰੀ ਅਤੇ ਹੋਰਾਂ ਦੀ ਵਾਰੀ ਸੀ, ਸਾਨੂੰ ਕਿਸੇ ਨੇ ਸੁਣਿਆ ਹੀ ਨਾ, ਸਾਰੇ

www.quotesinpunjabi.ml

QuotesInPunjabi
ਉਸ ਨੂੰ ਵੇਖਣਾ ਚਾਹੁੰਦੇ ਸਨ। ਜੱਜਾਂ ਨੂੰ ਵੀ ਲੱਗ ਰਿਹਾ ਸੀ ਕਿ ਜੇ ਉਸ ਨੂੰ ਅਵੱਲ ਨਾ ਕੱਢਿਆ ਤਾਂ ਫ਼ਸਾਦ ਹੋ ਜਾਵੇਗਾ। ਉਸ ਨੇ ਜੱਜਾਂ 'ਤੇ ਵੀ ਜਾਦੂ ਕਰ ਦਿਤਾ ਸੀ।

ਮੇਰੇ ਅਤੇ ਹੋਰਾਂ ਕੋਲ ਤਾਂ ਭਾਸ਼ਣ ਹੀ ਸੀ, ਉਸ ਕੋਲ ਹੁਸਨ ਵੀ ਸੀ।

ਹੁਸਨ ਜਿੱਤ ਗਿਆ ਸੀ, ਹਮੇਸ਼ਾ ਵਾਂਗ।

351

ਇਕ ਕਵੀ ਦੀ ਆਪਣੇ ਪਿਤਾ ਨਾਲ ਅਣਬਣ ਹੀ ਰਹੀ।

ਉਂਜ ਤਾਂ ਹਰ ਪੁੱਤਰ ਇਹੀ ਸਮਝਦਾ ਹੈ ਪਰ ਕਵੀ ਦਾ ਵੱਡਾ ਸ਼ਿਕਵਾ ਸੀ ਕਿ ਉਸਦੇ ਪਿਤਾ ਨੇ ਉਸ ਨੂੰ ਸਹੀ ਢੰਗ ਨਾਲ ਨਹੀਂ ਸੀ ਸਮਝਿਆ।

ਪਿਤਾ ਦੀ ਮੌਤ ਮਗਰੋਂ ਕਵੀ ਨੇ ਇਕ ਕਵਿਤਾ ਲਿਖੀ, ਜਿਸ ਵਿਚ ਉਸ ਨੇ ਬੜੇ ਵਿਸਥਾਰ ਵਿਚ ਪ੍ਰਗਟਾਇਆ ਕਿ ਉਸ ਨੂੰ ਹੁਣ ਸਮਝ ਆਈ ਹੈ ਕਿ ਉਸ ਨੇ ਹੀ ਆਪਣੇ ਪਿਤਾ ਨੂੰ ਠੀਕ ਢੰਗ ਨਾਲ ਨਹੀਂ ਸੀ ਸਮਝਿਆ।

ਪੁੱਤਰ ਨੂੰ ਅਜਿਹੀ ਸਮਝ ਅਕਸਰ ਪਿਤਾ ਦੇ ਜਾਣ ਮਗਰੋਂ ਹੀ ਆਉਂਦੀ ਹੈ।

ਕੇਵਲ ਲਾਇਕ ਪੁੱਤਰਾਂ ਨੂੰ ਇਹ ਸਮਝ, ਪਿਤਾ ਦੇ ਜਿਉਂਦਿਆਂ ਆਉਂਦੀ ਹੈ।

352

ਕਿਸਮਤ, ਬਦਕਿਸਮਤੀ ਨਾਲੋਂ ਵਧੇਰੇ ਖਤਰਨਾਕ ਹੁੰਦੀ ਹੈ।

ਕਿਸਮਤ ਵਿਚ ਅਸੀਂ ਕੁਝ ਕਰਨਾ-ਦੇਣਾ ਨਹੀਂ ਹੁੰਦਾ, ਸਭ ਕੁਝ ਮਿਲਣਾ-ਲੈਣਾ ਹੀ ਹੁੰਦਾ ਹੈ, ਇਵੇਂ ਕਿਸਮਤ ਸਾਨੂੰ ਅਵੇਸਲਾ ਕਰ ਦਿੰਦੀ ਹੈ।

ਚੰਗੇ ਅਮੀਰ ਪਰਿਵਾਰ ਵਿਚ ਜਨਮ ਲੈਣਾ ਕਿਸਮਤ ਹੈ।

ਅਸੀਂ ਸਮਝਦੇ ਹਾਂ ਸਭ ਕੁਝ ਆਪੇ ਹੋਵੇਗਾ ਜਾਂ ਸਾਡੇ ਲਈ ਦੂਜੇ ਕਰਨਗੇ।

ਸਾਨੂੰ ਪਤਾ ਹੀ ਨਹੀਂ ਲਗਦਾ ਕਿ ਕਿਸਮਤ ਅਚਾਨਕ ਮੋੜ ਕੱਟਦੀ ਹੈ ਅਤੇ ਸਾਡੇ ਤਿਆਰ ਨਾ ਹੋਣ ਕਾਰਨ, ਇਹ ਬਦਕਿਸਮਤੀ ਬਣ ਜਾਂਦੀ ਹੈ।

ਮਿਹਨਤ ਦੀ ਆਦਤ ਨਾ ਹੋਣ ਕਾਰਨ, ਅਸੀਂ ਅਵੇਸਲੇ, ਸੁਸਤ ਅਤੇ ਆਲਸੀ ਹੋਣ ਕਰਕੇ, ਆਪਣੀ ਕਿਸਮਤ ਨੂੰ ਅਕਸਰ ਬਦਕਿਸਮਤੀ ਬਣਾ ਲੈਂਦੇ ਹਾਂ।

353

ਛੁਪੇ ਖਜ਼ਾਨੇ ਕਿਧਰੇ ਨਹੀਂ ਹੁੰਦੇ, ਇਹ ਆਲਸੀ ਅਤੇ ਸੁਸਤ ਬੰਦਿਆਂ ਦੇ ਸੁਪਨੇ ਹੁੰਦੇ ਹਨ। ਇਹ ਕਦੇ ਨਹੀਂ ਲੱਭਦੇ, ਇਹ ਕਿਸੇ ਨੂੰ ਨਹੀਂ ਲੱਭੇ, ਇਹ ਕਦੇ ਨਹੀਂ ਲੱਭਣਗੇ, ਕਿਉਂਕਿ ਇਨ੍ਹਾਂ ਦੀਆਂ ਕੇਵਲ ਕਹਾਣੀਆਂ ਹੁੰਦੀਆਂ ਹਨ।

ਹਿੰਮਤ ਵਾਲੇ, ਖਜ਼ਾਨੇ ਲੱਭਦੇ ਨਹੀਂ, ਖਜ਼ਾਨੇ ਉਸਾਰਦੇ ਹਨ।

ਛੁਪੇ ਖਜ਼ਾਨਿਆਂ ਦੀਆਂ ਕਹਾਣੀਆਂ ਸੁਣ ਕੇ ਇਹ ਜੰਗਲਾਂ, ਪਹਾੜਾਂ, ਸਮੁੰਦਰਾਂ ਵਿਚੋਂ

www.quotesinpunjabi.ml

QuotesInPunjabi
ਕਦੇ ਨਹੀਂ ਲੱਭੇ ਜਾ ਸਕਦੇ, ਇਹ ਅਚਾਨਕ ਵੀ ਕਿਧਰੇ ਨਹੀਂ ਲੱਭਦੇ।

ਇਹ ਯਤਨ ਹਾਰਿਆਂ ਹੋਇਆਂ ਦਾ ਸਸਤਾ ਮਨ-ਪ੍ਰਚਾਵਾ ਹੁੰਦੇ ਹਨ।

ਖਜ਼ਾਨੇ ਲੱਭੋ ਨਾ, ਉਸਾਰੋ। ਲੱਭਣਾ ਔਖਾ ਕਾਰਜ ਹੈ, ਉਸਾਰਨਾ ਸੌਖਾ ਕੰਮ ਹੈ।

354

ਕੰਮ ਕਰੋ, ਬੱਚਤ ਕਰੋ, ਖ਼ੁਸ਼ਹਾਲ ਹੋਵੋ।

ਬੱਚਤ ਨਾਲ ਚਰਿੱਤਰ ਮਜ਼ਬੂਤ ਹੁੰਦਾ ਹੈ, ਮਨ ਅਤੇ ਬੁੱਧੀ ਤਿੱਖੀ ਹੁੰਦੀ ਹੈ।

ਲੋੜ ਬੱਚਤ ਨਾਲੋਂ ਵੀ ਵਧੇਰੇ ਬੱਚਤ ਕਰਨ ਦੀ ਆਦਤ ਦੀ ਹੈ।

ਕੰਜੂਸੀ, ਮਨੁੱਖ ਨੂੰ ਕਮੀਨਾ ਬਣਾ ਦਿੰਦੀ ਹੈ। ਬੱਚਤ ਨਾਲ ਸਵੈ-ਕਾਬੂ ਅਤੇ ਅਨੁਸ਼ਾਸਨ ਉਪਜਦਾ ਹੈ, ਇਸ ਨਾਲ ਸਮੱਸਿਆ ਦੇ ਉਪਜਣ ਤੋਂ ਪਹਿਲਾਂ ਹੀ, ਉਸ ਦਾ ਹੱਲ ਲੱਭਣ ਦੀ ਸਮਰੱਥਾ ਜਾਗਦੀ ਹੈ। ਇਸ ਯੋਗਤਾ ਕਾਰਨ ਲੋਕ ਤੁਹਾਨੂੰ ਸਿਆਣਾ ਕਹਿਣਗੇ।

ਖਰਚੇ ਹੋਣਗੇ ਪਰ ਇਨ੍ਹਾਂ ਖਰਚਿਆਂ ਵਿਚ ਸਿਆਣਪ ਹੋਵੇਗੀ।

ਸਿਆਣਪ ਨਾਲ ਖਰਚਣ ਨੂੰ ਸੰਜਮ ਕਹਿੰਦੇ ਹਨ।

ਸੰਜਮ ਤੋਂ ਬਿਨਾਂ, ਅਮੀਰ ਬੰਦੇ ਮੰਗਤੇ ਬਣਦੇ ਵੇਖੇ ਗਏ ਹਨ।

ਸੰਜਮ ਤੋਂ ਬਿਨਾਂ ਗੁਣਵਾਨ ਮਨੁੱਖ ਚਰਿੱਤਰਹੀਣ ਹੋ ਜਾਂਦਾ ਹੈ।

ਬਹੁਤੇ ਵਿਅਕਤੀ, ਆਮਦਨ ਦੇ ਵੱਧਣ ਦੇ ਬਾਵਜੂਦ ਅਸੰਤੁਸ਼ਟ ਹਨ, ਦੁਖੀ ਹਨ, ਸਨਕੀ ਹਨ। ਆਪਣਾ ਘਰ ਨਹੀਂ ਹੈ। ਕਿਸੇ ਦੇ ਆਸਰੇ ਰਹਿਣ ਦੀ ਮਜਬੂਰੀ ਤੋਂ ਮੁਕਤ ਹੋਣ ਲਈ, ਬੱਚਤ ਅਤੇ ਸੰਜਮ ਦੋਵੇਂ ਜ਼ਰੂਰੀ ਹਨ।

ਇਕ ਵਾਰੀ ਬੱਚਤ ਕਰਨ ਬਾਰੇ ਭਾਸ਼ਣ ਦਿੱਤਾ ਗਿਆ। ਸਰੋਤਿਆਂ ਨੇ ਕਈ ਬਹਾਨੇ ਲਾਏ, ਪਰਿਵਾਰ ਵੱਡਾ ਹੈ, ਆਮਦਨ ਘੱਟ ਹੈ, ਖਰਚੇ ਵਧੇਰੇ ਹਨ, ਸੋ ਬੱਚਤ ਸੰਭਵ ਨਹੀਂ ਹੈ।

ਭਾਸ਼ਣ ਉਪਰੰਤ ਹਰ ਕਿਸੇ ਨੂੰ ਹਜ਼ਾਰ-ਹਜ਼ਾਰ ਰੁਪਿਆ ਦਿੱਤਾ ਗਿਆ।

ਅਗਲੇ ਦਿਨ ਭਾਸ਼ਣ ਤੋਂ ਪਹਿਲਾਂ, ਪੁੱਛਿਆ ਗਿਆ ਕਿ ਹਜ਼ਾਰ ਰੁਪਏ ਦਾ ਤੁਸੀਂ ਕੀ ਕੀਤਾ ? ਕਿਸੇ ਨੇ ਕਿਹਾ, ਸਿਨੇਮਾ ਵੇਖਿਆ, ਕਿਸੇ ਨੇ ਕਿਹਾ ਹੋਟਲ ਵਿਚ ਸਾਰੇ ਪਰਿਵਾਰ ਨੇ ਖਾਣਾ ਖਾਧਾ। ਭਾਸ਼ਣ ਕਰਨ ਵਾਲੇ ਨੇ ਕਿਹਾ: ਇਹ ਪੈਸੇ ਤਾਂ ਤੁਹਾਨੂੰ ਮਿਲਣ ਬਾਰੇ ਪਤਾ ਹੀ ਨਹੀਂ ਸੀ, ਇਹ ਪੈਸੇ ਤਾਂ ਬਚਾਏ ਜਾ ਸਕਦੇ ਸਨ ਪਰ ਕਿਉਂਕਿ ਬੱਚਤ ਦੀ ਆਦਤ ਨਹੀਂ ਹੈ, ਸੋ ਜੇ ਪੰਜ ਹਜ਼ਾਰ, ਪੰਜਾਹ ਹਜ਼ਾਰ ਵੀ ਮਿਲਦੇ, ਤੁਸੀਂ ਇਵੇਂ ਹੀ ਕਰਨਾ ਸੀ।

ਲੋੜ ਬੱਚਤ ਦੀ ਨਹੀਂ ਹੈ, ਬੱਚਤ ਕਰਨ ਦੀ ਆਦਤ ਦੀ ਹੈ।

355

ਪ੍ਰਸਿੱਧ ਅੰਗਰੇਜ਼ੀ ਕਵੀ, ਸਪੈਂਸਰ ਨੇ ਜਦੋਂ 'ਫੇਅਰੀ ਕੁਈਨ' ਨਾਂ ਦੀ ਪ੍ਰਸਿੱਧ ਕਾਵਿ ਰਚਨਾ ਮੁਕੰਮਲ ਕਰ ਲਈ, ਤਾਂ ਵਿਖਾਉਣ ਲਈ ਉਸਨੇ ਆਪਣੀ ਰਚਨਾ ਨੂੰ ਉਸ ਵੇਲੇ ਦੇ ਕਦਰਦਾਨ ਹਾਕਮ, ਸਾਊਥੈਂਪਟਨ ਦੇ ਮਹਿਲ ਵਿਚ, ਉਸ ਦੇ ਕਮਰੇ ਵਿਚ ਉਪਰ ਭੇਜੀ ਅਤੇ ਆਪ ਥੱਲੇ ਮਹਿਮਾਨਾਂ ਲਈ ਬਣੇ ਹਾਲ ਵਿਚ ਬੈਠ ਗਿਆ।

www.quotesinpunjabi.ml

QuotesInPunjabi

ਸਾਊਥੈਂਪਟਨ ਨੇ ਪੜ੍ਹਨੀ ਸ਼ੁਰੂ ਕੀਤੀ ਤਾਂ ਪਹਿਲੀ ਲਾਈਨ ਪੜ੍ਹ ਕੇ ਥੱਲੇ ਉਡੀਕ ਰਹੇ ਕਵੀ, ਸਪੈਂਸਰ ਲਈ ਦਸ ਪੌਂਡ ਦਾ ਵੱਡਾ ਇਨਾਮ ਭੇਜਿਆ।

ਅੱਧਾ ਪੰਨਾ ਪੜ੍ਹਿਆ, ਵੀਹ ਪੌਂਡ ਦਾ ਹੋਰ ਇਨਾਮ ਭੇਜਿਆ, ਪੂਰਾ ਪੰਨਾ ਪੜ੍ਹ ਕੇ ਪੰਜਾਹ ਪੌਂਡ ਦਾ ਇਨਾਮ ਭੇਜਿਆ ਅਤੇ ਅਹਿਲਕਾਰਾਂ ਨੂੰ ਕਿਹਾ ਕਿ ਉਹ ਕਵੀ ਸਪੈਂਸਰ ਨੂੰ ਉਸ ਦੇ ਘਰ ਛੱਡ ਆਉਣ, ਕਿਉਂਕਿ ਜੋ ਉਹ ਉਸ ਕਾਵਿ-ਰਚਨਾ ਨੂੰ ਪੜ੍ਹਦਾ ਗਿਆ ਤਾਂ ਸਪੈਂਸਰ ਉਸ ਨੂੰ ਕੰਗਾਲ ਕਰ ਦੇਵੇਗਾ।

356

ਇਕ ਵੱਡੇ ਮੱਠ ਦੇ ਸੰਤ ਨੂੰ ਬਿੱਲੀਆਂ ਚੰਗੀਆਂ ਲੱਗਦੀਆਂ ਸਨ।

ਉਸ ਨੇ ਇਕ ਬਿੱਲੀ ਪਾਲੀ ਹੋਈ ਸੀ। ਉਹ ਜਦੋਂ ਸਮਾਧੀ ਲਾਉਂਦਾ ਸੀ ਤਾਂ ਬਿੱਲੀ ਕੋਲ ਬੈਠੀ ਰਹਿੰਦੀ ਸੀ। ਉਹ ਅਤੇ ਉਸ ਦੀ ਬਿੱਲੀ ਇਕ-ਦੂਜੇ ਨਾਲ ਇਕਸੁਰ ਸਨ। ਉਹ ਸੰਤ ਮਰ ਗਿਆ ਅਤੇ ਉਸ ਦਾ ਜਾਨਸ਼ੀਨ ਉਸ ਬਿੱਲੀ ਦੀ ਦੇਖ-ਭਾਲ ਕਰਦਾ ਰਿਹਾ ਅਤੇ ਉਸ ਨੂੰ ਵੀ ਬਿੱਲੀ ਦਾ ਸਾਥ ਚੰਗਾ ਲੱਗਣ ਲੱਗ ਪਿਆ।

ਜਦੋਂ ਬਿੱਲੀ ਮਰ ਗਈ ਤਾਂ ਉਸ ਨੇ ਨਵੀਂ ਬਿੱਲੀ ਪਾਲ ਲਈ।

ਸਭ ਪਾਸੇ ਗੱਲ ਘੁੰਮ ਗਈ ਕਿ ਬਿੱਲੀ ਪਾਲਣ ਨਾਲ ਸਮਾਧੀ ਚੰਗੀ ਲੱਗਦੀ ਹੈ।

ਸਾਰੇ ਮੱਠਾਂ ਵਿਚ ਬਿੱਲੀ ਰੱਖੀ ਜਾਣ ਲੱਗ ਪਈ।

ਯੂਨੀਵਰਸਿਟੀ ਵਿੱਚ ਬਿੱਲੀ ਅਤੇ ਸਾਧਨਾ ਦੇ ਪਰਸਪਰ ਸਬੰਧਾਂ 'ਤੇ ਸੈਮੀਨਾਰ ਹੋਣ ਲੱਗ ਪਏ। ਇਕ ਪ੍ਰੋਫੈਸਰ ਨੇ 'ਬਿੱਲੀ ਅਤੇ ਇਕਾਗਰਤਾ' ਦੇ ਵਿਸ਼ੇ 'ਤੇ ਪੁਸਤਕ ਲਿਖੀ, ਜਿਸ ਉੱਤੇ ਇਨਾਮ ਵੀ ਮਿਲਿਆ। ਲਗਭਗ ਇਕ ਸਦੀ ਇਵੇਂ ਚਲਦਾ ਰਿਹਾ।

ਇਕ ਵਾਰੀ ਜਦੋਂ ਮੱਠ ਦਾ ਨਵਾਂ ਮੁਖੀ ਸਥਾਪਤ ਹੋਇਆ ਤਾਂ ਉਸ ਨੂੰ ਬਿੱਲੀ ਵੇਖਣ ਨਾਲ ਹੀ ਨਿੱਛਾਂ ਆਉਣ ਲੱਗ ਪੈਂਦੀਆਂ ਸਨ। ਉਸ ਨੂੰ ਬਿੱਲੀ ਤੋਂ ਐਲਰਜੀ ਸੀ, ਉਸ ਨੇ ਬਿੱਲੀ ਤਿਆਗ ਦਿੱਤੀ।

ਸਾਰਿਆਂ ਨੇ ਵਿਰੋਧ ਕੀਤਾ ਪਰ ਉਸ ਦੀ ਯੋਗਤਾ ਅੱਗੇ ਸਾਰੇ ਚੁੱਪ ਕਰ ਗਏ।

ਬਿੱਲੀ ਤੋਂ ਬਿਨਾਂ ਹੀ ਸਮਾਧੀ ਲੱਗਣ ਲੱਗ ਪਈ।

ਹੌਲੀ-ਹੌਲੀ ਸਾਰੇ ਮੱਠਾਂ ਵਿਚੋਂ ਬਿੱਲੀ ਹਟਾ ਦਿੱਤੀ ਗਈ।

ਯੂਨੀਵਰਸਿਟੀ ਵਿਚ 'ਬਿੱਲੀ ਤੋਂ ਬਿਨਾਂ ਸਾਧਨਾ ਦੇ ਲਾਭ' ਵਿਚਾਰੇ ਜਾਣ ਲੱਗ ਪਏ। ਇਕ ਪ੍ਰੋਫੈਸਰ ਨੇ ਖੋਜ ਕਰਕੇ ਸਿੱਧ ਕੀਤਾ ਕਿ ਬਿੱਲੀ ਤੋਂ ਬਿਨਾਂ ਇਕਾਗਰਤਾ ਵਿਚ ਵੀਹ ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ। ਇਕ ਹੋਰ ਨੇ ਪ੍ਰਮਾਣਾਂ ਸਮੇਤ ਨਿਸ਼ਕਰਸ਼ ਕੱਢਿਆ ਕਿ ਅਸਲੀ ਸਾਧਨਾ ਉਹ ਹੈ, ਜੋ ਬਿੱਲੀ ਵਰਗੀ ਕਿਸੇ ਬਾਹਰੀ ਸਹੂਲਤ ਤੋਂ ਬਿਨਾਂ ਹੀ ਕੀਤੀ ਜਾਵੇ।

ਅਗਲੀ ਸਦੀ ਵਿਚ ਬਿੱਲੀ ਮੱਠਾਂ ਵਿਚੋਂ ਪੂਰੀ ਤਰ੍ਹਾਂ ਲੋਪ ਹੋ ਗਈ।

ਇਵੇਂ ਬਿੱਲੀ ਦੀ ਪਰੰਪਰਾ ਉਸਰਨ ਅਤੇ ਲੋਪ ਹੋਣ ਵਿਚ ਦੋ ਸਦੀਆਂ ਲੱਗ ਗਈਆਂ।

ਇਹ ਹਰ ਪਰੰਪਰਾ ਦੇ ਉਸਰਨ ਅਤੇ ਲੋਪ ਹੋਣ ਦੀ ਕਹਾਣੀ ਹੈ।

QuotesInPunjabi

357

ਸੁੰਦਰਤਾ ਦਾ ਮੁਕਾਬਲਾ ਬੜਾ ਸਖਤ ਸੀ। ਪੰਝੀ ਸੁੰਦਰੀਆਂ, ਭਾਗ ਲੈਣ ਲਈ ਦਿੱਤੇ ਆਪਣੇ ਫਾਰਮ ਹੀ ਵਾਪਸ ਲੈ ਗਈਆਂ ਸਨ। ਉਸ ਨੇ ਵੀ ਵਾਪਸ ਲੈ ਲਿਆ ਸੀ। ਘਰ ਗਈ, ਪਿਤਾ ਨੂੰ ਦੱਸਿਆ ਕਿ ਫਾਰਮ ਵਾਪਸ ਲੈ ਆਈ ਹਾਂ। ਫਿਰ ਮਾਂ ਨੂੰ ਦੱਸਿਆ।

ਮਾਂ ਨੇ ਕਿਹਾ: ਮੈਨੂੰ ਸ਼ਰਮ ਆ ਰਹੀ ਹੈ ਕਿ ਤੂੰ ਆਪਣੇ ਆਪ ਨੂੰ ਮੇਰੀ ਧੀ ਕਹਿੰਦੀ ਹੈਂ। ਵਾਪਸ ਜਾਹ ਅਤੇ ਇਸ ਕਰਕੇ ਮੁਕਾਬਲੇ ਵਿੱਚ ਭਾਗ ਲੈ, ਕਿਉਂਕਿ ਤੂੰ ਮੇਰੀ ਧੀ ਹੈਂ। ਮੈਂ ਇਹ ਮਾਣ ਪ੍ਰਾਪਤ ਕਰਨਾ ਚਾਹੁੰਦੀ ਹਾਂ ਕਿ ਮੇਰੀ ਧੀ ਨੇ ਉਸ ਮੁਕਾਬਲੇ ਵਿੱਚ ਭਾਗ ਲਿਆ, ਜਿਸ ਵਿਚ ਭਾਗ ਲੈਣ ਦੀ ਚੌਵ੍ਹੀ ਕੁੜੀਆਂ ਨੇ ਹਿੰਮਤ ਹਾਰੀ।

ਤੂੰ ਭਾਵੇਂ ਸਫਲ ਹੋ, ਨਾ ਹੋ, ਮੁਕਾਬਲੇ ਵਿਚ ਭਾਗ ਜ਼ਰੂਰ ਲੈਣਾ ਹੈ। ਭਾਗ ਲੈਣਾ ਹੀ ਤੇਰੀ ਅਤੇ ਮੇਰੀ ਸਫਲਤਾ ਹੋਵੇਗੀ, ਕਿਉਂਕਿ ਇਸਤਰੀ ਵਿਚ ਸੁੰਦਰਤਾ ਨਾਲੋਂ ਵੀ ਵੱਡਾ ਗੁਣ, ਸਵੈ-ਵਿਸ਼ਵਾਸ ਹੁੰਦਾ ਹੈ। ਸਵੈ-ਵਿਸ਼ਵਾਸ ਵਿਚ ਤੂੰ ਅਵਲ ਆਉਣੀ ਚਾਹੀਦੀ ਹੈਂ।

ਉਹ ਵਾਪਸ ਗਈ, ਮੁੜ ਫਾਰਮ ਪੇਸ਼ ਕੀਤਾ।

ਜਿਸ ਦਿਨ ਮੁਕਾਬਲਾ ਹੋਣਾ ਸੀ, ਉਸ ਦਿਨ ਉਹ ਇਤਨੀ ਡਰੀ ਹੋਈ ਸੀ ਕਿ ਉਸ ਨੇ ਸਮਾਗਮ ਵਿਚ ਆਪਣੀ ਮਾਂ ਨੂੰ ਨਹੀਂ ਸੀ ਬੁਲਾਇਆ। ਜਦੋਂ ਉਸਦਾ ਨਾਂ ਵਿਸ਼ਵ-ਸੁੰਦਰੀ ਵਜੋਂ ਐਲਾਨਿਆ ਗਿਆ ਤਾਂ ਉਸਨੂੰ ਸ਼ਰਮ ਆਈ, ਕਿਉਂਕਿ ਅੰਤਿਮ ਮੁਕਾਬਲੇ ਵਿਚ ਭਾਗ ਲੈਣ ਵਾਲੀ ਹਰੇਕ ਲੜਕੀ ਦੀ ਮਾਂ ਉਸ ਦੇ ਨਾਲ ਸੀ। ਉਹ ਪਛਤਾ ਰਹੀ ਸੀ, ਕਿਉਂਕਿ ਸਫਲਤਾ ਦੀ ਖੁਸ਼ੀ ਦੇ ਇਸ ਪਲ ਨੂੰ ਉਹ ਆਪਣੀ ਮਾਂ ਦੇ ਚਿਹਰੇ 'ਤੇ ਵੇਖਣਾ ਚਾਹੁੰਦੀ ਸੀ, ਕਿਉਂਕਿ ਅੱਜ ਪ੍ਰਸੰਨ ਉਹ ਸੀ ਪਰ ਸਫਲ ਉਸਦੀ ਮਾਂ ਹੋਈ ਸੀ।

358

ਅੰਗਰੇਜ਼ਾਂ ਦੇ ਜ਼ਮਾਨੇ ਵਿਚ ਤਹਿਸੀਲਦਾਰ ਬੜਾ ਵੱਡਾ ਅਹੁਦਾ ਗਿਣਿਆ ਜਾਂਦਾ ਸੀ। ਪ੍ਰਸ਼ਾਸਨ ਵਿਚ ਭਾਰਤੀ ਵੱਧ ਤੋਂ ਵੱਧ ਇਸ ਅਹੁਦੇ ਤੱਕ ਹੀ ਅਪੜਦੇ ਸਨ। ਅਹੁਦੇ ਤਾਂ ਕਾਨੂੰਗੋ ਅਤੇ ਪਟਵਾਰੀ ਦੇ ਵੀ ਵੱਡੇ ਹੀ ਸਮਝੇ ਜਾਂਦੇ ਸਨ। ਉਸ ਸਮੇਂ ਭਾਰਤ ਵਿਚ ਹਾਕਮਾਂ ਦੇ ਸਨਮਾਨ ਵਿਚ ਸ਼ਹਾਨਾ ਸਮਾਰੋਹ ਕਰਨ ਦਾ ਰਿਵਾਜ ਸੀ।

ਇਕ ਵਾਰੀ ਗਵਰਨਰ ਨੇ, ਕਿਸੇ ਇਲਾਕੇ ਵਿਚ ਜਾਣਾ ਸੀ ਅਤੇ ਤਹਿਸੀਲਦਾਰ ਨੇ ਇਤਨਾ ਭਰਵਾਂ ਅਤੇ ਵੱਡਾ ਸਮਾਗਮ ਕੀਤਾ ਕਿ ਗਵਰਨਰ ਵੀ ਹੈਰਾਨ ਹੋਇਆ।

ਗਵਰਨਰ ਦੀ ਪਤਨੀ ਵੀ ਉਸ ਦੇ ਨਾਲ ਸੀ ਅਤੇ ਉਸ ਨੇ ਸਮਾਗਮ ਤੋਂ ਪ੍ਰਭਾਵਿਤ ਹੋ ਕੇ ਆਪਣੇ ਗਵਰਨਰ-ਪਤੀ ਨੂੰ ਪੁਛਿਆ: ਤੁਸੀਂ ਤਹਿਸੀਲਦਾਰ ਕਦੋਂ ਲੱਗੋਗੇ ?

359

ਕੁਝ ਲੋਕਾਂ ਕੋਲ ਪੈਸਾ ਹੁੰਦਾ ਹੈ, ਕੁਝ ਕੋਲ ਨਹੀਂ ਹੁੰਦਾ।

ਕੁਝ ਹਮੇਸ਼ਾ ਹੀ ਬੁੜ੍ਹੇ ਰਹਿੰਦੇ ਹਨ, ਕੁਝ ਘਟ ਆਮਦਨ ਅਤੇ ਸਾਰੇ ਖਰਚਿਆਂ ਦੇ ਬਾਵਜੂਦ ਕੁਝ ਬਚਾ ਲੈਂਦੇ ਹਨ।

www.quotesinpunjabi.ml

QuotesInPunjabi

ਹਰ ਕਿਸੇ ਦੀ ਪੈਸਾ ਸੰਭਾਲਣ ਦੀ ਯੋਗਤਾ ਵੱਖਰੀ ਹੁੰਦੀ ਹੈ।

ਜੁਆਰੀਏ ਜਾਂ ਨਸ਼ਈ ਜਾਂ ਲਾਪ੍ਰਵਾਹ ਵਿਅਕਤੀ ਕੋਲ ਪੈਸਾ ਸੰਭਾਲਣ ਦੀ ਯੋਗਤਾ ਨਹੀਂ ਹੁੰਦੀ, ਇਸ ਲਈ ਇਹ ਅਕਸਰ ਕੰਗਾਲ ਹੀ ਹੁੰਦੇ ਹਨ।

ਜੇ ਜੁਆਰੀਆ ਪੰਜ ਲੱਖ ਰੁਪਏ ਵੀ ਜਿੱਤ ਜਾਵੇ, ਉਹ ਸਾਰੇ ਪੈਸਿਆਂ ਨੂੰ ਕੁਝ ਦਿਨਾਂ ਵਿਚ ਹੀ ਖੁਰਦ-ਬੁਰਦ ਕਰ ਦੇਵੇਗਾ। ਉਹ ਉਥੇ ਜਾਣ ਲੱਗ ਜਾਵੇਗਾ, ਜਿੱਥੇ ਜਾਣ ਦੀ ਉਸ ਦੀ ਔਕਾਤ ਨਹੀਂ ਹੈ, ਉਹ ਕੁਝ ਖਰੀਦਣ ਲੱਗ ਜਾਵੇਗਾ, ਜਿਸ ਦੀ ਲੋੜ ਨਹੀਂ ਹੈ।

ਉਹ ਸਾਰੇ ਪੈਸੇ ਵਿਅਰਥ ਗੁਆ ਕੇ, ਫਿਰ ਕੰਗਾਲ ਹੋ ਜਾਵੇਗਾ।

ਪੈਸੇ ਦਾ ਸੁਭਾਓ ਸਮਝਣ ਦੀ ਲੋੜ ਹੈ। ਜੇ ਕੋਈ ਰਾਸ਼ੀ ਨਿਰੰਤਰ ਸੱਤ ਸਾਲ ਬਚਾਈ ਜਾਵੇ ਤਾਂ ਭਾਵੇਂ ਇਹ ਤਿੰਨ-ਚਾਰ ਲੱਖ ਹੀ ਹੋਵੇ, ਇਹ ਤੁਹਾਡੀ ਪੈਸਾ ਸੰਭਾਲਣ ਦੀ ਯੋਗਤਾ ਬਣ ਜਾਵੇਗੀ, ਇਹ ਤੁਹਾਡੀ ਸੋਚ ਬਦਲ ਦੇਵੇਗੀ। ਇਹ ਬੱਚੇ ਦੀ ਪੜ੍ਹਾਈ 'ਤੇ, ਨਵੀਂ ਕਾਰ 'ਤੇ, ਬੈਂਕ ਤੋਂ ਬਾਕੀ ਪੈਸੇ ਲੈ ਕੇ ਪਲਾਟ 'ਤੇ ਖਰਚ ਕਰ ਦਿਓ, ਕੁਝ ਮਹੀਨਿਆਂ ਵਿਚ ਕਿਵੇਂ ਨਾ ਕਿਵੇਂ, ਤੁਹਾਡੇ ਕੋਲ ਫਿਰ ਤਿੰਨ-ਚਾਰ ਲੱਖ ਹੋ ਜਾਣਗੇ।

ਜਿਨ੍ਹਾਂ ਵਿਚ ਪੈਸਾ ਸੰਭਾਲਣ ਦੀ ਯੋਗਤਾ ਨਹੀਂ ਹੁੰਦੀ, ਉਨ੍ਹਾਂ ਨੂੰ ਵਿਰਸੇ ਵਿਚ ਭਾਵੇਂ ਕਿਤਨੀ ਹੀ ਜਾਇਦਾਦ ਮਿਲੇ, ਉਹ ਉਨ੍ਹਾਂ ਦੇ ਹੱਥਾਂ ਵਿਚੋਂ ਨਿਕਲ ਜਾਵੇਗੀ।

ਪੈਸਾ ਸੰਭਾਲਣ ਦੀ ਯੋਗਤਾ ਬੱਚਤ ਨਾਲ ਪੈਦਾ ਹੁੰਦੀ ਹੈ।

ਜਿਸ ਵਿੱਚ ਬਚਾਇਆ ਪੈਸਾ ਸੰਭਾਲਣ ਦੀ ਯੋਗਤਾ ਹੁੰਦੀ ਹੈ, ਉਸ ਨੂੰ ਕਦੇ ਪੈਸੇ ਦੀ ਥੁੜ੍ਹ ਨਹੀਂ ਆਉਂਦੀ, ਕਿਉਂਕਿ ਉਸ ਨੂੰ ਪੈਸੇ ਦੇ ਸੁਭਾਓ ਦੀ ਸਮਝ ਹੁੰਦੀ ਹੈ।

360

ਬੁੱਧ ਧਰਮ ਵਿਚ, ਜਦੋਂ ਕੋਈ ਪ੍ਰਚਾਰ ਲਈ ਜਾਂਦਾ ਹੈ ਤਾਂ ਉਸ ਨੂੰ ਵਿਹਾਰਕ ਪ੍ਰੀਖਿਆ ਵਿਚੋਂ ਲੰਘਣਾ ਪੈਂਦਾ ਹੈ।

ਇਕ ਭਿਖਸ਼ੂ ਨੂੰ ਪੁੱਛਿਆ ਗਿਆ: ਜੇ ਕੋਈ ਤੈਨੂੰ ਭਿਖਿਆ ਦੇਣ ਦੀ ਬਜਾਇ ਗਾਲ੍ਹਾਂ ਕੱਢੇ ਤਾਂ ਤੂੰ ਕੀ ਕਰੇਂਗਾ ? ਭਿਖਸ਼ੂ ਨੇ ਕਿਹਾ: ਤਾਂ ਵੀ ਮੈਂ ਉਸਦਾ ਧੰਨਵਾਦ ਕਰਾਂਗਾ, ਕਿਉਂਕਿ ਉਸ ਨੇ ਗਾਲ੍ਹਾਂ ਹੀ ਕੱਢੀਆਂ ਹਨ, ਥੱਪੜ ਵੀ ਮਾਰ ਸਕਦਾ ਸੀ।

ਜੇ ਥੱਪੜ ਵੀ ਮਾਰੇ, ਤਾਂ ਵੀ ਉਸ ਦਾ ਧੰਨਵਾਦ ਕਰਾਂਗਾ, ਉਹ ਕੁੱਟ ਵੀ ਸਕਦਾ ਸੀ।

ਕੁੱਟੇ ਤਾਂ ਵੀ ਧੰਨਵਾਦ ਕਰਾਂਗਾ, ਕਿਉਂਕਿ ਉਹ ਜਾਨੋਂ ਵੀ ਮਾਰ ਸਕਦਾ ਸੀ।

ਭਾਂਤ-ਭਾਂਤ ਦੇ ਪ੍ਰਸ਼ਨਾਂ-ਉੱਤਰਾਂ ਤੋਂ ਮਗਰੋਂ ਅੰਤ ਵਿਚ ਗੁਰੂ ਨੇ ਉਸ ਨੂੰ ਇਕ ਚਾਕੂ ਫੜਾਉਣ ਲਈ ਕਿਹਾ। ਭਿਖਸ਼ੂ ਨੇ ਚਾਕੂ ਫੜਾਉਂਦਿਆਂ, ਉਸਤਰੇ ਵਾਲਾ ਭਾਗ ਆਪਣੇ ਹੱਥ ਵਿਚ ਰੱਖਿਆ ਅਤੇ ਲੱਕੜ ਵਾਲਾ ਪਾਸਾ ਗੁਰੂ ਅੱਗੇ ਕੀਤਾ।

ਗੁਰੂ ਨੇ ਕਿਹਾ: ਹੁਣ ਤੂੰ ਪ੍ਰਚਾਰ ਲਈ ਜਾ ਸਕਦਾ ਹੈਂ।

www.quotesinpunjabi.ml

QuotesInPunjabi

361

ਸੰਗੀਤ ਦੇ ਖੇਤਰ ਵਿਚ ਚੰਗਾ ਉਸਤਾਦ ਉਹ ਹੁੰਦਾ ਹੈ ਜਿਹੜਾ ਪਹਿਲਾਂ ਨੇਮ ਸਿਖਾਏ ਅਤੇ ਫਿਰ ਉਨ੍ਹਾਂ ਨੇਮਾਂ ਨੂੰ ਤੋੜਨ ਦੀ ਯੋਗਤਾ ਉਪਜਾਏ।

ਸੰਗੀਤ ਦੀ ਪਰੰਪਰਾ ਵਿਚ ਇਹ ਨਹੀਂ ਪੁੱਛਿਆ ਜਾਂਦਾ ਕਿ ਤੂੰ ਧੀ ਜਾਂ ਪੁੱਤਰ ਕਿਸਦਾ ਹੈਂ? ਇਹ ਪੁੱਛਿਆ ਜਾਂਦਾ ਹੈ ਕਿ ਤੇਰਾ ਉਸਤਾਦ ਕੌਣ ਹੈ।

ਉਸਤਾਦ ਧਾਰਨ ਕਰਨ ਤੋਂ ਬਿਨਾਂ ਸੰਗੀਤ ਦੀ ਸਿਖਲਾਈ ਸੰਭਵ ਨਹੀਂ ਹੁੰਦੀ।

ਸੰਗੀਤ ਸਿਖਦਿਆਂ ਦੋ ਆਤਮਾਵਾਂ ਆਪਸ ਵਿਚ ਸੰਚਾਰ ਕਰਦੀਆਂ ਹਨ।

ਸੰਗੀਤ ਦਾ ਉਸਤਾਦ ਸੰਗੀਤ ਦੇ ਵਿਦਿਆਰਥੀ ਲਈ ਇਕ ਉਦਾਹਰਣ, ਆਦਰਸ਼ ਅਤੇ ਦਰਪਣ ਬਣ ਜਾਂਦਾ ਹੈ। ਵਿਦਿਆਰਥੀ ਹਰ ਰੋਜ਼ ਉਸਤਾਦ ਸਾਹਮਣੇ ਰਿਆਜ਼ ਕਰਦਿਆਂ, ਆਪਣੀਆਂ ਕਮਜ਼ੋਰੀਆਂ ਅਤੇ ਰੁਕਾਵਟਾਂ ਪ੍ਰਤੀ ਸੁਚੇਤ ਹੁੰਦਾ ਹੈ।

ਉਸਤਾਦ ਨਜ਼ਰ ਰੱਖਦਾ ਹੈ ਕਿ ਕਿਹੜੀ ਕਮਜ਼ੋਰੀ ਸ਼ਿਸ਼ ਨੂੰ ਪਰੇਸ਼ਾਨ ਕਰ ਰਹੀ ਹੈ।

ਉਸਤਾਦ ਦਾ ਕੰਮ ਕਮਜ਼ੋਰੀਆਂ ਨੂੰ ਦੂਰ ਕਰਨਾ ਹੁੰਦਾ ਹੈ ਤਾਂ ਕਿ ਸ਼ਿਸ਼ ਦਾ ਮਾਰਗ ਸਿੱਧਾ ਹੋ ਜਾਵੇ। ਉਸ ਦਾ ਕੰਮ ਸ਼ਿਸ਼ ਵਿਚੋਂ ਖੋਟ ਨੂੰ ਕੱਢਣਾ ਹੁੰਦਾ ਹੈ ਤਾਂ ਕਿ ਸ਼ਿਸ਼ ਸ਼ੁੱਧ ਹੋ ਜਾਵੇ। ਉਸਤਾਦ ਦਾ ਕੰਮ ਸ਼ਿਸ਼ ਦੀ ਆਤਮਾ ਨੂੰ ਜਗਾਉਣਾ ਹੁੰਦਾ ਹੈ ਤਾਂ ਕਿ ਉਸ ਦਾ ਸੰਗੀਤ ਹਰ ਕਿਸੇ ਨੂੰ ਰੂਹਾਨੀ ਅਨੁਭਵ ਅਤੇ ਆਤਮ-ਸੰਤੁਸ਼ਟੀ ਦੇਵੇ।

362

ਇਕ ਚਿੱਤਰਕਾਰ ਨੇ ਆਪਣੇ ਇਕ ਡਾਕਟਰ ਮਿੱਤਰ ਨੂੰ, ਇਕ ਬੰਦੇ ਵਲੋਂ ਅੰਤਲਾ ਸਾਹ ਲਏ ਜਾਣ ਦਾ ਚਿੱਤਰ ਵਿਖਾਇਆ। ਚਿੱਤਰਕਲਾ ਤੋਂ ਅਣਜਾਣ, ਦਿਨ-ਰਾਤ ਮਰੀਜ਼ਾਂ ਨੂੰ ਵੇਖ-ਵੇਖ ਕੇ ਧਨ ਇਕੱਤਰ ਕਰਨ ਵਾਲੇ ਡਾਕਟਰ ਨੇ ਵੇਖ ਕੇ ਕਿਹਾ: ਮਲੇਰੀਆ।

363

ਜ਼ਿੰਦਗੀ ਦੀਆਂ ਸਮੱਸਿਆਵਾਂ, ਸਰੀਰ ਦੇ ਅੰਗਾਂ ਵਾਂਗ, ਇਕ-ਦੂਜੀ ਨਾਲ ਜੁੜੀਆਂ ਹੁੰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਇਕ-ਦੂਜੇ ਨਾਲੋਂ ਨਿਖੇੜ ਕੇ ਹੱਲ ਕਰਨਾ ਨਾ ਸੌਖਾ ਹੁੰਦਾ ਹੈ ਨਾ ਸੰਭਵ। ਕਿਸੇ ਖੇਤਰ ਦਾ ਮਾਹਿਰ ਹੋਣਾ ਚੰਗੀ ਗੱਲ ਹੈ ਪਰ ਇੱਕ ਸਮੱਸਿਆ ਨੂੰ ਨਹੀਂ, ਸਬੰਧਤ ਸਮੱਸਿਆਵਾਂ ਦੇ ਜਾਲ ਨੂੰ ਵੇਖਣ ਦੀ ਯੋਗਤਾ ਹੋਣੀ ਚਾਹੀਦੀ ਹੈ।

ਉਦਾਹਰਣ ਵਜੋਂ ਭਾਰਤ ਦੇ ਪਿੰਡਾਂ ਵਿਚਲੇ ਲੋਕ ਗਰੀਬ ਹਨ, ਗਰੀਬ ਹੋਣ ਕਰਕੇ ਅਨਪੜ੍ਹ ਹਨ ਜਾਂ ਅਨਪੜ੍ਹ ਹੋਣ ਕਰਕੇ ਗਰੀਬ ਹਨ। ਗਰੀਬੀ ਕਾਰਨ ਵਿਆਹ ਜਲਦੀ ਹੋ ਜਾਂਦਾ ਹੈ, ਵਿਆਹ ਜਲਦੀ ਹੋਣ ਕਰਕੇ, ਬੱਚੇ ਜਲਦੀ ਅਤੇ ਵਧੇਰੇ ਹੁੰਦੇ ਹਨ। ਵਧੇਰੇ ਬੱਚਿਆਂ ਕਾਰਨ ਗਰੀਬ, ਗਰੀਬ ਰਹਿੰਦੇ ਹਨ। ਗਰੀਬ ਹੋਣ ਕਰਕੇ ਆਮਦਨ ਘੱਟ ਹੁੰਦੀ ਹੈ। ਆਮਦਨ ਘੱਟ ਹੋਣ ਕਾਰਨ, ਕੰਮ ਘੱਟ ਹੁੰਦਾ ਹੈ। ਖੁਰਾਕ ਘੱਟ ਹੋਣ ਕਾਰਨ ਉਹ ਬੀਮਾਰ ਹੋ ਜਾਂਦੇ ਹਨ ਅਤੇ ਲੰਮਾ ਅਰਸਾ ਬੀਮਾਰ ਰਹਿੰਦੇ ਹਨ। ਬੀਮਾਰੀ, ਗਰੀਬੀ ਵਿਚ ਵਾਧਾ ਕਰਦੀ ਹੈ। ਗਰੀਬੀ

www.quotesinpunjabi.ml

QuotesInPunjabi
ਕਾਰਨ ਉਹ ਰੰਦੀਆਂ ਥਾਂਵਾਂ ਤੇ ਰਹਿਣ ਲਈ ਮਜਬੂਰ ਹਨ। ਗਰੀਬ ਹੋਣ ਕਰਕੇ, ਉਹ ਜਲਦੀ ਮਰ ਜਾਂਦੇ ਹਨ। ਗਰੀਬ ਅਤੇ ਅਨਪੜ੍ਹ ਅਤੇ ਕਮਜ਼ੋਰ ਹੋਣ ਕਾਰਨ, ਉਨ੍ਹਾਂ ਨੂੰ ਚੰਗਾ ਕੰਮ ਨਹੀਂ ਮਿਲਦਾ। ਕੰਮ ਚੰਗਾ ਨਾ ਹੋਣ ਕਰਕੇ, ਉਜਰਤ ਘੱਟ ਮਿਲਦੀ ਹੈ, ਬੱਚਤ ਸੰਭਵ ਨਹੀਂ ਹੁੰਦੀ। ਆਪਣਾ ਮਕਾਨ ਨਹੀਂ ਹੁੰਦਾ। ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ। ਆਰਾਮ ਨਹੀਂ ਮਿਲਦਾ। ਉਹ ਗਰੀਬ ਹੋਣ ਕਰਕੇ, ਧਾਰਮਿਕ ਅਤੇ ਅੰਧ-ਵਿਸ਼ਵਾਸੀ ਹੁੰਦੇ ਹਨ ਅਤੇ ਵਹਿਮਾਂ-ਭਰਮਾਂ ਦਾ ਸ਼ਿਕਾਰ ਰਹਿੰਦੇ ਹਨ।

ਇਵੇਂ ਗਰੀਬੀ ਕਾਰਨ ਸਮੱਸਿਆਵਾਂ ਦਾ ਜਾਲ ਉਲਝਿਆ ਪਿਆ ਹੈ।

ਗਰੀਬੀ ਦੀ ਕਿਹੜੀ ਸਮੱਸਿਆ ਨੂੰ ਪਹਿਲਾਂ ਹੱਥ ਪਾਇਆ ਜਾਵੇ?

ਕੀ ਗਰੀਬੀ ਦੀ ਕਿਸੇ ਇਕ ਸਮੱਸਿਆ ਨੂੰ ਨਿਖੇੜ ਕੇ ਸੁਲਝਾਉਣਾ ਸੰਭਵ ਹੈ?

364

ਕਿਸੇ ਦੂਰ ਦੀ ਰਿਆਸਤ ਦਾ ਵਪਾਰੀ ਇਕ ਘੋੜਾ ਲੈ ਕੇ ਆਇਆ। ਸਿਕੰਦਰ ਨੇ ਆਪਣੇ ਰਾਜੇ ਪਿਤਾ ਫਿਲਿਪ ਨੂੰ ਇਹ ਘੋੜਾ ਖਰੀਦਣ ਲਈ ਕਿਹਾ।

ਜਦੋਂ ਫਿਲਿਪ ਨੇੜੇ ਹੋਇਆ ਤਾਂ ਘੋੜਾ ਛਲੱਪਾ ਮਾਰ ਕੇ ਪਰ੍ਹੇ ਹੋ ਗਿਆ।

ਪਿਤਾ ਨੂੰ ਲੱਗਿਆ, ਉਹ ਜੰਗਲੀ ਘੋੜਾ ਸੀ। ਸਿਕੰਦਰ ਨੇ ਪਿਤਾ ਨੂੰ ਕਿਹਾ: ਮੈਂ ਵੇਖਾਂ?

ਪਿਤਾ ਨੇ ਕਿਹਾ: ਸੱਟ-ਫੇਟ ਲੱਗੀ ਤਾਂ ਮੈਨੂੰ ਦੋਸ਼ ਨਾ ਦੇਈਂ।

ਸਿਕੰਦਰ ਨੇ ਵੇਖਿਆ, ਘੋੜਾ ਆਪਣੇ ਪ੍ਰਛਾਵੇਂ ਤੋਂ ਡਰਦਾ ਸੀ। ਸਿਕੰਦਰ ਨੇ ਘੋੜੇ ਦਾ ਮੂੰਹ ਸੂਰਜ ਵੱਲ ਕੀਤਾ, ਉਹ ਸ਼ਾਂਤ ਹੋ ਗਿਆ। ਪਲਾਕੀ ਮਾਰ ਕੇ ਸਿਕੰਦਰ ਉਸ ਨੂੰ ਭਜਾ ਕੇ ਲੈ ਗਿਆ। ਜਿਹੜਾ ਪਿਤਾ ਚਿੰਤਾ ਕਰ ਰਿਹਾ ਸੀ, ਉਹ ਸ਼ਾਬਾਸ਼ ਦੇ ਰਿਹਾ ਸੀ।

ਪਿਤਾ ਨੇ, ਪੁੱਤਰ ਨੂੰ ਚੁੰਮ ਕੇ ਕਿਹਾ: ਤੂੰ ਕੋਈ ਨਵੀਂ ਬਾਦਸ਼ਾਹੀ ਲੱਭ, ਜਿਹੜੀ ਤੇਰੀ ਹਿੰਮਤ ਦੇ ਮੇਚ ਦੀ ਹੋਵੇ। ਤੇਰੇ ਲਈ ਮੇਰਾ ਮੈਕਦੂਨੀਆ ਦਾ ਰਾਜ ਬੜਾ ਛੋਟਾ ਹੈ।

ਉੱਨ੍ਹੀਂ ਸਾਲ ਦੀ ਉਮਰ ਵਿਚ, ਤੀਹ ਹਜ਼ਾਰ ਦੀ ਸੈਨਾ ਲੈ ਕੇ, ਸਿਕੰਦਰ ਦੁਨੀਆ ਜਿੱਤਣ ਨਿਕਲਿਆ ਸੀ ਅਤੇ ਤੇਰ੍ਹਾਂ ਸਾਲ ਉਹ ਸੋਲ੍ਹਾਂ ਹਜ਼ਾਰ ਮੀਲ ਜਿੱਤਦਾ ਗਿਆ।

ਸਿਕੰਦਰ ਨੂੰ ਇਕ ਵੀ ਹਾਰ ਦਾ ਸਾਹਮਣਾ ਨਹੀਂ ਸੀ ਕਰਨਾ ਪਿਆ। ਪੋਰਸ ਨਾਲ ਲੜਾਈ ਸਮੇਂ ਸਿਕੰਦਰ ਦੀ ਫੌਜ ਵਿਚ ਡੇਢ ਲੱਖ ਸਿਪਾਹੀ ਸਨ।

ਉਸ ਨੇ ਪੋਰਸ ਨਾਲ ਹੀ ਚੰਗਾ ਵਿਹਾਰ ਨਹੀਂ ਸੀ ਕੀਤਾ, ਉਸ ਨੇ ਹਰ ਰਾਜੇ ਨਾਲ ਚੰਗਾ ਵਿਹਾਰ ਕੀਤਾ ਸੀ, ਕਿਉਂਕਿ ਉਸ ਨੇ ਵਾਪਸ ਵੀ ਜਾਣਾ ਸੀ।

ਸੰਸਾਰ ਵਿਚ ਮਹਾਨ ਹੋਣ ਦਾ ਸਨਮਾਨ ਸਭ ਤੋਂ ਪਹਿਲਾਂ ਸਿਕੰਦਰ ਨੂੰ ਮਿਲਿਆ ਕਿਉਂਕਿ ਸਿਕੰਦਰ ਪਹਿਲਾ ਸੀ, ਜਿਸ ਨੇ ਸਾਰੇ ਸੰਸਾਰ ਨੂੰ ਜਿੱਤਣ ਦਾ ਸੁਪਨਾ ਲਿਆ ਸੀ।

ਉਹ ਜਿੱਤਣ ਅਤੇ ਜਿੱਤਾਂ ਕਰਕੇ ਮਹਾਨ ਨਹੀਂ ਸੀ, ਉਹ ਇਸ ਸੁਪਨੇ ਕਾਰਨ ਮਹਾਨ ਸੀ, ਕਿਉਂਕਿ ਇਹ ਸੁਪਨਾ ਪਹਿਲਾਂ ਕਿਸੇ ਨੇ ਨਹੀਂ ਸੀ ਲਿਆ।

www.quotesinpunjabi.ml

QuotesInPunjabi

365

ਇਬਰਾਹਿਮ ਲਿੰਕਨ ਨੇ ਅਮਰੀਕਾ ਦੇ ਇਕ ਬਾਜ਼ਾਰ ਵਿਚ ਇਕ ਲੜਕੀ ਨੂੰ ਗੁਲਾਮ ਵਜੋਂ ਵਿਕਦੇ ਵੇਖਿਆ। ਮਾਪੇ ਖਲੋਤੇ ਸਨ, ਉਨ੍ਹਾਂ ਦੇ ਅੱਗੇ ਧੀ ਖਲੋਤੀ ਸੀ। ਮਾਪਿਆਂ ਦੇ ਚਿਹਰੇ 'ਤੇ ਮਜਬੂਰੀ ਸੀ। ਲੜਕੀ ਦੀਆਂ ਨਜ਼ਰਾਂ ਵਿਚ ਲਾਚਾਰੀ, ਤੌਖਲਾ ਅਤੇ ਭੈਅ ਸੀ।

ਇਸ ਦ੍ਰਿਸ਼ ਨੇ ਲਿੰਕਨ ਨੂੰ ਹਲੂਣ ਕੇ ਰੱਖ ਦਿੱਤਾ ਸੀ।

ਉਸੇ ਪਲ ਲਿੰਕਨ ਦੀ ਜ਼ਿੰਦਗੀ ਦਾ ਨਿਸ਼ਾਨਾ ਬਦਲ ਗਿਆ ਸੀ।

ਉਸ ਨੇ ਲੜਕੀ ਨੂੰ ਨਾ ਵੇਚਣ ਲਈ, ਉਸ ਦੀ ਕੀਮਤ ਮਾਪਿਆਂ ਨੂੰ ਦੇ ਦਿੱਤੀ ਸੀ ਪ੍ਰੰਤੂ ਲੜਕੀ ਲਿੰਕਨ ਨੂੰ ਕਹਿ ਰਹੀ ਸੀ, ਹੁਣ ਮੈਂ ਤੁਹਾਡੀ ਗੁਲਾਮ ਹਾਂ।

ਇਸ ਅਨੁਭਵ ਕਾਰਨ ਲਿੰਕਨ ਨੇ ਅਮਰੀਕਾ ਦੀ ਧਰਤੀ ਤੋਂ ਗੁਲਾਮੀ ਖਤਮ ਕਰਨ ਦਾ ਬੀੜਾ ਚੁੱਕ ਲਿਆ ਸੀ। ਲੜਕੀ ਦੇ ਵਿਕਣ ਦਾ ਇਹ ਦ੍ਰਿਸ਼ ਸਾਰਾ ਜੀਵਨ ਲਿੰਕਨ ਨੂੰ ਬੇਚੈਨ ਕਰਦਾ ਰਿਹਾ ਸੀ। ਇਹ ਬੇਵਸੀ ਦਾ ਦ੍ਰਿਸ਼ ਸੀ।

ਬੇਵਸੀ ਦਾ ਇਹ ਦ੍ਰਿਸ਼ ਲਿੰਕਨ ਲਈ ਬੜੀ ਵੱਡੀ ਪ੍ਰੇਰਨਾ ਬਣਿਆ।

366

ਫਰਾਂਸ ਦਾ ਪ੍ਰਸਿੱਧ ਬਾਦਸ਼ਾਹ ਲੂਈ, ਜੋਤਸ਼ੀਆਂ ਦਾ ਸ਼ੌਕੀਨ ਸੀ।

ਇਕ ਵਾਰੀ ਇਕ ਜੋਤਸ਼ੀ ਨੇ ਕਿਹਾ ਕਿ ਦਰਬਾਰ ਦੀ ਇਕ ਮਹੱਤਵਪੂਰਨ ਇਸਤਰੀ ਅਗਲੇ ਇਕ ਸਪਤਾਹ ਵਿਚ ਮਰ ਜਾਵੇਗੀ, ਇਕ ਮਰ ਗਈ।

ਬਾਦਸ਼ਾਹ ਨੂੰ ਸ਼ੱਕ ਹੋਇਆ ਕਿ ਆਪਣੀ ਭਵਿੱਖਬਾਣੀ ਨੂੰ ਸੱਚੀ ਅਤੇ ਸਫਲ ਸਾਬਤ ਕਰਨ ਵਾਸਤੇ, ਜੋਤਸ਼ੀ ਨੇ ਉਹ ਇਸਤਰੀ ਮਰਵਾਈ ਸੀ।

ਬਾਦਸ਼ਾਹ ਨੂੰ ਜੋਤਸ਼ੀ ਤੋਂ ਭੈਅ ਆਉਣ ਲੱਗ ਪਿਆ।

ਉਸ ਨੇ ਜੋਤਸ਼ੀ ਤੋਂ ਛੁਟਕਾਰਾ ਪਾਉਣ ਲਈ, ਉਸ ਨੂੰ ਇਕ ਸਵੇਰ, ਮਹਿਲ ਦੀ ਸਭ ਤੋਂ ਉਪਰਲੀ ਮੰਜ਼ਲ 'ਤੇ ਬੁਲਾਇਆ ਅਤੇ ਆਪਣੇ ਪਹਿਰੇਦਾਰਾਂ ਨੂੰ ਕਿਹਾ ਕਿ ਜਦੋਂ ਮੈਂ ਇਸ਼ਾਰਾ ਕਰਾਂ, ਤੁਸੀਂ ਜੋਤਸ਼ੀ ਨੂੰ ਚੁੱਕ ਕੇ ਬਾਰੀ 'ਚੋਂ ਥੱਲੇ ਸੁੱਟ ਦੇਣਾ।

ਜੋਤਸ਼ੀ ਆਇਆ। ਜੋਤਸ਼ੀਆਂ ਨੂੰ ਮਨੁੱਖੀ ਵਿਹਾਰ ਦੀ ਡੂੰਘੀ ਸਮਝ ਹੁੰਦੀ ਹੈ, ਉਹ ਦੂਜਿਆਂ ਦੇ ਹਾਵ-ਭਾਵ ਨਾਲ ਹੀ ਸਮੁੱਚੀ ਸਥਿਤੀ ਨੂੰ ਸਮਝ ਜਾਂਦੇ ਹਨ।

ਬਾਦਸ਼ਾਹ ਨੇ ਪੁੱਛਿਆ: ਤੁਸੀਂ ਹੋਰਾਂ ਦੇ ਮਰਨ ਬਾਰੇ ਦੱਸਦੇ ਹੋ, ਆਪਣੇ ਮਰਨ ਬਾਰੇ ਦੱਸੋ। ਤੁਸੀਂ ਕਦੋਂ ਅਤੇ ਕਿਥੇ ਮਰੋਗੇ ? ਜੋਤਸ਼ੀ ਨੇ ਕਿਹਾ: ਬਾਦਸ਼ਾਹ ਸਲਾਮਤ, ਮੈਂ ਤੁਹਾਡੇ ਮਰਨ ਤੋਂ ਤਿੰਨ ਦਿਨ ਪਹਿਲਾਂ, ਤੁਹਾਡੇ ਤੋਂ ਕਿਸੇ ਨੇੜਲੀ ਥਾਂ 'ਤੇ ਮਰਾਂਗਾ।

ਉੱਤਰ ਸੁਣ ਕੇ ਬਾਦਸ਼ਾਹ ਇਸ਼ਾਰਾ ਕਰਨਾ ਹੀ ਭੁੱਲ ਗਿਆ। ਬਾਦਸ਼ਾਹ ਨੇ ਜੋਤਸ਼ੀ ਨੂੰ ਜਿਉਂਦਾ ਰੱਖਿਆ ਅਤੇ ਹੋਰ ਸਹੂਲਤਾਂ ਦਿੱਤੀਆਂ। ਨਿਰਸੰਦੇਹ ਉਹ ਜੋਤਸ਼ੀ ਬਾਦਸ਼ਾਹ ਤੋਂ ਸਿਆਣਾ ਨਿਕਲਿਆ। ਉਹ ਬਾਦਸ਼ਾਹ ਦੇ ਮਰਨ ਉਪਰੰਤ ਸਤਾਰ੍ਹਾਂ ਸਾਲ ਜਿਉਂਦਾ ਰਿਹਾ।

ਉਸ ਕੋਲ ਜੋਤਿਸ਼ ਦੀ ਤਾਕਤ ਨਹੀਂ ਸੀ, ਤਾਕਤ ਮਾਣਨ ਦੀ ਅਕਲ ਸੀ।

www.quotesinpunjabi.ml

QuotesInPunjabi

367

ਚੀਨ ਵਿਚ ਇਕ ਬਾਦਸ਼ਾਹ ਤੋਂ ਛੁਟਕਾਰਾ ਪਾਉਣ ਲਈ ਦਰਬਾਰੀਆਂ ਨੇ ਆਪਸ ਵਿਚ ਮਿਲ ਕੇ ਇਕ ਸੂਖਮ ਜੁਗਤ ਵਰਤੀ।

ਇਕ ਵਾਰੀ ਫੌਜੀ ਘੋੜਿਆਂ ਦੀ ਪਰੇਡ ਵਿਚ, ਉਨ੍ਹਾਂ ਨੇ ਇਕ ਊਠ ਖੜ੍ਹਾ ਕਰ ਦਿੱਤਾ। ਬਾਦਸ਼ਾਹ ਨੇ ਪੁੱਛਿਆ: ਘੋੜਿਆਂ ਵਿਚ ਇਹ ਊਠ ਕੀ ਕਰ ਰਿਹਾ ਹੈ? ਦਰਬਾਰੀਆਂ ਨੇ ਕਿਹਾ: ਇਹ ਊਠ ਨਹੀਂ, ਘੋੜਾ ਹੀ ਹੈ, ਤੁਹਾਨੂੰ ਭੁਲੇਖਾ ਲੱਗਿਆ ਹੈ।

ਇਵੇਂ ਹੀ ਇਕ ਪ੍ਰੀਤੀ ਭੋਜ ਦੌਰਾਨ ਦਰਬਾਰੀਆਂ ਨੇ ਫਟੇ-ਪੁਰਾਣੇ ਕੱਪੜਿਆਂ ਵਾਲਾ ਇੱਕ ਮੰਗਤਾ ਬਿਠਾ ਦਿੱਤਾ। ਬਾਦਸ਼ਾਹ ਨੇ ਪੁੱਛਿਆ: ਇਹ ਮੰਗਤਾ ਇਥੇ ਕੀ ਕਰ ਰਿਹਾ ਹੈ? ਦਰਬਾਰੀਆਂ ਨੇ ਕਿਹਾ: ਸਾਨੂੰ ਤਾਂ ਇਥੇ ਕੋਈ ਮੰਗਤਾ ਨਜ਼ਰ ਨਹੀਂ ਆਉਂਦਾ, ਜਿਸ ਨੂੰ ਤੁਸੀਂ ਮੰਗਤਾ ਕਹਿ ਰਹੇ ਹੋ, ਇਹ ਤਾਂ ਰਾਜਕੁਮਾਰ ਹੈ।

ਹਰ ਰੋਜ਼ ਇਵੇਂ ਹੋਣ ਲੱਗ ਪਿਆ। ਬਾਦਸ਼ਾਹ ਨੂੰ ਅਹਿਸਾਸ ਹੋ ਗਿਆ ਕਿ ਉਹ ਪਾਗਲ ਹੋ ਗਿਆ ਸੀ। ਉਸ ਨੇ ਆਪੇ ਗੱਦੀ ਛੱਡ ਦਿੱਤੀ।

368

ਅਸੀਂ ਪਿਆਰ ਨਾਲ ਬਹੁਤ ਕੁਝ ਜੋੜ ਦਿੱਤਾ ਹੈ।

ਪਿਆਰ ਅਨੁਭਵ ਹੀ ਇਤਨਾ ਡੂੰਘਾ ਹੈ ਕਿ ਇਸ ਨਾਲ ਬਹੁਤ ਕੁਝ ਜੁੜ ਗਿਆ ਹੈ।

ਸੁੰਦਰਤਾ, ਤਾਂਘ, ਭਾਵ, ਖਿੱਚ ਆਦਿ ਸਭ ਕੁਝ ਪਿਆਰ ਦਾ ਭਾਗ ਬਣ ਗਏ ਹਨ। ਕਿਉਂਕਿ ਸਾਨੂੰ ਪਿਆਰ ਚੰਗਾ ਲੱਗਦਾ ਹੈ, ਸੋ ਜੋ ਇਸ ਨਾਲ ਜੁੜ ਜਾਂਦਾ ਹੈ, ਉਹ ਵੀ ਚੰਗਾ ਲੱਗਣ ਲੱਗ ਪੈਂਦਾ ਹੈ। ਪਿਆਰੇ ਦੇ ਦੋਸ਼ ਵੀ ਗੁਣ ਪ੍ਰਤੀਤ ਹੁੰਦੇ ਹਨ।

ਪਿਆਰ ਪ੍ਰਵਾਨਗੀ ਦਾ ਨਾਂ ਹੈ। ਪਿਆਰ ਵਿਚ ਅਸੀਂ ਕਿਸੇ ਨੂੰ ਬਦਲਣ ਦਾ ਯਤਨ ਨਹੀਂ ਕਰਦੇ, ਆਪ ਬਦਲ ਜਾਂਦੇ ਹਾਂ। ਪਿਆਰ ਵਿਚ ਇਹ ਸ਼ਰਤ ਨਹੀਂ ਹੁੰਦੀ ਕਿ ਜੇ ਤੂੰ ਪਿਆਰ ਕਰੇਂਗੀ, ਮੈਂ ਤਾਂ ਹੀ ਪਿਆਰ ਕਰਾਂਗਾ। ਸਗੋਂ ਕਿਹਾ ਜਾਂਦਾ ਹੈ, ਮੈਂ ਤਾਂ ਕਰਦਾ ਹੀ ਹਾਂ, ਤੂੰ ਕਰ ਨਾ ਕਰ, ਤੇਰੇ ਰੋਕਣ ਦੇ ਬਾਵਜੂਦ, ਮੈਂ ਤੈਨੂੰ ਪਿਆਰ ਕਰਾਂਗਾ। ਮੈਂ ਪਿਆਰ ਕਰੰ ਨਹੀਂ ਰਿਹਾ, ਇਹ ਤਾਂ ਆਪੇ ਹੋ ਰਿਹਾ ਹੈ।

ਜਦੋਂ ਸਾਨੂੰ ਕੋਈ ਪ੍ਰਵਾਨਗੀ ਦੀ ਨਜ਼ਰ ਨਾਲ ਵੇਖਦਾ ਹੈ, ਡੂੰਘੀਆਂ ਨਜ਼ਰਾਂ ਨਾਲ ਨਿਹਾਰਦਾ ਹੈ ਅਤੇ ਨੇੜੇ ਆਉਂਦਾ ਪ੍ਰਤੀਤ ਹੁੰਦਾ ਹੈ ਤਾਂ ਉਸ ਬਾਰੇ ਹੋਰ ਜਾਣਨ ਲਈ ਦਿਲ ਕਰਦਾ ਹੈ। ਦਿਲ ਕਰਦਾ ਹੈ, ਸਾਰੀਆਂ ਗੱਲਾਂ ਹੁਣੇ ਹੀ ਕਰ ਲਈਏ।

ਗੱਲਾਂ ਮੁੱਕਦੀਆਂ ਹੀ ਨਹੀਂ, ਗੱਲਾਂ ਅਹੁੜਦੀਆਂ ਹੀ ਬੜੀਆਂ ਹਨ।

ਜਦੋਂ ਕੋਈ ਚੰਗਾ ਲਗਦਾ ਹੈ, ਉਹ ਆਪ-ਮੁਹਾਰੇ ਸੋਹਣਾ ਵੀ ਲੱਗਣ ਲੱਗ ਪੈਂਦਾ ਹੈ, ਉਸ ਨੂੰ ਵੇਖਣ ਨਾਲ ਆਪਣਾ-ਆਪ ਵੀ ਚੰਗਾ ਲੱਗਣ ਲੱਗ ਪੈਂਦਾ ਹੈ। ਕਿਸੇ ਸੋਹਣੇ ਨੂੰ ਵੇਖ ਕੇ ਆਪਣੇ ਸੋਹਣੇ ਹੋਣ ਦਾ ਅਹਿਸਾਸ ਹੁੰਦਾ ਹੈ। ਜਦੋਂ ਕੋਈ ਚੰਗਾ ਲਗਦਾ ਹੈ, ਉਸ ਨੂੰ ਅਸੀਂ ਬਾਰ-ਬਾਰ ਵੇਖਦੇ ਹਾਂ, ਜਿਤਨਾ ਵੇਖਦੇ ਹਾਂ, ਉਤਨਾ ਹੀ ਹੋਰ ਵੇਖਣ ਨੂੰ ਦਿਲ ਕਰਦਾ ਹੈ।

www.quotesinpunjabi.ml

QuotesInPunjabi

ਪਹਿਲਾਂ ਉਹ ਚੰਗਾ ਲੱਗਦਾ ਹੈ, ਫਿਰ ਬਹੁਤ ਚੰਗਾ ਲੱਗਣ ਲੱਗ ਪੈਂਦਾ ਹੈ, ਫਿਰ ਹੋਰ ਕੋਈ ਚੰਗਾ ਹੀ ਨਹੀਂ ਲੱਗਦਾ। ਇਵੇਂ ਅਸੀਂ ਪਿਆਰ ਦੇ ਰਹੱਸ, ਪਿਆਰ ਦੇ ਜਾਦੂ, ਪਿਆਰ ਦੇ ਸਵਾਦ ਦੀ ਪਕੜ ਵਿੱਚ ਆ ਜਾਂਦੇ ਹਾਂ।

ਜੋ ਚੀਜ਼ ਸਾਨੂੰ ਆਨੰਦ ਦਿੰਦੀ ਹੈ, ਉਹ ਪਿਆਰ ਨਹੀਂ ਹੁੰਦਾ, ਉਹ ਪਿਆਰ ਦਾ ਰਹੱਸ ਹੁੰਦਾ ਹੈ। ਇਹ ਆਨੰਦ ਸਾਡੇ ਅੰਦਰੋਂ ਉਪਜਣ ਲਗ ਪੈਂਦਾ ਹੈ।

369

ਇਕ ਲੜਕੀ ਨੂੰ, ਆਪਣੀ ਜਮਾਤ ਦਾ ਇਕ ਲੜਕਾ ਬੜਾ ਪਿਆਰਾ ਲਗਦਾ ਸੀ। ਉਹ ਪੰਜਵੀਂ ਜਮਾਤ ਤੋਂ ਹੀ ਉਸਦਾ ਖਿਆਲ ਰੱਖਦੀ ਆ ਰਹੀ ਸੀ। ਉਹ ਲੜਕਾ ਵੀ ਘਰੋਂ ਲਿਆਂਦੀਆਂ ਚੀਜ਼ਾਂ, ਉਸ ਲੜਕੀ ਨਾਲ ਵੰਡ ਕੇ ਖਾਇਆ ਕਰਦਾ ਸੀ।

ਉਹ ਜੋ ਕੁਝ ਵੀ ਕਰਦੀ, ਉਸ ਨੂੰ ਧਿਆਨ ਵਿਚ ਰੱਖ ਕੇ ਕਰਦੀ। ਉਹ ਇਕ ਇਮਤਿਹਾਨ ਵਿਚ ਅਵਲ ਆ ਗਈ ਅਤੇ ਲੜਕੇ ਨੇ ਉਸ ਨਾਲ ਬੋਲਣਾ ਹੀ ਬੰਦ ਕਰ ਦਿਤਾ। ਉਹ ਲੜਕੀ, ਉਸ ਲੜਕੇ ਨੂੰ ਪਿੱਛੇ-ਪਿੱਛੇ ਆਉਂਦੀ ਤਾਂ ਚੰਗੀ ਲਗਦੀ ਸੀ ਪਰ ਉਸ ਦੇ ਅਵਲ ਆਉਣ ਨਾਲ, ਉਸ ਨੂੰ ਉਹ ਅੱਗੇ ਨਿਕਲ ਗਈ ਪ੍ਰਤੀਤ ਹੋਈ ਅਤੇ ਇਸ ਕਾਰਨ ਉਸ ਲੜਕੇ ਦੀ, ਉਸ ਲੜਕੀ ਵਿਚ ਦਿਲਚਸਪੀ ਹੀ ਮੁੱਕ ਗਈ।

370

ਵਿਸ਼ਵ-ਸੁੰਦਰੀ ਸੁਸ਼ਮਿਤਾ ਸੈਨ ਨੇ ਵਿਸ਼ਵ-ਸੁੰਦਰੀ ਦੇ ਮੁਕਾਬਲੇ ਦੀ ਤਿਆਰੀ ਲਈ ਇਕ ਮਹੀਨਾ ਮੁੰਬਈ ਰਹਿਣਾ ਸੀ। ਮੁੰਬਈ ਵਿਚ ਉਸ ਨੂੰ ਕੋਈ ਜਾਣਦਾ ਨਹੀਂ ਸੀ। ਉਸ ਨੂੰ ਕਿਸੇ ਅਜਿਹੇ ਸਾਥ ਦੀ ਲੋੜ ਸੀ, ਜਿਹੜਾ ਮੁੰਬਈ ਤੋਂ ਚੰਗੀ ਤਰ੍ਹਾਂ ਵਾਕਫ਼ ਹੋਵੇ।

ਉਸ ਨੂੰ ਯਾਦ ਆਇਆ ਕਿ ਉਸ ਦਾ ਇਕ ਹੋਣਹਾਰ ਜਮਾਤੀ ਮੁੰਬਈ ਦੀ ਇਕ ਵੱਡੀ ਕੰਪਨੀ ਵਿਚ ਉੱਚੇ ਅਹੁਦੇ 'ਤੇ ਲੱਗਿਆ ਹੋਇਆ ਸੀ। ਸੁਸ਼ਮਿਤਾ ਨੇ ਉਸ ਤੋਂ ਮਦਦ ਮੰਗੀ। ਉਸ ਨੇ ਕਿਹਾ: ਆ ਜਾਓ, ਮੈਂ ਇਕ ਮਹੀਨੇ ਦੀ ਛੁੱਟੀ ਲੈ ਲਵਾਂਗਾ।

ਸ਼ਾਮ ਨੂੰ ਉਸ ਨੇ ਸੁਸ਼ਮਿਤਾ ਨੂੰ ਦਸਿਆ ਕਿ ਕੰਪਨੀ ਨੇ ਉਸ ਨੂੰ ਛੁੱਟੀ ਦੇ ਦਿੱਤੀ ਹੈ। ਉਹ ਮਹੀਨਾ ਭਰ ਸੁਸ਼ਮਿਤਾ ਦੇ ਨਾਲ ਰਿਹਾ, ਹੌਸਲਾ ਦਿੱਤਾ, ਪ੍ਰੇਰਨਾ ਦਿੱਤੀ, ਮਨੋਬਲ ਵਧਾਇਆ। ਜਦੋਂ ਸੁਸ਼ਮਿਤਾ ਵਿਸ਼ਵ-ਸੁੰਦਰੀ ਚੁਣੀ ਗਈ ਤਾਂ ਉਸ ਨੂੰ ਪਤਾ ਲੱਗਾ ਕਿ ਕੰਪਨੀ ਨੇ ਉਸ ਦੇ ਜਮਾਤੀ ਨੂੰ ਛੁੱਟੀ ਨਹੀਂ ਸੀ ਦਿੱਤੀ, ਉਸਦੀ ਛੁੱਟੀ ਕਰ ਦਿੱਤੀ ਸੀ।

ਕੰਪਨੀ ਨੇ ਕਿਹਾ ਸੀ, ਨੌਕਰੀ ਜਾਂ ਛੁੱਟੀ ਵਿਚੋਂ, ਇਕ ਚੁਣ ਲਵੋ। ਉਸ ਨੇ ਛੁੱਟੀ ਚੁਣ ਲਈ ਸੀ ਅਤੇ ਨੌਕਰੀ ਗਵਾ ਲਈ ਸੀ। ਉਹ ਬੜੇ ਉੱਚੇ ਅਹੁਦੇ 'ਤੇ ਲੱਗਾ ਹੋਇਆ ਸੀ, ਕੰਪਨੀ ਇਕ ਮਹੀਨੇ ਲਈ ਉਸਦੀ ਗ਼ੈਰ-ਹਾਜ਼ਰੀ ਬਰਦਾਸ਼ਤ ਨਹੀਂ ਸੀ ਕਰ ਸਕਦੀ।

ਸੁਸ਼ਮਿਤਾ ਨੇ ਕਿਹਾ: ਕਮਾਲ ਦਾ ਆਦਮੀ ਸੀ ਉਹ। ਮੇਰਾ ਉਹ ਕੇਵਲ ਜਮਾਤੀ ਰਿਹਾ ਸੀ, ਮੈਂ ਤਾਂ ਸੋਚ ਵੀ ਨਹੀਂ ਸੀ ਸਕਦੀ ਕਿ ਮੇਰੇ ਲਈ ਕੋਈ, ਮੁੰਬਈ ਵਰਗੇ ਸ਼ਹਿਰ ਵਿਚ

www.quotesinpunjabi.ml

QuotesInPunjabi
ਅੰਤਰ-ਰਾਸ਼ਟਰੀ ਕੰਪਨੀ ਦਾ ਇਤਨਾ ਵੱਡਾ ਅਹੁਦਾ ਕੁਰਬਾਨ ਕਰ ਦੇਵੇਗਾ। ਮੈਂ ਸੁਣਿਆ ਹੋਇਆ ਸੀ ਕਿ ਹਰ ਵੱਡੀ ਸਫਲਤਾ ਪਿੱਛੇ ਇਕ ਵੱਡੀ ਕੁਰਬਾਨੀ ਲੱਗੀ ਹੁੰਦੀ ਹੈ।

ਉਹ ਵਿਆਹਿਆ ਹੋਇਆ ਹੈ ਪਰ ਉਹ ਜ਼ਿੰਦਗੀ ਭਰ ਮੇਰਾ ਦੋਸਤ ਰਹੇਗਾ।

ਉਹ ਕਿਧਰੇ ਵੀ ਹੋਵੇ, ਮੈਂ ਉਸ ਦੀ ਖੁਸ਼ਹਾਲੀ ਦੀ ਦੁਆ ਮੰਗਦੀ ਰਹਾਂਗੀ, ਉਸ ਤੋਂ ਕੁਰਬਾਨ ਹੁੰਦੀ ਰਹਾਂਗੀ, ਉਸ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰਖਾਂਗੀ।

ਮੇਰੇ ਵਾਸਤੇ ਉਹ ਰੱਬ ਵਰਗਾ ਨਹੀਂ, ਮੇਰਾ ਰੱਬ ਉਸ ਵਰਗਾ ਹੈ।

371

ਮਾਊਂਟ ਐਵਰੇਸਟ ਦੀ ਸਿਖਰ 'ਤੇ ਪਹੁੰਚਣ ਵਾਲੇ ਐਡਮੰਡ ਹਿਲੇਰੀ ਅਤੇ ਭਾਰਤੀ ਤੇਨਜ਼ਿੰਗ ਪਹਿਲੇ ਸਨ। ਉਪਰ ਜਾਣ ਦਾ ਇਕ ਹੋਰ ਵਧੇਰੇ ਕਠਿਨ ਮਾਰਗ ਸੀ, ਜਿਸ ਰਾਹੀਂ ਅਜੇ ਤਕ ਕੋਈ ਨਹੀਂ ਸੀ ਗਿਆ। ਇਕ ਟੀਮ ਨੇ ਇਸ ਰਸਤੇ ਜਾਣ ਦਾ ਜਦੋਂ ਸਫਲ ਉਪਰਾਲਾ ਕੀਤਾ ਤਾਂ ਉਨ੍ਹਾਂ ਨੂੰ ਉਹ ਨਿਸ਼ਾਨੀਆਂ ਮਿਲੀਆਂ, ਜਿਨ੍ਹਾਂ ਤੋਂ ਸਾਬਤ ਹੋਇਆ ਕਿ ਕੋਈ ਪਹਿਲਾਂ ਵੀ ਇਸ ਕਠਿਨ ਰਸਤੇ ਰਾਹੀਂ ਸਿਖਰ 'ਤੇ ਪਹੁੰਚਣ ਵਿਚ ਹੀ ਸਫਲ ਨਹੀਂ ਸੀ ਹੋਇਆ, ਸਗੋਂ ਵਾਪਸ ਜਾਣ ਵਿਚ ਵੀ ਸਫਲ ਹੋਇਆ ਸੀ।

ਹੈਰਾਨੀ ਵਾਲੀ ਗੱਲ ਇਹ ਸੀ ਕਿ ਜਿਸ ਨੇ ਵੀ ਇਹ ਉਪਰਾਲਾ ਕੀਤਾ ਸੀ, ਉਸ ਨੇ ਸੰਸਾਰ ਨੂੰ ਆਪਣੀ ਪ੍ਰਾਪਤੀ ਬਾਰੇ ਦੱਸਿਆ ਹੀ ਨਹੀਂ ਸੀ। ਇਹ ਸੱਚੀ ਮਹਾਨਤਾ ਸੀ।

372

ਵਿਦੇਸ਼ੀਆਂ ਨੂੰ ਸਾਡੇ ਦੇਸ਼ ਦਾ ਸਭ ਤੋਂ ਵੱਧ ਦਿਲਚਸਪ ਅਤੇ ਹੈਰਾਨ ਕਰਨ ਵਾਲਾ ਦ੍ਰਿਸ਼, ਸਾਡੀਆਂ ਸੜਕਾਂ 'ਤੇ ਆਵਾਜਾਈ ਲੱਗਦਾ ਹੈ।

ਇਥੇ ਕੋਈ ਡਰਾਈਵਰ ਬੀਮਾ ਨਹੀਂ ਕਰਵਾਉਂਦਾ, ਕਿਉਂਕਿ ਡਰਾਈਵਰ ਜਾਣਦੇ ਹਨ ਕਿ ਜੇ ਮੌਤ ਆਈ ਹੈ ਤਾਂ ਕੋਈ ਬਚਾ ਨਹੀਂ ਸਕਦਾ, ਜੇ ਨਹੀਂ ਆਈ ਤਾਂ ਕੋਈ ਮਾਰ ਨਹੀਂ ਸਕਦਾ। ਭਾਰਤ ਦੇ ਡਰਾਈਵਰਾਂ ਦਾ ਇਹ ਜੀਵਨ-ਫ਼ਲਸਫ਼ਾ ਹੈ।

ਇਨ੍ਹਾਂ ਦਾ ਸਿਧਾਂਤ ਹੈ: ਆਪਣਾ ਬਚਾਓ ਕਰੋ, ਹੋਰਾਂ ਨੂੰ ਬਚਾਉਣ ਵਾਲਾ ਪਰਮਾਤਮਾ ਹੈ। ਇਨ੍ਹਾਂ ਅਨੁਸਾਰ ਸੱਜੇ-ਖੱਬੇ, ਦੋਵੇਂ ਪਾਸੇ ਚੱਲੋ, ਜੇ ਚੱਲ ਸਕੋ ਤਾਂ ਵਿਚਕਾਰ ਵੀ ਚੱਲੋ।

ਇਥੇ ਡਰਾਈਵਰ ਸੜਕਾਂ 'ਤੇ ਟਰੱਕ ਉਡਾਉਂਦੇ ਹਨ ਅਤੇ ਇਹ ਆਪਣੇ-ਆਪ ਨੂੰ ਕਹਿੰਦੇ ਵੀ ਪਾਇਲਟ ਹਨ। ਇਹ ਇਧਰ-ਉਧਰ ਦੀ ਪ੍ਰਵਾਹ ਨਹੀਂ ਕਰਦੇ, ਜਿਥੋਂ, ਜਦੋਂ, ਜਿਵੇਂ, ਜਿਤਨੀ ਥਾਂ ਮਿਲਦੀ ਹੈ, ਗੱਡੀ ਕੱਢ ਲੈਂਦੇ ਹਨ।

ਇਨ੍ਹਾਂ ਲਈ ਸ਼ਤਰੰਜ ਦੀ ਖੇਡ ਵਾਂਗ, ਸਭ ਦਿਸ਼ਾਵਾਂ ਜਾਇਜ਼ ਹਨ।

ਪੁਨਰ-ਜਨਮ ਵਿਚ ਇਨ੍ਹਾਂ ਦਾ ਅਟੁੱਟ ਵਿਸ਼ਵਾਸ ਹੈ।

ਇਥੇ ਹਰ ਕਿਸੇ ਦੀ ਰੱਖਿਆ, ਕੋਈ ਵੱਖਰਾ ਭਗਵਾਨ ਜਾਂ ਗੁਰੂ ਕਰਦਾ ਹੈ, ਜਿਸ ਦੀ ਇਨ੍ਹਾਂ ਨੇ ਗੱਡੀ ਅੰਦਰ ਤਸਵੀਰ ਲਾਈ ਹੁੰਦੀ ਹੈ। ਬੱਤੀ ਲਾਲ ਹੋਵੇ, ਹਰੀ ਹੋਵੇ, ਇਹ ਹਰ

www.quotesinpunjabi.ml

QuotesInPunjabi

ਬੱਤੀ ਨੂੰ ਪੀਲੀ ਸਮਝਦੇ ਹਨ। ਕਈ ਸਿਆਣੇ, ਇਨ੍ਹਾਂ ਦੇ ਅਗਲੇ ਪਾਸਿਓਂ ਸੜਕ ਪਾਰ ਕਰਨ ਸਮੇਂ, ਆਪਣੀ ਮੂਰਖਤਾ ਸਿੱਧ ਕਰ ਜਾਂਦੇ ਹਨ। ਜੇ ਕੋਈ ਗੱਡੀ ਦੇ ਅੱਗੋਂ ਬਚ ਜਾਵੇ ਤਾਂ ਸੱਟ ਪਿਛਲੇ ਪਾਸੇ ਲੱਗਦੀ ਹੈ, ਕਾਰ ਨੂੰ ਵੀ ਸਵਾਰੀ ਨੂੰ ਵੀ।

ਯੋਰਪ ਵਿਚ ਹਾਰਨ ਵਜਾਉਣਾ ਰੋਸ ਦਾ ਪ੍ਰਮਾਣ ਹੁੰਦਾ ਹੈ ਪਰ ਭਾਰਤ ਵਿਚ ਹਾਰਨ ਵਜਾਉਣਾ ਇਸ ਗੱਲ ਦਾ ਸਬੂਤ ਹੁੰਦਾ ਹੈ ਕਿ ਡਰਾਈਵਰ ਜਾਗਦਾ ਹੈ।

ਇਥੇ ਡਰਾਈਵਰ ਉਦੋਂ ਹੀ ਹਾਰਨ ਨਹੀਂ ਵਜਾਉਂਦਾ, ਜਦੋਂ ਉਹ ਸੁੱਤਾ ਹੋਵੇ।

ਅਮਰੀਕਾ ਵਿਚ ਹਾਰਨ ਨੂੰ ਦੋ ਵਾਰ ਵਜਾਉਣਾ, ਸਦਭਾਵਨਾ, ਪਿਆਰ ਅਤੇ ਹਿਮਾਇਤ ਦਾ ਪ੍ਰਗਟਾਵਾ ਸਮਝਿਆ ਜਾਂਦਾ ਹੈ ਪਰ ਭਾਰਤ ਵਿਚ ਇਸ ਦਾ ਅਰਥ ਹੈ: ਚੱਲ ਪਵੋ, ਨਹੀਂ ਤਾਂ ਮੈਂ ਚੱਲਣ ਲੱਗਾ ਹਾਂ, ਜੇ ਮੈਂ ਚੱਲ ਪਿਆ ਤਾਂ ਫਿਰ ਤੁਸੀਂ ਕਦੇ ਵੀ ਨਹੀਂ ਚੱਲ ਸਕੋਗੇ, ਤੁਹਾਨੂੰ ਯਾਦ ਕਰਵਾ ਰਿਹਾ ਹਾਂ।

ਕਈ ਵਾਰੀ ਇਹ ਹਾਰਨ, ਸੜਕ 'ਤੇ ਬੈਠੀ ਗਾਂ ਨੂੰ ਹੌਲੇ ਕਹਿਣ ਲਈ ਵਜਾਉਂਦੇ ਹਨ।

ਇਥੇ ਝਗੜਨਾ ਅਤੇ ਝਗੜਾ ਕਰਨਾ ਇਤਨਾ ਹਰਮਨ ਪਿਆਰਾ ਹੈ ਕਿ ਤੁਹਾਨੂੰ ਟਰੈਫਿਕ ਜੈਮ ਵਿਚ ਇਸਦੇ ਫੈਲ-ਸੁਫੈਲੇ ਸਬੂਤ ਮਿਲ ਜਾਣਗੇ।

ਰਾਤ ਵੇਲੇ ਸਾਡੀਆਂ ਸੜਕਾਂ 'ਤੇ ਸਰਕਸ ਹੁੰਦੀ ਹੈ।

ਟਰੱਕਾਂ ਬੱਸਾਂ ਵਿਚ ਟੇਪ ਰਿਕਾਰਡਰ ਹਾਹਾਕਾਰ ਮਚਾਉਣ ਲਈ ਲਾਏ ਜਾਂਦੇ ਹਨ।

ਇਥੇ ਸ਼ਰਧਾਲੂਆਂ ਨਾਲ ਭਰੀ ਬੱਸ ਜਾਂ ਟਰੱਕ ਨਾਲ ਦੁਰਘਟਨਾ, ਅਕਸਰ ਜਾਂਦਿਆਂ ਨਹੀਂ, ਮੁੜਦਿਆਂ ਵਾਪਰਦੀ ਹੈ ਅਤੇ ਕਈਆਂ ਦਾ ਭੋਗ ਪੈ ਜਾਂਦਾ ਹੈ। ਭਾਰਤ ਵਿਚ ਸੜਕ ਉਤੇ ਹਰ ਘਰ ਦੇ ਹਿਸਾਬ, ਦੋ-ਦੋ ਸਪੀਡ ਬ੍ਰੇਕਰ ਹਨ। ਉੱਤਰ ਪ੍ਰਦੇਸ਼ ਅਤੇ ਬਿਹਾਰ ਦੇ ਜ਼ਾਲਮ ਸਪੀਡ-ਬ੍ਰੇਕਰ ਤਾਂ ਵਿਸ਼ਵ-ਪ੍ਰਸਿੱਧ ਹਨ। ਵੱਡੇ ਲੋਕਾਂ ਦੇ ਘਰ ਬਾਹਰ ਤਿੰਨ ਤੋਂ ਸੱਤ ਤੱਕ ਸਪੀਡ-ਬ੍ਰੇਕਰ ਹੁੰਦੇ ਹਨ। ਅਜਿਹੀ ਸੜਕ ਦਾ ਨਾ ਗਰਭਪਾਤ-ਮਾਰਗ ਪੈ ਜਾਂਦਾ ਹੈ।

ਸਾਡੀਆਂ ਸੜਕਾਂ ਉਤੇ ਟਰੈਫਿਕ ਦੇ ਵਿਸ਼ਾਲ ਅਨੁਭਵ ਉਪਰੰਤ, ਵਿਦੇਸ਼ੀ ਜੇ ਸਾਬਤਾ-ਸਬੂਤਾ ਆਪਣੇ ਦੇਸ਼ ਪਹੁੰਚ ਜਾਵੇ ਤਾਂ ਉਹ ਨਾਸਤਕ ਤੋਂ ਆਸਤਕ ਬਣ ਜਾਂਦਾ ਹੈ।

373

ਪ੍ਰਚਾਰਕਾਂ, ਸੰਗੀਤਕਾਰਾਂ, ਵਿਦਵਾਨਾਂ ਆਦਿ ਵਿਚ ਬੜਾ ਸਾੜਾ ਹੁੰਦਾ ਹੈ। ਇਕ ਪ੍ਰਚਾਰਕ ਨੇ ਦੂਜੇ ਪ੍ਰਚਾਰਕ ਨੂੰ ਮਾਣ ਨਾਲ ਕਿਹਾ ਕਿ ਪਿਛਲੇ ਐਤਵਾਰ ਮੈਂ ਢਾਈ ਘੰਟੇ ਕਥਾ ਕੀਤੀ। ਸੁਣਨ ਵਾਲੇ ਨੇ ਦੱਸਣ ਵਾਲੇ ਨੂੰ ਪੁੱਛਿਆ: ਫਿਰ ਤਾਂ ਤੁਸੀਂ ਥੱਕ ਗਏ ਹੋਵੋਗੇ? ਪ੍ਰਚਾਰਕ ਨੇ ਕਿਹਾ: ਨਹੀਂ, ਢਾਈ ਘੰਟੇ ਨਿਰੰਤਰ ਕਥਾ ਕਰਨ ਦੇ ਬਾਵਜੂਦ, ਮੈਂ ਗੁਲਾਬ ਦੇ ਫੁੱਲ ਵਾਂਗ ਸੱਜਰਾ ਸੀ, ਮੈਂ ਬਿਲਕੁਲ ਨਹੀਂ ਥੱਕਿਆ।

ਸੁਣਨ ਵਾਲੇ ਨੇ ਕਿਹਾ: ਥਕਾਵਟ ਤਾਂ ਫਿਰ ਸੁਣਨ ਵਾਲਿਆਂ ਨੂੰ ਹੋਈ ਹੋਵੇਗੀ।

www.quotesinpunjabi.ml

QuotesInPunjabi

374

ਇਕ ਛੋਟਾ ਸਮੁੰਦਰੀ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਸਾਰੇ ਡੁੱਬ ਗਏ ਸਨ, ਕੇਵਲ ਇਕ ਤੈਰ ਕੇ ਨੇੜੇ ਦੇ ਛੋਟੇ ਜਿਹੇ ਟਾਪੂ 'ਤੇ ਅਪੜਿਆ।

ਉਹ ਹਰ ਰੋਜ਼ ਅਸਮਾਨ ਵਲ ਵੇਖਦਾ ਸੀ। ਮਦਦ ਦੀ ਆਸ ਨਾਲ, ਉਹ ਸਵੇਰੇ-ਸ਼ਾਮ ਅਰਦਾਸ ਕਰਦਾ ਸੀ। ਜਦੋਂ ਆਸ-ਉਮੀਦ ਮੁੱਕ ਗਈ ਤਾਂ ਕੰਢੇ ਨਾਲ ਲੱਗੀਆਂ ਲੱਕੜਾਂ ਨਾਲ ਉਸ ਨੇ ਇਕ ਝੁੱਗੀ ਬਣਾਈ, ਧੁੱਪ, ਮੀਂਹ, ਠੰਡ ਤੋਂ ਬਚਣ ਲਈ।

ਕੁਝ ਦਿਨ ਹੀ ਝੁੱਗੀ ਵਿਚ ਰਿਹਾ ਸੀ ਕਿ ਇਕ ਦਿਨ ਖਾਣ ਲਈ ਫਲ ਆਦਿ ਇਕੱਠੇ ਕਰਕੇ, ਪਹਾੜੀਆਂ ਦੇ ਓਹਲੇ ਅਤੇ ਹਨੇਰੇ ਵਿੱਚੋਂ ਜਦੋਂ ਵਾਪਸ ਮੁੜਿਆ ਤਾਂ ਵੇਖਿਆ ਝੁੱਗੀ ਨੂੰ ਅੱਗ ਲੱਗੀ ਹੋਈ ਸੀ, ਲਾਟਾਂ ਨਿਕਲ ਰਹੀਆਂ ਸਨ। ਰੱਬ ਨੂੰ ਕੋਸਿਆ, ਇਹ ਕੀ ਕੀਤਾ, ਹੇ ਰੱਬਾ ? ਤੂੰ ਮਦਦ ਤਾਂ ਕੀ ਕਰਨੀ ਸੀ, ਮੇਰੀ ਝੁੱਗੀ ਵੀ ਖੋਹ ਲਈ।

ਅਗਲੇ ਦਿਨ ਸਵੇਰੇ ਹੀ ਇਕ ਸਮੁੰਦਰੀ ਜਹਾਜ਼ ਕੰਢੇ ਆ ਲੱਗਾ।

ਇਹ ਜਹਾਜ਼ ਉਸ ਨੂੰ ਬਚਾਉਣ ਲਈ ਆਇਆ ਸੀ। ਉਸ ਨੇ ਜਹਾਜ਼ ਵਾਲਿਆਂ ਨੂੰ ਪੁੱਛਿਆ: ਤੁਹਾਨੂੰ ਕਿਵੇਂ ਪਤਾ ਲੱਗਾ ਕਿ ਮੈਂ ਇਥੇ ਹਾਂ ? ਅਸੀਂ ਅੱਗ ਵੇਖੀ ਸੀ, ਅਸੀਂ ਧੂੰਆਂ ਵੇਖਿਆ ਸੀ, ਅਸੀਂ ਜਾਣ ਗਏ ਸਾਂ ਕਿ ਇਥੇ ਮਦਦ ਦੀ ਲੋੜ ਹੈ।

ਜਦੋਂ ਹਾਲਤ ਭੈੜੀ ਹੋਵੇ, ਦਿਲ ਛੱਡਣ ਦੀ ਲੋੜ ਨਹੀਂ। ਰੱਬ ਹਰ ਵੇਲੇ ਕੰਮ ਕਰ ਰਿਹਾ ਹੈ। ਜੇ ਉਹ ਸਾਡੀ ਮਦਦ ਨਹੀਂ ਕਰ ਰਿਹਾ ਤਾਂ ਸਪਸ਼ਟ ਹੈ ਕਿ ਅਜੇ ਮਦਦ ਕਰਨ ਦਾ ਵੇਲਾ ਨਹੀਂ ਆਇਆ ਅਤੇ ਮਦਦ ਕਰਨ ਦਾ ਸਬੱਬ ਨਹੀਂ ਬਣ ਰਿਹਾ। ਅਗਲੀ ਵਾਰੀ ਤੁਹਾਡੀ ਝੁੱਗੀ ਸੜ ਜਾਵੇ ਤਾਂ ਅੱਗ ਅਤੇ ਧੂਆਂ ਸੰਕੇਤ ਹੋਣਗੇ ਕਿ ਉਪਰ ਰਹਿਮਤ ਹੈ, ਥੱਲੇ ਹਿੰਮਤ ਹੋਣੀ ਚਾਹੀਦੀ ਹੈ। ਹਿੰਮਤ ਕਰੋਗੇ, ਰਹਿਮਤ ਹੋ ਜਾਵੇਗੀ।

375

ਵਪਾਰ ਮਹਾਂਭਾਰਤ ਦੇ ਨੇਮਾਂ 'ਤੇ ਹੀ ਕੀਤਾ ਜਾ ਸਕਦਾ ਹੈ ਪਰ ਪਰਿਵਾਰ ਰਾਮਾਇਣ ਦੇ ਨੇਮਾਂ ਨਾਲ ਹੀ ਚੱਲ ਸਕਦਾ ਹੈ।

ਇਕ ਹੀ ਸੋਚ ਨਾਲ ਪਰਿਵਾਰ ਅਤੇ ਵਪਾਰ ਦੋਵੇਂ ਨਹੀਂ ਚਲ ਸਕਦੇ। ਪਰਿਵਾਰ ਵਿਚ ਨਫ਼ਾ ਜਾਂ ਲਾਭ ਨਹੀਂ, ਮਨ ਦੀ ਸ਼ਾਂਤੀ, ਸਰੀਰਕ ਸੁੱਖ ਅਤੇ ਭੋਜਨ ਦੀ ਪ੍ਰਾਪਤੀ ਉਦੇਸ਼ ਹੁੰਦੇ ਹਨ। ਵਪਾਰ, ਧਨ ਦੇ ਲਾਭ, ਪੂੰਜੀ, ਜਾਇਦਾਦ ਆਦਿ ਲਈ ਹੁੰਦਾ ਹੈ।

ਆਧੁਨਿਕ ਮੁਹਾਵਰੇ ਅਨੁਸਾਰ, ਪਰਿਵਾਰ ਸਮਾਜਵਾਦੀ ਨੇਮਾਂ ਅਨੁਸਾਰ ਚੱਲਦਾ ਹੈ। ਹਰ ਕਿਸੇ ਦੀ ਹਰ ਲੋੜ ਪੂਰੀ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ ਅਤੇ ਹਰ ਕੋਈ ਆਪਣੀ ਯੋਗਤਾ-ਸਮਰੱਥਾ ਅਨੁਸਾਰ ਯੋਗਦਾਨ ਪਾਉਂਦਾ ਹੈ।

ਪਰਿਵਾਰ ਵਿਚ ਬਰਾਬਰੀ ਦਾ ਸੰਕਲਪ ਨਹੀਂ ਹੈ। ਪਤਨੀ ਸਾਰਾ ਕੰਮ ਬਿਨਾਂ ਕਿਸੇ ਉਜਰਤ ਦੇ ਕਰਦੀ ਹੈ। ਪਰਿਵਾਰ ਵਿਚ ਬੱਚੇ ਅਤੇ ਬਜ਼ੁਰਗ ਸਭ ਤੋਂ ਘੱਟ ਯੋਗਦਾਨ ਪਾਉਂਦੇ ਹਨ ਪਰ ਇਨ੍ਹਾਂ ਦਾ ਸਭ ਤੋਂ ਵੱਧ ਧਿਆਨ ਰੱਖਿਆ ਜਾਂਦਾ ਹੈ।

www.quotesinpunjabi.ml

QuotesInPunjabi

ਕੋਈ ਵੀ ਇਕ ਨੇਮ ਸਭ ਥਾਂਈਂ ਲਾਗੂ ਨਹੀਂ ਹੁੰਦਾ।
ਕੋਈ ਵੀ ਇਕ ਹੱਲ ਹਰ ਕਿਸੇ ਦੇ ਮੋਚ ਨਹੀਂ ਆਉਂਦਾ।
ਮਹਾਂਭਾਰਤ ਦੇ ਨੇਮ ਹੋਰ ਹਨ, ਰਾਮਾਇਣ ਦੇ ਹੋਰ।

376

ਇਕ ਇਸਤਰੀ ਆਪਣੀ ਜਵਾਨੀ ਦਾ ਮਾਣ ਕਰਦੀ ਵਿਦੇਸ਼ ਤੋਂ ਆਈ ਆਪਣੀ ਜੇਠਾਣੀ ਨੂੰ ਦੱਸ ਰਹੀ ਸੀ ਕਿ ਜਦੋਂ ਮੈਂ ਅਤੇ ਮੇਰੀ ਧੀ ਬਾਜ਼ਾਰ ਜਾਂਦੀਆਂ ਹਾਂ ਤਾਂ ਲੋਕ ਸਾਨੂੰ ਭੈਣਾਂ ਹੀ ਸਮਝਦੇ ਹਨ।

ਜੇਠਾਣੀ ਨੇ ਸੁਣ ਕੇ ਕਿਹਾ: ਕਿਉਂ ? ਕੀ ਤੇਰੀ ਧੀ ਇਤਨੀ ਵੱਡੀ ਲੱਗਦੀ ਹੈ ?

377

ਪਹਾੜ ਦੂਰੋਂ ਦਿਸਣ ਲੱਗ ਪੈਂਦੇ ਹਨ। ਲਗਦਾ ਹੈ ਨੇੜੇ ਹਨ ਪਰ ਨੇੜੇ ਹੁੰਦੇ ਨਹੀਂ।

ਜ਼ਿੰਦਗੀ ਦਾ ਨਿਸ਼ਾਨਾ ਸੰਭਵ ਪ੍ਰਤੀਤ ਹੋਣ ਲੱਗ ਜਾਂਦਾ ਹੈ ਪਰ ਇਹ ਸੌਖਾ ਅਤੇ ਸਿੱਧਾ ਬਿਲਕੁਲ ਨਹੀਂ ਹੁੰਦਾ। ਜੋ ਨਕਸ਼ੇ ਜਾਂ ਤਸਵੀਰ ਵਿਚ ਦਿਸਦਾ ਹੈ, ਅਸਲੀਅਤ ਉਸ ਨਾਲੋਂ ਅਕਸਰ ਵੱਖਰੀ ਹੁੰਦੀ ਹੈ। ਪਹਾੜ ਹੋਵੇ ਜਾਂ ਜ਼ਿੰਦਗੀ, ਮਹੱਤਵਪੂਰਨ ਗੱਲ ਇਹ ਹੁੰਦੀ ਹੈ ਕਿ ਨਿਸ਼ਾਨੇ 'ਤੇ ਪਹੁੰਚਣਾ ਕਿਵੇਂ ਹੈ ?

ਸਾਰੇ ਰਸਤੇ ਜਾਣਨ ਦੀ ਲੋੜ ਪਏਗੀ, ਸਾਰੇ ਰਸਤਿਆਂ ਵਿਚੋਂ ਸਹੀ ਰਸਤਾ ਲੱਭਣ ਦੀ ਲੋੜ ਪਏਗੀ। ਤੇਜ਼ ਚਲੋਗੇ ਥੱਕ ਜਾਵੋਗੇ, ਅਧਵਾਟੇ ਬਹਿ ਜਾਵੋਗੇ। ਹੌਲੀ ਚੱਲੋਗੇ, ਰਸਤੇ ਵਿਚ ਹੀ ਰਾਤ ਪੈ ਜਾਵੇਗੀ। ਰਸਤਾ ਜਾਂ ਰਸਤੇ ਬਾਰੇ ਉਸ ਤੋਂ ਪੁੱਛੋ, ਜਿਹੜਾ ਪਹਿਲਾਂ ਹੀ ਉਥੇ ਗਿਆ ਹੋਇਆ ਹੈ। ਪਹੁੰਚਣ ਵਾਲੇ ਸੁਭਾਵਕ ਹੀ ਸਹਿਯੋਗੀ ਹੋ ਜਾਂਦੇ ਹਨ।

ਤੁਹਾਡਾ ਸੁਪਨਾ ਕਿਹੋ ਜਿਹਾ ਵੀ ਹੋਵੇ, ਉਹ ਪਹਿਲਾਂ ਵੀ ਕਿਸੇ ਨੇ ਵੇਖਿਆ ਹਵੇਗਾ। ਪਹਾੜ 'ਤੇ ਚੜ੍ਹਨਾ ਤੁਸੀਂ ਹੈ, ਮੰਜ਼ਲ ਵੱਲ ਟੁਰਨਾ ਤੁਸੀਂ ਹੈ, ਜ਼ਿੰਮੇਵਾਰੀ ਤੁਹਾਡੀ ਹੈ, ਹੋਰਾਂ ਦਾ ਤਜਰਬਾ ਤੁਹਾਨੂੰ ਬਲ ਦੇਵੇਗਾ। ਨਜ਼ਾਰੇ ਵੇਖੋ, ਖਾਓ-ਪੀਓ ਪਰ ਚਲਦੇ ਰਹੋ।

ਜਿਨ੍ਹਾਂ ਪੱਥਰਾਂ ਨੂੰ ਹਵਾਵਾਂ ਅਤੇ ਪਾਣੀ ਮਾਂਜਦੇ ਰਹਿੰਦੇ ਹਨ, ਉਹ ਗੋਲ ਅਤੇ ਕੂਲੇ ਹੋ ਜਾਂਦੇ ਹਨ ਪਰ ਪਹਾੜ ਚੜ੍ਹਨ ਦੀ ਦ੍ਰਿਸ਼ਟੀ ਤੋਂ, ਜ਼ਿੰਦਗੀ ਜਿਊਣ ਦੀ ਦ੍ਰਿਸ਼ਟੀ ਤੋਂ, ਉਹ ਤਿਲ੍ਹਕਵੇਂ ਹੋ ਜਾਂਦੇ ਹਨ, ਹਵਾ ਵਾਂਗ ਤਿਲ੍ਹਕਵੇਂ।

ਚੋਟੀ ਕੋਈ ਹੋਵੇ, ਉਸ ਦੀ ਮੰਜ਼ਲ ਕਿਆਸੇ ਨਾਲੋਂ ਲੰਮੇਰੀ ਹੁੰਦੀ ਹੈ।

ਜੇ ਵਾਧੂ ਮੀਲ ਚੱਲਣ ਦੀ ਹਿੰਮਤ ਹੈ ਤਾਂ ਹੀ ਪਹੁੰਚੋਗੇ। ਜਦੋਂ ਸਿਖਰ ਤੇ ਪਹੁੰਚੋਗੇ, ਸੁਪਨੇ ਦੇ ਸੱਚ ਹੋਣ ਦਾ ਅਹਿਸਾਸ ਹੋਵੇਗਾ, ਤੁਹਾਨੂੰ ਆਪਣੀ ਛੁਪੀ ਸੰਭਾਵਨਾ ਅਤੇ ਹਿੰਮਤ ਦਾ ਪਤਾ ਲੱਗ ਜਾਵੇਗਾ। ਜਦੋਂ ਵੀ ਨਵੇਂ ਨਿਸ਼ਾਨੇ ਮਿਥੋਗੇ, ਜਦੋਜਹਿਦ ਕਰਨੀ ਪਏਗੀ ਪਰ ਜਦੋਜਹਿਦ ਵਿਚ ਸਰੀਰ, ਮਨ, ਬੁੱਧੀ ਅਤੇ ਆਤਮਾ ਸਾਰੇ ਵਿਕਾਸ ਕਰਨਗੇ।

www.quotesinpunjabi.ml

QuotesInPunjabi

378

ਇਕ ਵਿਅਕਤੀ ਨੇ ਦਰਜ਼ੀ ਨੂੰ ਸੀਣ ਲਈ ਇਕ ਸੂਟ ਦਿੱਤਾ।

ਦਰਜ਼ੀ ਨੇ ਕਿਹਾ ਤਿੰਨ ਹਫਤੇ ਲੱਗਣਗੇ। ਗਾਹਕ ਨੇ ਕਿਹਾ: ਪਰਮਾਤਮਾ ਨੇ ਦੁਨੀਆ ਛੇ ਦਿਨ ਵਿਚ ਬਣਾ ਦਿੱਤੀ ਸੀ ਅਤੇ ਤੁਸੀਂ ਇਕ ਸੂਟ ਨੂੰ ਤਿੰਨ ਹਫਤੇ ਲਾ ਕੇ ਬਣਾਓਗੇ ? ਦਰਜ਼ੀ ਨੇ ਕਿਹਾ: ਪਰਮਾਤਮਾ ਵਲੋਂ ਛੇ ਦਿਨਾਂ ਵਿਚ ਬਣਾਈ ਦੁਨੀਆ ਵਿਚਲੇ ਨੁਕਸਾਂ ਨਾਲ, ਅਖਬਾਰਾਂ ਭਰੀਆਂ ਪਈਆਂ ਹਨ ਪਰ ਮੇਰਾ ਦਾਅਵਾ ਹੈ ਕਿ ਮੇਰੇ ਤਿੰਨ ਹਫਤਿਆਂ ਵਿਚ ਬਣਾਏ ਸੂਟ ਵਿਚ ਕੋਈ ਨੁਕਸ ਨਹੀਂ ਹੋਵੇਗਾ।

379

ਚੀਨ ਵਿਚ ਇਕ ਸ਼ਹਿਜ਼ਾਦੇ ਨੇ, ਪਿਤਾ ਮਗਰੋਂ ਬਾਦਸ਼ਾਹ ਬਣਨਾ ਸੀ। ਉਦੋਂ ਰਵਾਇਤ ਸੀ ਕਿ ਬਾਦਸ਼ਾਹ ਦਾ ਵਿਆਹਿਆ ਹੋਣਾ ਜ਼ਰੂਰੀ ਸੀ। ਸ਼ਹਿਜ਼ਾਦੇ ਨੂੰ ਆਪਣੀ ਪਤਨੀ ਦੀ ਚੋਣ ਕਰਨ ਲਈ ਕਿਹਾ ਗਿਆ। ਸਾਰੀਆਂ ਸੁੰਦਰੀਆਂ ਪਹੁੰਚੀਆਂ। ਕਹਿੰਦੇ ਹਨ, ਮਹਿਲ ਵਿਚ ਕੰਮ ਕਰਨ ਵਾਲੀ ਨੌਕਰਾਣੀ ਦੀ ਧੀ ਵੀ ਪਹੁੰਚੀ। ਪਿਤਾ ਨੇ ਪੁੱਛਿਆ: ਬੇਟੀ, ਤੂੰ ਉਥੇ ਕੀ ਕਰੇਂਗੀ, ਉਥੇ ਤੇਰੀ ਦਾਲ ਕਿਵੇਂ ਗਲੇਗੀ ?

ਧੀ ਨੇ ਕਿਹਾ, ਜਾਵਾਂਗੀ ਜ਼ਰੂਰ। ਹੋਰ ਕੁਝ ਨਹੀਂ ਤਾਂ ਕੁਝ ਦਿਨ ਸ਼ਹਿਜ਼ਾਦੇ ਦੇ ਨੇੜੇ ਹੋਣ ਦਾ ਅਵਸਰ ਮਾਣਾਂਗੀ। ਜਦੋਂ ਉਹ ਪਹੁੰਚੀ ਤਾਂ ਹਰੇਕ ਸੁੰਦਰੀ ਪਹੁੰਚੀ ਹੋਈ ਸੀ।

ਸ਼ਹਿਜ਼ਾਦੇ ਨੇ ਪਰਖ ਕਰਨ ਲਈ ਹਰੇਕ ਨੂੰ ਇਕ-ਇਕ ਬੀਜ ਦਿੱਤਾ ਅਤੇ ਕਿਹਾ: ਇਸ ਨੂੰ ਘਰ ਲੈ ਜਾਓ, ਗਮਲੇ ਵਿਚ ਬੀਜੋ, ਛੇ ਮਹੀਨੇ ਮਗਰੋਂ ਆਉਣਾ, ਜਿਸ ਦਾ ਫੁੱਲ ਸਭ ਤੋਂ ਵੱਧ ਸੁੰਦਰ ਹੋਇਆ, ਉਹ ਮਹਾਰਾਣੀ ਬਣੇਗੀ।

ਨੌਕਰਾਣੀ ਦੀ ਧੀ ਨੇ ਵੀ ਬੀਜਿਆ, ਸਿੰਜਿਆ, ਖਾਦ ਪਾਈ ਪਰ ਕੁਝ ਨਾ ਉਗਿਆ। ਛੇ ਮਹੀਨੇ ਮਗਰੋਂ ਖਾਲੀ ਗਮਲਾ ਲੈ ਕੇ ਪਹੁੰਚ ਗਈ।

ਸ਼ਹਿਜ਼ਾਦੇ ਨੇ ਸਾਰਿਆਂ ਦੇ ਗਮਲੇ ਵੇਖੇ ਪਰ ਨੌਕਰਾਣੀ ਦੀ ਧੀ ਨੂੰ ਚੁਣ ਲਿਆ।

ਬਾਕੀਆਂ ਨੇ ਰੋਸ ਅਤੇ ਵਿਰੋਧ ਪ੍ਰਗਟਾਇਆ।

ਸ਼ਹਿਜ਼ਾਦੇ ਨੇ ਦੱਸਿਆ: ਸਾਰੇ ਬੀਜ ਬਾਂਝ ਸਨ। ਇਸ ਨੇ ਬੀਜਿਆ, ਇਮਾਨਦਾਰੀ ਨਾਲ ਪਾਲਿਆ ਅਤੇ ਇਮਾਨਦਾਰੀ ਦਾ ਨਤੀਜਾ ਲੈ ਆਈ, ਹੋਰ ਰਾਜਕੁਮਾਰੀਆਂ ਨੇ ਫੁੱਲਾਂ ਵਾਲੇ ਗਮਲੇ ਲਿਆਂਦੇ। ਬਾਕੀ ਸਾਰੀਆਂ ਝੂਠੀਆਂ ਹਨ, ਕੇਵਲ ਇਹ ਸੱਚੀ ਹੈ।

ਸਪੱਸ਼ਟ ਹੈ ਕਿ ਜੇ ਬਰਾਬਰ ਅਵਸਰ ਮਿਲੇ ਅਤੇ ਮੁਕਾਬਲਾ ਨਿਆਂਪੂਰਣ ਹੋਵੇ ਤਾਂ ਨੌਕਰਾਣੀਆਂ ਦੀਆਂ ਧੀਆਂ ਵੀ ਜਿੱਤ ਸਕਦੀਆਂ ਹਨ।

380

ਬਚਪਨ ਅਤੇ ਜਵਾਨੀ ਵਿਚ ਜੋਸ਼ ਹੁੰਦਾ ਹੈ, ਇਸ ਜੋਸ਼ ਕਾਰਨ ਅਸੀਂ ਸਾਰੇ ਸੰਸਾਰ ਨੂੰ ਆਪਣੀ ਪਹੁੰਚ ਵਿਚ ਸਮਝਦੇ ਹਾਂ ਪਰ ਜਿਉਂ-ਜਿਉਂ ਅਸੀਂ ਸੰਸਾਰ ਦੀ ਅਸਲੀਅਤ ਅਤੇ

www.quotesinpunjabi.ml

QuotesInPunjabi

ਜੀਵਨ ਦਾ ਯਥਾਰਥ ਸਮਝਦੇ ਹਾਂ, ਸਾਡੀਆਂ ਹਾਰਾਂ, ਮੁਸ਼ਕਲਾਂ ਅਤੇ ਅਸਫਲਤਾਵਾਂ ਆਦਿ ਸਾਡੀ ਸੀਮਾ ਨਿਰਧਾਰਤ ਕਰਦੀਆਂ ਹਨ ਅਤੇ ਅਸੀਂ ਆਪਣੀਆਂ ਤਾਂਘਾਂ-ਇੱਛਾਵਾਂ ਅਤੇ ਸੁਪਨਿਆਂ ਦਾ ਆਕਾਰ ਛੋਟਾ ਕਰ ਲੈਂਦੇ ਹਾਂ।

ਸੰਸਾਰ ਹੀ ਸਾਡੀਆਂ ਹੱਦਾਂ ਨਿਰਧਾਰਤ ਨਹੀਂ ਕਰਦਾ, ਅਸੀਂ ਆਪ ਵੀ ਇਨ੍ਹਾਂ ਨੂੰ ਆਲੇ-ਦੁਆਲੇ ਦੇ ਅਨੁਪਾਤ ਵਿਚ ਨਿਰਧਾਰਤ ਕਰਨ ਲੱਗ ਪੈਂਦੇ ਹਾਂ।

ਪਹਿਲਾਂ ਅਸੀਂ ਸਮਝਦੇ ਹਾਂ ਕਿ ਅਸੀਂ ਸਭ ਕੁਝ ਬਣ ਸਕਦੇ ਹਾਂ, ਕਰ ਸਕਦੇ ਹਾਂ।

ਫਿਰ ਅਸੀਂ ਜਾਣ ਜਾਂਦੇ ਹਾਂ ਕਿ ਜੋ ਕੁਝ ਬਣਨ ਦੀ ਯੋਗਤਾ ਅਤੇ ਸਮਰੱਥਾ ਹੈ, ਉਸ ਨਾਲ ਅਸੀਂ ਜੋ ਚਾਹੀਏ ਬਣ ਸਕਦੇ ਹਾਂ ਪਰ ਸਭ ਕੁਝ ਨਹੀਂ ਬਣ ਸਕਦੇ।

ਫਿਰ ਪਤਾ ਲਗਦਾ ਹੈ ਕਿ ਜੋ ਕੁਝ ਅਸੀਂ ਬਣਨਾ ਚਾਹੁੰਦੇ ਹਾਂ, ਹੋਰ ਅਨੇਕਾਂ ਵੀ ਉਹੀ ਕੁਝ ਬਣਨਾ ਚਾਹੁੰਦੇ ਹਨ ਅਤੇ ਉਨ੍ਹਾਂ ਕੋਲ ਸਾਡੇ ਨਾਲੋਂ ਵਧੇਰੇ ਵਸੀਲੇ ਹਨ।

ਅਸੀਂ ਇਹ ਵੀ ਜਾਣ ਜਾਂਦੇ ਹਾਂ ਕਿ ਜੋ ਸਾਰੇ ਬਣਨਾ ਚਾਹੁੰਦੇ ਹਨ, ਉਹ ਸਾਰਿਆਂ ਲਈ ਬਣਨਾ ਸੰਭਵ ਨਹੀਂ ਹੈ। ਇਸ ਸੋਝੀ ਨਾਲ ਅਸੀਂ ਆਪਣੀ ਉਡਾਣ ਹੀ ਛੋਟੀ ਨਹੀਂ ਕਰਦੇ, ਅਸੀਂ ਆਪਣਾ ਅਸਮਾਨ ਵੀ ਨੀਵਾਂ ਕਰ ਲੈਂਦੇ ਹਾਂ।

ਸਫਲਤਾ ਕਦੀ-ਕਦਾਈਂ ਮਿਲਦੀ ਹੈ, ਅਸਫਲਤਾਵਾਂ ਨਿੱਤ-ਦਿਨ ਮਿਲਦੀਆਂ ਹਨ।

ਹੌਲੀ-ਹੌਲੀ ਅਸੀਂ ਆਪਣੀਆਂ ਅਸਫਲਤਾਵਾਂ 'ਤੇ ਝੂਰਨ ਦੀ ਥਾਂ, ਆਪਣੀਆਂ ਅਸਫਲਤਾਵਾਂ ਨੂੰ ਲੁਕਾਉਣ ਅਤੇ ਸਫਲਤਾਵਾਂ ਨੂੰ ਉਭਾਰਨ ਲੱਗ ਪੈਂਦੇ ਹਾਂ।

ਇਵੇਂ ਜ਼ਿੰਦਗੀ ਮਾਣਨਯੋਗ ਭਾਵੇਂ ਨਾ ਬਣੇ ਪਰ ਇਹ ਜਿਉਣਯੋਗ ਬਣੀ ਰਹਿੰਦੀ ਹੈ।

ਫਿਰ ਜੋ ਕੁਝ ਕੋਲ ਹੁੰਦਾ ਹੈ, ਉਹ ਵੀ ਵੱਡੀ ਪ੍ਰਾਪਤੀ ਲੱਗਣ ਲੱਗ ਪੈਂਦੀ ਹੈ।

ਇਵੇਂ ਸੰਸਾਰ ਦੇ ਹਰੇਕ ਵਿਅਕਤੀ ਨਾਲ ਵਾਪਰਦਾ ਹੈ।

381

ਪ੍ਰਸਿੱਧ ਯੂਨਾਨੀ ਯੋਧੇ ਕਲੈਸਥਨੀਜ਼, ਜਿਸ ਨੇ ਉਲੰਪਿਕ ਖੇਡਾਂ ਵਿਚ ਰੱਥਾਂ ਦੀ ਦੌੜ ਜਿੱਤੀ ਸੀ, ਨੇ ਘੋਸ਼ਣਾ ਕੀਤੀ ਕਿ ਉਹ ਆਪਣੀ ਧੀ ਲਈ ਯੋਗ ਵਰ ਦੀ ਚੋਣ ਕਰਨੀ ਚਾਹੁੰਦਾ ਹੈ। ਉਸ ਨੂੰ ਕਈ ਜਵਾਨ ਮਿਲੇ। ਅਖੀਰ ਉਸ ਨੇ ਦੋ ਜਵਾਨਾਂ ਦੀ ਚੋਣ ਕੀਤੀ, ਜਿਨ੍ਹਾਂ ਵਿਚੋਂ ਇਕ ਨੂੰ ਚੁਣਨ ਲਈ, ਉਸ ਨੇ ਦੋਹਾਂ ਦੇ ਚਰਿੱਤਰ, ਵਿਹਾਰ, ਗਿਆਨ ਅਤੇ ਬਹਾਦਰੀ ਦੀ ਪਰਖ ਲਈ, ਇਕ ਮਹੀਨਾ ਉਨ੍ਹਾਂ ਨੂੰ ਆਪਣੇ ਮਹਿਲ ਵਿਚ ਰੱਖਿਆ।

ਉਹ ਉਨ੍ਹਾਂ ਨਾਲ ਰੋਜ਼ ਗੱਲਬਾਤ ਕਰਦਾ ਸੀ।

ਉਨ੍ਹਾਂ ਦੋਹਾਂ ਵਿਚੋਂ, ਜਿਹੜਾ ਉਸ ਨੂੰ ਵਧੇਰੇ ਯੋਗ ਲਗਦਾ ਸੀ, ਉਸ ਸਬੰਧੀ ਘੋਸ਼ਣਾ ਕਰਨ ਲਈ, ਉਸ ਨੇ ਵਿਸ਼ਾਲ ਪ੍ਰੀਤੀ-ਭੋਜ ਦਾ ਪ੍ਰਬੰਧ ਕੀਤਾ, ਜਿਥੇ ਮਹਿਮਾਨਾਂ ਦੇ ਭੋਜਨ ਲਈ ਸੌ ਬਲਦਾਂ ਦੀ ਬਲੀ ਦਿੱਤੀ ਗਈ।

ਪਿਤਾ ਜਾਣਨਾ ਚਾਹੁੰਦਾ ਸੀ ਕਿ ਉਸ ਦਾ ਬਣਨ ਵਾਲਾ ਜਵਾਈ, ਵਿਸ਼ਾਲ ਇਕੱਠ ਵਿਚ ਕਿਵੇਂ ਵਿਹਾਰ ਕਰਦਾ ਹੈ। ਦੋ ਜਵਾਨਾਂ ਵਿਚੋਂ ਇਕ ਨੇ, ਸ਼ਰਾਬ ਪੀਤੀ, ਵਧੇਰੇ ਪੀ ਲਈ

www.quotesinpunjabi.ml

QuotesInPunjabi
ਅਤੇ ਨਰਤਕੀਆਂ ਨਾਲ ਨੱਚਣ ਲੱਗ ਪਿਆ। ਫਿਰ ਉਹ ਭੋਜਨ ਵਾਲੇ ਇਕ ਵੱਡੇ ਤਖ਼ਤ ਉੱਤੇ ਚੜ੍ਹ ਕੇ, ਸਿਰ-ਭਾਰ ਹੋ ਕੇ ਲੱਤਾਂ ਘੁਮਾਉਣ ਲੱਗ ਪਿਆ।

ਪਿਤਾ ਤੋਂ ਇਹ ਸਭ ਕੁਝ ਸਹਿਣ ਨਾ ਹੋਇਆ, ਉਸ ਨੇ ਬਸ ਇਤਨਾ ਹੀ ਕਿਹਾ: ਤੂੰ ਤਾਂ ਇਵੇਂ ਨੱਚ ਕੇ ਆਪਣੀ ਦੁਲਹਨ ਗੁਆ ਲਈ ਹੈ। ਦੂਜਾ ਜਵਾਨ ਚੁਣ ਲਿਆ ਗਿਆ, ਕਿਉਂਕਿ ਉਸ ਨੇ ਹਰ ਪਖੋਂ ਸੰਜਮ ਵਿਖਾਇਆ ਸੀ।

ਪੁਰਾਣੇ ਜ਼ਮਾਨੇ ਵਿਚ ਯੋਧਿਆਂ ਅਤੇ ਰਾਜਕੁਮਾਰਾਂ ਨੂੰ ਬਾਦਸ਼ਾਹਾਂ ਵਾਂਗ ਬੋਲਣ, ਬੈਠਣ, ਟੁਰਨ, ਖਲੋਣ, ਵੇਖਣ, ਖਾਣ-ਪੀਣ, ਆਦਿ ਦੀ ਸਿਖਲਾਈ ਦਿੱਤੀ ਜਾਂਦੀ ਸੀ ਤਾਂ ਕਿ ਉਨ੍ਹਾਂ ਦੇ ਵਿਹਾਰ ਵਿਚੋਂ ਬਾਦਸ਼ਾਹੀ ਝਲਕੇ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਬੋਲੇ ਕਿ ਹਾਂ, ਇਹ ਤਾਜ ਪਹਿਨਣ ਅਤੇ ਹਕੂਮਤ ਕਰਨ ਦੇ ਯੋਗ ਹਨ।

382

ਵਾਟਰਲੂ ਦੀ ਲੜਾਈ ਵਿਚ ਨੈਪੋਲੀਅਨ ਦੀ ਹਾਰ, ਆਪਣੇ ਸਮੇਂ ਦੀ ਇਕ ਬਹੁਤ ਵੱਡੀ ਘਟਨਾ ਸੀ। ਇਸ ਇਤਿਹਾਸਕ ਹਾਰ ਉਪਰੰਤ ਇਕ ਇਤਿਹਾਸਕ ਚਿੱਤਰ ਬਣਵਾਉਣ ਦਾ ਫੈਸਲਾ ਕੀਤਾ ਗਿਆ, ਜਿਸ ਵਿਚ ਫਰਾਂਸ ਦਾ ਵਿਦੇਸ਼-ਮੰਤਰੀ ਅਤੇ ਇੰਗਲੈਂਡ ਦਾ ਵਿਦੇਸ਼-ਮੰਤਰੀ ਵਿਖਾਏ ਜਾਣੇ ਸਨ ਪਰ ਦੋਵੇਂ ਵਿਦੇਸ਼-ਮੰਤਰੀਆਂ ਦੀ ਜ਼ਿੱਦ ਸੀ ਕਿ ਉਸ ਨੂੰ ਚਿੱਤਰ ਦੇ ਕੇਂਦਰ ਵਿਚ ਵਿਖਾਇਆ ਜਾਵੇ।

ਦੋਹਾਂ ਦੀ ਇੱਛਾ ਪੂਰੀ ਕਰਨੀ ਚਿੱਤਰਕਾਰ ਲਈ ਇਕ ਚਣੌਤੀ ਸੀ।

ਆਖਰ ਚਿੱਤਰਕਾਰ ਨੇ ਜਿਹੜਾ ਚਿੱਤਰ ਬਣਾਇਆ, ਉਸ ਵਿਚ ਫਰਾਂਸ ਦਾ ਵਿਦੇਸ਼-ਮੰਤਰੀ, ਹਾਲ ਦੇ ਕੇਂਦਰ ਵਿਚ ਬੈਠਾ ਸੀ ਅਤੇ ਉਸ ਸਮੇਤ, ਹਾਲ ਵਿਚ ਹਾਜ਼ਰ ਸਾਰੇ ਮਹੱਤਵਪੂਰਨ ਪਤਵੰਤਿਆਂ ਦੀਆਂ ਨਜ਼ਰਾਂ, ਹਾਲ ਵਿਚ ਪ੍ਰਵੇਸ਼ ਕਰ ਰਹੇ, ਇੰਗਲੈਂਡ ਦੇ ਵਿਦੇਸ਼-ਮੰਤਰੀ 'ਤੇ ਲੱਗੀਆਂ ਹੋਈਆਂ ਸਨ।

ਇਕ ਕੇਂਦਰ ਵਿਚ ਬੈਠਾ ਸੀ, ਦੂਜੇ ਨੂੰ ਕੇਂਦਰੀ ਮਹੱਤਵ ਮਿਲ ਰਿਹਾ ਸੀ।

383

ਡੱਗਲਸ ਮੈਕਆਰਥਰ ਦੂਜੇ ਵਿਸ਼ਵਯੁੱਧ ਵਿਚ, ਫਿਲਪੀਨਸ ਵਿਚ ਅਮਰੀਕੀ ਫੌਜਾਂ ਦਾ ਕਮਾਂਡਰ ਸੀ। ਉਸਦੇ ਸਹਿਯੋਗੀ ਨੇ ਉਸ ਨੂੰ ਇਕ ਕਿਤਾਬ ਦਿੱਤੀ, ਜਿਸ ਵਿਚ ਪਹਿਲਾਂ ਹੋਏ ਪ੍ਰਸਿੱਧ ਜਰਨੈਲਾਂ ਦੀਆਂ ਸਫਲ ਜੁਗਤਾਂ ਦੇ ਵੇਰਵੇ ਦਰਜ ਸਨ।

ਡੱਗਲਸ ਨੇ ਪੁੱਛਿਆ: ਕਿਤਨੀਆਂ ਕਿਤਾਬਾਂ ਲਿਆਂਦੀਆਂ ਹਨ? ਛੇ ਲਿਆਂਦੀਆਂ ਗਈਆਂ ਹਨ। ਡੱਗਲਸ ਨੇ ਕਿਹਾ: ਸਾਰੀਆਂ ਲਿਆ ਕੇ ਮੇਰੇ ਸਾਹਮਣੇ ਅੱਗ ਦੀ ਭੇਟ ਚੜ੍ਹਾਓ।

ਫੌਜਾਂ ਦਾ ਕਮਾਂਡਰ ਮੈਂ ਹਾਂ, ਜਦੋਂ ਵੀ ਕੋਈ ਸਮੱਸਿਆ ਉਪਜੇਗੀ, ਸਮੁੱਚੀ ਸਥਿਤੀ ਨੂੰ ਧਿਆਨ ਵਿਚ ਰੱਖ ਕੇ ਮੈਂ ਫੈਸਲਾ ਕਰਾਂਗਾ। ਮੈਂ ਨਹੀਂ ਜਾਣਨਾ ਚਾਹੁੰਦਾ ਕਿ ਮੇਰੇ ਤੋਂ ਪਹਿਲੇ ਜਰਨੈਲਾਂ ਨੇ ਕੀ ਅਤੇ ਕਿਵੇਂ ਫੈਸਲੇ ਕੀਤੇ ਸਨ।

www.quotesinpunjabi.ml

QuotesInPunjabi

384

ਮਨੁੱਖ ਲਈ ਜਾਇਦਾਦ ਜ਼ਰੂਰੀ ਹੈ, ਕਿਉਂਕਿ ਇਹ ਉਸਦੀ ਟੇਕ ਬਣਦੀ ਹੈ।

ਔਖੇ ਵੇਲਿਆਂ ਨੂੰ ਬਰਦਾਸ਼ਤ ਕਰਨ ਲਈ ਇਹ ਸਮਰੱਥਾ ਉਪਜਾਉਂਦੀ ਹੈ।

ਇਹ ਪਰਿਵਾਰ ਦੇ ਮੁੜ ਗਰੀਬੀ ਵਿਚ ਤਿਲ੍ਹਕਣ ਵਿਰੁੱਧ ਬੀਮਾ ਹੁੰਦੀ ਹੈ।

ਜਾਇਦਾਦ ਨਾਲ ਪੁਰਖ਼ ਦੀ ਸਿਹਤ ਠੀਕ ਰਹਿੰਦੀ ਹੈ। ਪਤਨੀ ਦਾ ਹੌਸਲਾ ਉੱਚਾ ਰਹਿੰਦਾ ਹੈ, ਬੱਚਿਆਂ ਵਿਚ ਸਵੈ-ਵਿਸ਼ਵਾਸ ਬਣਿਆ ਰਹਿੰਦਾ ਹੈ।

ਬੱਚਿਆਂ ਲਈ ਚੰਗੇਰੀ ਵਿਦਿਆ ਦਾ ਪ੍ਰਬੰਧ ਕਰਨਾ ਸੌਖਾ ਹੁੰਦਾ ਹੈ।

ਜੇ ਮਾਂ ਦੀ ਵੀ ਜਾਇਦਾਦ ਹੋਵੇ ਤਾਂ ਇਸ ਨਾਲ ਪਰਿਵਾਰ ਦੀ ਤਾਕਤ ਦੁੱਗਣੀ ਹੋ ਜਾਂਦੀ ਹੈ। ਬੱਚਿਆਂ ਉਤੇ, ਮਾਂ ਦੀ ਜਾਇਦਾਦ ਦਾ, ਪਿਤਾ ਦੀ ਜਾਇਦਾਦ ਨਾਲੋਂ ਵੀ, ਚੰਗੇਰਾ ਪ੍ਰਭਾਵ ਪੈਂਦਾ ਹੈ, ਕਿਉਂਕਿ ਬੱਚੇ, ਇਸਤਰੀ ਦੀ ਪਹਿਲੀ ਜ਼ਿੰਮੇਵਾਰੀ ਹੁੰਦੇ ਹਨ।

ਇਸਤਰੀ ਦੀ ਆਮਦਨ ਦਾ ਬਹੁਤਾ ਹਿੱਸਾ ਬੱਚਿਆਂ 'ਤੇ ਖਰਚ ਹੁੰਦਾ ਹੈ।

ਪੁਰਸ਼, ਨਿੱਜੀ ਵਰਤੋਂ ਦੀਆਂ ਚੀਜ਼ਾਂ ਖਰੀਦਣ ਵਿਚ ਦਿਲਚਸਪੀ ਲੈਂਦੇ ਹਨ, ਜਦੋਂ ਕਿ ਇਸਤਰੀ, ਅਕਸਰ ਪਰਿਵਾਰ ਦੇ ਸੰਦਰਭ ਵਿਚ ਸੋਚਦੀ-ਖਰਚਦੀ ਹੈ। ਆਪਣੀ ਆਮਦਨ ਵਾਲੀ ਮਾਂ ਦੇ ਬੱਚੇ, ਸਕੂਲ ਵਧੇਰੇ ਜਾਂਦੇ ਹਨ, ਉਨ੍ਹਾਂ ਦੀ ਸਿਹਤ ਵਧੇਰੇ ਠੀਕ ਰਹਿੰਦੀ ਹੈ, ਉਹ ਵਧੇਰੇ ਸ਼ੌਕ ਪਾਲਦੇ ਹਨ, ਵਧੇਰੇ ਕਾਰਜ ਸਿੱਖਦੇ ਹਨ, ਸਮਾਜ ਵਿਚ ਉਨ੍ਹਾਂ ਦਾ ਵਿਹਾਰ ਵਧੇਰੇ ਸਲੀਕੇ ਵਾਲਾ ਹੁੰਦਾ ਹੈ।

ਜਿਸ ਇਸਤਰੀ ਦੀ ਆਪਣੀ ਆਮਦਨ ਹੁੰਦੀ ਹੈ, ਉਹ ਧਿਆਨ ਰੱਖਦੀ ਹੈ ਕਿ ਜਿਹੜੀਆਂ ਮੁਸ਼ਕਲਾਂ, ਰੁਕਾਵਟਾਂ, ਮਜਬੂਰੀਆਂ ਅਤੇ ਝੁੜਾਂ ਦਾ ਉਸ ਨੂੰ ਆਪਣੇ ਜੀਵਨ ਵਿਚ ਸਾਹਮਣਾ ਕਰਨਾ ਪਿਆ ਸੀ, ਉਨ੍ਹਾਂ ਦਾ ਉਸ ਦੇ ਬੱਚਿਆਂ ਨੂੰ ਅਤੇ ਵਿਸ਼ੇਸ਼ ਕਰਕੇ ਉਸ ਦੀਆਂ ਧੀਆਂ ਨੂੰ, ਸਾਹਮਣਾ ਨਾ ਕਰਨਾ ਪਏ।

385

ਮੇਰਾ ਇਕ ਵਿਦਿਆਰਥੀ ਸੀ, ਜਿਸ ਨੂੰ ਕੇਵਲ ਨੁਕਸ ਹੀ ਦਿਸਦੇ ਸਨ।

ਉਹ ਮਾਂ ਦੇ ਪਕਾਏ ਭੋਜਨ ਵਿਚ ਇਤਨੇ ਨੁਕਸ ਕੱਢਦਾ ਸੀ ਕਿ ਥਾਲੀ ਵਗਾਹ ਮਾਰਦਾ ਸੀ ਅਤੇ ਕਹਿੰਦਾ ਸੀ: ਮਿਰਚ ਘੱਟ ਹੈ, ਲੂਣ ਵੱਧ ਹੈ, ਸਬਜ਼ੀ ਬਣਾਉਣੀ ਨਹੀਂ ਆਉਂਦੀ, ਕਿਸੇ ਤੋਂ ਕੁਝ ਸਿੱਖਿਆ ਨਹੀਂ।

ਵਿਧਵਾ ਮਾਂ, ਇਕਲੌਤੇ ਪੁੱਤਰ ਦੀਆਂ ਵਧੀਕੀਆਂ ਬਰਦਾਸ਼ਤ ਕਰਦੀ ਰਹਿੰਦੀ ਸੀ।

ਮਾਂ ਦਾ ਆਪਣੇ ਪੁੱਤਰ ਤੋਂ ਡਰਨਾ ਬੜਾ ਦੁੱਖਦਾਈ ਹੁੰਦਾ ਹੈ। ਜਿਨ੍ਹਾਂ ਦਾ ਸੰਸਾਰ ਵਿਚ ਕੋਈ ਰੋਅਬ ਨਹੀਂ ਝੱਲਦਾ, ਉਹੀ ਮਾਂ 'ਤੇ ਰੋਅਬ ਪਾਉਂਦੇ ਹਨ।

ਮਾਂ ਰੋਜ਼ ਤਿੰਨ ਚੀਜ਼ਾਂ, ਵੱਖ-ਵੱਖ ਭਾਂਡਿਆਂ ਵਿਚ ਬਣਾਉਂਦੀ ਸੀ ਤਾਂ ਕਿ ਉਸ ਦੇ ਪੁੱਤਰ ਨੂੰ ਜਿਹੜੀ ਪਸੰਦ ਆਵੇ, ਉਹ ਖਾ ਲਵੇ। ਉਹ ਆਪ ਦੱਸ ਰਿਹਾ ਸੀ: ਮੇਰੀ ਮਾਂ ਡਰੀ-ਡਰੀ ਕੋਲ ਬੈਠਦੀ ਸੀ, ਜਿਵੇਂ ਮੈਂ ਕੋਈ ਸਾਹਬ ਹੋਵਾਂ ਅਤੇ ਉਹ ਮੇਰੀ ਨੌਕਰਾਣੀ ਹੋਵੇ।

www.quotesinpunjabi.ml

QuotesInPunjabi

ਉਸ ਨੇ ਦੱਸਿਆ: ਇਕ ਦਿਨ ਮੈਂ ਸਟੇਸ਼ਨ 'ਤੇ ਗੱਡੀ ਉਡੀਕ ਰਿਹਾ ਸਾਂ। ਮੇਰੇ ਸਾਹਮਣੇ ਇਕ ਮੰਗਤਾ ਆਇਆ। ਉਸਨੇ ਮੈਲੇ ਜਿਹੇ ਥੈਲੇ ਵਿੱਚੋਂ ਰੋਟੀ ਕੱਢੀ ਅਤੇ ਨਲਕੇ ਤੋਂ ਇਕ ਕਟੋਰੀ ਵਿਚ ਪਾਣੀ ਲੈ ਕੇ, ਇਕ ਖੰਭੇ ਨਾਲ ਢੋਅ ਲਾ ਕੇ, ਪਾਣੀ ਵਿਚ ਰੋਟੀ ਭਿਉਂ ਕੇ ਖਾਂਦਾ ਰਿਹਾ ਅਤੇ ਮੈਂ ਉਸ ਨੂੰ ਨਿਰੰਤਰ ਵੇਖਦਾ ਰਿਹਾ।

ਉਸ ਵੇਲੇ ਮੇਰਾ ਸਾਰਾ ਧਿਆਨ ਉਸ ਉੱਤੇ ਕੇਂਦਰਿਤ ਹੋਇਆ ਹੋਇਆ ਸੀ।

ਮੈਨੂੰ ਖਿਆਲ ਆਇਆ, ਇਹ ਵੀ ਮਨੁੱਖ ਹੈ, ਇਸ ਨੂੰ ਵੀ ਮੇਰੇ ਵਾਂਗ ਹੀ ਜਿਉਣ ਦਾ ਹੱਕ ਹੈ। ਮੈਂ ਭਰੀਆਂ ਹੋਈਆਂ ਪਲੇਟਾਂ ਉਲਟਾ ਦਿੰਦਾ ਹਾਂ ਅਤੇ ਇਸ ਨੂੰ ਕਦੇ ਪਲੇਟ ਨਸੀਬ ਹੀ ਨਹੀਂ ਹੋਈ। ਇਸ ਦ੍ਰਿਸ਼ ਨੇ ਮੈਨੂੰ ਸੁੰਨ ਕਰ ਦਿੱਤਾ।

ਘਰ ਪਹੁੰਚਿਆ ਤਾਂ ਮੈਨੂੰ ਜੋ ਮਿਲਿਆ ਧੰਨਵਾਦ ਨਾਲ ਖਾਧਾ। ਆਪਣੀ ਪਲੇਟ ਵਿਚੋਂ ਮੈਨੂੰ ਉਸ ਮੰਗਤੇ ਦਾ ਚਿਹਰਾ ਦਿਸਦਾ ਰਿਹਾ। ਮੇਰਾ ਭੋਜਨ ਪ੍ਰਤੀ ਹੀ ਨਹੀਂ, ਜ਼ਿੰਦਗੀ ਬਾਰੇ ਹੀ ਦ੍ਰਿਸ਼ਟੀਕੋਣ ਬਦਲ ਗਿਆ। ਮਾਂ ਪ੍ਰਤੀ ਪਿਆਰ-ਸਤਿਕਾਰ ਜਾਗਿਆ। ਮਾਂ ਨਾਲ ਦੁਰਵਿਹਾਰ ਕਰਨ ਕਰਕੇ ਆਪਣੇ ਆਪ 'ਤੇ ਗਿਲਾਨੀ ਆਈ, ਮਾਂ ਤੋਂ ਮੁਆਫ਼ੀ ਮੰਗੀ।

ਉਸ ਮੰਗਤੇ ਨੇ ਮੈਨੂੰ ਇਨਸਾਨ ਬਣਾ ਦਿੱਤਾ ਸੀ।

386

ਲੜਕੇ-ਲੜਕੀ ਦੀ ਮੰਗਣੀ ਨੂੰ ਕਈ ਮਹੀਨੇ ਹੋ ਗਏ ਸਨ।

ਉਹ ਦੋਵੇਂ ਅਕਸਰ ਮਿਲਦੇ ਸਨ, ਗੱਲਬਾਤ ਕਰਦੇ ਸਨ ਪਰ ਉਨ੍ਹਾਂ ਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਉਹ ਦੋਵੇਂ ਵਿਆਹ ਕਰਵਾ ਕੇ ਪਰੇਸ਼ਾਨ ਹੀ ਹੋਣਗੇ, ਕਿਉਂਕਿ ਉਨ੍ਹਾਂ ਦੇ ਸੁਭਾਵਾਂ ਵਿਚ ਵਿੱਥ ਅਤੇ ਵੱਖਰੇਵਾਂ ਇਤਨਾ ਅਧਿਕ ਸੀ ਕਿ ਉਸ ਦੇ ਭਰੇ ਜਾਣ ਦੀ ਕੋਈ ਆਸ ਨਹੀਂ ਸੀ। ਉਹ ਮਿਲਣੀਆਂ ਦੌਰਾਨ ਵੀ ਅਕਸਰ ਲੜ ਪੈਂਦੇ ਸਨ।

ਲੜਕੇ ਨੇ ਫੈਸਲਾ ਕੀਤਾ ਕਿ ਅਗਲੇ ਦਿਨ, ਛੁੱਟੀ ਵਾਲੇ ਦਿਨ, ਉਹ ਲੜਕੀ ਦੇ ਘਰ ਜਾ ਕੇ ਸਾਰਿਆਂ ਨਾਲ ਗੱਲ ਕਰਕੇ, ਖਿਮਾ ਮੰਗ ਕੇ, ਰਿਸ਼ਤਾ ਤੋੜ ਆਵੇਗਾ। ਉਹ ਅਜੇ ਤਿਆਰ ਹੀ ਹੋ ਰਿਹਾ ਸੀ ਕਿ ਸਵੇਰੇ ਹੀ ਲੜਕੀ, ਆਪ ਉਸਦੇ ਘਰ ਆ ਗਈ ਅਤੇ ਸਾਰਿਆਂ ਦੇ ਸਾਹਮਣੇ ਰਿਸ਼ਤਾ ਮੁਕਾ ਗਈ। ਲੜਕੇ ਦੀ ਜਿੱਤ ਹਾਰ ਵਿਚ ਬਦਲ ਗਈ ਸੀ।

ਹੁਣ ਉਹ ਕਹਿਣ ਜੋਗਾ ਨਹੀਂ ਸੀ ਕਿ ਰਿਸ਼ਤਾ ਉਸ ਨੇ ਤੋੜਿਆ ਸੀ। ਹੁਣ ਉਸ ਨੂੰ ਮੰਨਣਾ ਪੈ ਰਿਹਾ ਸੀ ਕਿ ਲੜਕੀ ਨੇ ਉਸ ਨੂੰ ਰੱਦ ਕੀਤਾ ਸੀ।

387

ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਸਾਂ, ਕਿਉਂਕਿ ਮੈਂ ਤੁਹਾਡੀ ਮਾਂ ਸਾਂ।

ਜਦੋਂ ਤੁਸੀਂ ਕਿਧਰੇ ਜਾਂਦੇ ਸੀ ਤਾਂ ਮੈਂ ਪੁੱਛਦੀ ਸਾਂ ਕਿੱਥੇ ਚਲੇ ਹੋ, ਕਿਤਨੀ ਦੇਰ ਲਾਓਗੇ, ਕਿਤਨੇ ਵਜੇ ਤੱਕ ਵਾਪਸ ਆਓਗੇ, ਤੁਹਾਡੇ ਵਾਪਸ ਆਉਣ ਦੇ ਦੱਸੇ ਵਕਤ ਤੱਕ ਮੈਂ ਨਿਸ਼ਚਿੰਤ ਰਹਿੰਦੀ ਸਾਂ, ਦੇਰ ਹੋਣ 'ਤੇ ਮੈਂ ਚਿੰਤਾ ਕਰਨ ਲੱਗ ਪੈਂਦੀ ਸਾਂ।

www.quotesinpunjabi.ml

QuotesInPunjabi

ਮੇਰਾ ਉਦੇਸ਼ ਇਹ ਹੁੰਦਾ ਸੀ ਕਿ ਤੁਹਾਡੇ ਵਿਚ ਸਮੇਂ ਦੀ ਪਾਬੰਦੀ ਉਪਜੇ।

ਮੈਂ ਜਾਣਦੀ ਸਾਂ ਕਿ ਤੁਹਾਡੇ ਕਈ ਵਾਕਫ਼, ਚੰਗੇ ਲੋਕ ਨਹੀਂ ਸਨ ਪਰ ਸੋਚਦੀ ਸਾਂ ਸ਼ਾਇਦ ਤੁਸੀਂ ਮੇਰੇ ਦੱਸੇ ਦਾ ਬੁਰਾ ਮਨਾਓਗੇ। ਮੈਂ ਇਹ ਸੋਚ ਕੇ ਕੁਝ ਨਹੀਂ ਸਾਂ ਕਹਿੰਦੀ ਕਿ ਤੁਸੀਂ ਆਪਣੇ ਤਜਰਬੇ ਨਾਲ ਆਪੇ ਜਾਣ ਜਾਓਗੇ।

ਮੈਂ ਤੁਹਾਨੂੰ ਪਿਆਰ ਕਰਦੀ ਸਾਂ, ਇਸੇ ਲਈ ਤੁਹਾਨੂੰ ਆਪਣਾ ਕਮਰਾ ਆਪ ਸਾਫ਼ ਕਰਨ ਲਈ ਕਹਿੰਦੀ ਸਾਂ ਅਤੇ ਤੁਹਾਨੂੰ ਆਪਣਾ ਕਮਰਾ ਸਾਫ਼ ਕਰਦਿਆਂ ਦੋ ਘੰਟੇ ਵੇਖਦੀ ਰਹਿੰਦੀ ਸਾਂ, ਜਦੋਂ ਕਿ ਮੈਂ ਉਸ ਕਮਰੇ ਨੂੰ ਕੇਵਲ ਪੰਦਰ੍ਹਾਂ ਮਿੰਟ ਵਿਚ ਹੀ ਸਾਫ਼ ਕਰ ਸਕਦੀ ਸਾਂ।

ਮੈਂ ਚਾਹੁੰਦੀ ਸਾਂ ਕਿ ਤੁਸੀਂ ਆਪਣਾ ਕੰਮ ਆਪ ਕਰਨਾ ਸਿੱਖੋ, ਕਿਉਂਕਿ ਇਵੇਂ ਕਰਨ ਨਾਲ ਸੁਤੰਤਰਤਾ ਅਤੇ ਸਵੈ-ਨਿਰਭਰਤਾ ਦੀ ਭਾਵਨਾ ਉਪਜਦੀ ਹੈ।

ਮੈਂ ਚਾਹੁੰਦੀ ਸਾਂ ਕਿ ਤੁਸੀਂ ਮੈਨੂੰ ਹੱਸਦਿਆਂ, ਰੋਂਦਿਆਂ, ਚਿੰਤਾ ਕਰਦਿਆਂ, ਪਰੇਸ਼ਾਨ ਅਤੇ ਪ੍ਰਸੰਨ ਹੁੰਦਿਆਂ, ਸਾਰੀਆਂ ਹਾਲਤਾਂ ਵਿਚ ਵੇਖੋ, ਕਿਉਂਕਿ ਮੈਂ ਤੁਹਾਨੂੰ ਇਨ੍ਹਾਂ ਸਾਰੇ ਰੂਪਾਂ ਵਿਚ ਵਿਚਰਦਿਆਂ ਵੇਖਣਾ ਚਾਹੁੰਦੀ ਸਾਂ।

ਮੈਂ ਚਾਹੁੰਦੀ ਸਾਂ ਕਿ ਤੁਸੀਂ ਆਪਣੇ ਕਾਰਜਾਂ-ਕਰਮਾਂ ਦੇ ਸਿੱਟੇ-ਨਤੀਜੇ ਭੁਗਤੋ। ਕਈ ਵਾਰੀ ਤੁਹਾਨੂੰ ਪਿਤਾ ਤੋਂ ਮਿਲਣ ਵਾਲਾ ਦੰਡ ਸਖਤ ਹੁੰਦਾ ਸੀ ਪਰ ਮੈਂ ਜਾਣ ਕੇ ਦਖਲ ਨਹੀਂ ਦਿੰਦੀ ਸਾਂ ਤਾਂ ਕਿ ਤੁਸੀਂ ਮਜ਼ਬੂਤ ਬਣੋ। ਮੈਂ ਤੁਹਾਡੀ ਹਰ ਗੱਲ ਨਹੀਂ ਮੰਨਦੀ ਸਾਂ, ਸੋ ਕਈ ਵਾਰੀ ਤੁਸੀਂ ਮੇਰੇ ਨਾਲ ਇਸ ਗੱਲੋਂ ਨਾਰਾਜ਼ ਹੋ ਜਾਂਦੇ ਸੀ, ਕਈ ਵਾਰ ਸ਼ਾਇਦ ਨਫ਼ਰਤ ਵੀ ਕਰਦੇ ਸੀ ਪਰ ਮੈਂ ਚਾਹੁੰਦੀ ਸਾਂ ਕਿ ਤੁਸੀਂ ਚੰਗੀ ਤਰ੍ਹਾਂ ਜਾਣ ਜਾਓ ਕਿ ਕਿਸੇ ਦੀਆਂ ਸਾਰੀਆਂ ਗੱਲਾਂ ਕਿਧਰੇ ਵੀ ਨਹੀਂ ਮੰਨੀਆਂ ਜਾਂਦੀਆਂ।

ਤੁਹਾਨੂੰ ਪਾਲਣਾ ਬੜਾ ਆਨੰਦਮਈ ਅਨੁਭਵ ਸੀ, ਪਰ ਇਹ ਬੜਾ ਔਖਾ ਅਤੇ ਕੁਰਬਾਨੀਆਂ ਵਾਲਾ ਕਾਰਜ ਸੀ। ਇਹ ਬੜੀਆਂ ਮੁਸ਼ਕਲ ਲੜਾਈਆਂ ਸਨ, ਜਿਹੜੀਆਂ ਮੈਂ ਆਪ ਹਾਰ ਕੇ ਤੁਹਾਨੂੰ ਜਿਤਾਉਂਦੀ ਰਹੀ ਸਾਂ ਤਾਂ ਕਿ ਤੁਹਾਡੇ ਵਿਚ ਜਿੱਤਣ ਦਾ ਸਲੀਕਾ ਅਤੇ ਹਾਰਨ ਦਾ ਜਿਗਰਾ ਪੈਦਾ ਹੋਵੇ। ਮੈਂ ਤੁਹਾਨੂੰ ਉਵੇਂ ਪਾਲਿਆ ਸੀ, ਜਿਵੇਂ ਮੈਂ ਚਾਹੁੰਦੀ ਸਾਂ ਕਿ ਤੁਸੀਂ ਆਪਣੇ ਬੱਚਿਆਂ ਨੂੰ ਪਾਲੋ।

388

ਚੰਗੇਜ਼ ਖਾਨ ਇਕ ਵਾਰੀ ਸ਼ਿਕਾਰ 'ਤੇ ਨਿਕਲਿਆ, ਇਕੱਲਾ ਹੀ ਦੂਰ ਨਿਕਲ ਗਿਆ, ਸ਼ਿਕਾਰੀਆਂ ਨਾਲ ਅਕਸਰ ਇਵੇਂ ਵਾਪਰਦਾ ਹੈ।

ਪਿਆਸ ਅਤੇ ਥਕਾਵਟ, ਸ਼ਿਕਾਰੀਆਂ ਦਾ ਸੰਤਾਪ ਹੁੰਦੇ ਹਨ।

ਉਸ ਨੇ ਇਕ ਬਾਜ਼ ਪਾਲਿਆ ਹੋਇਆ ਸੀ। ਬਾਜ਼ ਬਹਾਦਰੀ ਦਾ ਪ੍ਰਤੀਕ ਹੁੰਦਾ ਹੈ। ਇਹ ਬਾਜ਼ ਹਰ ਵੇਲੇ ਉਸ ਨਾਲ ਰਹਿੰਦਾ ਸੀ। ਥੱਕੇ ਹੋਏ ਚੰਗੇਜ਼ ਖਾਨ ਨੂੰ ਸਾਹਮਣੇ ਪਹਾੜ ਵਿਚ ਪਾਣੀ ਦੀ ਇਕ ਲੀਕ ਵਿਖਾਈ ਦਿੱਤੀ ਅਤੇ ਇਕ ਥਾਂ ਥੋੜ੍ਹਾ ਜਿਹਾ ਪਾਣੀ ਇਕੱਠਾ ਹੋਇਆ ਵਿਖਾਈ ਦਿੱਤਾ। ਉਸ ਨੇ ਸੋਨੇ ਦੀ ਕਟੋਰੀ ਕੱਢੀ, ਅੱਧੀ ਹੀ ਭਰੀ ਗਈ, ਜਦੋਂ ਪੀਣ ਲੱਗਿਆ ਤਾਂ ਬਾਜ਼ ਝਪਟਿਆ ਅਤੇ ਕਟੋਰੀ ਡਿਗ ਪਈ, ਦੂਜੀ ਵਾਰੀ ਵੀ ਇਵੇਂ ਹੋਇਆ।

www.quotesinpunjabi.ml

QuotesInPunjabi
ਜਦੋਂ ਤੀਜੀ ਵਾਰੀ ਵੀ ਇਵੇਂ ਹੋਇਆ ਤਾਂ ਚੰਗੇਜ਼ ਖਾਨ ਨੇ ਸੋਚਿਆ, ਜੇ ਕੋਈ ਵੇਖੇ ਤਾਂ ਸੋਚੇਗਾ ਕਿ ਇਸ ਜੇਤੂ ਤੋਂ ਇਹ ਇਕ ਪੰਛੀ ਵੀ ਕਾਬੂ ਨਹੀਂ ਆ ਰਿਹਾ।

ਜਦੋਂ ਚੌਥੀ ਵਾਰ ਬਾਜ਼ ਝਪਟਿਆ ਤਾਂ ਉਸ ਨੂੰ ਤਲਵਾਰ ਨਾਲ ਕੱਟ ਦਿੱਤਾ।

ਕੁਝ ਕਦਮ ਉਪਰ ਗਿਆ ਤਾਂ ਵੇਖਿਆ ਪਾਣੀ ਦੀ ਛੋਟੀ ਜਿਹੀ ਛੱਪੜੀ ਵਿਚ ਬੜਾ ਜ਼ਹਿਰੀਲਾ ਸੱਪ ਮਰਿਆ ਹੋਇਆ ਸੀ। ਉਸ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਬਾਜ਼ ਝਪਟ-ਝਪਟ ਕੇ ਕਟੋਰੀ ਦਾ ਪਾਣੀ ਕਿਉਂ ਡੁਲ੍ਹਵਾ ਰਿਹਾ ਸੀ।

ਪਹਾੜੀ 'ਤੇ ਉਸ ਨੇ ਉਸ ਵਫ਼ਾਦਾਰ ਬਾਜ਼ ਦੀ ਯਾਦ ਵਿਚ ਇਕ ਸ਼ਿਲਾਲੇਖ ਲਗਵਾਇਆ, ਜਿਸ 'ਤੇ ਇਕ ਖੰਭ ਬਣਵਾ ਕੇ ਉਸ ਉਤੇ ਉਕਰਵਾਇਆ: ਜੇਕਰ ਦੋਸਤ ਕੁਝ ਅਜਿਹਾ ਕਰੇ, ਜਿਹੜਾ ਤੁਹਾਨੂੰ ਪਸੰਦ ਨਾ ਆਵੇ, ਤਾਂ ਵੀ ਦੋਸਤ, ਉਹ ਕੁਝ ਤੁਹਾਡੇ ਲਾਭ ਲਈ ਹੀ ਕਰ ਰਿਹਾ ਹੁੰਦਾ ਹੈ।

389

ਅਗਨੀ ਬੀਮਾ, ਜੀਵਨ ਬੀਮੇ ਨਾਲੋਂ ਵਧੇਰੇ ਗੁੰਝਲਦਾਰ ਮਸਲਾ ਹੈ।

ਸੜ ਕੇ ਮਰਨਾ ਔਖਾ ਹੁੰਦਾ ਹੈ ਪਰ ਆਪਣੇ ਗੋਦਾਮ ਨੂੰ ਅੱਗ ਲਾਉਣੀ ਸੌਖੀ ਹੁੰਦੀ ਹੈ। ਇਕ ਵਿਅਕਤੀ ਨੇ ਆਪਣੇ ਗੋਦਾਮ ਦਾ ਇਕ ਕਰੋੜ ਰੁਪਏ ਦਾ ਬੀਮਾ ਕਰਵਾਇਆ। ਜਦੋਂ ਬੀਮਾ ਹੋ ਗਿਆ ਅਤੇ ਬੀਮੇ ਦੀ ਰਾਸ਼ੀ ਭਰੀ ਗਈ ਤਾਂ ਉਸ ਨੇ ਬੀਮਾ ਏਜੰਟ ਨੂੰ ਮਖੌਲ ਨਾਲ ਪੁੱਛਿਆ, ਜੇ ਅੱਜ ਰਾਤ ਨੂੰ ਇਸ ਗੋਦਾਮ ਨੂੰ ਅੱਗ ਲੱਗ ਜਾਵੇ ਤਾਂ ਮੈਨੂੰ ਕੀ ਮਿਲੇਗਾ? ਬੀਮਾ-ਏਜੰਟ ਨੇ ਕਿਹਾ: ਦਸ ਸਾਲ ਦੀ ਕੈਦ।

390

ਜ਼ਿੰਦਗੀ ਅਕਸਰ, ਕਿਸੇ ਨੂੰ ਵੀ ਪੂਰੀ ਤਰ੍ਹਾਂ ਨਿਸ਼ਚਿੰਤ ਨਹੀਂ ਹੋਣ ਦਿੰਦੀ।

ਜ਼ਿੰਦਗੀ ਦੇ ਹਰ ਪੜਾਅ 'ਤੇ ਤਿਲ੍ਹਕਣ ਹੈ, ਪਤਾ ਹੀ ਨਹੀਂ ਲੱਗਦਾ, ਕਦੋਂ ਪੈਰ ਫਿਸਲ ਜਾਵੇਗਾ। ਮਨੁੱਖ ਤਿਲ੍ਹਕਣ ਤੋਂ ਬਚਣ ਵਾਸਤੇ ਧਰਮ ਦਾ ਗਲੀਚਾ ਵਿਛਾ ਲੈਂਦਾ ਹੈ। ਗਰੀਬੀ ਵਿਚ ਤਿਲ੍ਹਕਣ ਤੋਂ ਬਚਾਓ ਲਈ, ਮਨੁੱਖ ਜਾਇਦਾਦ ਉਸਾਰਦਾ ਹੈ। ਫਿਰ ਵੀ ਕਈ ਵਾਰੀ ਤਿਲ੍ਹਕ ਕੇ ਡਿਗਣ ਉਪਰੰਤ ਉੱਠਣਾ ਸੰਭਵ ਨਹੀਂ ਹੁੰਦਾ।

ਜ਼ਿੰਦਗੀ ਵਿਚ ਜੋ ਕੁਝ ਵੀ ਸੋਖਾ ਪ੍ਰਤੀਤ ਹੁੰਦਾ ਹੈ, ਵਾਸਤਵ ਵਿਚ ਉਹ ਤਿਲ੍ਹਕਣ ਹੈ। ਤਿਲ੍ਹਕਦਾ ਬੰਦਾ ਕਿਸੇ ਦਾ ਸਹਾਰਾ ਨਹੀਂ ਬਣ ਸਕਦਾ, ਉਹ ਤਾਂ ਆਪ ਸਹਾਰਾ ਲੋੜਦਾ ਹੈ। ਵਪਾਰ ਵਿਚ, ਪੜ੍ਹਾਈ ਵਿਚ, ਪਿਆਰ ਵਿਚ, ਰਾਜਨੀਤੀ ਵਿਚ, ਤਿਲ੍ਹਕਣ ਵਾਲਿਆਂ ਦੀ ਭਰਮਾਰ ਹੈ। ਛੱਡੋ ਸਾਰਾ ਦਿਨ ਤਿਲ੍ਹਕਦਾ ਰਹਿੰਦਾ ਹੈ, ਨਸ਼ਈ ਸਾਰੀ ਰਾਤ ਤਿਲ੍ਹਕਦਾ ਹੈ।

ਵਿਆਹਿਆ ਪੁਰਸ਼ ਜਦੋਂ ਤਿਲ੍ਹਕਦਾ ਹੈ ਤਾਂ ਪਤਨੀ ਫੜ ਲੈਂਦੀ ਹੈ।

ਇਸਤਰੀ ਜਦੋਂ ਤਿਲ੍ਹਕਦੀ ਹੈ, ਉਹ ਬੱਚਿਆਂ ਨੂੰ ਘੁੱਟ ਕੇ ਫੜ ਲੈਂਦੀ ਹੈ।

ਤਿਲ੍ਹਕਣ ਤੋਂ ਬਚਣ ਵਾਸਤੇ ਵਿਦਿਆ, ਮਿਹਨਤ, ਬੱਚਤ, ਜਦੋਜਹਿਦ ਕਰਨ ਦੀ ਲੋੜ ਪੈਂਦੀ ਹੈ। ਤਿਲ੍ਹਕਣ ਵਿਚ ਪੱਕੇ ਪੈਰੀਂ ਖਲੋਣਾ ਮੁਸ਼ਕਲ ਬੜਾ ਹੈ ਪਰ ਅਸੰਭਵ ਨਹੀਂ।

www.quotesinpunjabi.ml

QuotesInPunjabi

391

ਇਕ ਤਾਨਾਸ਼ਾਹ ਨੇ ਦੇਸ਼ ਦੀਆਂ ਸਾਰੀਆਂ ਸ਼ਕਤੀਆਂ ਆਪਣੇ ਹੱਥ ਵਿਚ ਕਰ ਲਈਆਂ ਸਨ ਅਤੇ ਉਹ ਮਨਮਾਨੀ ਕਰਨ ਲੱਗ ਪਿਆ ਸੀ।

ਕੁਝ ਧਾਰਮਿਕ ਆਗੂਆਂ ਨੇ ਉਸ ਨੂੰ ਮਿਲ ਕੇ ਕਿਹਾ ਕਿ ਤੁਹਾਡੀਆਂ ਨੀਤੀਆਂ ਕਾਰਨ, ਦੇਸ਼ ਵਿਚ ਹਰ ਦੱਸ ਵਿਅਕਤੀਆਂ ਵਿਚੋਂ ਨੌਂ ਵਿਅਕਤੀ ਤੁਹਾਨੂੰ ਨਫ਼ਰਤ ਕਰਦੇ ਹਨ ਅਤੇ ਤੁਹਾਡੇ ਵਿਰੁੱਧ ਸੋਚਦੇ ਹਨ।

ਤਾਨਾਸ਼ਾਹ ਨੇ ਕਿਹਾ, ਉਨ੍ਹਾਂ ਦੀ ਨਫ਼ਰਤ ਦੀ ਮੈਨੂੰ ਪਰਵਾਹ ਨਹੀਂ।

ਜਦੋਂ ਮੈਂ, ਮੇਰੇ ਵਿਰੁਧ ਸੋਚਣ ਵਾਲੇ ਨੌਂ ਨੂੰ ਨਿਹੱਥੇ ਕਰਕੇ, ਦੱਸਵੇਂ ਦੇ ਹੱਥ ਬੰਦੂਕ ਫੜਾ ਦਿਆਂਗਾ ਤਾਂ ਉਹ ਨੌਂ ਵੀ ਮੇਰੇ ਹੱਕ ਵਿਚ ਸੋਚਣ ਲੱਗ ਪੈਣਗੇ। ਤੁਸੀਂ ਦਸੋ, ਤੁਸੀਂ ਮੇਰੇ ਹੱਕ ਵਿਚ ਸੋਚਦੇ ਹੋ ਕਿ ਵਿਰੁੱਧ ? ਉਨ੍ਹਾਂ ਨੇ ਇਕ-ਸੁਰ ਵਿਚ ਕਿਹਾ: ਅਸੀਂ ਤਾਂ ਤੁਹਾਡੇ ਹੱਕ ਵਿਚ ਹੀ ਸੋਚਦੇ ਹਾਂ, ਤਾਂ ਹੀ ਤਾਂ ਤੁਹਾਡੇ ਨਾਲ ਗੱਲਬਾਤ ਕਰਨ ਲਈ ਆਏ ਹਾਂ।

392

ਜਰਮਨੀ ਵਿਚ ਜਿੱਥੇ ਵੀ ਯਹੂਦੀ ਰਹਿੰਦੇ ਸਨ, ਉਨ੍ਹਾਂ ਉੱਤੇ ਹੋਰ ਲੋਕਾਂ ਨਾਲ ਮੇਲ-ਜੋਲ ਕਰਨ ਦੀ ਮਨਾਹੀ ਲੱਗ ਜਾਂਦੀ ਸੀ ਪਰ ਯਹੂਦੀਆਂ ਕੋਲ ਆਪਣੀ ਬਦਕਿਸਮਤੀ ਨੂੰ ਵਰਦਾਨ ਬਣਾਉਣ ਦਾ ਹੁਨਰ ਹੈ। ਇਸੇ ਗੁਣ ਕਾਰਨ ਦੋ ਹਜ਼ਾਰ ਸਾਲ ਭਟਕਣ ਦੇ ਬਾਵਜੂਦ, ਯਹੂਦੀ ਟੁੱਟੇ ਨਹੀਂ, ਮਿਟੇ ਨਹੀਂ।

ਮੇਲ-ਜੋਲ ਦੀ ਮਨਾਹੀ ਨੂੰ ਯਹੂਦੀ ਆਪਣੀ ਸ਼ਕਤੀ ਬਣਾ ਲੈਂਦੇ ਸਨ ਅਤੇ ਇਵੇਂ ਉਨ੍ਹਾਂ ਨੇ ਸਵੈ-ਨਿਰਭਰ ਹੋਣਾ ਸਿੱਖਿਆ ਅਤੇ ਆਪਣੇ ਸਭਿਆਚਾਰ ਨੂੰ ਬੁੱਧ ਰੱਖਣ ਦਾ ਉਪਰਾਲਾ ਕੀਤਾ। ਉਨ੍ਹਾਂ ਨੂੰ ਕਿਧਰੇ ਜਾਣ ਦੀ ਆਗਿਆ ਨਹੀਂ ਸੀ, ਉਨ੍ਹਾਂ ਨੂੰ ਕਿਸੇ ਨੂੰ ਮਿਲਣ ਦੀ ਆਗਿਆ ਨਹੀਂ ਸੀ। ਜਿਸ ਕਾਰਨ ਸਾਦੇ ਜੀਵਨ ਅਤੇ ਸੋਕੋਚਵੀਆਂ ਅਤੇ ਸੰਜਮੀ ਆਦਤਾਂ ਕਾਰਨ, ਉਨ੍ਹਾਂ ਕੋਲ ਪੈਸਾ ਜੁੜਿਆ।

ਪਾਬੰਦੀ ਯਹੂਦੀਆਂ ਉਤੇ ਸੀ, ਦੂਜੇ ਲੋਕ ਉਨ੍ਹਾਂ ਕੋਲ ਆ ਜਾ ਸਕਦੇ ਸਨ। ਦੂਜੇ ਲੋਕ ਉਨ੍ਹਾਂ ਤੋਂ ਆਪਣੀਆਂ ਲੋੜਾਂ ਅਨੁਸਾਰ ਪੈਸਾ ਲੈ ਜਾਂਦੇ ਸਨ। ਲੋਕ ਯਹੂਦੀਆਂ ਨਾਲ ਵਰਤਦੇ ਸਨ, ਉਨ੍ਹਾਂ ਨਾਲ ਵਰਤਣ ਤੋਂ ਬਿਨਾਂ ਉਨ੍ਹਾਂ ਦਾ ਗੁਜ਼ਾਰਾ ਨਹੀਂ ਸੀ। ਜਿਸ ਭਾਓ ਤੇ ਯਹੂਦੀ ਚੀਜ਼ਾਂ ਵੇਚਦੇ ਸਨ, ਉਸ ਭਾਓ 'ਤੇ ਕਿਧਰੇ ਨਹੀਂ ਸਨ ਮਿਲਦੀਆਂ।

ਮਜਬੂਰੀਆਂ ਕਾਰਨ ਯਹੂਦੀ ਆਪਸ ਵਿਚ ਜੁੜ ਗਏ ਅਤੇ ਕਈ ਵਾਰੀ ਕਿਸੇ ਗਲੀ-ਮੁਹੱਲੇ ਦੇ ਸਾਰੇ ਯਹੂਦੀ ਆਪਸ ਵਿਚ ਰਿਸ਼ਤੇਦਾਰ ਹੁੰਦੇ ਸਨ। ਆਪਸ ਵਿਚ ਵਿਆਹ ਹੋਣ ਕਰਕੇ, ਦੌਲਤ ਉਨ੍ਹਾਂ ਵਿਚ ਆਪਣੇ ਕੋਲ ਹੀ ਰਹੀ।

ਪੈਸੇ ਦੇ ਸੁਭਾਓ ਨੂੰ ਸੰਸਾਰ ਵਿਚ ਜਿਤਨੀ ਸੂਖਮਤਾ ਨਾਲ ਯਹੂਦੀ ਸਮਝਦੇ ਹਨ, ਕੋਈ ਸਮਝ ਨਹੀਂ ਸਕਦਾ। ਪੈਸੇ ਨੂੰ ਜਿਸ ਸਿਆਣਪ ਨਾਲ ਯਹੂਦੀਆਂ ਨੇ ਵਰਤਿਆ ਹੈ, ਕੋਈ ਨਹੀਂ ਵਰਤ ਸਕਿਆ। ਯੋਰਪ ਦੇ ਸਾਰੇ ਵੱਡੇ ਬੈਂਕ ਯਹੂਦੀਆਂ ਦੇ ਹਨ। ਸਾਰੇ ਦੇਸ਼ਾਂ ਦੇ ਬਾਦਸ਼ਾਹ,

www.quotesinpunjabi.ml

QuotesInPunjabi

ਇਨ੍ਹਾਂ ਦੇ ਬੈਂਕਾਂ ਦੇ ਕਰਜ਼ਦਾਰ ਰਹੇ ਹਨ। ਇਹ ਸੰਸਾਰ ਦੇ ਵੱਡੇ ਧਨਾਢ ਅਤੇ ਦੌਲਤਮੰਦ ਬਣ ਗਏ, ਦੂਜੇ ਇਨ੍ਹਾਂ ਨੂੰ ਕੰਜੂਸ ਹੀ ਸਿੱਧ ਕਰਦੇ ਰਹੇ।

ਯਹੂਦੀ ਆਪਣੇ ਵਪਾਰ ਵਿਚ ਪੁੱਤਰਾਂ-ਧੀਆਂ, ਭਾਣਜਿਆਂ, ਭਤੀਜਿਆਂ ਨੂੰ ਲਾਉਂਦੇ ਰਹੇ, ਜਿਸ ਨਾਲ ਹਰ ਕੋਈ ਧਨਾਢ ਹੋ ਨਿਬੜਿਆ।

ਲੋਕਾਂ ਕੋਲ ਪੈਸਾ ਹੁੰਦਾ ਹੈ, ਯਹੂਦੀਆਂ ਕੋਲ ਬੈਂਕ ਹਨ।

ਬੈਂਕ ਦਾ ਸੰਕਲਪ ਯਹੂਦੀ ਸੰਕਲਪ ਹੈ।

ਯਹੂਦੀਆਂ ਕੋਲ ਸਰਾਪ ਨੂੰ ਵਰਦਾਨ ਬਣਾਉਣ ਦਾ ਹੁਨਰ ਹੈ।

393

ਡਾਕਟਰ ਮਈਓ ਬੜਾ ਪ੍ਰਸਿੱਧ ਡਾਕਟਰ ਸੀ। ਉਹ ਇਲਾਜ ਹੀ ਨਹੀਂ ਸੀ ਕਰਦਾ, ਉਹ ਮਰੀਜ਼ਾਂ ਦੇ ਦਿਲ ਵੀ ਜਿੱਤਦਾ ਸੀ।

ਇਕ ਜਵਾਨ ਲੜਕੇ ਦਾ ਓਪਰੇਸ਼ਨ ਕਰਨ ਦੀ ਲੋੜ ਸੀ ਪਰ ਬੇਰੋਜ਼ਗਾਰ ਹੋਣ ਕਾਰਨ, ਉਸ ਕੋਲ ਪੈਸੇ ਨਹੀਂ ਸਨ ਅਤੇ ਮਾਪੇ ਵੀ ਮਦਦ ਕਰਨ ਦੀ ਹਾਲਤ ਵਿਚ ਨਹੀਂ ਸਨ। ਡਾਕਟਰ ਨੇ ਉਸ ਨੂੰ ਕਿਹਾ: ਤੂੰ ਜਦੋਂ ਠੀਕ ਹੋ ਕੇ ਕੰਮ ਕਰੇਂਗਾ ਅਤੇ ਪੈਸੇ ਕਮਾਏਂਗਾ ਤਾਂ ਕਮਾਏ ਪੈਸਿਆਂ ਵਿਚੋਂ ਤੂੰ ਹਰ ਮਹੀਨੇ, ਦੋ ਸਾਲ ਵਾਸਤੇ ਮੈਨੂੰ ਇਕ ਹਜ਼ਾਰ ਰੁਪਏ ਭੇਜਿਆ ਕਰੀਂ। ਲੜਕੇ ਨੇ ਇਵੇਂ ਹੀ ਕੀਤਾ, ਉਹ ਨੇਮ ਨਾਲ ਹਰ ਮਹੀਨੇ ਹਜ਼ਾਰ ਰੁਪਇਆ ਭੇਜਦਾ ਰਿਹਾ। ਜਦੋਂ ਅਖੀਰਲੇ ਹਜ਼ਾਰ ਰੁਪਏ ਆਏ ਤਾਂ ਡਾਕਟਰ ਨੇ ਇਕ ਖ਼ਤ ਲਿਖਿਆ ਕਿ ਤੂੰ ਆਪਣੇ ਵਾਅਦੇ ਦਾ ਪੱਕਾ ਨਿਕਲਿਆ ਹੈਂ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੈਂ ਇਕ ਕਾਮਯਾਬ ਹੋਣ ਵਾਲੇ ਜਵਾਨ ਦਾ ਓਪਰੇਸ਼ਨ ਕੀਤਾ ਸੀ। ਇਨ੍ਹਾਂ ਪੈਸਿਆਂ ਨੂੰ ਬੈਂਕ ਵਿਚ ਜਮ੍ਹਾਂ ਕਰਵਾਈਂ, ਇਨ੍ਹਾਂ ਨੂੰ ਵਧਣ ਦੇਈਂ ਅਤੇ ਲੋੜਵੰਦਾਂ ਦੀ, ਇਨ੍ਹਾਂ ਪੈਸਿਆਂ ਨਾਲ ਮਦਦ ਕਰੀਂ।

ਲੜਕੇ ਨੇ ਚੌਵ੍ਹੀ ਹਜ਼ਾਰ ਰੁਪਏ ਭੇਜੇ ਸਨ ਪਰ ਡਾਕਟਰ ਨੇ ਉਸ ਵਲ ਲਿਖੇ ਆਪਣੇ ਖ਼ਤ ਨਾਲ ਪੰਝੀ ਹਜ਼ਾਰ ਰੁਪਏ ਦਾ ਚੈਕ ਲਾਇਆ ਹੋਇਆ ਸੀ।

394

ਇਹ ਭੁਲੇਖਾ ਹੁੰਦਾ ਹੈ ਕਿ ਬਾਜ਼ਾਰ ਵਿਚ ਅਸੀਂ ਆਪਣੀ ਮਰਜ਼ੀ ਨਾਲ ਜਾਂਦੇ ਹਾਂ ਅਤੇ ਉਥੇ ਅਸੀਂ ਆਪਣੀ ਪਸੰਦ ਅਨੁਸਾਰ ਚੀਜ਼ਾਂ ਖਰੀਦਦੇ ਹਾਂ।

ਅਸਲ ਵਿਚ ਜਿਸ ਨੂੰ ਅਸੀਂ ਆਪਣੀ ਪਸੰਦ ਕਹਿੰਦੇ ਹਾਂ, ਉਸ ਦਾ ਨਿਰਣਾ ਚੀਜ਼ਾਂ ਵੇਚਣ ਵਾਲੀਆਂ ਕੰਪਨੀਆਂ ਕਰਦੀਆਂ ਹਨ। ਉਹ ਸਾਨੂੰ ਆਪਣੀਆਂ ਚੀਜ਼ਾਂ ਵੀ ਵੇਚਦੀਆਂ ਹਨ ਅਤੇ ਸਾਡੀ ਪਸੰਦ ਦਾ ਨਿਰਣਾ ਵੀ ਕਰਦੀਆਂ ਹਨ।

ਉਦਾਹਰਣ ਵਜੋਂ ਸਾਰੀਆਂ ਕਾਰਾਂ ਇਕੋ ਨੇਮ ਅਨੁਸਾਰ ਚਲਦੀਆਂ ਹਨ। ਕੇਵਲ ਕੀਮਤਾਂ ਵਿਚ ਅੰਤਰ ਹੁੰਦਾ ਹੈ, ਪਰ ਕਾਰ-ਕੰਪਨੀਆਂ ਸਾਡੇ ਲਈ ਇਹ ਭਰਮ ਸਿਰਜਦੀਆਂ ਹਨ ਕਿ ਅਸੀਂ ਆਪਣੀ ਕਾਰ, ਦਰਜਨਾਂ ਕਾਰਾਂ ਵਿਚੋਂ ਚੁਣੀ ਹੈ।

www.quotesinpunjabi.ml

QuotesInPunjabi

ਸਾਡੀ ਪਸੰਦ ਵਿਚ ਸਾਡਾ ਕੋਈ ਤਰਕ ਨਹੀਂ ਹੁੰਦਾ। ਸਾਡੀ ਚੋਣ ਵਿਚ ਕੋਈ ਵੰਨ-ਸੁਵੰਨਤਾ ਵੀ ਨਹੀਂ ਹੁੰਦੀ। ਜੇ ਵੰਨ-ਸੁਵੰਨਤਾ ਅਨੰਤ ਹੋਵੇ ਤਾਂ ਅਸੀਂ ਕੋਈ ਚੀਜ਼ ਖਰੀਦ ਹੀ ਨਹੀਂ ਸਕਾਂਗੇ। ਵੰਨ-ਸੁਵੰਨਤਾ ਉਤੇ ਸੀਮਾ ਸਾਡੀ ਜੇਬ ਨਿਰਧਾਰਤ ਕਰਦੀ ਹੈ। ਸਾਡੀ ਜੇਬ ਨਿਰਣਾ ਕਰਦੀ ਹੈ ਕਿ ਅਸੀਂ ਕਿਹੜੇ ਬਾਜ਼ਾਰ ਜਾਵਾਂਗੇ, ਬਾਜ਼ਾਰ ਦੀਆਂ ਕਿਹੜੀਆਂ ਦੁਕਾਨਾਂ ਵਿਚ ਜਾਵਾਂਗੇ, ਕੀ ਖਰੀਦਾਂਗੇ, ਕਿਤਨਾ ਖਰੀਦਾਂਗੇ।

ਸੱਚਾਈ ਇਹ ਹੈ ਕਿ ਜਿਸ ਨੂੰ ਅਸੀਂ ਆਪਣੀ ਪਸੰਦ ਕਹਿੰਦੇ ਹਾਂ, ਉਹ ਸਾਡੀ ਭਾਵਕਤਾ ਦੀ ਸਿਰਜੀ ਹੁੰਦੀ ਹੈ। ਤੁਸੀਂ ਕੁਝ ਖਰੀਦ ਲਓ, ਖਰੀਦਣ ਤੋਂ ਕੁਝ ਦਿਨ ਮਗਰੋਂ ਹੀ ਲਗਣ ਲੱਗ ਜਾਏਗਾ ਕਿ ਇਹ ਚੀਜ਼ ਨਹੀਂ, ਉਹ ਚੀਜ਼ ਖਰੀਦਣੀ ਸੀ।

ਇਹ ਇਸ ਲਈ ਹੁੰਦਾ ਹੈ ਕਿ ਅਸੀਂ, ਜਿਨ੍ਹਾਂ ਫੈਸਲਿਆਂ ਨੂੰ ਬੜੇ ਤਾਰਕਿਕ ਸਮਝਦੇ ਹਾਂ ਉਹ ਅਕਸਰ ਨਿਰੋਲ ਭਾਵਕ ਹੁੰਦੇ ਹਨ।

395

ਤਾਨਾਸ਼ਾਹਾਂ ਦਾ ਡਰ ਹੁੰਦਾ ਹੈ, ਸਤਿਕਾਰ ਨਹੀਂ ਹੁੰਦਾ।

ਮੁਸੋਲਿਨੀ ਇਟਲੀ ਦਾ ਜ਼ਾਲਮ ਤਾਨਾਸ਼ਾਹ ਸੀ। ਇਕ ਵਾਰੀ ਕਿਧਰੇ ਜਾ ਰਿਹਾ ਸੀ ਕਿ ਕਾਰ ਖਰਾਬ ਹੋ ਗਈ। ਮਕੈਨਿਕ ਨੇ ਦੱਸਿਆ ਕਿ ਦੋ ਘੰਟੇ ਲੱਗਣਗੇ। ਮੁਸੋਲਿਨੀ ਨੇੜੇ ਦੇ ਇਕ ਸਿਨੇਮੇ ਵਿਚ ਚਲਾ ਗਿਆ। ਉਦੋਂ ਫਿਲਮ ਖਤਮ ਹੋਣ 'ਤੇ ਮੁਸੋਲਿਨੀ ਦੀ ਤਸਵੀਰ ਵਿਖਾਈ ਜਾਂਦੀ ਸੀ, ਜਿਸ ਨੂੰ ਵੇਖ ਕੇ ਸਾਰੇ ਦਰਸ਼ਕ ਖੜ੍ਹੇ ਹੋ ਜਾਂਦੇ ਸਨ।

ਜਦੋਂ ਉਸ ਸਿਨੇਮੇ ਵਿਚ ਫਿਲਮ ਉਪਰੰਤ ਮੁਸੋਲਿਨੀ ਦੀ ਤਸਵੀਰ ਵਿਖਾਈ ਗਈ ਤਾਂ ਸਾਰੇ ਖੜ੍ਹੇ ਹੋ ਗਏ ਪਰ ਮੁਸੋਲਿਨੀ ਸੁਭਾਵਕ ਹੀ ਬੈਠਾ ਰਿਹਾ। ਉਸ ਨੂੰ ਬੈਠੇ ਨੂੰ ਵੇਖ ਕੇ ਸਿਨੇਮੇ ਦੇ ਮੈਨੇਜਰ ਨੇ ਉਸ ਕੋਲ ਜਾ ਕੇ ਕਿਹਾ: ਖੜ੍ਹਾ ਤਾਂ ਕੋਈ ਵੀ ਨਹੀਂ ਹੋਣਾ ਚਾਹੁੰਦਾ, ਪਰ ਤੁਹਾਡਾ ਬਚਾਓ ਅਤੇ ਭਲਾਈ ਇਸੇ ਵਿਚ ਹੈ ਕਿ ਖੜ੍ਹੇ ਹੋ ਜਾਓ।

396

ਚੈਕੋਸਲੋਵਾਕੀਆ ਦੀ ਜੰਗੀ ਕੈਦੀਆਂ ਦੀ ਜੇਲ੍ਹ ਵਿਚ ਪਹਿਰੇਦਾਰ, ਕੈਦੀਆਂ ਨਾਲ ਅਕਸਰ ਲੜਦੇ ਰਹਿੰਦੇ ਸਨ। ਪਹਿਰੇਦਾਰਾਂ ਨੂੰ ਪਤਾ ਸੀ ਕਿ ਜੰਗੀ ਕੈਦੀ ਬਹਾਦਰ ਸਨ, ਉਨ੍ਹਾਂ ਨੂੰ ਨੀਵਾਂ ਵਿਖਾਉਣ ਲਈ, ਪਹਿਰੇਦਾਰ ਉਨ੍ਹਾਂ ਨੂੰ ਤੰਗ-ਪਰੇਸ਼ਾਨ ਕਰਦੇ ਰਹਿੰਦੇ ਸਨ। ਕਈ ਵਾਰੀ ਅੱਧੀ ਰਾਤ ਵੇਲੇ ਉਨ੍ਹਾਂ ਦੀ ਤਲਾਸ਼ੀ ਲੈਣ ਲੱਗ ਪੈਂਦੇ ਸਨ। ਕਈ ਵਾਰੀ ਅਚਾਨਕ ਉਨ੍ਹਾਂ ਦੀ ਬੈਰਕ ਦੀ ਅਦਲਾ-ਬਦਲੀ ਕਰ ਦਿੰਦੇ ਸਨ।

ਸਮੱਸਿਆ ਕੈਦੀਆਂ ਦੀ ਨਹੀਂ ਸੀ, ਪਹਿਰੇਦਾਰਾਂ ਦੀ ਸੀ।

ਇਕ ਵਾਰੀ ਕੈਦੀਆਂ ਨੇ, ਪਹਿਰੇਦਾਰਾਂ ਨੂੰ, ਉਨ੍ਹਾਂ ਨਾਲ ਦੌੜ ਲਾਉਣ ਲਈ ਵੰਗਾਰਿਆ। ਦੌੜ ਵਾਲੇ ਦਿਨ ਤੋਂ ਪਹਿਲੀ ਰਾਤ, ਇੱਕ ਸਿਆਣੇ ਕੈਦੀ ਨੇ ਦੌੜ ਵਿਚ ਭਾਗ ਲੈਣ ਵਾਲੇ ਕੈਦੀਆਂ ਨੂੰ ਕਿਹਾ: ਅਸੀਂ ਪਹਿਰੇਦਾਰਾਂ ਨੂੰ ਜਿਤਾਉਣਾ ਹੈ। ਇਹ ਬੁੱਢੇ ਗਾਰਡ ਜਿੱਤ ਕੇ ਸਾਡੇ

www.quotesinpunjabi.ml

QuotesInPunjabi
ਕੰਮ ਆਉਣਗੇ। ਅਸੀਂ ਦੌੜਨਾ ਪੂਰੀ ਤਾਕਤ ਨਾਲ ਹੈ ਪਰ ਅਖੀਰ 'ਤੇ ਆਪ ਪਿਛੇ ਰਹਿ ਕੇ ਇਨ੍ਹਾਂ ਨੂੰ ਜਿਤਾ ਕੇ ਇਕ ਪ੍ਰਕਾਰ ਦਾ ਮਖੌਲ ਕਰਨਾ ਹੈ।

ਹੁਣ ਇਹ ਸਾਡੇ ਲਾਰਡ ਹਨ, ਫਿਰ ਇਹ ਕੇਵਲ ਗਾਰਡ ਬਣ ਜਾਣਗੇ।

ਦੌੜ ਲੱਗੀ, ਪਹਿਲਾਂ ਕੈਦੀ ਤੇਜ਼ ਦੌੜੇ ਪਰ ਜਲਦੀ ਹੀ, ਕੋਈ ਕੈਦੀ ਡਿੱਗ ਪਿਆ, ਕੋਈ ਹਫ ਕੇ ਬਹਿ ਗਿਆ, ਕੋਈ ਕਿਸੇ ਆਪਣੇ ਨਾਲ ਟਕਰਾ ਗਿਆ ਅਤੇ ਦੋਵੇਂ ਡਿੱਗ ਪਏ ਅਤੇ ਕੋਈ ਗਲਤੀ ਨਾਲ ਕਿਸੇ ਹੋਰ ਪਾਸੇ ਹੀ ਨਿਕਲ ਗਿਆ।

ਗਾਰਡ ਜਿੱਤ ਗਏ, ਉਨ੍ਹਾਂ ਦੀ ਹਉਮੈ ਸ਼ਾਂਤ ਹੋ ਗਈ, ਉਹ ਜੇਤੂ ਹੋਣ ਦਾ ਮਾਣ ਕਰਨ ਲੱਗ ਪਏ ਸਨ ਅਤੇ ਹਾਰੇ ਹੋਏ ਕੈਦੀਆਂ ਪ੍ਰਤੀ ਤਰਸ ਅਤੇ ਹਮਦਰਦੀ ਵਿਖਾ ਕੇ ਆਪਣੇ ਤਾਕਤਵਰ ਹੋਣ ਦਾ ਭਰਮ ਪਾਲਣ ਲੱਗ ਪਏ ਸਨ।

ਇਸ ਭਰਮ ਕਾਰਨ, ਕੈਦੀਆਂ ਦਾ ਜੀਵਨ ਸੁਖਾਲਾ ਹੋ ਗਿਆ ਸੀ।

397

ਜਿਨ੍ਹਾਂ ਵਿਚ ਕੁਝ ਮਹੱਤਵਪੂਰਨ ਕਰਨ ਦੀ ਤਾਂਘ ਹੁੰਦੀ ਹੈ, ਸਭ ਤੋਂ ਪਹਿਲਾਂ ਉਹ ਆਪਣੇ ਆਪ ਨੂੰ ਭੀੜ ਤੋਂ ਨਿਖੇੜਦੇ ਹਨ। ਇਵੇਂ ਕਰਨ ਨਾਲ, ਉਨ੍ਹਾਂ ਦਾ ਰਾਹ ਅਤੇ ਨਿਸ਼ਾਨਾ ਵੱਖਰਾ ਹੋ ਜਾਂਦਾ ਹੈ। ਉਹ ਆਪਣੇ ਜੀਵਨ ਨੂੰ ਵਿਉਂਤਦੇ ਹਨ, ਜਿਸ ਨੂੰ ਆਮ ਸ਼ਬਦਾਂ ਵਿਚ ਆਦਰਸ਼ ਉਸਾਰਨਾ ਕਹਿੰਦੇ ਹਨ। ਉਹ ਮਾਣ ਨਾਲ ਚੱਲਦੇ ਹਨ, ਸਤਿਕਾਰ ਕਰਦੇ ਹਨ, ਸਤਿਕਾਰ ਕਰਵਾਉਂਦੇ ਹਨ। ਉਨ੍ਹਾਂ ਦੇ ਸਵੈ-ਵਿਸ਼ਵਾਸ ਕਾਰਨ ਰਸਤੇ ਬਣਦੇ ਜਾਂਦੇ ਹਨ।

ਸੰਸਾਰ ਨੂੰ ਆਪਣਾ ਰਾਹ ਆਪ ਬਣਾਉਣ ਵਾਲੇ, ਨਵੇਂ ਦਿਸਹੱਦੇ ਸਿਰਜਣ ਵਾਲੇ, ਨਵੇਂ ਮੋਰਚੇ ਫਤਹਿ ਕਰਨ ਵਾਲੇ ਯੋਧੇ ਚੰਗੇ ਲਗਦੇ ਹਨ।

ਇਨ੍ਹਾਂ ਦੀ ਪਛਾਣ ਇਹ ਹੁੰਦੀ ਹੈ ਕਿ ਇਹ ਇਕੱਲੇ ਹੀ ਨਿਕਲਦੇ ਹਨ।

ਨਿਆਰੇ ਹੋਣ ਤੋਂ ਪਹਿਲਾਂ ਇਕੱਲੇ ਹੋਣਾ ਲਾਜ਼ਮੀ ਹੁੰਦਾ ਹੈ।

ਇਨ੍ਹਾਂ ਦਾ ਸਵੈ-ਵਿਸ਼ਵਾਸ ਹੀ ਇਨ੍ਹਾਂ ਦਾ ਰਾਹ ਪੱਧਰਾ ਕਰਦਾ ਜਾਂਦਾ ਹੈ।

ਸਵੈ-ਵਿਸ਼ਵਾਸ ਅਤੇ ਘਮੰਡ ਵਿਚ ਅੰਤਰ ਹੈ। ਘਮੰਡ ਵਿਰੋਧ ਉਪਜਾਉਂਦਾ ਹੈ, ਸਵੈ-ਵਿਸ਼ਵਾਸ ਰੋਅਬ ਉਪਜਾਉਂਦਾ ਹੈ।

ਲੋਕ ਤਾਕਤਵਰਾਂ ਅਤੇ ਸਿਆਣਿਆਂ ਦੇ ਰੋਅਬ ਨੂੰ ਮੰਨਦੇ ਹੀ ਨਹੀਂ, ਮਾਣਦੇ ਵੀ ਹਨ।

398

ਇਕ ਵਾਰੀ ਇਕ ਕੰਪਨੀ ਵਿਚ ਇਕ ਉੱਚੇ ਅਹੁਦੇ ਲਈ ਇੰਟਰਵਿਊ ਹੋਣੀ ਸੀ।

ਇੰਟਰਵਿਊ ਦੇਣ ਲਈ, ਮੁਕਾਬਲੇ ਵਾਲੀ ਇਕ ਕੰਪਨੀ ਦਾ ਅਧਿਕਾਰੀ ਵੀ ਪੇਸ਼ ਹੋਇਆ। ਇੰਟਰਵਿਊ ਕਰ ਰਹੇ ਕੰਪਨੀ ਦੇ ਮਾਲਕ ਨੇ ਉਸ ਦੀ ਇੰਟਰਵਿਊ ਕਰਨ ਤੋਂ ਬਿਨਾਂ ਹੀ, ਉਸ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਕਿ ਤੂੰ ਸਾਡੇ ਭੇਤ ਲੈਣ ਆਇਆ ਹੈਂ, ਅਸੀਂ ਤੈਨੂੰ ਨਹੀਂ ਰੱਖਣਾ, ਤੂੰ ਹੁਣੇ ਵਾਪਸ ਚਲਾ ਜਾਹ।

www.quotesinpunjabi.ml

QuotesInPunjabi

ਸਾਰਿਆਂ ਦੀ ਇੰਟਰਵਿਊ ਮੁੱਕਣ ਉਪਰੰਤ, ਮਾਲਕ ਜਦੋਂ ਬਾਹਰ ਆਇਆ ਤਾਂ ਉਸਨੇ ਵੇਖਿਆ ਕਿ ਦੂਜੀ ਕੰਪਨੀ ਦਾ ਉਹ ਵਿਅਕਤੀ ਅਜੇ ਵੀ ਉਥੇ ਬੈਠਾ ਸੀ। ਮਾਲਕ ਨੇ ਝਿੜਕ ਕੇ ਕਿਹਾ: ਤੂੰ ਅਜੇ ਗਿਆ ਨਹੀਂ ? ਮੈਂ ਤੈਨੂੰ ਕਿਹਾ ਸੀ, ਚਲਾ ਜਾਹ।

ਉਸ ਵਿਅਕਤੀ ਨੇ ਜਵਾਬ ਦਿੱਤਾ: ਮੈਂ ਤਾਂ ਇਸ ਲਈ ਬੈਠਾ ਹਾਂ, ਕਿਉਂਕਿ ਤੁਹਾਡੇ ਕਰਮਚਾਰੀ ਨੇ ਗਲਤੀ ਨਾਲ, ਮੈਨੂੰ ਸਫਰੀ ਭੱਤੇ ਦੇ ਸੌ ਰੁਪਏ ਵੱਧ ਦੇ ਦਿੱਤੇ ਹਨ। ਉਹ ਸੌ ਰੁਪਏ ਵਾਪਸ ਕਰਨ ਲਈ, ਮੈਂ ਉਸ ਨੂੰ ਉਡੀਕ ਰਿਹਾ ਹਾਂ।

ਮਾਲਕ ਉਸ ਨੂੰ ਅੰਦਰ ਲੈ ਗਿਆ ਅਤੇ ਨਿਯੁਕਤ ਕਰ ਲਿਆ।

399

ਦੋ ਕੀੜੀਆਂ ਜਾ ਰਹੀਆਂ ਸਨ, ਸਾਹਮਣਿਓਂ ਹਾਥੀ ਆ ਰਿਹਾ ਸੀ। ਇਕ ਨੇ ਦੂਜੀ ਨੂੰ ਕਿਹਾ: ਨੀ ਵੇਖ, ਕਿਤਨਾ ਵੱਡਾ ਹੈ, ਸਾਨੂੰ ਤਾਂ ਮਿੱਧ ਹੀ ਦੇਵੇਗਾ।

ਦੂਜੀ ਨੇ ਕਿਹਾ: ਡਰ ਨਾ, ਉਹ ਇਕੱਲਾ ਹੈ, ਅਸੀਂ ਦੋ ਹਾਂ।

ਇਕ ਹੋਰ ਦਿਨ, ਉਨ੍ਹਾਂ ਨੂੰ ਸਾਹਮਣਿਓਂ ਸ਼ੇਰ ਆਉਂਦਾ ਵਿਖਾਈ ਦਿੱਤਾ। ਇਕ ਨੇ ਦੂਜੀ ਨੂੰ ਕਿਹਾ: ਚੱਲ ਆਪਾਂ ਅੱਜ ਸ਼ੇਰ ਨੂੰ ਕੁੱਟੀਏ। ਦੂਜੀ ਨੇ ਕਿਹਾ: ਰਹਿਣ ਦੇ, ਲੋਕ ਕਹਿਣਗੇ, ਵਿਚਾਰੇ ਇਕੱਲੇ ਨੂੰ ਵੇਖ ਕੇ ਦੋਹਾਂ ਨੇ ਕੁੱਟ ਦਿੱਤਾ।

ਇਕ ਹੋਰ ਦਿਨ, ਕਿਧਰੇ ਜਾਂਦਿਆਂ, ਇਕ ਕੀੜੀ ਨੇ ਦੂਜੀ ਨੂੰ ਪੁੱਛਿਆ: ਤੂੰ ਪਰੀਆਂ ਵੇਖੀਐਂ ? ਦੂਜੀ ਨੇ ਕਿਹਾ: ਨੀ ਹੌਲੀ ਬੋਲ, ਕੋਈ ਆਪਾਂ ਨੂੰ ਵੇਖ ਨਾ ਲਵੇ।

400

ਰੱਖੜੀ ਹੁੰਦੀ ਤਾਂ ਧਾਗਾ ਹੀ ਹੈ ਪਰ ਇਸ ਧਾਗੇ ਦੀ ਅਸਲ ਤਾਕਤ ਮੁਸ਼ਕਲ, ਮੁਸੀਬਤ ਅਤੇ ਸੰਕਟ ਵਿਚ ਉਘੜਦੀ ਹੈ।

ਮੇਵਾੜ ਦੀ ਮਹਾਰਾਣੀ, ਕਰਮਾਵਤੀ ਨੂੰ ਮੁਸਲਿਮ ਨਵਾਬ, ਬਹਾਦਰ ਸ਼ਾਹ ਤੰਗ ਕਰਦਾ ਸੀ। ਮਹਾਰਾਣੀ ਨੇ ਹਮਾਯੂੰ ਨੂੰ ਰੱਖੜੀ ਭੇਜੀ। ਹਮਾਯੂੰ ਨੇ ਉੱਜ ਰਾਜਪੂਤ ਮਹਾਰਾਣੀ ਦੀ ਰਾਖੀ ਨਹੀਂ ਸੀ ਕਰਨੀ ਪਰ ਇਹ ਰਾਖੀ, ਰੱਖੜੀ ਨੇ ਕਰਵਾਈ। ਹਮਾਯੂੰ ਫੌਜ ਲੈ ਕੇ ਆਇਆ ਅਤੇ ਉਸ ਨੇ ਬਹਾਦਰ ਸ਼ਾਹ ਨੂੰ ਭਜਾ ਦਿੱਤਾ।

ਪਟਿਆਲੇ ਦੇ ਮਹਿਦਰਾ ਕਾਲਜ ਵਿਚ ਪਹਿਲਾਂ ਲੜਕੀਆਂ ਨੂੰ ਦਾਖਲ ਨਹੀਂ ਸੀ ਕੀਤਾ ਜਾਂਦਾ। ਜਦੋਂ ਲੜਕੀਆਂ ਲਈ ਦਾਖਲਾ ਖੁੱਲ੍ਹਿਆ ਤਾਂ ਪਹਿਲੇ ਸਾਲ ਕੇਵਲ ਇਕ ਲੜਕੀ ਦਾਖਲ ਹੋਈ, ਜਿਸ ਨੂੰ ਲੜਕੇ ਪਰੇਸ਼ਾਨ ਕਰਦੇ ਸਨ। ਉਸ ਲੜਕੀ ਨੇ ਕਾਲਜ ਦੇ ਸਭ ਤੋਂ ਲੜਾਕੇ ਲੜਕੇ ਨੂੰ ਰੱਖੜੀ ਬੰਨ੍ਹੀ, ਉਸ ਉਪਰੰਤ, ਉਹ ਕਾਲਜ ਵਿਚ ਮਲਕਾ ਵਿਕਟੋਰੀਆ ਵਾਂਗ ਰਹੀ ਅਤੇ ਅਗਲੇ ਹੀ ਸਾਲ ਕਾਲਜ ਵਿਚ ਲੜਕੀਆਂ ਦੀ ਗਿਣਤੀ ਤਿੰਨ ਸੌ ਹੋ ਗਈ, ਕਿਉਂਕਿ ਉਸ ਲੜਕੇ ਨੇ ਰੱਖੜੀ ਦੀ ਲਾਜ ਰੱਖੀ ਸੀ।

ਲੜਕੀਆਂ ਦੇ ਇਕ ਕਾਲਜ ਬਾਹਰ, ਸ਼ਰਾਰਤੀ ਲੜਕਿਆਂ 'ਤੇ ਨਜ਼ਰ ਰੱਖਣ ਲਈ, ਦੋ ਸਿਪਾਹੀ ਲਾਏ ਗਏ। ਦੋਹਾਂ ਦੀਆਂ ਭੈਣਾਂ ਕਾਲਜ ਵਿਚ ਪੜ੍ਹਦੀਆਂ ਸਨ। ਉਨ੍ਹਾਂ ਸਿਪਾਹੀਆਂ

www.quotesinpunjabi.ml

QuotesInPunjabi

ਨੇ ਬੜੀ ਸੁਹਿਰਦਤਾ ਨਾਲ ਕਰਤੱਵ ਪਾਲਿਆ ਅਤੇ ਰੱਖੜੀ ਵਾਲੇ ਦਿਨ, ਉਨ੍ਹਾਂ ਦੋਹਾਂ ਦੀਆਂ ਦੋਵੇਂ ਕਲਾਈਆਂ, ਰੱਖੜੀਆਂ ਨਾਲ ਭਰੀਆਂ ਪਈਆਂ ਸਨ।

401

ਅਮੀਰ ਦੇਸ਼ਾਂ ਵਿਚ ਰਾਜਨੀਤੀ ਦੇ ਖੇਤਰ ਵਿੱਚ ਅਮੀਰ ਲੋਕ ਜਾਂਦੇ ਹਨ ਤਾਂ ਕਿ ਉਹ ਦੇਸ਼ ਨੂੰ ਹੋਰ ਅਮੀਰ ਬਣਾ ਸਕਣ।

ਗਰੀਬ ਦੇਸ਼ਾਂ ਵਿਚ ਲੋਕ ਰਾਜਨੀਤੀ ਵਿਚ ਅਮੀਰ ਹੋਣ ਲਈ ਜਾਂਦੇ ਹਨ।

ਅਮਰੀਕਾ ਵਿਚ ਕੈਲੀਫੋਰਨੀਆ ਤੋਂ ਚੁਣੇ ਸੰਸਦ ਦੇ ਇਕ ਮੈਂਬਰ ਨੂੰ ਰਿਸ਼ਵਤ ਲੈਣ ਦੇ ਜੁਰਮ ਵਿਚ ਅੱਠ ਸਾਲ ਦੀ ਕੈਦ ਹੋਈ ਤਾਂ ਅਦਾਲਤ ਨੇ ਸਾਰੇ ਪ੍ਰਾਪਤ ਤੋਹਫੇ, ਸਾਰੀ ਲਈ ਤਨਖਾਹ, ਰਿਸ਼ਵਤ ਦੀ ਸਾਰੀ ਰਕਮ ਅਤੇ ਜੁਰਮਾਨੇ ਦੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਕਹਿੰਦਿਆਂ ਪੁੱਛਿਆ: ਤੁਹਾਨੂੰ ਠੰਡ ਨਹੀਂ ਲਗ ਰਹੀ ਸੀ, ਤੁਸੀਂ ਭੁੱਖ ਦਾ ਸ਼ਿਕਾਰ ਨਹੀਂ ਹੋ ਰਹੇ ਸੀ, ਤੁਸੀਂ ਫਿਰ ਵੀ ਰਿਸ਼ਵਤ ਲੈਣ ਦਾ ਕੁਕਰਮ ਕਿਉਂ ਕੀਤਾ ?

ਤੁਹਾਡਾ ਜੁਰਮ ਰਿਸ਼ਵਤ ਲੈਣ ਦਾ ਹੈ ਪਰ ਇਸ ਤੋਂ ਵੀ ਵੱਡਾ ਜੁਰਮ, ਰਾਜਨੀਤੀ ਵਿਚ ਇਮਾਨਦਾਰੀ ਨੂੰ ਬਦਨਾਮ ਕਰਨ ਦਾ ਹੈ।

402

ਭਾਰਤ ਵਿਚ ਧਰਮਾਂ ਨੇ ਪੈਸੇ ਨੂੰ ਨਿੰਦ-ਨਿੰਦ ਕੇ ਪੈਸੇ ਦਾ ਲਾਲਚ ਵਧਾ ਦਿੱਤਾ ਹੈ।

ਜਨਮਾਂ-ਜਨਮਾਂਤਰਾਂ ਦੀ ਭੁੱਖ ਦਹਾਕਿਆਂ ਵਿਚ ਨਹੀਂ ਮੁੱਕੇਗੀ।

ਭਾਰਤ ਵਿਚ ਜਦੋਂ ਤੱਕ ਦੌਲਤ ਉਪਜਾਉਣ ਵਾਲਿਆਂ ਦਾ ਸਤਿਕਾਰ ਨਹੀਂ ਹੁੰਦਾ, ਉਦੋਂ ਤੱਕ ਰਾਜਨੀਤੀ ਦਾ ਬੋਲਬਾਲਾ ਰਹੇਗਾ।

ਰਾਜਨੀਤੀ ਸਵਾਰਥ ਦਾ ਅਖਾੜਾ ਹੈ, ਰਾਜਨੀਤੀ ਦੀ ਧੁੰਦ ਕਾਰਨ ਭ੍ਰਿਸ਼ਟਾਚਾਰ ਹੈ। ਭਾਰਤ ਦੀ ਸਮੱਸਿਆ ਗਰੀਬੀ ਨਹੀਂ ਹੈ, ਭ੍ਰਿਸ਼ਟਾਚਾਰ ਹੈ।

ਜਿਨ੍ਹਾਂ ਦਾ ਕੰਮ ਭ੍ਰਿਸ਼ਟਾਚਾਰ ਰੋਕਣਾ ਹੈ, ਉਹ ਸਭ ਤੋਂ ਵੱਧ ਭ੍ਰਿਸ਼ਟ ਹਨ।

403

ਸਕੂਲ ਖੁੱਲ੍ਹਾ ਹੋਣਾ ਚਾਹੀਦਾ ਹੈ, ਕਿਉਂਕਿ ਸਕੂਲ ਬੱਚਿਆਂ ਨੂੰ ਇਕ ਨਵਾਂ ਦ੍ਰਿਸ਼ਟੀਕੋਣ ਦਿੰਦਾ ਹੈ। ਸਕੂਲ ਵਿਚ ਹੀ ਜ਼ਿੰਦਗੀ ਦੇ ਦਿਸਹੱਦੇ ਉਜਾਗਰ ਹੁੰਦੇ ਹਨ। ਸਕੂਲੀ ਸਿੱਖਿਆ ਸਭਿਅਤਾ ਸਿਖਾਉਂਦੀ ਹੈ, ਕਦਰਾਂ-ਕੀਮਤਾਂ ਦਾ ਸੰਚਾਰ ਕਰਦੀ ਹੈ, ਹੋਰਾਂ ਨਾਲ ਇਕਸੁਰਤਾ ਉਪਜਾਉਂਦੀ ਅਤੇ ਮਨੁੱਖ ਨੂੰ ਇਨਸਾਨ ਬਣਾਉਂਦੀ ਹੈ।

ਅਸਲੀ, ਕੀਮਤੀ ਅਤੇ ਮਹੱਤਵਪੂਰਨ ਪੜ੍ਹਾਈ, ਸਕੂਲ ਵਿੱਚ ਹੀ ਕੀਤੀ ਜਾਂਦੀ ਹੈ, ਜਿਥੇ ਸਾਡੇ ਚਰਿੱਤਰ ਦੀਆਂ ਨੀਹਾਂ ਉਸਰਦੀਆਂ ਹਨ, ਅਸੀਂ ਚੰਗੇ ਆਦਰਸ਼ਾਂ ਨਾਲ ਜੁੜਦੇ ਹਾਂ, ਇਥੇ ਹੀ ਜ਼ਿੰਦਗੀ ਵਿਚ ਕੁਝ ਕਰ ਵਿਖਾਉਣ ਦਾ ਸੁਪਨਾ ਬੁਣਿਆ ਜਾਂਦਾ ਹੈ।

www.quotesinpunjabi.ml

QuotesInPunjabi

ਇਮਾਨਦਾਰੀ, ਹਮਦਰਦੀ, ਨਿਮਰਤਾ, ਸਹਿਯੋਗ, ਸਹਿਹੋਂਦ, ਸਬਰ, ਸੰਜਮ, ਹੌਸਲਾ, ਬਹਾਦਰੀ ਆਦਿ ਜਿਹੇ ਗੁਣ ਜੇ ਸਕੂਲ ਵਿਚ ਨਾ ਉਸਾਰੇ ਜਾਣ ਤਾਂ ਇਨ੍ਹਾਂ ਦੀ ਘਾਟ ਸਾਰਾ ਜੀਵਨ ਮਨੁੱਖ ਨੂੰ ਪਰੇਸ਼ਾਨ ਕਰਦੀ ਰਹਿੰਦੀ ਹੈ।

ਸਕੂਲ ਦਾ ਖੁੱਲ੍ਹਾਪਣ ਵਿਸ਼ਾਲਤਾ ਦਾ ਪ੍ਰਭਾਵ ਪਾਉਂਦਾ ਹੈ ਅਤੇ ਭੇਦਭਾਵ ਮਿਟਾਉਂਦਾ ਹੈ। ਤੰਗ ਸਕੂਲਾਂ ਵਿਚ ਪੜ੍ਹਨ ਵਾਲੇ ਬੱਚੇ ਸੰਕੀਰਣ ਹੁੰਦੇ ਹਨ, ਉਨ੍ਹਾਂ ਦੀ ਸੋਚ ਹੀ ਛੋਟੀ ਨਹੀਂ ਹੁੰਦੀ, ਉਨ੍ਹਾਂ ਦਾ ਅਸਮਾਨ ਵੀ ਨੀਵਾਂ ਹੁੰਦਾ ਹੈ।

ਚੰਗਾ ਸਕੂਲ ਉਹ ਹੁੰਦਾ ਹੈ, ਜਿਥੇ ਕੋਈ ਵਿਅਕਤੀ ਆਪ ਪੜ੍ਹਿਆ ਹੁੰਦਾ ਹੈ ਅਤੇ ਉਥੇ ਹੀ ਉਹ ਆਪਣੇ ਪੁੱਤਰ ਨੂੰ ਵੀ ਦਾਖਲ ਕਰਵਾਉਣਾ ਚਾਹੁੰਦਾ ਹੈ। ਜਿਹੜਾ ਸਕੂਲ ਵਿਚ ਸਫਲ ਹੋ ਜਾਂਦਾ ਹੈ, ਉਹ ਜ਼ਿੰਦਗੀ ਵਿਚ ਅਸਫਲ ਨਹੀਂ ਹੁੰਦਾ।

404

ਜਿਹੜਾ ਖ਼ਵਾਬ ਮਾਂ ਨੇ ਅੱਖਾਂ ਮੀਚ ਕਰਕੇ ਵੇਖਿਆ ਸੀ, ਉਹ ਧੀ ਅੱਖਾਂ ਖੋਲ੍ਹ ਕੇ ਵੇਖ ਰਹੀ ਸੀ। ਧੀ ਦੇ ਕੰਨਾਂ ਵਿਚ ਗਿੱਧੇ ਦੀ ਆਵਾਜ਼ ਆਉਣ ਲੱਗ ਪਈ ਸੀ। ਰੰਗ-ਬਰੰਗੇ ਕੱਪੜੇ ਦਿਸਣ ਲੱਗ ਪਏ ਸਨ ਅਤੇ ਨਿੱਕੇ-ਨਿੱਕੇ ਹਾਸਿਆਂ ਵਾਲੀਆਂ ਉੱਚੀਆਂ-ਨੀਵੀਆਂ ਗੱਲਾਂ ਦੀਆਂ ਆਵਾਜ਼ਾਂ ਸਾਰੇ ਘਰ ਵਿਚੋਂ ਆਉਣ ਲੱਗ ਪਈਆਂ ਸਨ। ਚੁੱਪ-ਚੁਪੀਤਾ ਘਰ ਰੌਣਕ ਬਣ ਗਿਆ ਸੀ। ਸ਼ਰਮਾਉਣਾ ਰਜ਼ੀਆ ਨੂੰ ਚੰਗਾ ਲੱਗਣ ਲੱਗ ਪਿਆ ਸੀ। ਵਾਜੇ ਦੀ ਆਵਾਜ਼ ਨਾਲ ਸਾਰੇ ਲੋਕ ਦਹਿਲੀਜ਼ 'ਤੇ ਆ ਕੇ ਖਲੋ ਗਏ ਸਨ। ਰਜ਼ੀਆ ਅੰਦਰ ਹੀ ਬੈਠੀ ਸੀ, ਸੋਚਾਂ ਅਤੇ ਸੁਪਨਿਆਂ ਦੇ ਰੰਗ-ਬਰੰਗੇ ਪ੍ਰਛਾਵਿਆਂ ਵਿਚ ਘਿਰੀ ਹੋਈ।

ਪਹਿਲਾਂ ਸਾਰੇ ਅੰਦਰ ਹੁੰਦੇ ਸਨ ਅਤੇ ਉਹ ਦੌੜ ਕੇ ਬਾਹਰ ਇਕੱਲੀ ਆਉਂਦੀ ਸੀ।

ਅੱਜ ਸਾਰੇ ਬਾਹਰ ਖਲੋਤੇ ਸਨ ਅਤੇ ਉਹ ਇਕੱਲੀ ਅੰਦਰ ਬੈਠੀ ਸੀ।

ਮਾਂ ਨੇ ਰਜ਼ੀਆ ਦੀ ਪਸੰਦ ਨਕਾਰ ਦਿੱਤੀ ਸੀ ਅਤੇ ਗੁਜ਼ਰ ਗਏ ਅੱਬਾ ਅਤੇ ਖਾਨਦਾਨ ਦਾ ਵਾਸਤਾ ਪਾ ਕੇ ਆਪਣੀ ਮਰਜ਼ੀ ਨਾਲ ਲੜਕਾ ਪਸੰਦ ਕੀਤਾ ਸੀ, ਜਿਸ ਦੇ ਸਿਰ 'ਤੇ ਹੱਥ ਰੱਖ ਕੇ ਮਾਂ ਨੇ ਕਿਹਾ ਸੀ: ਮੈਂ ਰਜ਼ੀਆ ਦੇ ਹੱਥਾਂ 'ਤੇ ਮਹਿੰਦੀ ਦਾ ਇਤਜ਼ਾਮ ਕਰਦੀ ਹਾਂ ਤੂੰ ਆਪਣੇ ਮੱਥੇ 'ਤੇ ਸਿਹਰੇ ਦਾ ਬੰਦੋਬਸਤ ਕਰ।

ਰਜ਼ੀਆ ਨੂੰ ਕੋਈ ਹੋਰ ਪਸੰਦ ਸੀ ਪਰ ਉਹ ਦੂਜੇ ਧਰਮ ਦਾ ਸੀ। ਰਜ਼ੀਆ ਆਪਣੀ ਪਸੰਦ ਨੂੰ ਉਡੀਕ ਰਹੀ ਸੀ, ਕਿਉਂਕਿ ਉਸ ਨੇ ਆਉਣ ਦਾ ਵਾਅਦਾ ਕੀਤਾ ਸੀ। ਜੇ ਉਹ ਆ ਜਾਂਦਾ ਤਾਂ ਰਜ਼ੀਆ ਨੇ ਉਸ ਨਾਲ ਚਲੇ ਜਾਣਾ ਸੀ। ਉਹ ਦਿਲ ਦੇ ਦਰਿਆ ਵਿਚ ਗੋਤੇ ਖਾ ਰਹੀ ਸੀ। ਸੋਚ ਰਹੀ ਸੀ, ਆਪਣੇ ਦਿਲ ਦੀ ਗੱਲ ਮੰਨੇ ਕਿ ਮਾਂ ਦਾ ਕਿਹਾ ਮੰਨ ਲਵੇ। ਮਾਂ ਅਤੇ ਧੀ ਵਿਚ, ਮਾਂ-ਧੀ ਦਾ ਰਿਸ਼ਤਾ ਹੀ ਨਹੀਂ ਹੁੰਦਾ, ਔਰਤ ਹੋਣ ਦੀ ਸਾਂਝ ਵੀ ਹੁੰਦੀ ਹੈ।

ਔਰਤ ਲਈ ਵਿਆਹ, ਉਸ ਦੀ ਜ਼ਿੰਦਗੀ ਦੀ ਸਭ ਤੋਂ ਵੱਡੀ ਘਟਨਾ-ਦੁਰਘਟਨਾ ਹੁੰਦੀ ਹੈ। ਰਜ਼ੀਆ ਨੂੰ ਆਪਣੀ ਪਸੰਦ ਦੇ ਲੜਕੇ ਦੇ ਆ ਜਾਣ ਦੇ ਭੁਲੇਖੇ ਪੈ ਰਹੇ ਸਨ।

ਰਜ਼ੀਆ ਦੋ ਦਰਿਆਵਾਂ ਵਿਚਕਾਰ ਖਲੋਤੀ ਸੀ ਅਤੇ ਉਸ ਨੂੰ ਤੈਰਨਾ ਨਹੀਂ ਸੀ ਆਉਂਦਾ।

www.quotesinpunjabi.ml

QuotesInPunjabi
ਮਾਂ ਨੇ ਪਿਆਰ ਨਾਲ ਆਪਣਾ ਹੱਥ ਉਸ ਦੇ ਸਿਰ 'ਤੇ ਰੱਖਿਆ ਅਤੇ ਉਹ ਨਿੱਕੇ-ਨਿੱਕੇ ਕਦਮਾਂ ਨਾਲ ਟੁਰਨ ਲੱਗੀ, ਅੱਜ ਉਸ ਤੋਂ ਟੁਰਿਆ ਹੀ ਨਹੀਂ ਸੀ ਜਾ ਰਿਹਾ, ਜਦੋਂ ਕਿ ਪਹਿਲਾਂ ਉਹ ਦੌੜ ਕੇ ਬਾਹਰ ਜਾਇਆ ਕਰਦੀ ਸੀ।

ਫਾਸਲਾ ਬਹੁਤ ਲੰਮਾ ਨਹੀਂ ਸੀ ਪਰ ਫੈਸਲਾ ਬਹੁਤ ਵੱਡਾ ਸੀ।

ਰਜ਼ੀਆ ਨੇ ਵੇਖਿਆ, ਕੋਈ ਹੋਰ ਹੀ ਲੜਕਾ ਖਲੋਤਾ ਸੀ। ਸਾਰੇ ਚੁੱਪ ਸਨ, ਮਾਂ ਨੇ ਧੀ ਵਲ ਅਤੇ ਧੀ ਨੇ ਮਾਂ ਵੱਲ ਉਵੇਂ ਵੇਖਿਆ, ਜਿਵੇਂ ਪਹਿਲਾਂ ਕਦੇ ਨਹੀਂ ਸੀ ਵੇਖਿਆ। ਰਜ਼ੀਆ ਨੇ ਗੁਜ਼ੂੜੀਆਂ ਅੱਖਾਂ ਨਾਲ ਲੜਕੇ ਵਲ ਵੇਖਿਆ, ਜਿਵੇਂ ਜ਼ਿੰਦਗੀ ਵਿਚ ਕੇਵਲ ਇਕ ਵਾਰ ਵੇਖਿਆ ਜਾਂਦਾ ਹੈ ਅਤੇ ਇਕ ਵਾਰ ਹੀ ਵੇਖਣ ਦੀ ਲੋੜ ਪੈਂਦੀ ਹੈ। ਇਹ ਲੜਕਾ ਉਹ ਬਿਲਕੁਲ ਨਹੀਂ ਸੀ, ਜਿਸ ਨੂੰ ਉਹ ਦਰਵਾਜ਼ੇ ਪਿਛੋਂ ਵੇਖਿਆ ਕਰਦੀ ਸੀ।

ਇਕ ਚੀਖ਼ ਨਿਕਲੀ, ਸੈਨਾਟਾ ਛਾ ਗਿਆ, ਰਜ਼ੀਆ ਤਾਂ ਉਥੇ ਹੈ ਹੀ ਨਹੀਂ ਸੀ, ਰਜ਼ੀਆ ਢੇਰੀ ਹੋਈ ਪਈ ਸੀ, ਕਿਉਂਕਿ ਜਿਸ ਦੀ ਉਡੀਕ ਸੀ, ਉਹ ਨਹੀਂ ਸੀ ਆਇਆ।

ਜਿੱਥੋਂ ਡੋਲੀ ਟੁਰਨੀ ਹੋਵੇ, ਉਥੋਂ ਅਰਥੀ ਕੱਢਣੀ ਬੜੀ ਮੁਸ਼ਕਲ ਹੁੰਦੀ ਹੈ।

405

ਜਰਨੈਲ, ਜਰਨੈਲ ਦਾ ਸਤਿਕਾਰ ਕਰਦਾ ਹੈ। ਸਿਕੰਦਰ ਜਰਨੈਲ ਸੀ, ਪੋਰਸ ਵੀ ਜਰਨੈਲ ਸੀ। ਸਿਕੰਦਰ-ਪੋਰਸ ਵਿਚਕਾਰ ਵਾਰਤਾਲਾਪ, ਜਰਨੈਲਾਂ ਦਾ ਵਾਰਤਾਲਾਪ ਸੀ।

ਬੰਗਲਾਦੇਸ਼ ਦੀ ਲੜਾਈ ਸਮੇਂ ਪਾਕਿਸਤਾਨੀ ਫੌਜ ਦੇ ਜਰਨੈਲ ਨਿਆਜ਼ੀ ਨੇ ਹਥਿਆਰ ਸੁੱਟਣ ਉਪਰੰਤ, ਭਾਰਤੀ ਫੌਜ ਦੇ ਜਰਨੈਲ ਜਗਜੀਤ ਸਿੰਘ ਅਰੋੜਾ ਤੋਂ ਪੁੱਛਿਆ: ਮੈਂ ਕਿਹੋ ਜਿਹਾ ਲੜਿਆ? ਜਗਜੀਤ ਸਿੰਘ ਅਰੋੜਾ ਨੇ ਨਿਆਜ਼ੀ ਨੂੰ ਬੜੇ ਸਤਿਕਾਰ ਨਾਲ ਦੱਸਿਆ: ਜੇ ਮੈਂ ਤੁਹਾਡੀ ਥਾਂ ਹੁੰਦਾ ਤਾਂ ਮੈਂ ਤੁਹਾਡੇ ਨਾਲੋਂ ਬਿਹਤਰ ਨਹੀਂ ਸੀ ਲੜ ਸਕਣਾ, ਤੁਸੀਂ ਬੇਮਿਸਾਲ ਬਹਾਦਰੀ ਨਾਲ ਲੜੇ, ਤੁਹਾਡੀ ਬਹਾਦਰੀ ਨੂੰ ਮੈਂ ਸਲਾਮ ਕਰਦਾ ਹਾਂ।

406

ਇਕ ਵਾਰੀ ਇਕ ਗੁਫ਼ਾ ਵਿਚ ਰਹਿਣ ਵਾਲੇ ਭਿਖਸ਼ੂ ਦੀ ਆਪਣੇ ਸ਼ਗਿਰਦ ਨਾਲ ਨਾਰਾਜ਼ਗੀ ਹੋ ਗਈ ਅਤੇ ਭਿਖਸ਼ੂ ਨੇ ਚੇਲੇ ਨੂੰ ਉਥੋਂ ਚਲੇ ਜਾਣ ਲਈ ਕਿਹਾ।

ਸ਼ਗਿਰਦ ਚੁੱਪ ਕਰਕੇ ਚਲਾ ਗਿਆ ਪਰ ਗੁਫ਼ਾ ਦੇ ਬਾਹਰ ਬੈਠਾ ਰਿਹਾ। ਕਈ ਦਿਨ ਮਗਰੋਂ ਜਦੋਂ ਭਿਖਸ਼ੂ ਗੁਫ਼ਾ ਤੋਂ ਬਾਹਰ ਆਇਆ ਤਾਂ ਉਸ ਨੇ ਸ਼ਗਿਰਦ ਨੂੰ ਉਥੇ ਬੈਠੇ ਵੇਖਿਆ।

ਸ਼ਗਿਰਦ ਭਿਖਸ਼ੂ ਦੇ ਹੁਕਮ ਦੀ ਉਡੀਕ ਕਰ ਰਿਹਾ ਸੀ, ਉਸ ਨੇ ਭਿਖਸ਼ੂ ਨੂੰ ਕਿਹਾ: ਤੁਸੀਂ ਚਲੇ ਜਾਣ ਲਈ ਕਿਹਾ ਸੀ, ਮੈਂ ਪੁੱਛਣ ਲਈ ਬੈਠਾ ਹਾਂ, ਕਿਥੇ ਜਾਵਾਂ?

ਭਿਖਸ਼ੂ ਨੇ ਉਸ ਦੀ ਉਡੀਕ ਅਤੇ ਸ਼ਰਧਾ ਤੋਂ ਪ੍ਰਭਾਵਿਤ ਹੁੰਦਿਆਂ ਕਿਹਾ: ਕਿਧਰੇ ਨਹੀਂ ਜਾਣਾ, ਅੰਦਰ ਆ ਜਾ, ਤੇਰੇ ਸਬਰ ਅਤੇ ਉਡੀਕ ਨੇ ਮੇਰੀ ਸੰਕੀਰਣਤਾ ਅਤੇ ਮੇਰੇ ਗੁੱਸੇ ਨੂੰ ਜਿੱਤ ਲਿਆ ਹੈ। ਅੱਜ ਤੋਂ ਤੂੰ ਮੇਰਾ ਉਸਤਾਦ ਹੋਵੇਂਗਾ ਅਤੇ ਮੈਂ ਤੇਰਾ ਸ਼ਗਿਰਦ।

www.quotesinpunjabi.ml

QuotesInPunjabi

407

ਰਾਣੋ ਰੋਜ਼ ਅਰਦਾਸ ਕਰਿਆ ਕਰਦੀ ਸੀ, ਕਿਉਂਕਿ ਮਾਂ ਨੇ ਕਿਹਾ ਸੀ ਕਿ ਅਰਦਾਸ ਕਰਨ ਨਾਲ ਸਭ ਕੁਝ ਮਿਲ ਜਾਂਦਾ ਹੈ। ਜਦੋਂ ਉਹ ਨਿੱਕੀ ਜਿਹੀ ਸੀ ਤਾਂ ਉਹ ਨਿੱਕੀਆਂ-ਨਿੱਕੀਆਂ ਗੱਲਾਂ ਲਈ ਅਰਦਾਸਾਂ ਕਰਦੀ ਸੀ, ਜਿਵੇਂ ਉਸ ਨੇ ਇਮਤਿਹਾਨਾਂ ਵੇਲੇ ਅਰਦਾਸ ਕੀਤੀ ਸੀ ਕਿ ਉਸ ਦੀਆਂ ਸਾਰੀਆਂ ਸਹੇਲੀਆਂ ਦੇ ਇਮਤਿਹਾਨ ਚੰਗੇ ਹੋ ਜਾਣ।

ਜਦੋਂ ਉਹ ਵੱਡੀ ਹੋ ਗਈ ਤਾਂ ਉਸ ਦੀਆਂ ਅਰਦਾਸਾਂ ਵੀ ਬਦਲ ਗਈਆਂ।

ਇਕ ਵਾਰੀ ਉਸ ਨੇ ਅਰਦਾਸ ਕੀਤੀ ਕਿ ਲਕਸ਼ਮੀ ਮੈਡਮ ਬੀਮਾਰ ਪੈ ਜਾਣ, ਕਿਉਂਕਿ ਮੈਡਮ ਨੇ ਉਸ ਨੂੰ ਹੋਰਾਂ ਨਾਲੋਂ ਘੱਟ ਨੰਬਰ ਦਿੱਤੇ ਸਨ ਪਰ ਮੈਡਮ ਬੀਮਾਰ ਨਹੀਂ ਸੀ ਪਈ, ਸਗੋਂ ਹੋਰ ਵੀ ਤੰਦਰੁਸਤ ਲੱਗਣ ਲੱਗ ਪਈ ਸੀ।

ਇਕ ਦਿਨ ਸਵੇਰ ਦੀ ਪ੍ਰਾਰਥਨਾ ਵਿਚ ਦੋ ਲੜਕੀਆਂ ਬੇਹੋਸ਼ ਹੋ ਗਈਆਂ ਅਤੇ ਉਨ੍ਹਾਂ ਨੂੰ ਫਲਾਂ ਦਾ ਰਸ ਦਿੱਤਾ ਗਿਆ ਸੀ ਅਤੇ ਹਰ ਕਿਸੇ ਨੇ ਉਨ੍ਹਾਂ ਦਾ ਹਾਲ ਪੁੱਛਿਆ ਸੀ। ਰਾਣੋ ਨੇ ਅਰਦਾਸ ਕੀਤੀ ਸੀ ਕਿ ਉਹ ਵੀ ਬੇਹੋਸ਼ ਹੋ ਜਾਵੇ ਪਰ ਉਹ ਬੇਹੋਸ਼ ਨਾ ਹੋਈ।

ਇਕ ਵਾਰੀ ਉਸ ਦੀ ਸਹੇਲੀ ਆਸ਼ਾ ਦੀ, ਪੌੜੀਆਂ ਉਤਰਦਿਆਂ ਪੈਰ ਦੀ ਹੱਡੀ ਟੁੱਟ ਗਈ ਸੀ ਅਤੇ ਉਸ ਦੀ ਬੜੀ ਪੁੱਛ-ਪ੍ਰਤੀਤ ਹੋਈ ਸੀ, ਉਸ ਦੇ ਪਲੱਸਤਰ ਉਤੇ ਜਮਾਤਣਾਂ ਨੇ ਹਮਦਰਦੀ ਦੇ ਸੁਨੇਹੇ ਲਿਖੇ ਸਨ। ਰਾਣੋ ਨੇ ਰੱਬ ਨੂੰ ਸ਼ਿਕਾਇਤ ਕੀਤੀ, ਤੁਸੀਂ ਮੇਰੀ ਕੋਈ ਗੱਲ ਮੰਨਦੇ ਹੀ ਨਹੀਂ, ਤੁਸੀਂ ਮੇਰੀ ਹੱਡੀ ਹੀ ਤੋੜ ਦਿਓ, ਹੱਥ ਦੀ ਤੋੜ ਦਿਓ, ਨਹੀਂ ਹੱਥ ਨਾਲ ਤਾਂ ਮੈਂ ਸਿਤਾਰ ਵਜਾਉਣੀ ਹੁੰਦੀ ਹੈ, ਪੈਰ ਦੀ ਹੀ ਤੋੜਨੀ ਠੀਕ ਹੈ।

ਉਸਨੇ ਹੱਡੀ ਤੁੜਵਾਉਣ ਲਈ ਤਿੰਨ-ਤਿੰਨ ਪੌੜੀਆਂ ਤੋਂ ਛਲੱਪੇ ਮਾਰੇ, ਛਾਲਾਂ ਮਾਰੀਆਂ, ਬੜਾ ਕੁਝ ਕੀਤਾ ਪਰ ਹੱਡੀ ਨਾ ਟੁੱਟੀ।

ਜਦੋਂ ਰਾਣੋ ਦੀ ਪੜ੍ਹਾਈ ਮੁੱਕ ਗਈ, ਬਚਪਨ ਪਿਛੇ ਰਹਿ ਗਿਆ, ਕਾਲਜ ਦੀ ਪੜ੍ਹਾਈ ਵੀ ਮੁੱਕ ਗਈ ਅਤੇ ਉਹ ਰਾਣੋ ਤੋਂ ਰਾਣੀ ਬਣ ਗਈ ਤਾਂ ਉਸ ਨੇ ਕਈ ਮੁਸ਼ਕਲਾਂ, ਮੁਸੀਬਤਾਂ, ਖੁਸ਼ੀਆਂ-ਗਮੀਆਂ ਝੱਲਣ ਉਪਰੰਤ, ਇਹ ਭੇਤ ਸਮਝਿਆ ਕਿ ਸਾਡੀਆਂ ਕਈ ਅਰਦਾਸਾਂ ਮੰਨੀਆਂ ਕਿਉਂ ਨਹੀਂ ਜਾਂਦੀਆਂ ? ਅਸੀਂ ਅਰਦਾਸ ਰਾਹੀਂ ਰੱਬ ਨੂੰ ਆਪਣੀ ਸਮੱਸਿਆ ਹੱਲ ਕਰਨ ਲਈ ਨਹੀਂ ਕਹਿੰਦੇ, ਕਿਸੇ ਦਾ ਕੋਈ ਨੁਕਸਾਨ ਕਰਨ ਲਈ ਕਹਿੰਦੇ ਹਾਂ, ਜਦੋਂ ਕਿ ਰੱਬ ਉਹੀ ਅਰਦਾਸਾਂ ਮੰਨਦਾ ਹੈ, ਜਿਨ੍ਹਾਂ ਵਿਚ ਅਸੀਂ ਸਮੱਸਿਆਵਾਂ ਹੱਲ ਕਰਨ ਵਾਲੀ ਹਿੰਮਤ ਦੇਣ ਲਈ ਕਹਿੰਦੇ ਹਾਂ ਅਤੇ ਸ਼ਰਬੱਤ ਦਾ ਭਲਾ ਮੰਗਦੇ ਹਾਂ।

ਰੱਬ ਸਾਡੀਆਂ ਜਿਹੜੀਆਂ ਅਰਦਾਸਾਂ ਨਹੀਂ ਮੰਨਦਾ, ਉਹ ਨਾ ਮੰਨ ਕੇ ਰੱਬ ਦੱਸਦਾ ਹੈ ਕਿ ਇਨ੍ਹਾਂ ਦਾ ਉਸ ਵਲੋਂ ਮੰਨਣਾ, ਸਾਡੇ ਹਿੱਤ ਵਿਚ ਨਹੀਂ ਹੋਵੇਗਾ।

408

ਸੰਤਾਲੀ ਵਿਚ ਦੇਸ਼ ਦੀ ਵੰਡ ਵੇਲੇ, ਇਕ ਜੋੜੇ ਦੀ ਕੁਝ ਮਹੀਨਿਆਂ ਦੀ ਧੀ ਬੀਮਾਰ ਪੈ ਗਈ। ਲਗਦਾ ਸੀ ਬਚੇਗੀ ਨਹੀਂ। ਦਵਾਈ ਲਈ ਵੀ ਪੈਸੇ ਨਹੀਂ ਸਨ। ਪਤੀ-ਪਤਨੀ ਸੋਚ ਰਹੇ ਸਨ ਕਿ ਇਕ ਪੁਰਾਣੀ ਫਰਾਕ ਪਈ ਹੈ, ਮਰਨ ਉਪਰੰਤ ਉਹੀ ਪਾ ਦਿਆਂਗੇ।

www.quotesinpunjabi.ml

QuotesInPunjabi

ਤੀਜੇ ਕੁ ਦਿਨ ਅਚਾਨਕ ਉਸ ਦੀ ਹਾਲਤ ਨੂੰ ਮੋੜ ਪਿਆ ਅਤੇ ਉਹ ਦਿਨਾਂ ਵਿਚ ਹੀ ਠੀਕ ਹੋ ਗਈ। ਜੋੜੇ ਦੀ ਬੇਵੱਸੀ ਵਿਚੋਂ ਹੌਸਲੇ ਨੇ ਜਨਮ ਲਿਆ।

ਪਤੀ ਨੇ ਕਿਹਾ: ਇਸ ਦਾ ਠੀਕ ਹੋਣਾ ਸ਼ੁਭ-ਸ਼ਗਨ ਹੈ, ਜੇ ਇਹ ਮੌਤ ਦੇ ਮੂੰਹ ਵਿਚ ਜਾਂਦਿਆਂ, ਬਿਨਾ ਦਵਾਈ ਦੇ ਠੀਕ ਹੋ ਸਕਦੀ ਹੈ ਤਾਂ ਫਿਰ ਹੁਣ ਸਾਡੇ ਦਿਨ ਫਿਰਨ ਵਾਲੇ ਹਨ। ਹੁਣ ਮੈਨੂੰ ਵੀ ਕੋਈ ਰੁਜ਼ਗਾਰ ਲੱਭ ਪਏਗਾ।

ਹੌਸਲਾ ਬੜਾ ਵੱਡਾ ਗੁਣ ਹੈ, ਨਾ ਕੇਵਲ ਇਹ ਆਪਣੇ ਆਪ ਵਿਚ ਇਕ ਗੁਣ ਹੈ, ਇਹ ਹਰੇਕ ਗੁਣ ਦਾ ਭਾਗ ਵੀ ਹੈ। ਕਈ ਵਾਰ ਸਾਨੂੰ ਕੇਵਲ ਹੌਸਲਾ ਹੀ ਚਾਹੀਦਾ ਹੁੰਦਾ ਹੈ।

ਅਗਲੇ ਦਿਨ ਧੀ ਠੀਕ ਹੋ ਜਾਣ ਕਰਕੇ ਉਹ ਬੜੇ ਉਤਸ਼ਾਹ, ਸਿਦਕ ਅਤੇ ਭਰੋਸੇ ਨਾਲ ਨੌਕਰੀ ਵਾਸਤੇ, ਇੰਟਰਵਿਊ ਲਈ ਚਲਿਆ, ਨੌਕਰੀ ਮਿਲ ਗਈ ਸੀ, ਮਨਪਸੰਦ ਦੀ।

409

ਜਿਹੜੇ ਮਹੱਤਵਪੂਰਨ ਹੁੰਦੇ ਹਨ, ਉਹ ਕਿਧਰੇ ਬੈਠਣ, ਉਹ ਮਹੱਤਵਪੂਰਨ ਹੀ ਰਹਿੰਦੇ ਹਨ। ਜਿਹੜੇ ਮਹੱਤਵਪੂਰਨ ਨਹੀਂ ਹੁੰਦੇ, ਉਨ੍ਹਾਂ ਨੂੰ ਕਿਤਨਾ ਵੀ ਉੱਚਾ ਬਿਠਾ ਦਿਓ, ਉਹ ਮਹੱਤਵਪੂਰਨ ਨਹੀਂ ਬਣਦੇ।

ਟਾਲਸਟਾਏ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਨਹੀਂ ਮਿਲਿਆ ਪਰ ਪੁਰਸਕਾਰ ਨਾ ਮਿਲਣ ਦੇ ਬਾਵਜੂਦ ਟਾਲਸਟਾਏ ਦੀਆਂ ਪੁਸਤਕਾਂ, ਅੱਜ ਵੀ ਸੰਸਾਰ ਭਰ ਵਿਚ ਸਾਹਿਤ ਦੀਆਂ ਪੁਸਤਕਾਂ ਵਜੋਂ ਪੜ੍ਹੀਆਂ-ਪੜ੍ਹਾਈਆਂ ਜਾਂਦੀਆਂ ਹਨ।

ਚਰਚਿਲ ਨੂੰ, ਉਸ ਦੇ ਰਾਜਨੀਤਕ ਭਾਸ਼ਣਾਂ ਨੂੰ ਸਾਹਿਤ ਐਲਾਨ ਕੇ, ਨੋਬੇਲ ਪੁਰਸਕਾਰ ਦਿੱਤਾ ਗਿਆ। ਚਰਚਿਲ ਨੂੰ ਸਾਹਿਤ ਦਾ ਨੋਬੇਲ ਪੁਰਸਕਾਰ ਮਿਲਿਆ ਪਰ ਅੱਜ ਉਸ ਦੀਆਂ ਪੁਸਤਕਾਂ ਨੂੰ ਸਾਹਿਤ ਦੀਆਂ ਪੁਸਤਕਾਂ ਵਜੋਂ ਪੜ੍ਹਨ ਵਾਲਿਆਂ ਦੀ ਗਿਣਤੀ ਕਰਨ ਲਈ, ਇਕ ਹੱਥ ਦੀਆਂ ਉਂਗਲਾਂ ਹੀ ਕਾਫ਼ੀ ਹਨ।

ਜਿਨ੍ਹਾਂ ਨੂੰ ਸ਼ਾਂਤੀ ਪੁਰਸਕਾਰ ਮਿਲਿਆ ਹੈ, ਉਨ੍ਹਾਂ ਦੇ ਨਾਂ ਕੋਈ ਨਹੀਂ ਜਾਣਦਾ ਪਰ ਨੋਬੇਲ ਕਮੇਟੀ ਕੋਲ ਕੋਈ ਜਵਾਬ ਨਹੀਂ ਕਿ ਗਾਂਧੀ ਨੂੰ ਸ਼ਾਂਤੀ ਪੁਰਸਕਾਰ ਕਿਉਂ ਨਹੀਂ ਮਿਲਿਆ।

ਸਾਰਾ ਸੰਸਾਰ ਜਾਣਦਾ ਹੈ ਕਿ ਨੈਪੋਲੀਅਨ ਵਾਟਰਲੂ ਦੀ ਲੜਾਈ ਵਿਚ ਹਾਰਿਆ ਪਰ ਕੋਈ ਨਹੀਂ ਜਾਣਦਾ ਕਿ ਜਿੱਤਿਆ ਕੌਣ ਸੀ। ਨੈਪੋਲੀਅਨ ਹਾਰ ਕੇ ਵੀ ਮਹਾਨ ਅਤੇ ਮਹੱਤਵਪੂਰਨ ਹੈ, ਜਿੱਤਣ ਵਾਲਾ ਜਿੱਤ ਕੇ ਵੀ ਗੁੰਮਨਾਮ ਹੈ।

410

ਯੋਰਪ ਦੇ ਕਈ ਈਸਾਈ ਲੋਕ ਯਹੂਦੀਆਂ ਨੂੰ ਇਸ ਕਰਕੇ ਨਫ਼ਰਤ ਕਰਦੇ ਹਨ, ਕਿਉਂਕਿ ਇਕ ਯਹੂਦੀ ਬਾਦਸ਼ਾਹ ਨੇ ਈਸਾ ਨੂੰ ਸੂਲੀ ਟੰਗਿਆ ਸੀ। ਦੋ ਹਜ਼ਾਰ ਸਾਲ, ਸ਼ਰਨਾਰਥੀਆਂ ਵਾਂਗ ਭਟਕਣ ਉਪਰੰਤ ਯਹੂਦੀ ਹੁਣ ਇਜ਼ਰਾਈਲ ਵਿਚ ਵੱਸਣ ਦੇ ਯੋਗ ਹੋਏ ਹਨ।

ਆਪਣੇ ਸ਼ਰਨਾਰਥੀ-ਕਾਲ ਦੌਰਾਨ, ਯਹੂਦੀਆਂ ਨੇ ਸੰਜਮ, ਮਿਹਨਤ ਅਤੇ ਗਿਆਨ ਨਾਲ ਹਰ ਖੇਤਰ ਵਿਚ ਪ੍ਰਸਿੱਧੀ ਕਮਾਈ।

www.quotesinpunjabi.ml

QuotesInPunjabi

ਉਹ ਜਿੱਥੇ-ਜਿੱਥੇ ਗਏ, ਉਥੇ-ਉਥੇ ਇਨ੍ਹਾਂ ਦੇ ਸਰਮਾਏ ਨਾਲ ਖੁਸ਼ਹਾਲੀ ਆਈ। ਸੰਸਾਰ ਦੇ ਵੱਡੇ ਬੈਂਕਾਂ ਦੇ ਮਾਲਕ ਯਹੂਦੀ ਹਨ, ਸੰਸਾਰ ਦੇ ਵੱਡੇ ਵਿਗਿਆਨੀ ਯਹੂਦੀ ਹਨ। ਇਨ੍ਹਾਂ ਗੱਲਾਂ ਦੇ ਬਾਵਜੂਦ ਅੱਜ ਵੀ ਯਹੂਦੀ, ਈਸਾਈਆਂ ਦੀ ਨਫ਼ਰਤ ਦਾ ਸ਼ਿਕਾਰ ਹੁੰਦੇ ਹਨ।

ਯੋਰਪ ਵਿਚ ਇਕ ਵਾਰੀ, ਇਕ ਗੱਡੀ ਵਿਚ ਇਕ ਸਵਾਰੀ ਨੇ, ਨਾਲ ਦੀ ਸਵਾਰੀ ਨੂੰ ਪੁੱਛਿਆ: ਤੁਸੀਂ ਯਹੂਦੀ ਹੋ ? ਸੁਣਨ ਵਾਲੇ ਨੇ ਉੱਤਰ ਦਿੱਤਾ: ਹਾਂ ਮੈਂ ਯਹੂਦੀ ਹਾਂ।

ਪੁੱਛਣ ਵਾਲੇ ਨੇ ਮਾਣ ਨਾਲ ਦੱਸਿਆ: ਮੈਂ ਜਿਸ ਪਿੰਡ ਵਿਚ ਰਹਿੰਦਾ ਹਾਂ, ਉਥੇ ਇਕ ਵੀ ਯਹੂਦੀ ਨਹੀਂ ਹੈ। ਅਸੀਂ ਸਾਰੇ ਯਹੂਦੀ ਕੱਢ ਦਿੱਤੇ ਹਨ।

ਯਹੂਦੀ ਸਵਾਰੀ ਨੇ ਸੁਣ ਕੇ ਕਿਹਾ: ਇਸੇ ਕਰਕੇ ਤੁਹਾਡਾ ਪਿੰਡ, ਅਜੇ ਵੀ ਪਿੰਡ ਹੀ ਹੈ।

411

ਕਾਕਾ ਕਾਲੇਲਕਰ ਇਕ ਕਾਵਿ-ਸੰਗ੍ਰਹਿ ਪੜ੍ਹ ਰਹੇ ਸਨ, ਅੰਗਰੇਜ਼ੀ ਵਿਚ। ਉਨ੍ਹਾਂ ਨੂੰ ਅੰਗਰੇਜ਼ੀ ਕਵਿਤਾ ਚੰਗੀ ਲਗਦੀ ਸੀ, ਉਹ ਅੰਗਰੇਜ਼ੀ ਵਿਚ ਆਪ ਵੀ ਕਵਿਤਾਵਾਂ ਲਿਖਦੇ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਜੇ ਭਾਰਤ ਵਾਸੀਆਂ ਤੱਕ ਆਪਣਾ ਸੁਨੇਹਾ ਪਹੁੰਚਾਉਣਾ ਹੈ ਤਾਂ ਉਹ ਅੰਗਰੇਜ਼ੀ ਰਾਹੀਂ ਨਹੀਂ ਪਹੁੰਚੇਗਾ, ਸੋ ਦੇਸ਼ ਸੇਵਾ ਲਈ ਅੰਗਰੇਜ਼ੀ ਦਾ ਤਿਆਗ ਕਰਨਾ ਪਏਗਾ। ਉਨ੍ਹਾਂ ਨੇ ਲਿਖਿਆ: ਦੇਸ਼ ਸੇਵਾ ਲਈ ਜੇ ਮੈਂ ਕਿਸੇ ਚੀਜ਼ ਦਾ ਸੱਚਮੁੱਚ ਤਿਆਗ ਕੀਤਾ ਹੈ ਤਾਂ ਉਹ ਅੰਗਰੇਜ਼ੀ ਸਾਹਿਤ ਪੜ੍ਹਨ ਦੇ ਸ਼ੌਕ ਦਾ ਤਿਆਗਣਾ ਹੈ।

ਧਨ-ਦੌਲਤ ਤੋਂ ਮੂੰਹ ਮੋੜਨਾ ਕੋਈ ਤਿਆਗ ਨਹੀਂ ਪਰ ਮੇਰੇ ਲਈ ਅੰਗਰੇਜ਼ੀ ਸਾਹਿਤ ਤਿਆਗਣਾ ਬੜਾ ਮੁਸ਼ਕਲ ਸੀ ਪਰ ਮੈਂ ਇਹ ਤਿਆਗ ਕਰਨ ਦਾ ਫੈਸਲਾ ਕੀਤਾ ਤਾਂ ਜੁ ਮੈਂ ਭਾਰਤ ਦੀ ਸੇਵਾ ਵਿਚ ਪੂਰੀ ਤਰ੍ਹਾਂ ਸਮਰਪਿਤ ਹੋ ਜਾਵਾਂ।

412

ਉਸ ਦੇ ਹੱਥ ਵਿਚ ਅਸਮਾਨੀ ਬਿਜਲੀ ਵਾਂਗ ਚਮਕਦੀ ਇਕ ਤਲਵਾਰ ਸੀ, ਵਲਵਲੇ ਇਕ ਸੁਪਨੇ ਦੇ ਦਿਸਹੱਦੇ 'ਤੇ ਮੁਸਕਰਾ ਰਹੇ ਸਨ।

ਇਕ ਨਵੀਂ ਕੌਮ ਦਾ ਅਰਮਾਨ ਗਗਨ 'ਤੇ ਲਿਸ਼ਕਾਂ ਮਾਰ ਰਿਹਾ ਸੀ।

ਅੱਜ ਗਰੀਬਾਬਾਦ ਨੂੰ, ਉਸ ਨੇ ਬਾਦਸ਼ਾਹੀਆਂ ਵਿਚ ਬਦਲਣਾ ਸੀ।

ਉਸ ਦੇ ਪੈਰਾਂ ਵਿਚ ਥੱਕ ਕੇ ਇਕ ਕੌਮ ਸੁੱਤੀ ਪਈ ਸੀ। ਉਸ ਦੀ ਗਰਜ ਨਾਲ ਸੁੱਤਿਆਂ ਦੇ ਮੂੰਹ 'ਤੇ ਤਰੇਲੀ ਆ ਗਈ। ਧਰਤੀ ਤੋਂ ਅੰਬਰਾਂ ਦੇ ਸੁਣਨ ਲਈ ਇਕ ਜੈਕਾਰਾ ਗੂੰਜਿਆ, ਜੈਕਾਰੇ ਨਾਲ ਉਸ ਨੇ ਹਿੰਦ ਦੀ ਅਜ਼ਮਤ ਨੂੰ ਵੰਗਾਰਿਆ।

ਉਸ ਦੀ ਵੰਗਾਰ ਨਾਲ ਦਬੀ ਹੋਈ ਗੈਰਤ ਦੀ ਕਬਰ 'ਤੇ ਤਰੇੜਾਂ ਆ ਗਈਆਂ, ਘੁੱਗੀਆਂ ਨੇ ਬਾਜ਼ਾਂ ਨੂੰ ਵੇਖਿਆ, ਘੂਰੀ ਵੱਟ ਕੇ। ਹਿਰਨੀਆਂ ਨੇ ਸ਼ੇਰਾਂ ਨੂੰ ਖੰਗੂਰਾ ਮਾਰਿਆ।

ਘਸੇ ਹੋਏ ਮੱਥਿਆਂ ਦੀਆਂ ਤਕਦੀਰਾਂ ਰੋਵਣ ਵਾਲਿਓ, ਅੱਜ ਤੁਹਾਡੇ ਵਾਸਤੇ ਨਵੀਆਂ ਤਕਦੀਰਾਂ ਬਣਾਵਣ ਲਗਾ ਹਾਂ ਮੈਂ।

www.quotesinpunjabi.ml

QuotesInPunjabi

ਜ਼ੁਲਮ ਦੀ ਅਰਥੀ ਨੂੰ ਮੋਢਾ ਦੇ ਸਕੋ, ਇਸ ਆਸ ਨਾਲ ਤੁਹਾਡੇ ਮੱਥਿਆਂ 'ਤੇ ਕੁਝ ਭਾਰ ਪਾਵਣ ਲੱਗਾਂ ਹਾਂ ਮੈਂ। ਹਰ ਥਾਂ ਗਰਦਨ ਝੁਕਾਵਣ ਵਾਲਿਓ, ਅਜੇ ਮੈਂ ਤੁਹਾਡੀ ਅਣਖ ਨੂੰ ਮਗਰੂਰ ਹੁੰਦੇ ਵੇਖਣੈ, ਤੁਹਾਡੇ ਹੱਥੋਂ ਦੇਸ਼ ਦਾ ਦੁੱਖ ਦੂਰ ਹੁੰਦੇ ਵੇਖਣੈ। ਤੁਹਾਡੀ ਕਾਇਰਤਾ ਨੂੰ ਮੁਕਾ ਕੇ ਸਦਾ ਲਈ, ਤੁਹਾਡੇ ਪੈਰਾਂ ਵਿਚ, ਹਿਮਾਲਾ ਚੂਰ ਹੁੰਦਾ ਵੇਖਣੈ।

ਰੱਖ ਦੇਵੋਗੇ ਤੁਸੀਂ ਜੇਕਰ ਧੌਣ ਮੇਰੀ ਤੇਗ 'ਤੇ,
ਤੇਗ ਦੀ ਸਹੁੰ, ਸਾਹਿਬੇ ਮੁਖਤਾਰ ਬਣ ਜਾਵੋਗੇ,
ਹਿੰਦ ਦੇ, ਸਿੰਘ ਸਰਦਾਰ ਬਣ ਜਾਵੋਗੇ ਤੁਸੀਂ।

413

ਇਕ ਵਿਅਕਤੀ ਆਪਣੀ ਪਤਨੀ ਦੀ ਮੌਤ ਤੇ ਬੜਾ ਦੁਖੀ ਸੀ, ਢਹਿੰਦੀ ਕਲਾ ਵਿਚ ਸੀ। ਮੇਰੀ ਕੋਈ ਕਿਤਾਬ ਪੜ੍ਹ ਕੇ ਪੁੱਛਣ ਆ ਗਿਆ ਸੀ ਕਿ ਕੀ ਕਰਾਂ ?

ਉਸ ਨੇ ਪਤਨੀ ਨੂੰ ਦਿਲ-ਦਿਮਾਗ ਨਾਲ ਪਿਆਰ ਕੀਤਾ ਸੀ ਅਤੇ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਸ ਨੂੰ, ਆਪਣੀ ਪਤਨੀ ਤੋਂ ਬਿਨਾਂ ਵੀ ਰਹਿਣਾ ਪੈ ਸਕਦਾ ਸੀ।

ਮੈਂ ਕੀ ਦੱਸ ਸਕਦਾ ਸਾਂ, ਦੱਸਣ ਵਾਲਾ ਹੈ ਵੀ ਕੁਝ ਨਹੀਂ ਸੀ।

ਉਹ ਉਮਰ ਵਿਚ ਮੇਰੇ ਨਾਲੋਂ ਵੱਡਾ ਸੀ। ਕੁਝ ਚਿਰ ਮੈਂ ਉਸਦਾ ਵਿਰਲਾਪ ਸੁਣਦਾ ਰਿਹਾ, ਉਸਦਾ ਧਿਆਨ ਬਦਲਣ ਵਾਸਤੇ, ਮੈਂ ਪੁੱਛ ਲਿਆ: ਜੇ ਤੁਸੀਂ ਪਹਿਲਾਂ ਮਰ ਜਾਂਦੇ ਤਾਂ ਤੁਹਾਡੀ ਪਤਨੀ ਨਾਲ ਕੀ ਵਾਪਰਦਾ ? ਉਸ ਨੇ ਕਿਹਾ: ਉਸ ਨੇ ਤਾਂ ਰੋ-ਰੋ ਕੇ ਪਾਗਲ ਹੋ ਜਾਣਾ ਸੀ। ਮੈਂ ਕਿਹਾ: ਤੁਸੀਂ ਉਸ ਨੂੰ ਪਿਆਰ ਕਰਦੇ ਸੀ, ਤੁਸੀਂ ਉਸ ਨੂੰ ਪਾਗਲ ਨਹੀਂ ਹੋਣ ਦਿੱਤਾ, ਉਹ ਤੁਹਾਡੀ ਕਿਤਨੀ ਧੰਨਵਾਦੀ ਹੋ ਰਹੀ ਹੋਵੇਗੀ ਕਿ ਉਸ ਨੂੰ ਤੁਹਾਡਾ ਵਿਛੋੜਾ ਨਹੀਂ ਸਹਿਣਾ ਪਿਆ, ਤੁਹਾਡੇ ਵਿਛੋੜੇ ਦਾ ਦੁੱਖ ਨਹੀਂ ਭੋਗਣਾ ਪਿਆ।

ਤੁਸੀਂ ਉਸ ਨੂੰ ਪਹਿਲੇ ਮਰਨ ਦੀ ਸਹੂਲਤ ਦੇ ਕੇ ਬੜੀ ਵੱਡੀ ਕੁਰਬਾਨੀ ਦਿਤੀ ਹੈ, ਕਿਉਂਕਿ ਤੁਸੀਂ ਉਸ ਨੂੰ ਦੁਖੀ ਹੋਣ ਤੋਂ ਬਚਾ ਲਿਆ ਹੈ। ਤੁਸੀਂ ਜਿਸ ਦੁੱਖ ਦਾ ਵਿਰਲਾਪ ਕਰ ਰਹੇ ਹੋ, ਇਸ ਨਾਲੋਂ ਕਈ ਗੁਣਾ ਵੱਧ ਦੁੱਖ ਉਸ ਨੂੰ ਹੋਣਾ ਸੀ, ਜਿਹੜਾ ਵਿਰਲਾਪ ਉਸ ਨੇ ਕਰਨਾ ਸੀ, ਤੁਸੀਂ ਉਸ ਦਾ ਅਨੁਮਾਨ ਵੀ ਨਹੀਂ ਲਾ ਸਕਦੇ।

ਉਹ ਸੁਣਦਾ ਰਿਹਾ ਅਤੇ ਜਾਣ ਵੇਲੇ ਭਾਵੇਂ ਉਹ ਚੁੱਪ ਸੀ ਪਰ ਉਸ ਦੀ ਟੋਰ ਵਿਚ ਸਵੈ-ਵਿਸ਼ਵਾਸ ਸੀ, ਉਸ ਦੀ ਤੱਕਣੀ ਵਿਚ ਪਹਿਲਾਂ ਸ਼ਿਕਾਇਤ ਸੀ, ਹੁਣ ਧੰਨਵਾਦ ਸੀ।

414

ਭਾਰਤੀ ਨੌਸੈਨਾ ਦਾ ਵੱਡਾ ਅਫਸਰ, ਨਾਨਾਵਤੀ ਇਕ ਵਾਰੀ ਜਦੋਂ ਘਰ ਮੁੜਿਆ ਤਾਂ ਕੁਝ ਚਿਰ ਮਗਰੋਂ, ਉਸ ਦੀ ਅੰਗਰੇਜ਼ ਪਤਨੀ ਨੂੰ ਨਾਨਾਵਤੀ ਦਾ ਦੋਸਤ, ਪ੍ਰੇਮ ਅਹੂਜਾ ਘਰ ਛੱਡ ਕੇ, ਬਾਹਰੋਂ ਹੀ ਵਾਪਸ ਚਲਾ ਗਿਆ ਸੀ। ਉਸ ਦੀ ਪਤਨੀ ਨੇ ਦੱਸਿਆ ਕਿ ਉਹ ਪ੍ਰੇਮ ਅਹੂਜਾ ਨੂੰ ਪਿਆਰ ਕਰਦੀ ਹੈ ਅਤੇ ਉਸ ਨਾਲ ਸੌਂਦੀ ਹੈ।

www.quotesinpunjabi.ml

QuotesInPunjabi

ਨਾਨਾਵਤੀ ਵਰਦੀ ਵਿਚ ਸੀ, ਉਹ ਉਸੇ ਵੇਲੇ ਪ੍ਰੇਮ ਅਹੂਜਾ ਦੇ ਘਰ ਗਿਆ ਅਤੇ ਉਸ ਨੂੰ ਕਿਹਾ: ਮੈਨੂੰ ਪਤਾ ਲੱਗਿਆ ਹੈ ਕਿ ਤੇਰੇ, ਮੇਰੀ ਪਤਨੀ ਨਾਲ ਸਬੰਧ ਹਨ, ਮੈਂ ਉਸ ਨੂੰ ਤਲਾਕ ਦੇ ਦਿੰਦਾ ਹਾਂ, ਤੂੰ ਉਸ ਨਾਲ ਵਿਆਹ ਕਰਵਾ ਲੈ।

ਪ੍ਰੇਮ ਅਹੂਜਾ ਨੇ ਕਿਹਾ: ਜੇ ਮੈਂ ਇਵੇਂ ਵਿਆਹ ਕਰਵਾਉਣ ਲਗ ਪਿਆ, ਫਿਰ ਤਾਂ ਮੈਨੂੰ ਕਈ ਔਰਤਾਂ ਨਾਲ ਵਿਆਹ ਕਰਵਾਉਣਾ ਪਏਗਾ।

ਨਾਨਾਵਤੀ ਨੇ ਆਪਣੀ ਪਤਨੀ ਦੀ ਬੇਵਫ਼ਾਈ ਬਰਦਾਸ਼ਤ ਕਰ ਲਈ ਸੀ ਪਰ ਉਸ ਤੋਂ ਪ੍ਰੇਮ ਅਹੂਜਾ ਦੀ ਢੀਠਤਾਈ, ਕਮੀਨਗੀ ਅਤੇ ਲੱਚਰਤਾ ਬਰਦਾਸ਼ਤ ਨਹੀਂ ਹੋਈ।

ਨਾਨਾਵਤੀ ਨੇ, ਪ੍ਰੇਮ ਅਹੂਜੇ ਵਲੋਂ ਅਜਿਹਾ ਜਵਾਬ ਦੇਣ 'ਤੇ, ਉਸ ਦੇ ਘਰ ਅੰਦਰ, ਆਪਣੇ ਪਸਤੌਲ ਨਾਲ ਉਸ ਨੂੰ ਗੋਲੀ ਮਾਰ ਦਿੱਤੀ।

ਇਸ ਘਟਨਾ ਦੀ ਦੇਸ਼ ਭਰ ਵਿਚ ਚਰਚਾ ਹੋਈ। ਲੋਕ ਨਾਨਾਵਤੀ ਦੇ ਪੱਖ ਵਿਚ ਸਨ। ਅੰਤ ਵਿਚ ਜੱਜਾਂ ਨੇ ਨਾਨਾਵਤੀ ਨੂੰ ਨਿਰਦੋਸ਼ ਕਰਾਰ ਦਿੰਦਿਆਂ ਕਿਹਾ: ਜੋ ਨਾਨਾਵਤੀ ਨੇ ਕੀਤਾ, ਉਸ ਦੀ ਥਾਂ ਕੋਈ ਵੀ ਹੋਰ ਹੁੰਦਾ, ਉਸ ਨੇ ਵੀ ਉਹੀ ਕੁਝ ਕਰਨਾ ਸੀ।

415

ਰੋਮਨਾਂ ਦਾ ਵਹਿਮ ਸੀ ਕਿ ਸ਼ੀਸ਼ੇ ਵਿਚੋਂ ਮਨੁੱਖ ਦੀ ਆਤਮਾ ਦਿਸਦੀ ਹੈ, ਸੋ ਸ਼ੀਸ਼ੇ ਦਾ ਟੁੱਟਣਾ ਜਾਂ ਤੋੜਨਾ ਬੜੀ ਵੱਡੀ ਬਦਸ਼ਗਨੀ ਸਮਝਿਆ ਜਾਂਦਾ ਸੀ। ਇਸ ਲਈ ਲੋਕ ਸ਼ੀਸ਼ਾ ਅਕਸਰ ਢਕ ਕੇ ਰੱਖਦੇ ਸਨ ਅਤੇ ਮੂੰਹ, ਸ਼ੀਸ਼ੇ ਦੀ ਥਾਂ ਪਾਣੀ ਵਿਚੋਂ ਵੇਖਦੇ ਸਨ।

ਉਹ ਆਪਣੇ ਘਰ ਦੇ ਬਾਗ ਵਿਚ, ਇਕ ਚੁਬੱਚਾ ਬਣਵਾਉਂਦੇ ਸਨ, ਜਿਥੋਂ ਦੇ ਪਾਣੀ ਵਿਚੋਂ, ਉਹ ਆਪਣੀ ਸ਼ਕਲ ਵੇਖਦੇ ਸਨ।

ਇਕ ਵਾਰੀ ਨਾਰਸੀਸੱਸ ਨਾਂ ਦੇ ਵਿਅਕਤੀ ਨੂੰ ਆਪਣੀ ਸ਼ਕਲ ਵੇਖ ਕੇ ਆਪਣੇ-ਆਪ ਨਾਲ ਇਸ਼ਕ ਹੋ ਗਿਆ। ਇਸ ਨੂੰ ਨਾਰਸੀ ਰੁਚੀ ਕਹਿੰਦੇ ਹਨ।

ਇਹ ਵਿਸ਼ਵ-ਵਿਆਪੀ ਰੁਚੀ ਹੈ, ਜਿਹੜੀ ਹਰ ਕਿਸੇ ਵਿਚ ਹੁੰਦੀ ਹੈ, ਅਤੇ ਇਸਤਰੀਆਂ ਵਿਚ, ਪੁਰਸ਼ਾਂ ਨਾਲੋਂ ਵਧੇਰੇ ਹੁੰਦੀ ਹੈ।

416

ਭਾਰਤ ਵਿਚ ਕੋਈ ਭਾਵੇਂ ਨੱਬੇ ਸਾਲ ਦਾ ਹੋ ਕੇ ਮਰੇ, ਅਸੀਂ ਅਚਿੰਤੇ ਬਾਜ਼ ਪੈਣ ਦੀਆਂ ਗੱਲਾਂ, ਇਵੇਂ ਕਰਦੇ ਹਾਂ ਜਿਵੇਂ ਕੋਈ ਵੱਡੀ ਅਣਹੋਣੀ ਹੋ ਗਈ ਹੋਵੇ।

ਅਮਰੀਕਾ ਦੇ ਇਕ ਗਿਰਜੇ ਵਿਚ ਮੈਂ ਇਕ ਮਾਂ ਦੀ ਪ੍ਰਾਰਥਨਾ ਅਤੇ ਅਰਦਾਸ ਸੁਣੀ ਸੀ, ਜਿਸਦੀ ਇਕਲੌਤੀ ਧੀ, ਤੇਰ੍ਹਾਂ ਸਾਲ ਦੀ ਉਮਰ ਵਿਚ ਮਰ ਗਈ ਸੀ।

ਮਾਂ ਦਾ ਤਲਾਕ ਹੋਇਆ ਹੋਇਆ ਸੀ, ਉਹ ਇਕੱਲੀ ਸੀ।

ਉਹ ਅਰਦਾਸ ਕਰ ਰਹੀ ਸੀ: ਹੇ ਯਿਸੂ ਮਸੀਹ, ਮੈਂ ਤੁਹਾਡੀ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਤੇਰ੍ਹਾਂ ਸਾਲ ਆਪਣੀ ਪਿਆਰੀ ਬੇਟੀ ਦਾ ਸਾਥ ਮਾਣਨ ਦੀ ਬਖ਼ਸ਼ਿਸ਼ ਕੀਤੀ, ਇਸ ਬਖ਼ਸ਼ਿਸ਼ ਲਈ ਤੁਹਾਨੂੰ ਮੈਂ ਆਪਣਾ ਸ਼ੁਕਰਾਨਾ ਭੇਟ ਕਰਦੀ ਹਾਂ।

www.quotesinpunjabi.ml

QuotesInPunjabi

417

ਅਸੀਂ ਭਾਵੇਂ ਕਿਤਨੇ ਵੀ ਸੰਕਟ ਵਿਚ ਹੋਈਏ, ਸਾਡੀ ਮੁਸ਼ਕਲ ਅਤੇ ਮੁਸੀਬਤ ਭਾਵੇਂ ਕਿਤਨੀ ਵੀ ਵੱਡੀ ਹੋਵੇ, ਅਸੀਂ ਲੱਖਾਂ-ਕਰੋੜਾਂ ਲੋਕਾਂ ਨਾਲੋਂ ਚੰਗੇਰੀ ਹਾਲਤ ਵਿਚ ਹੁੰਦੇ ਹਾਂ। ਜੇ ਇਹ ਸਮਝ ਆ ਜਾਵੇ, ਤਾਂ ਸਾਡੀ ਉਦਾਸੀ ਦੂਰ ਕਰਨ ਲਈ ਇਹ ਸਮਝ ਹੀ ਕਾਫੀ ਹੈ। ਜੇ ਤੁਸੀਂ ਸੱਤਰ-ਅੱਸੀ ਸਾਲ ਦੇ ਹੋ ਤਾਂ ਸੋਚੋ ਲੱਖਾਂ ਹਨ, ਜਿਹੜੇ ਸਾਡੇ ਤੋਂ ਅੱਧੀ ਉਮਰ ਨੂੰ ਵੀ ਨਾ ਅਪੜ ਸਕੇ। ਹਸਪਤਾਲ ਜਾ ਕੇ ਵੇਖੋ, ਮਰੀਜ਼ਾਂ ਦੀ ਹਾਲਤ ਵੇਖ ਕੇ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰੋਗੇ। ਗੁਰਦੁਆਰੇ, ਮੰਦਰ ਜਾਓ, ਜਿਹੜੀਆਂ ਚੀਜ਼ਾਂ ਲਈ ਲੋਕ ਅਰਦਾਸਾਂ ਕਰਦੇ ਹਨ, ਉਹ ਸਾਰੀਆਂ ਚੀਜ਼ਾਂ ਤੁਹਾਡੇ ਕੋਲ ਪਹਿਲਾਂ ਹੀ ਹਨ। ਤੁਸੀਂ ਪੁੱਤਰਾਂ-ਧੀਤਰਿਆਂ ਵਾਲੇ ਹੋ, ਮਾਤਾ-ਪਿਤਾ ਸੌ ਸਾਲ ਦੇ ਨੇੜੇ ਪਹੁੰਚ ਕੇ ਗੁਜ਼ਰੇ ਹਨ, ਪਰ ਕਈਆਂ ਦੇ ਬਚਪਨ ਵਿਚ ਹੀ ਗੁਜ਼ਰ ਜਾਂਦੇ ਹਨ ਅਤੇ ਉਹ ਯਤੀਮਖਾਨੇ ਵਿਚ ਪਲਦੇ ਹਨ। ਤੁਹਾਡਾ ਗਿਲਾ-ਸ਼ਿਕਵਾ ਹੈ ਕਿ ਤੁਹਾਡਾ ਆਪਣਾ ਮਕਾਨ ਨਹੀਂ ਹੈ ਪਰ ਤੁਹਾਡੇ ਸਿਰ ਉਤੇ ਛੱਤ ਤਾਂ ਹੈ, ਲੱਖਾਂ-ਕਰੋੜਾਂ ਹਨ, ਜਿਹੜੇ ਸਾਡੇ ਦੇਸ਼ ਵਿਚ ਫੁੱਟਪਾਥਾਂ 'ਤੇ ਸੌਂਦੇ ਹਨ।

ਜੇਕਰ ਸ਼ੁਕਰਾਨਾ ਕਰਨਾ ਸਿਖ ਲਵੋ ਤਾਂ ਹਜ਼ਾਰਾਂ ਚੀਜ਼ਾਂ ਹਨ, ਜਿਨ੍ਹਾਂ ਦਾ ਸ਼ੁਕਰਾਨਾ ਕਰਨ ਦੀ ਲੋੜ ਪਏਗੀ। ਆਲੇ-ਦੁਆਲੇ ਝਾਤ ਮਾਰ ਕੇ ਵੇਖੋ, ਲੋਕ ਕਿਤਨੀ ਸਖ਼ਤ, ਔਖੀ, ਮੁਸ਼ਕਲ ਅਤੇ ਅਕਾਊ ਜ਼ਿੰਦਗੀ ਜਿਊਂ ਰਹੇ ਹਨ।

ਅਸੀਂ ਸ਼ੁਕਰਾਨੇ ਦੀ ਘਾਟ ਕਾਰਨ ਹੀ ਉਦਾਸ-ਮਾਯੂਸ ਹੁੰਦੇ ਹਾਂ। ਜੇ ਧੰਨਵਾਦ ਜਾਂ ਸ਼ੁਕਰਾਨਾ ਕਰਨ ਦੀ ਆਦਤ ਹੋਵੇ ਤਾਂ ਜ਼ਿੰਦਗੀ ਦੀ ਤਸੱਲੀ ਵਧ ਜਾਂਦੀ ਹੈ।

ਕੁਦਰਤ ਦੀਆਂ ਬਖਸ਼ਿਸ਼ਾਂ ਦੀ ਸੂਚੀ ਬਣਾਓ, ਕਦੇ ਨਿਰਾਸ਼ ਨਹੀਂ ਹੋਵੋਗੇ, ਆਪ-ਮੁਹਾਰੇ ਤੁਹਾਡੇ ਦਿਲ ਵਿਚੋਂ ਸ਼ੁਕਰਾਨਾ ਉਪਜੇਗਾ।

418

ਇੰਗਲੈਂਡ ਦੀ ਇਕ ਜਰਨੈਲੀ ਸੜਕ ਤੇ ਇਕ ਵਿਅਕਤੀ ਦੀ ਕਾਰ ਰੁਕ ਗਈ। ਉਸ ਦੀ ਬੈਟਰੀ ਫੇਲ੍ਹ ਹੋ ਗਈ ਸੀ। ਪੁੱਛਣ 'ਤੇ ਪਤਾ ਲੱਗਿਆ, ਬੈਟਰੀਆਂ ਦੀ ਦੁਕਾਨ ਪੂਰਾ ਇਕ ਮੀਲ ਦੂਰ ਸੀ ਪਰ ਸਮੱਸਿਆ ਇਹ ਸੀ ਕਿ ਉਸ ਕੋਲ ਬੈਟਰੀ ਖਰੀਦਣ ਦੇ ਪੈਸੇ ਵੀ ਨਹੀਂ ਸਨ। ਫਿਰ ਵੀ ਉਹ ਬੈਟਰੀ ਚੁੱਕ ਕੇ ਪੈਦਲ ਚਲ ਕੇ ਬੈਟਰੀਆਂ ਦੀ ਦੁਕਾਨ ਤੇ ਪਹੁੰਚਿਆ ਅਤੇ ਮਾਲਕ ਨੂੰ ਕਿਹਾ: ਇਹ ਬੈਟਰੀ ਮੁੱਕ ਗਈ ਹੈ। ਜੇ ਤੁਸੀਂ ਮੈਨੂੰ ਨਵੀਂ ਬੈਟਰੀ ਉਧਾਰ ਦੇ ਦਿਓ, ਮੈਂ ਕੱਲ੍ਹ ਆ ਕੇ ਅਦਾਇਗੀ ਕਰ ਦੇਵਾਂਗਾ।

ਮਾਲਕ ਨੇ ਕਿਹਾ, ਕੋਈ ਗੱਲ ਨਹੀਂ, ਤੁਸੀਂ ਨਵੀਂ ਬੈਟਰੀ ਲੈ ਜਾਓ।

ਯੋਰਪ ਵਿਚ ਕੋਈ ਇਕ ਪੌਂਡ ਦਾ ਵੀ ਇਤਬਾਰ ਨਹੀਂ ਕਰਦਾ ਪਰ ਉਸ ਦੁਕਾਨਦਾਰ ਨੇ ਦੋ ਸੌ ਪੌਂਡ ਦੀ ਬੈਟਰੀ ਦੇ ਦਿੱਤੀ ਸੀ।

ਉਹ ਵਿਅਕਤੀ ਮਾਲਕ ਪ੍ਰਤੀ ਸ਼ੁਕਰਾਨੇ ਨਾਲ਼ ਭਰਿਆ ਪਿਆ ਸੀ।

ਅਗਲੇ ਦਿਨ ਵਾਅਦੇ ਅਨੁਸਾਰ, ਜਦੋਂ ਉਹ ਬੈਟਰੀ ਦੀ ਕੀਮਤ ਅਦਾ ਕਰਨ ਆਇਆ ਤਾਂ ਉਸ ਨੇ ਮਾਲਕ ਨੂੰ ਪੁੱਛਿਆ ਕਿ ਤੁਸੀਂ ਮੇਰੇ 'ਤੇ ਇਤਬਾਰ ਕਿਵੇਂ ਕਰ ਲਿਆ ?

www.quotesinpunjabi.ml

QuotesInPunjabi

ਮਾਲਕ ਨੇ ਕਿਹਾ: ਤੁਸੀਂ ਇਤਨੀ ਭਾਰੀ ਬੈਟਰੀ ਚੁੱਕ ਕੇ ਲਿਆਏ, ਇਸ ਗੱਲ ਨੇ ਤੁਹਾਡੇ 'ਤੇ ਇਤਬਾਰ ਕਰਵਾਇਆ। ਜੇ ਤੁਸੀਂ ਇਮਾਨਦਾਰ ਨਾ ਹੁੰਦੇ ਤਾਂ ਤੁਸੀਂ ਬੈਟਰੀ ਚੁੱਕ ਕੇ ਨਹੀਂ ਸੀ ਲਿਆਉਣੀ, ਕੋਈ ਬਹਾਨਾ ਵਰਤਣਾ ਸੀ।

419

ਚੰਗੇ ਕੰਮ ਕਰਨ ਦੇ ਮੌਕੇ ਬਾਰ-ਬਾਰ ਨਹੀਂ ਮਿਲਦੇ।

ਇਕ ਬੱਸ ਵਿਚ ਇਕ ਬਜ਼ੁਰਗ ਇਸਤਰੀ ਸਵਾਰ ਹੋਈ। ਪਹਿਲਾਂ ਹੀ ਖਲੋਤੀ ਭੈਣ ਨੇ ਆਪਣੇ ਸੋਲ੍ਹਾਂ ਸਾਲਾਂ ਦੇ ਭਰਾ ਨੂੰ ਕਿਹਾ ਕਿ ਉਹ ਆਪਣੀ ਸੀਟ ਉਸ ਬਜ਼ੁਰਗ ਇਸਤਰੀ ਨੂੰ ਦੇਵੇ, ਕਿਉਂਕਿ ਉਸਦੇ ਸਕੂਲ ਵਿਚ ਇਸਤਰੀਆਂ ਨੂੰ ਸੀਟ ਪੇਸ਼ ਕਰਨ ਦਾ ਚੱਜ-ਆਚਾਰ ਸਿਖਾਇਆ ਜਾਂਦਾ ਸੀ ਪਰ ਭਰਾ ਨਾ ਉਠਿਆ। ਭੈਣ ਨੇ ਕਿਹਾ, ਇਹ ਬਜ਼ੁਰਗ ਇਸਤਰੀ, ਉਮਰ ਵਿਚ ਤੇਰੇ ਨਾਲੋਂ ਪੰਜ ਗੁਣਾ ਵੱਡੀ ਹੈ, ਤੈਨੂੰ ਸੀਟ ਦੇਣੀ ਚਾਹੀਦੀ ਹੈ ਪਰ ਭਰਾ ਅੜ ਕੇ ਬੈਠਿਆ ਰਿਹਾ। ਸਾਰੇ ਵੇਖ ਰਹੇ ਸਨ ਅਤੇ ਉਨ੍ਹਾਂ ਦੀ ਗੱਲਬਾਤ ਸੁਣ ਰਹੇ ਸਨ।

ਇਤਨੇ ਵਿਚ ਪਿਛਲੀ ਸੀਟ 'ਤੇ, ਪਲੱਤਸਰ ਲੱਗੀ ਬਾਂਹ ਵਾਲਾ ਵਿਅਕਤੀ, ਖੜ੍ਹਾ ਹੋ ਗਿਆ ਅਤੇ ਉਸ ਨੇ ਬਜ਼ੁਰਗ ਇਸਤਰੀ ਨੂੰ ਬੈਠਣ ਲਈ ਕਿਹਾ।

ਭਰਾ ਨੂੰ ਇਤਨੀ ਸ਼ਰਮ ਆਈ ਕਿ ਬਾਕੀ ਦੇ ਸਫਰ ਦੌਰਾਨ, ਉਹ ਸਿਰ ਨੀਵਾਂ ਕਰਕੇ ਬੈਠਿਆ ਰਿਹਾ ਅਤੇ ਪਛਤਾਉਂਦਾ ਰਿਹਾ।

420

ਵਿਗਿਆਨ ਦੇ ਖੇਤਰ ਵਿਚ ਕੁਝ ਵੀ ਜੱਦੀ ਨਹੀਂ ਹੈ, ਸਭ ਕੁਝ ਯੋਗਤਾ, ਗਿਆਨ, ਦਿਲਚਸਪੀ ਅਤੇ ਸਮਰੱਥਾ 'ਤੇ ਨਿਰਭਰ ਕਰਦਾ ਹੈ।

ਫਰਾਇਡ ਇਕ ਮਨੋਵਿਗਿਆਨੀ ਵਜੋਂ ਪ੍ਰਸਿੱਧ ਹੋ ਚੁੱਕਾ ਸੀ ਅਤੇ ਉਸ ਤੋਂ ਪ੍ਰਭਾਵਿਤ ਹੋ ਕੇ ਅਨੇਕਾਂ ਵਿਅਕਤੀ ਮਨੋਵਿਗਿਆਨ ਦੇ ਖੇਤਰ ਵਿਚ ਨਵੀਆਂ ਖੋਜਾਂ ਕਰ ਰਹੇ ਸਨ। ਫਰਾਇਡ ਨੂੰ ਰੋਜ਼ ਕਈ ਲੋਕ ਮਿਲਦੇ ਸਨ। ਫਰਾਇਡ ਨੂੰ ਆਪਣਾ ਇਕ ਸਮਕਾਲੀ ਮਨੋਵਿਗਿਆਨੀ, ਯੁੰਗ 1907 ਵਿਚ ਅਚਾਨਕ ਮਿਲਿਆ ਅਤੇ ਇਸ ਮਿਲਣੀ ਨੇ ਮਨੋਵਿਗਿਆਨ ਦੀ ਦਿਸ਼ਾ ਅਤੇ ਦਸ਼ਾ ਦੋਵੇਂ ਬਦਲ ਦਿੱਤੀਆਂ ਸਨ।

ਫਰਾਇਡ ਨੇ ਯੁੰਗ ਨਾਲ ਕੁਝ ਮਿੰਟ ਗੱਲਾਂ ਕਰਕੇ, ਉਸ ਦਿਨ ਦੇ ਆਪਣੇ ਸਾਰੇ ਰੁਝੇਵੇਂ ਰੱਦ ਕਰ ਦਿੱਤੇ ਸਨ ਅਤੇ ਉਹ ਤੇਰ੍ਹਾਂ ਘੰਟੇ ਗੱਲਾਂ ਕਰਦੇ ਰਹੇ। ਉਸੇ ਦਿਨ ਫਰਾਇਡ ਨੇ ਘੋਸ਼ਣਾ ਕਰ ਦਿਤੀ ਸੀ ਕਿ ਯੁੰਗ ਮੇਰਾ ਉੱਤਰ-ਅਧਿਕਾਰੀ ਹੋਵੇਗਾ।

ਯੁੰਗ ਨੇ ਮਨੋਵਿਗਿਆਨ ਦਾ ਕਾਰਜ ਅੱਗੇ ਟੋਰਿਆ ਪਰ ਉਹ ਵੱਖਰੀ ਸੋਚ ਅਤੇ ਵੱਖਰੀ ਤਕਨੀਕ ਨਾਲ ਵੱਖਰੀ ਲੀਹ 'ਤੇ ਚਲਿਆ। ਯੁੰਗ ਨੇ ਕਿਹਾ ਸੀ: ਸਮੂਹਿਕ ਅਵਚੇਤਨ ਨੂੰ ਜਾਣੇ ਬਿਨਾਂ, ਅਸੀਂ ਹੋਰਾਂ ਨੂੰ ਅਤੇ ਆਪਣੇ ਆਪ ਨੂੰ ਨਹੀਂ ਸਮਝ ਸਕਦੇ।

ਕਈ ਪੱਖਾਂ ਤੋਂ ਯੁੰਗ, ਫਰਾਇਡ ਨਾਲੋਂ ਵੀ ਵੱਡਾ ਮਨੋਵਿਗਿਆਨੀ ਸੀ।

www.quotesinpunjabi.ml

QuotesInPunjabi

421

ਖੁਫ਼ੀਆ ਵਿਭਾਗ ਦੇ ਇੱਕ ਜਵਾਨ ਅਫ਼ਸਰ ਦਾ ਵਿਆਹ ਹੋਣਾ ਸੀ। ਖੁਫ਼ੀਆ ਵਿਭਾਗ ਵਾਲੇ ਹਰ ਵਿਅਕਤੀ 'ਤੇ ਸ਼ੱਕ ਕਰਦੇ ਹਨ, ਸੋ ਉਸ ਨੇ ਆਪਣੇ ਇਕ ਸਹਾਇਕ ਅਧਿਕਾਰੀ ਨੂੰ, ਆਪਣੇ ਰਿਸ਼ਤੇ ਨੂੰ ਲੁਕਾ ਕੇ, ਆਪਣੀ ਮੰਗੇਤਰ ਦੇ ਚਰਿੱਤਰ, ਪਰਿਵਾਰ, ਪਿਛੋਕੜ ਅਤੇ ਆਦਤਾਂ ਆਦਿ ਬਾਰੇ ਜਾਣਕਾਰੀ ਇਕੱਤਰ ਕਰਨ ਲਈ ਕਿਹਾ।

ਕੁਝ ਦਿਨਾਂ ਮਗਰੋਂ ਜਾਂਚ ਲਈ ਨਿਯੁਕਤ ਕੀਤੇ ਅਧਿਕਾਰੀ ਨੇ ਜਿਹੜੀ ਰੀਪੋਰਟ ਦਿੱਤੀ, ਉਸ ਵਿਚ ਲਿਖਿਆ ਸੀ: ਲੜਕੀ ਇਕ ਇੱਜ਼ਤਦਾਰ ਪੜ੍ਹੇ-ਲਿਖੇ ਪਰਿਵਾਰ ਵਿਚੋਂ ਹੈ, ਚਰਿੱਤਰ ਦੀ ਅੱਛੀ ਹੈ, ਡਾਕਟਰੀ ਦੀ ਵਿਦਿਆ ਪ੍ਰਾਪਤ ਕੀਤੀ ਹੋਈ ਹੈ।

ਅੱਜ ਕੱਲ੍ਹ ਉਸ ਦਾ ਇਕ ਮਾੜੇ ਚਰਿੱਤਰ ਵਾਲੇ ਅਤੇ ਖ਼ਤਰਨਾਕ ਕੰਮ ਕਰਨ ਵਾਲੇ ਇਕ ਪੁਰਸ਼ ਨਾਲ ਉਠਣਾ-ਬੈਠਣਾ ਹੈ।

422

ਦੂਜੇ ਵਿਸ਼ਵਯੁੱਧ ਦੌਰਾਨ ਜਰਮਨਾਂ ਨੇ ਫਰਾਂਸ 'ਤੇ ਕਬਜ਼ਾ ਕਰ ਲਿਆ ਸੀ ਅਤੇ ਪੈਰਿਸ ਪੂਰਨਭਾਂਤ ਉਨ੍ਹਾਂ ਦੇ ਨਿਯੰਤਰਣ ਵਿਚ ਸੀ। ਉਸ ਵੇਲੇ ਜੇ ਦੇਸ਼ ਦੀ ਰਾਜਧਾਨੀ 'ਤੇ ਕਬਜ਼ਾ ਹੋ ਜਾਂਦਾ ਸੀ ਤਾਂ ਬਾਕੀ ਦੇਸ਼ 'ਤੇ ਕਬਜ਼ਾ ਕਰਨ ਵਿਚ ਕੋਈ ਮੁਸ਼ਕਲ ਨਹੀਂ ਸੀ ਆਉਂਦੀ।

ਉਸ ਵੇਲੇ ਵੀ ਪੈਰਿਸ ਸੰਸਾਰ ਦਾ ਸਭ ਤੋਂ ਸੋਹਣਾ ਸ਼ਹਿਰ ਸੀ।

ਜਰਮਨ ਜਰਨੈਲ ਨੇ ਫਰਾਂਸੀਸੀਆਂ ਦਾ ਅਪਮਾਨ ਕਰਨ ਦੇ ਇਰਾਦੇ ਨਾਲ ਫੈਸਲਾ ਕਰ ਲਿਆ ਸੀ ਕਿ ਅਗਲੇ ਦਿਨ ਪੈਰਿਸ ਨੂੰ ਢਾਹ ਕੇ ਮਲਬੇ ਦਾ ਢੇਰ ਬਣਾ ਦੇਣਾ ਹੈ।

ਤਬਾਹੀ ਤੋਂ ਪਹਿਲੀ ਰਾਤ ਫਰਾਂਸ ਦੀ ਸਭਿਆਚਾਰ ਮੰਤਰੀ, ਉਸ ਜਰਨੈਲ ਨੂੰ ਮਿਲੀ। ਉਹ ਮੰਤਰੀ ਕਵਿਤਰੀ ਵੀ ਸੀ। ਉਸ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਜਰਨੈਲ ਨੂੰ ਕਿਹਾ ਕਿ ਪੈਰਿਸ ਸਿੱਪ ਦਾ ਮੋਤੀ ਹੈ, ਜਿਸ ਤੋਂ ਸਾਰਾ ਵਿਸ਼ਵ ਪ੍ਰੇਰਨਾ ਲੈ ਕੇ ਫੈਸ਼ਨ, ਚਿੱਤਰਕਲਾ, ਸੰਗੀਤ, ਨ੍ਰਿਤ ਅਤੇ ਕਲਾ ਵਿਚ ਪ੍ਰਾਪਤੀਆਂ ਕਰਦਾ ਹੈ।

ਪੈਰਿਸ ਆਉਣਾ ਹਰ ਕਿਸੇ ਦੀ ਜ਼ਿੰਦਗੀ ਦਾ ਸੁਪਨਾ ਹੁੰਦਾ ਹੈ।

ਜੇ ਤੁਸੀਂ ਪੈਰਿਸ ਤਬਾਹ ਕਰ ਦਿਓਗੇ ਤਾਂ ਇਹ ਮੁੜ ਉਸਾਰ ਲਿਆ ਜਾਵੇਗਾ, ਸਗੋਂ ਹੁਣ ਨਾਲੋਂ ਵੀ ਚੰਗੇਰਾ ਉਸਾਰ ਲਿਆ ਜਾਵੇਗਾ ਪਰ ਪੈਰਿਸ ਨੂੰ ਤਬਾਹ ਕਰਨ ਦਾ ਕਲੰਕ ਤੁਹਾਡੇ 'ਤੇ ਲੱਗੇਗਾ ਅਤੇ ਹਮੇਸ਼ਾ ਲਈ ਬਦਨਾਮੀ ਦਾ ਕਾਰਨ ਬਣੇਗਾ।

ਤੁਸੀਂ ਪੈਰਿਸ ਨੂੰ ਤਬਾਹ ਨਾ ਕਰੋ, ਮਗਰੋਂ ਤੁਸੀਂ ਜਦੋਂ ਵੀ ਪੈਰਿਸ ਆਇਆ ਕਰੋਗੇ, ਤੁਹਾਨੂੰ ਇਸ ਗੱਲ ਦਾ ਮਾਣ ਹੋਇਆ ਕਰੇਗਾ ਕਿ ਪੈਰਿਸ ਨੂੰ ਤਬਾਹ ਹੋਣ ਤੋਂ ਤੁਸੀਂ ਬਚਾਇਆ ਸੀ। ਇਵੇਂ ਪੈਰਿਸ ਤਬਾਹ ਹੋਣ ਤੋਂ ਬਚ ਗਿਆ ਸੀ।

www.quotesinpunjabi.ml

QuotesInPunjabi

423

ਮਾਪੇ ਸਾਨੂੰ ਸਾਡੇ ਜਨਮ ਤੋਂ ਆਪਣੇ ਮਰਨ ਤੱਕ ਨਿਰੰਤਰ ਜਾਣਦੇ ਹੁੰਦੇ ਹਨ।

ਇਹ ਬੜੀ ਲੰਮੀ ਅਤੇ ਸਭ ਤੋਂ ਪੀੜੀ ਜਾਣ-ਪਛਾਣ ਹੁੰਦੀ ਹੈ।

ਮੇਰੇ ਪਿਤਾ, ਮੇਰੇ ਦਾਦਾ ਜੀ ਨੂੰ ਕਿਹਾ ਕਰਦੇ ਸਨ, ਜਲਦੀ ਕਰੋ। ਮੈਂ ਆਪਣੇ ਪਿਤਾ ਨੂੰ ਕਹਿੰਦਾ ਹਾਂ, ਹੌਲੀ ਕਿਉਂ ਟੁਰਦੇ ਹੋ ? ਮੇਰਾ ਪੁੱਤਰ ਮੈਨੂੰ ਕਹਿੰਦਾ ਹੈ, ਤੇਜ਼ ਕਿਉਂ ਨਹੀਂ ਚਲਦੇ ?

ਅਤੀਤ, ਵਰਤਮਾਨ ਨਾਲ ਅਤੇ ਵਰਤਮਾਨ, ਭਵਿੱਖ ਨਾਲ ਕਦਮ ਮਿਲਾ ਕੇ ਨਹੀਂ ਚੱਲ ਸਕਦਾ। ਮੇਰਾ ਦਾਦਾ ਮੇਰਾ ਅਤੀਤ ਹੈ, ਮੇਰਾ ਪਿਤਾ ਮੇਰਾ ਵਰਤਮਾਨ ਹੈ, ਮੇਰਾ ਪੁੱਤਰ ਮੇਰਾ ਭਵਿੱਖ ਹੈ। ਇਵੇਂ ਇਕੋ ਵੇਲੇ ਜ਼ਿੰਦਗੀ ਤਿੰਨ ਰਫਤਾਰਾਂ 'ਤੇ ਚਲ ਰਹੀ ਹੈ।

ਜਿਉਂ-ਜਿਉਂ ਸਾਡੀ ਆਪਣੀ ਉਮਰ ਵੱਧਦੀ ਹੈ, ਸਾਡਾ ਆਪਣੇ ਮਾਪਿਆਂ ਪ੍ਰਤੀ ਸਤਿਕਾਰ ਵੱਧਦਾ ਹੈ। ਉਨ੍ਹਾਂ ਦੀਆਂ ਅਸਫਲਤਾਵਾਂ ਸਾਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਆਉਣ ਲੱਗ ਪੈਂਦੀਆਂ ਹਨ। ਜਿਉਂ-ਜਿਉਂ ਸਾਡੀ ਜ਼ਿੰਦਗੀ ਦੀਆਂ ਪਰੇਸ਼ਾਨੀਆਂ, ਸਮੱਸਿਆਵਾਂ ਅਤੇ ਮੁਸ਼ਕਲਾਂ ਵੱਧਦੀਆਂ ਹਨ, ਤਿਉਂ-ਤਿਉਂ ਆਪਣੇ ਮਾਪਿਆਂ ਦਾ ਜੀਵਨ ਸਾਨੂੰ ਕੁਰਬਾਨੀਆਂ ਦੀ ਲੰਮੀ ਲੜੀ ਲੱਗਣ ਲੱਗ ਪੈਂਦਾ ਹੈ।

ਅਜੋਕੀ ਧੀ, ਮਾਂ ਨੂੰ ਪੁੱਛਦੀ ਹੈ: ਤੁਸੀਂ ਚਾਰ ਬੱਚੇ ਕਿਵੇਂ ਪਾਲ ਲਏ, ਸਾਡੇ ਤੋਂ ਤਾਂ ਇਕ ਵੀ ਨਹੀਂ ਪਲ ਰਿਹਾ।

ਪੁੱਤਰ, ਪਿਤਾ ਨੂੰ ਪੁੱਛਦਾ ਹੈ: ਇਤਨੀ ਘੱਟ ਆਮਦਨ ਵਿਚ ਤੁਸੀਂ ਮਕਾਨ ਕਿਵੇਂ ਪਾ ਲਿਆ, ਸਾਡੇ ਤੋਂ ਤਾਂ ਇਕ ਕਮਰਾ ਵੀ ਨਹੀਂ ਪੈ ਰਿਹਾ।

424

ਵਿਆਹ ਨਾਲ ਸਾਡੀ ਪਰਖ ਹੁੰਦੀ ਹੈ ਕਿ ਅਸੀਂ ਕੀ ਹਾਂ।

ਆਪਣੇ-ਆਪ ਬਾਰੇ ਸੋਝੀ ਸਾਨੂੰ ਦੂਜੇ ਦੇ ਪ੍ਰਤੀਕਰਮਾਂ ਤੋਂ ਪ੍ਰਾਪਤ ਹੁੰਦੀ ਹੈ, ਸੋ ਇਕ-ਦੂਜੇ ਪ੍ਰਤੀ ਅਣਗਹਿਲੀ ਨਹੀਂ ਪ੍ਰਗਟਾਈ ਜਾ ਸਕਦੀ। ਜੇ ਪਰਸਪਰ ਸਤਿਕਾਰ ਨਾ ਹੋਵੇ ਤਾਂ ਬੜੀ ਮੁਸ਼ਕਲ ਹੁੰਦੀ ਹੈ। ਜੇ ਸਮਝੌਤਾ ਕਰਨਾ, ਤਾਲਮੇਲ ਉਸਾਰਨਾ ਨਾ ਆਉਂਦਾ ਹੋਵੇ ਤਾਂ ਜ਼ਿੰਦਗੀ ਬੜੀ ਔਖੀ ਹੋ ਜਾਂਦੀ ਹੈ।

ਜੇ ਦੋਵੇਂ ਇਕ-ਦੂਜੇ ਨਾਲ ਖੁੱਲ੍ਹ ਕੇ ਗੱਲ ਨਹੀਂ ਕਰ ਸਕਦੇ, ਸਾਰੇ ਮਸਲੇ ਨਹੀਂ ਵਿਚਾਰ ਸਕਦੇ ਤਾਂ ਦੋਵੇਂ ਡਰੇ-ਡਰੇ ਰਹਿੰਦੇ ਹੋਣਗੇ। ਵਿਆਹ ਦੇ ਮਹੱਤਵ ਨੂੰ ਜਾਣਨਾ ਜ਼ਰੂਰੀ ਹੈ। ਇਕ-ਦੂਜੇ ਦਾ ਧਿਆਨ ਰੱਖੋ ਨਹੀਂ ਤਾਂ ਵਿਛੜ ਜਾਓਗੇ। ਇਕ-ਦੂਜੇ ਨਾਲ ਜੁੜਨ ਲਈ ਇਕ-ਦੂਜੇ ਦੀ ਇਤਨੀ ਜ਼ਿੰਮੇਵਾਰੀ ਚੁੱਕੋ ਕਿ ਦੂਜੇ ਦਾ, ਤੁਹਾਡੇ ਬਿਨਾਂ ਸਰੇ ਹੀ ਨਾ।

ਰਿਸ਼ਤੇ ਉਸਾਰਨ ਜਾਂ ਨਿਭਾਉਣ ਦਾ ਨਾ ਕੋਈ ਫਾਰਮੂਲਾ ਹੁੰਦਾ ਹੈ ਨਾ ਕੋਈ ਸੁਨਹਿਰੀ ਨੇਮ। ਰਿਸ਼ਤੇ ਪਾਲਣੇ ਪੈਂਦੇ ਹਨ, ਸੰਭਾਲਣੇ ਪੈਂਦੇ ਹਨ। ਇਹ ਨਾ ਸੋਚੋ ਕਿ ਤੁਹਾਨੂੰ ਕੀ ਮਿਲਣਾ ਚਾਹੀਦਾ ਹੈ, ਇਹ ਸੋਚੋ ਕਿ ਤੁਸੀਂ ਦੇ ਕੀ ਸਕਦੇ ਹੋ।

www.quotesinpunjabi.ml

QuotesInPunjabi

425

ਮਨੁੱਖ ਵਕਤ ਨੂੰ ਖਰੀਦ ਨਹੀਂ ਸਕਦਾ, ਇਹ ਕਿਧਰੇ ਮਿਲਦਾ ਨਹੀਂ, ਇਸ ਦੀ ਮਾਤਰਾ ਵਧਾਈ ਨਹੀਂ ਜਾ ਸਕਦੀ। ਇਸ ਦੀ ਲੋੜ ਕਿਤਨੀ ਵੀ ਵਧ ਜਾਵੇ ਇਹ ਵਧਦਾ ਨਹੀਂ। ਹਰ ਰੋਜ਼ ਹਰ ਕਿਸੇ ਨੂੰ ਚੌਵ੍ਹੀ ਘੰਟੇ ਦਾ ਵਕਤ ਮਿਲਦਾ ਹੈ। ਕਈ ਸਵੇਰੇ ਉੱਠਦੇ ਹਨ, ਉਨ੍ਹਾਂ ਦਾ ਦਿਨ ਛੱਬੀ-ਸਤਾਈ ਘੰਟੇ ਦਾ ਹੋ ਜਾਂਦਾ ਹੈ, ਕਈ ਸੁੱਤੇ ਰਹਿੰਦੇ ਹਨ, ਉਨ੍ਹਾਂ ਦਾ ਦਿਨ ਇੱਕੀ-ਬਾਈ ਘੰਟੇ ਦਾ ਰਹਿ ਜਾਂਦਾ ਹੈ।

ਵਕਤ ਦੀ ਕੋਈ ਕੀਮਤ ਨਹੀਂ ਪਰ ਇਹ ਬੜਾ ਕੀਮਤੀ ਹੈ। ਇਕ ਸਕਿੰਟ ਦੀ ਕੀਮਤ ਉਸ ਨੂੰ ਪੁੱਛੋ ਜਿਸ ਨੇ ਸੌ ਮੀਟਰ ਦੀ ਉਲੰਪਿਕ ਦੌੜ ਲਾਉਣੀ ਹੈ। ਇਕ ਮਿੰਟ ਦਾ ਮਹੱਤਵ ਉਹੀ ਜਾਣਦਾ ਹੈ, ਜਿਸ ਦੀ ਹੁਣੇ ਗੱਡੀ ਨਿਕਲ ਗਈ ਹੋਵੇ।

ਵਕਤ ਹਰ ਵੇਲੇ, ਹਰ ਕਿਸੇ ਲਈ, ਉਪਜ ਰਿਹਾ ਹੁੰਦਾ ਹੈ, ਇਹ ਹਰ ਵੇਲੇ ਹਰ ਕਿਸੇ ਵਲੋਂ ਵਰਤਿਆ ਜਾ ਰਿਹਾ ਹੁੰਦਾ ਹੈ। ਇਸ ਨੂੰ ਮਗਰੋਂ ਵਰਤਣ ਲਈ ਸਾਂਭਿਆ-ਸੰਭਾਲਿਆ ਨਹੀਂ ਜਾ ਸਕਦਾ। ਨਾ ਵਰਤਣ ਨਾਲ ਇਹ ਨਸ਼ਟ ਹੋ ਜਾਂਦਾ ਹੈ। ਲੰਘ ਗਿਆ ਵਕਤ ਕਿਸੇ ਵਲੋਂ, ਕਿਸੇ ਵੀ ਤਰ੍ਹਾਂ ਵਾਪਸ ਨਹੀਂ ਲਿਆਂਦਾ ਜਾ ਸਕਦਾ।

ਵਕਤ ਦੀ ਹਰ ਕਿਸੇ ਨੂੰ ਲੋੜ ਹੁੰਦੀ ਹੈ। ਇਹ ਹਮੇਸ਼ਾ ਲੋੜ ਨਾਲੋਂ ਘੱਟ ਮਾਤਰਾ ਵਿਚ ਹੁੰਦਾ ਹੈ। ਰੁਝਿਆਂ ਹੋਇਆਂ ਕੋਲ, ਇਹ ਰੁਝੇਵਿਆਂ ਦੇ ਬਾਵਜੂਦ ਹੁੰਦਾ ਹੈ; ਵਿਹਲਿਆਂ ਕੋਲ, ਵਿਹਲੇ ਹੋਣ ਦੇ ਬਾਵਜੂਦ, ਇਹ ਨਹੀਂ ਹੁੰਦਾ।

ਵਕਤ ਦਾ ਕੋਈ ਬਦਲ ਨਹੀਂ, ਇਹ ਹਰ ਚੀਜ਼ ਨੂੰ ਮਾਪਣ ਦਾ ਪੈਮਾਨਾ ਹੈ। ਅਸੀਂ ਕਿਸੇ ਚੀਜ਼ ਦਾ ਮੁੱਲ ਪੈਸਿਆਂ ਵਿਚ ਨਹੀਂ ਤਾਰਦੇ, ਉਸ ਚੀਜ਼ ਨੂੰ ਖਰੀਦਣ ਲਈ, ਪੈਸਿਆਂ ਨੂੰ ਕਮਾਉਣ ਲਈ, ਲੱਗੇ ਵਕਤ ਵਿਚ ਤਾਰਦੇ ਹਾਂ। ਕੁਝ ਵੀ ਕਰਨਾ ਹੋਵੇ, ਕਿਧਰੇ ਜਾਣਾ ਹੋਵੇ, ਕਿਸੇ ਨੂੰ ਮਿਲਣਾ ਹੋਵੇ, ਵਕਤ ਦੀ ਲੋੜ ਪੈਂਦੀ ਹੈ।

ਅਸੀਂ ਜੀਵਨ ਨੂੰ ਮਾਪਦੇ ਸਾਲਾਂ ਵਿਚ ਹਾਂ, ਕਮਾਉਂਦੇ ਮਹੀਨਿਆਂ ਵਿਚ ਹਾਂ, ਜਿਉਂਦੇ ਦਿਨਾਂ ਵਿਚ ਹਾਂ, ਗਿਣਦੇ ਘੰਟੇ ਅਤੇ ਮਿੰਟਾਂ ਵਿਚ ਹਾਂ। ਸਭ ਕੁਝ ਵਕਤ ਦੇ ਪ੍ਰਭਾਵ ਅਧੀਨ ਹੈ। ਹਰ ਕਿਸੇ ਦੀ ਵਕਤ ਦੀ ਸੋਝੀ ਵੱਖਰੀ ਹੈ। ਇਹ ਸਫਲਤਾ-ਅਸਫਲਤਾ ਦੋਹਾਂ ਦਾ ਆਧਾਰ ਹੈ। ਇਤਨਾ ਕੀਮਤੀ, ਇਤਨਾ ਮੁੱਲਵਾਨ ਅਤੇ ਇਤਨਾ ਮਹੱਤਵਪੂਰਨ ਹੋਣ ਦੇ ਬਾਵਜੂਦ, ਲੱਗਭਗ ਹਰ ਕੋਈ ਇਸ ਨੂੰ ਅਜਾਈਂ ਗਵਾਈ ਜਾ ਰਿਹਾ ਹੈ।

426

ਭੇਡਾਂ ਦੇ ਇਕ ਇੱਜੜ ਨੂੰ ਇਕ ਲੂੰਬੜ ਤੰਗ ਕਰਦਾ ਸੀ, ਭੇਡਾਂ ਮਾਰ ਦਿੰਦਾ ਸੀ।

ਭੇਡਾਂ ਚਾਰਨ ਵਾਲੇ ਨੇ ਪਿੰਡ-ਵਾਸੀਆਂ ਨੂੰ ਦੱਸਿਆ ਕਿ ਉਸ ਦੀਆਂ ਵੀਹ ਭੇਡਾਂ ਵਿਚੋਂ ਕੇਵਲ ਪੰਜ ਭੇਡਾਂ ਰਹਿ ਗਈਆਂ ਸਨ।

ਸਾਰੇ ਪਿੰਡ ਨੇ ਰਲ ਕੇ ਰਾਤ ਵੇਲੇ, ਲੂੰਬੜ 'ਤੇ ਨਜ਼ਰ ਰੱਖੀ ਅਤੇ ਇਕ ਦਿਨ ਸਾਰਿਆਂ ਨੇ ਘੇਰ ਕੇ ਲੂੰਬੜ ਮਾਰ ਦਿੱਤਾ। ਲੂੰਬੜ ਮਾਰਨ ਦੀ ਸਾਰੇ ਪਿੰਡ ਨੇ ਖੁਸ਼ੀ ਮਨਾਈ, ਜਿਸ ਵਿਚ ਬਚੀਆਂ ਹੋਈਆਂ, ਪੰਜ ਭੇਡਾਂ ਰਿੰਨ੍ਹ ਕੇ ਖਾਧੀਆਂ ਗਈਆਂ।

www.quotesinpunjabi.ml

QuotesInPunjabi

ਸਾਡੀ ਮਾਂ ਬੜੀ ਸਖ਼ਤ ਸੀ। ਉਹ ਧਿਆਨ ਰੱਖਦੀ ਸੀ ਕਿ ਸਕੂਲ ਜਾਣ ਸਮੇਂ ਸਾਡੀ ਹਰ ਚੀਜ਼ ਸਾਫ਼-ਸੁਥਰੀ ਅਤੇ ਸਹੀ ਹੋਣੀ ਚਾਹੀਦੀ ਸੀ।

ਉਹ ਸਾਡੀ ਵਰਦੀ ਰਾਤ ਨੂੰ ਹੀ ਤਿਆਰ ਕਰ ਦਿੰਦੀ ਸੀ। ਉਹ ਧਿਆਨ ਰੱਖਦੀ ਸੀ ਕਿ ਸਾਡੇ ਦੋਸਤ ਕੌਣ ਸਨ, ਅਸੀਂ ਉਨ੍ਹਾਂ ਨਾਲ ਕਦੋਂ, ਕਿਥੇ, ਕੀ ਕਰਨ ਜਾਂਦੇ ਸਾਂ।

ਉਹ ਕਹਿੰਦੀ ਸੀ ਵਕਤ ਦੀ ਕਦਰ ਕਰੋ, ਪਹਿਲਾਂ ਹੀ ਸੋਚ ਕੇ ਦੱਸੋ, ਜੇ ਦੋ ਘੰਟੇ ਲਈ ਜਾਣਾ ਹੈ ਤਾਂ ਚਾਰ ਘੰਟੇ ਨਹੀਂ ਲੱਗਣੇ ਚਾਹੀਦੇ। ਸਾਨੂੰ ਲਗਦਾ ਸੀ ਜਿਵੇਂ ਅਸੀਂ, ਮਾਂ ਦੇ ਕੈਦੀ ਸਾਂ। ਉਸ ਨੇ ਸਾਡੇ ਲਈ ਹੱਦਾਂ ਮਿਥੀਆਂ ਹੋਈਆਂ ਸਨ ਪਰ ਉਨ੍ਹਾਂ ਹੱਦਾਂ ਅੰਦਰ ਪੂਰਨ ਆਜ਼ਾਦੀ ਸੀ ਪਰ ਅਸੀਂ ਹਮੇਸ਼ਾ ਹੱਦਾਂ ਉਲੰਘਣ ਬਾਰੇ ਹੀ ਸੋਚਦੇ ਰਹਿੰਦੇ ਸਾਂ।

ਸਾਡੀ ਮਾਂ ਨੇ ਬਾਲ-ਮਜ਼ਦੂਰੀ ਦੇ ਕਿਸੇ ਕਾਨੂੰਨ ਨੂੰ ਨਹੀਂ ਮੰਨਿਆ। ਸਾਨੂੰ ਕੰਮ ਕਰਨ ਲਈ ਕਿਹਾ ਅਤੇ ਕਰਵਾਇਆ। ਆਪਣੇ ਭਾਂਡੇ ਅਸੀਂ ਆਪ ਚੁੱਕਦੇ ਸਾਂ, ਆਪਣਾ ਬਿਸਤਰਾ ਆਪ ਵਿਛਾਉਂਦੇ ਅਤੇ ਚੁਕਦੇ ਸਾਂ, ਲੋੜ ਪੈਣ 'ਤੇ ਰਸੋਈ ਦਾ ਕੰਮ ਵੀ ਕਰਦੇ ਸਾਂ।

ਕਈ ਵਾਰੀ ਮਾਂ ਸਾਡੀ ਯੋਗਤਾ-ਸਮਰੱਥਾ ਪਰਖਣ ਲਈ ਜਾਣ ਕੇ ਗੈਰ-ਹਾਜ਼ਰ ਹੋ ਜਾਂਦੀ ਸੀ। ਕਈ ਵਾਰੀ ਸਾਨੂੰ ਲਗਦਾ ਸੀ ਕਿ ਮਾਂ ਸਾਨੂੰ ਤੰਗ-ਪਰੇਸ਼ਾਨ ਕਰਦੀ ਸੀ। ਅਸੀਂ ਸੋਚਦੇ ਸਾਂ ਕਿ ਉਹ ਸਾਰੀ ਰਾਤ, ਅਗਲੇ ਦਿਨ ਸਾਨੂੰ ਤੰਗ ਕਰਨ ਦੇ, ਮਨਸੂਬੇ ਬਣਾਉਂਦੀ ਰਹਿੰਦੀ ਸੀ। ਅਸੀਂ ਉਸ ਨੂੰ ਕਦੀ ਸੁੱਤਿਆਂ ਵੇਖਿਆ ਹੀ ਨਹੀਂ ਸੀ, ਕਿਉਂਕਿ ਉਹ ਸਾਡੇ ਤੋਂ ਪਹਿਲਾਂ ਜਾਗਦੀ ਸੀ, ਸਾਡੇ ਤੋਂ ਮਗਰੋਂ ਸੌਂਦੀ ਸੀ, ਅਸੀਂ ਉਸ ਨੂੰ ਕਦੇ ਬੀਮਾਰ ਨਹੀਂ ਸੀ ਵੇਖਿਆ, ਉਸ ਦੇ ਕਿਸੇ ਕੰਮ ਵਿਚ ਦੇਰੀ ਨਹੀਂ ਸੀ ਵੇਖੀ।

ਉਹ ਅੜ ਜਾਂਦੀ ਸੀ ਕਿ ਕੇਵਲ ਸੱਚ ਬੋਲਣਾ ਹੈ।

ਉਸ ਨੇ ਸਾਡੀ ਜ਼ਿੰਦਗੀ ਬੜੀ ਔਖੀ ਬਣਾਈ ਹੋਈ ਸੀ। ਸਾਨੂੰ ਲੱਗਦਾ ਸੀ ਦੋ ਅੱਖਾਂ ਉਸ ਦੇ ਮੱਥੇ ਵਿਚ ਸਨ, ਦੋ ਸਿਰ ਦੇ ਪਿੱਛੇ। ਅਸੀਂ ਕੁਝ ਵੀ ਕਰਦੇ, ਕਿਤਨਾ ਹੀ ਛੁਪਾ ਕੇ ਕਰਦੇ, ਉਹ ਵੇਖ ਲੈਂਦੀ ਸੀ, ਉਸ ਨੂੰ ਸਭ ਕੁਝ ਪਤਾ ਹੁੰਦਾ ਸੀ, ਉਹ ਸਾਡੀ ਹਰ ਗਲ ਜਾਣਦੀ ਸੀ।

ਮੇਰਾ ਦੋਸਤ ਜਦੋਂ ਮੋਟਰ-ਸਾਈਕਲ ਦਾ ਹਾਰਨ ਵਜਾਉਂਦਾ ਸੀ, ਉਹ ਦਰਵਾਜ਼ਾ ਨਹੀਂ ਸੀ ਖੋਲ੍ਹਦੀ, ਉਦੋਂ ਹੀ ਖੋਲ੍ਹਦੀ ਸੀ, ਜਦੋਂ ਦਰਵਾਜ਼ੇ 'ਤੇ ਦਸਤਕ ਦਿੱਤੀ ਜਾਂਦੀ ਸੀ।

ਸਾਡੀ ਮਾਂ ਨੇ ਸਾਨੂੰ ਜ਼ਿੰਦਗੀ ਵਿਚ ਬਹੁਤ ਕੁਝ ਕਰਨ ਹੀ ਨਹੀਂ ਦਿੱਤਾ। ਸਕੂਲੋਂ-ਕਾਲਜੋਂ ਕਦੇ ਵੀ ਗੈਰਹਾਜ਼ਰ ਹੋਣ ਦੀ ਆਗਿਆ ਨਹੀਂ ਸੀ। ਸਕੂਲੋਂ ਦੌੜ ਕੇ ਸਿਨੇਮਾ ਵੇਖਣ; ਸਕੂਲ ਜਾਣ ਦੀ ਬਜਾਇ, ਘੁੰਮਦੇ-ਖੇਡਦੇ ਰਹਿਣ; ਪੈਸੇ ਗੁੰਮ ਜਾਣ ਦਾ ਬਹਾਨਾ ਲਾਉਣ; ਦੁਕਾਨਾਂ ਤੋਂ ਚੀਜ਼ਾਂ ਖਿਸਕਾਉਣ; ਕਨਟੀਨ ਵਿਚ ਕਾਫੀ ਦੇ ਪੈਸੇ ਨਾ ਦੇਣ; ਲੜਾਈਆਂ ਮੁੱਲ ਲੈਣ ਆਦਿ ਦਾ ਸਾਨੂੰ ਮੌਕਾ ਹੀ ਨਹੀਂ ਮਿਲਿਆ।

ਸਾਡੀ ਮਾਂ ਨੇ ਸਾਨੂੰ ਕੋਈ ਪੁੱਠਾ ਕੰਮ ਕਰਨ ਹੀ ਨਹੀਂ ਸੀ ਦਿੱਤਾ।

ਉਸ ਦੇ ਯਤਨਾਂ ਨਾਲ ਅਸੀਂ ਮਿਹਨਤੀ ਬਣੇ, ਸਮੇਂ ਦੇ ਪਾਬੰਦ ਹੋਏ, ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦੇ ਯੋਗ ਹੋਏ, ਆਪਣੇ ਵਸੀਲਿਆਂ ਵਿਚ ਰਹਿਣ ਦੀ ਜਾਚ

www.quotesinpunjabi.ml

QuotesInPunjabi
ਸਿੱਖੀ। ਇਨ੍ਹਾਂ ਕਾਰਨਾਂ ਕਰਕੇ ਅਸੀਂ ਉੱਚੇ ਅਹੁਦਿਆਂ 'ਤੇ ਲੱਗੇ, ਦੁਨੀਆ ਘੁੰਮੇ, ਸਹਿਯੋਗੀ ਇਨਸਾਨਾਂ ਵਾਂਗ ਜੀਵੇ, ਇੱਜ਼ਤ ਮਾਣ ਕਮਾਇਆ ਅਤੇ ਪ੍ਰਸੰਨ ਰਹੇ।

ਹੁਣ ਅਸੀਂ ਸੋਚਦੇ ਹਾਂ, ਸਾਡੀ ਮਾਂ ਵਰਗੀ ਤਾਂ ਕੋਈ ਮਾਂ ਹੋ ਹੀ ਨਹੀਂ ਸਕਦੀ।

428

ਇਹ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਸਾਰਾ ਲੈਣ-ਦੇਣ ਸਿੱਕਿਆਂ ਨਾਲ ਹੀ ਹੁੰਦਾ ਸੀ। ਨੋਟ ਸ਼ਹਿਰਾਂ ਵਿਚ ਅਮੀਰ ਲੋਕਾਂ ਕੋਲ ਹੀ ਹੁੰਦੇ ਸਨ। ਇਕ ਠੇਕੇਦਾਰ ਕਹਾਉਂਦੇ ਸਰਦਾਰ ਨੇ, ਆਪਣੇ ਇਕਲੌਤੇ ਪੁੱਤਰ ਦਾ ਵਿਆਹ ਨਿਵੇਕਲੇ ਢੰਗ ਨਾਲ ਕਰਨ ਦਾ ਮਨ ਬਣਾਇਆ।

ਬਾਰਾਤ ਟੁਰ ਕੇ ਨਹੀਂ, ਟਰੱਕ 'ਤੇ ਗਈ। ਵਹੁਟੀ ਲਈ ਬਣਾਈ ਵਰੀ ਉੱਤੇ ਉਸ ਠੇਕੇਦਾਰ ਨੇ ਸੌ ਰੁਪਏ ਦਾ ਕੜਕਵਾਂ ਨੋਟ ਰੱਖਣ ਦਾ ਫੈਸਲਾ ਕੀਤਾ। ਸਾਰੀ ਬਾਰਾਤ ਵਿਚ ਸੌ ਦੇ ਕੜਕਵੇਂ ਨੋਟ ਦੀਆਂ ਗੱਲਾਂ ਹੋ ਰਹੀਆਂ ਸਨ। ਪਹੁੰਚ ਕੇ ਸਰਦਾਰ ਨੇ ਇਤਨੀ ਸ਼ਰਾਬ ਪੀ ਲਈ ਕਿ ਕਿਸੇ ਨੇ ਉਸ ਦਾ ਸੌ ਦਾ ਸਾਂਭਿਆ ਕੜਕਵਾਂ ਨੋਟ ਖਿਸਕਾ ਲਿਆ।

ਵਰੀ ਵਿਖਾਉਣ ਵੇਲੇ ਠੇਕੇਦਾਰ ਨੇ ਜਦੋਂ ਕੜਕਵਾਂ ਨੋਟ ਕੱਢਣ ਲਈ ਜੇਬ ਵਿਚ ਹੱਥ ਪਾਇਆ ਤਾਂ ਉਸ ਦਾ ਰੰਗ ਚੂਨੇ ਵਰਗਾ ਹੋ ਗਿਆ। ਕਿਉਂਕਿ ਐਲਾਨ ਕੀਤਾ ਹੋਇਆ ਸੀ, ਸੋ ਹਰ ਕੋਈ ਸੌ ਰੁਪਏ ਦਾ ਕੜਕਵਾਂ ਨੋਟ ਵੇਖਣ ਲਈ ਉਤਾਵਲਾ ਸੀ। ਇੱਜ਼ਤ ਬਚਾਉਣ ਲਈ, ਨਾਲ ਗਏ ਸਾਰੇ ਬਰਾਤੀਆਂ ਦੀਆਂ ਜੇਬਾਂ ਵਿਚੋਂ, ਚੂਰ-ਭੂਰ ਇਕੱਠਾ ਕੀਤਾ ਗਿਆ ਪਰ ਕੁਲ ਪੈਂਤੀ ਰੁਪਏ ਬਣੇ। ਨਮੋਸ਼ੀ ਦੇ ਮਾਰੇ, ਠੇਕੇਦਾਰ ਸਰਦਾਰ ਨੇ ਹੋਰ ਸ਼ਰਾਬ ਪੀਤੀ ਅਤੇ ਡੋਲੀ ਲਿਜਾਂਦਿਆਂ, ਰਸਤੇ ਵਿਚ ਪੈਂਦੇ ਇਕ ਖੂਹ ਵਿਚ, ਛਾਲ ਮਾਰ ਦਿੱਤੀ।

ਅੱਜ-ਕੱਲ੍ਹ ਸੌ ਰੁਪਏ ਦੇ ਕੜਕਵੇਂ ਨੋਟ ਨਾਲ, ਭੇਢ ਕਿਲੋ ਛੋਲੇ ਵੀ ਨਹੀਂ ਆਉਂਦੇ।

429

ਹਰ ਕੋਈ ਸਮਝਦਾ ਹੈ ਕਿ ਉਸਦਾ ਆਪਣਾ ਧਰਮ ਹੀ ਧਰਮ ਹੈ, ਬਾਕੀ ਸਾਰੇ ਧਰਮ ਬੇਬੁਨਿਆਦ ਅਤੇ ਨਿਰੋਲ ਅੰਧ-ਵਿਸ਼ਵਾਸ ਹਨ।

ਚੀਨੀ, ਮੁਰਦੇ ਨੂੰ ਦਫ਼ਨਾਉਣ ਉਪਰੰਤ, ਉਸ ਦੀ ਕਬਰ 'ਤੇ ਖਾਣ ਵਾਲੀਆਂ ਕੁਝ ਚੀਜ਼ਾਂ ਰੱਖਦੇ ਹਨ ਅਤੇ ਈਸਾਈ ਕਬਰ 'ਤੇ ਕੁਝ ਫੁੱਲ ਰੱਖਦੇ ਹਨ।

ਇਕ ਈਸਾਈ ਮਾਲਕ ਕੋਲ, ਇਕ ਚੀਨੀ ਨੌਕਰ ਨੇ ਆਪਣੇ ਭਾਈਚਾਰੇ ਦੇ ਇਕ ਬਜ਼ੁਰਗ ਨੂੰ ਦਫ਼ਨਾਉਣ ਦੀ ਰਸਮ ਵਿਚ ਸ਼ਾਮਲ ਹੋਣ ਲਈ, ਅੱਧੇ ਦਿਨ ਦੀ ਛੁੱਟੀ ਮੰਗੀ।

ਛੁੱਟੀ ਦੀ ਆਗਿਆ ਦਿੰਦਿਆਂ, ਮਾਲਕ ਨੇ ਵਿਅੰਗ ਨਾਲ ਪੁੱਛਿਆ ਕਿ ਤੁਸੀਂ ਕਬਰ ਉੱਤੇ ਜਿਹੜੀਆਂ ਖਾਣ ਵਾਲੀਆਂ ਚੀਜ਼ਾਂ ਰੱਖਦੇ ਹੋ, ਮੁਰਦਾ ਉਨ੍ਹਾਂ ਨੂੰ ਕਦੋਂ ਖਾਂਦਾ ਹੈ?

ਚੀਨੀ ਨੌਕਰ ਨੇ ਸੋਚਿਆ ਕਿ ਜਵਾਬ ਦੇਵੇ ਕਿ ਨਾ ਪਰ ਮਾਲਕ ਦੇ ਵਿਅੰਗ ਦਾ ਚੁੱਕਵਾਂ ਉੱਤਰ ਦੇਣ ਦੇ ਇਰਾਦੇ ਨਾਲ, ਉਸ ਨੇ ਕਿਹਾ: ਜਦੋਂ ਈਸਾਈ ਮੁਰਦਾ, ਕਬਰ 'ਤੇ ਰੱਖੇ ਫੁੱਲ ਸੁੰਘਣ ਲੱਗ ਪੈਂਦਾ ਹੈ, ਲਗਭਗ ਉਤਨੇ ਕੁ ਅਰਸੇ ਵਿਚ, ਚੀਨੀ ਮੁਰਦਾ ਉਥੇ ਰੱਖੀਆਂ ਚੀਜ਼ਾਂ ਖਾਣ ਲੱਗ ਪੈਂਦਾ ਹੈ।

www.quotesinpunjabi.ml

QuotesInPunjabi

ਫਿਲਪੀਨਸ ਵਿਚ, ਭਾਰਤ ਦੀ ਭਾਖੜੇ ਵਰਗੀ, ਇੱਕ ਵੱਡੀ ਸਿੰਚਾਈ ਯੋਜਨਾ ਦਾ ਨਿਰਮਾਣ ਹੋ ਰਿਹਾ ਸੀ, ਜਿਸ ਵਿਚ ਫਿਲਪੀਨਸ ਦੇ ਰਾਸ਼ਟਰਪਤੀ ਦੀ ਵਿਸ਼ੇਸ਼ ਦਿਲਚਸਪੀ ਸੀ। ਰਾਸ਼ਟਰਪਤੀ ਨੂੰ ਚਿੰਤਾ ਸੀ, ਕਿਉਂਕਿ ਇਸ ਯੋਜਨਾ ਦੇ ਨਿਰਮਾਣ ਲਈ ਅਮਰੀਕਾ ਤੋਂ ਪੰਪ ਆਉਣੇ ਸਨ, ਜਿਹੜੇ ਦੂਜੇ ਵਿਸ਼ਵਯੁੱਧ ਕਾਰਨ ਆ ਨਹੀਂ ਸਨ ਸਕੇ।

ਰਾਸ਼ਟਰਪਤੀ ਨੇ ਵੇਖਿਆ, ਪੰਪ ਨਾ ਆਉਣ ਦੇ ਬਾਵਜੂਦ, ਸਿੰਚਾਈ ਯੋਜਨਾ ਦਾ ਨਿਰਮਾਣ-ਕਾਰਜ ਬੜੀ ਤੇਜ਼ੀ ਨਾਲ ਚੱਲ ਰਿਹਾ ਸੀ।

ਰਾਸ਼ਟਰਪਤੀ ਨੂੰ ਦੱਸਿਆ ਗਿਆ ਕਿ ਇਕ ਇੰਜੀਨੀਅਰ ਨੇ ਪੁਰਾਣੇ ਟਰੱਕ ਖਰੀਦ ਕੇ, ਉਨ੍ਹਾਂ ਦੇ ਇੰਜਣਾਂ ਨੂੰ ਪੰਪਾਂ ਵਾਂਗ ਵਰਤਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ ਅਤੇ ਕੰਮ ਵਿਚ ਕੋਈ ਵਿਘਨ ਨਹੀਂ ਪੈਣ ਦਿੱਤਾ।

ਰਾਸ਼ਟਰਪਤੀ ਨੇ ਉਸ ਇੰਜੀਨੀਅਰ ਨੂੰ ਆਪਣੇ ਦਫ਼ਤਰ ਬੁਲਾਇਆ ਅਤੇ ਕਿਹਾ: ਪੁਰਾਣੇ ਟਰੱਕਾਂ ਦੇ ਇੰਜਣਾਂ ਨੂੰ ਪੰਪਾਂ ਵਾਂਗ ਵਰਤਣ ਦੇ ਫੈਸਲੇ ਦੇ ਕੀ ਤੁਸੀਂ ਜ਼ਿੰਮੇਵਾਰ ਹੋ? ਇੰਜੀਨੀਅਰ ਨੇ ਸੋਚਿਆ, ਸ਼ਾਇਦ ਪੁਰਾਣੇ ਇੰਜਣਾਂ ਨੂੰ ਵਰਤਣ ਦੀ ਗੱਲ ਰਾਸ਼ਟਰਪਤੀ ਸਾਹਿਬ ਨੂੰ ਪਸੰਦ ਨਹੀਂ ਆਈ, ਫਿਰ ਵੀ ਇਸ ਫੈਸਲੇ ਦੇ ਸਹੀ-ਗਲਤ ਹੋਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਉੱਤੇ ਲੈਂਦਿਆਂ, ਇੰਜੀਨੀਅਰ ਨੇ ਪੂਰੇ ਭਰੋਸੇ ਅਤੇ ਸਵੈਮਾਣ ਨਾਲ ਕਿਹਾ: ਹਾਂ ਜੀ, ਇਸ ਫੈਸਲੇ ਲਈ ਮੈਂ ਹੀ ਜ਼ਿੰਮੇਵਾਰ ਹਾਂ।

ਰਾਸ਼ਟਰਪਤੀ ਨੇ ਕਿਹਾ: ਆਪਣਾ ਹੱਥ ਉੱਚਾ ਕਰੋ, ਇੰਜੀਨੀਅਰ ਨੇ ਡਰਦਿਆਂ, ਹੱਥ ਉੱਚਾ ਕੀਤਾ ਅਤੇ ਰਾਸ਼ਟਰਪਤੀ ਨੇ ਉਸ ਨੂੰ ਸਿੰਚਾਈ-ਮੰਤਰੀ ਵਜੋਂ ਸਹੁੰ ਚੁਕਵਾ ਦਿੱਤੀ।

431

ਦੂਜੇ ਵਿਸ਼ਵਯੁੱਧ ਦੌਰਾਨ ਅਮਰੀਕਾ ਵਿਚ ਟਾਈਪ ਕਰਨ ਵਾਲੀਆਂ ਲੜਕੀਆਂ ਦੀ ਬੜੀ ਘਾਟ ਹੋ ਗਈ ਸੀ। ਸਰਕਾਰ ਨੇ ਤਨਖਾਹਾਂ ਵਧਾਈਆਂ, ਹੋਰ ਸਹੂਲਤਾਂ ਵੀ ਦਿੱਤੀਆਂ, ਨਿਯੁਕਤੀ ਲਈ ਸ਼ਰਤਾਂ ਵੀ ਬੜੀਆਂ ਨਰਮ ਕਰ ਦਿੱਤੀਆਂ, ਪਹਿਲਾਂ ਸੱਠ ਸ਼ਬਦ ਪ੍ਰਤੀ ਮਿੰਟ ਟਾਈਪ ਕਰਨ ਦੀ ਸ਼ਰਤ ਸੀ, ਜਿਹੜੀ ਘਟਾ ਕੇ ਤੀਹ ਅਤੇ ਤੀਹ ਤੋਂ ਘਟਾ ਕੇ ਕੇਵਲ ਦਸ ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਮੰਗੀ ਜਾਣ ਲੱਗ ਪਈ ਸੀ। ਫਿਰ ਵੀ ਟਾਈਪ ਦਾ ਕੰਮ ਕਰਨ ਵਾਲੀ ਨੌਕਰੀ ਲਈ, ਕੋਈ ਲੜਕੀ ਨਹੀਂ ਸੀ ਆਉਂਦੀ।

ਅੰਤ ਨੂੰ ਸ਼ਰਤਾਂ ਹਟਾ ਹੀ ਦਿੱਤੀਆਂ ਗਈਆਂ ਅਤੇ ਟਾਈਪ ਕਰਨ ਦੇ ਰੁਜ਼ਗਾਰ ਦੀਆਂ ਚਾਹਵਾਨ ਲੜਕੀਆਂ ਨੂੰ ਇਕ ਕਮਰੇ ਵਿਚ ਲਿਜਾਇਆ ਜਾਂਦਾ ਸੀ, ਜਿਥੇ ਇਕ ਕੱਪੜੇ ਧੋਣ ਦੀ ਮਸ਼ੀਨ, ਇਕ ਸਿਲਾਈ ਦੀ ਮਸ਼ੀਨ ਅਤੇ ਇਕ ਟਾਈਪ ਦੀ ਮਸ਼ੀਨ ਰੱਖੀ ਹੁੰਦੀ ਸੀ ਅਤੇ ਜਿਹੜੀ ਲੜਕੀ, ਟਾਈਪ ਦੀ ਮਸ਼ੀਨ ਪਛਾਣ ਲੈਂਦੀ ਸੀ, ਉਸ ਨੂੰ ਟਾਈਪਿਸਟ ਨਿਯੁਕਤ ਕਰ ਲਿਆ ਜਾਂਦਾ ਸੀ।

www.quotesinpunjabi.ml

QuotesInPunjabi

432

ਇਕ ਪ੍ਰਸਿੱਧ ਸੰਗੀਤਕਾਰ ਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋਈ ਕਿ ਕਿਸੇ ਨੇ ਆਪਣੀ ਵਸੀਅਤ ਵਿਚ ਉਸ ਦੇ ਸੰਗੀਤ ਦੀ ਪ੍ਰਸੰਸਾ ਵਜੋਂ, ਉਸ ਲਈ ਇਕ ਹਜ਼ਾਰ ਪੌਂਡ ਦੀ ਵੱਡੀ ਰਕਮ ਛੱਡੀ ਸੀ। ਜਿਸ ਸਮੇਂ ਦੀ ਇਹ ਗੱਲ ਹੈ, ਉਸ ਸਮੇਂ ਇਤਨੀ ਰਕਮ ਦੀਆਂ ਦੋ ਛੋਟੀਆਂ ਕਾਰਾਂ ਆ ਜਾਂਦੀਆਂ ਸਨ।

ਜਦੋਂ ਸੰਗੀਤਕਾਰ ਦੇ ਦੋਸਤ ਨੇ ਇਹ ਸੂਚਨਾ ਦਿੱਤੀ ਤਾਂ ਸੰਗੀਤਕਾਰ ਨੇ ਕਿਹਾ: ਇਸ ਨਾਲੋਂ ਵਧੇਰੇ ਹੁਸੀਨ ਗੱਲ ਕੀ ਹੋ ਸਕਦੀ ਹੈ ਕਿ ਇਕ ਮੁਕੰਮਲ ਅਜਨਬੀ ਨੇ, ਜਿਸ ਨੇ ਮੈਨੂੰ ਕਦੇ ਖ਼ਤ ਵੀ ਨਹੀਂ ਲਿਖਿਆ, ਮਿਲਿਆ ਵੀ ਨਹੀਂ, ਉਸ ਨੇ ਮੇਰੇ ਬਾਰੇ ਇਉਂ ਸੋਚਿਆ ਹੈ। ਇਸ ਨਾਲ ਮੇਰਾ ਧੁਰ ਅੰਦਰਲਾ ਪ੍ਰਭਾਵਿਤ ਹੋਇਆ ਹੈ। ਇਹੋ ਜਿਹੀ ਖੁਸ਼ੀ ਮੈਨੂੰ ਪਹਿਲਾਂ ਇਕ ਵਾਰ ਹੀ ਨਸੀਬ ਹੋਈ ਸੀ, ਜਦੋਂ ਮੇਰੀ ਮਾਂ ਲੁਕ ਕੇ ਮੇਰੇ ਸੰਗੀਤ ਨੂੰ ਸੁਣ ਰਹੀ ਸੀ ਅਤੇ ਉਸ ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ। ਇਹ ਉਹ ਦਿਨ ਸੀ ਜਦੋਂ ਮੇਰੀ ਮਾਂ ਦਾ ਮੇਰੀ ਯੋਗਤਾ ਵਿਚ ਵਿਸ਼ਵਾਸ ਸਥਾਪਤ ਹੋਇਆ ਸੀ। ਸੰਸਥਾਵਾਂ ਦੇ ਮਾਣ-ਸਨਮਾਨ, ਅਜਿਹੇ ਕੁਝ ਕਦਰਦਾਨਾਂ ਦੇ ਪਾਏ ਮੁੱਲ ਸਾਹਮਣੇ ਕੁਝ ਵੀ ਨਹੀਂ। ਮੈਨੂੰ ਪੈਸੇ ਦੀ ਖਿੱਚ ਨਹੀਂ ਪਰ ਕਿਸੇ ਵਲੋਂ ਇਤਨੀ ਵੱਡੀ ਰਕਮ ਦਾਦ ਦੇਣ ਵਜੋਂ ਮੇਰੇ ਲਈ ਛੱਡਣੀ, ਮੇਰੇ ਲਈ ਮਾਣ ਵਾਲੀ ਗੱਲ ਹੈ, ਸੋ ਮੈਂ ਆਪਣੀ ਖੁਸ਼ੀ ਨੂੰ ਦੁੱਗਣੀ ਕਰਨ ਦੇ ਉਦੇਸ਼ ਨਾਲ ਅਤੇ ਪਰਉਪਕਾਰੀ ਵਿਅਕਤੀ ਪ੍ਰਤੀ ਸ਼ੁਕਰਾਨੇ ਦੀ ਭਾਵਨਾ ਨਾਲ, ਇਤਨੇ ਹੀ ਪੈਸੇ ਆਪਣੇ ਵਲੋਂ ਜੋੜ ਕੇ, ਦੋ ਹਜ਼ਾਰ ਪੌਂਡ ਦੀ ਸਾਰੀ ਰਾਸ਼ੀ ਨੂੰ ਲੋੜਵੰਦਾਂ ਵਿਚ ਵੰਡਣ ਦਾ ਐਲਾਨ ਕਰਦਾ ਹਾਂ।

433

ਇਕ ਕੰਪਨੀ ਦਾ ਕਿਸੇ ਹੋਰ ਕੰਪਨੀ ਨਾਲ ਜ਼ਮੀਨ ਸਬੰਧੀ ਝਗੜਾ ਚੱਲ ਰਿਹਾ ਸੀ।

ਕੰਪਨੀ ਨੇ ਆਪਣੇ ਇਕ ਮਹਿੰਗੇ ਵਕੀਲ ਨੂੰ, ਜ਼ਮੀਨ ਦੇ ਝਗੜੇ ਸਬੰਧੀ ਇਕ ਲੰਮੀ ਤਾਰ ਭੇਜੀ, ਜਿਸ ਵਿਚ ਸਾਰੇ ਵੇਰਵੇ ਦਰਜ ਕਰਕੇ ਪੁੱਛਿਆ ਕਿ ਕੀ ਕੰਪਨੀ ਆਪਣੇ ਤੌਰ 'ਤੇ, ਜ਼ਮੀਨ 'ਤੇ ਕਬਜ਼ਾ ਕਰ ਸਕਦੀ ਹੈ ? ਜੇ ਕੰਪਨੀ ਜ਼ਮੀਨ 'ਤੇ ਕਬਜ਼ਾ ਕਰ ਲਵੇ ਤਾਂ ਕੀ ਸਿੱਟੇ ਨਿਕਲਣਗੇ ? ਕੰਪਨੀ ਨੇ ਵਕੀਲ ਨੂੰ ਦਸ ਲੱਖ ਰੁਪਏ ਫੀਸ ਦੇਣ ਦਾ ਵਾਅਦਾ ਕੀਤਾ ਅਤੇ ਉਸ ਨੂੰ ਬਿਲਕੁਲ ਸਪਸ਼ਟ ਉੱਤਰ ਦੇਣ ਲਈ ਕਿਹਾ।

ਵਕੀਲ ਨੇ ਚੌਵ੍ਹੀ ਘੰਟਿਆਂ ਉਪਰੰਤ, ਚਾਰ ਸ਼ਬਦਾਂ ਦਾ ਸੰਖੇਪ ਅਤੇ ਸਪਸ਼ਟ ਉੱਤਰ ਭੇਜਿਆ "ਕਬਜ਼ਾ ਸੰਭਵ, ਜੇਲ੍ਹ ਲਾਜ਼ਮੀ"। ਇਵੇਂ ਵਕੀਲ ਦੇ ਹਰ ਸ਼ਬਦ ਦੀ ਕੀਮਤ ਢਾਈ ਲੱਖ ਰੁਪਏ ਸੀ। ਉੱਤਰ ਇਸ ਲਈ ਸੰਖੇਪ ਭੇਜਿਆ ਗਿਆ ਸੀ ਤਾਂ ਕਿ ਕੰਪਨੀ, ਕਿਸੇ ਵੀ ਤਰ੍ਹਾਂ ਉੱਤਰ ਦੇ ਗਲਤ ਅਰਥ ਨਾ ਕੱਢ ਸਕੇ।

www.quotesinpunjabi.ml

QuotesInPunjabi

434

ਫਰਾਂਸੀਸੀ ਵਿਦੇਸ਼-ਮੰਤਰੀ ਟੈਲੀਰੈਂਡ ਆਪਣੀ ਤਿੱਖੀ ਅਕਲ ਅਤੇ ਹਾਜ਼ਰ-ਜਵਾਬੀ ਕਾਰਨ ਪ੍ਰਸਿੱਧ ਸੀ। ਇਕ ਵਾਰੀ ਇਕ ਪ੍ਰੀਤੀ ਭੋਜ ਦੌਰਾਨ, ਉਸਦੇ ਦੋਵੇਂ ਪਾਸੇ, ਉਸ ਦੀਆਂ ਪ੍ਰਸੰਸਕ ਔਰਤਾਂ ਬੈਠੀਆਂ ਸਨ, ਜਿਨ੍ਹਾਂ ਦਾ ਟੈਲੀਰੈਂਡ ਦਾ ਧਿਆਨ ਖਿੱਚਣ ਦੇ ਪੱਖੋਂ ਆਪਸ ਵਿੱਚ ਬੜਾ ਸਾੜਾ ਸੀ। ਗੱਲਬਾਤ ਦੌਰਾਨ, ਉਨ੍ਹਾਂ ਨੇ ਟੈਲੀਰੈਂਡ ਨੂੰ ਪੁੱਛਿਆ: ਜੇ ਅਸੀਂ ਦੋਵੇਂ ਡੁੱਬ ਰਹੀਆਂ ਹੋਈਏ, ਤਾਂ ਤੁਸੀਂ ਪਹਿਲਾਂ ਕਿਸ ਨੂੰ ਬਚਾਓਗੇ।

ਟੈਲੀਰੈਂਡ ਕਿਸੇ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ, ਉਸ ਨੇ ਸੋਚਿਆ ਅਤੇ ਫਿਰ ਇਕ ਵਲ ਵੇਖ ਕੇ ਕਿਹਾ: ਤੁਹਾਨੂੰ ਤਾਂ ਤੈਰਨਾ ਆਉਂਦਾ ਹੈ!

435

ਅਮਰੀਕਾ ਦੇ ਇਕ ਅਮੀਰ ਆਦਮੀ ਨੇ ਵੱਡੇ-ਵੱਡੇ ਦਰੱਖਤਾਂ ਵਾਲੀ ਆਪਣੀ ਪੰਜਾਹ ਏਕੜ ਜ਼ਮੀਨ, ਇਕ ਪਾਰਕ ਬਣਾਉਣ ਲਈ ਦਿੰਦਿਆਂ ਕਿਹਾ: ਮੈਂ ਆਪਣੀ ਅਮੀਰੀ ਤੋਂ ਥੋੜ੍ਹਾ ਜਿਹਾ ਖਹਿੜਾ ਛੁਡਾਉਣ ਦਾ ਆਨੰਦ ਮਾਣ ਰਿਹਾ ਹਾਂ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਹਰ ਡਾਲਰ ਤੋਂ ਤਿੰਨ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਪਹਿਲੀ ਖੁਸ਼ੀ ਉਦੋਂ ਮਿਲਦੀ ਹੈ, ਜਦੋਂ ਅਸੀਂ ਇਹ ਡਾਲਰ ਕਮਾਉਂਦੇ ਹਾਂ, ਦੂਜੀ ਖੁਸ਼ੀ ਉਦੋਂ ਮਿਲਦੀ ਹੈ, ਜਦੋਂ ਇਹ ਡਾਲਰ ਸਾਡੇ ਕੋਲ ਹੁੰਦਾ ਹੈ ਅਤੇ ਅਸੀਂ ਇਸ ਦੇ ਆਪਣੇ ਕੋਲ ਹੋਣ ਦਾ ਮਾਣ ਕਰਦੇ ਹਾਂ ਅਤੇ ਤੀਜੀ ਖੁਸ਼ੀ ਉਦੋਂ ਮਿਲਦੀ ਹੈ, ਜਦੋਂ ਅਸੀਂ ਇਸ ਡਾਲਰ ਤੋਂ ਖਹਿੜਾ ਛੁਡਾਉਂਦੇ ਹਾਂ।

436

ਜ਼ਿੰਦਗੀ ਦੇ ਅਣਗਿਣਤ ਮੋੜ ਕੱਟਣ ਉਪਰੰਤ ਹੀ ਸੋਝੀ ਆਉਂਦੀ ਹੈ ਕਿ ਕਿਸੇ ਦਾ ਹੱਥ ਫੜਨ ਅਤੇ ਕਿਸੇ ਨੂੰ ਹੱਥ ਫੜਾਉਣ ਵਿਚ ਬੜਾ ਅੰਤਰ ਹੈ।

ਪਿਆਰ ਨਾਲ ਕਿਸੇ ਅੱਗੇ ਆਪ-ਮੁਹਾਰੇ ਝੁਕਣ ਅਤੇ ਜ਼ੋਰ ਨਾਲ ਕਿਸੇ ਨੂੰ ਆਪਣੇ ਅੱਗੇ ਝੁਕਾਉਣ ਵਿਚ ਬੜਾ ਅੰਤਰ ਹੈ।

ਸਾਥ, ਸੁਰੱਖਿਆ ਨਹੀਂ ਹੁੰਦਾ; ਸੁਰੱਖਿਆ, ਸਾਥ ਵਿਚ ਹੁੰਦੀ ਹੈ।

ਚੁੰਮਣ, ਇਕਰਾਰ ਨਹੀਂ ਹੁੰਦਾ; ਇਕਰਾਰ, ਮਗਰੋਂ ਹੀ ਚੁੰਮਣ ਵਾਪਰਦਾ ਹੈ।

ਤੋਹਫੇ, ਵਾਅਦੇ ਨਹੀਂ ਹੁੰਦੇ; ਵਾਅਦੇ, ਤੋਹਫੇ ਹੁੰਦੇ ਹਨ।

ਕਿਸੇ ਦੇ ਪੂਰਨਿਆਂ 'ਤੇ ਚੱਲਣਾ ਅਤੇ ਆਪਣੇ ਰਾਹ ਆਪ ਤਲਾਸ਼ਣ ਵਿਚ ਬੜਾ ਅੰਤਰ ਹੁੰਦਾ ਹੈ। ਤੁਸੀਂ ਆਟੋਗ੍ਰਾਫ ਲੈਣ ਵਾਲੇ ਹੋ ਕਿ ਦੇਣ ਵਾਲੇ, ਇਹ ਅੰਤਰ ਕਿਸੇ ਖੇਤਰ ਵਿਚ ਚਾਲ੍ਹੀ ਸਾਲ ਘਾਲਣਾ ਘਾਲਣ ਮਗਰੋਂ, ਪਤਾ ਲੱਗਦਾ ਹੈ।

ਧੁੱਪ ਚੰਗੀ ਹੁੰਦੀ ਹੈ, ਇਹ ਨਿੱਘ ਦਿੰਦੀ ਹੈ ਪਰ ਜੇ ਬਹੁਤ ਹੋਵੇ ਤਾਂ ਧੁੱਪ ਵੀ ਸਾੜਦੀ ਹੈ।

ਕਿਸੇ ਵਲੋਂ ਗੁਲਦਸਤੇ ਦੀ ਉਡੀਕ ਕਰਨ ਅਤੇ ਆਪ ਫੁੱਲ ਭੇਟ ਕਰਨ ਵਿਚ ਬੜਾ

www.quotesinpunjabi.ml

QuotesInPunjabi

ਅੰਤਰ ਹੁੰਦਾ ਹੈ। ਕਿਸੇ ਦੀ ਮੁਸੀਬਤ ਹੱਲ ਕਰਨ ਵਿਚ ਅਤੇ ਕਿਸੇ ਲਈ ਮੁਸੀਬਤ ਬਣਨ ਵਿਚ ਬੜਾ ਅੰਤਰ ਹੈ।

ਹਰ ਬੰਦੇ ਤੋਂ, ਹਰ ਮਿਲਣੀ ਤੋਂ, ਹਰ ਹਾਦਸੇ ਤੋਂ, ਹਰ ਮੌਕੇ ਤੋਂ, ਹਰ ਅਲਵਿਦਾ ਤੋਂ ਬੜਾ ਕੁਝ ਸਿੱਖਿਆ ਜਾ ਸਕਦਾ ਹੈ ਪਰ ਜੇ ਸਿੱਖਣ ਦੀ ਸਮਰੱਥਾ ਹੋਵੇ, ਜੇ ਬੰਦਿਆਂ ਅਤੇ ਵਰਤਾਰਿਆਂ ਵਿਚ ਅੰਤਰ ਜਾਣਨ ਦੀ ਯੋਗਤਾ ਹੋਵੇ।

437

ਨਾਜਾਇਜ਼ ਸਬੰਧਾਂ ਵਿਚ, ਪੁਰਸ਼ ਆਪਣੀ ਪਤਨੀ ਤੋਂ ਨਹੀਂ ਡਰਦਾ, ਇਸਤਰੀ ਦੇ ਪਤੀ ਤੋਂ ਡਰਦਾ ਹੈ। ਇਵੇਂ ਹੀ ਨਾਜਾਇਜ਼ ਸਬੰਧਾਂ ਵਾਲੀ ਔਰਤ ਆਪਣੇ ਪਤੀ ਤੋਂ ਨਹੀਂ ਡਰਦੀ ਪਰ ਪੁਰਸ਼ ਦੀ ਪਤਨੀ ਤੋਂ ਡਰਦੀ ਹੈ।

ਹਰ ਕਿਸੇ ਨੂੰ ਆਪਣੇ ਵਰਗੇ ਤੋਂ ਡਰ ਲੱਗਦਾ ਹੈ।

438

ਹਸਪਤਾਲ ਵਿਚ ਇਕ ਡਾਕਟਰ ਨੂੰ ਇਕ ਪੁਰਾਣਾ ਬਟੂਆ ਲੱਭਿਆ, ਜਿਸ ਵਿਚ ਇਕ ਸੰਖੇਪ ਜਿਹੀ ਚਿੱਠੀ ਸੀ, ਜਿਸ 'ਤੇ ਕਿਸੇ ਨੇ ਆਪਣੇ ਵਲੋਂ ਜੋੜਿਆ ਹੋਇਆ ਸੀ 'ਮੇਰੀ ਮਾਂ ਨਹੀਂ ਮੰਨ ਰਹੀ।' ਚਿੱਠੀ 'ਤੇ ਇਕ ਘਰ ਦਾ ਪਤਾ ਦਰਜ ਸੀ। ਡਾਕਟਰ ਦੀ ਦਿਲਚਸਪੀ ਜਾਗੀ, ਘਰ ਲੱਭਿਆ, ਉਸ ਵਿਚ ਬੀਮਾਰ ਮਾਂ ਰਹਿੰਦੀ ਰਹੀ ਸੀ, ਜਿਹੜੀ ਮਗਰੋਂ ਬਿਰਧ ਆਸ਼ਰਮ ਵਿਚ ਰਹਿਣ ਲੱਗ ਪਈ ਸੀ।

ਨਿਰੰਤਰ ਯਤਨਾਂ ਨਾਲ ਡਾਕਟਰ ਨੇ ਉਸ ਮਾਂ ਦੀ ਧੀ ਲੱਭ ਲਈ ਅਤੇ ਜਦੋਂ ਡਾਕਟਰ ਨੇ ਉਹ ਬਟੂਆ ਵਿਖਾਇਆ ਤਾਂ ਉਸਨੇ ਪਛਾਣ ਲਿਆ, ਇਹ ਉਸ ਦੇ ਜਮਾਤੀ ਦਾ ਸੀ, ਜਿਹੜਾ ਉਸ ਕੋਲ ਰਹਿ ਗਿਆ ਸੀ। ਧੀ ਨੇ ਦੱਸਿਆ: ਉਸ ਨਾਲ ਇਹ ਮੇਰਾ ਅਧੀਰਲਾ ਸੰਪਰਕ ਸੀ। ਉਸ ਦਾ ਪੂਰਾ ਨਾਂ ਵਿਲੀਅਮ ਸੀ ਪਰ ਮੈਂ ਉਸ ਨੂੰ ਗੁਲਾਬ ਕਹਿੰਦੀ ਸਾਂ। ਜੇ ਕਦੇ ਮਿਲੇ ਤਾਂ, ਉਸ ਨੂੰ ਦੱਸਣਾ, ਮੈਂ ਬੜਾ ਯਾਦ ਕਰਦੀ ਹਾਂ। ਮੈਂ ਵਿਆਹ ਨਹੀਂ ਕਰਵਾਇਆ, ਕਿਉਂਕਿ ਮੈਨੂੰ ਉਸ ਵਰਗਾ ਕੋਈ ਹੋਰ ਮਿਲਿਆ ਹੀ ਨਹੀਂ।

ਕੋਈ ਵੀ ਉਸ ਦੀ ਥਾਂ ਲੈਣ ਜੋਗਾ ਨਹੀਂ ਸੀ।

ਡਾਕਟਰ ਨੇ ਇਕ ਸਾਲ ਲਗਾਤਾਰ ਯਤਨ ਕਰਕੇ ਆਖਰ ਵਿਲੀਅਮ ਵੀ ਲੱਭ ਲਿਆ। ਮਿਲਣ ਲਈ ਵਕਤ ਮੰਗਿਆ, ਉਹ ਕਿਸੇ ਬੈਂਕ ਵਿਚ ਕੰਮ ਕਰਦਾ ਰਿਹਾ ਸੀ।

ਜਦੋਂ ਡਾਕਟਰ ਪਹੁੰਚਿਆ, ਉਹ ਅਖਬਾਰ ਪੜ੍ਹ ਰਿਹਾ ਸੀ। ਬਟੂਆ ਵੇਖ ਕੇ ਉਸ ਨੇ ਕਿਹਾ: ਹਾਂ ਮੇਰਾ ਹੈ, ਇਹ ਉਸ ਕੋਲ ਰਹਿ ਗਿਆ ਸੀ, ਪੁੱਛਿਆ: ਉਹ ਕਿਥੇ ਹੈ। ਡਾਕਟਰ ਨੇ ਦੱਸਿਆ, ਉਹ ਤੈਨੂੰ ਬੜਾ ਯਾਦ ਕਰਦੀ ਹੈ। ਵਿਲੀਅਮ ਨੇ ਦੱਸਿਆ: ਉਸ ਤੋਂ ਵਿੱਛੜ ਕੇ, ਮੇਰੀ, ਜ਼ਿੰਦਗੀ ਵਿਚ ਦਿਲਚਸਪੀ ਹੀ ਮੁੱਕ ਗਈ ਸੀ।

ਕੀ ਉਹ ਹੁਣ ਵੀ ਪਹਿਲਾਂ ਜਿਤਨੀ ਸੋਹਣੀ ਹੈ ? ਮੈਂ ਮਿਲਣ ਆਵਾਂਗਾ।

www.quotesinpunjabi.ml

QuotesInPunjabi

ਜਦੋਂ ਵਿਲੀਅਮ ਆਇਆ, ਡਾਕਟਰ ਨੇ ਉਸ ਇਸਤਰੀ ਨੂੰ ਪੁੱਛਿਆ: ਤੂੰ ਇਸ ਨੂੰ ਜਾਣਦੀ ਹੈਂ? ਉਸ ਨੇ ਆਪਣੀ ਐਨਕ ਮੁੜ ਆਪਣੀ ਥਾਂ ਤੇ ਕੀਤੀ, ਡੂੰਘੀਆਂ ਨਜ਼ਰਾਂ ਨਾਲ, ਗੂੜ੍ਹਾ ਗੂੜ੍ਹਾ ਵੇਖਿਆ, ਕੰਨਾਂ ਨਾਲ, ਬੁੱਲ੍ਹਾਂ ਨਾਲ, ਉਸ ਦਾ ਸਾਰਾ ਸਰੀਰ ਹੀ, ਅੱਖਾਂ ਬਣਿਆ ਹੋਇਆ ਸੀ। ਹੌਕੇ ਵਰਗੇ ਸ਼ਬਦਾਂ ਨਾਲ, ਉਸ ਨੇ ਕਿਹਾ: ਇਹ ਤਾਂ ਤੂੰ ਹੈਂ! ਉਹ ਇਕ ਦੂਜੇ ਦੀ ਗਲਵਕੜੀ ਵਿਚ ਸਨ, ਜਿਵੇਂ ਸਾਗਰ, ਨਦੀ ਨੂੰ ਸਮੋ ਲੈਂਦਾ ਹੈ।

ਇਸਤਰੀ ਨੇ ਕਿਹਾ: ਮੈਂ ਤੈਨੂੰ ਚਾਲ੍ਹੀ ਸਾਲ ਉਡੀਕਿਆ ਹੈ। ਪੁਰਸ਼ ਨੇ ਕਿਹਾ: ਤੈਨੂੰ ਲੱਭਦਿਆਂ, ਮੈਨੂੰ ਚਾਲ੍ਹੀ ਸਾਲ ਹੋ ਗਏ ਹਨ। ਲੱਗ ਰਿਹਾ ਸੀ, ਜਿਵੇਂ ਚਾਲ੍ਹੀ ਸਾਲ ਪਹਿਲਾਂ ਦੀ ਨਹੀਂ, ਸਗੋਂ ਇਹ ਤਾਂ ਕੱਲ੍ਹ ਦੀ ਹੀ ਗੱਲ ਸੀ। ਸੋਜਲ ਅੱਖਾਂ ਅਤੇ ਅਤਿਅੰਤ ਸੰਕੁਸ਼ਟਤਾ ਨਾਲ, ਡਾਕਟਰ ਪੋਲੇ ਕਦਮਾਂ ਨਾਲ, ਪਰ੍ਹੇ ਚਲਿਆ ਗਿਆ।

439

ਇਕ ਕਵੀ ਬੜਾ ਉਦਾਸ ਸੀ, ਉਹ ਆਪਣੀ ਕਵਿਤਾ ਛਪਣ ਲਈ ਜਿਸ ਰਸਾਲੇ ਨੂੰ ਭੇਜਦਾ ਸੀ, ਉਥੋਂ ਉਹ ਅਣਛਪੀ ਹੀ ਵਾਪਸ ਆ ਜਾਂਦੀ ਸੀ।

ਇਕ ਵਾਰੀ ਉਹ ਇਤਨਾ ਉਦਾਸ ਹੋਇਆ ਕਿ ਉਹ ਰੋਣ ਲੱਗ ਪਿਆ।

ਉਸ ਦੀ ਉਦਾਸੀ ਨੂੰ ਵੇਖ ਕੇ ਉਸ ਦੇ ਦੋਸਤ ਨੇ ਕਿਹਾ: ਉਦਾਸ ਹੋਣ ਦੀ ਲੋੜ ਨਹੀਂ, ਕਦੇ ਤਾਂ ਕਿਸਮਤ ਚਮਕੇਗੀ।

ਕਵੀ ਨੇ ਖਿਝ ਕੇ ਕਿਹਾ: ਕਿਵੇਂ ਚਮਕੇਗੀ? ਕਦੋਂ ਚਮਕੇਗੀ? ਮੈਂ ਚਾਰ ਕਵਿਤਾਵਾਂ ਭੇਜੀਆਂ ਸਨ, ਪਰ ਵਾਪਸ ਨੌਂ ਆ ਗਈਆਂ ਹਨ।

440

ਪੋਰਸ ਹਾਰ ਜ਼ਰੂਰ ਗਿਆ ਸੀ ਪਰ ਉਹ ਝੁਕਿਆ ਨਹੀਂ ਸੀ।

ਸਿਕੰਦਰ, ਪੋਰਸ ਦੀ ਬਹਾਦਰੀ ਦਾ ਕਦਰਦਾਨ ਸੀ ਕਿਉਂਕਿ ਪੋਰਸ ਵਿਸ਼ਵ-ਪੱਧਰ ਦਾ ਯੋਧਾ ਸੀ। ਉਹ ਅਜਿਹੇ ਯੋਧੇ ਦੇ ਦੀਦਾਰ ਕਰਨੇ ਚਾਹੁੰਦਾ ਸੀ। ਸਿਕੰਦਰ ਨੇ, ਪੋਰਸ ਨੂੰ ਮਿਲਣ ਲਈ ਕਈ ਸੁਨੇਹੇ ਭੇਜੇ। ਅੰਤ ਨੂੰ ਸੁਨੇਹਾ ਭੇਜਿਆ: ਇਹ ਇਕ ਦੋਸਤ ਦਾ ਸੁਨੇਹਾ ਹੈ।

ਪੋਰਸ ਆਇਆ। ਉਹ ਆਪਣੇ ਰੁਤਬੇ ਨੂੰ ਭੁੱਲਿਆ ਨਹੀਂ ਸੀ।

ਸਿਕੰਦਰ ਨੇ ਪੁੱਛਿਆ: ਕੀ ਸੋਚ ਕੇ ਮੇਰੇ ਵਿਰੁੱਧ ਡੱਟਿਆ ਸੀ ਤੂੰ, ਤੈਨੂੰ ਪਤਾ ਸੀ ਕਿ ਮੈਂ ਸ਼ਰਨ ਆਇਆਂ ਨੂੰ ਮੁਆਫ਼ ਕਰਨ ਲਈ ਪ੍ਰਸਿੱਧ ਹਾਂ।

ਪੋਰਸ ਨੇ ਕਿਹਾ: ਮੈਨੂੰ ਆਪਣੇ ਆਪ ਉਤੇ ਮਾਣ ਸੀ। ਮੈਂ ਸੋਚਿਆ ਕਰਦਾ ਸਾਂ ਕਿ ਮੈਂ ਸਭ ਤੋਂ ਬਹਾਦਰ ਹਾਂ। ਮੈਨੂੰ ਆਪਣੀ ਤਾਕਤ 'ਤੇ ਵਿਸ਼ਵਾਸ ਸੀ ਪਰ ਮੈਂ ਆਪਣੀ ਤਾਕਤ ਨੂੰ ਕਿਸੇ ਹੋਰ ਵਡੇਰੀ ਤਾਕਤ ਨਾਲ ਮਾਪਿਆ-ਤੋਲਿਆ ਨਹੀਂ ਸੀ। ਇਸ ਲੜਾਈ ਵਿਚ ਮੈਂ ਮਹਿਸੂਸ ਕੀਤਾ ਹੈ ਕਿ ਤੁਸੀਂ ਮੇਰੇ ਤੋਂ ਵੀ ਬਹਾਦਰ ਹੋ, ਪਰ ਮੈਂ ਵੀ ਬਹਾਦਰ ਹਾਂ, ਕਿਉਂਕਿ ਮੈਂ ਆਪਣੀ ਬਹਾਦਰੀ ਤੁਹਾਡੇ ਨਾਲ ਤੋਲੀ ਹੈ। ਤੁਹਾਡੇ ਮਗਰੋਂ ਮੈਂ ਹੀ ਸਭ ਤੋਂ ਵੱਧ ਬਹਾਦਰ ਹਾਂ।

www.quotesinpunjabi.ml

QuotesInPunjabi

ਅੰਤ ਨੂੰ ਜਦੋਂ ਸਿਕੰਦਰ ਨੇ ਪੁੱਛਿਆ: ਤੁਹਾਡੇ ਨਾਲ ਕਿਹੋ ਜਿਹਾ ਸਲੂਕ ਕੀਤਾ ਜਾਵੇ ? ਤਾਂ ਪੋਰਸ ਨੇ ਕਿਹਾ ਸੀ: ਜੋ ਇਕ ਬਾਦਸ਼ਾਹ ਨਾਲ ਕੀਤਾ ਜਾਣਾ ਚਾਹੀਦਾ ਹੈ। ਇਹ ਸੁਣ ਕੇ ਸਿਕੰਦਰ ਪ੍ਰਸੰਨ ਹੋਇਆ ਸੀ ਅਤੇ ਉਸਨੇ ਕਿਹਾ: ਮੈਂ ਆਪ ਬਾਦਸ਼ਾਹ ਹਾਂ, ਤੁਹਾਡੇ ਨਾਲ ਬਾਦਸ਼ਾਹ ਵਾਲਾ ਹੀ ਸਲੂਕ ਕਰਾਂਗਾ। ਫਿਰ ਸਿਕੰਦਰ ਨੇ ਪੁੱਛਿਆ: ਤੁਸੀਂ ਦੱਸੋ, ਤੁਹਾਨੂੰ ਕੀ ਚਾਹੀਦਾ ਹੈ ? ਪੋਰਸ ਨੇ ਕਿਹਾ: ਮੈਂ ਜੋ ਕਿਹਾ ਹੈ, ਉਸ ਵਿਚ ਸਭ ਵੇਰਵੇ ਆ ਗਏ ਹਨ।

ਸਿਕੰਦਰ ਨੇ ਨਾ ਕੇਵਲ ਪੋਰਸ ਦਾ ਰਾਜ ਵਾਪਸ ਕੀਤਾ, ਸਗੋਂ ਉਸ ਨਾਲ ਕਈ ਹੋਰ ਇਲਾਕੇ ਵੀ ਜੋੜ ਦਿੱਤੇ। ਸਿਕੰਦਰ ਹੈ ਤਾਂ ਹਮਲਾਵਰ ਹੀ ਸੀ ਪਰ ਪੋਰਸ ਨਾਲ ਚੰਗਾ ਸਲੂਕ ਕਰਨ ਕਰਕੇ, ਉਸ ਨੇ ਭਾਰਤੀਆਂ ਦੇ ਦਿਲ ਜਿੱਤ ਲਏ ਸਨ।

441

ਇਕ ਚਰਚ ਵਿਚ ਇਕ ਪਾਦਰੀ ਇਕ ਬੱਚੇ ਦੀ ਸੂਝ-ਸਮਝ ਪਰਖਣ ਲਈ ਉਸ ਨੂੰ ਤਿਲ੍ਹਕਵੇਂ ਸਵਾਲ ਪੁੱਛ ਰਿਹਾ ਸੀ ਅਤੇ ਉਹ ਬੱਚਾ, ਪਾਦਰੀ ਦੇ ਪ੍ਰਸ਼ਨਾਂ ਦੇ ਉੱਤਰ ਆਪਣੀ ਉਮਰ ਦੇ ਮੁਕਾਬਲੇ, ਉਚੇਰੀ ਸੂਝ-ਸਿਆਣਪ ਨਾਲ ਦੇ ਰਿਹਾ ਸੀ।

ਅੰਤ ਵਿਚ ਪਾਦਰੀ ਨੇ ਪੁੱਛਿਆ: ਜੇ ਤੂੰ ਦੱਸੇਂ ਕਿ ਪ੍ਰਮਾਤਮਾ ਕਿਥੇ ਹੈ, ਤਾਂ ਮੈਂ ਤੈਨੂੰ ਇਕ ਸੰਗਤਰਾ ਇਨਾਮ ਦੇਵਾਂਗਾ।

ਜਿਸ ਦਾ ਬੱਚੇ ਨੇ ਪੂਰੇ ਵਿਸ਼ਵਾਸ ਨਾਲ ਉੱਤਰ ਦਿੱਤਾ ਕਿ ਜੇ ਤੁਸੀਂ ਦੱਸ ਦਿਓ ਕਿ ਪ੍ਰਮਾਤਮਾ ਕਿਥੇ ਨਹੀਂ ਹੈ, ਤਾਂ ਮੈਂ ਤੁਹਾਨੂੰ ਦੋ ਸੰਗਤਰੇ ਇਨਾਮ ਦੇਵਾਂਗਾ।

442

ਨੂੰਹ ਬਾਹਰੋਂ ਆਈ ਹੈ। ਉਸ ਨੇ ਤੁਹਾਡੇ ਘਰ ਰਹਿ ਕੇ ਜੋ ਨਤੀਜੇ ਕੱਢਣੇ ਹਨ, ਉਹ ਘਰ ਦੀ ਚਾਰ ਦੀਵਾਰੀ ਦੇ ਅੰਦਰ ਨਹੀਂ ਰਹਿਣਗੇ। ਪਹਿਲਾਂ ਘਰ ਦੀਆਂ ਚੰਗੀਆਂ-ਮਾੜੀਆਂ ਗੱਲਾਂ ਉਸ ਦੇ ਪੇਕਿਆਂ ਤੱਕ ਫੈਲਣਗੀਆਂ, ਫਿਰ ਬਰਾਦਰੀ ਵਿਚ ਪਹੁੰਚਣਗੀਆਂ।

ਨੂੰਹ ਅਜਿਹਾ ਮਹਿਮਾਨ ਹੁੰਦੀ ਹੈ, ਜਿਸ ਨੇ ਸਦਾ ਇਥੇ ਹੀ ਰਹਿਣਾ ਹੈ, ਇਹ ਤੱਥ ਜਿਤਨੀ ਸੌਖ ਨਾਲ ਮੰਨ ਲਿਆ ਜਾਵੇ, ਉਤਨਾ ਹੀ ਲਾਭਕਾਰੀ ਸਾਬਤ ਹੁੰਦਾ ਹੈ।

ਉਹ ਵੱਖਰੇ ਮਾਹੌਲ ਵਿਚੋਂ ਆਈ ਹੈ। ਉਸ ਨੂੰ ਆਪਣੇ ਘਰ ਦਾ ਮਾਹੌਲ ਉਤਾਰਨ ਲਈ ਅਤੇ ਤੁਹਾਡੇ ਘਰ ਦਾ ਮਾਹੌਲ ਪਹਿਨਣ ਵਿਚ, ਸਮਾਂ ਲੱਗੇਗਾ। ਉਹ ਬਹੁਤੀਆਂ ਤੁਹਾਡੀਆਂ ਗੱਲਾਂ ਮੰਨ ਲਵੇਗੀ ਪਰ ਕੁਝ ਆਪਣੀਆਂ ਵੀ ਲਾਗੂ ਕਰਨੀਆਂ ਚਾਹੇਗੀ।

ਇਹ ਜਿੱਤ-ਹਾਰ ਦਾ ਮਸਲਾ ਨਹੀਂ ਹੈ, ਇਹ ਤਾਲ-ਮੇਲ ਦਾ ਹੁਨਰ ਹੈ।

ਆਲੇ-ਦੁਆਲੇ ਵਿਚੋਂ ਗਵਾਹੀਆਂ ਮਿਲ ਜਾਣਗੀਆਂ ਕਿ ਜਿਸ ਵੀ ਪਰਿਵਾਰ ਨੇ ਨੂੰਹ ਨੂੰ ਆਪਣੇ ਘਰ ਦਾ ਜੀਅ ਸਮਝਿਆ ਹੈ, ਉਹ ਪਰਿਵਾਰ ਖੁਸ਼ਹਾਲ ਹੋਇਆ ਹੈ।

ਅਸੀਂ ਆਪਣੇ ਘਰ ਅਤੇ ਪਰਿਵਾਰ ਦੀ ਜਿਤਨੀ ਮਰਜ਼ੀ ਪ੍ਰਸੰਸਾ ਕਰੀਏ ਕੋਈ ਵਿਸ਼ਵਾਸ ਨਹੀਂ ਕਰੇਗਾ ਪਰ ਜਦੋਂ ਕਿਸੇ ਥਾਂ ਸਾਡੀ ਨੂੰਹ ਸਾਡੇ ਬਾਰੇ ਚੰਗੀਆਂ ਗੱਲਾਂ ਜਾਂ ਸਾਡੇ ਘਰ ਦੀ ਪ੍ਰਸੰਸਾ ਕਰੇਗੀ ਤਾਂ ਲੋਕ ਮੰਨਣਗੇ ਹੀ ਨਹੀਂ, ਹੋਰਾਂ ਨੂੰ ਵੀ ਦੱਸਣਗੇ।

www.quotesinpunjabi.ml

QuotesInPunjabi

ਜਿਤਨੀ ਸੌਖ ਨਾਲ ਕਿਸੇ ਘਰ ਜਾਂ ਪਰਿਵਾਰ ਦੀ ਸ਼ੋਭਾ, ਘਰ ਦੀ ਨੂੰਹ ਰਾਹੀਂ ਫੈਲਦੀ ਹੈ, ਉਤਨੀ ਕਿਸੇ ਹੋਰ ਢੰਗ ਨਾਲ ਨਹੀਂ ਫੈਲਦੀ।

ਘਰ ਅੰਦਰ ਅਸੀਂ ਕਿਤਨੇ ਹੀ ਜੀਅ ਹੁੰਦੇ ਹਾਂ, ਕੀ ਅਸੀਂ ਸਾਰੇ ਰਲ ਕੇ ਇਕ ਜੀਅ ਦਾ ਦਿਲ ਨਹੀਂ ਜਿੱਤ ਸਕਦੇ ? ਅਸੀਂ ਜਿੱਤ ਸਕਦੇ ਹਾਂ, ਜੇ ਅਸੀਂ ਆਪਣਾ ਜੀਵਨ ਸੌਖਾ, ਸੁੱਖੀ ਅਤੇ ਸੁਹਾਵਣਾ ਬਣਾਉਣ ਦੇ ਚਾਹਵਾਨ ਹੋਈਏ।

443

ਕਲਾਕਾਰਾਂ ਵਿਚ ਬੜਾ ਸਾੜਾ ਹੁੰਦਾ ਹੈ। ਇਹ ਮੰਚ ਉਤੇ ਹੀ ਚੰਗਾ ਵਿਹਾਰ ਕਰਦੇ ਅਤੇ ਚੰਗੀ ਤਰ੍ਹਾਂ ਪੇਸ਼ ਆਉਂਦੇ ਹਨ, ਉੱਝ ਇਹ ਲੜਦੇ-ਭਿੜਦੇ ਹੀ ਰਹਿੰਦੇ ਹਨ।

ਇਕ ਅਦਾਕਾਰਾ ਆਪਣੀ ਪ੍ਰਸੰਸਾ ਕਰਦਿਆਂ ਦੱਸ ਰਹੀ ਸੀ ਕਿ ਜਦੋਂ ਮੈਂ ਗਾਉਂਦੀ ਹਾਂ ਤਾਂ ਸਾਰੇ ਸਰੋਤਿਆਂ ਦੇ ਮੂੰਹ, ਖੁੱਲ੍ਹੇ ਦੇ ਖੁੱਲ੍ਹੇ ਰਹਿ ਜਾਂਦੇ ਹਨ।

ਸੁਣਨ ਵਾਲੀ ਅਦਾਕਾਰਾ ਨੇ ਕਿਹਾ: ਇਤਨੇ ਬੈਦਿਆਂ ਨੂੰ ਇਕੋ ਵੇਲੇ ਉਬਾਸੀ ਲੈਂਦਿਆਂ ਕਦੀ ਵੇਖਿਆ ਤਾਂ ਨਹੀਂ ਪਰ ਤੇਰੀ ਗਾਇਕੀ ਹੀ ਅਜਿਹੀ ਹੈ, ਜਿਸ ਨੂੰ ਸੁਣ ਕੇ ਅਜਿਹਾ ਹੋ ਜਾਣਾ ਸੰਭਵ ਲਗਦਾ ਹੈ।

444

ਇਕ ਲੜਕੀ ਨੇ ਆਪਣੇ ਜਮਾਤੀ ਨੂੰ ਪਿਆਰ ਕੀਤਾ, ਜਿਹੜਾ ਇਕ ਦਿਨ ਅਚਾਨਕ ਉਸ ਦੇ ਰਾਹਾਂ ਵਿਚੋਂ ਟੁਰ ਗਿਆ ਸੀ, ਵਿਦੇਸ਼ ਚਲਾ ਗਿਆ ਸੀ, ਉਸ ਨੂੰ ਭੁੱਲ ਗਿਆ ਸੀ।

ਵੀਹ ਸਾਲ ਮਗਰੋਂ ਅਚਾਨਕ ਇਕ ਦਿਨ, ਉਸ ਨੂੰ ਦੂਜੇ ਸ਼ਹਿਰ ਤੋਂ ਸਾਬਕਾ ਪ੍ਰੇਮੀ ਦੀ ਚਿੱਠੀ ਆਈ: ਤੇਰੀ ਬੜੀ ਯਾਦ ਆਉਂਦੀ ਹੈ, ਮਿਲਣਾ ਚਾਹੁੰਦਾ ਹਾਂ।

ਕਈ ਦਿਨ ਉਹ ਸੋਚਦੀ ਰਹੀ, ਜਵਾਬ ਦੇਵਾਂ ਕਿ ਨਾ ?

ਪੁਰਾਣੀਆਂ ਯਾਦਾਂ ਜਾਗ ਪਈਆਂ ਸਨ, ਜਦੋਂ ਉਸ ਜਮਾਤੀ ਨੇ ਉਸ ਦਾ ਸਾਰਾ ਜੀਵਨ ਮੱਲਿਆ ਹੋਇਆ ਸੀ। ਦਿਨ-ਰਾਤ, ਸਵੇਰ-ਸ਼ਾਮ, ਉਠਦਿਆਂ-ਬੈਠਦਿਆਂ, ਉਸ ਨੂੰ ਉਸੇ ਦੇ ਖਿਆਲ ਆਉਂਦੇ ਸਨ। ਉਸ ਨੂੰ ਚੰਗੀ ਲਗਣ ਵਾਸਤੇ, ਉਹ ਸੋਚਦੀ ਰਹਿੰਦੀ ਸੀ, ਕੀ ਪਹਿਨਾਂ, ਕੀ ਬੋਲਾਂ, ਕੀ ਕਰਾਂ ? ਉਸ ਨੂੰ ਉਸ ਦੇ ਚਲੇ ਜਾਣ ਦੀ ਬੜੀ ਉਦਾਸੀ ਸੀ ਅਤੇ ਇਸ ਗੱਲ ਦਾ ਸਦਮਾ ਸੀ ਕਿ ਉਸ ਨੇ, ਉਸ ਨੂੰ ਇਸ ਯੋਗ ਵੀ ਨਹੀਂ ਸੀ ਸਮਝਿਆ ਕਿ ਉਹ ਦੱਸ ਕੇ ਜਾਂਦਾ। ਉਹ ਇਕ ਦਮ ਲੋਪ ਹੋ ਗਿਆ ਸੀ।

ਚਿੱਠੀ ਮਿਲਣ ਉਪਰੰਤ ਕਈ ਦਿਨ, ਉਸ ਨੂੰ ਭੁੱਲਿਆ ਰਿਹਾ ਕਿ ਹੁਣ ਉਹ ਚਾਲ੍ਹੀ ਸਾਲਾਂ ਦੀ ਸੀ, ਉਸ ਕੋਲ ਸਿਆਣਾ ਅਤੇ ਜ਼ਿੰਮੇਵਾਰ ਪਤੀ ਸੀ, ਦੋ ਬੱਚੇ ਸਨ, ਸਿਰ ਉੱਤੇ ਆਪਣੀ ਛੱਤ ਸੀ, ਰਹਿਣ ਲਈ ਸੁਖਾਵਾਂ ਘਰ ਸੀ। ਸੋਚਦੀ ਰਹੀ ਕਿ ਜਵਾਬ ਭੇਜਾਂ ਕਿ ਨਾ, ਜੇ ਜਵਾਬ ਭੇਜਾਂ ਤਾਂ ਕੀ ਲਿਖਾਂ, ਕੀ ਪੁੱਛਾਂ, ਕੀ ਦੱਸਾਂ ?

ਸੋਚਦੀ ਰਹੀ, ਮਨ ਵਿਚ ਜਿਹੜੇ ਗਿਲੇ-ਸ਼ਿਕਵੇ ਸਨ ਉਹ ਪ੍ਰਗਟਾ ਦਿਆਂ, ਪਰ ਖਿਆਲ ਆਇਆ, ਲੰਘ ਗਏ ਕਾਫਲੇ ਵਾਪਸ ਨਹੀਂ ਆਉਂਦੇ। ਉਹ ਸਵੇਰੇ ਸੋਚਦੀ ਸੀ ਇਕ

www.quotesinpunjabi.ml

QuotesInPunjabi

ਵਾਰੀ ਮਿਲਣ ਵਿਚ ਕੀ ਹਰਜ ਸੀ, ਫਿਰ ਖਿਆਲ ਆਉਂਦਾ, ਹੁਣ ਇਨ੍ਹਾਂ ਗੱਲਾਂ ਦਾ ਕੋਈ ਮਤਲਬ ਨਹੀਂ। ਸਵੇਰੇ ਫੈਸਲਾ ਕਰਦੀ ਸੀ ਨਹੀਂ ਮਿਲਣਾ, ਸ਼ਾਮ ਨੂੰ ਪੁਰਾਣੀਆਂ ਯਾਦਾਂ ਘੇਰ ਲੈਂਦੀਆਂ ਸਨ। ਮਨ ਕਰਦਾ ਸੀ ਵੇਖਾਂ ਤਾਂ ਸਹੀ, ਉਹ ਹੁਣ ਕਿਵੇਂ ਹੈ, ਜੇ ਅਸੀਂ ਇਕੱਠੇ ਹੁੰਦੇ ਤਾਂ ਕੀ ਹੁਣ ਨਾਲੋਂ ਚੰਗੇ ਹੁੰਦੇ ਜਾਂ ਵੱਖ-ਵੱਖ ਹੀ ਚੰਗੇ ਹਾਂ। ਫਿਰ ਖਿਆਲ ਆਇਆ ਕਿ ਇਕ ਲਾਈਨ ਦਾ ਜਵਾਬ ਲਿਖ ਦਿਆਂ ਕਿ ਠੰਡੀ ਅੰਗੀਠੀ ਉਤੇ ਕੁਝ ਨਹੀਂ ਰਿੱਝਦਾ! ਇਨ੍ਹਾਂ ਦੁਚਿੱਤੀਆਂ ਕਾਰਨ ਉਹ ਮਿਲਣ ਜਾਂ ਨਾ ਮਿਲਣ ਦਾ ਫੈਸਲਾ ਨਾ ਕਰ ਸਕੀ।

ਇਸ ਦੌਰਾਨ, ਉਹ ਭਾਵੇਂ ਘਰ ਦੇ ਸਾਰੇ ਕੰਮ-ਕਾਜ ਕਰਦੀ ਰਹੀ ਪਰ ਉਹ ਨਿਰੰਤਰ, ਕਲਪਨਾ ਦੀਆਂ ਗਲੀਆਂ ਵਿਚ ਭਟਕਦੀ ਰਹੀ।

ਇਨ੍ਹਾਂ ਦਿਨਾਂ ਵਿਚ ਇਕ ਦਿਨ, ਜਦੋਂ ਉਸ ਦਾ ਪਤੀ ਘਰ ਆਇਆ ਤਾਂ ਉਸ ਨੇ ਆਪਣੀ ਪੱਗ ਲਾਹ ਕੇ ਨਾਲ ਦੀ ਕੁਰਸੀ 'ਤੇ ਰੱਖ ਦਿੱਤੀ ਅਤੇ ਕੁਰਸੀ 'ਤੇ ਪਈ, ਪਤਨੀ ਦੀ ਚੁੰਨੀ ਆਪਣੇ ਸਿਰ 'ਤੇ ਲਪੇਟ ਲਈ। ਉਹ ਰੋਜ਼ ਵਾਂਗ ਪਤੀ ਲਈ, ਚਾਹ ਬਣਾ ਰਹੀ ਸੀ। ਜਦੋਂ ਚਾਹ ਲੈ ਕੇ ਆਈ ਤਾਂ ਪਹਿਲਾਂ ਤਾਂ ਉਸ ਨੂੰ ਪਤੀ ਦੀ ਪਛਾਣ ਹੀ ਨਾ ਆਈ। ਪਤੀ ਕਿਸੇ ਕੱਪੜੇ ਨਾਲ ਸਿਰ ਢਕ ਲੈਂਦਾ ਸੀ ਪਰ ਉਸ ਦੀ ਚੁੰਨੀ ਨਾਲ ਸਿਰ ਉਸ ਨੇ ਪਹਿਲੀ ਵਾਰ ਢਕਿਆ ਸੀ। ਪਤੀ ਦੇ ਸਿਰ 'ਤੇ ਲਿਪਟੀ ਆਪਣੀ ਚੁੰਨੀ ਵੇਖ ਕੇ, ਉਸ ਨੂੰ ਮਹਿਸੂਸ ਹੋਇਆ, ਜਿਵੇਂ ਚੁੰਨੀ ਰਾਹੀਂ, ਉਸ ਦੇ ਪਤੀ ਨੇ, ਉਸ ਨੂੰ ਆਪਣੇ ਸਿਰ ਤੇ ਬੈਠਾ ਲਿਆ ਸੀ।

ਇਹ ਦ੍ਰਿਸ਼ ਵੇਖ ਕੇ, ਉਸ ਦੀ ਦੁਚਿੱਤੀ ਮੁੱਕ ਗਈ ਅਤੇ ਉਸ ਨੇ ਉਸੇ ਵੇਲੇ ਫੈਸਲਾ ਕਰ ਲਿਆ ਕਿ ਉਹ ਵਿਦੇਸ਼ ਤੋਂ ਆਏ 'ਅਜਨਬੀ' ਨੂੰ ਨਹੀਂ ਮਿਲੇਗੀ।

445

ਜਿਵੇਂ ਅਸਲੀ ਸਿੱਕਿਆਂ ਤੋਂ ਬਿਨਾਂ ਨਕਲੀ ਸਿੱਕੇ ਨਹੀਂ ਚਲ ਸਕਦੇ, ਉਵੇਂ ਹੀ ਜਾਇਜ਼ ਰਿਸ਼ਤਿਆਂ ਤੋਂ ਬਿਨਾਂ ਨਾਜਾਇਜ਼ ਰਿਸ਼ਤੇ ਵੀ ਨਹੀਂ ਚਲ ਸਕਦੇ, ਉਵੇਂ ਹੀ ਸੱਚ ਦੀ ਹੋਂਦ ਤੋਂ ਬਿਨਾਂ ਝੂਠ ਵੀ ਨਹੀਂ ਉਪਜ ਸਕਦਾ।

ਸਹੀ ਵਿਹਾਰ ਦੇ ਪੈਮਾਨਿਆਂ ਤੋਂ ਬਿਨਾਂ ਕਿਸੇ ਕਾਰਜ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਇਕ ਦੇ ਮੁਲਾਂਕਣ ਲਈ ਦੂਜੇ ਦਾ ਹੋਣਾ ਜ਼ਰੂਰੀ ਹੈ।

446

ਵਿਸ਼ਵ-ਪ੍ਰਸਿੱਧ ਮੂਰਤੀਕਾਰ ਰੋਡਿਨ ਨੇ ਫਰਾਂਸ ਦੇ ਸਿਰਮੌਰ ਸਾਹਿਤਕਾਰ ਬਲਜ਼ਾਕ ਦੀ ਮੂਰਤੀ ਬਣਾਈ ਸੀ, ਜਿਸ ਦੇ ਹੱਥ ਟੁੱਟੇ ਹੋਏ ਹਨ।

ਰੋਡਿਨ ਨੇ ਜਦੋਂ ਮੂਰਤੀ ਬਣਾਈ ਸੀ, ਉਦੋਂ ਉਸਦੇ ਹੱਥ ਸਬੂਤੇ ਸਨ।

ਜਦੋਂ ਉਸ ਨੇ ਮੂਰਤੀ ਸਥਾਪਤ ਕੀਤੀ ਸੀ ਤਾਂ ਹਰੇਕ ਦਰਸ਼ਕ, ਹੱਥਾਂ ਦੀ ਪ੍ਰਸੰਸਾ ਕਰਦਾ ਸੀ। ਹਰ ਕੋਈ ਕਹਿ ਰਿਹਾ ਸੀ, ਇਹੋ ਜਿਹੇ ਹੱਥ ਕੋਈ ਹੋਰ ਮੂਰਤੀਕਾਰ ਨਹੀਂ ਬਣਾ ਸਕਿਆ। ਮੂਰਤੀ ਦੀ ਕੀ ਲੋੜ ਸੀ, ਇਹ ਹੱਥ ਹੀ ਕਾਫੀ ਸਨ।

www.quotesinpunjabi.ml

QuotesInPunjabi

ਜਦੋਂ ਰੌਡਿਨ ਨੇ ਵੇਖਿਆ ਕਿ ਲੋਕ ਕੇਵਲ ਹੱਥਾਂ ਵਲ ਧਿਆਨ ਦਿੰਦੇ ਸਨ ਅਤੇ ਮੂਰਤੀ ਬਾਰੇ ਅਵੇਸਲੇ ਸਨ, ਤਾਂ ਉਸ ਨੇ ਹਥੌੜਾ ਲੈ ਕੇ ਮੂਰਤੀ ਦੇ ਹੱਥ ਤੋੜ ਦਿੱਤੇ ਅਤੇ ਕਿਹਾ: ਅਸਲ ਮੂਰਤੀ ਉਹ ਹੁੰਦੀ ਹੈ, ਜਿਹੜੀ ਸਮੁੱਚ ਵਿਚ ਪ੍ਰਭਾਵਿਤ ਕਰੇ, ਅੰਗਾਂ ਵਿਚ ਨਹੀਂ।

447

ਦੱਖਣੀ ਧਰੁਵ ਪਹੁੰਚਣ ਵਾਲਾ ਕੈਪਟਨ ਸਕਾਟ ਇਕ ਤੂਫ਼ਾਨੀ ਹਨੇਰੀ ਵਿਚ ਉਸ ਵੇਲੇ ਮਾਰਿਆ ਗਿਆ ਸੀ, ਜਦੋਂ ਉਹ ਆਪਣੀ ਡਾਇਰੀ ਵਿਚ, ਆਪਣੇ ਮਿੱਤਰ ਸਰ ਬੇਰੀ ਨੂੰ ਇਕ ਖ਼ਤ ਲਿਖ ਰਿਹਾ ਸੀ।

ਬੜੀ ਭਾਲ ਕਰਨ ਉਪਰੰਤ ਜਦੋਂ ਉਸ ਦਾ ਸਰੀਰ ਬਰਫ਼ ਥਲੋਂ ਦੱਬਿਆ ਹੋਇਆ ਲੱਭਿਆ ਤਾਂ ਉਸ ਦੇ ਹੱਥਾਂ ਵਿਚ ਉਹ ਡਾਇਰੀ ਅਤੇ ਕਲਮ ਫੜੀ ਹੋਈ ਸੀ। ਉਹ ਖ਼ਤ ਅਧੂਰਾ ਸੀ। ਉਸ ਖ਼ਤ ਵਿਚ ਸਕਾਟ ਨੇ ਦੱਖਣੀ ਧਰੁਵ ਪਹੁੰਚਣ ਦੀਆਂ ਮੁਸ਼ਕਲਾਂ ਅਤੇ ਹਾਦਸਿਆਂ ਦਾ ਵਰਣਨ ਕੀਤਾ ਹੋਇਆ ਸੀ ਅਤੇ ਲਿਖਿਆ ਸੀ ਕਿ ਦੱਖਣੀ ਧਰੁਵ ਪਹੁੰਚਣ ਦੀ ਸਫਲਤਾ ਵਿਚ ਇਕ-ਮਾਤਰ ਵੱਡਾ ਯੋਗਦਾਨ, ਉਸ ਦੇ ਦੋਸਤਾਂ ਵਲੋਂ ਦਿੱਤੇ ਹੌਸਲੇ ਦਾ ਸੀ। ਉਸ ਖ਼ਤ ਵਿਚਲਾ ਅਖੀਰਲਾ ਸ਼ਬਦ ਹੌਸਲਾ ਸੀ। ਉਹ ਕੋਈ ਹੋਰ ਵਾਕ ਲਿਖਣ ਹੀ ਲਗਿਆ ਸੀ ਕਿ ਬਰਫੀਲੇ ਤੂਫ਼ਾਨ ਦੇ ਹਮਲੇ ਵਿਚ ਉਹ ਮਾਰਿਆ ਗਿਆ ਸੀ।

ਸਕਾਟ ਦੇ ਇਸ ਖ਼ਤ ਅਤੇ ਇਸ ਵਿਚ ਪ੍ਰਗਟਾਏ ਹੌਸਲੇ ਦੇ ਗੁਣਾਂ ਦੀ ਵਿਸ਼ਵ ਭਰ ਵਿਚ ਚਰਚਾ ਅਤੇ ਪ੍ਰਸੰਸਾ ਹੋਈ ਸੀ।

ਸਰ ਬੇਰੀ ਨੇ ਇਹ ਖ਼ਤ, ਰੁਮਾਲਿਆਂ ਵਿਚ ਸਾਂਭਿਆ ਹੋਇਆ ਸੀ।

ਕੁਝ ਅਰਸੇ ਮਗਰੋਂ ਸਰ ਬੇਰੀ ਦੀ ਸੱਜੀ ਬਾਂਹ ਅਧਰੰਗ ਦਾ ਸ਼ਿਕਾਰ ਹੋਣ ਕਾਰਨ ਵਰਤਣ ਦੇ ਪੱਖੋਂ ਨਕਾਰਾ ਹੋ ਗਈ ਸੀ, ਜਿਸ ਕਾਰਨ ਉਹ ਬੜਾ ਉਦਾਸ ਸੀ।

ਇਕ ਰਾਤ ਉਸ ਨੇ ਆਪਣੇ ਮਿੱਤਰ, ਸਕਾਟ ਦਾ ਖ਼ਤ ਕੱਢਿਆ, ਮੁੜ ਪੜ੍ਹਿਆ ਅਤੇ ਸੰਕਲਪ ਕੀਤਾ ਕਿ ਜੇ ਹੌਸਲਾ ਸਕਾਟ ਨੂੰ ਦੱਖਣੀ ਧਰੁਵ ਪਹੁੰਚਾ ਸਕਦਾ ਹੈ ਅਤੇ ਤੂਫ਼ਾਨ ਵਿਚ ਇਕੱਲਿਆਂ ਹੌਸਲੇ ਦੀਆਂ ਗੱਲਾਂ ਲਿਖਣ ਦਾ ਸਾਹਸ ਦੇ ਸਕਦਾ ਹੈ, ਤਾਂ ਕੀ ਮੈਂ ਦੂਜੀ ਬਾਂਹ ਵਰਤਣ ਦਾ ਹੌਸਲਾ ਅਤੇ ਉਪਰਾਲਾ ਨਹੀਂ ਕਰ ਸਕਦਾ ?

ਉਸ ਨੇ ਖੱਬੀ ਬਾਂਹ ਵਾਲੇ ਹੱਥ ਨਾਲ ਲਿਖਣਾ ਸਿੱਖਿਆ ਅਤੇ ਸਾਰੇ ਕੰਮ ਕਰਨੇ ਸਿੱਖੇ। ਉਸ ਦੇ ਇਸ ਸੰਕਲਪ ਅਤੇ ਹੌਸਲੇ ਸਦਕਾ, ਥੋੜ੍ਹੇ ਜਿਹੇ ਅਰਸੇ ਵਿਚ ਹੀ ਉਸ ਦੀ ਅਧਰੰਗ ਵਾਲੀ ਬਾਂਹ ਵੀ ਪੂਰੀ ਤਰ੍ਹਾਂ ਠੀਕ ਹੋ ਗਈ ਸੀ।

448

ਇਕ ਆਦਮੀ ਅਮਰੀਕਾ ਦੇ ਪ੍ਰਸਿੱਧ, ਅਮੀਰ ਅਤੇ ਪਰਉਪਕਾਰੀ, ਰਾਕਫੈਲਰ ਕੋਲ ਮਦਦ ਮੰਗਣ ਗਿਆ। ਰਾਕਫੈਲਰ ਨੇ ਉਸਦੇ ਮੋਢੇ ਤੇ ਹੱਥ ਰਖਿਆ ਅਤੇ ਉਸ ਨਾਲ ਆਪਣੀ ਕਾਰ ਕੋਲ ਪਹੁੰਚਣ ਤੱਕ ਗੱਲਾਂ ਕਰਦਾ ਗਿਆ। ਜਿਸ ਰਸਤੇ ਤੋਂ ਉਹ ਲੰਘੇ ਸਨ, ਉਥੋਂ ਦੇ ਵਪਾਰੀਆਂ ਦੀ ਸਫਲਤਾ ਵਿਚ ਰਾਕਫੈਲਰ ਦਾ ਵੱਡਾ ਯੋਗਦਾਨ ਸੀ। ਜਦੋਂ ਰਾਕਫੈਲਰ ਚਲਾ

www.quotesinpunjabi.ml

QuotesInPunjabi
ਗਿਆ ਤਾਂ ਉਸ ਵਿਅਕਤੀ ਨੂੰ ਮਦਦ ਨਾ ਮਿਲਣ ਕਾਰਨ ਮਾਯੂਸੀ ਹੋਈ। ਆਪਣਾ ਬੈਗ ਲੈਣ ਲਈ ਵਾਪਸ ਆਉਂਦਿਆਂ, ਸਾਰੇ ਵਪਾਰੀਆਂ ਨੇ ਪੁੱਛਿਆ: ਤੁਸੀਂ ਰਾਕਫੈਲਰ ਨੂੰ ਕਿਵੇਂ ਜਾਣਦੇ ਹੋ ? ਅਸੀਂ ਉਸ ਦੇ ਸ਼ੁਕਰਗੁਜ਼ਾਰ ਹਾਂ, ਉਸ ਨੇ ਸਾਡੇ 'ਤੇ ਬੜੀਆਂ ਮਿਹਰਬਾਨੀਆਂ ਕੀਤੀਆਂ ਹਨ। ਅਸੀਂ ਤੁਹਾਡੀ ਹਰ ਪ੍ਰਕਾਰ ਦੀ ਮਦਦ ਕਰਨ ਲਈ ਤਿਆਰ ਹਾਂ।

ਇਵੇਂ ਉਨ੍ਹਾਂ ਦੀ ਮਦਦ ਨਾਲ ਉਹ ਆਦਮੀ ਵੀ ਸਫਲ ਹੋ ਗਿਆ ਅਤੇ ਉਸਨੇ ਰਾਕਫੈਲਰ ਨੂੰ ਧੰਨਵਾਦ ਦਾ ਖ਼ਤ ਲਿਖਿਆ: ਮੇਰਾ ਕੰਮ ਤਾਂ ਤੁਹਾਡੇ ਵਲੋਂ ਮੇਰੇ ਮੋਢੇ 'ਤੇ ਹੱਥ ਰੱਖਣ ਨਾਲ ਹੀ ਹੋ ਗਿਆ ਸੀ, ਮੇਰੇ ਮੋਢੇ 'ਤੇ ਹੱਥ ਰੱਖਣ ਦਾ ਧੰਨਵਾਦ।

449

ਡੈਕਾਰਟ ਵਿਸ਼ਵ-ਪ੍ਰਸਿੱਧ ਫ਼ਿਲਾਸਫ਼ਰ ਹੋਇਆ ਹੈ। ਇਕ ਵਾਰੀ ਕਿਸੇ ਨੇ ਸਭ ਦੇ ਸਾਹਮਣੇ ਉਸ ਦਾ ਅਪਮਾਨ ਕੀਤਾ ਪਰ ਉਹ ਸ਼ਾਂਤ ਰਿਹਾ। ਸੰਗੀ-ਸਾਥੀਆਂ ਨੇ ਪੁੱਛਿਆ: ਤੁਸੀਂ ਮੋੜਵਾਂ, ਸ਼ਾਬਦਿਕ ਹਮਲਾ ਕਰਕੇ, ਬਦਲਾ ਕਿਉਂ ਨਹੀਂ ਲਿਆ ?

ਫ਼ਿਲਾਸਫ਼ਰ ਨੇ ਕਿਹਾ, ਜਦੋਂ ਕੋਈ ਮੇਰਾ ਅਪਮਾਨ ਕਰਦਾ ਹੈ ਤਾਂ ਮੈਂ ਆਪਣੀ ਸੋਚ ਨੂੰ ਇਤਨੀ ਉੱਚੀ ਕਰ ਲੈਂਦਾ ਹਾਂ ਕਿ ਅਪਮਾਨ ਉਥੇ ਪਹੁੰਚਦਾ ਹੀ ਨਹੀਂ ਅਤੇ ਮੈਨੂੰ ਅਪਮਾਨ ਕਰਨ ਵਾਲੇ 'ਤੇ ਤਰਸ ਆਉਣ ਲੱਗ ਪੈਂਦਾ ਹੈ ਅਤੇ ਉਸ ਪ੍ਰਤੀ ਹਮਦਰਦੀ ਜਾਗ ਪੈਂਦੀ ਹੈ।

450

ਇਕ ਮੱਠ ਵਿਚ ਇਕ ਬੋਧੀ ਗੁਰੂ ਆਪਣੇ ਸ਼ਿਸ਼ਾਂ ਨਾਲ ਰਹਿੰਦਾ ਸੀ। ਉਥੇ ਅਨੇਕਾਂ ਕੀਮਤੀ ਗ੍ਰੰਥ ਵੀ ਸਨ। ਇਕ ਦਿਨ ਇਕ ਸ਼ਿਸ਼ ਇਕ ਗ੍ਰੰਥ ਲੁਕਾ ਕੇ ਲੈ ਗਿਆ। ਗ੍ਰੰਥ ਦੀ ਚੋਰੀ ਦਾ ਉਸੇ ਦਿਨ ਪਤਾ ਲੱਗ ਗਿਆ ਸੀ ਅਤੇ ਇਹ ਵੀ ਪਤਾ ਲੱਗ ਗਿਆ ਸੀ ਕਿ ਕੌਣ ਲੈ ਗਿਆ ਸੀ। ਗੁਰੂ ਨੇ ਕਿਸੇ ਨੂੰ ਪਿੱਛਾ ਕਰਨ ਲਈ ਨਹੀਂ ਭੇਜਿਆ, ਲੈ ਜਾਣ ਵਾਲਾ ਪਰੇਸ਼ਾਨ ਹੋਵੇਗਾ, ਚੋਰੀ ਫੜੇ ਜਾਣ ਦੇ ਦੋਸ਼ ਤੋਂ ਬਚਣ ਲਈ ਸ਼ਾਇਦ ਕਹੇ ਕਿ ਮੇਰੇ ਕੋਲ ਗ੍ਰੰਥ ਹੈ ਹੀ ਨਹੀਂ। ਇਵੇਂ ਉਹ ਚੋਰੀ ਦੇ ਨਾਲ-ਨਾਲ, ਝੂਠ ਬੋਲਣ ਦੇ ਪਾਪ ਦਾ ਵੀ ਭਾਗੀ ਬਣੇਗਾ।

ਸ਼ਿਸ਼ ਗ੍ਰੰਥ ਵੇਚਣ ਦੇ ਉਦੇਸ਼ ਨਾਲ ਇਕ ਅਮੀਰ ਵਪਾਰੀ ਕੋਲ ਗਿਆ ਅਤੇ ਗ੍ਰੰਥ ਦੀ ਕੀਮਤ ਵਜੋਂ ਇਕ ਮੋਹਰ ਮੰਗੀ। ਵਪਾਰੀ ਨੇ ਕਿਹਾ, ਰੱਖ ਜਾ, ਮੈਂ ਇਸ ਦਾ ਮੁਲਾਂਕਣ ਕਰਵਾਵਾਂਗਾ। ਸ਼ਿਸ਼ ਗ੍ਰੰਥ ਛੱਡ ਗਿਆ। ਸ਼ਾਮ ਨੂੰ ਉਹ ਵਪਾਰੀ, ਗ੍ਰੰਥ ਲੈ ਕੇ ਮੱਠ ਦੇ ਗੁਰੂ ਕੋਲ ਗਿਆ ਅਤੇ ਪੁੱਛਿਆ ਕਿ ਕੀ ਉਹ ਗ੍ਰੰਥ ਇਕ ਮੋਹਰ ਦੇ ਮੁਲ ਦਾ ਸੀ ? ਗੁਰੂ ਨੇ ਕਿਹਾ: ਇਹ ਗ੍ਰੰਥ ਸੈਂਕੜੇ ਮੋਹਰਾਂ ਦੇ ਮੁੱਲ ਦਾ ਹੈ।

ਅਗਲੇ ਦਿਨ ਜਦੋਂ ਵਪਾਰੀ ਨੇ ਸ਼ਿਸ਼ ਨੂੰ ਕਿਹਾ: ਹਾਂ ਮੈਂ ਇਹ ਗ੍ਰੰਥ ਇਕ ਮੋਹਰ ਦਾ ਖਰੀਦਣ ਲਈ ਤਿਆਰ ਹਾਂ, ਤਾਂ ਸ਼ਿਸ਼ ਨੇ ਵਪਾਰੀ ਨੂੰ ਪੁੱਛਿਆ: ਇਸ ਗ੍ਰੰਥ ਦਾ ਤੁਸੀਂ ਕਿਸ ਤੋਂ ਮੁਲਾਂਕਣ ਕਰਵਾਇਆ ਸੀ ? ਵਪਾਰੀ ਨੇ ਦੱਸ ਦਿੱਤਾ ਕਿ ਮੱਠ ਦੇ ਗੁਰੂ ਤੋਂ ਇਸ ਗ੍ਰੰਥ ਦੀ ਪਰਖ ਕਰਵਾਈ ਸੀ। ਸ਼ਿਸ਼ ਨੂੰ ਪਛਤਾਵਾ ਹੋਇਆ, ਕਿਉਂਕਿ ਮੱਠ ਦੇ ਗੁਰੂ ਨੇ ਵਪਾਰੀ ਨੂੰ ਇਹ ਨਹੀਂ ਸੀ ਜਤਲਾਇਆ ਕਿ ਗ੍ਰੰਥ ਚੁਰਾਇਆ ਗਿਆ ਸੀ। ਸ਼ਿਸ਼ ਨੇ ਕਿਹਾ : ਮੈਂ ਇਹ ਗ੍ਰੰਥ

www.quotesinpunjabi.ml

QuotesInPunjabi

ਨਹੀਂ ਵੇਚਣਾ। ਵਪਾਰੀ ਨੇ ਦੋ ਮੋਹਰਾਂ, ਦਸ ਮੋਹਰਾਂ, ਸੌ ਮੋਹਰਾਂ ਦੀ ਪੇਸ਼ਕਸ਼ ਕੀਤੀ ਪਰ ਸ਼ਿਸ਼ ਕਹੀ ਜਾਵੇ, ਨਹੀਂ ਵੇਚਣਾ, ਕਿਸੇ ਕੀਮਤ 'ਤੇ ਨਹੀਂ ਵੇਚਣਾ। ਗ੍ਰੰਥ ਲੈ ਕੇ ਉਹ ਸ਼ਿਸ਼, ਮੱਠ ਵਿਚ ਵਾਪਸ ਗਿਆ, ਗੁਰੂ ਦੇ ਚਰਨਾਂ ਵਿਚ ਗ੍ਰੰਥ ਰੱਖ ਕੇ ਕਿਹਾ: ਮੈਨੂੰ ਗੁਰੂ ਲੱਭ ਪਿਆ ਹੈ।

451

ਇਕ ਵਾਰੀ ਇਕ ਧਨਾਢ ਡਾ. ਸਮੋਲਟ ਨੇ, ਇਕ ਮੰਗਤੇ ਨੂੰ ਕੋਈ ਸਿੱਕਾ ਦੇਣ ਦੇ ਭੁਲੇਖੇ ਵਿਚ, ਸੋਨੇ ਦੀ ਇਕ ਗਿਨੀ ਦੇ ਦਿੱਤੀ। ਮੰਗਤਾ ਹੈਰਾਨ ਹੋਇਆ, ਵਾਪਸ ਮੋੜਨ ਲਈ ਪਿਛੇ ਦੌੜਿਆ ਅਤੇ ਕਿਹਾ: ਤੁਸੀਂ ਸਿੱਕੇ ਦੀ ਥਾਂ ਗਿਨੀ ਦੇ ਚਲੇ ਹੋ।

ਸਮੋਲਟ ਨੇ ਗਿਨੀ ਵਾਪਸ ਲੈਣ ਤੋਂ ਇਨਕਾਰ ਕਰਦਿਆਂ, ਇਕ ਹੋਰ ਗਿਨੀ ਦਿੰਦਿਆਂ ਕਿਹਾ: ਇਮਾਨਦਾਰੀ ਨੇ ਆਪਣੇ ਵੱਸਣ ਲਈ ਕਿਹੋ-ਜਿਹਾ ਬੰਦਾ ਚੁਣਿਆ ਹੈ ?

452

ਮੇਰੇ ਪਿਆਰੇ ਅਧਿਆਪਕ ਕਿਹਾ ਕਰਦੇ ਸਨ ਜਦੋਂ ਵੀ ਕੁਝ ਬੀਜੋ, ਧਿਆਨ ਰੱਖੋ ਕੀ ਬੀਜ ਰਹੇ ਹੋ। ਜੋ ਅੱਜ ਬੀਜ ਰਹੇ ਹੋ, ਉਸ ਤੋਂ ਪਤਾ ਲਗੇਗਾ ਕਿ ਕੱਲ੍ਹ ਕੀ ਉਪਜੇਗਾ। ਜਿਹੋ-ਜਿਹੇ ਬੀਜ ਖਿੰਡਾਓਗੇ, ਉਹੋ ਜਿਹੇ ਦੁੱਖ-ਸੁੱਖ ਉਪਜਣਗੇ।

ਅੱਜ ਦੇ ਕਾਰਜਾਂ ਨਾਲ ਸਾਡਾ ਕੱਲ੍ਹ ਦਾ ਜੀਵਨ ਚੰਗਾ-ਮਾੜਾ ਹੋਵੇਗਾ।

ਇਮਾਨਦਾਰੀ ਨਾਲ ਵਿਸ਼ਵਾਸ, ਚੰਗਿਆਈ ਨਾਲ ਦੋਸਤ, ਨਿਮਰਤਾ ਨਾਲ ਅਪਣੱਤ, ਧੀਰਜ ਨਾਲ ਜਿੱਤ, ਮਿਹਨਤ ਨਾਲ ਸਫਲਤਾ, ਕੁਰਬਾਨੀ ਨਾਲ ਪਿਆਰ, ਖਿਮਾ ਨਾਲ ਵਫ਼ਾਦਾਰੀ ਅਤੇ ਵਿਸ਼ਵਾਸ ਨਾਲ ਕਰਾਮਾਤਾਂ ਉਪਜਦੀਆਂ ਹਨ, ਜਦੋਂ ਕਿ ਬੇਈਮਾਨੀ ਨਾਲ ਸ਼ੱਕ, ਸੰਕੀਰਣਤਾ ਨਾਲ ਸਾੜਾ, ਆਲਸ ਨਾਲ ਹਾਰ, ਹੰਕਾਰ ਨਾਲ ਬਰਬਾਦੀ, ਨਿੰਦਾ ਨਾਲ ਮੁਸੀਬਤਾਂ, ਚਿੰਤਾਵਾਂ ਨਾਲ ਝੁਰੜੀਆਂ, ਪਾਪਾਂ ਨਾਲ ਪਛਤਾਵੇ, ਸੁਸਤੀ ਨਾਲ ਖੜੋਤ, ਗੁੱਸੇ ਨਾਲ ਵਿਛੋੜਾ, ਲਾਲਚ ਨਾਲ ਨੁਕਸਾਨ ਅਤੇ ਗੱਪਾਂ ਨਾਲ ਦੁਸ਼ਮਣ ਉਪਜਦੇ ਹਨ।

ਜੋ ਕੁਝ ਵੀ ਬੀਜੋ ਧਿਆਨ ਨਾਲ ਬੀਜੋ, ਕੱਲ੍ਹ ਦਾ ਧਿਆਨ ਰੱਖ ਕੇ ਹੀ ਬੀਜੋ।

453

ਅਮਰੀਕਾ ਦੇ ਇਕ ਰਾਜ ਨਿਊ ਮੈਕਸੀਕੋ ਵਿਚ, ਬਾਗੀਆਂ ਦੇ ਹੱਥੋਂ ਕਈ ਨਾਗਰਿਕ ਮਾਰੇ ਗਏ ਸਨ। ਸਾਰੇ ਅਮੀਰਕਾ ਵਿਚ ਇਸ ਘਟਨਾ ਦੀ ਚਰਚਾ ਹੋ ਰਹੀ ਸੀ।

ਅਮਰੀਕਾ ਦੇ ਰਾਸ਼ਟਰਪਤੀ, ਵੁਡਰੋ ਵਿਲਸਨ ਨੇ ਨਾਗਰਿਕਾਂ ਦੇ ਸੰਸਕਾਰ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਉਸ ਵੇਲੇ ਬਾਗੀਆਂ ਨੇ ਰਾਸ਼ਟਰਪਤੀ ਨੂੰ ਕਤਲ ਕਰਨ ਦੀਆਂ ਧਮਕੀਆਂ ਦਿੱਤੀਆਂ ਹੋਈਆਂ ਸਨ। ਰਾਸ਼ਟਰਪਤੀ ਦੇ ਦੋਸਤਾਂ ਅਤੇ ਖੁਫ਼ੀਆ ਵਿਭਾਗ ਨੇ, ਰਾਸ਼ਟਰਪਤੀ ਨੂੰ ਸੰਸਕਾਰ ਲਈ ਜਾਣ ਤੋਂ ਰੋਕਦਿਆਂ ਕਿਹਾ ਕਿ ਅਮਰੀਕਾ ਆਪਣੇ ਰਾਸ਼ਟਰਪਤੀ ਨੂੰ ਗੁਆਉਣਾ ਬਰਦਾਸ਼ਤ ਨਹੀਂ ਕਰ ਸਕਦਾ। ਉਸ ਸਮੇਂ ਰਾਸ਼ਟਰਪਤੀ ਨੇ

www.quotesinpunjabi.ml

QuotesInPunjabi

ਜਵਾਬ ਦਿੱਤਾ ਸੀ: ਜੇ ਅਮਰੀਕਾ ਆਪਣਾ ਰਾਸ਼ਟਰਪਤੀ ਨਹੀਂ ਗੁਆ ਸਕਦਾ ਤਾਂ ਅਮਰੀਕਾ ਇਕ ਡਰਪੋਕ ਰਾਸ਼ਟਰਪਤੀ ਵੀ ਬਰਦਾਸ਼ਤ ਨਹੀਂ ਕਰ ਸਕਦਾ।

ਰਾਸ਼ਟਰਪਤੀ ਵੁਡਰੋ ਵਿਲਸਨ, ਨਿਊ ਮੈਕਸੀਕੋ ਦੇ ਮਾਰੇ ਗਏ ਨਾਗਰਿਕਾਂ ਦੇ ਸੰਸਕਾਰ ਵਿਚ ਸ਼ਾਮਲ ਹੋਇਆ।

454

ਇਕ ਪਿਤਾ, ਆਪਣੀ ਛੋਟੀ ਧੀ ਦੇ ਕਹਿਣ ਤੇ, ਉਸ ਨੂੰ ਕਹਾਣੀਆਂ ਦੀ ਇਕ ਕਿਤਾਬ ਵਿਚੋਂ, ਹਰ ਰੋਜ਼, ਰਾਤ ਨੂੰ, ਇਕ ਕਹਾਣੀ ਸੁਣਾਇਆ ਕਰਦਾ ਸੀ। ਉਸ ਨੇ ਕੁਝ ਦਿਨ ਕਹਾਣੀ ਸੁਣਾਈ, ਫਿਰ ਕਹਾਣੀਆਂ ਦੀ ਟੇਪ ਭਰਵਾ ਦਿੱਤੀ ਅਤੇ ਆਪ ਸੁਣਾਉਣ ਦੀ ਥਾਂ ਟੇਪ-ਰਿਕਾਰਡਰ ਲਾਉਣ ਲੱਗ ਪਿਆ ਅਤੇ ਆਪ ਹੋਰ ਕੰਮ ਕਰਦਾ ਰਹਿੰਦਾ।

ਕੁਝ ਦਿਨ, ਧੀ ਟੇਪ-ਰਿਕਾਰਡਰ ਸੁਣਦੀ ਰਹੀ, ਫਿਰ ਉਸ ਨੇ ਪਿਤਾ ਨੂੰ ਕਿਹਾ: ਇਹ ਮਸ਼ੀਨ ਕਹਾਣੀ ਤਾਂ ਸੁਣਾਉਂਦੀ ਹੈ ਪਰ ਮੈਂ ਇਸ ਦੀ ਗੋਦੀ ਵਿਚ ਬਹਿ ਨਹੀਂ ਸਕਦੀ।

455

ਇਕ ਵਾਰੀ ਰਾਤ ਪੈ ਜਾਣ ਕਰਕੇ, ਇਕ ਜਵਾਨ ਵਿਅਕਤੀ ਆਪਣੇ ਇਕ ਰਿਸ਼ਤੇਦਾਰ ਦੇ ਅਗੋਂ ਰਿਸ਼ਤੇਦਾਰ ਦੇ ਘਰ, ਪਿੰਡ ਵਿਚ ਮਹਿਮਾਨ ਬਣ ਕੇ ਰੁਕ ਗਿਆ।

ਜਿਨ੍ਹਾਂ ਦੇ ਘਰ ਉਹ ਠਹਿਰਿਆ ਸੀ, ਉਨ੍ਹਾਂ ਦੀ ਗਵਾਂਢੀਆਂ ਨਾਲ ਲਾਗ-ਡਾਟ ਸੀ।

ਗਵਾਂਢੀ ਅਚਾਨਕ ਹਮਲਾ ਕਰ ਦਿੰਦੇ ਸਨ ਅਤੇ ਖ਼ੂਬ ਲੜਾਈ ਹੁੰਦੀ ਸੀ। ਸਬੱਬ ਨਾਲ ਜਿਸ ਰਾਤ ਉਹ ਮਹਿਮਾਨ ਠਹਿਰਿਆ ਹੋਇਆ ਸੀ, ਉਸ ਰਾਤ ਵੀ ਗਵਾਂਢੀ, ਆਦਤ ਅਨੁਸਾਰ, ਹਮਲਾ ਕਰਨ ਤੋਂ ਪਹਿਲਾਂ, ਲਲਕਾਰੇ ਮਾਰਨ ਲੱਗ ਪਏ।

ਘਰ ਦੇ ਜੀਅ ਜਾਗ ਪਏ ਸਨ ਅਤੇ ਲੜਨ ਲਈ ਤਿਆਰ ਹੋ ਗਏ ਸਨ। ਮਹਿਮਾਨ-ਜਵਾਨ ਵੀ ਜਾਗ ਪਿਆ ਸੀ, ਉਹ ਵੀ ਲੜਨ ਲਈ ਤਿਆਰ ਹੋ ਗਿਆ। ਘਰ ਵਾਲਿਆਂ ਨੇ ਕਿਹਾ: ਨਹੀਂ ਬਾਈ, ਤੂੰ ਸਾਡਾ ਪ੍ਰਾਹੁਣਾ ਹੈਂ, ਤੈਨੂੰ ਸੱਟ ਲੱਗ ਗਈ ਤਾਂ ਸਾਡੇ ਸਿਰ ਮਿਹਣਾ ਹੋਵੇਗਾ। ਮਹਿਮਾਨ ਨੇ ਕਿਹਾ: ਨਹੀਂ ਹੁਣ ਮੈਂ ਤੁਹਾਡਾ ਪ੍ਰਾਹੁਣਾ ਨਹੀਂ, ਹੁਣ ਮੈਂ ਤੁਹਾਡੀ ਧਿਰ ਹਾਂ। ਜੇ ਮੇਰੇ ਹੁੰਦਿਆਂ, ਤੁਹਾਨੂੰ ਕੋਈ ਕੁੱਟ ਜਾਵੇ ਤਾਂ ਇਹ ਮੇਰੇ ਸਿਰ ਮਿਹਣਾ ਹੋਵੇਗਾ।

ਉਸ ਮਹਿਮਾਨ ਨੇ ਉਹ ਡਾਂਗ ਵਾਹੀ, ਉਹ ਡਾਂਗ ਵਾਹੀ ਕਿ ਗਵਾਂਢੀ, ਆਪਣੀਆਂ ਡਾਂਗਾਂ ਛੱਡ ਕੇ ਭੱਜ ਗਏ। ਫਿਰ ਉਹ ਕਦੀ ਨਹੀਂ ਆਏ।

ਗਵਾਂਢੀਆਂ ਨੂੰ ਉਸ ਮਹਿਮਾਨ ਬਾਰੇ ਜਦੋਂ ਪਤਾ ਲੱਗਾ ਤਾਂ ਪੁੱਛਦੇ-ਪੁੱਛਾਂਦੇ ਕਿ ਉਹ ਕੌਣ ਸੀ, ਕਿਉਂ ਠਹਿਰਿਆ ਸੀ, ਉਹ ਉਸ ਦੇ ਪਿੰਡ ਗਏ, ਘਿਓ ਦੀ ਪੀਪੀ ਲੈ ਕੇ। ਉਸ ਨੂੰ ਮਿਲ ਕੇ ਕਿਹਾ: ਬਾਈ, ਤੇਰੀ ਸੂਰਮਗਤੀ ਨੂੰ ਸਲਾਮਾਂ। ਅਸੀਂ ਕੁੱਟੇ ਬਥੇਰੇ ਹਨ, ਕੁੱਟ ਕਿਸੇ ਤੋਂ ਕਦੇ ਨਹੀਂ ਖਾਧੀ। ਬਾਈ, ਤੂੰ ਪਹਿਲਾ ਹੈਂ, ਜਿਸ ਨੇ ਸਾਡਾ ਬੂਥਾ ਭੰਨਿਆ ਹੈ। ਤੇਰੀ ਬਹਾਦਰੀ ਨੂੰ ਸਲਾਮਾਂ। ਬੰਦਾ ਹੋਵੇ ਤਾਂ ਤੇਰੇ ਵਰਗਾ, ਅਜਨਬੀ ਹੋਵੇ, ਅਚਾਨਕ ਰੁੱਕ ਗਿਆ ਹੋਵੇ ਅਤੇ ਭੀੜ ਪੈਣ 'ਤੇ, ਮੂਹਰੇ ਹੋ ਕੇ ਲੜੇ-ਮਰੇ।

ਇਹ ਪੀਪੀ, ਸਾਡੀ ਤੁੱਛ ਭੇਟ ਹੈ, ਇਹ ਕਬੂਲ ਕਰਨੀ।

www.quotesinpunjabi.ml

QuotesInPunjabi

ਗੱਡੀ ਵਿਚ ਭੀੜ ਹੈ। ਪੁਰਾਣੀਆਂ ਸਵਾਰੀਆਂ ਉਤਰਦੀਆਂ ਹਨ।। ਨਵੀਆਂ ਸਵਾਰੀਆਂ ਚੜ੍ਹਦੀਆਂ ਹਨ। ਜਿਨ੍ਹਾਂ ਨੇ ਚੜ੍ਹਨਾ ਹੁੰਦਾ ਹੈ, ਉਹ ਸਵਾਰੀਆਂ ਕਹਿੰਦੀਆਂ ਹਨ: ਗੱਡੀ ਆ ਗਈ, ਗੱਡੀ ਆ ਗਈ: ਜਿਨ੍ਹਾਂ ਨੇ ਉਤਰਨਾ ਹੁੰਦਾ ਹੈ, ਉਹ ਕਹਿੰਦੀਆਂ ਹਨ: ਸਟੇਸ਼ਨ ਆ ਗਿਆ, ਸਟੇਸ਼ਨ ਆ ਗਿਆ।

ਹਰ ਸਟੇਸ਼ਨ 'ਤੇ ਉਤਰਨ ਅਤੇ ਚੜ੍ਹਨ ਵਾਲਿਆਂ ਵਿਚਕਾਰ, ਮੁੱਢਲੇ ਧੱਕਮ-ਧੱਕੇ ਮਗਰੋਂ ਟਿਕ-ਟਿਕਾਓ ਹੋ ਜਾਂਦਾ ਹੈ। ਫਿਰ ਇਕ-ਦੂਜੇ ਨਾਲ ਸਹਿਹੋਂਦ ਦੀ ਭਾਵਨਾ ਜਾਗ ਪੈਂਦੀ ਹੈ। ਭਾਂਤ-ਭਾਂਤ ਦੀਆਂ ਸ਼ਕਲਾਂ ਅਤੇ ਸੁਭਾਵਾਂ ਦਾ ਪਤਾ ਲਗਦਾ ਹੈ। ਹਰ ਕਿਸੇ ਦੀ ਹਰ ਕਿਸੇ ਵਿਚ ਦਿਲਚਸਪੀ ਜਾਗ ਪੈਂਦੀ ਹੈ। ਕੌਣ ਹੋ, ਕਿਥੋਂ ਆਏ ਹੋ, ਕਿਥੇ ਜਾ ਰਹੇ ਹੋ, ਬੱਚੇ ਕਿਤਨੇ ਹਨ, ਕੀ ਕਰਦੇ ਹੋ, ਬੱਚੇ ਵਿਆਹ ਦਿੱਤੇ ਹਨ ਕਿ ਨਹੀਂ? ਜਾਣ-ਪਛਾਣ ਨਿਕਲ ਆਉਂਦੀ ਹੈ, ਰਿਸ਼ਤੇਦਾਰੀ ਵੀ ਨਿਕਲ ਆਉਂਦੀ ਹੈ।

ਟਿਫਨ ਖੁੱਲ੍ਹ ਜਾਂਦੇ ਹਨ, ਪਰੌਂਠੇ ਨਿਕਲ ਆਉਂਦੇ ਹਨ, ਨਜ਼ਰਾਂ ਹੋਰਾਂ ਨੂੰ ਤਲਾਸ਼ਣ ਅਤੇ ਤਲਾਸ਼ ਕੇ ਵੇਖਣ ਲਗ ਪੈਂਦੀਆਂ ਹਨ। ਦੁਨੀਆ ਦੀ ਹਰ ਸਮੱਸਿਆ ਵਿਚਾਰੀ ਜਾ ਰਹੀ ਹੁੰਦੀ ਹੈ। ਭਾਂਤ-ਭਾਂਤ ਦੀ ਰਾਇ ਪ੍ਰਗਟਾਈ ਜਾ ਰਹੀ ਹੁੰਦੀ ਹੈ।

ਕੋਈ ਕਹਾਣੀ ਸੁਣਾ ਰਿਹਾ ਹੁੰਦਾ ਹੈ, ਕੋਈ ਕਥਾ ਕਰ ਰਿਹਾ ਹੁੰਦਾ ਹੈ।

ਦਰਵਾਜ਼ੇ ਦੇ ਨੇੜੇ ਦੀਆਂ ਸਵਾਰੀਆਂ ਨੇ ਏਕਾ ਕੀਤਾ ਹੁੰਦਾ ਹੈ ਕਿ ਡੱਬੇ ਵਿਚ ਅਬਾਦੀ ਪਹਿਲਾਂ ਹੀ ਬਹੁਤ ਹੈ, ਹੋਰ ਕਿਸੇ ਨੂੰ ਆਉਣ ਨਹੀਂ ਦੇਣਾ ਪਰ ਉਤਰਨ ਵਾਲਿਆਂ ਦੇ ਬਹਾਨੇ, ਕੁਝ ਸਵਾਰੀਆਂ ਚੜ੍ਹਨ ਵਿਚ ਕਾਮਯਾਬ ਹੋ ਜਾਂਦੀਆਂ ਹਨ। ਫਿਰ ਲੜਾਈ-ਝਗੜਾ, ਧੱਕਮ-ਧੱਕਾ, ਟਿੱਕ-ਟਿਕਾਓ, ਫਿਰ ਤਾਲਮੇਲ ਅਤੇ ਸਹਿਹੋਂਦ।

ਭਾਰਤ ਵਿਚ ਹਰ ਸਟੇਸ਼ਨ 'ਤੇ ਇਵੇਂ ਵਾਪਰਦਾ ਹੈ।

ਭਾਰਤ, ਸਵਾਰੀ ਗੱਡੀ ਦੇ ਡੱਬੇ ਵਾਂਗ ਹੈ, ਜਿਥੇ ਆਰੀਅਨ, ਯੂਨਾਨੀ, ਹੂਨ, ਕੁਸ਼ਨ, ਮੁਗ਼ਲ, ਅੰਗਰੇਜ਼ ਆਦਿ ਆਏ, ਪਹਿਲਾਂ ਉਥਲ-ਪੁਥਲ ਹੋਈ, ਫਿਰ ਤਾਲ-ਮੇਲ ਉਸਰ ਪਿਆ ਅਤੇ ਭਾਰਤ ਦੀ ਯਾਤਰਾ ਜਾਰੀ ਰਹੀ।

457

ਹਰ ਕਿਸੇ ਦੀਆਂ ਕੁਝ ਹਾਸੋਹੀਣੀਆਂ ਆਦਤਾਂ ਹੁੰਦੀਆਂ ਹਨ।

ਇਕ ਸ਼ਰਾਬੀ ਦੇ ਮੱਥੇ 'ਤੇ ਸੱਟ ਲੱਗ ਗਈ ਤਾਂ ਡਾਕਟਰ ਨੇ ਕਿਹਾ, ਇਸ ਉੱਤੇ ਦਿਨ ਵਿਚ ਤਿੰਨ ਵਾਰੀ ਬਰਾਂਡੀ ਲਾਓ, ਜ਼ਖਮ ਠੀਕ ਹੋ ਜਾਵੇਗਾ।

ਜਦੋਂ ਕਈ ਦਿਨਾਂ ਬਾਅਦ ਉਹ ਮਿਲੇ ਤਾਂ ਸ਼ਰਾਬੀ ਦਾ ਜ਼ਖਮ ਉਵੇਂ ਹੀ ਸੀ।

ਡਾਕਟਰ ਨੇ ਪੁੱਛਿਆ: ਬਰਾਂਡੀ ਲਾਈ ਸੀ?

ਸ਼ਰਾਬੀ ਨੇ ਕਿਹਾ: ਕੋਸ਼ਿਸ਼ ਤਾਂ ਕਈ ਵਾਰ ਕੀਤੀ ਸੀ ਪਰ ਬਰਾਂਡੀ ਦਾ ਗਲਾਸ, ਮੂੰਹ ਤੋਂ ਉਪਰ ਜਾਂਦਾ ਹੀ ਨਹੀਂ, ਮੱਥੇ ਤਕ ਪਹੁੰਚਦਾ ਹੀ ਨਹੀਂ।

www.quotesinpunjabi.ml

QuotesInPunjabi

458

ਜਦੋਂ ਕਿਸੇ ਪੁਰਸ਼ ਦੀ ਪਤਨੀ ਜਾਂ ਕਿਸੇ ਇਸਤਰੀ ਦਾ ਪਤੀ ਮਰਦਾ ਹੈ ਤਾਂ ਇਕ ਯੁੱਗ ਮੁੱਕ ਜਾਂਦਾ ਹੈ। ਇਹ ਨਾ ਪੂਰਾ ਹੋਣ ਵਾਲਾ ਘਾਟਾ ਹੁੰਦਾ ਹੈ।

ਉਸ ਮਗਰੋਂ ਮਨੁੱਖ ਜਿਉਂਦਾ ਭਾਵੇਂ ਰਹਿੰਦਾ ਹੈ ਪਰ ਮਾਣਦਾ ਕੁਝ ਨਹੀਂ।

ਸੰਸਾਰ ਵਿਚ ਅਕਸਰ ਹਰ ਔਰਤ ਦੇ ਅੰਤਲੇ ਅੱਸਤਨ ਅੱਠ ਸਾਲ ਵਿਧਵਾਪਣ ਦੇ ਹੁੰਦੇ ਹਨ। ਔਰਤਾਂ, ਆਪਣੇ ਬੱਚਿਆਂ ਅਤੇ ਬੱਚਿਆਂ ਦੇ ਬੱਚਿਆਂ ਵਿਚ ਪਰਚ ਜਾਂਦੀਆਂ ਹਨ ਪਰ ਪੁਰਸ਼ ਪਰੇਸ਼ਾਨ ਹੋ ਜਾਂਦੇ ਹਨ ਅਤੇ ਜਲਦੀ ਪਿੱਛੇ ਮੁੜ ਜਾਂਦੇ ਹਨ।

ਜੀਵਨ-ਸਾਥੀ ਦੇ ਵਿੱਛੜ ਜਾਣ ਉਪਰੰਤ ਸੰਸਾਰ ਓਪਰਾ, ਜੀਵਨ ਫਿੱਕਾ, ਰਿਸ਼ਤੇ ਖੋਖਲੇ ਅਤੇ ਭੋਜਨ ਬੇਸਵਾਦ ਹੋ ਜਾਂਦਾ ਹੈ। ਫੁੱਲ ਖਿੜਦੇ ਹਨ ਪਰ ਮਹਿਕ ਨਹੀਂ ਹੁੰਦੀ।

ਭਾਵੇਂ ਵਕਤ ਚਲਦਾ ਰਹਿੰਦਾ ਹੈ ਪਰ ਜ਼ਿੰਦਗੀ ਖਲੋ ਜਾਂਦੀ ਹੈ।

ਇਕੱਲਾ ਰਹਿ ਗਿਆ ਵਿਅਕਤੀ, ਮੌਤ ਦੇ ਪੱਖ ਵਿਚ ਖਲੋ ਜਾਂਦਾ ਹੈ, ਮੌਤ ਤੋਂ ਹੁਣ ਉਸ ਨੂੰ ਡਰ ਨਹੀਂ ਲਗਦਾ, ਵਿੱਛੜੇ ਨੂੰ ਮਿਲਣ ਦੀ ਤਾਂਘ ਹੁੰਦੀ ਹੈ। ਬਾਹਰਲਾ ਜੀਵਨ ਮੁੱਕ ਜਾਂਦਾ ਹੈ, ਅੰਦਰਲੀ ਯਾਤਰਾ ਆਰੰਭ ਹੁੰਦੀ ਹੈ। ਬੋਲਣਾ ਘਟ ਜਾਂਦਾ ਹੈ, ਚੁੱਪ ਪਸਰ ਜਾਂਦੀ ਹੈ। ਜ਼ਿੰਦਗੀ ਦੀ ਲੀਹ ਬਦਲ ਜਾਂਦੀ ਹੈ। ਆਲੇ-ਦੁਆਲੇ ਰੌਣਕ ਹੁੰਦੀ ਹੈ ਪਰ ਦਿਲ ਉਦਾਸ ਹੁੰਦਾ ਹੈ। ਜਿਹੜੀਆਂ ਚੀਜ਼ਾਂ ਮਹੱਤਵਪੂਰਨ ਸਨ, ਉਹ ਬੋਝ ਲਗਣ ਲੱਗ ਪੈਂਦੀਆਂ ਹਨ।

ਇਹ ਸੰਨਿਆਸ ਲਏ ਬਿਨਾਂ ਸੰਨਿਆਸ ਹੁੰਦਾ ਹੈ।

ਕਹਿਣ ਨੂੰ ਬਹੁਤ ਕੁਝ ਹੁੰਦਾ ਹੈ ਪਰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਅਹੁਦੇ, ਪਦਵੀਆਂ, ਜਾਇਦਾਦਾਂ, ਮਾਣ, ਸਨਮਾਨ ਸਭ ਕੂੜਾ-ਕਰਕੱਟ ਲਗਣ ਲੱਗ ਪੈਂਦੇ ਹਨ।

ਇਹ ਸਾਡੇ ਨਾਲ ਹੀ ਨਹੀਂ, ਇਹ ਹਰ ਕਿਸੇ ਨਾਲ ਵਾਪਰਦਾ ਹੈ।

ਕੁਝ ਅਰਸੇ ਮਗਰੋਂ ਮੌਤ ਚੰਗੀ ਲੱਗਣ ਲੱਗ ਪੈਂਦੀ ਹੈ। ਲਗਦਾ ਹੈ ਜੀਵਨ ਦੇ ਅਰਥ ਸਮਝ ਆ ਗਏ ਹਨ। ਸਮਝ ਆਉਂਦੀ ਹੈ ਕਿ ਜੀਵਨ ਦੇ ਕੋਈ ਅਰਥ ਹੈ ਹੀ ਨਹੀਂ। ਭਾਵੇਂ ਇਹ ਪ੍ਰਸੰਨ ਹੋਣ ਦਾ ਸਮਾਂ ਨਹੀਂ ਹੁੰਦਾ ਪਰ ਨਿਰਾਸ਼ ਹੋਣ ਦੀ ਵੀ ਬਿਲਕੁਲ ਲੋੜ ਨਹੀਂ।

ਮੌਤ ਆਵੇਗੀ, ਬੜਾ ਸੁੱਖ ਮਿਲੇਗਾ। ਅਧੂਰੇ ਤੋਂ ਪੂਰੇ ਹੋ ਜਾਵਾਂਗੇ।

459

ਸਾਰੇ ਆਪਣਿਆਂ ਤੋਂ ਉੱਚਿਆਂ ਨਾਲ ਬਰਾਬਰੀ ਚਾਹੁੰਦੇ ਹਨ ਪਰ ਨੀਵਿਆਂ ਨੂੰ ਆਪਣੇ ਬਰਾਬਰ ਨਹੀਂ ਆਉਣ ਦੇਣਾ ਚਾਹੁੰਦੇ।

ਇਕ ਵੱਡੇ ਘਰ ਵਿਚ ਕੁਝ ਪ੍ਰਸਿੱਧ ਵਿਅਕਤੀ ਪ੍ਰੀਤੀ-ਭੋਜ ਕਰ ਰਹੇ ਸਨ ਅਤੇ ਸਮਾਜ ਵਿਚ ਬਰਾਬਰੀ ਸਥਾਪਤ ਕਰਨ ਦੇ ਪੱਖ ਅਤੇ ਵਿਰੋਧ ਵਿਚ ਬਹਿਸ ਕਰ ਰਹੇ ਸਨ।

ਚਿੰਤਕ ਮੇਜ਼ਬਾਨ ਨੇ ਕਿਹਾ ਕਿ ਗੱਲਾਂ ਕਰਨੀਆਂ ਸੌਖੀਆਂ ਹੁੰਦੀਆਂ ਹਨ, ਵਾਸਤਵਿਕ ਸੁਧਾਰ ਲਿਆਉਣੇ ਔਖੇ ਹੁੰਦੇ ਹਨ।

ਇਕ ਮਹਿਮਾਨ ਇਸਤਰੀ ਬਾਰ-ਬਾਰ ਬਰਾਬਰੀ 'ਤੇ ਜ਼ੋਰ ਦੇ ਰਹੀ ਸੀ ਅਤੇ ਹਰ ਪੱਧਰ 'ਤੇ ਬਰਾਬਰੀ ਲਾਗੂ ਕਰਨ ਦੀ ਜ਼ਿੱਦ ਕਰ ਰਹੀ ਸੀ।

www.quotesinpunjabi.ml

QuotesInPunjabi

ਮੇਜ਼ਬਾਨ ਨੇ ਉਸ ਦੇ ਤਰਕ ਨੂੰ ਸੁਣ ਕੇ ਕਿਹਾ: ਮੈਂ ਤੁਹਾਡੇ ਕੋਚਵਾਨ ਨੂੰ ਲਿਆਕੇ, ਤੁਹਾਡੇ ਨਾਲ ਖਾਣਾ ਖਾਣ ਲਈ, ਤੁਹਾਡੇ ਨਾਲ ਦੀ ਕੁਰਸੀ 'ਤੇ ਬਿਠਾਵਾਂ ?

ਇਸਤਰੀ ਨੇ ਨਾ ਕੇਵਲ ਇਹ ਵਿਚਾਰ ਮੁੱਢੋਂ-ਸੁੱਢੋਂ ਰੱਦ ਕਰ ਦਿੱਤਾ, ਸਗੋਂ ਇਸ ਉਪਰੰਤ ਉਸ ਔਰਤ ਨੇ, ਮੇਜ਼ਬਾਨ ਨਾਲ ਕਦੇ ਦੁਆ-ਸਲਾਮ ਵੀ ਨਾ ਕੀਤੀ।

460

ਇਕ ਦਾਦੀ ਆਪਣੇ ਨੰਨੂ ਨਾਂ ਦੇ ਪੋਤੇ ਨੂੰ ਕਹਾਣੀ ਸੁਣਾ ਰਹੀ ਸੀ।

ਦਾਦੀ ਅਨਪੜ੍ਹ ਸੀ, ਪੋਤਾ ਅੰਗਰੇਜ਼ੀ ਸਕੂਲ ਵਿਚ ਪੜ੍ਹ ਰਿਹਾ ਸੀ।

ਦਾਦੀ ਦੱਸ ਰਹੀ ਸੀ ਕਿ ਇਕ ਆਦਮੀ ਨੇ ਸਾਰੀ ਉਮਰ ਬੜੇ ਪਾਪ ਕੀਤੇ ਸਨ। ਅਖੀਰ 'ਤੇ, ਉਸ ਦੀ ਮਾਂ ਨੇ ਆਪਣੇ ਪੁੱਤਰ ਨੂੰ ਨਾਰਾਇਣ ਕਹਿ ਕੇ ਬੁਲਾਇਆ, ਜਿਹੜਾ ਪਰਮਾਤਮਾ ਨੂੰ ਸੁਣ ਗਿਆ ਅਤੇ ਪਰਮਾਤਮਾ ਤੋਂ ਉਸ ਪਾਪੀ ਵਿਅਕਤੀ ਨੂੰ ਮੁਕਤੀ ਮਿਲ ਗਈ। ਪੋਤੇ ਨੇ ਕਿਹਾ: ਦਾਦੀ ਨਾਲੇ ਤੂੰ ਕਹਿੰਦੀ ਹੈਂ, ਰੱਬ ਜਾਣੀ-ਜਾਣ ਹੈ, ਸਭ ਕੁਝ ਜਾਣਦੈ, ਕੀ ਰੱਬ ਨੂੰ ਇਤਨਾ ਵੀ ਨਾ ਪਤਾ ਲੱਗਿਆ ਕਿ ਮਾਂ ਨਾਰਾਇਣ ਬੋਲ ਕੇ ਆਪਣੇ ਪੁੱਤਰ ਨੂੰ ਬੁਲਾ ਰਹੀ ਸੀ ? ਦਾਦੀ ਖਿੱਝ ਗਈ, ਕਿਉਂਕਿ ਪੋਤੇ ਨੇ ਉਸ ਦੀ ਸਾਰੀ ਸਿਆਣਪ ਘਚੋਲ ਦਿੱਤੀ ਸੀ।

ਅਗਲੇ ਦਿਨ ਪੋਤੇ ਨੇ ਜਦੋਂ ਫਿਰ ਕਹਾਣੀ ਸੁਣਾਉਣ ਲਈ ਆਖਿਆ ਤਾਂ ਦਾਦੀ ਨੇ ਕਿਹਾ: ਕੱਲ੍ਹ ਕਹਾਣੀ ਪੂਰੀ ਕਿਉਂ ਨਹੀਂ ਸੁਣੀ ? ਕੱਲ੍ਹ ਮੈਂ ਖੇਡਣ ਚਲਾ ਗਿਆ ਸੀ। ਅੱਜ ਨਾ ਜਾਈਂ, ਕਹਿ ਕੇ ਦਾਦੀ ਨੇ ਕਹਾਣੀ ਦੀ ਤੰਦ ਜੋੜਦਿਆਂ ਕਿਹਾ, ਭਾਵੇਂ ਕਿਸੇ ਨੇ ਕਿਤਨੇ ਵੀ ਪਾਪ ਕੀਤੇ ਹੋਣ, ਜਿਹੜਾ ਅਖੀਰ 'ਤੇ ਨਾਰਾਇਣ-ਨਾਰਾਇਣ ਕਰੇ, ਉਹ ਸਿੱਧਾ ਸੁਰਗਾਂ ਨੂੰ ਜਾਂਦਾ ਹੈ। ਇਤਨੇ ਵਿਚ ਕਿਸੇ ਨੇ ਬਾਹਰੋਂ ਆਵਾਜ਼ ਮਾਰੀ: ਆ ਨੰਨੂ ਕ੍ਰਿਕਟ ਖੇਡੀਏ, ਨੰਨੂ ਭੱਜ ਗਿਆ। ਦਾਦੀ, ਲਾਡ ਨਾਲ ਨੰਨੂ ਨੂੰ ਨਾਰਾਇਣ ਕਹਿ ਕੇ ਬਲਾਉਂਦੀ ਸੀ, ਉਹ ਨਾਰਾਇਣ-ਨਾਰਾਇਣ ਕਰਦੀ ਰਹੀ।

ਜਦੋਂ ਪੋਤਾ ਵਾਪਸ ਆਇਆ ਤਾਂ ਦਾਦੀ ਨਾਰਾਜ਼ ਸੀ, ਪੁੱਛਿਆ ਦਾਦੀ ਤੁਸੀਂ ਕਿਉਂ ਨਾਰਾਜ਼ ਹੋ ? ਦਾਦੀ ਨੇ ਕਿਹਾ: ਮੇਰੀ ਕਹਾਣੀ ਤਾਂ ਪੂਰੀ ਸੁਣ ਕੇ ਗਿਆ ਨਹੀਂ।

ਮੈਂ ਤੈਨੂੰ ਕਈ ਆਵਾਜ਼ਾਂ ਵੀ ਮਾਰੀਆਂ। ਪੋਤੇ ਨੇ ਕਿਹਾ: ਦਾਦੀ, ਮੈਂ ਸਮਝਿਆ, ਨਾਰਾਇਣ-ਨਾਰਾਇਣ ਬੋਲ ਕੇ ਤੂੰ ਰੱਬ ਨੂੰ ਯਾਦ ਕਰ ਰਹੀ ਸੀ।

461

ਚਿੱਤਰਕਾਰੀ ਦਾ ਇਕ ਵਿਦਿਆਰਥੀ ਇਕ ਪ੍ਰਸਿੱਧ ਚਿੱਤਰਕਾਰ ਕੋਲ ਆਪਣੇ ਚਿੱਤਰ ਵਿਖਾ ਕੇ ਉਸ ਤੋਂ ਚਿੱਤਰਕਲਾ ਵਿਚ ਨਿਪੁੰਨ ਹੋਣ ਦੇ ਗੁਰ ਸਿੱਖਣ ਗਿਆ।

ਉਸ ਦੇ ਚਿੱਤਰਾਂ ਨੂੰ ਵੇਖ ਕੇ ਚਿੱਤਰਕਾਰ ਨੇ ਸਲਾਹ ਦਿੱਤੀ ਕਿ ਤੁਸੀਂ ਚਿੱਤਰਕਾਰੀ ਸਿੱਖਣ ਦੀ ਬਜਾਇ ਡਾਕਟਰੀ ਸਿੱਖੋ, ਕਿਉਂਕਿ ਕਬਰਾਂ, ਡਾਕਟਰਾਂ ਦੀਆਂ ਗਲਤੀਆਂ ਨੂੰ ਢਕ ਲੈਂਦੀਆਂ ਹਨ, ਜਦੋਂ ਕਿ ਚਿੱਤਰਕਾਰੀ, ਚਿੱਤਰਕਾਰਾਂ ਦੀਆਂ ਗਲਤੀਆਂ ਨੂੰ ਉਘਾੜਦੀ ਹੈ।

www.quotesinpunjabi.ml

QuotesInPunjabi

462

ਸਾਫ਼ ਕਮੀਜ਼-ਪਜਾਮੇ ਵਿਚ ਇਕ ਬਜ਼ੁਰਗ ਸਵਾਰੀ ਬੱਸ ਵਿਚ ਚੜ੍ਹੀ, ਸਭ ਪਾਸੇ ਮੁਸਕਰਾ ਕੇ ਵੇਖਿਆ, ਕੋਈ ਖਾਲੀ ਸੀਟ ਲੱਭਣ ਦਾ ਯਤਨ ਕੀਤਾ। ਸਾਰੇ ਉਸਦੇ ਆਗਮਨ ਨਾਲ ਨਾਰਾਜ਼ ਸਨ। ਬੱਸ ਹਿਲੇ ਜਾ ਰਹੀ ਸੀ। ਚੁਹਲ-ਮੁਹਲ ਕਰ ਰਹੇ ਇਕ ਨਵੇਂ ਵਿਆਹੇ ਜੋੜੇ ਨੇ, ਬਜ਼ੁਰਗ ਸਵਾਰੀ ਵਲ ਪਰੇਸ਼ਾਨੀ ਨਾਲ ਵੇਖਿਆ। ਉਹ ਦੋ ਸਨ ਪਰ ਉਹ ਤਿੰਨ ਸੀਟਾਂ 'ਤੇ ਖੁੱਲ੍ਹੇ ਹੋ ਕੇ ਬਹਿ ਗਏ ਤਾਂ ਕਿ ਬਜ਼ੁਰਗ ਸਵਾਰੀ ਉਥੇ ਨਾ ਬੈਠ ਸਕੇ।

ਇਕ ਇਸਤਰੀ ਇਸ ਨਵੇਂ-ਵਿਆਹੇ ਜੋੜੇ ਦੀਆਂ ਹਰਕਤਾਂ ਵੇਖ ਕੇ ਚਿੜ੍ਹੀ ਜਾ ਰਹੀ ਸੀ ਪਰ ਉਸ ਨੇ ਆਪਣੀ ਚਿੜ੍ਹ ਵਿਚੋਂ ਸਮਾਂ ਕੱਢ ਕੇ, ਉਸ ਬਜ਼ੁਰਗ ਸਵਾਰੀ ਨੂੰ, ਘੂਰਵੀਂ ਨਜ਼ਰ ਨਾਲ, ਆਪਣੇ ਨਾਲ ਵਾਲੀ ਖਾਲੀ ਸੀਟ 'ਤੇ ਬੈਠਣ ਤੋਂ ਰੋਕਿਆ। ਇਕ ਹੋਰ ਸੀਟ 'ਤੇ ਇਕ ਬੰਦਾ ਬੈਠਾ ਸੀ ਪਰ ਉਸ ਨੇ ਆਪਣੇ ਨਾਲ ਦੀ ਸੀਟ 'ਤੇ ਆਪਣਾ ਸ਼ੂਟਕੇਸ ਰੱਖਿਆ ਹੋਇਆ ਸੀ ਜਿਸ ਨੂੰ ਖੋਲ੍ਹ ਕੇ, ਉਸ ਨੇ ਅਖਬਾਰ ਕੱਢ ਲਈ ਅਤੇ ਬਜ਼ੁਰਗ ਸਵਾਰੀ ਨੂੰ ਆਪਣੇ ਧਿਆਨ ਵਿਚੋਂ ਹੀ ਬਾਹਰ ਕੱਢ ਕੇ ਬੜੇ ਰੁੱਝੇ ਹੋਣ ਦਾ ਨਾਟਕ ਕਰਨ ਲੱਗ ਪਿਆ। ਅਖੀਰਲੀ ਸੀਟ 'ਤੇ ਪਹਿਲਾਂ ਹੀ ਇਕ ਬੰਦਾ ਬੈਠਾ ਸੀ, ਜਿਸ ਨੇ ਆਪਣੀ ਗੋਦੀ ਵਿਚ ਬੈਠੇ ਬੱਚੇ ਨੂੰ ਖਾਲੀ ਸੀਟ 'ਤੇ ਬਿਠਾ ਦਿੱਤਾ, ਤਾਂ ਕਿ ਦੋਵੇਂ ਸੀਟਾਂ ਭਰੀਆਂ ਹੋਈਆਂ ਲੱਗਣ।

ਉਹ ਬਜ਼ੁਰਗ ਸਾਰੀਆਂ ਸਵਾਰੀਆਂ ਨੂੰ ਵੇਖ ਰਿਹਾ ਸੀ, ਸਾਰੀਆਂ ਸਵਾਰੀਆਂ ਉਸ ਨੂੰ ਬੈਠਣ ਤੋਂ ਰੋਕਣ ਵਿਚ ਰੁੱਝੀਆਂ ਹੋਈਆਂ ਸਨ।

ਉਸ ਬਜ਼ੁਰਗ ਨੇ ਕੋਈ ਜੁਰਮ ਨਹੀਂ ਸੀ ਕੀਤਾ, ਕਿਸੇ ਨਾਲ ਦੁਰਵਿਹਾਰ ਨਹੀਂ ਸੀ ਕੀਤਾ, ਉਸ ਨੂੰ ਏਡਜ਼ ਵੀ ਨਹੀਂ ਸੀ, ਉਸ ਨੇ ਕਿਸੇ ਨਾਲ ਝਗੜਾ ਵੀ ਨਹੀਂ ਸੀ ਕੀਤਾ।

ਉਸ ਦਾ ਨੁਕਸ ਕੇਵਲ ਇਹ ਸੀ ਕਿ ਸ਼ਹਿਰੀਆਂ ਦੀ ਭਰੀ ਬੱਸ ਵਿਚ, ਉਹ ਇਕੱਲਾ ਪੇਂਡੂ ਸੀ। ਉਸ ਸਬੰਧੀ ਕੁਝ ਜਾਣੇ-ਬੁਝੇ ਬਿਨਾਂ ਹੀ, ਸਾਰਿਆਂ ਨੇ ਉਸ ਨੂੰ ਉਸ ਬੱਸ ਵਿਚ ਚੜ੍ਹਨ ਦੇ ਜੁਰਮ ਦੀ ਸਜ਼ਾ ਸੁਣਾ ਦਿਤੀ ਸੀ।

ਇਸ ਵਰਤਾਰੇ ਨੂੰ ਪੱਖਪਾਤ, ਭੇਦਭਾਵ ਅਤੇ ਵਿਤਕਰਾ ਕਹਿੰਦੇ ਹਨ।

463

ਇਕ ਪ੍ਰਸਿੱਧ ਐਕਟਰ ਨੇ ਸ਼ਹਿਰ ਦੇ ਵੀਹ ਪਤਵੰਤਿਆਂ ਨੂੰ ਇਕ ਵਾਕ ਵਾਲਾ, ਇਕੋ ਜਿਹਾ ਖ਼ਤ ਲਿਖਿਆ, ਜਿਸ ਵਿਚ ਲਿਖਿਆ ਸੀ: ਸਭ ਕੁਝ ਪਤਾ ਲੱਗ ਗਿਆ ਹੈ, ਬੱਚ ਕੇ ਨਿਕਲ ਜਾਓ। ਹਰ ਕਿਸੇ ਨੇ ਆਪਣੀ-ਆਪਣੀ ਕਿਸਮ ਦੇ ਅਰਥ ਕੱਢੇ ਪਰ ਵੀਹ ਦੇ ਵੀਹ, ਆਪਣੀਆਂ ਕਰਤੂਤਾਂ ਯਾਦ ਕਰਦੇ ਹੋਏ, ਉਸੇ ਦਿਨ ਸ਼ਹਿਰ ਛੱਡ ਗਏ।

464

ਇਕ ਇਸਤਰੀ ਸੰਪੂਰਣਤਾ ਦੀ ਅਭਿਲਾਸ਼ੀ ਸੀ।

ਜੇ ਕਿਸੇ ਦੀ ਕਮੀਜ਼ ਦਾ ਬਟਨ ਟੁੱਟਿਆ ਹੋਵੇ, ਕਿਸੇ ਦੇ ਵਾਲ ਢੰਗ ਸਿਰ ਨਾ ਹੋਣ, ਕਿਸੇ ਦੀਆਂ ਜੁਰਾਬਾਂ ਦਾ ਰੰਗ ਪੈਂਟ ਨਾਲ ਨਾ ਮਿਲਦਾ ਹੋਵੇ, ਕਿਸੇ ਦੇ ਲਿਬਾਸ ਵਿਚ ਵੱਟ

www.quotesinpunjabi.ml

QuotesInPunjabi

ਹੋਣ, ਕੋਈ ਕੱਪ ਜਾਂ ਗਲਾਸ ਜਾਂ ਪਲੇਟ ਪੂਰੀ ਤਰ੍ਹਾਂ ਸਾਫ ਨਾ ਹੋਵੇ, ਕਿਸੇ ਦੇ ਨਹੁੰ ਨਾ ਕੱਟੇ ਹੋਣ, ਕਿਸੇ ਦੀ ਟਾਈ, ਕੋਟ ਨਾਲ ਨਾ ਮਿਲਦੀ ਹੋਵੇ, ਕਿਸੇ ਦੇ ਅੱਖਾਂ, ਕੰਨਾਂ, ਨੱਕ, ਬੁੱਲ੍ਹਾਂ ਦਾ ਅਨੁਪਾਤ ਸਹੀ ਨਾ ਹੋਵੇ ਤਾਂ ਉਸ ਦੀ, ਉਸ ਵਿਅਕਤੀ ਵਿਚ ਦਿਲਚਸਪੀ ਹੀ ਮੁੱਕ ਜਾਂਦੀ ਸੀ। ਉਹ ਸੰਪੂਰਨ ਪੁਰਸ਼, ਸੰਪੂਰਣ ਪਤੀ ਲੱਭ ਰਹੀ ਸੀ ਪਰ ਉਸ ਨੂੰ ਹਰ ਕਿਸੇ ਵਿਚ ਕੋਈ ਨਾ ਕੋਈ ਘਾਟ ਦਿਸਣ ਲੱਗ ਪੈਂਦੀ ਸੀ ਅਤੇ ਗੱਲਬਾਤ ਟੁੱਟ ਜਾਂਦੀ ਸੀ।

ਉਸ ਇਸਤਰੀ ਦਾ ਵਿਆਹ ਹੀ ਨਾ ਹੋਇਆ, ਕਿਉਂਕਿ ਉਸ ਨੂੰ ਸੰਪੂਰਣਤਾ ਦਾ ਰੋਗ ਸੀ।

465

ਇਕ ਵਿਅਕਤੀ ਪ੍ਰਸੰਨਤਾ ਦਾ ਭੇਤ ਲੱਭ ਰਿਹਾ ਸੀ। ਘੁੰਮਦਾ-ਘੁਮਾਉਂਦਾ ਇਕ ਕਿਲ੍ਹੇ ਬਾਹਰ ਇਕ ਸੰਤ ਕੋਲ ਪਹੁੰਚਿਆ। ਸੰਤ ਦੇ ਆਲੇ-ਦੁਆਲੇ ਬੜੇ ਲੋਕ ਬੈਠੇ ਸਨ, ਉਹ ਵੀ ਬਹਿ ਗਿਆ। ਉਸ ਨੇ ਪ੍ਰਸੰਨਤਾ ਦਾ ਭੇਤ ਪੁੱਛਿਆ।

ਸੰਤ ਨੇ ਕਿਹਾ: ਦੋ ਘੰਟੇ ਵਿਚ ਪਹਿਲਾਂ ਇਹ ਕਿਲ੍ਹਾ ਘੁੰਮ ਕੇ ਵੇਖ, ਇਹ ਚਮਚਾ ਲੈ ਜਾ, ਇਸ ਵਿਚ ਦੋ ਬੂੰਦਾਂ ਤੇਲ ਹੈ, ਇਹ ਤੇਲ ਡੁੱਲ੍ਹਣਾ ਨਹੀਂ ਚਾਹੀਦਾ।

ਜਦੋਂ ਉਹ ਦੋ ਘੰਟੇ ਮਗਰੋਂ ਵਾਪਸ ਮੁੜਿਆ ਤਾਂ ਸੰਤ ਨੇ ਪੁੱਛਿਆ: ਤੂੰ ਮੀਨਾਰ ਵੇਖਿਆ? ਨਹੀਂ। ਤੂੰ ਮਲਕਾ ਦਾ ਬੁੱਤ ਵੇਖਿਆ? ਨਹੀਂ। ਤੂੰ ਵੱਡੇ-ਵੱਡੇ ਸ਼ੀਸ਼ਿਆਂ ਵਾਲਾ ਮਹੱਲ ਵੇਖਿਆ? ਨਹੀਂ। ਤੂੰ ਉੱਚਾ ਝੰਡਾ ਵੇਖਿਆ? ਨਹੀਂ। ਵਿਅਕਤੀ ਨੇ ਦੱਸਿਆ: ਕੁਝ ਨਹੀਂ ਵੇਖ ਸਕਿਆ, ਮੈਨੂੰ ਤਾਂ ਤੇਲ ਡੁੱਲ੍ਹਣ ਦੀ ਹੀ ਚਿੰਤਾ ਲੱਗੀ ਰਹੀ ਸੀ।

ਸੰਤ ਨੇ ਕਿਹਾ: ਚਮਚਾ ਇਥੇ ਰੱਖ ਜਾ, ਫਿਰ ਜਾ। ਇਸ ਵਾਰੀ ਉਸ ਨੇ ਸਭ ਕੁਝ ਵੇਖਿਆ, ਛੱਤਾਂ ਦੀ ਚਿੱਤਰਕਾਰੀ ਵੇਖੀ, ਝਾੜ-ਫਾਨੂਸ ਅਤੇ ਬਲੌਰ ਵੇਖੇ, ਝਰਨੇ ਵੇਖੇ, ਬੁੱਤ ਵੇਖੇ, ਚਿੱਤਰ ਵੇਖੇ, ਚਮਕਦੇ ਫਰਸ਼, ਉੱਚੀਆਂ ਛੱਤਾਂ ਅਤੇ ਬਾਗ ਵੇਖੇ।

ਜਦੋਂ ਵਾਪਸ ਮੁੜਿਆ ਤਾਂ ਸੰਤ ਨੇ ਕਿਹਾ: ਅਸੀਂ ਸੰਸਾਰ ਨਹੀਂ ਵੇਖਦੇ, ਬੂੰਦਾਂ ਡੁੱਲ੍ਹਣ ਤੋਂ ਬਚਾਉਂਦੇ ਰਹਿੰਦੇ ਹਾਂ। ਆਜ਼ਜ਼ੀ ਯਾਤਰਾ ਤਾਂ ਕਰਦਾ ਹੈ ਪਰ ਕਿਧਰੇ ਨਹੀਂ ਪਹੁੰਚਦਾ, ਕਿਉਂਕਿ ਭੇਡਾਂ ਨੂੰ ਨਹੀਂ ਭੁੱਲਦਾ। ਜਦੋਂ ਤੱਕ ਅਸੀਂ ਆਪਣੇ-ਆਪ ਨੂੰ, ਆਪਣੇ ਦਾਇਰਿਆਂ ਨੂੰ, ਬੂੰਦਾਂ ਵਰਗੀਆਂ ਆਪਣੀਆਂ ਚਿੰਤਾਵਾਂ ਨੂੰ ਭੁੱਲਦੇ ਨਹੀਂ, ਉਦੋਂ ਤੱਕ ਪ੍ਰਸੰਨ ਵੀ ਨਹੀਂ ਹੁੰਦੇ।

466

ਲਗਭਗ ਡੇਢ ਸੌ ਯਾਤਰੀ, ਇਕ ਚਟਾਨ ਦੇ ਡਿੱਗਣ ਕਾਰਨ ਹੇਮਕੁੰਟ ਸਾਹਿਬ ਦੇ ਰਸਤੇ ਵਿਚ ਫਸ ਗਏ ਸਨ, ਉਨ੍ਹਾਂ ਸਾਰਿਆਂ ਨੇ ਠੰਡ ਕਾਰਨ ਰਾਤ ਦੌਰਾਨ ਮਾਰੇ ਜਾਣਾ ਸੀ। ਹਵਾਈ ਸੈਨਾ ਦੇ ਇਕ ਸੇਵਾ-ਮੁਕਤ ਜਵਾਨ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਜੇ ਮੇਰਾ ਇਕ ਹੋਰ ਵਿਅਕਤੀ ਸਾਥ ਦੇਵੇ ਤਾਂ ਮੈਂ ਉਨ੍ਹਾਂ ਸਾਰਿਆਂ ਨੂੰ ਕੱਢ ਕੇ ਲਿਆ ਸਕਦਾ ਹਾਂ। ਉਸ ਨੇ ਇਕ ਮੰਗਿਆ ਸੀ, ਪੰਜ ਤਿਆਰ ਹੋ ਗਏ, ਜਿਨ੍ਹਾਂ ਵਿਚੋਂ ਤਿੰਨ ਸਾਬਕਾ ਫੌਜੀ ਸਨ।

ਉਹ ਹਨੇਰੇ ਵਿਚ ਦੂਜੇ ਪਾਸੇ ਗਏ, ਫਸੇ ਹੋਏ ਵਿਅਕਤੀਆਂ ਨੂੰ ਸੰਬੋਧਨ ਕੀਤਾ: ਅਸੀਂ ਭੀੜ ਬਣ ਕੇ ਨਹੀਂ ਲੰਘ ਸਕਦੇ, ਬਰਫ ਵਿਚ ਧੱਸ ਜਾਵਾਂਗੇ ਪਰ ਇਕ-ਇਕ ਦੀ ਕਤਾਰ

www.quotesinpunjabi.ml

QuotesInPunjabi
ਨਾਲ ਲੰਘ ਜਾਵਾਂਗੇ। ਉਹ ਆਪ ਅੱਗੇ ਲਗਿਆ ਅਤੇ ਤਿੰਨ ਫੌਜੀਆਂ ਨੂੰ ਅਧੀਰ 'ਤੇ ਖੜ੍ਹਾ ਕੀਤਾ ਤਾਂ ਕਿ ਕੋਈ ਰਹਿ ਨਾ ਜਾਵੇ। ਉਸ ਨੇ ਕਿਹਾ ਖੱਬਾ ਹੱਥ ਅਗਲੇ ਨੂੰ, ਸੱਜਾ ਹੱਥ ਪਿਛਲੇ ਨੂੰ ਫੜਾ ਕੇ ਚੱਲੋ, ਹੱਥ ਨਹੀਂ ਛੱਡਣਾ, ਇਵੇਂ ਕੋਈ ਗਵਾਚੇਗਾ ਨਹੀਂ।

ਜ਼ਿੰਦਗੀ ਅਤੇ ਮੌਤ ਵਿਚਕਾਰ ਇਕ ਕਦਮ ਦਾ ਫਾਸਲਾ ਸੀ।

ਉਹ ਗੁੱਛਾ ਨਹੀਂ ਸਨ ਬਣੇ, ਇਕ ਤਾਰ ਬਣ ਕੇ ਲੰਘ ਗਏ ਸਨ।

ਜਿਥੇ ਜ਼ੋਰ ਨਹੀਂ ਚੱਲਦਾ, ਉਥੇ ਅਕਲ ਚਲਦੀ ਹੈ।

467

ਵਿਰਿਆਨੀ ਮੈਕਮੋਲਿਨ ਦੇ ਉੱਤਰੀ ਧਰੁਵ ਲਈ ਰਵਾਨਾ ਹੋਣ ਤੋਂ ਇਕ ਦਿਨ ਪਹਿਲਾਂ, ਉਸ ਨੂੰ ਇਕ ਚਿੱਠੀ ਮਿਲੀ, ਜਿਸ ਦੇ ਲਫਾਫੇ 'ਤੇ ਲਿਖਿਆ ਸੀ: ਇਸ ਨੂੰ ਉਦੋਂ ਖੋਲ੍ਹਣਾ ਜਦੋਂ ਸਾਰੀਆਂ ਆਸਾਂ-ਉਮੀਦਾਂ ਮੁੱਕ ਗਈਆਂ ਹੋਣ।

ਮੈਕਮੋਲਿਨ ਨੇ ਇਹ ਚਿੱਠੀ ਅੱਧੀ ਸਦੀ ਸਾਂਭ ਕੇ ਰੱਖੀ। ਵਿਰਿਆਨੀ ਦੀਆਂ ਸਾਰੀਆਂ ਆਸਾਂ-ਉਮੀਦਾਂ ਕਦੇ ਮੁੱਕੀਆਂ ਹੀ ਨਾ, ਉਸ ਚਿੱਠੀ ਨੇ ਕਦੀ ਮੁੱਕਣ ਹੀ ਨਾ ਦਿੱਤੀਆਂ, ਸੋ ਉਹ ਚਿੱਠੀ ਖੋਲ੍ਹਣ ਦੀ ਲੋੜ ਹੀ ਨਾ ਪਈ। ਇਵੇਂ ਉਸ ਚਿੱਠੀ ਦੇ ਬਾਹਰ ਲਿਖੀ ਇਕ ਸਤਰ ਨੇ, ਮੈਕਮੋਲਿਨ ਨੂੰ ਸ਼ਕਤੀਸ਼ਾਲੀ ਬਣਾ ਦਿੱਤਾ ਸੀ।

468

ਮਨੁੱਖ ਕਿਧਰੇ ਵੀ ਰਹੇ, ਇਕ ਭਾਈਚਾਰਾ ਉਸਾਰ ਕੇ, ਸਾਂਝ ਉਪਜਾ ਲੈਂਦਾ ਹੈ।

ਪੂਨੇ ਦੀ ਯਰਵਾਦਾ ਜੇਲ੍ਹ ਵਿਚ ਗਾਂਧੀ ਜੀ ਛੇ ਸਾਲ ਕੈਦ ਰਹੇ ਸਨ।

ਅੰਗਰੇਜ਼ ਜੇਲ੍ਹਰ ਨੇ ਗਾਂਧੀ ਜੀ ਦੀ ਦੇਖਭਾਲ ਲਈ ਇਕ ਅਫਰੀਕਨ ਕੈਦੀ ਲਾਇਆ, ਜਿਹੜਾ ਕੋਈ ਭਾਰਤੀ ਭਾਸ਼ਾ ਨਹੀਂ ਸੀ ਜਾਣਦਾ, ਜਿਸ ਤੋਂ ਜੇਲ੍ਹਰ ਨੂੰ ਯਕੀਨ ਸੀ ਕਿ ਉਹ ਗਾਂਧੀ ਜੀ ਦੇ ਪ੍ਰਭਾਵ ਤੋਂ ਮੁਕਤ ਰਹੇਗਾ।

ਗਾਂਧੀ ਜੀ ਅਤੇ ਉਹ ਅਫਰੀਕਨ ਇਸ਼ਾਰਿਆਂ ਨਾਲ ਕੰਮ ਚਲਾਉਂਦੇ ਸਨ।

ਇਕ ਦਿਨ ਉਸ ਅਫਰੀਕਨ ਨੂੰ ਇਕ ਠੂੰਹੇ ਨੇ ਕੱਟ ਲਿਆ ਅਤੇ ਉਹ ਚੀਕਾਂ ਮਾਰਦਾ ਗਾਂਧੀ ਜੀ ਕੋਲ ਆਇਆ। ਗਾਂਧੀ ਜੀ ਨੇ ਆਪਣੇ ਮੂੰਹ ਨਾਲ ਠੂੰਹੇ ਦਾ ਜ਼ਹਿਰ ਚੂਸ ਲਿਆ ਅਤੇ ਅਫਰੀਕਨ ਨੂੰ ਦਰਦ ਤੋਂ ਰਾਹਤ ਮਹਿਸੂਸ ਹੋਈ।

ਗਾਂਧੀ ਜੀ ਨੇ ਉਸ ਦਾ ਕਈ ਢੰਗਾਂ ਨਾਲ ਇਲਾਜ ਕੀਤਾ।

ਅਫਰੀਕਨ ਕੈਦੀ ਦੇ ਜੀਵਨ ਵਿਚ ਇਹ ਪਹਿਲੀ ਵਾਰ ਵਾਪਰਿਆ ਸੀ ਕਿ ਕਿਸੇ ਨੇ ਉਸ ਵਲ ਇਤਨਾ ਧਿਆਨ ਦਿੱਤਾ ਸੀ।

ਉਸ ਅਫਰੀਕਨ ਨੇ ਗਾਂਧੀ ਜੀ ਦੀ ਦਿਲ-ਜਾਨ ਨਾਲ ਨਿਰੰਤਰ ਸੇਵਾ ਕੀਤੀ।

ਜਦੋਂ ਗਾਂਧੀ ਜੀ ਨੂੰ ਰਿਹਾਅ ਕੀਤਾ ਗਿਆ ਤਾਂ ਉਹ ਅਫਰੀਕਨ ਰੋ ਰਿਹਾ ਸੀ ਅਤੇ ਗਾਂਧੀ ਜੀ ਦਾ ਚਿਹਰਾ ਅੱਥਰੂਆਂ ਨਾਲ ਭਿੱਜਿਆ ਹੋਇਆ ਸੀ, ਕਿਉਂਕਿ ਉਨ੍ਹਾਂ ਵਿਚ ਇਕ ਸਾਂਝ ਅਤੇ ਇਕ ਭਾਈਚਾਰਾ ਉਸਰ ਪਿਆ ਸੀ।

www.quotesinpunjabi.ml

QuotesInPunjabi

469

ਕਿਪਲਿੰਗ, ਇਕ ਪ੍ਰਸਿੱਧ ਅੰਗਰੇਜ਼ੀ ਲੇਖਕ ਹੋਇਆ ਹੈ। ਉਸ ਨੇ ਇੰਗਲੈਂਡ ਵਿਚ ਆਪਣੀ ਚਿਰੋਕਣੀ ਇੱਛਾ ਪੂਰੀ ਕਰਨ ਦੇ ਉਦੇਸ਼ ਨਾਲ, ਇਕ ਖੇਤ ਖਰੀਦਿਆ। ਖੇਤ ਵਿਚਲੇ ਘਰ ਵਿਚ ਉਪਰਲੇ ਪਾਸੇ ਇਕ ਬਾਰੀ ਸੀ, ਜਿਸਦੀ ਰੌਸ਼ਨੀ ਦੂਰ ਰਹਿੰਦੀ ਇਕ ਬਜ਼ੁਰਗ ਇਸਤਰੀ ਨੂੰ, ਆਪਣੇ ਲੁੱਗੇ ਮਕਾਨ ਵਿਚ ਇਕੱਲਿਆਂ ਰਹਿੰਦਿਆਂ, ਧਰਵਾਸ ਦਿੰਦੀ ਸੀ। ਉਸ ਬਜ਼ੁਰਗ ਇਸਤਰੀ ਨੂੰ ਤਸੱਲੀ ਮਿਲਦੀ ਸੀ ਕਿ ਉਸ ਦਾ ਗਵਾਂਢ ਵਸਦਾ ਸੀ।

ਇਕ ਵਾਰੀ ਕਿਪਲਿੰਗ ਅਤੇ ਉਸ ਦੀ ਪਤਨੀ ਘੁੰਮਣ ਨਿਕਲੇ ਤਾਂ ਉਸ ਬਜ਼ੁਰਗ ਇਸਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਵਿਚਲੀ ਬਾਰੀ ਦੀ ਰੌਸ਼ਨੀ ਉਸ ਦਾ ਬੜਾ ਵੱਡਾ ਸਹਾਰਾ ਸੀ। ਉਸ ਬਜ਼ੁਰਗ ਇਸਤਰੀ ਨੇ ਪੁੱਛਿਆ: ਤੁਸੀਂ ਹੋਰਾਂ ਵਾਂਗ ਚਲੇ ਤਾਂ ਨਹੀਂ ਜਾਓਗੇ ? ਕਿਪਲਿੰਗ ਨੇ ਕਿਹਾ: ਅਸੀਂ ਨਹੀਂ ਜਾਵਾਂਗੇ, ਜੇ ਗਏ ਤਾਂ ਤੁਹਾਨੂੰ ਦੱਸ ਕੇ ਜਾਵਾਂਗੇ।

ਕੁਝ ਚਿਰ ਮਗਰੋਂ ਕਿਪਲਿੰਗ ਦੰਪਤੀ ਨੇ ਉਥੋਂ ਜਾਣ ਦਾ ਨਿਰਣਾ ਕੀਤਾ।

ਖੇਤ ਅਤੇ ਘਰ ਵੇਚਣ ਦਾ ਇਕਰਾਰਨਾਮਾ ਹੋਣ ਉਪਰੰਤ, ਕਿਪਲਿੰਗ ਜੋੜੇ ਨੇ ਘਰ ਦੀ ਕੀਮਤ, ਇਸ ਸ਼ਰਤ 'ਤੇ ਘਟਾਈ ਕਿ ਨਵਾਂ ਮਾਲਕ, ਰਾਤ ਨੂੰ ਬਾਰੀ ਵਾਲੀ ਰੌਸ਼ਨੀ ਜਗਦੀ ਰੱਖਿਆ ਕਰੇਗਾ ਤਾਂ ਕਿ ਬਜ਼ੁਰਗ ਇਸਤਰੀ ਦੀ ਧਰਵਾਸ ਬਣੀ ਰਹੇ।

470

ਇਕ ਅਮੀਰ ਪਿਓ ਦਾ ਪੁੱਤਰ, ਪਿਤਾ ਵਲੋਂ ਵਕੀਲ ਬਣਾਏ ਜਾਣ ਦੀ ਥਾਂ, ਇਕ ਘੱਟ ਵਸੀਲਿਆਂ ਵਾਲਾ ਪਰ ਪ੍ਰਸਿੱਧ ਡਿਲਾਸਫ਼ਰ ਬਣ ਗਿਆ।

ਤੀਹ ਸਾਲ ਮਗਰੋਂ ਪੁੱਤਰ ਦੀ ਝਾੜ-ਝੰਭ ਕਰਦਿਆਂ, ਪਿਤਾ ਨੇ ਕਿਹਾ: ਤੈਨੂੰ ਕੀ ਮਿਲਿਆ ਹੈ, ਫ਼ਿਲਾਸਫ਼ੀ ਤੋਂ ? ਪੁੱਤਰ ਨੇ ਬੜੇ ਧੀਰਜ ਨਾਲ ਕਿਹਾ: ਫ਼ਿਲਾਸਫ਼ੀ ਤੋਂ ਮੈਨੂੰ ਆਪਣੇ ਪਿਤਾ ਦਾ ਗੁੱਸਾ, ਖਿੜ੍ਹੇ-ਮੱਥੇ ਬਰਦਾਸ਼ਤ ਕਰਨ ਦੀ ਯੋਗਤਾ ਮਿਲੀ ਹੈ।

471

ਸਮੁੰਦਰ ਦੇ ਕਿਨਾਰੇ ਇਕ ਪਹਾੜੀ 'ਤੇ ਇਕ ਪਿੰਡ ਵਸਿਆ ਹੋਇਆ ਸੀ।

ਇਕ ਵਾਰੀ ਜਦੋਂ ਸਾਰੇ ਲੋਕ ਥੱਲੇ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਸਨ ਤਾਂ ਇਕ ਬੀਮਾਰ ਵਿਅਕਤੀ ਨੇ ਘਰ ਦੀ ਬਾਰੀ ਵਿਚੋਂ ਵੇਖਿਆ ਕਿ ਭਿਆਨਕ ਸਮੁੰਦਰੀ ਤੂਫ਼ਾਨ ਆ ਰਿਹਾ ਸੀ, ਜਿਸ ਨਾਲ ਖੇਤਾਂ ਵਿਚ ਕੰਮ ਕਰਦੇ ਸਾਰੇ ਲੋਕ ਮਾਰੇ ਜਾਣੇ ਸਨ।

ਤੂਫ਼ਾਨ ਕੁਝ ਮਿੰਟਾਂ ਦੀ ਦੂਰੀ 'ਤੇ ਸੀ। ਉਸ ਨੂੰ ਸੁੱਝ ਨਹੀਂ ਸੀ ਰਿਹਾ ਕਿ ਉਹ ਖੇਤਾਂ ਵਿਚ ਕੰਮ ਕਰਦੇ ਪਿੰਡ ਦੇ ਲੋਕ ਨੂੰ ਕਿਵੇਂ ਸੂਚਿਤ ਕਰੇ। ਵਕਤ ਗੁਜ਼ਰਦਾ ਜਾ ਰਿਹਾ ਸੀ ਅਤੇ ਤੂਫ਼ਾਨ ਹੋਰ ਨੇੜੇ ਆ ਰਿਹਾ ਸੀ। ਉਸ ਬੀਮਾਰ ਵਿਅਕਤੀ ਨੇ ਆਪਣੀ ਝੁੱਗੀ ਨੂੰ ਅੱਗ ਲਾ ਦਿੱਤੀ, ਜਿਸ ਦੀਆਂ ਲਾਟਾਂ ਅਤੇ ਧੂਆਂ ਵੇਖ ਕੇ ਥੱਲੇ ਖੇਤਾਂ ਵਿਚ ਕੰਮ ਕਰਦੇ ਸਾਰੇ ਅੱਗ ਬੁਝਾਉਣ ਲਈ, ਪਹਾੜੀ ਵਲ ਭੱਜੇ ਅਤੇ ਤੂਫ਼ਾਨ ਦੀ ਮਾਰ ਤੋਂ ਬਚ ਗਏ।

www.quotesinpunjabi.ml

QuotesInPunjabi

ਜਦੋਂ ਉਨ੍ਹਾਂ ਨੂੰ ਅੱਗ ਲਗਣ ਦੀ ਅਸਲੀਅਤ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਨਾ ਕੇਵਲ ਬੀਮਾਰ ਵਿਅਕਤੀ ਲਈ ਨਵੀਂ ਝੁੱਗੀ ਬਣਾਈ, ਸਗੋਂ ਸੜੇ ਘਰ ਵਾਲੀ ਥਾਂ ਤੇ ਉਸ ਦੀ ਮੂਰਤੀ ਵੀ ਸਥਾਪਤ ਕੀਤੀ।

472

ਇਕ ਮਹਾਰਾਣੀ ਨੇ ਮਹਿਲ ਵਿਚ ਮਨਾਏ ਜਾ ਰਹੇ, ਆਪਣੇ ਪਤੀ ਦੇ ਪੰਜਾਹਵੇਂ ਜਨਮ ਦਿਨ 'ਤੇ ਕਿਹਾ: ਅੱਜ ਮੈਂ ਬਾਦਸ਼ਾਹ ਨਾਲ ਨਹੀਂ ਬੈਠਾਂਗੀ।

ਮੈਂ ਚਾਹੁੰਦੀ ਹਾਂ ਕਿ ਅੱਜ ਉਹ ਉਨ੍ਹਾਂ ਸਾਰੀਆਂ ਇਸਤਰੀਆਂ ਨਾਲ ਖੁੱਲ੍ਹ ਕੇ ਚੁਹਲ-ਮੁਹਲ ਕਰ ਲਵੇ, ਜਿਨ੍ਹਾਂ 'ਤੇ ਉਹ ਕੁਰਬਾਨ ਹੁੰਦਾ ਰਹਿੰਦਾ ਹੈ ਅਤੇ ਜਿਹੜੀਆਂ ਉਸਨੂੰ ਚੋਰੀ-ਛਿਪੇ ਮਿਲਣ ਦਾ ਯਤਨ ਕਰਦੀਆਂ ਰਹਿੰਦੀਆਂ ਹਨ।

ਬਾਦਸ਼ਾਹ ਨੂੰ ਇਹ ਮੇਰਾ ਉਸ ਲਈ, ਜਨਮ ਦਿਨ ਦਾ ਤੋਹਫਾ ਹੋਵੇਗਾ।

473

ਇਕ ਸੰਤ ਮਰਨ ਉਪਰੰਤ ਚੰਦਰਗੁਪਤ ਕੋਲ ਪਹੁੰਚਿਆ ਅਤੇ ਉਸ ਨੇ ਬੜੇ ਮਾਣ ਨਾਲ ਕਿਹਾ: ਮੈਂ ਕੋਈ ਪਾਪ ਨਹੀਂ ਕੀਤਾ। ਚੰਦਰਗੁਪਤ ਨੇ ਕਿਹਾ: ਕੋਈ ਪਾਪ ਨਾ ਕਰਨ ਕਰਕੇ, ਤੇਰੀ ਹਉਮੈ ਬੜੀ ਵਧੀ ਹੋਈ ਹੈ।

ਚੰਦਰਗੁਪਤ ਨੇ ਉਸ ਨੂੰ ਧਰਤੀ 'ਤੇ ਵਾਪਸ ਭੇਜਿਆ, ਪਾਪ ਕਰਨ ਲਈ, ਪਾਪ ਨਾ ਕਰਨ ਦਾ ਘਮੰਡ ਤਿਆਗਣ ਲਈ। ਇਕ ਬਦਸੂਰਤ ਇਸਤਰੀ ਨੇ ਉਸ ਨੂੰ ਨੇੜੇ ਆਉਣ ਦਾ ਸੰਕੇਤ ਕੀਤਾ, ਸੰਤ ਨੇ ਸਾਰੀ ਰਾਤ ਉਸ ਨਾਲ ਗੁਜ਼ਾਰੀ। ਸਵੇਰੇ ਉਸ ਇਸਤਰੀ ਨੇ ਉਸ ਨੂੰ ਅਸੀਸ ਦਿੱਤੀ: ਤੇਰੇ ਪਿਆਰ ਦਾ ਬਹੁਤ-ਬਹੁਤ ਧੰਨਵਾਦ। ਮੇਰੇ ਸੋਹਣੀ ਨਾ ਹੋਣ ਕਰਕੇ, ਕਿਸੇ ਨੇ ਅਜੇ ਤਕ ਮੈਨੂੰ ਇਤਨਾ ਪਿਆਰ ਨਹੀਂ ਕੀਤਾ। ਇਵੇਂ ਉਸ ਸੰਤ ਦਾ ਪਾਪ ਪੁੰਨ ਹੋ ਗਿਆ, ਉਸ ਦਾ ਪਾਪ ਨਾ ਕਰਨ ਦਾ ਹੰਕਾਰ ਜਾਂਦਾ ਰਿਹਾ, ਉਹ ਨਿਮਰ ਹੋ ਗਿਆ।

ਮਾੜੀ ਨੀਅਤ ਨਾਲ ਕੀਤਾ ਹਵਨ ਵੀ ਪਾਪ ਹੁੰਦਾ ਹੈ, ਚੰਗੀ ਨੀਅਤ ਨਾਲ ਕੀਤਾ, ਵਿਭਚਾਰ ਵੀ ਪੁੰਨ ਹੋ ਸਕਦਾ ਹੈ।

474

ਅਮਰੀਕਾ ਦੇ ਇਕ ਸੂਬੇ ਦੇ ਹਰਮਨ ਪਿਆਰੇ ਗਵਰਨਰ ਨੇ ਮਰਨ ਸਮੇਂ ਇੱਛਾ ਪ੍ਰਗਟਾਈ ਕਿ ਉਸ ਦੀ ਕਬਰ 'ਤੇ ਕੋਈ ਯਾਦਗਾਰ ਨਾ ਬਣਾਈ ਜਾਵੇ, ਸਗੋਂ ਯਾਦਗਾਰ ਬਣਾਉਣ ਦੀ ਥਾਂ ਉਥੇ ਅਖਰੋਟਾਂ ਦੇ ਬੂਟੇ ਲਾਏ ਜਾਣ, ਜਿਨ੍ਹਾਂ ਦੇ ਅਖਰੋਟਾਂ ਨੂੰ ਬੀਜਾਂ ਵਾਂਗ ਵੰਡਿਆ ਜਾਵੇ ਤਾਂ ਕਿ ਹੋਰ ਬੂਟੇ ਲੱਗ ਸਕਣ।

ਉਸ ਦੇ ਮਰਨ ਉਪਰੰਤ, ਲਗਭਗ ਵੀਹ ਸਾਲਾਂ ਵਿਚ, ਉਸ ਦਾ ਸੂਬਾ ਅਮਰੀਕਾ ਵਿਚ ਅਖਰੋਟਾਂ ਦਾ ਭੰਡਾਰ ਬਣ ਗਿਆ ਸੀ। ਕਈ ਲੋਕ ਮਰ ਕੇ ਵੀ ਕਮਾਲ ਕਰਦੇ ਹਨ।

www.quotesinpunjabi.ml

QuotesInPunjabi

475

ਰਿਆਸਤਾਂ ਦੇ ਜ਼ਮਾਨੇ ਵਿਚ ਮਹਾਰਾਜੇ ਆਪਣੀ ਮੌਜ-ਮਸਤੀ ਅਤੇ ਮਨਮਾਨੀਆਂ ਲਈ ਪ੍ਰਸਿੱਧ-ਬਦਨਾਮ ਸਨ ਅਤੇ ਉਨ੍ਹਾਂ ਨਾਲ ਜੁੜੇ ਕਿੱਸਿਆਂ ਦੀ ਆਮ ਚਰਚਾ ਸੀ।

ਪਟਿਆਲੇ ਦਾ ਮਹਾਰਾਜਾ ਆਪਣੀ ਦਲੇਰੀ, ਰੋਅਬ, ਸ਼ਾਹੀ ਠਾਠ-ਬਾਠ ਅਤੇ ਮੌਜ-ਮੇਲੇ ਲਈ ਪ੍ਰਸਿੱਧ ਸੀ। ਇਕ ਸਮਾਗਮ ਵਿਚ ਰਿਆਸਤ ਦੇ ਸਾਰੇ ਪਤਵੰਤੇ ਹਾਜ਼ਰ ਸਨ, ਜਿੱਥੇ ਭਾਂਤ-ਭਾਂਤ ਦੇ ਪਕਵਾਨ ਅਤੇ ਹਰ ਪ੍ਰਕਾਰ ਦੀ ਸ਼ਰਾਬ ਵਰਤਾਈ ਜਾ ਰਹੀ ਸੀ। ਉਥੇ ਸ਼ਹਿਰ ਦਾ ਪ੍ਰਸਿੱਧ ਸੇਠ ਅਤੇ ਉਦਯੋਗਪਤੀ, ਗੁੱਜਰਮਲ ਮੋਦੀ ਵੀ ਹਾਜ਼ਰ ਸੀ, ਜਿਹੜਾ ਨਾ ਮਾਸ ਖਾਂਦਾ ਸੀ, ਨਾ ਸ਼ਰਾਬ ਪੀਂਦਾ ਸੀ। ਰਾਜੇ ਦੇ ਨੇੜਲੇ ਕੁਝ ਝੋਲੀ-ਚੁੱਕ ਲੋਕਾਂ ਨੇ, ਰਾਜੇ ਨੂੰ ਉਕਸਾਇਆ ਕਿ ਉਹ ਗੁੱਜਰਮਲ ਮੋਦੀ ਨੂੰ ਸ਼ਰਾਬ ਪਿਲਾਵੇ।

ਰਾਜੇ ਨੇ ਸੇਠ ਨੂੰ ਸ਼ਰਾਬ ਦਾ ਪਿਆਲਾ ਪੇਸ਼ ਕੀਤਾ, ਜਿਹੜਾ ਵੇਖ ਕੇ ਸੇਠ ਨੇ, ਹੱਥ ਜੋੜ ਕੇ ਨਿਮਰਤਾ ਨਾਲ ਕਿਹਾ ਕਿ ਉਹ ਸ਼ਰਾਬ ਨਹੀਂ ਪੀਂਦਾ। ਉਸ ਵੇਲੇ ਰਾਜੇ ਨੇ ਕੁਝ ਕਿਹਾ ਜਿਸ ਦਾ ਅਰਥ ਗੁੱਜਰਮਲ ਨੇ ਇਹ ਕੱਢਿਆ ਕਿ ਰਾਜਾ ਕਹਿ ਰਿਹਾ ਸੀ ਕਿ ਜੇ ਮੇਰੀ ਰਿਆਸਤ ਵਿਚ ਰਹਿਣਾ ਹੈ ਤਾਂ ਸ਼ਰਾਬ ਪੀਣੀ ਪਏਗੀ।

ਰਾਜੇ ਦੇ ਗੁੱਸੇ ਤੋਂ ਬਚਣ ਲਈ, ਸੇਠ ਰਾਤੋ-ਰਾਤ ਰਿਆਸਤ ਛੱਡ ਕੇ ਚਲਾ ਗਿਆ ਅਤੇ ਮੇਰਠ ਕੋਲ ਜ਼ਮੀਨ ਖਰੀਦ ਕੇ ਰਹਿਣ ਲੱਗ ਪਿਆ। ਇਸ ਜ਼ਮੀਨ 'ਤੇ ਉਸ ਨੇ ਫੈਕਟਰੀਆਂ-ਕਾਰਖਾਨੇ ਲਾਏ ਅਤੇ ਇਹ ਸਥਾਨ ਮੋਦੀ ਨਗਰ ਦੇ ਨਾਂ ਨਾਲ, ਇਕ ਵੱਡੇ ਉਦਯੋਗਿਕ ਕੇਂਦਰ ਵਜੋਂ ਪ੍ਰਸਿੱਧ ਹੋਇਆ।

ਜਿਹੜੀ ਖੁਸ਼ਹਾਲੀ, ਪਟਿਆਲਾ ਸ਼ਹਿਰ ਨੂੰ ਮਿਲਣੀ ਚਾਹੀਦੀ ਸੀ, ਉਹ ਝੋਲੀ-ਚੁੱਕਾਂ ਦੀ ਸ਼ਰਾਰਤ ਕਾਰਨ ਪਟਿਆਲਾ ਸ਼ਹਿਰ ਤੋਂ ਖੁਸ ਗਈ।

476

ਅਮਰੀਕਾ ਵਿਚ 1949 ਵਿਚ, ਇਕ ਵਪਾਰੀ ਫਰੈਂਕ ਮੈਕਨਮਾਰਾ, ਆਪਣੀ ਪਤਨੀ ਨੂੰ, ਉਸ ਦੇ ਜਨਮ ਦਿਨ 'ਤੇ, ਖਾਣਾ-ਖਾਣ ਲਈ ਇਕ ਵੱਡੇ ਹੋਟਲ ਵਿਚ ਲੈ ਕੇ ਗਿਆ।

ਖਾਣਾ ਖਾਣ ਮਗਰੋਂ ਜਦੋਂ ਬਿਲ ਦੀ ਅਦਾਇਗੀ ਕਰਨ ਦਾ ਵਕਤ ਆਇਆ ਤਾਂ ਮੈਕਨਮਾਰਾ ਨੂੰ ਸੋਝੀ ਹੋਈ ਕਿ ਉਸ ਦੀ ਜੇਬ ਵਿਚ ਬਟੂਆ ਹੈ ਹੀ ਨਹੀਂ ਸੀ।

ਉਸ ਨੇ ਹੋਟਲ ਆਉਣ ਤੋਂ ਪਹਿਲਾਂ ਕੱਪੜੇ ਬਦਲੇ ਸਨ ਅਤੇ ਬਟੂਆ ਪਹਿਲੇ ਕੋਟ ਦੀ ਜੇਬ ਵਿਚ ਰਹਿ ਗਿਆ ਸੀ। ਪਤਨੀ ਦੇ ਸਾਹਮਣੇ ਉਹ ਸ਼ਰਮਸਾਰ ਸੀ।

ਸੰਜੋਗਵਸ, ਪਤਨੀ ਦੇ ਪਰਸ ਵਿਚ ਪੈਸੇ ਸਨ ਅਤੇ ਪਤਨੀ ਨੇ ਹੀ ਬਿਲ ਦੀ ਅਦਾਇਗੀ ਕੀਤੀ ਅਤੇ ਉਹ ਦੋਵੇਂ ਬੇਇੱਜ਼ਤ ਹੋਣ ਤੋਂ ਬਚ ਗਏ।

ਇਸ ਸ਼ਰਮਸਾਰੀ ਵਿਚ ਵਪਾਰੀ, ਮੈਕਨਮਾਰਾ ਨੇ ਅਵਸਰ ਵੇਖਿਆ ਅਤੇ ਭਵਿੱਖ ਵਿਚ ਲੋਕਾਂ ਨੂੰ ਅਜਿਹੀਆਂ ਸਥਿਤੀਆਂ ਨਾਲ ਨਿਪਟਣ ਦੇ ਯੋਗ ਬਣਾਉਣ ਲਈ, ਉਸ ਨੇ ਕਰੈਡਿਟ-ਕਾਰਡ ਦੀ ਕਾਢ ਕੱਢੀ।

www.quotesinpunjabi.ml

QuotesInPunjabi

477

ਇਕ ਖਾਣ ਵਿਚ ਅਨੇਕਾਂ ਮਜ਼ਦੂਰ ਕੰਮ ਕਰਦੇ ਸਨ ਪਰ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਹ ਕਿਤਨੀਆਂ ਖਤਰਨਾਕ ਹਾਲਤਾਂ ਵਿਚ ਕੰਮ ਕਰਦੇ ਸਨ। ਮਾਲਕਾਂ ਨੇ ਮਜ਼ਦੂਰਾਂ ਦੀ ਸਹੂਲਤ ਲਈ, ਖਾਣ ਵਿਚ ਬਿਜਲੀ ਲਵਾ ਦਿੱਤੀ। ਜਦੋਂ ਬਿਜਲੀ ਦੀ ਰੌਸ਼ਨੀ ਵਿਚ ਮਜ਼ਦੂਰਾਂ ਨੇ ਖਾਣ ਦੀ ਅੰਦਰਲੀ ਹਾਲਤ ਵੇਖੀ ਤਾਂ ਉਹ ਬੜੇ ਮਾਯੂਸ ਅਤੇ ਪਰੇਸ਼ਾਨ ਹੋਏ। ਖਾਣ ਤਾਂ ਨਰਕ ਨਾਲੋਂ ਵੀ ਭੈੜੀ ਹਾਲਤ ਵਿਚ ਸੀ, ਸੋ ਮਜ਼ਦੂਰਾਂ ਨੂੰ ਆਪਣੀਆਂ ਉਜਰਤਾਂ ਨਾਵਾਜਬ ਲੱਗੀਆਂ ਅਤੇ ਉਨ੍ਹਾਂ ਨੇ ਹੜਤਾਲ ਕਰ ਦਿੱਤੀ।

ਮਾਲਕਾਂ ਨੇ ਬਿਜਲੀ, ਉਨ੍ਹਾਂ ਦੀ ਸਹੂਲਤ ਲਈ ਲਵਾਈ ਸੀ ਪਰ ਰੌਸ਼ਨੀ ਕਾਰਨ ਉਪਜੀ ਸੋਝੀ ਨੇ, ਉਨ੍ਹਾਂ ਨੂੰ ਪਰੇਸ਼ਾਨ ਕਰ ਦਿੱਤਾ ਸੀ।

ਇਵੇਂ ਹੀ ਭਾਰਤ ਵਿਚ ਅੰਗਰੇਜ਼ਾਂ ਨੇ ਸਕੂਲ-ਕਾਲਜ, ਭਾਰਤੀਆਂ ਦੀ ਸਹੂਲਤ ਲਈ ਖੋਲ੍ਹੇ ਸਨ ਪਰ ਪੜ੍ਹ-ਲਿਖ ਕੇ ਹੋਈ, ਗੁਲਾਮੀ ਦੀ ਸੋਝੀ ਨੇ ਭਾਰਤੀਆਂ ਨੂੰ ਪਰੇਸ਼ਾਨ ਕਰ ਦਿੱਤਾ ਸੀ, ਜਿਸ ਕਾਰਨ ਭਾਰਤੀਆਂ ਨੇ ਸੁਤੰਤਰਤਾ ਅੰਦੋਲਨ ਚਲਾਇਆ ਸੀ।

478

ਨੱਥਾ ਪਤੀ ਸੀ ਅਤੇ ਬਿੰਬੋ ਪਤਨੀ। ਨੱਥਾ ਮੱਧਰਾ ਅਤੇ ਕਾਲਾ ਸੀ, ਬਿੰਬੋ ਗੋਰੀ ਅਤੇ ਲੰਮੀ। ਬਿੰਬੋ ਨੂੰ ਆਪਣੇ ਲਈ ਨੱਥੇ ਨਾਲੋਂ ਚੰਗੇਰਾ ਪਤੀ ਮਿਲਣ ਦੀ ਆਸ ਸੀ।

ਇਕ ਵਾਰੀ ਉਹ ਦੋਵੇਂ ਜਾ ਰਹੇ ਸਨ, ਰਸਤੇ ਵਿਚ ਇਕ ਖੂਹ ਆਇਆ, ਬਿੰਬੋ ਨੇ ਪਾਣੀ ਪੀਣਾ ਚਾਹਿਆ। ਨੱਥਾ ਲੱਜ ਨਾਲ ਬੰਨ੍ਹੇ ਭੋਲ ਨਾਲ ਪਾਣੀ ਕੱਢ ਰਿਹਾ ਸੀ। ਨੱਥੇ ਦੀ ਪਿੱਠ ਬਿੰਬੋ ਵਲ ਸੀ। ਬਿੰਬੋ ਨੇ ਨੱਥੇ ਨੂੰ ਖੂਹ ਵਿਚ ਧੱਕਾ ਦੇ ਦਿੱਤਾ।

ਖੂਹ ਵਿਚ ਡਿੱਗ ਕੇ ਨੱਥੇ ਨੇ ਹਾਲ-ਦੁਹਾਈ ਪਾਈ, ਬਿੰਬੋ ਨੇ ਵੀ ਸੱਚੀ ਹੋਣ ਲਈ ਰੌਲਾ ਪਾਇਆ ਕਿ ਪੈਰ ਤਿਲ੍ਹਕਣ ਨਾਲ, ਉਸ ਦਾ ਪਤੀ ਖੂਹ ਵਿਚ ਡਿੱਗ ਪਿਆ ਸੀ।

ਰਾਹੀਆਂ ਨੇ ਨੱਥੇ ਨੂੰ ਬਚਾ ਲਿਆ।

ਨੱਥੇ ਨੇ ਸਿਆਣਪ ਕੀਤੀ, ਕਿਹਾ ਚੱਕਰ ਆ ਗਿਆ ਸੀ ਅਤੇ ਪੈਰ ਤਿਲ੍ਹਕਣ ਨਾਲ ਖੂਹ ਵਿਚ ਡਿੱਗ ਪਿਆ ਸੀ। ਬਿੰਬੋ ਨੂੰ ਬੜੀ ਸ਼ਰਮ ਆਈ ਪਰ ਨੱਥੇ ਨੇ ਉਸ ਨੂੰ ਦੋਸ਼ ਨਾ ਦਿਤਾ ਅਤੇ ਉਸ ਨੇ ਬਿੰਬੋ ਨੂੰ ਪਹਿਲੇ ਵਾਂਗ ਹੀ ਪਿਆਰ ਕਰਨਾ ਜਾਰੀ ਰੱਖਿਆ।

ਨੱਥਾ ਕਿਹਾ ਕਰਦਾ ਸੀ: ਸਹਿਆ-ਜਰਿਆ ਹਮੇਸ਼ਾ ਕੰਮ ਆਉਂਦਾ ਹੈ।

ਨੱਥੇ ਅਤੇ ਬਿੰਬੋ ਦੇ ਬੱਚੇ ਹੋਏ, ਬੱਚਿਆਂ ਦੇ ਬੱਚੇ ਹੋਏ। ਆਪਣੇ ਬੁਢਾਪੇ ਵਿਚ ਨੱਥਾ, ਜਦੋਂ ਪੋਤੇ-ਪੋਤੀਆਂ ਨੂੰ ਕਹਾਣੀ ਸੁਣਾਉਂਦਾ ਤਾਂ ਹਰ ਕਹਾਣੀ ਵਿਚ ਕਹਿੰਦਾ: ਸਹਿਆ-ਜਰਿਆ ਹਮੇਸ਼ਾ ਲਾਭਕਾਰੀ ਹੁੰਦਾ ਹੈ ਅਤੇ ਕੰਮ ਆਉਂਦਾ ਹੈ।

ਇਕ ਦਿਨ ਨੱਥਾ ਆਪਣੇ ਪੋਤਿਆਂ ਨੂੰ ਖੂਹ ਵਿਚ ਧੱਕਾ ਦੇਣ ਦੀ ਕਹਾਣੀ ਸੁਣਾ ਰਿਹਾ ਸੀ। ਕਹਾਣੀ ਸੁਣ ਕੇ ਛੋਟਾ ਪੋਤਾ, ਅੰਦਰ ਬੈਠੀ ਦਾਦੀ ਨੂੰ ਪੁੱਛਣ ਗਿਆ, ਦਾਦੀ ਤੂੰ ਦਾਦੇ ਨੂੰ ਖੂਹ ਵਿਚ ਧੱਕਾ ਦਿੱਤਾ ਸੀ? ਕੋਈ ਜਵਾਬ ਨਾ ਮਿਲਿਆ।

ਕਹਾਣੀ ਨੂੰ ਅੰਦਰ ਬੈਠੀ ਸੁਣ ਰਹੀ ਦਾਦੀ ਤਾਂ ਮਰੀ ਪਈ ਸੀ।

www.quotesinpunjabi.ml

QuotesInPunjabi

479

ਦੂਜੇ ਵਿਸ਼ਵਯੁੱਧ ਦੌਰਾਨ ਸਾਰਾ ਸੰਸਾਰ ਹਿਟਲਰ ਦਾ ਨਾਂ ਸੁਣ ਕੇ ਕੰਬਦਾ ਸੀ। ਆਪਣਾ ਭਵਿੱਖ ਜਾਣਨ ਦੀ ਲਾਲਸਾ ਕਾਰਨ ਹਿਟਲਰ ਦਾ ਵੀ ਜੋਤਸ਼ੀਆਂ ਵਿਚ ਵਿਸ਼ਵਾਸ ਸੀ। ਜਦੋਂ ਹਿਟਲਰ ਨੇ ਜੋਤਸ਼ੀ ਲਿਆਉਣ ਦਾ ਹੁਕਮ ਦਿੱਤਾ ਤਾਂ ਉਸ ਦੇ ਅਹਿਲਕਾਰਾਂ ਨੇ ਇਕ ਜੋਤਸ਼ੀ ਫੜ ਲਿਆਂਦਾ ਅਤੇ ਉਸ ਨੂੰ ਹਿਟਲਰ ਅੱਗੇ ਪੇਸ਼ ਕੀਤਾ।

ਹਿਟਲਰ ਨੇ ਪੁੱਛਿਆ: ਹਿਸਾਬ ਲਾ ਕੇ ਦੱਸੋ ਕਿ ਮੈਂ ਕਿਸ ਦਿਨ ਮਰਾਂਗਾ ?

ਜੋਤਸ਼ੀ ਨੇ ਕਈ ਜ਼ਰਬਾਂ-ਤਕਸੀਮਾਂ ਉਪਰੰਤ ਦੱਸਿਆ: ਤੁਸੀਂ ਛੁੱਟੀ ਵਾਲੇ ਦਿਨ ਮਰੋਗੇ। ਹਿਟਲਰ ਨੇ ਪੁੱਛਿਆ, ਕਿਹੜੀ ਛੁੱਟੀ ਵਾਲੇ ਦਿਨ ? ਜੋਤਸ਼ੀ ਨੇ ਜਵਾਬ ਦਿੱਤਾ: ਜਨਾਬ ਤੁਸੀਂ ਜਿਸ ਦਿਨ ਮਰੋਗੇ, ਉਸ ਦਿਨ ਸਾਰੇ ਸੰਸਾਰ ਵਿਚ ਛੁੱਟੀ ਹੋ ਜਾਵੇਗੀ।

480

ਪਹਿਲੇ ਵਿਸ਼ਵਯੁੱਧ ਦੌਰਾਨ, ਪਟਸਨ ਦੇ ਵਪਾਰ ਤੋਂ ਕਮਾਏ ਧਨ ਨਾਲ, ਬਿਰਲਾ, ਪਟਸਨ ਦਾ ਇਕ ਕਾਰਖਾਨਾ ਲਾਉਣਾ ਚਾਹੁੰਦਾ ਸੀ।

ਇਹ ਭਾਰਤ ਦੀ ਗ਼ੁਲਾਮੀ ਦਾ ਦੌਰ ਸੀ। ਬਿਰਲੇ ਨੂੰ ਕਾਰਖਾਨਾ ਲਾਉਣ ਤੋਂ ਰੋਕਣ ਲਈ, ਸਕਾਟਲੈਂਡ ਦੀ ਇਕ ਕੰਪਨੀ ਨੇ, ਬਿਰਲੇ ਵਲੋਂ ਖਰੀਦੀ ਜ਼ਮੀਨ ਦੇ ਆਲੇ-ਦੁਆਲੇ ਦੀ ਜ਼ਮੀਨ ਖਰੀਦ ਕੇ, ਸੜਕ ਰਾਹੀਂ ਉਸ ਦੀ ਜ਼ਮੀਨ ਤਕ ਪਹੁੰਚ ਬੰਦ ਕਰ ਦਿੱਤੀ ਸੀ। ਬਿਰਲੇ ਨੇ ਚੁੱਪ-ਚਾਪ ਹੁੱਗਲੀ ਦਰਿਆ ਦੇ ਕਿਨਾਰੇ ਹੋਰ ਜ਼ਮੀਨ ਖਰੀਦੀ।

ਕਾਰਖਾਨਾ ਲਾਉਣ ਲਈ ਸਰਮਾਏ ਦੀ ਲੋੜ ਸੀ, ਬੈਂਕਾਂ ਨੇ ਅੰਗਰੇਜ਼ਾਂ ਦੇ ਪ੍ਰਭਾਵ ਵਿਚ ਆ ਕੇ, ਕਰਜ਼ਾ ਦੇਣ ਤੋਂ ਇਨਕਾਰ ਭਾਵੇਂ ਨਾ ਕੀਤਾ ਪਰ ਇਤਨਾ ਵਿਆਜ ਮੰਗਿਆ ਕਿ ਕਰਜ਼ਾ ਲੈਣਾ ਸੰਭਵ ਨਾ ਰਿਹਾ। ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਢੋਆ-ਢੁਆਈ ਕਰਨ ਵਾਲਿਆਂ ਨੇ ਰੇਟ ਵਧਾ ਦਿੱਤੇ। ਮਸ਼ੀਨਾਂ ਵਾਲਿਆਂ ਨੇ ਮਸ਼ੀਨਾਂ ਦੀਆਂ ਕੀਮਤਾਂ ਦੁੱਗਣੀਆਂ ਕਰ ਦਿੱਤੀਆਂ। ਲਾਗਤਾਂ ਇਤਨੀਆਂ ਵਧ ਗਈਆਂ ਕਿ ਉਤਪਾਦਨ ਕਿਸੇ ਵੀ ਪੱਖੋਂ ਲਾਹੇਵੰਦਾ ਨਾ ਰਿਹਾ। ਪਾਈਆਂ ਜਾ ਰਹੀਆਂ ਰੁਕਾਵਟਾਂ ਤੋਂ ਤੰਗ ਆ ਕੇ ਬਿਰਲੇ ਨੇ ਆਪਣੀ ਕੰਪਨੀ ਸਕਾਟਲੈਂਡ ਕੰਪਨੀ ਦੇ ਮਾਲਕਾਂ ਨੂੰ ਵੇਚਣ ਦਾ ਫ਼ੈਸਲਾ ਕੀਤਾ।

ਅੰਗਰੇਜ਼ਾਂ ਨੇ ਨਾ ਕੇਵਲ ਕੰਪਨੀ ਖਰੀਦਣ ਤੋਂ ਇਨਕਾਰ ਕੀਤਾ, ਸਗੋਂ ਬਿਰਲੇ ਨੂੰ ਪਟਸਨ ਦਾ ਕਾਰਖਾਨਾ ਲਾਉਣ ਦੀ ਝਾੜ ਵੀ ਪਾਈ।

ਬਿਰਲੇ ਨੇ ਆਪਣੀ ਕੰਪਨੀ ਵੇਚਣ ਦੀ ਪੇਸ਼ਕਸ਼ ਵਾਪਸ ਲੈਂਦਿਆਂ, ਪ੍ਰਣ ਕੀਤਾ ਕਿ ਉਹ ਸਕਾਟਲੈਂਡ ਦੀ ਕੰਪਨੀ ਦਾ, ਪਟਸਨ ਦੇ ਖੇਤਰ ਵਿਚ ਏਕਾਧਿਕਾਰ ਤੋੜ ਕੇ ਰਹੇਗਾ।

ਇਸ ਪ੍ਰਣ ਨਾਲ ਬਿਰਲੇ ਵਿਚ ਸਾਰੀਆਂ ਮੁਸ਼ਕਲਾਂ ਅਤੇ ਰੁਕਾਵਟਾਂ ਪਾਰ ਕਰਨ ਦਾ ਸਾਹਸ ਉਪਜਿਆ ਅਤੇ ਅਗਲੇ ਕੁਝ ਸਾਲਾਂ ਵਿਚ ਹੀ ਨਾ ਕੇਵਲ ਬਿਰਲੇ ਦਾ ਪਟਸਨ ਦਾ ਕਾਰਖਾਨਾ ਚਲਣ ਅਤੇ ਮੁਨਾਫ਼ਾ ਕਮਾਉਣ ਵਿਚ ਸਫਲ ਹੋਇਆ, ਸਗੋਂ ਸਕਾਟਲੈਂਡ ਦੀ ਕੰਪਨੀ ਨੂੰ ਆਪਣੀ ਮਿੱਲ ਬਿਰਲੇ ਨੂੰ ਵੇਚਣੀ ਪਈ।

www.quotesinpunjabi.ml

QuotesInPunjabi

481

ਸਪੇਨ ਦਾ ਕੋਲੰਬਸ, ਭਾਰਤ ਦੀ ਖੋਜ ਲਈ ਨਿਕਲਿਆ ਸੀ। ਉਸ ਸਮੇਂ ਭਾਰਤ ਆਪਣੀ ਅਮੀਰੀ ਲਈ ਪ੍ਰਸਿੱਧ ਸੀ। ਉਸ ਵੇਲੇ ਇੰਗਲੈਂਡ ਸ਼ਕਤੀਸ਼ਾਲੀ ਦੇਸ਼ ਨਹੀਂ ਸੀ, ਸਪੇਨ ਅਤੇ ਪੁਰਤਗਾਲ ਪ੍ਰਸਿੱਧ ਸਨ ਅਤੇ ਇਨ੍ਹਾਂ ਦਾ ਆਪਸ ਵਿਚ ਮੁਕਾਬਲਾ ਸੀ।

ਪੁਰਤਗਾਲੀਆਂ ਨੂੰ ਉਸ ਵੇਲੇ ਵੱਡਾ ਧੱਕਾ ਲੱਗਾ ਜਦੋਂ ਸਪੇਨ ਦੇ ਕੋਲੰਬਸ ਨੇ ਨਵੀਂ ਧਰਤੀ, ਅਮਰੀਕਾ ਨੂੰ ਲੱਭ ਲਿਆ ਅਤੇ ਪੁਰਤਗਾਲੀ ਸਮੁੰਦਰ ਗਾਹੁੰਦੇ ਰਹੇ।

ਪੁਰਤਗਾਲੀਆਂ ਨੇ ਪੰਜ ਸਾਲ ਇਸ ਅਪਮਾਨ ਨੂੰ ਸਹਿਣ ਉਪਰੰਤ, ਵਾਸਕੋਡੀਗਾਮਾ ਨੂੰ ਚਾਰ ਜਹਾਜ਼ਾਂ ਦਾ ਬੇੜਾ ਦੇ ਕੇ, 170 ਮਲਾਹਾਂ ਨਾਲ ਭਾਰਤ ਦੀ ਖੋਜ ਲਈ ਟੋਰਿਆ। ਇਨ੍ਹਾਂ ਮਲਾਹਾਂ ਵਿਚੋਂ 116 ਮਲਾਹ ਰਸਤੇ ਵਿਚ ਹੀ ਮਰ ਗਏ। ਦੋ ਸਾਲ ਦੀ ਯਾਤਰਾ ਉਪਰੰਤ, ਉਨ੍ਹਾਂ ਨੂੰ ਭਾਰਤ ਲੱਭ ਪਿਆ। ਪੁਰਤਗਾਲੀਆਂ ਨੇ ਹੀ ਅੰਗਰੇਜ਼ਾਂ, ਫਰਾਂਸੀਸੀਆਂ ਆਦਿ ਲਈ ਭਾਰਤ ਪਹੁੰਚਣ ਦਾ ਸਮੁੰਦਰੀ ਰਾਹ ਖੋਲ੍ਹਿਆ ਸੀ।

ਭਾਰਤ ਦੇ ਇਤਿਹਾਸ ਵਿਚ, ਅੰਗਰੇਜ਼ ਪਹਿਲੇ ਸਨ, ਜਿਹੜੇ ਸਮੁੰਦਰ ਦੇ ਰਸਤੇ ਭਾਰਤ ਆ ਕੇ, ਸਾਰੇ ਭਾਰਤ 'ਤੇ ਕਾਬਜ਼ ਹੋਏ।

ਅੰਗਰੇਜ਼ ਆਏ ਭਾਰਤ ਨੂੰ ਲੁੱਟਣ ਸਨ, ਵਪਾਰ ਦਾ ਖਿਆਲ, ਉਨ੍ਹਾਂ ਨੂੰ ਮਗਰੋਂ ਆਇਆ।

ਜਦੋਂ ਉਨ੍ਹਾਂ ਨੇ ਵੇਖਿਆ ਕਿ ਇਥੇ ਵਪਾਰ ਵਿਚ, ਲੁੱਟਣ ਨਾਲੋਂ ਵਧੇਰੇ ਧਨ ਹੈ, ਤਾਂ ਉਨ੍ਹਾਂ ਨੇ ਆਪਣਾ ਪੈਂਤੜਾ ਬਦਲ ਲਿਆ ਅਤੇ ਉਹ ਲੁਟੇਰਿਆਂ ਤੋਂ ਵਪਾਰੀ, ਵਪਾਰੀਆਂ ਤੋਂ ਮਾਲਕ ਅਤੇ ਮਾਲਕਾਂ ਤੋਂ ਹਾਕਮ ਬਣ ਬੈਠੇ।

482

ਇਕ ਇਸਤਰੀ ਬਹੁਤ ਬੋਲੀ ਜਾ ਰਹੀ ਸੀ ਅਤੇ ਫ਼ਿਲਾਸਫ਼ਰ ਉਸ ਨੂੰ ਚੁੱਪ-ਚਾਪ ਸੁਣੀ ਜਾ ਰਿਹਾ ਸੀ। ਅਖੀਰ 'ਤੇ ਫ਼ਿਲਾਸਫ਼ਰ ਤੋਂ ਕੁਝ ਸੁਣਨ ਦੀ ਆਸ ਨਾਲ, ਉਹ ਬੋਲੀ: ਤੁਹਾਨੂੰ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਵਿਚ ਕੀ ਚੰਗਾ ਲਗਦਾ ਹੈ ?

ਫ਼ਿਲਾਸਫ਼ਰ ਨੇ ਕਿਹਾ: ਮੈਨੂੰ ਇਸਤਰੀਆਂ ਨਾਲ ਵਿਚਰਨਾ ਬਹੁਤ ਦਿਲਚਸਪ ਲਗਦਾ ਹੈ, ਮੈਨੂੰ ਉਨ੍ਹਾਂ ਦੀ ਸੁੰਦਰਤਾ ਚੰਗੀ ਲਗਦੀ ਹੈ, ਉਨ੍ਹਾਂ ਦਾ ਸਲੀਕਾ ਚੰਗਾ ਲਗਦਾ ਹੈ, ਮੈਨੂੰ ਉਨ੍ਹਾਂ ਨਾਲ ਰਹਿਣਾ ਚੰਗਾ ਲਗਦਾ ਹੈ, ਮੈਨੂੰ ਉਨ੍ਹਾਂ ਵਲੋਂ ਉਪਜਾਈ ਰੌਣਕ ਚੰਗੀ ਲਗਦੀ ਹੈ ਪਰ ਮੈਨੂੰ ਸਭ ਤੋਂ ਚੰਗਾ, ਉਨ੍ਹਾਂ ਦਾ ਚੁੱਪ ਰਹਿਣਾ ਲਗਦਾ ਹੈ।

483

ਜਿਹੜੀ ਪ੍ਰੇਰਨਾ ਮਾਂ ਤੋਂ ਮਿਲਦੀ ਹੈ, ਉਹ ਸਭ ਤੋਂ ਚੰਗੀ ਪ੍ਰੇਰਨਾ ਹੁੰਦੀ ਹੈ। ਅਸੀਂ ਦੇਸ਼ ਦੀ ਵੰਡ ਵੇਲੇ ਪੂਰੀ ਤਰ੍ਹਾਂ ਉਜੜ ਕੇ ਭਾਰਤ ਪਹੁੰਚੇ ਸਾਂ। ਸਰਹੱਦ ਪਾਰ ਕਰਨ ਵੇਲੇ ਮੇਰੀ ਮਾਂ ਨੇ ਮੈਨੂੰ ਇਕ ਥੈਲੇ ਵਿਚ ਪਾਇਆ ਹੋਇਆ ਸੀ।

ਸਾਡੀ ਮਾਂ ਕੋਲ ਸਾਨੂੰ ਲਾਡ ਲਡਾਉਣ ਦਾ ਵਕਤ ਹੀ ਨਹੀਂ ਸੀ, ਸਾਡੇ ਕੋਲ ਵੀ ਲਾਡ

www.quotesinpunjabi.ml

QuotesInPunjabi
ਕਰਵਾਉਣ ਦੀ ਵਿਹਲ ਨਹੀਂ ਸੀ। ਅਸੀਂ ਚਾਰ ਭੈਣ-ਭਰਾ ਸਾਂ, ਸਭ ਤੋਂ ਵੱਡੀ ਅਤੇ ਸਭ ਤੋਂ ਛੋਟੀ ਭੈਣ ਸੀ, ਅਸੀਂ ਦੋ ਭਰਾ ਵਿਚਕਾਰਲੇ ਸਾਂ।

ਮਾਤਾ-ਪਿਤਾ ਅਕਸਰ ਪਹਿਲੇ ਅਤੇ ਅੰਤਲੇ ਬੱਚੇ ਵਲ ਵਧੇਰੇ ਧਿਆਨ ਦਿੰਦੇ ਹਨ, ਜਿਸ ਕਾਰਨ ਵਿਚਕਾਰਲੇ ਬੱਚੇ ਵਧੇਰੇ ਸੁਤੰਤਰਤਾ ਮਾਣਦੇ ਅਤੇ ਵਧੇਰੇ ਸੁਤੰਤਰ ਹੁੰਦੇ ਹਨ। ਮਾਪਿਆਂ ਦੇ ਘੱਟ ਧਿਆਨ ਕਾਰਨ ਅਸੀਂ ਆਜ਼ਾਦ ਅਤੇ ਸਵੈ-ਨਿਰਭਰ ਸਾਂ।

ਸਾਡੀ ਮਾਂ ਕਦੇ ਵਿਹਲੀ ਨਹੀਂ ਸੀ ਹੁੰਦੀ, ਉਸ ਤੋਂ ਅਸੀਂ ਹਰ ਕੰਮ ਆਪ ਕਰਨ ਅਤੇ ਰੁੱਝੇ ਰਹਿਣ ਦਾ ਹੁਨਰ ਸਿੱਖਿਆ।

ਬਚਪਨ ਵਿਚ ਮੈਨੂੰ ਸਭ ਤੋਂ ਵਧੇਰੇ ਖੁਸ਼ੀ ਇਸ ਗੱਲ ਦੀ ਸੀ ਕਿ ਉਹ ਸਾਡੀ ਮਾਂ ਸੀ। ਉਸ ਦੇ ਹੱਥਾਂ ਵਿਚ ਕਰਾਮਾਤ ਸੀ, ਉਸ ਦੇ ਬੋਲਾਂ ਵਿਚ ਬਰਕਤ ਸੀ, ਉਹ ਇਕ ਵਿਅਕਤੀ ਵਾਲੀ ਫੌਜ ਸੀ, ਉਹ ਸਾਨੂੰ ਆਸ਼ਾਵਾਦੀ ਸਾਖੀਆਂ ਅਤੇ ਕਹਾਣੀਆਂ ਸੁਣਾਉਂਦੀ ਸੀ। ਮੇਰੀ ਮਾਂ ਉਸ ਜ਼ਮਾਨੇ ਦੀ ਗੋਲਡ-ਮੈਡਲ ਨਾਲ ਪੰਜਵੀਂ ਪਾਸ ਸੀ, ਜਦੋਂ ਤੀਜੀ ਪਾਸ ਲੜਕੀ ਦਾ ਤਹਿਸੀਲਦਾਰ ਨਾਲ ਵਿਆਹ ਹੋ ਜਾਂਦਾ ਸੀ।

ਉਹ ਕਿਹਾ ਕਰਦੀ ਸੀ : ਮਜ਼ਬੂਤ ਬਣੋ। ਸਾਨੂੰ ਸਰੀਰਕ ਪੱਖੋਂ ਮਜ਼ਬੂਤ ਬਣਾਉਣ ਲਈ ਉਹ ਅਕਸਰ ਕਾਲੇ ਛੋਲੇ ਬਣਾਉਂਦੀ ਸੀ। ਉਹ ਕਿਹਾ ਕਰਦੀ ਸੀ : ਹਿੰਮਤ ਕਰੋ, ਮਿਹਨਤ ਨਾਲ ਅੱਗੇ ਵਧੋ, ਔਖੇ ਕੰਮ ਕਰੋ, ਸੌਖੇ ਹੋਰ ਕਰ ਲੈਣਗੇ।

ਉਹ ਕਹਿੰਦੀ ਸੀ: ਔਖੇ ਕੰਮ ਕਰੋਗੇ, ਹੋਰਾਂ ਦੀ ਈਰਖਾ ਤੋਂ ਬਚੇ ਰਹੋਗੇ।

ਉਸ ਦੀ ਸਭ ਤੋਂ ਵੱਡੀ ਪ੍ਰੇਰਨਾ ਸੀ: ਕਿਸੇ ਦੀ ਅਗਵਾਈ ਨਾ ਉਡੀਕੋ, ਆਪਣੇ ਆਗੂ ਆਪ ਬਣੋ, ਆਪਣਾ ਨਿਸ਼ਾਨਾ ਆਪ ਉਲੀਕੋ।

ਮੇਰੀ ਮਾਂ, ਇਨ੍ਹਾਂ ਸਾਰੇ ਗੁਣਾਂ-ਲੱਛਣਾਂ ਦਾ ਕੁੱਲ-ਜੋੜ ਸੀ।

484

ਰਾਜਧਾਨੀ ਦਾ ਇਕ ਮੰਗਤਾ, ਰਾਜਧਾਨੀ ਦੇ ਲੋਕਾਂ ਨੂੰ ਖੂਬ ਸਮਝਦਾ ਸੀ। ਉਸ ਨੇ ਮਨੋਵਿਗਿਆਨ ਪੜ੍ਹਿਆ ਤਾਂ ਨਹੀਂ ਸੀ ਪਰ ਉਹ ਮਨੋਵਿਗਿਆਨੀ ਸੀ।

ਉਹ ਸੁਖਨਾ ਝੀਲ ਦੇ ਕੋਲ ਬੈਠ ਕੇ ਆਪਣਾ ਕਾਰੋਬਾਰ ਕਰਦਾ ਸੀ।

ਜਦੋਂ ਉਹ ਦੋ-ਚਾਰ ਸਾਲ ਦੇ ਵਿਆਹੇ ਕਿਸੇ ਫੈਸ਼ਨਦਾਰ ਜੋੜੇ ਨੂੰ ਵੇਖਦਾ ਸੀ ਤਾਂ ਅਸੀਸ ਦਿੰਦਾ ਸੀ: ਪਰਮਾਤਮਾ ਕਰੇ ਤੁਹਾਡੀ ਸ਼ਾਦੀ ਹੋ ਜਾਵੇ। ਇਹ ਸੁਣ ਕੇ ਜੋੜਾ ਪ੍ਰਸੰਨ ਹੁੰਦਾ ਸੀ ਕਿ ਅਸੀਂ ਪਤੀ-ਪਤਨੀ ਨਹੀਂ ਲਗਦੇ, ਪ੍ਰੇਮੀ-ਪ੍ਰੇਮਿਕਾ ਲੱਗਦੇ ਹਾਂ। ਉਹ ਪ੍ਰਸੰਨ ਕਰਨ ਵਾਲੇ ਮੰਗਤੇ ਨੂੰ ਕੁਝ ਵਾਧੂ ਪੈਸੇ ਦੇ ਕੇ ਖੁਸ਼ ਕਰ ਦਿੰਦੇ ਸਨ।

ਜਦੋਂ ਉਹ ਕਿਸੇ ਵਿਦਿਆਰਥੀ-ਵਿਦਿਆਰਥਣ ਨੂੰ ਆਉਂਦਿਆਂ ਵੇਖਦਾ ਸੀ ਤਾਂ ਅਸੀਸ ਦਿੰਦਾ ਸੀ: ਪਰਮਾਤਮਾ ਕਰੇ ਤੁਹਾਡੇ ਕੋਲ ਪੁੱਤਰਾਂ ਦੀ ਜੋੜੀ ਹੋਵੇ। ਉਹ ਇਹ ਸੁਣਕੇ ਖੁਸ਼ ਹੁੰਦੇ ਸਨ ਕਿ ਇਸ ਨੇ ਸਾਨੂੰ ਵਿਆਹੇ ਹੋਏ ਸਮਝ ਕੇ ਅਸੀਸ ਦਿੱਤੀ ਹੈ, ਉਹ ਵੀ ਮੰਗਤੇ ਵਲੋਂ, ਆਪਣੇ ਦਿਲ ਦੀ ਗੱਲ ਕਹੇ ਜਾਣ 'ਤੇ ਪ੍ਰਸੰਨ ਹੋ ਕੇ, ਉਸ ਨੂੰ ਖੁਸ਼ ਕਰ ਦਿੰਦੇ ਸਨ।

www.quotesinpunjabi.ml

QuotesInPunjabi

ਇਹ ਮੰਗਤਾ ਦਿਨ ਵਿਚ ਦਸ-ਪੰਦਰ੍ਹਾਂ ਜੋੜਿਆਂ ਨੂੰ ਖੁਸ਼ੀ-ਖੁਸ਼ੀ ਘਰ ਮੋੜਦਾ ਸੀ।

ਕੀ ਉਹ ਮੰਗਤਾ ਸੀ ? ਨਹੀਂ। ਉਹ ਖੁਸ਼ੀਆਂ ਦਾ ਵਣਜਾਰਾ ਸੀ, ਹੈ ਤਾਂ ਉਹ ਮੰਗਤਾ ਸੀ ਪਰ ਉਸ ਨੂੰ ਮੰਗਣ ਦਾ ਹੁਨਰ ਆਉਂਦਾ ਸੀ, ਉਹ ਜੋੜਿਆਂ ਨੂੰ ਪ੍ਰਸੰਨ ਕਰਕੇ ਉਨ੍ਹਾਂ ਵਿਚ ਵੱਧ ਪੈਸੇ ਦੇਣ ਦੀ ਹਿੰਮਤ ਉਪਜਾਉਂਦਾ ਸੀ।

485

ਦੂਜੇ ਵਿਸ਼ਵਯੁੱਧ ਦੌਰਾਨ ਇਕ ਲੜਾਈ ਬਾਰੇ ਸਵੈ-ਵਿਰੋਧੀ ਸਮਾਚਾਰ ਮਿਲ ਰਹੇ ਸਨ।

ਕੋਈ ਕਹਿ ਰਿਹਾ ਸੀ ਕਿ ਉਹ ਲੜਾਈ ਅੰਗਰੇਜ਼ਾਂ ਨੇ ਜਿੱਤ ਲਈ ਸੀ, ਕੋਈ ਕਹਿ ਰਿਹਾ ਸੀ ਕਿ ਜਰਮਨ ਜਿੱਤ ਗਏ ਸਨ। ਕੁਝ ਪੱਤਰਕਾਰਾਂ ਨੇ ਅੰਗਰੇਜ਼ ਜਰਨੈਲ ਨੂੰ ਪੁੱਛਿਆ: ਉਹ ਲੜਾਈ ਕਿਸ ਨੇ ਜਿੱਤੀ ਹੈ ? ਜਰਨੈਲ ਨੇ ਕਿਹਾ: ਪਤਾ ਨਹੀਂ ਕਿਸ ਨੇ ਜਿੱਤੀ ਹੈ ਪਰ ਮੈਂ ਜਾਣਦਾ ਹਾਂ ਕਿ ਜੇ ਜਰਮਨਾਂ ਨੇ ਜਿੱਤੀ ਹੁੰਦੀ ਤਾਂ ਇਹ ਲੜਾਈ ਹਾਰਨ ਦਾ ਦੋਸ਼ ਮੇਰੇ 'ਤੇ ਲੱਗਣਾ ਸੀ। ਕਿਉਂਕਿ ਇਹ ਲੜਾਈ ਹਾਰਨ ਦਾ ਦੋਸ਼ ਮੇਰੇ 'ਤੇ ਨਹੀਂ ਲੱਗਿਆ, ਤੁਸੀਂ ਆਪ ਅਨੁਮਾਨ ਲਾ ਲਵੋ, ਕਿਸ ਨੇ ਜਿੱਤੀ ਹੋਵੇਗੀ।

486

ਇਕ ਇਸਤਰੀ, ਲਾਲ ਬੱਤੀ ਦੀ ਉਲੰਘਣਾ ਕਾਰਨ ਹੋਏ ਚਲਾਨ ਸਬੰਧੀ, ਅਦਾਲਤ ਵਿਚ ਪੇਸ਼ ਹੋਈ ਅਤੇ ਅਦਾਲਤ ਵਿਚ ਉਸ ਨੇ ਜੱਜ ਨੂੰ ਬੇਨਤੀ ਕੀਤੀ ਕਿ ਉਹ ਇਕ ਸਕੂਲ ਵਿਚ ਅਧਿਆਪਕਾ ਹੈ, ਸੋ ਉਸ ਦੇ ਚਲਾਨ ਦਾ ਜਲਦੀ ਨਿਪਟਾਰਾ ਕੀਤਾ ਜਾਵੇ ਤਾਂ ਕਿ ਉਹ ਸਕੂਲ ਹਾਜ਼ਰ ਹੋ ਕੇ, ਵਿਦਿਆਰਥੀਆਂ ਨੂੰ ਪੜ੍ਹਾ ਸਕੇ।

ਜਦੋਂ ਜੱਜ ਨੂੰ ਉਸ ਦੇ ਸਕੂਲ ਅਧਿਆਪਕਾ ਹੋਣ ਦਾ ਪਤਾ ਲੱਗਿਆ ਤਾਂ ਜੱਜ ਦੀਆਂ ਅੱਖਾਂ ਵਿਚ ਚਮਕ ਅਤੇ ਚਿਹਰੇ 'ਤੇ ਖੇੜਾ ਆ ਗਿਆ।

ਜੱਜ ਨੇ ਕਿਹਾ: ਮੈਂ ਕਈ ਸਾਲਾਂ ਤੋਂ ਉਡੀਕ ਰਿਹਾ ਸਾਂ ਕਿ ਕੋਈ ਸਕੂਲ ਅਧਿਆਪਕਾ ਮੇਰੀ ਅਦਾਲਤ ਵਿਚ ਪੇਸ਼ ਹੋਵੇ। ਅੱਜ ਬੜੀ ਮੁਸ਼ਕਲ ਨਾਲ ਮੇਰੀ ਚਿਰੋਕਣੀ ਇੱਛਾ ਪੂਰੀ ਹੋਈ ਹੈ। ਉਸ ਨੇ ਅਧਿਆਪਕਾ ਨੂੰ ਕਿਹਾ: ਉਸ ਕੁਰਸੀ 'ਤੇ ਬੈਠ ਜਾਓ ਅਤੇ ਪੰਜ ਸੌ ਵਾਰੀ ਲਿਖੋ: 'ਮੈਂ ਲਾਲ ਬੱਤੀ ਦੀ ਉਲੰਘਣਾ ਕੀਤੀ ਹੈ।'

ਮੈਂ ਤਾਂ ਤੁਹਾਡੇ ਚਲਾਨ ਦਾ ਤੁਹਾਡੇ ਚਾਹੁਣ ਅਨੁਸਾਰ ਝੱਟਪੱਟ ਫੈਸਲਾ ਕਰ ਦਿੱਤਾ ਹੈ, ਦੇਰੀ ਤਾਂ ਹੁਣ ਤੁਸੀਂ ਲਾਉਣੀ ਹੈ।

487

ਕੋਈ ਜ਼ਮਾਨਾ ਸੀ, ਜਦੋਂ ਜੱਜ ਪਿੰਡ-ਪਿੰਡ ਜਾ ਕੇ ਪੇਂਡੂ ਮੁਕੱਦਮਿਆਂ ਅਤੇ ਝਗੜਿਆਂ ਦਾ ਨਿਪਟਾਰਾ ਕਰਦੇ ਸਨ। ਇਕ ਵਾਰੀ ਜੱਜ ਨੇ ਵੇਖਿਆ ਕਿ ਪਿੰਡ ਦੇ ਲੋਕਾਂ ਨੇ ਇਕ ਇਸਤਰੀ ਨੂੰ ਚੁੜੇਲ ਹੋਣ ਦੇ ਦੋਸ਼ ਨਾਲ ਨੂੜਿਆ ਹੋਇਆ ਸੀ।

www.quotesinpunjabi.ml

QuotesInPunjabi

ਲੋਕ ਉਸ ਚੁੜੈਲ ਲਈ ਮੌਤ ਦੀ ਸਜ਼ਾ ਦੀ ਮੰਗ ਕਰ ਰਹੇ ਸਨ।

ਸਾਰਾ ਪਿੰਡ ਹੀ ਉਸ ਨੂੰ ਚੁੜੈਲ ਸਿੱਧ ਕਰ ਰਿਹਾ ਸੀ ਅਤੇ ਕਹਿ ਰਿਹਾ ਸੀ ਕਿ ਅਸੀਂ ਇਸ ਨੂੰ ਹਵਾ ਵਿਚ, ਸਿਰ ਥੱਲੇ ਅਤੇ ਲੱਤਾਂ ਉਪਰ ਕਰਕੇ ਉਡਦਿਆਂ ਵੇਖਿਆ ਸੀ।

ਜੱਜ ਉਸ ਨਿਰਦੋਸ਼ ਇਸਤਰੀ ਨੂੰ ਬਚਾਉਣਾ ਵੀ ਚਾਹੁੰਦਾ ਸੀ ਅਤੇ ਭੜਕੀ ਹੋਈ ਅੰਧ-ਵਿਸ਼ਵਾਸੀ ਭੀੜ ਦੇ ਗੁੱਸੇ ਦਾ ਆਪ ਸ਼ਿਕਾਰ ਵੀ ਨਹੀਂ ਸੀ ਹੋਣਾ ਚਾਹੁੰਦਾ।

ਉਸ ਨੇ ਗਵਾਹਾਂ ਨੂੰ ਧਿਆਨ ਨਾਲ ਸੁਣਿਆ, ਕਈ ਪ੍ਰਸ਼ਨ ਵੀ ਪੁੱਛੇ ਅਤੇ ਅੰਤ ਨੂੰ ਫੈਸਲਾ ਸੁਣਾਉਂਦਿਆਂ ਕਿਹਾ: ਤੁਸੀਂ ਇਸ ਨੂੰ ਹਵਾ ਵਿਚ ਪੁੱਠੇ ਹੋ ਕੇ ਉਡਦਿਆਂ ਜ਼ਰੂਰ ਵੇਖਿਆ ਹੋਵੇਗਾ। ਇਹ ਯਾਦ ਰੱਖਣਾ ਵੀ ਜ਼ਰੂਰੀ ਹੈ ਕਿ ਜਿਸ ਦੇਸ਼ ਵਿਚ ਤੁਸੀਂ ਪੈਦਾ ਹੋਏ ਹੋ, ਉਸੇ ਦੇਸ਼ ਵਿਚ ਇਹ ਪੈਦਾ ਹੋਈ ਹੈ, ਸੋ ਇਸ ਉਤੇ ਵੀ ਉਹੀ ਕਾਨੂੰਨ ਲਾਗੂ ਹੁੰਦਾ ਹੈ, ਜੋ ਸਾਡੇ ਸਾਰਿਆਂ 'ਤੇ ਲਾਗੂ ਹੁੰਦਾ ਹੈ। ਸਾਡੇ ਦੇਸ਼ ਵਿਚ ਹਵਾ ਵਿਚ ਉੱਡਣਾ ਕੋਈ ਜੁਰਮ ਨਹੀਂ ਹੈ, ਤੁਹਾਡੇ ਵਿਚੋਂ ਜਿਹੜਾ ਉੱਡਣਾ ਚਾਹਵੇ, ਜਿਵੇਂ ਉੱਡਣਾ ਚਾਹਵੇ, ਉੱਡ ਲਵੇ। ਜੇ ਸਾਡੇ ਉਤੇ ਉੱਡਣ ਦੀ ਕੋਈ ਪਾਬੰਦੀ ਨਹੀਂ ਤਾਂ, ਇਸ ਉੱਤੇ ਪਾਬੰਦੀ ਕਿਵੇਂ ਲਾਈ ਜਾ ਸਕਦੀ ਹੈ। ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਇਸਤਰੀ ਉੱਡ ਕੇ ਨਹੀਂ, ਟੁਰ ਕੇ ਆਪਣੇ ਘਰ ਜਾਵੇਗੀ, ਸੋ ਇਸ ਨੂੰ ਟੁਰ ਕੇ ਆਪਣੇ ਘਰ ਜਾਣ ਦਿੱਤਾ ਜਾਵੇ।

488

ਨੈਪੋਲੀਅਨ ਨੇ ਜਦੋਂ ਕਿਸੇ ਛਾਉਣੀ ਵਿਚ ਜਾਣਾ ਹੁੰਦਾ ਸੀ ਤਾਂ ਉਹ ਪਹਿਲਾਂ, ਆਪਣੇ ਵਜ਼ੀਰਾਂ ਨਾਲ, ਕਿਸੇ ਇਕ ਬਹਾਦਰ ਫੌਜੀ ਬਾਰੇ, ਉਸ ਦੇ ਜਨਮ-ਸਥਾਨ, ਉਸ ਦੇ ਮਾਪਿਆਂ, ਪਰਿਵਾਰ, ਉਸ ਵੱਲੋਂ ਲੜੀਆਂ ਲੜਾਈਆਂ, ਜਿੱਤੇ ਇਨਾਮਾਂ ਆਦਿ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਂਦਾ ਸੀ।

ਜਦੋਂ ਉਹ ਛਾਉਣੀ ਵਿਚ ਪਰੇਡ ਦੀ ਸਲਾਮੀ ਲੈਂਦਾ ਸੀ ਤਾਂ ਉਸ ਫੌਜੀ ਦੇ ਕੋਲ ਜਾ ਕੇ ਕਹਿੰਦਾ ਸੀ: 'ਅੱਛਾ, ਤੁਸੀਂ ਇਥੇ ਹੋ ? ਤੁਹਾਨੂੰ ਯਾਦ ਹੋਵੇਗਾ, ਅਸੀਂ ਉਸ ਲੜਾਈ ਵਿਚ ਇਕੱਠੇ ਲੜੇ ਸਾਂ। ਮੈਨੂੰ ਤੁਹਾਡੀ ਬਹਾਦਰੀ ਯਾਦ ਹੈ। ਤੁਹਾਡੇ ਪਿਤਾ ਦੀ ਲੱਤ ਦਾ ਹੁਣ ਕੀ ਹਾਲ ਹੈ ? ਤੁਹਾਡੇ ਜਿੱਤੇ ਤਮਗੇ ਅਤੇ ਇਨਾਮ ਵੀ ਮੈਨੂੰ ਯਾਦ ਹਨ। ਅੱਜ ਮੈਂ ਤੁਹਾਨੂੰ ਬਹਾਦਰੀ ਦਾ ਇਹ ਵਿਸ਼ੇਸ਼ ਤਮਗਾ ਦੇਣ ਆਇਆ ਹਾਂ।' ਇਹ ਸਭ ਕੁਝ ਕਹਿਣ ਉਪਰੰਤ, ਨੈਪੋਲੀਅਨ ਉਹ ਤਮਗਾ, ਉਸ ਦੀ ਛਾਤੀ 'ਤੇ ਲਾਉਂਦਾ ਸੀ।

ਨੈਪੋਲੀਅਨ ਦੀ ਤਿੱਖੀ ਯਾਦ-ਸ਼ਕਤੀ ਦੇ ਕਈ ਕਿੱਸੇ ਮਸ਼ਹੂਰ ਸਨ। ਨੈਪੋਲੀਅਨ ਦੇ ਇਸ ਵਿਹਾਰ ਦਾ, ਉਸ ਦੇ ਫੌਜੀਆਂ ਤੇ ਬੜਾ ਉਸਾਰੂ ਪ੍ਰਭਾਵ ਪੈਂਦਾ ਸੀ, ਕਿਉਂਕਿ ਹਰ ਫੌਜੀ ਸਮਝਦਾ ਸੀ ਕਿ ਬਾਦਸ਼ਾਹ ਹਰੇਕ ਫੌਜੀ ਨੂੰ ਨਿੱਜੀ ਤੌਰ 'ਤੇ ਜਾਣਦਾ ਹੈ।

ਇਵੇਂ ਹਰ ਫੌਜੀ ਨੈਪੋਲੀਅਨ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹਨ ਵਾਸਤੇ, ਹਰ ਖੇਤਰ ਵਿਚ ਸਿਰ-ਧੜ ਦੀ ਬਾਜ਼ੀ ਲਾ ਦਿੰਦਾ ਸੀ।

ਇਸੇ ਕਰਕੇ ਕਿਹਾ ਜਾਂਦਾ ਸੀ ਕਿ ਜਿਸ ਜੰਗ ਦੇ ਮੈਦਾਨ ਵਿਚ ਨੈਪੋਲੀਅਨ ਆਪ ਹਾਜ਼ਰ ਹੁੰਦਾ ਸੀ, ਉਥੇ ਪਝੱਤਰ ਹਜ਼ਾਰ ਘੱਟ ਫੌਜੀਆਂ ਦੀ ਲੋੜ ਪੈਂਦੀ ਸੀ।

www.quotesinpunjabi.ml

QuotesInPunjabi

489

ਜਦੋਂ ਸਾਉਦੀ ਅਰਬ ਵਿਚ ਪਹਿਲਾ ਟੈਲੀਫੋਨ ਲੱਗਿਆ, ਜਿਹੜਾ ਸੁਲਤਾਨ ਦੇ ਮਹਿਲ ਵਿਚ ਲਾਇਆ ਗਿਆ ਸੀ, ਤਾਂ ਮੁੱਲਾਂ-ਮੁਲਾਣਿਆਂ ਨੇ ਇਸ ਦਾ ਵਿਰੋਧ ਕੀਤਾ ਅਤੇ ਇਸ ਨੂੰ ਸ਼ੈਤਾਨ ਦੀ ਸ਼ਰਾਰਤ ਦੱਸਿਆ।

ਸੁਲਤਾਨ ਚਾਹੁੰਦਾ ਸੀ ਕਿ ਟੈਲੀਫੋਨ ਲੱਗਣ ਪਰ ਉਹ ਮੁਲਾਣਿਆਂ ਦੇ ਫ਼ਤਵਿਆਂ ਤੋਂ ਵੀ ਡਰਦਾ ਸੀ, ਸੋ ਉਹ ਉਨ੍ਹਾਂ ਦਾ ਵਿਸ਼ਵਾਸ ਵੀ ਬਣਾਈ ਰੱਖਣਾ ਚਾਹੁੰਦਾ ਸੀ।

ਸੁਲਤਾਨ ਨੇ ਮੁਲਾਣਿਆਂ ਨੂੰ ਧਿਆਨ ਨਾਲ ਸੁਣ ਕੇ ਕਿਹਾ: ਅਸੀਂ ਪੂਰੀ ਪਰਖ ਕਰਕੇ ਫੈਸਲਾ ਕਰਾਂਗੇ। ਜੇ ਇਸ ਵਿਚੋਂ ਕੁਰਾਨ ਦੀਆਂ ਆਇਤਾਂ ਲੰਘ ਕੇ ਦੂਜੇ ਪਾਸੇ ਸੁਣਾਈ ਨਾ ਦਿੱਤੀਆਂ ਤਾਂ ਇਸ ਨੂੰ ਸ਼ੈਤਾਨ ਦੀ ਸ਼ਰਾਰਤ ਮੰਨ ਕੇ ਨਾ ਕੇਵਲ ਤਿਆਗ ਦਿੱਤਾ ਜਾਵੇਗਾ, ਸਗੋਂ ਪਾਬੰਦੀ ਵੀ ਲਾ ਦਿੱਤੀ ਜਾਵੇਗੀ। ਜੇ ਆਇਤਾਂ ਲੰਘ ਗਈਆਂ ਅਤੇ ਦੂਜੇ ਪਾਸੇ ਸੁਣਾਈ ਦਿੱਤੀਆਂ ਤਾਂ ਇਸ ਨੂੰ ਅੱਲਾ ਦੀ ਕਰਾਮਾਤ ਸਮਝਿਆ ਜਾਵੇਗਾ।

ਜਿਹੜੇ ਸਭ ਤੋਂ ਵੱਧ ਵਿਰੋਧ ਕਰ ਰਹੇ ਸਨ, ਉਨ੍ਹਾਂ ਤੋਂ ਹੀ ਸੁਲਤਾਨ ਨੇ ਆਇਤਾਂ ਪੜ੍ਹਵਾਈਆਂ ਅਤੇ ਉਨ੍ਹਾਂ ਨੂੰ ਹੀ ਸੁਣਾਈਆਂ।

ਇਸ ਪਰਖ ਨਾਲ ਸਾਰੇ ਧਾਰਮਿਕ ਆਗੂ ਸੰਤੁਸ਼ਟ ਅਤੇ ਪ੍ਰਸੰਨ ਹੋ ਕੇ ਪਰਤੇ।

490

ਨੌਸਰਬਾਜ਼ ਹਰ ਯੁੱਗ ਵਿਚ, ਹਰ ਦੇਸ਼ ਵਿਚ ਹੋਏ ਹਨ।

ਨੌਸਰਬਾਜ਼ਾਂ ਦੀ ਖਾਸੀਅਤ ਇਹ ਹੁੰਦੀ ਹੈ ਕਿ ਇਹ ਹਰ ਵਾਰੀ ਲੁੱਟਣ ਦਾ ਕੋਈ ਨਵਾਂ ਢੰਗ ਅਪਨਾਉਂਦੇ ਹਨ, ਇਸ ਲਈ ਇਹ ਲਗਭਗ ਹਰ ਵਾਰੀ ਕਾਮਯਾਬ ਹੁੰਦੇ ਹਨ।

ਇਕ ਜ਼ਿਮੀਂਦਾਰ ਕੋਲ ਇਕ ਬਹੁਤ ਵਧੀਆ, ਵਫ਼ਾਦਾਰ ਅਤੇ ਪਿਆਰਾ ਘੋੜਾ ਸੀ। ਘੋੜਾ ਉਸ ਤੋਂ ਅਤੇ ਉਹ ਘੋੜੇ ਤੋਂ ਜਾਨ ਦਿੰਦਾ ਸੀ।

ਇਕ ਵਾਰੀ ਜ਼ਿਮੀਂਦਾਰ ਸ਼ਹਿਰ ਗਿਆ ਜਿਥੇ ਕੁਝ ਖਾਣ-ਪੀਣ ਲਈ ਉਹ ਇਕ ਹੋਟਲ ਵਿਚ ਗਿਆ ਅਤੇ ਆਪਣਾ ਘੋੜਾ ਬਾਹਰ ਇਕ ਖੰਭੇ ਨਾਲ ਬੰਨ੍ਹ ਗਿਆ।

ਦੋ ਨੌਸਰਬਾਜ਼ਾਂ ਦੀ ਉਸ ਘੋੜੇ 'ਤੇ ਬੜੀ ਦੇਰ ਤੋਂ ਨਜ਼ਰ ਸੀ। ਉਹ ਕਈ ਮਹੀਨਿਆਂ ਤੋਂ ਉਸ ਘੋੜੇ ਨੂੰ ਚੁਰਾਉਣ ਦੀ ਤਾਕ ਵਿਚ ਸਨ ਅਤੇ ਮਾਲਕ ਦਾ ਪਿੱਛਾ ਕਰਦੇ ਰਹਿੰਦੇ ਸਨ।

ਮਾਲਕ ਨੂੰ ਹੋਟਲ ਵਿਚ ਗਿਆ ਵੇਖ ਕੇ, ਉਨ੍ਹਾਂ ਨੇ ਘੋੜਾ ਖੋਲ੍ਹਿਆ ਅਤੇ ਇਕ ਨੌਸਰਬਾਜ਼ ਘੋੜੇ 'ਤੇ ਚੜ੍ਹ ਕੇ ਲੋਪ ਹੋ ਗਿਆ ਅਤੇ ਦੂਜਾ ਉਥੇ ਹੀ ਖੜ੍ਹਾ ਰਿਹਾ, ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਮਾਲਕ ਉਸ ਘੋੜੇ ਦੀ ਤਲਾਸ਼ ਕਰਵਾਏਗਾ, ਜਿਸ ਕਰਕੇ ਉਨ੍ਹਾਂ ਨੂੰ ਸਜ਼ਾ ਵੀ ਹੋ ਸਕਦੀ ਸੀ। ਉਨ੍ਹਾਂ ਨੇ ਮਾਲਕ ਵਲੋਂ ਘੋੜੇ ਦਾ ਪਿੱਛਾ ਕਰਨ ਦੀ ਸੰਭਾਵਨਾ ਮੁਕਾਉਣ ਲਈ, ਇਕ ਵਿਉਂਤ ਘੜੀ ਅਤੇ ਇਸ ਵਿਉਂਤ ਅਨੁਸਾਰ ਹੀ ਦੂਜਾ ਨੌਸਰਬਾਜ਼ ਉਸੇ ਖੰਭੇ ਕੋਲ, ਜਿੱਥੇ ਘੋੜਾ ਬੰਨ੍ਹਿਆ ਹੋਇਆ ਸੀ, ਉਥੇ ਖੜ੍ਹਾ ਰਿਹਾ।

ਹੋਟਲ ਤੋਂ ਬਾਹਰ ਆ ਕੇ ਜਦੋਂ ਮਾਲਕ ਨੇ ਆਪਣਾ ਘੋੜਾ ਨਾ ਵੇਖਿਆ ਤਾਂ ਉਸ ਨੇ ਜਿਉਂ ਹੀ ਰੌਲਾ ਪਾਉਣਾ ਚਾਹਿਆ ਤਾਂ ਉਥੇ ਖਲੋਤਾ ਨੌਸਰਬਾਜ਼ ਕੋਲ ਆ ਕੇ ਕਹਿਣ ਲੱਗਾ:

www.quotesinpunjabi.ml

QuotesInPunjabi

ਮੈਂ ਤੁਹਾਡਾ ਘੋੜਾ ਹਾਂ, ਤੁਸੀਂ ਮੈਨੂੰ ਹੀ ਇਸ ਖੰਭੇ ਨਾਲ ਬੰਨ੍ਹ ਕੇ ਗਏ ਸੀ। ਅੱਜ ਤੋਂ ਵੀਹ ਸਾਲ ਪਹਿਲਾਂ, ਮੇਰੇ ਪਾਪਾਂ ਦੀ ਸਜ਼ਾ ਵਜੋਂ, ਪਰਮਾਤਮਾ ਨੇ ਮੈਨੂੰ ਬੰਦੇ ਤੋਂ ਘੋੜਾ ਬਣਾ ਦਿੱਤਾ ਸੀ ਅਤੇ ਇਸ ਸਜ਼ਾ ਦੌਰਾਨ, ਘੋੜੇ ਵਜੋਂ, ਮੈਂ ਤੁਹਾਡੀ ਪੂਰੀ ਇਮਾਨਦਾਰੀ ਅਤੇ ਵਫ਼ਾਦਾਰੀ ਨਾਲ ਸੇਵਾ ਕੀਤੀ ਹੈ। ਤੁਸੀਂ ਜਦੋਂ ਹੋਟਲ ਅੰਦਰ ਗਏ ਹੋਏ ਸੀ ਤਾਂ ਉਸ ਦੌਰਾਨ ਘੋੜੇ ਵਜੋਂ, ਮੇਰੀ ਸਜ਼ਾ ਦੇ ਵੀਹ ਸਾਲ ਪੂਰੇ ਹੋ ਗਏ ਸਨ ਅਤੇ ਮੈਂ ਦੁਬਾਰਾ ਬੰਦਾ ਬਣ ਗਿਆ ਹਾਂ।

ਮਾਲਕ ਇਹ ਜਾਣ ਕੇ ਸ਼ਸ਼ੋਪੰਜ ਵਿਚ ਸੀ, ਕਿਉਂਕਿ ਉਸ ਦੇ ਮਨ ਵਿਚ ਘੋੜੇ ਪ੍ਰਤੀ ਬੜਾ ਸਤਿਕਾਰ ਸੀ। ਘੋੜੇ ਦੇ ਚੰਗੇ ਅਤੇ ਸਿਆਣੇ ਵਿਹਾਰ ਦਾ ਕਾਰਨ ਉਸਨੂੰ ਹੁਣ ਸਮਝ ਆਇਆ ਕਿ ਉਹ ਬੰਦੇ ਤੋਂ ਘੋੜਾ ਬਣਿਆ ਹੋਇਆ ਸੀ। ਉਸ ਦੇ ਘੋੜੇ ਤੋਂ ਮੁੜ ਬੰਦਾ ਬਣਨ ਦੀ ਕਰਾਮਾਤ ਨੂੰ ਉਸ ਨੇ ਸ਼ੁਭ ਸ਼ਗਨ ਸਮਝਦਿਆਂ, ਉਸ ਬੰਦੇ ਨੂੰ ਘੋੜੇ ਵਜੋਂ ਕੀਤੀ ਚੰਗੀ ਸੇਵਾ ਦਾ ਧੰਨਵਾਦ ਕਰਦਿਆ, ਸ਼ਾਬਾਸ਼ ਦੇ ਨਾਲ ਮੋਟਾ ਇਨਾਮ ਦੇ ਕੇ ਵਿਦਾ ਕੀਤਾ।

ਜ਼ਿਮੀਂਦਾਰ ਨੂੰ ਪਿੰਡ ਜਾ ਕੇ ਪਤਾ ਲਗਾ ਕਿ ਉਸ ਨਾਲ ਕੀ ਠੱਗੀ ਵਜੀ ਸੀ।

491

ਇਕ ਬਾਗ ਵਿਚ ਇਕ ਨੇਤਰਹੀਣ ਵਿਅਕਤੀ 'ਮੈਂ ਅੰਨ੍ਹਾ ਹਾਂ, ਮੈਨੂੰ ਦਾਨ ਦਿਓ' ਕਹਿੰਦਾ ਹੋਇਆ ਲੰਘ ਰਿਹਾ ਸੀ, ਕੋਈ ਕੁਝ ਨਹੀਂ ਸੀ ਦੇ ਰਿਹਾ।

ਕੁਝ ਦਿਨ ਮਗਰੋਂ ਉਹ ਰੋਜ਼ ਗਾਰਡਨ ਵਿਚ ਬੈਠਾ ਸੀ ਅਤੇ ਆਪਣੇ ਅੱਗੇ ਉਸ ਨੇ ਲਿਖਵਾ ਕੇ ਤਖਤੀ ਰੱਖੀ ਹੋਈ ਸੀ: 'ਸੋਹਣੇ ਗੁਲਾਬਾਂ ਦਾ ਮੌਸਮ ਹੈ ਪਰ ਤੁਹਾਡੇ ਵਾਂਗ ਮੇਰੀ ਨਜ਼ਰ ਨਹੀਂ ਹੈ।' ਲੋਕ ਉਸ ਨੂੰ ਦਾਨ ਦੇ ਰਹੇ ਸਨ।

492

ਦੂਜੇ ਵਿਸ਼ਵਯੁੱਧ ਵਿਚ ਹਿਟਲਰ ਨੇ ਹਥਿਆਰਬੰਦ ਯੁੱਧ ਦੇ ਨਾਲ-ਨਾਲ ਮਨੋਵਿਗਿਆਨਕ ਯੁੱਧ ਵੀ ਕੀਤਾ ਸੀ। ਯੁੱਧ ਦੇ ਆਰੰਭ ਵਿਚ ਉਸ ਦੀਆਂ ਉਪਰੋ-ਥਲੀ ਕਈ ਜਿੱਤਾਂ ਨੇ ਸਾਰੀ ਦੁਨੀਆ ਦਹਿਲਾ ਦਿੱਤੀ ਸੀ।

ਹਿਟਲਰ ਅਕਸਰ ਚੁੱਪ-ਚੁਪੀਤੇ ਕਿਸੇ ਛੋਟੇ ਦੇਸ਼ ਜਾਂ ਸ਼ਹਿਰ 'ਤੇ ਹਮਲਾ ਕਰਕੇ ਉਸ ਨੂੰ ਆਪਣੇ ਕਬਜ਼ੇ ਵਿਚ ਲੈ ਲੈਂਦਾ ਸੀ। ਅਜਿਹੇ ਹਮਲੇ ਸਬੰਧੀ, ਉਹ ਨਾ ਕੋਈ ਸੂਚਨਾ ਦਿੰਦਾ ਸੀ ਅਤੇ ਨਾ ਹੀ ਕਿਸੇ ਨੂੰ ਪਤਾ ਲੱਗਣ ਦਿੰਦਾ ਸੀ।

ਉਸ ਦੇਸ਼ ਜਾਂ ਸ਼ਹਿਰ ਨੂੰ ਕਬਜ਼ੇ ਵਿਚ ਲੈਣ ਉਪਰੰਤ, ਕੁਝ ਹੀ ਦਿਨਾਂ ਵਿਚ ਫੌਜੀ ਦਫ਼ਤਰ, ਚੌਕੀਆਂ, ਮੋਰਚੇ ਆਦਿ ਸਥਾਪਤ ਕਰਨ ਉਪਰੰਤ, ਹਿਟਲਰ ਐਲਾਨ ਕਰਦਾ ਸੀ ਕਿ ਜਰਮਨੀ, ਅਗਲੇ ਬੁੱਧਵਾਰ ਉਸ ਦੇਸ਼ ਜਾਂ ਸ਼ਹਿਰ 'ਤੇ ਧਾਵਾ ਬੋਲੇਗਾ।

ਵੀਰਵਾਰ ਨੂੰ ਉਹ ਸੰਸਾਰ ਭਰ ਦੇ ਪੱਤਰਕਾਰਾਂ ਨੂੰ ਫੌਜੀ ਟਰੱਕਾਂ ਵਿਚ ਲੱਦ ਕੇ ਦੂਰ ਅੰਦਰ ਤੱਕ ਦਾ ਗੇੜਾ ਲੁਆ ਦਿੰਦਾ ਸੀ।

ਪੱਤਰਕਾਰ ਹੈਰਾਨ ਹੁੰਦੇ ਸਨ ਕਿ ਚੌਵ੍ਹੀ ਘੰਟਿਆਂ ਵਿਚ, ਜਰਮਨ ਫੌਜਾਂ ਨੇ ਦੇਸ਼ 'ਤੇ ਪੂਰਾ ਅਤੇ ਪੱਕਾ ਕਬਜ਼ਾ ਕਰ ਲਿਆ ਸੀ।

www.quotesinpunjabi.ml

QuotesInPunjabi

ਅਜਿਹੇ ਸਮਾਚਾਰ ਜਦੋਂ ਸੰਸਾਰ ਭਰ ਦੇ ਸਮਾਚਾਰ-ਪੱਤਰਾਂ ਵਿਚ ਛਪਦੇ ਸਨ ਤਾਂ ਕਈ ਗਵਾਂਢੀ ਦੇਸ਼ਾਂ ਵਿਚੋਂ ਲੜਨ ਦਾ ਹੌਸਲਾ ਹੀ ਮੁੱਕ ਜਾਂਦਾ ਸੀ।

493

ਰੂਸ ਦੇ ਜ਼ਾਰ ਪੀਟਰ ਨੂੰ, ਮਲਕਾ ਕੈਥਰੀਨ ਰਾਹੀਂ ਜਨਮੇ ਆਪਣੇ ਪੁੱਤਰ ਦੀ ਮੌਤ ਦਾ ਇਤਨਾ ਸਦਮਾ ਲੱਗਿਆ ਕਿ ਉਸ ਨੇ ਆਪਣੇ ਆਪ ਨੂੰ ਸ਼ਾਹੀ ਮਹਿਲ ਦੇ ਇਕ ਹਾਲ ਵਿਚ ਬੰਦ ਕਰਕੇ, ਸੰਸਾਰ ਨਾਲੋਂ ਆਪਣਾ ਨਾਤਾ ਤੋੜ ਲਿਆ।

ਉਸ ਨੇ ਖਾਣਾ-ਪੀਣਾ ਤਿਆਗ ਦਿੱਤਾ, ਰਾਜ-ਪ੍ਰਬੰਧ ਦੇ ਕਿਸੇ ਕਾਰਜ ਵਿਚ ਦਿਲਚਸਪੀ ਲੈਣੀ ਬੰਦ ਕਰ ਦਿੱਤੀ ਅਤੇ ਫ਼ਰਮਾਨ ਜਾਰੀ ਕਰ ਦਿੱਤਾ ਕਿ ਜਿਹੜਾ ਉਸ ਕੋਲ ਆਵੇਗਾ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ।

ਪੀਟਰ ਦੇ ਅਜਿਹੇ ਵਿਹਾਰ ਨਾਲ ਹਕੂਮਤ ਦਾ ਸਾਰਾ ਕੰਮ-ਕਾਜ ਰੁਕ ਗਿਆ ਸੀ।

ਸੈਨੇਟ ਦੇ ਨਾਂ ਨਾਲ ਜਾਣੀ ਜਾਂਦੀ ਰੂਸੀ ਸੰਸਦ ਨੇ, ਇਸ ਮਸਲੇ ਨੂੰ ਵਿਚਾਰਿਆ ਪਰ ਸੈਨੇਟ ਦੇ ਫੈਸਲੇ ਨੂੰ, ਜ਼ਾਰ ਕੋਲ ਲੈ ਜਾਣ ਲਈ ਕੋਈ ਤਿਆਰ ਨਹੀਂ ਸੀ।

ਉਸ ਸਮੇਂ ਡੋਲਗੋਰਕੀ ਨਾਂ ਦੇ ਸੈਨੇਟਰ ਨੇ ਇਹ ਖਤਰਾ ਮੁੱਲ ਲੈਣ ਦੀ ਪੇਸ਼ਕਸ਼ ਕੀਤੀ ਅਤੇ ਸਥਿਤੀ ਨਾਲ ਨਿਪਟਣ ਲਈ ਆਪਣੀ ਸਮਝ-ਸੂਝ ਅਨੁਸਾਰ ਯੋਗ ਅਤੇ ਢੁੱਕਵਾਂ ਢੰਗ ਤਰੀਕਾ ਵਰਤਣ ਦੀ ਆਗਿਆ ਮੰਗੀ।

ਜਦੋਂ ਡੋਲਗੋਰਕੀ ਨੇ ਸ਼ਾਹੀ ਮਹਿਲ ਦੇ ਹਾਲ ਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਤਾਂ ਅੰਦਰੋਂ ਜ਼ਾਰ ਨੇ ਗੁੱਸੇ ਨਾਲ ਕਿਹਾ: ਦੌੜ ਜਾਓ, ਨਹੀਂ ਤਾਂ ਬਾਹਰ ਆ ਕੇ ਮੈਂ ਤੁਹਾਡਾ ਸਿਰ ਧੜ ਤੋਂ ਵੱਖਰਾ ਕਰ ਦਿਆਂਗਾ। ਇਸ ਧਮਕੀ ਦੇ ਉੱਤਰ ਵਜੋਂ ਡੋਲਗੋਰਕੀ ਨੇ ਭਰਵੀਂ ਅਤੇ ਗੂੰਜਵੀਂ ਆਵਾਜ਼ ਵਿਚ ਦ੍ਰਿੜ੍ਹਤਾ ਨਾਲ ਕਿਹਾ: ਮੈਂ ਡੋਲਗੋਰਕੀ ਕਹਿ ਰਿਹਾ ਹਾਂ ਦਰਵਾਜ਼ਾ ਖੋਲ੍ਹੋ, ਮੈਨੂੰ ਸੈਨੇਟ ਨੇ ਇਹ ਪੁੱਛਣ ਲਈ ਭੇਜਿਆ ਹੈ ਕਿ ਤੁਹਾਡੇ ਤਖ਼ਤ ਤਿਆਗਣ ਉਪਰੰਤ, ਕਿਸ ਨੂੰ ਬਾਦਸ਼ਾਹ ਬਣਾਇਆ ਜਾਵੇ ?

ਜ਼ਾਰ, ਡੋਲਗੋਰਕੀ ਦੇ ਹੌਸਲੇ ਅਤੇ ਇਸ ਐਲਾਨ ਨਾਲ ਡਰ ਗਿਆ ਕਿ ਉਸ ਦੀ ਥਾਂ ਕੋਈ ਹੋਰ ਨਵਾਂ ਬਾਦਸ਼ਾਹ ਬਣਾਇਆ ਜਾ ਰਿਹਾ ਹੈ। ਜ਼ਾਰ ਨੇ ਦਰਵਾਜ਼ਾ ਖੋਲ੍ਹਿਆ, ਡੋਲਗੋਰਕੀ ਨੂੰ ਇਕੱਲਿਆਂ ਖਲੋਤਾ ਵੇਖ ਕੇ ਉਸ ਦੇ ਹੌਸਲੇ ਦੀ ਦਾਦ ਦਿੱਤੀ, ਉਸ ਨੂੰ ਗਲਵਕੜੀ ਪਾਈ ਅਤੇ ਹਕੂਮਤ ਦੀ ਵਾਗਡੋਰ ਮੁੜ ਸੰਭਾਲ ਲਈ।

494

ਪ੍ਰਧਾਨ ਮੰਤਰੀ ਦੇ ਇਕ ਦੋਸਤ ਦੇ ਪੁੱਤਰ ਨੇ ਇਕ ਮਹੱਤਵਪੂਰਨ ਅਹੁਦੇ 'ਤੇ ਲੱਗਣ ਲਈ ਪ੍ਰਧਾਨ-ਮੰਤਰੀ ਨੂੰ ਕਈ ਸਿਫਾਰਸ਼ਾਂ ਪੁਆਈਆਂ।

ਅੰਤ ਨੂੰ ਉਹ ਜਦੋਂ ਪ੍ਰਧਾਨ-ਮੰਤਰੀ ਨੂੰ ਮਿਲਿਆ ਤਾਂ ਪ੍ਰਧਾਨ-ਮੰਤਰੀ ਨੇ ਉਸ ਨੂੰ ਉਸ ਅਹੁਦੇ 'ਤੇ ਲਾਉਣ ਦੀ ਆਪਣੀ ਅਸਮਰੱਥਾ ਪ੍ਰਗਟਾਈ, ਜਿਸ ਨੂੰ ਸੁਣ ਕੇ ਪ੍ਰਧਾਨ-ਮੰਤਰੀ ਦੇ ਦੋਸਤ ਦੇ ਪੁੱਤਰ ਨੇ ਕਿਹਾ: ਇਵੇਂ ਤਾਂ ਮੇਰੀ ਬੜੀ ਬੇਇੱਜ਼ਤੀ ਹੋਵੇਗੀ।

www.quotesinpunjabi.ml

QuotesInPunjabi

ਪ੍ਰਧਾਨ-ਮੰਤਰੀ ਨੇ ਕਿਹਾ: ਬੋਇੱਜ਼ਤੀ ਵਾਲੀ ਸਮੱਸਿਆ, ਮੈਂ ਹੱਲ ਕਰ ਸਕਦਾ ਹਾਂ। ਇਹ ਗੱਲ ਤੇਰੇ ਅਤੇ ਮੇਰੇ ਵਿਚ ਰਹਿਣੀ ਚਾਹੀਦੀ ਹੈ। ਤੂੰ ਲੋਕਾਂ ਨੂੰ ਕਹੀਂ ਕਿ ਪ੍ਰਧਾਨ ਮੰਤਰੀ ਨੇ ਇਸ ਅਹੁਦੇ ਦੀ ਪੇਸ਼ਕਸ਼ ਕੀਤੀ ਸੀ ਪਰ ਤੂੰ ਪ੍ਰਵਾਨ ਨਹੀਂ ਕੀਤੀ। ਜਦੋਂ ਕੋਈ ਪੱਤਰਕਾਰ ਮੈਨੂੰ ਪੁੱਛੇਗਾ ਤਾਂ ਮੈਂ ਬਿਆਨ ਦਿਆਂਗਾ ਕਿ ਹਾਂ ਇਵੇਂ ਹੀ ਹੋਇਆ ਸੀ।

495

ਜਦੋਂ ਅਮਰੀਕਾ ਵਿਚ ਗੁਲਾਮੀ ਦੇ ਖਾਤਮੇ ਲਈ ਖਾਨਾਜੰਗੀ, ਅੰਤਲੇ ਪੜਾਓ ਵਿਚ ਸੀ ਤਾਂ ਯੋਗ, ਅਯੋਗ, ਮੂਰਖ, ਸਿਆਣਾ, ਪੇਂਡੂ, ਸ਼ਹਿਰੀ ਆਦਿ ਹਰ ਕੋਈ ਰਾਸ਼ਟਰਪਤੀ ਲਿੰਕਨ ਨੂੰ, ਕੋਈ ਅਹੁਦਾ ਦੇਣ ਲਈ ਕਹਿ ਰਿਹਾ ਸੀ।

ਪਰੇਸ਼ਾਨ ਹੋਏ ਲਿੰਕਨ ਨੇ, ਆਪਣੇ ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ ਨੂੰ ਸਪਸ਼ਟ ਕਰਨ ਲਈ ਅਹੁਦਾ ਲੈਣ ਦੇ ਚਾਹਵਾਨਾਂ ਦੇ ਇਕ ਇਕੱਠ ਵਿਚ, ਇਕ ਕਹਾਣੀ ਸੁਣਾਈ ਕਿ ਇਕ ਵਾਰੀ ਇਕ ਬਾਦਸ਼ਾਹ ਨੇ ਸ਼ਿਕਾਰ ਲਈ ਜਾਣ ਤੋਂ ਪਹਿਲਾਂ, ਮੌਸਮ ਵਿਭਾਗ ਦੇ ਮੁੱਖ ਅਧਿਕਾਰੀ ਨੂੰ ਪੁੱਛਿਆ ਕਿ ਸ਼ਿਕਾਰ ਦੌਰਾਨ ਮੀਂਹ ਤਾਂ ਨਹੀਂ ਪਏਗਾ ?

ਅਧਿਕਾਰੀ ਨੇ ਕਿਹਾ: ਮੀਂਹ ਪੈਣ ਦੇ ਕੋਈ ਆਸਾਰ ਨਹੀਂ ਹਨ।

ਜਦੋਂ ਬਾਦਸ਼ਾਹ ਸ਼ਿਕਾਰ ਦੀ ਭਾਲ ਵਿਚ ਥਹੁਤ ਦੂਰ ਨਿਕਲ ਗਿਆ ਤਾਂ ਉਸ ਨੇ ਟੱਟੂ ਉਤੇ ਸਵਾਰ ਇਕ ਕਿਸਾਨ ਨੂੰ ਖੁੱਲ੍ਹੀ ਛੱਤਰੀ ਨਾਲ ਜਾਂਦੇ ਵੇਖਿਆ।

ਉਸ ਕਿਸਾਨ ਨੇ ਸ਼ਿਕਾਰ-ਮੰਡਲੀ ਨੂੰ ਵੇਖ ਕੇ ਕਿਹਾ ਕਿ ਮੀਂਹ ਪੈਣ ਵਾਲਾ ਹੈ, ਤੁਸੀਂ ਭਿੱਜਣ ਤੋਂ ਬਚਣ ਦਾ ਪ੍ਰਬੰਧ ਕਰ ਲਵੋ। ਕੁਝ ਮਿੰਟਾਂ ਵਿਚ ਹੀ ਅਸਮਾਨ ਵਿਚ ਬੱਦਲ ਹੋ ਗਏ ਅਤੇ ਮੂਸਲਾਧਾਰ ਮੀਂਹ ਪੈਣ ਲੱਗ ਪਿਆ।

ਬਾਦਸ਼ਾਹ ਨੇ ਵਾਪਸ ਆ ਕੇ ਮੌਸਮ ਵਿਭਾਗ ਦੇ ਅਧਿਕਾਰੀ ਨੂੰ ਬਰਖਾਸਤ ਕਰਦਿਆਂ, ਹੁਕਮ ਦਿੱਤਾ ਕਿ ਮੀਂਹ ਆਉਣ ਬਾਰੇ ਦੱਸਣ ਵਾਲੇ ਕਿਸਾਨ ਨੂੰ ਬੁਲਾਓ, ਮੈਂ ਉਸ ਨੂੰ ਮੌਸਮ ਵਿਭਾਗ ਦਾ ਮੁੱਖ ਅਧਿਕਾਰੀ ਲਾਉਣਾ ਚਾਹੁੰਦਾ ਹਾਂ। ਜਦੋਂ ਬਾਦਸ਼ਾਹ ਨੇ ਉਸ ਕਿਸਾਨ ਨੂੰ ਪੁੱਛਿਆ ਕਿ ਤੈਨੂੰ ਮੀਂਹ ਪੈਣ ਦਾ ਅਗਾਊਂ ਪਤਾ ਕਿਵੇਂ ਲੱਗਿਆ ਤਾਂ ਕਿਸਾਨ ਨੇ ਕਿਹਾ: ਮੀਂਹ ਬਾਰੇ ਅਨੁਮਾਨ ਲਾਉਣ ਦਾ ਕੰਮ ਮੇਰਾ ਟੱਟੂ ਕਰਦਾ ਹੈ। ਇਹ ਮੀਂਹ ਆਉਣ ਤੋਂ ਪਹਿਲਾਂ ਆਪਣੀ ਗਰਦਨ ਅੱਗੇ ਵਧਾ ਕੇ ਟੁਰਨ ਲੱਗ ਪੈਂਦਾ ਹੈ।

ਬਾਦਸ਼ਾਹ ਨੇ ਉਸ ਟੁੱਟੂ ਨੂੰ ਮੌਸਮ ਵਿਭਾਗ ਦਾ ਮੁਖੀ ਥਾਪ ਦਿੱਤਾ।

ਟੱਟੂ ਨੂੰ ਅਧਿਕਾਰੀ ਲੱਗਿਆ ਵੇਖਕੇ, ਹਰੇਕ ਟੱਟੂ, ਬਾਦਸ਼ਾਹ ਕੋਲ ਅਧਿਕਾਰੀ ਲੱਗਣ ਦੀਆਂ ਬੇਨਤੀਆਂ ਕਰਨ ਲੱਗ ਪਿਆ ਸੀ।

ਸੱਜਣੋ, ਆਪਣੇ ਬਾਰੇ ਵੇਰਵੇ ਲਿਖ ਕੇ ਮੈਨੂੰ ਦੇ ਦਿਓ, ਜਦੋਂ ਖਾਨਾਜੰਗੀ ਮੁੱਕ ਜਾਵੇਗੀ, ਉਦੋਂ ਅਧਿਕਾਰੀ ਨਿਯੁਕਤ ਕਰਨ ਲਈ ਮੈਂ ਤੁਹਾਨੂੰ ਬੁਲਾਵਾਂਗਾ।

www.quotesinpunjabi.ml

QuotesInPunjabi

496

ਇਕ ਵਾਰੀ ਇਰਾਕ ਦੇ ਸੁਲਤਾਨ ਕੋਲ ਉਸ ਦਾ ਹਰਮਨ ਪਿਆਰਾ ਦੋਸਤ ਘਬਰਾਇਆ ਹੋਇਆ, ਦੌੜਿਆ-ਦੌੜਿਆ ਆਇਆ, ਜਿਸ ਨੂੰ ਰਸਤੇ ਵਿਚ ਯਮਦੂਤ ਮਿਲਿਆ ਸੀ, ਜਿਸ ਨੇ ਕਿਹਾ ਸੀ: 'ਮੈਂ ਤੈਨੂੰ ਅੱਜ ਮਿਲਣਾ ਹੈ।'

ਉਸ ਦੋਸਤ ਨੇ ਸੁਲਤਾਨ ਤੋਂ ਉਸਦਾ ਸਭ ਤੋਂ ਤੇਜ਼ ਘੋੜਾ ਮੰਗਿਆ, ਜਿਸ 'ਤੇ ਚੜ੍ਹ ਕੇ ਉਹ ਸ਼ਾਮ ਤੱਕ ਇਰਾਕ ਦੀ ਰਾਜਧਾਨੀ ਬਗਦਾਦ ਪਹੁੰਚ ਗਿਆ ਅਤੇ ਆਪਣੇ ਆਪ ਨੂੰ ਯਮਦੂਤ ਦੀ ਧਮਕੀ ਤੋਂ ਸੁਰੱਖਿਅਤ ਮਹਿਸੂਸ ਕਰਨ ਲੱਗ ਪਿਆ।

ਜਿਥੇ ਸੁਲਤਾਨ ਦੇ ਦੋਸਤ ਨੂੰ ਯਮਦੂਤ ਮਿਲਿਆ ਸੀ, ਸੁਲਤਾਨ ਨੇ ਜਾ ਕੇ ਵੇਖਿਆ ਕਿ ਯਮਦੂਤ ਅਜੇ ਵੀ ਉਥੇ ਹੀ ਸੀ। ਸੁਲਤਾਨ ਨੇ ਯਮਦੂਤ ਨੂੰ ਕਿਹਾ: ਤੁਸੀਂ ਮੇਰੇ ਦੋਸਤ ਨੂੰ ਕਿਉਂ ਡਰਾਉਂਦੇ-ਧਮਕਾਉਂਦੇ ਹੋ ? ਯਮਦੂਤ ਨੇ ਕਿਹਾ: ਮੈਂ ਉਸ ਨੂੰ ਨਾ ਡਰਾਇਆ ਹੈ, ਨਾ ਧਮਕਾਇਆ ਹੈ, ਮੈਂ ਤਾਂ ਉਸ ਨੂੰ ਵੇਖ ਕੇ ਹੈਰਾਨੀ ਪ੍ਰਗਟਾਈ ਸੀ, ਕਿਉਂਕਿ ਮੈਂ ਤਾਂ ਉਸ ਨੂੰ ਅੱਜ ਸ਼ਾਮ ਨੂੰ ਬਗਦਾਦ ਵਿਚ ਮਿਲਣਾ ਹੈ ਪਰ ਉਹ ਤਾਂ ਇਥੇ ਘੁੰਮ ਰਿਹਾ ਸੀ।

497

ਜਦੋਂ ਅਮਰੀਕਾ, ਇੰਗਲੈਂਡ ਦੀ ਗੁਲਾਮੀ ਤੋਂ ਆਜ਼ਾਦ ਹੋ ਗਿਆ ਤਾਂ ਇੰਗਲੈਂਡ ਵਿਚ, ਆਜ਼ਾਦ ਹੋਏ ਅਮਰੀਕਾ ਦਾ, ਮਖੌਲ ਉਡਾਉਣ ਵਾਲੇ ਕਈ ਨਾਟਕ ਖੇਡੇ ਗਏ।

ਇਕ ਨਾਟਕ ਖੇਡਿਆ ਜਾ ਰਿਹਾ ਸੀ, ਜਿਸ ਵਿਚ ਇੰਗਲੈਂਡ ਦਾ ਪ੍ਰਧਾਨ-ਮੰਤਰੀ ਵੀ ਹਾਜ਼ਰ ਸੀ। ਇਕ ਦ੍ਰਿਸ਼ ਵਿਚ ਕੁਝ ਅੰਗਰੇਜ਼ ਅਦਾਕਾਰਾਂ ਨੂੰ, ਅਮਰੀਕੀ ਫੌਜੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ, ਜਿਨ੍ਹਾਂ ਦੇ ਕੱਪੜੇ ਫਟੇ ਹੋਏ, ਵਾਲ ਅਣਵਾਹੇ, ਸਰੀਰ ਗੰਦੇ ਅਤੇ ਪੈਰ ਨੰਗੇ ਸਨ। ਇਕ ਫੌਜੀ ਅਫਸਰ ਵਲੋਂ ਅਪਮਾਨ ਦੇ ਉਦੇਸ਼ ਨਾਲ, ਉਨ੍ਹਾਂ ਨੂੰ ਪੁੱਛਿਆ ਜਾ ਰਿਹਾ ਸੀ: ਅਮਰੀਕਾ ਦੀ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਤੁਸੀਂ ਕੀ ਸੀ ? ਕਿਸੇ ਨੇ ਆਪਣੇ ਆਪ ਨੂੰ ਕਿਸਾਨ ਦੱਸਿਆ, ਕਿਸੇ ਨੇ ਲੁਹਾਰ ਅਤੇ ਕਿਸੇ ਨੇ ਧੋਬੀ।

ਉਥੇ ਦਰਸ਼ਕਾਂ ਵਿਚ ਦੋ ਅਮਰੀਕਨ ਵੀ ਬੈਠੇ ਸਨ। ਉਨ੍ਹਾਂ ਵਿਚੋਂ ਇਕ ਨੇ ਉੱਚੀ ਆਵਾਜ਼ ਵਿਚ ਕਿਹਾ, ਇਹ ਉਹ ਕਿਸਾਨ, ਲੁਹਾਰ ਅਤੇ ਧੋਬੀ ਹਨ, ਜਿਨ੍ਹਾਂ ਨੇ ਇੰਗਲੈਂਡ ਦੀਆਂ ਸ਼ਾਹੀ ਫੌਜਾਂ ਦੇ ਛੱਕੇ ਛੁਡਾਏ ਹਨ ਅਤੇ ਅਮਰੀਕਾ ਨੂੰ ਆਜ਼ਾਦ ਕਰਵਾਇਆ ਹੈ।

498

ਭਾਸ਼ਣ ਦੇਣ ਵਾਲਿਆਂ ਨੂੰ ਕਈ ਅਵਸਰਾਂ 'ਤੇ ਭਰਪੂਰ ਸਫਲਤਾ ਮਿਲਦੀ ਹੈ ਪਰ ਕਈ ਵਾਰੀ ਬੜੀ ਨਿਰਾਸਤਾ ਵੀ ਮਿਲਦੀ ਹੈ ਅਤੇ ਕਈ ਵਾਰੀ ਸਥਿਤੀ ਅਜਿਹੀ ਹੁੰਦੀ ਹੈ ਕਿ ਸਾਰਾ ਜੀਵਨ ਨਹੀਂ ਭੁੱਲਦੀ।

ਅਮਰੀਕਾ ਵਿਚ ਨੰਗਿਆਂ ਦੀ ਇਕ ਸਭਾ ਨੇ ਇਕ ਵਾਰੀ ਆਪਣੇ ਸਾਲਾਨਾ ਇਕੱਠ ਦੌਰਾਨ, ਇੱਕ ਪ੍ਰਸਿੱਧ ਬੁਲਾਰੇ ਨੂੰ ਭਾਸ਼ਣ ਦੇਣ ਲਈ ਬੁਲਾਇਆ।

www.quotesinpunjabi.ml

QuotesInPunjabi

ਉਹ ਜਦੋਂ ਪਹੁੰਚਿਆ ਤਾਂ ਉਸ ਨੇ ਵੇਖਿਆ ਕਿ ਉਥੇ ਤਾਂ ਸਾਰੇ ਇਸਤਰੀਆਂ-ਪੁਰਸ਼ ਨੰਗੇ ਘੁੰਮ ਰਹੇ ਸਨ। ਭਾਸ਼ਣ ਦੋ ਘੰਟੇ ਮਗਰੋਂ ਹੋਣਾ ਸੀ। ਪ੍ਰਬੰਧਕ ਉਸ ਬੁਲਾਰੇ ਨੂੰ ਸਮਾਗਮ ਵਾਲੇ ਹੋਟਲ ਦੇ ਇਕ ਕਮਰੇ ਵਿਚ ਲੈ ਗਏ, ਜਿਥੇ ਉਸ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ ਸੀ। ਜਿਹੜਾ ਪ੍ਰਬੰਧਕ ਉਸ ਨੂੰ ਕਮਰੇ ਵਿਚ ਛੱਡਣ ਆਇਆ, ਉਹ ਵੀ ਨੰਗਾ ਸੀ। ਉਸ ਨੇ ਕਿਹਾ: ਤੁਸੀਂ ਇਥੇ ਆਰਾਮ ਕਰੋ ਅਤੇ ਜਦੋਂ ਦੋ ਘੰਟੇ ਮਗਰੋਂ ਘੰਟੀ ਵੱਜੇ ਤਾਂ ਤੁਸੀਂ ਭਾਸ਼ਣ ਦੇਣ ਲਈ ਨਾਲ ਵਾਲੇ ਵੱਡੇ ਹਾਲ ਵਿਚ ਆ ਜਾਣਾ।

ਬੁਲਾਰੇ ਨੇ ਸੋਚਿਆ ਜੇ ਮੈਂ ਨੰਗਿਆਂ ਨੂੰ ਭਾਸ਼ਣ ਦੇਣਾ ਹੈ ਤਾਂ ਠੀਕ ਇਹੀ ਹੋਵੇਗਾ ਕਿ ਮੈਂ ਵੀ ਉਨ੍ਹਾਂ ਵਰਗਾ ਲੱਗਾਂ, ਅਰਥਾਤ ਮੈਂ ਵੀ ਨੰਗਾ ਹੋਵਾਂ। ਕਿਵੇਂ ਨਾ ਕਿਵੇਂ, ਉਹ ਸਾਰੇ ਕੱਪੜੇ ਉਤਾਰ ਕੇ, ਨੰਗਾ ਹੋ ਕੇ ਭਾਸ਼ਣ ਵਾਲੀ ਘੰਟੀ ਉਡੀਕਣ ਲੱਗ ਪਿਆ।

ਜਦੋਂ ਸਰੋਤੇ ਹਾਲ ਵਿਚ ਬਹਿ ਗਏ ਤਾਂ ਭਾਸ਼ਣ ਅਰੰਭ ਹੋਣ ਦੀ ਘੰਟੀ ਵੱਜੀ, ਜਿਸ ਨੂੰ ਸੁਣ ਕੇ ਉਹ ਬੁਲਾਰਾ ਨਗਨ ਰੂਪ ਵਿਚ ਹਾਲ ਵਿਚ ਪਹੁੰਚ ਗਿਆ, ਜਿਥੇ ਕੋਈ ਨੰਗਾ ਨਹੀਂ ਸੀ, ਕਿਉਂਕਿ ਸਾਰੇ ਨੰਗਿਆਂ ਨੇ, ਪ੍ਰਸਿੱਧ ਬੁਲਾਰੇ ਦੇ ਸਤਿਕਾਰ ਵਿਚ, ਪੂਰੇ ਲਿਬਾਸ ਪਾਏ ਹੋਏ ਸਨ, ਜਦੋਂ ਕਿ ਵਿਸ਼ਾਲ ਇਕੱਠ ਵਿਚ, ਕੇਵਲ ਬੁਲਾਰਾ ਪੂਰੀ ਤਰ੍ਹਾਂ ਨੰਗਾ ਸੀ।

499

ਹਰ ਪੀੜ੍ਹੀ ਆਪਣੇ ਮਾਪਿਆਂ ਤੋਂ ਵਧੇਰੇ ਚਲਾਕ ਅਤੇ ਘੱਟ ਸੰਜਮੀ ਹੁੰਦੀ ਹੈ।

ਮਲਕਾ ਇਲੈਂਜ਼ਬੈਥ ਦੇ ਪੁੱਤਰ, ਚਾਰਲਸ ਨੇ ਸਕੂਲ ਵਿਚੋਂ ਮਾਂ ਨੂੰ ਚਿੱਠੀ ਲਿਖੀ ਕਿ ਜੇਬ ਖਰਚ ਲਈ ਮਿਲੀ ਰਾਸ਼ੀ ਮੁੱਕ ਗਈ ਹੈ, ਪੰਜਾਹ ਪੌਂਡ ਭੇਜੋ।

ਮਲਕਾ ਨੇ ਪੁੱਤਰ ਨੂੰ ਸੰਜਮ ਸਿਖਾਉਣ ਦੇ ਉਦੇਸ਼ ਨਾਲ ਲੰਮੀ ਚੌੜੀ ਚਿੱਠੀ ਲਿਖੀ ਅਤੇ ਆਖਿਆ ਕਿ ਉਹ ਜਿਹੜੀ ਬਾਈਬਲ ਲੈ ਕੇ ਗਿਆ ਸੀ, ਉਸ ਦੇ ਇਕ ਸੌ ਤੇਈਵੇਂ ਪੰਨੇ 'ਤੇ ਜੋ ਲਿਖਿਆ ਹੈ, ਉਹ ਪੜ੍ਹੇ। ਰਾਜਕੁਮਾਰ ਨੇ ਲਿਖਿਆ: ਪੰਨਾ ਪੜ੍ਹ ਲਿਆ ਹੈ ਪਰ ਪੈਸਿਆਂ ਲਈ ਮੁੜ ਬੇਨਤੀ ਹੈ, ਜਲਦੀ ਭੇਜੋ। ਮਲਕਾ ਨੇ ਪੁੱਤਰ ਨੂੰ ਝਾੜ ਪਾਉਂਦਿਆਂ ਕਿਹਾ ਕਿ ਤੂੰ ਬਾਈਬਲ ਦਾ ਪੰਨਾ ਨਹੀਂ ਪੜ੍ਹਿਆ, ਜੇ ਪੜ੍ਹਿਆ ਹੁੰਦਾ ਤਾਂ ਉਥੇ ਮੇਰੇ ਵਲੋਂ ਰਖੇ ਪੰਜਾਹ ਪੌਂਡ ਤੈਨੂੰ ਮਿਲ ਜਾਣੇ ਸਨ।

ਕੁਝ ਹਫਤੇ ਮਗਰੋਂ ਰਾਜਕੁਮਾਰ ਨੇ ਸੌ ਪੌਂਡ ਮੰਗ ਭੇਜੇ, ਮਲਕਾ ਨੇ ਮੁੜ ਸਖ਼ਤ ਚਿੱਠੀ ਲਿਖੀ ਪਰ ਪੈਸੇ ਨਾ ਭੇਜੇ। ਰਾਜਕੁਮਾਰ ਨੇ ਮਲਕਾ ਦੀ ਇਹ ਚਿੱਠੀ ਸੌ ਪੌਂਡ ਵਿਚ ਵੇਚ ਦਿੱਤੀ ਅਤੇ ਮਲਕਾ ਨੂੰ ਉਹ ਸਖ਼ਤ ਚਿੱਠੀ ਲਿਖਣ ਲਈ ਧੰਨਵਾਦ ਲਿਖ ਭੇਜਿਆ।

500

ਮਾਂ ਨੂੰ ਮਿਲਣ ਆਈ ਧੀ ਨੇ ਕਿਹਾ: ਮੁਸ਼ਕਲਾਂ ਹੀ ਮੁਸ਼ਕਲਾਂ ਹਨ, ਇਕ ਹੱਲ ਕਰਦੀ ਹਾਂ ਤਿੰਨ ਹੋਰ ਉਪਜ ਪੈਂਦੀਆਂ ਹਨ, ਸਮਝ ਨਹੀਂ ਆਉਂਦੀ ਕੀ ਕਰਾਂ ?

ਮਾਂ ਨੇ ਤਿੰਨ ਛੋਟੀਆਂ ਪਤੀਲੀਆਂ ਲਈਆਂ, ਅੱਧੀਆਂ ਪਾਣੀ ਨਾਲ ਭਰੀਆਂ। ਇਕ ਵਿਚ ਗਾਜਰਾਂ, ਦੂਜੀ ਵਿਚ ਅੰਡੇ ਅਤੇ ਤੀਜੀ ਵਿਚ ਚਾਹ ਦੀ ਪੱਤੀ ਪਾਈ। ਇਹ ਚੀਜ਼ਾਂ

www.quotesinpunjabi.ml

QuotesInPunjabi

ਪਤੀਲੀਆਂ ਵਿਚ ਵੀਹ ਮਿੰਟ ਉਬਾਲੀਆਂ ਅਤੇ ਲਾਹ ਕੇ ਰੱਖ ਦਿੱਤੀਆਂ। ਧੀ ਨੂੰ ਕਿਹਾ: ਛੂਹ ਕੇ ਵੇਖ, ਗਾਜਰਾਂ ਸਖਤ ਸਨ, ਨਰਮ ਹੋ ਗਈਆਂ ਹਨ, ਅੰਡੇ ਟੁੱਟਣਹਾਰ ਸਨ, ਪੀਡੇ ਹੋ ਗਏ ਹਨ; ਚਾਹ ਦੀ ਪੱਤੀ ਨੇ ਪਾਣੀ ਦਾ ਰੰਗ ਬਦਲ ਦਿੱਤਾ ਹੈ।

ਇਨ੍ਹਾਂ ਤਿੰਨਾਂ ਨੇ ਪਾਣੀ ਦੇ ਉਬਲਣ ਦੀ ਇਕ ਹੀ ਮੁਸੀਬਤ ਬਰਦਾਸ਼ਤ ਕੀਤੀ ਹੈ। ਜੋ ਸਖਤ ਸੀ ਉਹ ਨਰਮ ਹੋ ਗਿਆ ਹੈ, ਜੋ ਟੁੱਟਣ ਵਾਲਾ ਸੀ ਉਹ ਪੀਡਾ ਹੋ ਗਿਆ ਹੈ, ਜਿਸਦੀ ਹੋਂਦ ਛੁਪੀ ਹੋਈ ਸੀ, ਉਹ ਪ੍ਰਗਟ ਹੋ ਗਿਆ ਹੈ।

ਇਕ ਹੀ ਮੁਸੀਬਤ ਹਰ ਕਿਸੇ 'ਤੇ ਇਕੋ ਜਿਹਾ ਅਸਰ ਨਹੀਂ ਕਰਦੀ, ਸਾਡੇ ਉਤੇ ਨਿਰਭਰ ਕਰਦਾ ਹੈ ਕਿ ਸਾਡੇ ਉਤੇ ਮੁਸੀਬਤ ਕੀ ਅਸਰ ਪਾਉਂਦੀ ਹੈ।

ਜੇ ਸਖਤ ਹੋ ਤਾਂ ਨਰਮ ਹੋ ਜਾਓ, ਜੇ ਟੁੱਟਣ ਵਾਲੇ ਹੋ ਤਾਂ ਪੀਡੇ ਹੋ ਜਾਓ, ਜੇ ਕੋਈ ਤਰਕੀਬ ਨਹੀਂ ਤਾਂ ਮੁਸੀਬਤ ਵੇਲੇ ਮੁਸੀਬਤ ਵਿਚ ਘੁਲ ਜਾਓ।

501

ਆਪਣੇ ਉੱਚੇ ਘਰਾਣੇ ਦਾ ਮਾਣ ਕਰਨ ਵਾਲੇ ਇਕ ਈਰਖਾਲੂ ਜਰਨੈਲ ਨੇ ਆਪਣੇ ਸਾਥੀ ਜਰਨੈਲ 'ਤੇ ਮੁਕੱਦਮਾ ਕਰ ਦਿੱਤਾ ਅਤੇ ਉਸ ਦੇ ਮੋਚੀ ਦਾ ਪੁੱਤਰ ਹੋਣ ਦੇ ਤੱਥ ਨੂੰ ਉਘਾੜ ਕੇ, ਅਦਾਲਤ ਵਿਚ ਉਸਦਾ ਅਪਮਾਨ ਕਰਨਾ ਚਾਹਿਆ।

ਜਿਹੜਾ ਜਰਨੈਲ ਮੋਚੀ ਦਾ ਪੁੱਤਰ ਸੀ, ਉਸ ਨੇ ਬੜੇ ਧੀਰਜ ਨਾਲ, ਭਰੀ ਅਦਾਲਤ ਵਿਚ, ਜਵਾਬ ਦਿੱਤਾ: ਮੇਰੇ ਖਾਨਦਾਨ ਦੀ ਸ਼ਾਨ, ਮੇਰੇ ਨਾਲ ਆਰੰਭ ਹੋਈ ਹੈ, ਤੁਹਾਡੇ ਖਾਨਦਾਨ ਦੀ ਸ਼ਾਨ, ਤੁਹਾਡੇ ਨਾਲ ਖੁੱਸਣ ਲਗ ਪਈ ਹੈ।

502

ਸੈਰ ਕਰੋਗੇ, ਭਾਂਤ-ਭਾਂਤ ਦੇ ਅਨੁਭਵ ਹੋਣਗੇ।

ਹਰ ਕਿਸੇ ਦੀ ਅਸਲੀ ਸ਼ਕਲ ਦਿਸੇਗੀ। ਕਈ ਸਿੱਧੇ ਟੁਰਦੇ ਹਨ। ਕਈ ਇਕੱਲੇ ਟੁਰਦੇ ਹੀ ਨਹੀਂ, ਉਹ ਸੈਰ ਕਰਨ ਨਹੀਂ ਆਉਂਦੇ, ਉਹ ਗੱਪਾਂ ਮਾਰਨ ਆਉਂਦੇ ਹਨ। ਕੋਈ ਲਤੀਫੇਬਾਜ਼ ਹੋਣਗੇ, ਕਈ ਸਵੇਰੇ ਹੀ ਸ਼ੇਅਰ ਸੁਣਾਉਣਗੇ। ਬਹੁਤੇ ਰਾਜਨੀਤੀ ਵਿਚਾਰਨ ਵਾਲੇ ਹੁੰਦੇ ਹਨ, ਕਈ ਕੱਲ੍ਹ ਦੀ ਅਖਬਾਰ, ਅੱਜ ਸੁਣਾਉਣ ਵਾਲੇ ਹੋਣਗੇ। ਕਈ ਤੁਹਾਡੀ ਹਰ ਗੱਲ ਵਿਚ ਕੰਘੀ ਫੇਰਨਗੇ। ਸੈਰ ਕਰਨ ਵਾਲੀਆਂ ਇਸਤਰੀਆਂ ਦਾ ਮਨਭਾਉਂਦਾ ਵਿਸ਼ਾ ਨੂੰਹਾਂ ਅਤੇ ਸੱਸਾਂ ਹੁੰਦੀਆਂ ਹਨ। ਕਈ ਮੋਟੇ, ਮੋਟਾਪੇ ਨਾਲ ਜੂਝ ਰਹੇ ਹੁੰਦੇ ਹਨ, ਕਈ ਜਵਾਨੀ ਦੀਆਂ ਲਾਪ੍ਰਵਾਹੀਆਂ ਦਾ ਪਛਤਾਵਾ ਕਰ ਰਹੇ ਵਿਖਾਈ ਦੇਣਗੇ। ਕਈ ਇਸਤਰੀਆਂ ਇਵੇਂ ਟੁਰਦੀਆਂ ਹਨ, ਜਿਵੇਂ ਘਰ ਵਾਲਿਆਂ ਨੇ ਕਿਹਾ ਹੋਵੇ ਕਿ ਪਤਲੀਆਂ ਹੋ ਕੇ ਹੀ ਮੁੜਨਾ।

ਕਈ ਚਲਦੇ ਘੱਟ ਹਨ, ਰੁੜ੍ਹਦੇ ਵਧੇਰੇ ਹਨ।

ਕਈ ਸਵੇਰੇ ਹੀ ਮੋਬਾਈਲ ਨੂੰ ਤੰਗ ਕਰਨ ਲੱਗ ਪੈਂਦੇ ਹਨ। ਕਈ ਪਤੀ-ਪਤਨੀ ਇਕੱਠੇ, ਇਕ-ਦੂਜੇ ਨਾਲ ਚਾਲ ਮਿਲਾਉਂਦੇ, ਅੱਗੇ ਪਿਛੇ ਹੁੰਦੇ ਰਹਿੰਦੇ ਹਨ। ਕਈ ਮੁੰਡੇ,

www.quotesinpunjabi.ml

QuotesInPunjabi
ਕੁੜੀਆਂ ਨੂੰ ਲੱਭ ਰਹੇ ਹੁੰਦੇ ਹਨ। ਕਈ ਜੋੜਿਆਂ ਨੂੰ ਵੇਖ ਕੇ ਲਗਦਾ ਹੈ ਕਿ ਸੈਰ ਕਰਨ ਤਾਂ ਪਤਨੀ ਆਈ ਹੈ, ਪਤੀ ਤਾਂ ਨਾਲ ਨੱਥੀ ਹੋਇਆ-ਹੋਇਆ ਹੈ।

ਕਈ ਪਤਨੀਆਂ ਆਪ ਤਾਂ ਕੁੜੀਆਂ ਬਣੀਆਂ ਹੁੰਦੀਆਂ ਹਨ ਪਰ ਪਤੀ ਬਾਬੇ ਲਗਦੇ ਹਨ। ਕਈ ਗਰੁੱਪਾਂ ਵਿਚ ਆਉਂਦੇ ਹਨ। ਕਈਆਂ ਨੇ ਦੁੱਧ ਲਈ ਡੋਲੂ ਚੁੱਕੇ ਹੁੰਦੇ ਹਨ। ਕੁਝ ਨੇ ਸੈਰ ਕਰਨ ਵਾਲਾ ਪੂਰਾ ਲਿਬਾਸ ਪਾਇਆ ਹੁੰਦਾ ਹੈ, ਜਦੋਂ ਕਿ ਕਈ ਬਿਸਤਰੇ ਵਿਚੋਂ ਉੱਠ ਕੇ ਸਿੱਧੇ ਸੜਕ 'ਤੇ ਆ ਜਾਂਦੇ ਹਨ।

ਨਾਟਕ ਤਾਂ ਸਵੇਰੇ ਹੀ ਸ਼ੁਰੂ ਹੋ ਜਾਂਦਾ ਹੈ। ਜਿਹੜੇ ਇਸ ਵਿਚ ਭਾਗ ਲੈਂਦੇ ਹਨ, ਉਹੀ ਮਾਣਦੇ ਹਨ ਪਰ ਇਸ ਮਨੋਰੰਜਨ ਨੂੰ ਮਾਣਨ ਲਈ ਸੈਰ ਕਰਨੀ ਪਏਗੀ।

503

ਸ਼ਹਿਰ ਵਿਚ ਦੋ ਮੋਟਰ-ਸਾਈਕਲ ਟਕਰਾ ਗਏ, ਦੋਵੇਂ ਸਵਾਰ ਡਿੱਗ ਪਏ।
ਇਕ ਉੱਠਿਆ: ਅੰਨ੍ਹਾ ਹੋਇਐਂ ?
ਅੰਨ੍ਹਾ ਹੋਵੇਗਾ ਤੇਰਾ ਬਾਪ। ਅੰਨ੍ਹਾ ਹੋਏਂਗਾ ਤੂੰ।
ਲੜਾਈ ਹੋ ਗਈ, ਕੱਪੜੇ ਫਟ ਗਏ, ਸੱਟਾਂ ਲੱਗ ਗਈਆਂ।
ਲੋਕਾਂ ਨੇ ਵਿਚ ਪੈ ਕੇ ਵੱਖ ਕੀਤੇ। ਜਾਣ ਵੇਲੇ ਦੋਵੇਂ ਧਮਕੀਆਂ ਦੇ ਰਹੇ ਸਨ।....
ਪਿੰਡ ਵਿਚ ਦੋ ਸਾਈਕਲਾਂ ਦੀ ਟੱਕਰ ਹੋ ਗਈ, ਦੋਵੇਂ ਡਿੱਗ ਪਏ।
ਇਕ ਉੱਠਿਆ, ਉਸ ਨੇ ਦੂਜੇ ਨੂੰ ਉਠਾਇਆ।
ਮੁਆਫ਼ ਕਰੀਂ, ਮੇਰੀ ਗਲਤੀ ਨਾਲ ਤੂੰ ਡਿੱਗ ਪਿਆ, ਸੱਟ 'ਤੇ ਨਹੀਂ ਲੱਗੀ ?
ਦੂਜੇ ਨੇ ਉਸ ਦੀ ਸਾਈਕਲ ਚੁਕਦਿਆਂ ਕਿਹਾ, ਕੋਈ ਸੱਟ ਨਹੀਂ ਲੱਗੀ।
ਬਾਈ ਸਿਆਂ ਮੇਰਾ ਹੈਂਡਲ ਘੁੰਮ ਗਿਆ ਸੀ, ਤੈਨੂੰ ਵੀ ਤੰਰਗ ਕੀਤਾ।
ਮੇਰਾ ਪਿੰਡ ਅਮਰੋਦਾ ਹੈ, ਤੂੰ ਕਿਥੇ ਦਾ ਹੈਂ ?
ਮੈਂ ਮਿਠੂਵਾਲ ਦਾ ਹਾਂ। ਜਗੀਰ ਸਿੰਘ ਪਹਿਲਵਾਨ ਮੇਰਾ ਚਾਚਾ ਹੈ।
ਅੱਛਾ, ਮਿਠੂਵਾਲ ਤਾਂ ਮੇਰੀ ਭਤੀਜੀ ਵਿਆਹੀ ਹੋਈ ਹੈ, ਫੌਜੀ ਗੁਰਜੰਟ ਦੇ ਘਰ।
ਬਾਈ ਸਿਆਂ, ਕਦੀ ਅਮਰੋਦੇ ਆਵੇਂ ਤਾਂ ਮਿਲੀਂ, ਮੇਰਾ ਨਾਂ ਭਗਵੰਤ ਸਿੰਘ ਹੈ।
ਦੋਵੇਂ ਇਕ-ਦੂਜੇ ਨਾਲ ਹੱਥ ਮਿਲਾ ਕੇ, ਆਪਣੇ-ਆਪਣੇ ਰਾਹ ਪੈ ਗਏ।....
ਜੋ ਢੰਗ ਪਸੰਦ ਆਵੇ, ਅਪਨਾ ਲੈਣਾ।

504

ਬੜੀ ਪੁਰਾਣੀ ਗੱਲ ਹੈ। ਅਮਰੀਕਾ ਦੀ ਪੁਰਾਣੀ ਅਤੇ ਪ੍ਰਸਿੱਧ ਹਾਰਵਰਡ ਯੂਨੀਵਰਸਿਟੀ ਵਿਚ ਇਕ ਬਜ਼ੁਰਗ ਜੋੜਾ ਯੂਨੀਵਰਸਿਟੀ ਦੇ ਚਾਂਸਲਰ ਨੂੰ ਮਿਲਣ ਲਈ ਆਪਣੀ ਵਾਰੀ ਉਡੀਕ ਰਿਹਾ ਸੀ। ਉਨ੍ਹਾਂ ਨੇ ਸਾਧਾਰਨ ਕੱਪੜੇ ਪਾਏ ਹੋਏ ਸਨ। ਚਾਂਸਲਰ ਦੇ ਸਕੱਤਰ ਨੇ ਪੁੱਛਿਆ: ਕੀ ਤੁਸੀਂ ਆਪਣੇ ਮਿਲਣ ਦੀ ਅਗਾਊਂ ਪ੍ਰਵਾਨਗੀ ਲਈ ਹੋਈ ਹੈ। ਉਨ੍ਹਾਂ ਨੇ ਪ੍ਰਵਾਨਗੀ ਨਹੀਂ ਸੀ ਲਈ ਪਰ ਉਨ੍ਹਾਂ ਨੇ ਕਿਹਾ, ਅਸੀਂ ਜ਼ਰੂਰ ਮਿਲਣਾ ਹੈ, ਅਸੀਂ ਉਡੀਕ

www.quotesinpunjabi.ml

QuotesInPunjabi
ਕਰ ਲਵਾਂਗੇ। ਸਕੱਤਰ ਨੇ ਚਾਂਸਲਰ ਨੂੰ ਦੱਸਿਆ, ਚਾਂਸਲਰ ਨੇ ਬੁਲਾਇਆ।

ਬਜ਼ੁਰਗ ਜੋੜੇ ਨੇ ਦੱਸਿਆ: ਕੁਝ ਚਿਰ ਪਹਿਲਾਂ ਸਾਡਾ ਪੁੱਤਰ ਇਥੇ ਪੜ੍ਹਦਾ ਸੀ।

ਉਹ ਦੋ ਸਾਲ ਦੇ ਕੋਰਸ ਲਈ ਦਾਖਲ ਹੋਇਆ ਸੀ ਪਰ ਇਕ ਸਾਲ ਮਗਰੋਂ ਹੀ ਉਹ ਇਕ ਦੁਰਘਟਨਾ ਵਿਚ ਚੱਲ ਵਸਿਆ ਸੀ।

ਅਸੀਂ ਯੂਨੀਵਰਸਿਟੀ ਵਿਚ, ਉਸ ਦੀ ਯਾਦ ਵਿਚ ਕੁਝ ਬਣਵਾਉਣਾ ਚਾਹੁੰਦੇ ਹਾਂ।

ਉਨ੍ਹਾਂ ਨੂੰ ਸੁਣ ਕੇ ਚਾਂਸਲਰ ਨੇ ਕਿਹਾ, ਪਝੱਤਰ ਲੱਖ ਡਾਲਰ ਦੇ ਭਾਰੀ ਖਰਚੇ ਨਾਲ ਬਣੀ ਇਸ ਯੂਨੀਵਰਸਿਟੀ ਵਿਚ ਜੇ ਅਸੀਂ ਇਵੇਂ ਇਮਾਰਤਾਂ ਬਣਵਾਉਣ ਅਤੇ ਬੁੱਤ ਲਵਾਉਣ ਲਗ ਪਏ ਤਾਂ ਸਾਰੀ ਥਾਂ ਭਰ ਜਾਵੇਗੀ। ਇਹ ਕਹਿਕੇ ਚਾਂਸਲਰ ਆਪਣੇ ਕਾਗਜ਼-ਪੱਤਰ ਫਰੋਲਣ ਲਗ ਪਿਆ ਸੀ, ਜਿਹੜਾ ਉਸ ਜੋੜੇ ਲਈ ਚਲੇ ਜਾਣ ਦਾ ਸੰਕੇਤ ਸੀ।

ਬਾਹਰ ਨਿਕਲ ਕੇ ਪਤਨੀ ਨੇ ਕਿਹਾ: ਜੇ ਪਝੱਤਰ ਲੱਖ ਡਾਲਰ ਨਾਲ ਯੂਨੀਵਰਸਿਟੀ ਬਣ ਜਾਂਦੀ ਹੈ ਤਾਂ ਅਸੀਂ ਆਪਣੇ ਪੁੱਤਰ ਦੀ ਯਾਦ ਵਿਚ ਇਕ ਯੂਨੀਵਰਸਿਟੀ ਹੀ ਕਿਉਂ ਨਾ ਬਣਵਾ ਦੇਈਏ, ਅਮਰੀਕਾ ਦੀ ਹਾਰਵਰਡ ਉਪਰੰਤ, ਦੂਜੀ ਪ੍ਰਸਿੱਧ ਯੂਨੀਵਰਸਿਟੀ, ਸਟੈਨਫੋਰਡ ਇਵੇਂ ਬਣੀ ਸੀ।

505

ਜੇ ਬੇਇੱਜ਼ਤੀ ਕਰੋਗੇ ਤਾਂ ਬੇਇੱਜ਼ਤੀ ਹੋਵੇਗੀ ਵੀ।

ਇਕ ਪ੍ਰੀਤੀ ਭੋਜ ਵਿਚ ਸਾਰਿਆਂ ਦੇ ਧਿਆਨ ਦਾ ਕੇਂਦਰ ਬਣੀ ਇਕ ਸੁੰਦਰ ਇਸਤਰੀ ਨੇ ਸੋਹਣੇ ਮੋਤੀਆਂ ਦਾ ਹਾਰ ਪਾਇਆ ਹੋਇਆ ਸੀ।

ਸਾੜੇ-ਈਰਖਾ ਦਾ ਸ਼ਿਕਾਰ ਵਿਅਕਤੀ, ਸ਼ਾਂਤ ਨਹੀਂ ਰਹਿ ਸਕਦਾ।

ਇਕ ਹੋਰ ਆਪਣੇ ਖਾਨਦਾਨ ਦਾ ਮਾਣ ਕਰਨ ਵਾਲੀ, ਸਾੜੇ ਦੀ ਸ਼ਿਕਾਰ ਇਸਤਰੀ, ਆਪਣੀ ਸੀਟ ਤੋਂ ਉਠ ਕੇ, ਉਸ ਕੋਲ ਆਈ ਅਤੇ ਸਾਰਿਆਂ ਨੂੰ ਸੁਣਾ ਕੇ ਕਿਹਾ: ਮੈਡਮ, ਮੋਤੀ ਬੜੇ ਸੋਹਣੇ ਹਨ, ਅਸਲੀ ਹਨ ਕਿ ਨਕਲੀ ?

ਸੁੰਦਰ ਇਸਤਰੀ ਨੇ ਧੀਰਜ ਨਾਲ ਕਿਹਾ: ਤੁਸੀਂ ਇਨ੍ਹਾਂ ਨੂੰ, ਦੰਦਾਂ ਨਾਲ ਚਬਾ ਕੇ ਅਧ ਹੀ ਜਾਣ ਲਵੋ ਕਿ ਅਸਲੀ ਹਨ ਕਿ ਨਕਲੀ ਪਰ ਮੈਂ ਸੋਚਦੀ ਹਾਂ ਕਿ ਤੁਸੀਂ ਆਪਣੇ ਨਕਲੀ ਦੰਦਾਂ ਨਾਲ ਇਨ੍ਹਾਂ ਨੂੰ ਚਬਾਓਗੇ ਕਿਵੇਂ ?

506

ਇਕ ਵਿਅਕਤੀ ਨੇ ਇਕ ਸੰਤ ਦੀ ਬੜੀ ਸੇਵਾ ਕੀਤੀ। ਸੰਤ ਨੇ ਪ੍ਰਸੰਨ ਹੋ ਕੇ ਉਸ ਨੂੰ ਪਾਰਸਮਣੀ ਦਿੱਤੀ ਅਤੇ ਕਿਹਾ ਕਿ ਇਕ ਮਹੀਨਾ ਇਸ ਨਾਲ ਛੁਹਾਉਣ ਨਾਲ, ਤੇਰਾ ਆਪਣਾ ਖਰੀਦਿਆ ਲੋਹਾ, ਸੋਨਾ ਬਣ ਜਾਵੇਗਾ।

ਉਹ ਵਿਅਕਤੀ ਲੋਹਾ ਖਰੀਦਣ ਗਿਆ, ਪਤਾ ਲੱਗਾ ਅੱਜ ਲੋਹਾ, ਕੱਲ੍ਹ ਨਾਲੋਂ ਮਹਿੰਗਾ ਹੋ ਗਿਆ ਹੈ। ਲੋਹਾ ਹਰ ਰੋਜ਼ ਮਹਿੰਗਾ ਹੁੰਦਾ ਜਾ ਰਿਹਾ ਸੀ। ਸੋਚਿਆ ਜਦੋਂ ਸਸਤਾ ਹੋ ਜਾਵੇਗਾ, ਉਦੋਂ ਖਰੀਦ ਲਵਾਂਗਾ। ਸਾਰਾ ਮਹੀਨਾ ਲੰਘਾ ਦਿੱਤਾ।

www.quotesinpunjabi.ml

QuotesInPunjabi

ਲੋਹੇ ਨੂੰ ਸੋਨਾ ਬਣਾਉਣ ਦਾ ਮਿਲਿਆ ਮੌਕਾ ਗੁਆ ਦਿੱਤਾ।

ਉਸ ਨੂੰ ਇਹ ਗੱਲ ਕਿਉਂ ਸਮਝ ਨਾ ਆਈ ਕਿ ਲੋਹਾ, ਕਿਤਨਾ ਵੀ ਮਹਿੰਗਾ ਹੋਵੇ, ਸੋਨੇ ਨਾਲੋਂ ਤਾਂ ਸਸਤਾ ਹੀ ਹੋਣਾ ਸੀ।

ਅਸਲ ਕਾਰਨ ਇਹ ਸੀ ਕਿ ਉਸ ਦਾ ਧਿਆਨ ਕੀਮਤੀ ਸੋਨੇ ਵੱਲ ਨਹੀਂ ਸੀ, ਮਹਿੰਗੇ ਲੋਹੇ ਨੂੰ ਸਸਤਾ ਲੋਹਾ ਬਣਾਉਣ ਵਿਚ ਸੀ। ਉਸਦੀ ਸੋਚ ਛੋਟੀ ਸੀ।

ਇਵੇਂ ਹੀ ਇਕ ਆਦਮੀ ਕੋਲ ਅੰਬਾਂ ਦਾ ਟੋਕਰਾ ਸੀ, ਹਰ ਰੋਜ਼ ਇਕ ਅੰਬ ਖ਼ਰਾਬ ਹੋ ਜਾਂਦਾ ਸੀ, ਜਿਹੜਾ ਉਹ ਅੱਧ-ਪਚੱਧਾ ਖਾ ਲੈਂਦਾ ਸੀ। ਉਸ ਨੇ ਇਕ ਖਰਾਬ ਅੰਬ ਤੋਂ ਛੁਟਕਾਰਾ ਪਾਉਣਾ ਨਾ ਸਿੱਖਿਆ ਅਤੇ ਹਰ ਰੋਜ਼ ਖਰਾਬ ਅੰਬ ਖਾਂਦਾ ਰਿਹਾ।

ਮੌਕਾ ਮਿਲ ਵੀ ਜਾਵੇ, ਲਾਭ ਮੌਕੇ ਵਿਚ ਨਹੀਂ ਹੁੰਦਾ, ਉਸ ਦੀ ਸਿਆਣੀ ਵਰਤੋਂ ਵਿਚ ਅਤੇ ਉਸ ਤੋਂ ਲਾਭ ਉਠਾਉਣ ਦੀ ਜੁਗਤ ਵਿਚ ਹੁੰਦਾ ਹੈ।

507

ਯੋਰਪ ਵਿਚ ਕਈਆਂ ਦਾ ਨੱਕ ਆਪਣੇ ਖਾਨਦਾਨ ਕਰਕੇ ਅਤੇ ਕਈਆਂ ਦਾ ਆਪਣੇ ਅਹੁਦੇ ਕਾਰਨ, ਬੜਾ ਉੱਚਾ ਹੋ ਜਾਂਦਾ ਹੈ।

ਇਨ੍ਹਾਂ ਲੋਕਾਂ ਨੂੰ ਉੱਚੇ ਨੱਕ ਵਾਲੇ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਭਾਰਤ ਵਿਚ ਅਸੀਂ ਪਾਟੇ ਖਾਂ ਅਤੇ ਨਾਢੂ ਖਾਂ ਅਤੇ ਤੀਸ ਮਾਰ ਖਾਂ ਕਹਿੰਦੇ ਹਾਂ।

ਇਕ ਵਿਅਕਤੀ ਇਕ ਪਾਰਟੀ ਵਿਚ ਆਪਣੇ ਖਾਨਦਾਨ ਦੀਆਂ ਬੜੀਆਂ ਫੜ੍ਹਾਂ ਮਾਰ ਰਿਹਾ ਸੀ। ਜਦੋਂ ਉਸ ਨੇ ਨੱਕ ਉੱਚਾ ਕਰਕੇ ਕਿਹਾ: ਮੈਂ ਬੇਵਕੂਫ਼ਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ, ਤਾਂ ਉਥੇ ਖਲੋਤੀ, ਉਸ ਦੀਆਂ ਫੜ੍ਹਾਂ ਤੋਂ ਅੱਕੀ ਹੋਈ, ਇਕ ਇਸਤਰੀ ਨੇ ਜਵਾਬ ਦਿੰਦਿਆਂ ਕਿਹਾ: ਤੁਹਾਡੀ ਮਾਂ ਤਾਂ ਬਰਦਾਸ਼ਤ ਕਰਦੀ ਰਹੀ ਹੈ।

508

ਪਾਠਕ ਕਈ ਕਿਸਮ ਦੇ ਹੁੰਦੇ ਹਨ।

ਇਕ ਉਹ ਹੁੰਦੇ ਹਨ, ਜਿਨ੍ਹਾਂ ਨੂੰ ਪੜ੍ਹਨਾ ਪੈਂਦਾ ਹੈ, ਸੰਖੇਪ ਲਿਖਣ ਵਾਸਤੇ ਜਾਂ ਖਬਰ ਬਣਾਉਣ ਵਾਸਤੇ, ਇਹ ਪੁਸਤਕ ਦੇ ਕੁਝ ਪੰਨੇ ਹੀ ਪੜ੍ਹਦੇ ਹਨ।

ਕਈ ਇਸ ਲਈ ਪੜ੍ਹਦੇ ਹਨ ਕਿ ਦੱਸ ਸਕਣ ਕਿ ਮੈਂ ਇਹ ਪੁਸਤਕ ਪੜ੍ਹੀ ਹੋਈ ਹੈ ਪਰ ਅਸਲ ਵਿਚ ਉਨ੍ਹਾਂ ਨੇ ਪੜ੍ਹੀ ਨਹੀਂ ਹੁੰਦੀ, ਪੁਸਤਕ ਦੇ ਕੁਝ ਵਰਕੇ ਹੀ ਉਲਟਾਏ ਹੁੰਦੇ ਹਨ, ਪੜ੍ਹਨ ਦੀ ਚਲਾਕੀ ਵਰਤੀ ਹੁੰਦੀ ਹੈ।

ਕਈ ਥੋੜ੍ਹੀ ਜਿਹੀ ਪੁਸਤਕ ਪੜ੍ਹਦੇ ਹਨ ਅਤੇ ਸੋਚਦੇ ਹਨ, ਧਿਆਨ ਨਾਲ ਪੜ੍ਹਨਯੋਗ ਹੈ, ਪੂਰੀ ਪੜ੍ਹਨ ਲਈ ਨੇੜੇ ਹੀ ਰੱਖ ਲੈਂਦੇ ਹਨ ਪਰ ਪੜ੍ਹਦੇ ਨਹੀਂ।

ਕਈ ਕੇਵਲ ਰਾਇ ਦੇਣ ਲਈ ਪੜ੍ਹਦੇ ਹਨ।

ਕਈ ਸਵਾਦ ਲਈ ਪੜ੍ਹਦੇ ਹਨ। ਕੁਝ ਗਿਆਨ ਲਈ ਪੜ੍ਹਦੇ ਹਨ। ਕੁਝ ਵਿਹਲਾ ਸਮਾਂ ਗੁਜ਼ਾਰਨ ਲਈ, ਵਿਚੋਂ-ਵਿਚੋਂ ਪੜ੍ਹਦੇ ਹਨ।

www.quotesinpunjabi.ml

QuotesInPunjabi

ਕਈ ਹਰ ਪੈਰ੍ਹੇ ਦੀ ਕੇਵਲ ਪਹਿਲੀ ਲਾਈਨ ਪੜ੍ਹਦੇ ਹਨ।

ਕਈ ਸੋਚਦੇ ਹਨ ਜਦੋਂ ਕਦੇ ਯਾਤਰਾ 'ਤੇ ਜਾਵਾਂਗੇ, ਵਿਹਲ ਦੌਰਾਨ ਪੜ੍ਹਾਂਗੇ ਪਰ ਇਹ ਵਿਹਲ ਕਦੇ ਨਹੀਂ ਨਿਕਲਦੀ।

ਕਈ ਪੜ੍ਹਨ ਲਈ ਕਿਤਾਬ ਮੰਗ ਲੈਂਦੇ ਹਨ ਪਰ ਨਾ ਪੜ੍ਹਦੇ ਹਨ, ਨਾ ਕਿਤਾਬ ਮੋੜਦੇ ਹਨ ਅਤੇ ਭੁੱਲ ਹੀ ਜਾਂਦੇ ਹਨ ਕਿ ਕਿਤਾਬ ਪੜ੍ਹਨ ਲਈ ਲਈ ਹੈ।

ਕੁਝ ਪੜ੍ਹ ਕੇ ਲੇਖਕ ਨੂੰ ਮਿਲਣ ਦਾ ਯਤਨ ਕਰਦੇ ਹਨ ਅਤੇ ਉਸ ਤੋਂ ਧੰਨਵਾਦ ਅਤੇ ਪ੍ਰਸੰਸਾ ਦੀ ਆਸ ਕਰਦੇ ਹਨ।

ਕਈ ਪੁਸਤਕ ਪੜ੍ਹ ਕੇ ਉਸ ਦੇ ਲੇਖਕ ਨਾਲੋਂ ਵੀ ਵੱਧ ਪ੍ਰਸਿੱਧ ਹੋਣਾ ਚਾਹੁੰਦੇ ਹਨ।

ਕੁਝ ਆਪ ਪੜ੍ਹਦੇ ਹਨ, ਹੋਰਾਂ ਨੂੰ ਵੀ ਪੜ੍ਹਨ ਲਈ ਕਹਿੰਦੇ ਹਨ ਅਤੇ ਪੜ੍ਹਨ ਲਈ ਉਹ ਆਪਣੀ ਖਰੀਦੀ ਕਿਤਾਬ ਵੀ ਦੇ ਦਿੰਦੇ ਹਨ।

ਤੁਸੀਂ ਕਿਸ ਕਿਸਮ ਦੇ ਪਾਠਕ ਹੋ ?

509

ਕਿਸੇ ਮਹਾਂਨਗਰ ਵਿਚ, ਜਿਤਨੇ ਵਧੇਰੇ ਦੇਸ਼ਾਂ ਦੇ ਲੋਕ ਰਹਿੰਦੇ ਹੋਣਗੇ, ਜਿਤਨੇ ਵਧੇਰੇ ਸਭਿਆਚਾਰ ਹੋਣਗੇ, ਜਿਤਨੀਆਂ ਵਧੇਰੇ ਭਾਸ਼ਾਵਾਂ ਬੋਲੀਆਂ ਜਾਣਗੀਆਂ, ਉਹ ਮਹਾਂਨਗਰ ਉਤਨਾ ਹੀ ਵਧੇਰੇ ਸਿਰਜਣਾਤਮਕ ਹੋਵੇਗਾ, ਉਥੇ ਉਤਨੇ ਹੀ ਵਧੇਰੇ ਨਵੇਂ ਫ਼ਲਸਫ਼ੇ, ਨਵੇਂ ਵਿਚਾਰ, ਨਵੇਂ ਫੈਸ਼ਨ, ਨਵੇਂ ਡੀਜ਼ਾਈਨ ਆਦਿ ਉਪਜਣਗੇ।

ਅਜਿਹੇ ਮਹਾਂਨਗਰਾਂ ਵਿਚ ਸਭ ਕੁਝ ਵਧੇਰੇ ਹੋਵੇਗਾ। ਇਥੇ ਚੋਰ-ਉਚੱਕੇ ਵੀ ਵਧੇਰੇ ਹੋਣਗੇ। ਇਥੇ ਕਲਾਕਾਰ ਵੀ ਵਧੇਰੇ ਹੋਣਗੇ। ਆਪਣੀ ਊਰਜਾ ਨੂੰ ਚੰਗੇ ਪਾਸੇ ਲਾਉਣ ਵਾਲੇ ਵੀ ਹੋਣਗੇ, ਵੱਡੇ ਤੋਂ ਵੱਡੇ ਜੁਰਮ ਕਰਨ ਵਾਲੇ ਵੀ ਹੋਣਗੇ। ਇਥੇ ਆਪਣੀ ਕਿਸਮਤ ਬਣਾਉਣ ਵਾਲੇ ਵੀ ਹੋਣਗੇ ਅਤੇ ਆਪਣੇ-ਆਪ ਨੂੰ ਬਰਬਾਦ ਕਰਨ ਵਾਲੇ ਵੀ ਹੋਣਗੇ।

ਇਥੇ ਮੰਗਤਿਆਂ ਦੇ ਅਰਬਪਤੀ ਬਣ ਜਾਣ ਦੀਆਂ ਸੰਭਾਵਨਾਵਾਂ ਵੀ ਹੋਣਗੀਆਂ ਅਤੇ ਅਰਬਪਤੀ ਕੰਗਾਲ ਹੁੰਦੇ ਵੀ ਦਿਸ ਪੈਣਗੇ। ਇਥੇ ਬੇਚੈਨੀ, ਕਾਹਲ, ਹਿੰਸਾ, ਕਾਮ ਅਤੇ ਅਸ਼ਲੀਲਤਾ ਵਧੇਰੇ ਹੋਵੇਗੀ ਪਰ ਸੰਸਾਰ ਦੇ ਅਨੇਕਾਂ ਵਿਦਵਾਨ, ਚਿੰਤਕ, ਵਿਗਿਆਨੀ, ਲੇਖਕ, ਕਲਾਕਾਰ ਵੀ ਇਥੇ ਹੀ ਹੋਣਗੇ ਜਾਂ ਇਥੇ ਪਹੁੰਚ ਜਾਣਗੇ।

ਜੋ ਵੇਖਣਾ ਚਾਹੋਗੇ, ਉਹ ਵੇਖਣ ਨੂੰ ਮਿਲੇਗਾ; ਜੋ ਖਾਣਾ ਚਾਹੋਗੇ, ਖਾਣ ਨੂੰ ਮਿਲੇਗਾ।

ਪੈਰਿਸ, ਨਿਊਯਾਰਕ, ਲੰਦਨ, ਰੋਮ, ਟੋਕੀਓ, ਮੁੰਬਈ ਆਦਿ ਵਿਚ ਸਭ ਕੁਝ ਹੈ।

ਇਥੇ ਆ ਕੇ ਕਿਸੇ ਚੀਜ਼ ਲਈ, ਕਿਧਰੇ ਹੋਰ ਜਾਣ ਦੀ ਲੋੜ ਨਹੀਂ ਪੈਂਦੀ।

ਇਹ ਮਹਾਂਨਗਰ ਸੰਸਾਰ ਦੀਆਂ ਰਾਜਧਾਨੀਆਂ ਹਨ।

www.quotesinpunjabi.ml

QuotesInPunjabi

510

ਇਕ ਰਾਜਾ ਸੀ ਪਰ ਉਹ ਕਾਣਾ ਸੀ। ਉਸ ਨੂੰ ਆਪਣੀ ਕੋਈ ਤਸਵੀਰ ਪਸੰਦ ਨਹੀਂ ਸੀ ਆਉਂਦੀ, ਕਿਉਂਕਿ ਕੋਈ ਵੀ ਵਿਅਕਤੀ ਆਪਣੇ ਨੁਕਸ ਦੀ ਨੁਮਾਇਸ਼ ਪਸੰਦ ਨਹੀਂ ਕਰਦਾ। ਉਸ ਨੇ ਐਲਾਨ ਕੀਤਾ ਕਿ ਜਿਹੜਾ ਉਸ ਨੂੰ ਪਸੰਦ ਆਉਣ ਵਾਲੀ ਤਸਵੀਰ ਜਾਂ ਚਿੱਤਰ ਬਣਾਏਗਾ, ਉਸ ਨੂੰ ਮੂੰਹ-ਮੰਗਿਆ ਇਨਾਮ ਮਿਲੇਗਾ। ਵੱਡੇ-ਵੱਡੇ ਚਿੱਤਰਕਾਰ ਆਏ ਕਿਸੇ ਦਾ ਬਣਾਇਆ ਚਿੱਤਰ ਪਸੰਦ ਨਾ ਆਇਆ।

ਇਕ ਸਕੂਲ ਅਧਿਆਪਕ ਨੇ ਤਸਵੀਰ ਬਣਾਈ, ਜਿਸ ਵਿਚ ਰਾਜੇ ਨੂੰ ਜੰਗਲ ਵਿਚ ਵਿਖਾਇਆ ਗਿਆ, ਸਾਹਮਣੇ ਸ਼ੇਰ ਸੀ, ਰਾਜਾ ਬੰਦੂਕ ਨਾਲ ਨਿਸ਼ਾਨਾ ਲਾ ਰਿਹਾ ਸੀ। ਉਸ ਦੀ ਨੁਕਸਦਾਰ ਅੱਖ ਨਿਸ਼ਾਨਾ ਲਾਉਣ ਕਾਰਨ ਬੰਦ ਸੀ। ਤਸਵੀਰ ਪਸੰਦ ਆ ਗਈ।

ਅਧਿਆਪਕ ਤੋਂ ਪੁੱਛਿਆ ਗਿਆ ਕਿ ਕੀ ਇਨਾਮ ਦਿੱਤਾ ਜਾਵੇ ? ਉਸ ਨੇ ਕਿਹਾ: ਮੈਨੂੰ ਕੁਝ ਨਹੀਂ ਚਾਹੀਦਾ ਪਰ ਮੇਰੇ ਸਕੂਲ ਨੂੰ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ।

511

ਜੰਗੀ ਕੈਦੀਆਂ ਦੀ ਇਕ ਜੇਲ੍ਹ ਵਿਚ, ਕੈਦੀਆਂ 'ਤੇ ਬੜੀ ਸਖਤੀ ਕੀਤੀ ਜਾਂਦੀ ਸੀ। ਭੋਜਨ ਇਤਨਾ ਕੁ ਹੀ ਮਿਲਦਾ ਸੀ ਤਾਂ ਕਿ ਕੈਦੀ ਜਿਉਂਦੇ ਰਹਿਣ। ਹਰ ਕਿਸੇ ਨੂੰ ਹਰ ਵੇਲੇ ਭੁੱਖ ਲੱਗੀ ਰਹਿੰਦੀ ਸੀ, ਸੋ ਖਾਣ-ਪੀਣ ਦੀਆਂ ਚੀਜ਼ਾਂ ਦੀ ਚੋਰੀ ਆਮ ਸੀ।

ਉਦਾਸ-ਮਾਯੂਸ ਲੋਕਾਂ ਨੂੰ ਭੁੱਖ ਉੱਝ ਵੀ ਵਧੇਰੇ ਲਗਦੀ ਹੈ। ਕੈਦੀ ਖਾਣਾ ਖਾਣ ਦਾ ਸਮਾਂ ਹੀ ਉਡੀਕਦੇ ਰਹਿੰਦੇ ਸਨ। ਜੇਲ੍ਹ ਅਧਿਕਾਰੀਆਂ ਨੇ ਲਿਖ ਕੇ ਲਾਇਆ ਹੋਇਆ ਸੀ ਕਿ ਜੋ ਚੋਰੀ ਕਰੇਗਾ, ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਕੈਦੀਆਂ ਵਿਚ ਆਪਸੀ ਭਾਈਚਾਰਾ ਹੁੰਦਾ ਹੈ। ਭੁੱਖ ਦੀ ਸਾਂਝ ਬੜੀ ਪੀਡੀ ਹੁੰਦੀ ਹੈ। ਕੈਦੀਆਂ ਨੂੰ ਆਲੂ ਹੀ ਮਿਲਦੇ ਸਨ।

ਇਕ ਕੈਦੀ ਨੇ ਆਲੂਆਂ ਦੇ ਸਟੋਰ ਵਿਚੋਂ ਕੁਝ ਆਲੂ ਚੁਰਾ ਕੇ ਕੱਚੇ ਹੀ ਖਾ ਲਏ।

ਚੁਰਾਉਣੇ ਤਾਂ ਸਾਰੇ ਚਾਹੁੰਦੇ ਸਨ। ਕੈਦੀਆਂ ਨੂੰ ਪਤਾ ਲੱਗ ਗਿਆ ਸੀ ਕਿ ਕਿਸ ਨੇ ਚੁਰਾਏ ਸਨ। ਅਧਿਕਾਰੀਆਂ ਨੇ ਕੈਦੀਆਂ ਨੂੰ ਕਿਹਾ, ਚੋਰੀ ਕਰਨ ਵਾਲੇ ਨੂੰ ਸਾਡੇ ਹਵਾਲੇ ਕਰ ਦਿਓ ਨਹੀਂ ਤਾਂ ਅੱਜ ਕਿਸੇ ਨੂੰ ਭੋਜਨ ਨਹੀਂ ਮਿਲੇਗਾ। ਢਾਈ ਹਜ਼ਾਰ ਕੈਦੀ ਭੁੱਖੇ ਰਹੇ ਪਰ ਉਨ੍ਹਾਂ ਨੇ ਆਪਣਾ ਬੰਦਾ ਹਵਾਲੇ ਨਹੀਂ ਕੀਤਾ, ਜਦੋਂ ਕਿ ਸਾਰਿਆਂ ਦੀ ਭੁੱਖ ਵੇਖ ਕੇ ਆਲੂ ਚੋਰੀ ਕਰਨ ਵਾਲਾ, ਆਪ ਹਵਾਲੇ ਹੋਣ ਲਈ ਤਿਆਰ ਸੀ।

ਕੈਦੀਆਂ ਨੂੰ ਅਜਿਹੀਆਂ-ਚਣੌਤੀਆਂ ਅਤੇ ਮੁਸ਼ਕਲਾਂ ਦਾ ਸਾਂਝੇ ਤੌਰ ਤੇ ਸਾਹਮਣਾ ਕਰਨ ਨਾਲ ਬਲ ਮਿਲਦਾ ਹੈ, ਉਨ੍ਹਾਂ ਵਿਚ ਏਕਾ ਉਸਰਦਾ ਹੈ, ਉਨ੍ਹਾਂ ਵਿਚ ਦ੍ਰਿੜ੍ਹਤਾ ਉਪਜਦੀ ਹੈ। ਇਨ੍ਹਾਂ ਲੱਛਣਾਂ ਦੀ ਕੈਦ ਕੱਟਣ ਦੌਰਾਨ ਬੜੀ ਲੋੜ ਪੈਂਦੀ ਹੈ।

www.quotesinpunjabi.ml

QuotesInPunjabi

512

ਜਰਮਨੀ ਦੀ ਨਾਜ਼ੀ ਪਾਰਟੀ ਆਪਣੇ ਜ਼ੁਲਮਾਂ ਕਾਰਨ ਬਦਨਾਮ ਸੀ ਪੂਰੂ ਨਾਜ਼ੀ ਸਮਝਦੇ ਸਨ ਕਿ ਉਹ ਬਦਨਾਮ ਨਹੀਂ, ਪ੍ਰਸਿੱਧ ਸਨ। ਉਨ੍ਹਾਂ ਨੇ ਜ਼ੁਲਮ ਦੇ ਜਿਤਨੇ ਨਮੂਨੇ ਉਪਜਾਏ, ਉਨ੍ਹਾਂ ਦੀ ਗਿਣਤੀ ਸੰਭਵ ਨਹੀਂ। ਕਈ ਜ਼ੁਲਮਾਂ ਦੀ ਵੰਨਗੀ ਇਤਨੀ ਭਿਆਨਕ ਹੁੰਦੀ ਸੀ ਕਿ ਉਨ੍ਹਾਂ ਨੂੰ ਸੰਸਾਰ ਭਰ ਵਿਚ ਨਾਜ਼ੀ-ਜ਼ੁਲਮ ਕਹਿਕੇ ਨਿੰਦਿਆ ਜਾਂਦਾ ਸੀ।

ਦੂਜੇ ਵਿਸ਼ਵਯੁੱਧ ਦੌਰਾਨ ਇਕ ਯਹੂਦੀ ਮਾਂ, ਦੋ ਬੱਚਿਆਂ ਨਾਲ ਫੜੀ ਗਈ।

ਫੜਨ ਵਾਲਿਆਂ ਨੇ ਕਿਹਾ: ਇਕ ਮਾਰਿਆ ਜਾਵੇਗਾ, ਦੱਸ ਕਿਹੜਾ ਮਾਰੀਏ? ਮਾਂ ਚੁੱਪ ਸੀ। ਜੇ ਤਿੰਨ ਮਿੰਟ ਵਿਚ ਨਾ ਦੱਸਿਆ, ਦੋਵੇਂ ਮਾਰੇ ਜਾਣਗੇ। ਮਾਂ ਦੱਸ ਨਾ ਸਕੀ, ਮਾਂ ਦੀਆਂ ਅੱਖਾਂ ਸਾਹਮਣੇ ਦੋਵੇਂ ਮਾਰੇ ਗਏ। ਮਾਂ ਨੇ ਆਪ ਖੁਦਕੁਸ਼ੀ ਕਰ ਲਈ, ਕਰਨੀ ਹੀ ਸੀ।

513

ਇਕ ਗਰੀਬ ਆਦਮੀ ਦਾ ਸੁਪਨਾ ਸੀ, ਸਾਰੇ ਪਰਿਵਾਰ ਨੂੰ ਇਕੱਠਿਆਂ ਸਿਨੇਮੇ ਲੈ ਕੇ ਜਾਣਾ। ਉਸ ਨੇ ਭੋਰਾ-ਭੋਰਾ ਕਰਕੇ ਪੈਸੇ ਜੋੜੇ। ਜਦੋਂ ਸੌ ਰੁਪਏ ਹੋ ਗਏ ਤਾਂ ਚਾਰੇ ਜੀਅ ਸਿਨੇਮੇ ਗਏ। ਟਿਕਟਾਂ ਲਈ ਸੌ ਦਾ ਨੋਟ ਦਿੱਤਾ। ਟਿਕਟਾਂ ਦੇਣ ਵਾਲੇ ਨੇ ਕਿਹਾ: ਵੀਹ ਰੁਪਏ ਹੋਰ ਦਿਓ। ਸੁਣ ਕੇ ਗਰੀਬ ਆਦਮੀ ਦਾ ਚਿਹਰਾ ਲਟਕ ਗਿਆ, ਉਦਾਸੀ ਛਾ ਗਈ।

ਉਸ ਨੂੰ ਆਪਣੀ ਇੱਜ਼ਤ ਮਿੱਟੀ ਵਿਚ ਮਿਲਦੀ ਨਜ਼ਰ ਆਈ।

ਉਸ ਤੋਂ ਪਿਛਲੇ ਬੰਦੇ ਨੇ ਇਹ ਦ੍ਰਿਸ਼ ਵੇਖਿਆ ਅਤੇ ਆਪਣੇ ਹੱਥ ਵਿਚ ਫੜੇ ਪੈਸਿਆਂ ਵਿਚੋਂ, ਵੀਹ ਦਾ ਨੋਟ ਬੱਲੇ ਸੁੱਟ ਕੇ, ਉਸ ਗਰੀਬ ਆਦਮੀ ਨੂੰ ਕਿਹਾ, ਤੁਹਾਡਾ ਨੋਟ ਡਿੱਗਿਆ ਪਿਆ ਹੈ। ਉਹ ਗਰੀਬ ਆਦਮੀ ਸਮਝ ਗਿਆ, ਉਸ ਨੇ ਧੰਨਵਾਦੀ ਬਿਰਤੀ ਨਾਲ ਉਸ ਵਲ ਵੇਖਦਿਆਂ, ਨੋਟ ਚੁੱਕਿਆ, ਟਿਕਟਾਂ ਖਰੀਦੀਆਂ, ਸੁਪਨਾ ਪੂਰਾ ਹੋਇਆ।

ਘਰ ਜਾ ਕੇ ਵੀਹ ਰੁਪਏ ਦਾ ਨੋਟ ਸੁੱਟਣ ਵਾਲੇ ਵਿਅਕਤੀ ਨੇ ਆਪਣੀ ਪਤਨੀ ਨੂੰ ਬੜੇ ਮਾਣ ਨਾਲ ਕਿਹਾ: ਅੱਜ ਮੈਨੂੰ ਸਿਨੇਮੇ ਜਾ ਕੇ ਜਿਹੜਾ ਆਨੰਦ ਆਇਆ, ਉਹ ਦਸ ਫਿਲਮਾਂ ਵੇਖ ਕੇ ਵੀ ਨਹੀਂ ਸੀ ਆਉਣਾ।

514

ਕ੍ਰਿਸ਼ਨ ਨੇ ਅਰਜਨ ਨੂੰ ਇਸ਼ਾਰਾ ਕਰਕੇ ਪੁੱਛਿਆ: ਕੀ ਉਹ ਘੁੱਗੀ ਹੈ?
ਅਰਜਨ ਨੇ ਕਿਹਾ: ਹਾਂ, ਉਹ ਘੁੱਗੀ ਹੈ।
ਕ੍ਰਿਸ਼ਨ ਨੇ ਕਿਹਾ: ਉਹ ਤਾਂ ਕਾਂ ਪ੍ਰਤੀਤ ਹੁੰਦਾ ਹੈ।
ਅਰਜਨ ਨੇ ਕਿਹਾ: ਹਾਂ ਉਹ ਕਾਂ ਹੀ ਹੈ।
ਕ੍ਰਿਸ਼ਨ ਨੇ ਕਿਹਾ: ਮੈਨੂੰ ਤਾਂ ਉਹ ਬਾਜ਼ ਲੱਗਦਾ ਹੈ।
ਅਰਜਨ ਨੇ ਕਿਹਾ: ਹਾਂ ਉਹ ਬਾਜ਼ ਹੈ।
ਕ੍ਰਿਸ਼ਨ ਨੇ ਕਿਹਾ: ਨਾ ਉਹ ਘੁੱਗੀ ਹੈ, ਨਾ ਕਾਂ, ਨਾ ਬਾਜ਼, ਉਹ ਤਾਂ ਕਬੂਤਰ ਹੈ।

www.quotesinpunjabi.ml

QuotesInPunjabi

ਅਰਜਨ ਨੇ ਕਿਹਾ: ਉਸ ਦੇ ਕਬੂਤਰ ਹੋਣ ਬਾਰੇ ਕੋਈ ਭੁਲੇਖਾ ਨਹੀਂ।

ਕ੍ਰਿਸ਼ਨ ਨੇ ਕਿਹਾ: ਅਰਜਨ, ਕੀ ਗੱਲ ਹੈ, ਤੈਨੂੰ ਕੀ ਹੋ ਗਿਆ ਹੈ ? ਜੋ ਮੈਂ ਕਹਿੰਦਾ ਹਾਂ, ਤੂੰ ਵੀ ਉਹੀ ਕੁਝ ਕਹਿਣ ਲੱਗ ਪੈਂਦਾ ਹੈਂ, ਕਿਉਂ ?

ਹਾਂ ਕ੍ਰਿਸ਼ਨ, ਮੈਂ ਇਸ ਲਈ ਉਹੀ ਕੁਝ ਕਹਿੰਦਾ ਹਾਂ, ਕਿਉਂਕਿ ਮੈਨੂੰ ਆਪਣੀਆਂ ਅੱਖਾਂ ਨਾਲੋਂ, ਤੇਰੇ 'ਤੇ ਵਧੇਰੇ ਵਿਸ਼ਵਾਸ ਹੈ।

515

ਇਕ ਮਾਲਕ ਜਦੋਂ ਕਿਧਰੇ ਗਿਆ ਤਾਂ ਉਹ ਆਪਣੇ ਤਿੰਨ ਨੌਕਰਾਂ ਨੂੰ ਇਕ-ਇਕ ਮੋਹਰ ਦੇ ਗਿਆ ਤਾਂ ਕਿ ਲੋੜ ਸਮੇਂ ਕੰਮ ਆ ਸਕੇ।

ਮਾਲਕ ਦੀ ਵਾਪਸੀ 'ਤੇ ਹਰ ਕਿਸੇ ਨੇ ਮੋਹਰ ਵਾਪਸ ਕਰਨੀ ਸੀ ਪਰ ਮਾਲਕ ਦੀ ਗੈਰਹਾਜ਼ਰੀ ਦੌਰਾਨ, ਮੋਹਰ ਨੂੰ ਉਹ ਨੌਕਰ ਜਿਵੇਂ ਚਾਹੁਣ ਵਰਤ ਸਕਦੇ ਸਨ।

ਵਾਪਸੀ ਵੇਲੇ ਤੱਕ ਦੋ ਨੌਕਰਾਂ ਨੇ ਇਕ-ਇਕ ਦੀਆਂ ਦੋ-ਦੋ ਮੋਹਰਾਂ ਬਣਾ ਲਈਆਂ ਸਨ ਪਰ ਤੀਜੇ ਨੇ ਗੁਆਚ ਜਾਣ ਦੇ ਡਰ ਨਾਲ, ਉਹ ਮੋਹਰ ਦਬਾ ਦਿੱਤੀ ਸੀ ਅਤੇ ਮਾਲਕ ਦੇ ਵਾਪਸ ਆਉਣ 'ਤੇ, ਜਿਹੋ ਜਿਹੀ ਲਈ ਸੀ, ਉਹੋ ਜਿਹੀ ਮੋੜ ਦਿੱਤੀ।

ਮਾਲਕ ਨੇ ਦੋ-ਦੋ ਮੋਹਰਾਂ ਬਣਾਉਣ ਵਾਲੇ ਦੋ ਨੌਕਰਾਂ ਦੀ ਪ੍ਰਸੰਸਾ ਕੀਤੀ, ਕਿਉਂਕਿ ਉਨ੍ਹਾਂ ਨੇ ਉੱਦਮ ਕੀਤਾ ਸੀ ਅਤੇ ਤੀਜੇ ਨੂੰ ਝਾੜ ਪਾਈ, ਕਿਉਂਕਿ ਉਸ ਨੇ ਮਿਲੇ ਹੋਏ ਮੌਕੇ ਦਾ ਲਾਭ ਨਹੀਂ ਸੀ ਉਠਾਇਆ।

516

ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿਖੇ ਨੀਹਾਂ ਵਿਚ ਚਿਣਿਆ ਗਿਆ ਸੀ ਤਾਂ ਮਲੇਰਕੋਟਲੇ ਦੇ ਨਵਾਬ ਨੇ ਹਾਅ ਦਾ ਨਾਹਰਾ ਮਾਰਿਆ ਸੀ।

ਪਿਛਲੀਆਂ ਤਿੰਨ ਸਦੀਆਂ ਦੌਰਾਨ ਅਤੇ ਵਿਸ਼ੇਸ਼ ਕਰਕੇ ਸੰਤਾਲੀ ਦੇ ਫ਼ਸਾਦਾਂ ਵੇਲੇ, ਸਿੱਖਾਂ ਨੇ ਮਲੇਰਕੋਟਲੇ ਦੀ ਪੂਰੀ ਰਾਖੀ ਕੀਤੀ ਸੀ।

ਕਿਉਂਕਿ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਨੇ ਮਲੇਰਕੋਟਲੇ ਦੇ ਸਬੰਧ ਵਿਚ ਆਪਣੇ ਦਿਲ ਵਿਚ ਧਾਰਿਆ ਹੋਇਆ ਸੀ ਕਿ ਭਾਵੇਂ ਸਾਡੇ ਕੋਲ ਤੁਹਾਨੂੰ ਭੇਟ ਕਰਨ ਲਈ ਕੁਝ ਨਹੀਂ ਪਰ ਸਾਡੇ ਵਿਚ ਸਦੀਆਂ ਤੱਕ ਤੁਹਾਡੀ ਮਿਹਰਬਾਨੀ ਨੂੰ ਯਾਦ ਰੱਖਣ ਦੀ ਸ਼ਕਤੀ ਹੈ ਅਤੇ ਹਜ਼ਾਰਾਂ ਸਾਲਾਂ ਤੱਕ ਅਹਿਸਾਨਮੰਦ ਰਹਿਣ ਦੀ ਸਮਰੱਥਾ ਹੈ।

517

ਰਾਤ ਦਾ ਸਮਾਂ ਸੀ, ਮੀਂਹ ਪੈ ਰਿਹਾ ਸੀ, ਹਨੇਰੀ ਝੱਖੜ ਸੀ। ਇਕ ਬਜ਼ੁਰਗ ਜੋੜਾ ਸਾਨਫਰਾਂਸਿਸਕੋ ਦੇ ਕਈ ਹੋਟਲਾਂ ਵਿਚ ਗਿਆ, ਪਰ ਤਿਉਹਾਰਾਂ ਕਾਰਨ ਕਿਧਰੇ ਕਮਰਾ ਨਾ ਮਿਲਿਆ। ਉਹ ਇਕ ਛੋਟੇ ਜਿਹੇ ਹੋਟਲ ਵਿਚ ਗਏ, ਜਿੱਥੇ ਰੀਸੈਪਸ਼ਨ 'ਤੇ ਹਾਜ਼ਰ ਕਲਰਕ ਨੇ ਕਿਹਾ: ਕਮਰਾ ਤਾਂ ਇਥੇ ਵੀ ਨਹੀਂ ਹੈ ਪਰ ਅੱਧੀ ਰਾਤ ਹੋ ਗਈ ਹੈ, ਇਸ ਵੇਲੇ ਤੁਸੀਂ ਕਿਥੇ

www.quotesinpunjabi.ml

QuotesInPunjabi

ਜਾਓਗੇ। ਮੇਰੀ ਰਾਤ ਦੀ ਡਿਊਟੀ ਹੈ, ਤੁਸੀਂ ਸਿਖਰਲੀ ਛੱਤ 'ਤੇ ਮੇਰੇ ਕਮਰੇ ਵਿਚ ਰਹਿ ਲਵੋ। ਮੇਰੀ ਸਵੇਰੇ ਅੱਠ ਵਜੇ ਤੱਕ ਡਿਊਟੀ ਹੈ, ਤੁਸੀਂ ਮੇਰੀ ਚਿੰਤਾ ਨਾ ਕਰੋ।

ਅਗਲੀ ਸਵੇਰ ਨੂੰ ਜੋੜਾ, ਉਸ ਕਲਰਕ ਦਾ ਭਰਪੂਰ ਧੰਨਵਾਦ ਕਰਕੇ ਚਲਾ ਗਿਆ।

ਕੁਝ ਮਹੀਨਿਆਂ ਪਿਛੋਂ, ਉਸ ਕਲਰਕ ਨੂੰ ਇਕ ਚਿੱਠੀ ਆਈ ਕਿ ਤੁਸੀਂ ਨਿਊਯਾਰਕ ਆਓ ਅਤੇ ਇਕ ਹੋਟਲ ਦੇ ਮੈਨੇਜਰ ਦੀ ਜ਼ਿੰਮੇਵਾਰੀ ਸੰਭਾਲੋ।

ਜਿਹੜਾ ਜੋੜਾ ਇਕ ਰਾਤ ਉਸਦੇ ਕਮਰੇ ਵਿਚ ਰਿਹਾ ਸੀ, ਉਹ ਅਮਰੀਕਾ ਦੇ ਇਕ ਰਾਜ ਦਾ ਸਾਬਕਾ ਚੀਫ-ਜਸਟਿਸ ਅਤੇ ਉਸਦੀ ਪਤਨੀ ਸਨ।

ਉਨ੍ਹਾਂ ਨੇ ਨਿਊਯਾਰਕ ਵਿਚ ਇਕ ਹੋਟਲ ਇਸ ਉਦੇਸ਼ ਨਾਲ ਖਰੀਦ ਲਿਆ ਸੀ ਕਿ ਉਹ ਉਸ ਕਲਰਕ ਨੂੰ ਉਸ ਹੋਟਲ ਦਾ ਮੈਨੇਜਰ ਲਾਉਣਾ ਚਾਹੁੰਦੇ ਸਨ।

ਕਲਰਕ ਪਹੁੰਚਿਆ, ਬਜ਼ੁਰਗ ਜੋੜੇ ਨੂੰ ਮਿਲਿਆ, ਪਹਿਚਾਣ ਲਿਆ। ਬਜ਼ੁਰਗ ਨੇ ਕਿਹਾ: ਇਹ ਨਵਾਂ ਹੋਟਲ ਹੈ, ਤੁਸੀਂ ਇਸ ਦੇ ਮੈਨੇਜਰ ਹੋ। ਕਲਰਕ ਨੇ ਕਿਹਾ: ਮੈਂ ਨਿਊਯਾਰਕ ਵਿਚ ਅਜਿਹੀ ਜ਼ਿੰਮੇਵਾਰੀ ਕਿਵੇਂ ਨਿਭਾਵਾਂਗਾ? ਮੈਂ ਤਾਂ ਕੇਵਲ ਇਕ ਕਲਰਕ ਹਾਂ, ਮੇਰੇ ਕੋਲ ਹੋਟਲ ਚਲਾਉਣ ਦੀ ਉੱਕਾ ਹੀ ਕੋਈ ਯੋਗਤਾ ਨਹੀਂ, ਕੋਈ ਗੁਣ ਨਹੀਂ।

ਬਜ਼ੁਰਗ ਨੇ ਕਿਹਾ: ਮੈਂ ਜਾਣਦਾ ਹਾਂ, ਤੁਸੀਂ ਇਹ ਜ਼ਿੰਮੇਵਾਰੀ ਚੰਗੀ ਤਰ੍ਹਾਂ ਨਿਭਾਓਗੇ, ਕਿਉਂਕਿ ਤੁਹਾਡੇ ਵਿਚ ਇਨਸਾਨੀਅਤ ਦਾ ਗੁਣ ਹੈ।

518

ਮਿਹਨਤ ਅਤੇ ਸੰਜਮ ਨਾਲ ਅਰਬਪਤੀ ਬਣਿਆ ਇਕ ਵਿਅਕਤੀ, ਹਵਾਈ ਜਹਾਜ਼ ਦੇ ਸਾਧਾਰਨ ਦਰਜੇ ਵਿਚ ਸਫਰ ਕਰ ਰਿਹਾ ਸੀ।

ਆਪਣੇ ਪਿਤਾ ਦੀ ਕਮਾਈ 'ਤੇ ਪਲਣ ਵਾਲੇ, ਉੱਚੇ ਦਰਜੇ ਵਿਚ ਸਫਰ ਕਰਨ ਵਾਲੇ, ਇਕ ਜਵਾਨ ਨੇ ਉਸ ਨੂੰ ਪਛਾਣ ਕੇ ਕਿਹਾ: ਜਨਾਬ, ਤੁਸੀਂ ਅਰਬਪਤੀ ਹੋ ਕੇ ਵੀ ਸਾਧਾਰਨ ਦਰਜੇ ਵਿਚ ਸਫਰ ਕਰ ਰਹੇ ਹੋ?

ਅਰਬਪਤੀ ਨੇ ਕਿਹਾ: ਮੈਂ ਅਰਬਪਤੀ ਹਾਂ, ਇਸੇ ਲਈ ਸਾਧਾਰਨ ਦਰਜੇ ਵਿਚ ਸਫਰ ਕਰ ਰਿਹਾ ਹਾਂ, ਕਿਉਂਕਿ ਮੈਂ ਸਾਧਾਰਨ ਦਰਜੇ ਵਿਚ ਯਾਤਰਾ ਕਰਨ ਕਰਕੇ ਹੀ ਅਰਬਪਤੀ ਬਣਿਆ ਹਾਂ। ਮੈਂ ਹਮੇਸ਼ਾ ਸਾਧਾਰਨ ਦਰਜੇ ਵਿਚ ਹੀ ਸਫਰ ਕਰਦਾ ਹਾਂ।

519

ਤੁਸੀਂ ਕਿਸੇ ਤੋਂ ਤਾਂ ਹੀ ਮੁਆਫ਼ੀ ਮੰਗੋਗੇ ਜਾਂ ਤਾਂ ਹੀ ਕਿਸੇ ਨੂੰ ਮੁਆਫ਼ ਕਰੋਗੇ, ਜੇ ਤੁਸੀਂ ਆਪ ਵਿਕਾਸ ਕਰਨਾ ਚਾਹੁੰਦੇ ਹੋ।

ਜਿਥੇ ਤੁਸੀਂ ਹੋ, ਜੇ ਉਥੇ ਹੀ ਘੁੰਮਦੇ ਰਹਿਣਾ ਚਾਹੁੰਦੇ ਹੋ, ਆਪਣੀ ਸ਼ਕਤੀ ਵਿਆਰਥ ਗੁਆਉਣੀ ਚਾਹੁੰਦੇ ਹੋ, ਤਾਂ ਨਾ ਤੁਸੀਂ ਮੁਆਫ਼ੀ ਮੰਗੋਗੇ, ਨਾ ਮੁਆਫ਼ ਕਰੋਗੇ।

ਜੇ ਤੁਸੀਂ ਆਪ ਬਦਲੇ ਦੀ ਪੀੜ ਤੋਂ ਮੁਕਤ ਹੋਣਾ ਚਾਹੁੰਦੇ ਹੋ ਤਾਂ ਹੀ ਮੁਆਫ਼ ਕਰੋਗੇ, ਜੇ ਤੁਸੀਂ ਹੋਰਾਂ ਦੇ ਦੁੱਖ ਵੇਖ ਕੇ ਪ੍ਰਸੰਨ ਹੁੰਦੇ ਹੋ ਤਾਂ ਤੁਸੀਂ ਮੁਆਫ਼ ਨਹੀਂ ਕਰੋਗੇ।

www.quotesinpunjabi.ml

QuotesInPunjabi

ਜੇ ਤੁਸੀਂ ਮੁਆਫ਼ੀ ਮੰਗਣ ਅਤੇ ਮੁਆਫ਼ ਕਰਨ ਦੇ ਚੰਗੇ ਸਿੱਟੇ ਸੋਚੋਗੇ ਤਾਂ ਹੀ ਮੁਆਫ਼ੀ ਮੰਗੋਗੇ ਅਤੇ ਮੁਆਫ਼ ਕਰੋਗੇ। ਜੇ ਆਪਣੀ ਅਣਖ ਅਤੇ ਇੱਜ਼ਤ ਬਾਰੇ ਹੀ ਸੋਚੋਗੇ, ਜ਼ਿੱਦ ਕਰੋਗੇ, ਅੜੇ ਰਹੋਗੇ ਤਾਂ ਮੁਆਫ਼ੀ ਮੰਗਣੀ ਸੰਭਵ ਨਹੀਂ ਹੋਵੇਗੀ।

ਜੇ ਭਵਿੱਖ ਵਿਚ ਰਹਿਣਾ ਚਾਹੁੰਦੇ ਹੋ ਤਾਂ ਤੁਸੀਂ ਮੁਆਫ਼ ਕਰੋਗੇ, ਜੇ ਅਤੀਤ ਹੀ ਚੰਗਾ ਲਗਦਾ ਹੈ, ਪਿੱਛੇ ਵੇਖਣ ਦੀ ਆਦਤ ਹੈ ਤਾਂ ਮੁਆਫ਼ ਨਹੀਂ ਕਰੋਗੇ।

ਦਰਦ, ਪਛਤਾਵੇ, ਆਦਿ ਤੋਂ ਮੁਕਤ ਹੋਣ ਦੀ ਭਾਵਨਾ, ਤੰਗ ਗਲੀਆਂ ਵਿਚੋਂ ਨਿਕਲ ਕੇ ਜ਼ਿੰਦਗੀ ਦੀ ਮਾਲ-ਰੋਡ 'ਤੇ ਆਉਣ ਦੀ ਰੀਝ, ਮੁਆਫ਼ ਕਰਨ ਲਈ ਪ੍ਰੇਰੇਗੀ।

ਦੁਸ਼ਮਣ ਨੂੰ ਦੋਸਤ, ਵਿਰੋਧੀ ਨੂੰ ਆਪਣੀ ਤਾਕਤ ਬਣਾਉਣ ਦੀ ਤਾਂਘ, ਤੁਹਾਨੂੰ ਆਪ-ਮਹਾਰੇ ਮੁਆਫ਼ੀ ਦੇ ਪੱਖ ਵਿਚ ਸੋਚਣ ਲਈ ਮਜਬੂਰ ਕਰੇਗੀ।

ਜੇ ਇਵੇਂ ਨਹੀਂ ਹੋ ਰਿਹਾ ਤਾਂ ਸਪਸ਼ਟ ਹੈ ਕਿ ਤੁਸੀਂ ਬਦਲਾ ਲੈਣ ਬਾਰੇ ਸੋਚ ਰਹੇ ਹੋ।

520

ਇਕ ਪ੍ਰਸਿੱਧ ਪੱਤਰਕਾਰ ਪਤਵੰਤਿਆਂ ਬਾਰੇ ਕਾਲਮ ਲਿਖਦਾ ਸੀ, ਜਿਸ ਵਿਚ ਉਹ ਉਨ੍ਹਾਂ ਦੇ ਚੰਗੇ ਅਤੇ ਮਾੜੇ ਦੋਵੇਂ ਪੱਖ ਦਰਸਾਉਂਦਾ ਸੀ। ਚੰਗੇ ਪੱਖ ਤਾਂ ਹਰ ਕੋਈ ਸਮਝਦਾ ਸੀ ਕਿ ਉਸ ਵਿਚ ਸੁਭਾਵਕ ਸਨ ਪਰ ਮਾੜੇ ਪੱਖਾਂ ਤੋਂ ਸਾਰੇ ਨਾਰਾਜ਼ ਹੋ ਜਾਂਦੇ ਸਨ ਅਤੇ ਕਈ ਤਾਂ ਭਾਂਤ-ਭਾਂਤ ਦੀਆਂ ਧਮਕੀਆਂ ਦੇਣ ਲੱਗ ਪੈਂਦੇ ਸਨ।

ਜਦੋਂ ਕਿਸੇ ਸਮਾਗਮ 'ਤੇ ਕੋਈ ਅਜਿਹਾ ਪਤਵੰਤਾ, ਉਸ ਪੱਤਰਕਾਰ ਨੂੰ ਮਿਲਦਾ ਸੀ, ਜਿਸ ਦੇ ਚੰਗੇ ਪੱਖਾਂ ਦੇ ਨਾਲ, ਉਸ ਨੇ ਮਾੜੇ ਪੱਖਾਂ ਬਾਰੇ ਵੀ ਲਿਖਿਆ ਹੁੰਦਾ ਸੀ ਤਾਂ ਉਹ ਚਣੌਤੀ ਭਰੇ ਅੰਦਾਜ਼ ਵਿਚ ਪੁੱਛਦਾ ਸੀ: ਤੁਸੀਂ ਮੇਰੇ ਬਾਰੇ ਜੋ ਲਿਖਿਆ ਹੈ, ਉਸ ਦਾ ਮਤਲਬ ਕੀ ਹੈ ? ਪੱਤਰਕਾਰ ਨੇ ਆਪਣੇ ਤਜਰਬੇ ਨਾਲ ਇਕ ਪੱਕਾ ਜਵਾਬ ਤਿਆਰ ਕੀਤਾ ਹੋਇਆ ਸੀ। ਜਵਾਬ ਵਿਚ ਕਿਹਾ ਕਰਦਾ ਸੀ: ਜੋ ਮਤਲਬ ਤੁਸੀਂ ਕੱਢਿਆ ਹੈ, ਮੇਰਾ ਵੀ ਉਹੀ ਮਤਲਬ ਸੀ। ਇਸ ਉਪਰੰਤ ਕੋਈ ਪਤਵੰਤਾ ਕੁਝ ਕਹਿਣ ਦੀ ਹਾਲਤ ਵਿਚ ਨਹੀਂ ਸੀ ਰਹਿੰਦਾ।

521

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸਤਰੀਆਂ ਸੋਹਣੇ ਰੰਗ-ਰੰਗੀਲੇ ਕੱਪੜੇ ਪੁਰਸ਼ਾਂ ਨੂੰ ਪ੍ਰਸੰਨ ਕਰਨ ਲਈ ਪਾਉਂਦੀਆਂ ਹਨ ਪਰ ਵਾਸਤਵਿਕਤਾ ਇਹ ਹੈ ਕਿ ਉਹ ਸੋਹਣੇ ਕੱਪੜੇ ਆਪ ਪ੍ਰਸੰਨ ਹੋਣ ਲਈ ਪਾਉਂਦੀਆਂ ਹਨ।

ਉਹ ਪੁਰਸ਼ਾਂ ਨੂੰ ਪ੍ਰਸੰਨ ਕਰਨ ਵਾਸਤੇ ਸ਼ੀਸ਼ੇ ਸਾਹਮਣੇ ਖਲੋ ਕੇ ਤਿਆਰ ਨਹੀਂ ਹੁੰਦੀਆਂ, ਜਦੋਂ ਉਹ ਆਪ ਪ੍ਰਸੰਨ ਹੁੰਦੀਆਂ ਹਨ, ਉਦੋਂ ਉਨ੍ਹਾਂ ਨੂੰ ਤਿਆਰ ਹੋਣਾ ਚੰਗਾ ਲੱਗਦਾ ਹੈ।

ਸ਼ਿੰਗਾਰ ਨਾਲ ਪ੍ਰਸੰਨ ਹੋਣ ਦਾ ਆਨੰਦ ਉਹ ਇਕੱਲਿਆਂ ਮਾਣਨਾ ਚਾਹੁੰਦੀਆਂ ਹਨ, ਜਿਵੇਂ ਪੁਰਸ਼ ਭਾਵੇਂ ਆਪਣੀ ਕਮਾਈ ਹੋਰਾਂ 'ਤੇ ਖਰਚ ਕਰਦੇ ਹਨ ਪਰ ਕਮਾਉਣ ਅਤੇ ਖਰਚਣ ਦਾ ਆਨੰਦ ਉਹ ਇਕੱਲਿਆਂ ਮਾਣਨਾ ਚਾਹੁੰਦੇ ਹਨ।

www.quotesinpunjabi.ml

QuotesInPunjabi

ਪੁਰਸ਼ ਨੇ, ਇਸਤਰੀ ਵਲ ਆਪ-ਮੁਹਾਰੇ ਖਿੱਚੇ ਜਾਣਾ ਹੁੰਦਾ ਹੈ। ਇਸ ਖਿੱਚ ਦਾ ਕਾਰਨ, ਇਸਤਰੀ ਦਾ ਇਸਤਰੀ ਹੋਣਾ ਹੁੰਦਾ ਹੈ। ਇਸ ਖਿੱਚ ਵਿਚ ਕੱਪੜਿਆਂ ਜਾਂ ਗਹਿਣਿਆਂ ਦਾ ਬਹੁਤਾ ਰੋਲ ਨਹੀਂ ਹੁੰਦਾ, ਬਹੁਤਾ ਰੋਲ ਉਸਦੇ ਇਸਤਰੀ ਹੋਣ ਦਾ ਹੁੰਦਾ ਹੈ।

ਕੁਝ ਗਹਿਣੇ ਇਸਤਰੀ ਪਾਉਂਦੀ ਹੈ ਪਰ ਅਸਲੀ ਗਹਿਣੇ ਇਸਤਰੀ ਦੇ ਅੰਗਾਂ ਵਿਚ ਹੁੰਦੇ ਹਨ। ਪੁਰਸ਼ਾਂ ਦੀ ਫੈਸ਼ਨ ਵਿਚ ਵੀ ਬਹੁਤੀ ਦਿਲਚਸਪੀ ਨਹੀਂ ਹੁੰਦੀ, ਜਿਨ੍ਹਾਂ ਦੀ ਹੁੰਦੀ ਹੈ, ਉਹ ਕਮਜ਼ੋਰ ਪੁਰਸ਼ ਹੁੰਦੇ ਹਨ।

ਫੈਸ਼ਨ ਰਾਹੀਂ ਇਸਤਰੀਆਂ, ਦੂਜੀਆਂ ਇਸਤਰੀਆਂ ਨਾਲ ਮੁਕਾਬਲਾ ਕਰਦੀਆਂ ਹਨ।

ਜੇ ਇਸਤਰੀ ਨੇ ਢੁੱਕਵੇਂ ਅਤੇ ਫੱਬਵੇਂ ਕੱਪੜੇ ਪਾਏ ਹੋਣ ਤਾਂ ਪੁਰਸ਼ ਚਾਹੇਗਾ ਕਿ ਉਹ ਰੋਜ਼, ਉਹੀ ਕੱਪੜੇ ਪਾਇਆ ਕਰੇ ਪਰ ਇਸਤਰੀਆਂ ਨੂੰ ਬਦਲ-ਬਦਲ ਕੇ ਕੱਪੜੇ ਪਾਉਣੇ ਚੰਗੇ ਲਗਦੇ ਹਨ। ਕਪੜੇ ਬਦਲਣ ਨਾਲ ਇਸਤਰੀ ਬਦਲ ਗਈ ਮਹਿਸੂਸ ਕਰਦੀ ਹੈ।

ਜੇ ਕੱਪੜਿਆਂ ਬਾਰੇ ਇਸਤਰੀਆਂ, ਪੁਰਸ਼ਾਂ ਦੀ ਰਾਇ ਸੁਣਨ ਤਾਂ ਉਨ੍ਹਾਂ ਨੂੰ ਬਹੁਤੇ ਫੈਸ਼ਨ ਕਰਨ ਦੀ ਲੋੜ ਨਹੀਂ ਪਏਗੀ।

ਬਦਲ-ਬਦਲ ਕੇ ਕੱਪੜੇ ਪਾਉਣ ਨਾਲ ਇਸਤਰੀਆਂ ਨੂੰ ਪ੍ਰਸੰਨਤਾ ਮਿਲਦੀ ਹੈ।

ਪੁਰਸ਼ ਦੀ ਪਸੰਦ ਇਸਤਰੀ ਹੁੰਦੀ ਹੈ, ਇਸਤਰੀ ਦੀ ਪਸੰਦ ਕਪੜੇ ਹੁੰਦੇ ਹਨ।

522

ਅਮਰੀਕਾ ਵਿਚ ਇਕ ਵਿਅਕਤੀ ਨੇ ਆਪਣੇ ਨੌਕਰ ਨੂੰ ਬੁਲਾ ਕੇ ਬੜੀ ਪ੍ਰਸੰਸਾ ਕੀਤੀ, ਤੂੰ ਬੜਾ ਵਫ਼ਾਦਾਰ ਹੈਂ, ਮੈਨੂੰ ਤੇਰੀ ਇਮਾਨਦਾਰੀ 'ਤੇ ਮਾਣ ਹੈ, ਤੂੰ ਬੜਾ ਅੱਛਾ ਕੰਮ ਕਰਦਾ ਹੈਂ, ਤੂੰ ਆਪਣੇ ਕੰਮ ਵਿਚ ਪੂਰੀ ਤਰ੍ਹਾਂ ਮਾਹਿਰ ਹੈ, ਮੈਂ ਤੇਰੇ ਕੰਮ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਅਤੇ ਪ੍ਰਸੰਨ ਹਾਂ ਪਰ ਅੱਜ ਤੋਂ ਮੈਂ ਤੇਰੀ ਨੌਕਰੀ ਖਤਮ ਕਰਦਾ ਹਾਂ।

ਨੌਕਰ ਨੇ ਹੈਰਾਨ ਹੋ ਕੇ ਪੁੱਛਿਆ, ਕਿਉਂ ? ਮਾਲਕ ਨੇ ਕਿਹਾ: ਤੈਨੂੰ ਰੱਖਣ ਵੇਲੇ ਮੈਂ ਸ਼ਰਤ ਲਾਈ ਸੀ ਕਿ ਅਸੀਂ ਕਿਸੇ ਵੀ ਦਿਨ ਦੋਵੇਂ ਸ਼ਰਾਬੀ ਨਹੀਂ ਹੋਵਾਂਗੇ, ਤੂੰ ਇਹ ਸ਼ਰਤ ਪੂਰੀ ਨਹੀਂ ਕਰਦਾ, ਇਸ ਲਈ ਮੈਂ ਤੇਰੀ ਨੌਕਰੀ ਖਤਮ ਕਰ ਰਿਹਾ ਹਾਂ। ਨੌਕਰ ਨੇ ਕਿਹਾ: ਜਨਾਬ ਮੈਂ ਤਾਂ ਕਦੇ-ਕਦੇ ਸ਼ਰਾਬੀ ਹੁੰਦਾ ਹਾਂ, ਉਹ ਵੀ ਉਦੋਂ ਜਦੋਂ ਤੁਸੀਂ ਪੀਣ ਲਈ ਦਿੰਦੇ ਹੋ ਪਰ ਤੁਸੀਂ ਤਾਂ ਹਰ ਰੋਜ਼ ਸ਼ਰਾਬੀ ਹੁੰਦੇ ਹੋ। ਸ਼ਰਤ ਤੁਸੀਂ ਤੋੜਦੇ ਹੋ, ਮੈਂ ਨਹੀਂ ਤੋੜਦਾ।

ਨੌਕਰ ਨੇ ਕਿਹਾ : ਮੈਨੂੰ ਤੁਹਾਡੇ ਇਨਸਾਫ 'ਤੇ ਮਾਣ ਹੈ। ਨੌਕਰੀ ਤੋਂ ਕੱਢਣਾ ਹੈ, ਕੱਢ ਦਿਓ ਪਰ ਸ਼ਰਤ ਤੋੜਨ ਦਾ ਆਪਣਾ ਕਸੂਰ ਮੰਨ ਕੇ ਕੱਢੋ। ਨੌਕਰੀ ਬਹਾਲ ਹੋ ਗਈ।

523

ਇਕ ਫਰਾਂਸੀਸੀ ਇੰਜੀਨੀਅਰ, ਫਰਡੀਨੈਂਡ ਨੂੰ ਫਰਾਂਸ ਦੀ ਇਕ ਬੜੀ ਸੁੰਦਰ ਲੜਕੀ ਨਾਲ ਪਿਆਰ ਹੋਇਆ ਸੀ, ਜਿਸਦਾ ਮਗਰੋਂ ਬਾਦਸ਼ਾਹ ਨੈਪੋਲੀਅਨ ਭੀਜੇ ਨਾਲ ਵਿਆਹ ਹੋਇਆ ਸੀ। ਪ੍ਰੇਮਿਕਾ ਨੇ, ਵਿਆਹ ਉਪਰੰਤ ਆਪਣੇ ਪ੍ਰੇਮੀ, ਫਰਡੀਨੈਂਡ ਨੂੰ ਸੁਨੇਹਾ ਭੇਜਿਆ

www.quotesinpunjabi.ml

QuotesInPunjabi

ਕਿ ਜੇ ਬਾਦਸ਼ਾਹ ਨੂੰ ਉਨ੍ਹਾਂ ਦੇ ਪਿਆਰ ਦਾ ਪਤਾ ਲੱਗਾ ਤਾਂ ਉਹ ਫਰਡੀਨੈਂਡ ਨੂੰ ਤੰਗ-ਪਰੇਸ਼ਾਨ ਕਰੇਗਾ, ਸੋ ਉਹ ਫਰਾਂਸ ਤੋਂ ਚਲਾ ਜਾਵੇ।

ਫਰਡੀਨੈਂਡ, ਮਿਸਰ ਚਲਾ ਗਿਆ, ਜਿਥੇ ਤੁਰਕੀ ਦਾ ਰਾਜ ਸੀ। ਉਸ ਸਮੇਂ ਸੁਏਜ਼ ਨਹਿਰ ਬਣਾਉਣ ਦੀਆਂ ਵਿਉਂਤਾਂ ਬਣ ਰਹੀਆਂ ਸਨ ਅਤੇ ਇਕ ਯੋਗ ਇੰਜੀਨੀਅਰ ਦੀ ਭਾਲ ਕੀਤੀ ਜਾ ਰਹੀ ਸੀ। ਫਰਡੀਨੈਂਡ ਨੇ ਇਹ ਲੋੜ ਪੂਰੀ ਕੀਤੀ, ਕੰਮ ਆਰੰਭ ਕਰਵਾਇਆ ਅਤੇ ਖਜ਼ਾਨੇ ਦਾ ਢੇਰ ਪੈਸਾ ਲੱਗ ਕੇ ਨਹਿਰ ਤਿਆਰ ਹੋਈ। ਫਰਡੀਨੈਂਡ ਨੇ ਇਹ ਕੰਮ ਬੜੀ ਲਗਨ ਨਾਲ ਕੀਤਾ, ਕਿਉਂਕਿ ਉਹ ਆਪਣੀ ਪ੍ਰੇਮਿਕਾ ਨੂੰ ਆਪਣੀ ਪੁੱਟੀ ਹੋਈ ਸੁਏਜ਼ ਨਹਿਰ ਵਿਖਾਉਣੀ ਚਾਹੁੰਦਾ ਸੀ। ਇਸ ਨਹਿਰ ਦਾ ਵਿਸ਼ਵਵਿਆਪੀ ਮਹੱਤਵ ਸੀ।

ਫਰਡੀਨੈਂਡ ਨੇ ਵਾਇਸਰਾਇ ਨੂੰ ਮਨਾਇਆ ਕਿ ਉਦਘਾਟਨ ਸਮਾਰੋਹ ਲਈ ਯੋਰਪ ਦੇ ਬਾਦਸ਼ਾਹਾਂ ਅਤੇ ਮਹਾਰਾਣੀਆਂ ਨੂੰ ਬੁਲਾਇਆ ਜਾਵੇ।

ਉਸ ਨੇ ਆਪਣੀ ਪ੍ਰੇਮਿਕਾ ਦੇ ਰਹਿਣ ਲਈ ਵਿਸ਼ੇਸ਼ ਮਹਿਲ ਬਣਵਾਇਆ।

ਪਿਆਰ ਦੀ ਦੁਨੀਆ ਵਿਚ, ਆਪਣੀ ਪ੍ਰੇਮਿਕਾ ਨੂੰ ਮਿਲਣ ਲਈ ਫਰਿਹਾਦ ਨੇ ਹੀ ਨਹਿਰ ਨਹੀਂ ਸੀ ਪੁੱਟੀ, ਫਰਡੀਨੈਂਡ ਨੇ ਵੀ ਪੁੱਟੀ ਸੀ।

524

ਇਕ ਗੱਡੀ ਵਿਚ ਭੀੜ ਸੀ। ਦੋ ਪਠਾਣ ਵੀ ਸਫਰ ਕਰ ਰਹੇ ਸਨ। ਇਕ ਪਠਾਣ ਢਿੱਲਾ ਹੋਣ ਕਰਕੇ ਲੰਮਾ ਪਿਆ ਹੋਇਆ ਸੀ ਅਤੇ ਦੂਜਾ ਨਾਲ ਬੈਠਾ ਸੀ। ਅਗਲੇ ਸਟੇਸ਼ਨ ਤੋਂ ਇਕ ਨਵਾਂ ਵਿਆਹਿਆ ਜੋੜਾ ਚੜ੍ਹਿਆ। ਉਨ੍ਹਾਂ ਨੇ ਲੇਟੇ ਹੋਏ ਪਠਾਣ ਨੂੰ ਉੱਠਣ ਲਈ ਕਿਹਾ ਤਾਂ ਕਿ ਉਹ ਬਹਿ ਸਕਣ। ਸਾਥੀ ਪਠਾਣ ਨੇ ਕਿਹਾ: ਇਹ ਬੀਮਾਰ ਹੈ, ਬੀਮਾਰ ਹੋਣ ਕਰਕੇ ਲੇਟਿਆ ਹੋਇਆ ਹੈ, ਕੁਝ ਚਿਰ ਮਗਰੋਂ ਅਸੀਂ ਉਤਰ ਜਾਣਾ ਹੈ। ਪਤੀ ਨੇ ਗੁੱਸੇ ਨਾਲ ਉਸ ਨੂੰ ਉੱਠਣ ਲਈ ਕਿਹਾ ਅਤੇ ਤੈਸ਼ ਵਿਚ ਆ ਕੇ ਉਸ ਨੇ ਦੂਜੇ ਪਠਾਣ ਨੂੰ ਥੱਪੜ ਮਾਰ ਦਿੱਤਾ। ਇਹ ਵੇਖ ਕੇ ਲੇਟਿਆ ਹੋਇਆ ਪਠਾਣ ਉਠ ਬੈਠਿਆ।

ਨਵੇਂ ਵਿਆਹੇ ਪੁਰਸ਼ ਨੂੰ ਆਪਣੀ ਤਾਕਤ 'ਤੇ ਮਾਣ ਹੋ ਰਿਹਾ ਸੀ।

ਉਸ ਦੇ ਵਿਹਾਰ ਨਾਲ ਕੋਈ ਸੰਤੁਸ਼ਟ ਨਹੀਂ ਸੀ, ਪਤਨੀ ਵੀ ਸੰਤੁਸ਼ਟ ਨਹੀਂ ਸੀ ਪਰ ਪਤਨੀ ਦਾ ਚੂੜਾ ਅਤੇ ਨਵੇਂ ਹੋਏ ਵਿਆਹ ਦੇ ਕੱਪੜੇ ਵੇਖ ਕੇ, ਲੋਕ ਚੁੱਪ ਹੀ ਰਹੇ।

ਜਦੋਂ ਉਸ ਜੋੜੇ ਦੇ ਉਤਰਨ ਦਾ ਸਟੇਸ਼ਨ ਆਇਆ ਅਤੇ ਪਤੀ ਜਾਣ ਲੱਗਿਆ ਤਾਂ ਪਠਾਣ ਨੇ ਉਸ ਦਾ ਹੱਥ ਫੜ ਕੇ ਕਿਹਾ: ਇਸ ਗਰੂਰ ਨਾਲ ਨਾ ਜਾਵੀਂ ਕਿ ਤੂੰ ਮੈਨੂੰ ਥੱਪੜ ਮਾਰਿਆ ਹੈ। ਮੈਂ ਇਸ ਕਰਕੇ ਚੁੱਪ ਰਿਹਾ ਸਾਂ ਕਿ ਤੇਰੇ ਨਾਲ ਨਵੀਂ ਵਿਆਹੀ ਪਤਨੀ ਹੈ, ਉਸ ਵਿਚੋਂ ਮੈਨੂੰ ਕਾਬਲ ਵਿਚ ਬੈਠੀ, ਆਪਣੀ ਧੀ ਵਿਖਾਈ ਦੇ ਰਹੀ ਸੀ। ਜੇ ਮੈਂ ਚਾਹੁੰਦਾ ਤਾਂ ਤੇਰੇ ਥੱਪੜ ਦੇ ਜਵਾਬ ਵਿਚ, ਮੈਂ ਅਜਿਹਾ ਥੱਪੜ ਮਾਰਨਾ ਸੀ ਕਿ ਜ਼ਿੰਦਗੀ ਵਿਚ ਤੂੰ ਭਾਵੇਂ ਆਪਣਾ ਨਾਂ ਭੁੱਲ ਜਾਂਦਾ, ਤੈਨੂੰ ਥੱਪੜ ਨਹੀਂ ਸੀ ਭੁੱਲਣਾ।

ਮੈਂ ਇਸ ਕਰਕੇ ਥੱਪੜ ਦਾ ਜਵਾਬ ਥੱਪੜ ਨਹੀਂ ਦਿੱਤਾ, ਕਿਉਂਕਿ ਮੇਰੇ ਥੱਪੜ ਨਾਲ, ਤੂੰ ਆਪਣੀ ਪਤਨੀ ਦੀਆਂ ਨਜ਼ਰਾਂ ਵਿੱਚ ਹਮੇਸ਼ਾ ਵਾਸਤੇ ਡਿੱਗ ਜਾਣਾ ਸੀ।

www.quotesinpunjabi.ml

QuotesInPunjabi

525

ਦੂਜੇ ਸ਼ਹਿਰ ਰਹਿੰਦੇ ਇਕ ਵਿਅਕਤੀ ਨੇ ਇਕ ਤਰਖਾਣ ਨੂੰ ਆਪਣੇ ਨਵੇਂ ਘਰ ਦਾ ਮੁਖ ਦਰਵਾਜ਼ਾ ਬਣਾਉਣ ਦਾ ਠੇਕਾ ਦਿੱਤਾ। ਦਸ ਦਿਨ ਲੱਗਣੇ ਸਨ। ਜਦੋਂ ਮਾਲਕ ਦੱਸੇ ਵਕਤ 'ਤੇ ਪਹੁੰਚਿਆ ਤਾਂ ਉਸ ਨੇ ਦਰਵਾਜ਼ਾ ਵੇਖਿਆ, ਪਸੰਦ ਆਇਆ ਪਰ ਮਾਲਕ ਧੰਨਵਾਦ ਕਰਦਿਆਂ, ਕਹਿ ਰਿਹਾ ਸੀ, ਕੰਮ ਉਸ ਦੀ ਤਸੱਲੀ ਅਨੁਸਾਰ ਹੋ ਗਿਆ ਸੀ। ਤਰਖਾਣ ਕਹਿ ਰਿਹਾ ਸੀ, ਭਾਵੇਂ ਤੁਹਾਡੀ ਤਸੱਲੀ ਹੋ ਗਈ ਹੈ ਪਰ ਮੇਰੀ ਤਸੱਲੀ ਅਜੇ ਨਹੀਂ ਹੋਈ।

ਅੱਧੀ ਦਿਹਾੜੀ ਹੋਰ ਲੱਗੇਗੀ, ਦਰਵਾਜ਼ਾ ਸ਼ਾਮ ਤੱਕ ਤਿਆਰ ਹੋ ਜਾਵੇਗਾ।

ਸ਼ਾਮ ਨੂੰ ਜਦੋਂ ਮਾਲਕ ਮੁੜਿਆ ਤਾਂ ਉਹ ਦਰਵਾਜ਼ਾ ਵੇਖ ਕੇ ਬੜਾ ਪ੍ਰਸੰਨ ਹੋਇਆ।

ਤਰਖਾਣ ਬੜੇ ਮਾਣ ਨਾਲ ਕਹਿ ਰਿਹਾ ਸੀ: ਇਹ ਤੁਹਾਡੇ ਘਰ ਦਾ ਮੁਖ ਦੁਆਰ ਹੈ, ਇਥੋਂ ਤੁਸੀਂ, ਤੁਹਾਡੇ ਪਰਿਵਾਰ ਅਤੇ ਬੱਚਿਆਂ ਅਤੇ ਤੁਹਾਡੇ ਬੱਚਿਆਂ ਦੇ ਬੱਚਿਆਂ ਨੇ ਕਈ ਵਾਰ ਲੰਘਣਾ ਹੈ, ਇੱਥੋਂ ਬਾਰਾਤਾਂ ਰਵਾਨਾ ਹੋਣਗੀਆਂ, ਇੱਥੇ ਡੋਲੀਆਂ ਆਉਣਗੀਆਂ, ਸੋ ਅਜਿਹੇ ਦੁਆਰ ਵਿਚ ਸਵਾਗਤੀ ਪ੍ਰਭਾਵ ਹੋਣਾ ਚਾਹੀਦਾ ਹੈ। ਮਾਲਕ ਇੰਜ ਸੁਣ ਰਿਹਾ ਸੀ, ਜਿਵੇਂ ਕੋਈ ਫ਼ਿਲਾਸਫ਼ਰ ਜ਼ਿੰਦਗੀ ਦਾ ਫ਼ਲਸਫ਼ਾ ਸਮਝਾ ਰਿਹਾ ਸੀ।

ਤਰਖਾਣ ਨੇ ਕਿਹਾ: ਜਿਹੜਾ ਵੀ ਇਹ ਦਰਵਾਜ਼ਾ ਵੇਖੇਗਾ, ਮੇਰਾ ਵਿਸ਼ਵਾਸ ਹੈ, ਉਹ ਇਹ ਨਹੀਂ ਕਹੇਗਾ ਕਿ ਇਹ ਕਿਸੇ ਤਰਖਾਣ ਨੇ ਬਣਾਇਆ ਹੈ, ਉਹ ਕਹੇਗਾ, ਇਹ ਕਿਸੇ ਕਲਾਕਾਰ ਦਾ ਬਣਾਇਆ ਹੋਇਆ ਹੈ।

ਜੇ ਤੁਸੀਂ ਦਰਵਾਜ਼ੇ ਵਿਚ ਖਲੋਤੇ ਹੋਵੋਗੇ ਤਾਂ ਮੇਰਾ ਵਿਸ਼ਵਾਸ ਹੈ ਕਿ ਵੇਖਣ ਵਾਲਾ ਪਹਿਲਾਂ ਦਰਵਾਜ਼ਾ ਵੇਖੇਗਾ, ਫਿਰ ਤੁਹਾਨੂੰ ਵੇਖੇਗਾ।

526

ਲਛਮਣ ਅਤੇ ਰਾਮ ਦਾ ਗੁਰੂ ਵਸ਼ਿਸ਼ਟ ਸੀ, ਕ੍ਰਿਸ਼ਨ ਦਾ ਗੁਰੂ ਸੰਦੀਪਨ ਰਿਸ਼ੀ ਸੀ।

ਵਿਵੇਕਾਨੰਦ ਦਾ ਗੁਰੂ ਸਵਾਮੀ ਰਾਮ ਕ੍ਰਿਸ਼ਨ ਸੀ।

ਇਕ ਵਾਰੀ ਵਿਵੇਕਾਨੰਦ, ਸਵਾਮੀ ਰਾਮ ਕ੍ਰਿਸ਼ਨ ਕੋਲ ਗਿਆ ਅਤੇ ਦੱਸਿਆ: ਮੈਂ ਗੀਤਾ ਪੜ੍ਹੀ ਹੈ, ਗੀਤਾ ਦੇ ਪ੍ਰਵਚਨ ਵੀ ਕਰਦਾ ਹਾਂ। ਮੈਂ ਪੁੱਛਣ ਆਇਆ ਹਾਂ, ਕੀ ਮੈਨੂੰ ਗੁਰੂ ਦੀ ਲੋੜ ਹੈ? ਰਾਮ ਕ੍ਰਿਸ਼ਨ ਚੁੱਪ ਰਹੇ।

ਕੁਝ ਦਿਨ ਮਗਰੋਂ ਰਾਮਕ੍ਰਿਸ਼ਨ ਨੇ ਵਿਵੇਕਾਨੰਦ ਨੂੰ ਕਿਹਾ: ਇਹ ਪਾਰਸਲ ਪਿੰਡ ਦੇ ਮੁਖੀਏ ਨੂੰ ਪਹੁੰਚਾਉਣਾ ਹੈ। ਸਵੇਰੇ ਜਾਵੀਂ, ਤੱਟ 'ਤੇ ਬੇੜੀ ਅਤੇ ਮਲਾਹ, ਤੈਨੂੰ ਉਡੀਕ ਰਹੇ ਹੋਣਗੇ। ਦੱਸੇ ਅਨੁਸਾਰ, ਵਿਵੇਕਾਨੰਦ ਸਵੇਰੇ ਚਲਿਆ, ਤੱਟ 'ਤੇ ਬੇੜੀ ਤਿਆਰ ਸੀ, ਮਲਾਹ ਉਡੀਕ ਰਹੇ ਸਨ। ਬੇੜੀ ਵਿਚ ਬਹਿ ਗਿਆ।

ਦਰਿਆ ਦੇ ਅੱਧ ਵਿਚ ਜਾ ਕੇ ਉਸਨੇ ਵੇਖਿਆ ਕਿ ਦਰਿਆ ਦੇ ਪਾਰ ਤਾਂ ਕਈ ਪਿੰਡ ਸਨ। ਕਿਹੜੇ ਪਿੰਡ ਜਾਣਾ ਹੈ? ਵਾਪਸ ਮੁੜਿਆ, ਪੁੱਛਣ ਲਈ।

ਰਾਮ ਕ੍ਰਿਸ਼ਨ ਨੇ ਕਿਹਾ: ਸਾਧਨ ਬੇੜੀ ਵੀ ਸੀ, ਮਲਾਹ ਵੀ ਸੀ, ਦਰਿਆ ਵੀ ਸੀ ਪਰ ਇਹ ਨਹੀਂ ਸੀ ਪਤਾ ਕਿ ਕਿਥੇ ਜਾਣਾ ਹੈ।

www.quotesinpunjabi.ml

QuotesInPunjabi

ਗੁਰੂ ਦੀ ਇਸ ਲਈ ਲੋੜ ਹੁੰਦੀ ਹੈ, ਕਿਉਂਕਿ ਗੁਰੂ ਅਗਿਆਨ ਦੂਰ ਕਰਦਾ ਹੈ। ਗੁਰੂ ਇਹ ਹੀ ਨਹੀਂ ਦਸਦਾ ਕਿ ਕੀ ਕਰਨਾ ਹੈ, ਕਿਵੇਂ, ਕਿਥੇ, ਕਦੋਂ, ਕਿਉਂ ਕਰਨਾ ਹੈ, ਗੁਰੂ ਇਹ ਵੀ ਦਸਦਾ ਹੈ ਕਿ ਕੀ ਨਹੀਂ ਕਰਨਾ ਅਤੇ ਕੀ ਕਦੇ ਨਹੀਂ ਕਰਨਾ।

ਜਿਸ ਵਿਚ ਵੀ ਆਪਣੀ ਵਰਤਮਾਨ ਸਥਿਤੀ ਤੋਂ ਉਪਰ ਉੱਠਣ ਦੀ ਅਭਿਲਾਸ਼ਾ ਹੈ, ਦੂਰ ਜਾਣ ਦੀ ਰੀਝ ਹੈ, ਨਵੇਂ ਅਨੁਭਵਾਂ ਦੀ ਤਾਂਘ ਹੈ, ਉਸ ਨੂੰ ਗੁਰੂ ਦੀ ਲੋੜ ਹੈ।

527

ਇਕ ਪ੍ਰਸਿੱਧ ਅਦਾਕਾਰਾ ਦੱਸ ਰਹੀ ਸੀ ਕਿ ਉਸ ਨੂੰ ਬੜੇ ਇਨਾਮ ਮਿਲੇ ਪਰ ਸਭ ਤੋਂ ਕੀਮਤੀ ਇਨਾਮ ਇਕ ਬੱਚੇ ਤੋਂ ਮਿਲਿਆ।

ਉਹ ਇਕ ਨਾਟਕ ਵਿਚ ਮਹਾਰਾਣੀ ਦੀ ਅਦਾਕਾਰੀ ਕਰਦੀ ਸੀ, ਜਿਸ ਨੂੰ ਇਕ ਛੋਟਾ ਬੱਚਾ ਰੋਜ਼ ਵੇਖਣ ਆਉਂਦਾ ਸੀ ਅਤੇ ਨਾਟਕ ਉਪਰੰਤ ਉਹ ਉਸ ਦਰਵਾਜ਼ੇ ਦੇ ਕੋਲ ਖਲੋਤਾ ਰਹਿੰਦਾ ਸੀ, ਜਿਸ ਵਿਚੋਂ ਅਦਾਕਾਰਾ ਆਪਣਾ ਕੰਮ ਮੁਕਾ ਕੇ, ਘਰ ਜਾਣ ਲਈ ਨਿਕਲਦੀ ਸੀ। ਉਹ ਬੱਚਾ ਬੜੀਆਂ ਪ੍ਰਸੰਸਾਮਈ ਨਜ਼ਰਾਂ ਨਾਲ ਉਸ ਨੂੰ ਨਿਹਾਰਦਾ ਸੀ ਅਤੇ ਉਸ ਨੂੰ ਪ੍ਰਸੰਸਕਾਂ ਤੋਂ ਇਨਾਮ, ਤੋਹਫੇ ਅਤੇ ਗੁਲਦਸਤੇ ਲੈਂਦਿਆਂ ਵੇਖਦਾ ਸੀ।

ਕਈ ਦਿਨ ਇਵੇਂ ਨਿਹਾਰਨ ਉਪਰੰਤ, ਇਕ ਦਿਨ ਹਿੰਮਤ ਕਰਕੇ, ਉਹ ਬੱਚਾ ਅੱਗੇ ਹੋਇਆ ਅਤੇ ਅਦਾਕਾਰਾ ਨੂੰ ਇਕ ਛੋਟੀ ਜਿਹੀ ਡੱਬੀ ਦੇ ਕੇ ਦੌੜ ਗਿਆ।

ਘਰ ਜਾ ਕੇ ਉਸ ਅਦਾਕਾਰਾ ਨੇ ਜਦੋਂ ਉਹ ਡੱਬੀ ਖੋਲ੍ਹੀ ਤਾਂ ਵੇਖਿਆ ਕਿ ਉਸ ਡੱਬੀ ਵਿੱਚ, ਉਸ ਬੱਚੇ ਦਾ ਆਪਣੇ ਸਕੂਲ ਵਿਚੋਂ ਉਸੇ ਸਾਲ ਮਿਲਿਆ, ਪੰਜਵੀਂ ਜਮਾਤ ਵਿਚੋਂ ਅਵਲ ਆਉਣ ਦਾ ਮੈਡਲ ਸੀ।

528

ਇਸਤਰੀ ਵਿਸ਼ਵਾਸ ਦਾ ਨਾਂ ਹੈ, ਪੁਰਸ਼ ਦਲੀਲ ਦਾ ਮੁਰੀਦ ਹੈ।

ਇਸ ਦਾ ਅਰਥ ਇਹ ਨਹੀਂ ਕਿ ਪੁਰਸ਼ਾਂ ਵਿਚ ਵਿਸ਼ਵਾਸ ਨਹੀਂ ਹੁੰਦਾ ਜਾਂ ਇਸਤਰੀਆਂ ਕੋਲ ਦਲੀਲ ਨਹੀਂ ਹੁੰਦੀ। ਦੋਹਾਂ ਕੋਲ ਦੋਵੇਂ ਹੁੰਦੇ ਹਨ ਪਰ ਵੱਧ, ਘੱਟ ਹੁੰਦੇ ਹਨ।

ਵਿਸ਼ਵਾਸ ਇਸਤਰੀ ਦਾ ਅਤੇ ਦਲੀਲ ਪੁਰਸ਼ ਦਾ ਪਹਿਲਾ ਲੱਛਣ ਹੁੰਦਾ ਹੈ।

ਦੋਹਾਂ ਦੇ ਸੋਚਣ ਦੀ ਜੁਗਤ ਵੱਖਰੀ ਹੈ। ਇਸਤਰੀ ਵਿਸ਼ਵਾਸ ਨਾਲ ਸੋਚਦੀ ਹੈ, ਉਸ ਕੋਲ ਦਲੀਲ ਹੁੰਦੀ ਹੈ ਪਰ ਵਿਸ਼ਵਾਸ ਵਿਚ ਰੰਗੀ ਹੋਈ। ਪੁਰਸ਼ ਦਲੀਲ ਨਾਲ ਸੋਚਦਾ ਹੈ, ਉਸ ਕੋਲ ਵਿਸ਼ਵਾਸ ਹੁੰਦਾ ਹੈ ਪਰ ਦਲੀਲ ਦਾ ਵਿਸ਼ਵਾਸ।

ਦਲੀਲ ਸਖਤ ਹੁੰਦੀ ਹੈ, ਸ਼ਕਤੀਸ਼ਾਲੀ ਹੁੰਦੀ ਹੈ ਪਰ ਵਿਸ਼ਵਾਸ ਵਾਂਗ ਕੂਲੀ ਨਹੀਂ ਹੁੰਦੀ। ਪੁਰਸ਼ ਦੇ ਵੀ ਇਹੀ ਲੱਛਣ ਹਨ। ਪੁਰਸ਼ ਸਖਤ ਹੁੰਦਾ ਹੈ, ਸ਼ਕਤੀਸ਼ਾਲੀ ਹੁੰਦਾ ਹੈ।

ਸੁੰਦਰਤਾ ਨਿੱਘੀ ਹੁੰਦੀ ਹੈ, ਵਿਸ਼ਵਾਸ ਵਾਂਗ, ਇਹ ਵੇਖਣ ਵਾਲੀਆਂ ਅੱਖਾਂ 'ਤੇ ਨਿਰਭਰ ਕਰਦੀ ਹੈ, ਇਹ ਦਿਮਾਗ ਨਾਲੋਂ ਦਿਲ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ।

www.quotesinpunjabi.ml

QuotesInPunjabi

ਸੁੰਦਰਤਾ ਦਾ ਵਿਸ਼ਵਾਸ ਵਾਂਗ ਹੀ ਵਿਸ਼ਲੇਸ਼ਣ ਸੰਭਵ ਨਹੀਂ ਹੁੰਦਾ, ਜਦੋਂ ਕਿ ਤਰਕ ਨਿਰਪੱਖ ਹੁੰਦਾ ਹੈ, ਕੁਦਰਤ ਦੇ ਨੇਮ ਵਾਂਗ।

ਪੁਰਸ਼ ਤਾਰਕਿਕ ਹੈ, ਇਸ ਲਈ ਪਦਾਰਥਵਾਦੀ ਹੈ। ਇਸੇ ਕਰਕੇ ਬਹੁਤੀਆਂ ਕਾਢਾਂ ਪੁਰਸ਼ਾਂ ਨੇ ਕੱਢੀਆਂ ਹਨ। ਕਾਢਾਂ ਦਾ ਆਧਾਰ ਪਦਾਰਥ ਹੁੰਦਾ ਹੈ, ਕਾਢਾਂ ਦੇ ਨੇਮ ਤਾਰਕਿਕ ਹੁੰਦੇ ਹਨ। ਯੁੱਧ ਵੀ ਪੁਰਸ਼ ਸੋਚ ਨਾਲ ਲੜੇ ਜਾਂਦੇ ਹਨ।

ਇਸਤਰੀਆਂ ਸ਼ਾਂਤੀ ਚਾਹੁੰਦੀਆਂ ਹੀ ਨਹੀਂ, ਸ਼ਾਂਤੀ ਸਥਾਪਤ ਵੀ ਕਰਦੀਆਂ ਹਨ।

ਵਿਆਹ, ਸਮਾਜ ਵਿਚ ਸ਼ਾਂਤੀ ਸਥਾਪਤ ਕਰਨ ਦਾ ਇਕ ਉਪਰਾਲਾ ਹੈ।

ਵਿਆਹ ਦੇ ਕੇਂਦਰ ਵਿਚ ਇਸਤਰੀ ਹੈ। ਜੇ ਵਿਆਹ ਦੀ ਪ੍ਰਥਾ ਨਾ ਹੁੰਦੀ ਤਾਂ ਸਮਾਜ ਵਿਚ ਕੋਈ ਸ਼ਾਂਤੀ ਸੰਭਵ ਨਹੀਂ ਸੀ ਹੋਣੀ। ਪੁਰਸ਼, ਸ਼ਾਂਤੀ ਦੌਰਾਨ ਇਸਤਰੀ ਦੇ ਵਿਸ਼ਵਾਸ ਨੂੰ ਮਾਣਦਾ ਹੈ। ਵਿਆਹ ਰਾਹੀਂ ਤਰਕ ਅਤੇ ਵਿਸ਼ਵਾਸ ਦਾ ਮਿਲਾਪ ਹੁੰਦਾ ਹੈ।

ਇਸਤਰੀ ਹੋਰ ਤਰ੍ਹਾਂ ਸੋਚਦੀ ਹੈ, ਪੁਰਸ਼ ਹੋਰ ਤਰ੍ਹਾਂ। ਪੁਰਸ਼ ਇਸਤਰੀ ਦੇ ਸਰੀਰ ਅਤੇ ਉਸ ਦੀ ਸੁੰਦਰਤਾ ਵਲ ਖਿੱਚਿਆ ਜਾਂਦਾ ਹੈ। ਸਰੀਰ ਦਿਸਦਾ ਹੈ, ਸੁੰਦਰਤਾ ਖਿੱਚਦੀ ਹੈ।

ਇਸਤਰੀ ਲਈ ਪੁਰਸ਼ ਦੀ ਸੂਝ-ਬੂਝ, ਦਲੇਰੀ, ਉਦਮ, ਭਰੋਸਾ, ਕਰਤੱਵ ਅਤੇ ਕੁਰਬਾਨੀ ਵਧੇਰੇ ਮਹੱਤਵਪੂਰਨ ਹੁੰਦੇ ਹਨ, ਜਿਹੜੇ ਦਿਸਦੇ ਨਹੀਂ।

ਪੁਰਸ਼ ਰੌਸ਼ਨੀ ਹੁੰਦਾ ਹੈ, ਇਸਤਰੀ ਨੂਰ ਹੁੰਦੀ ਹੈ।

529

ਸਵਿਟਜ਼ਰਲੈਂਡ ਅਜਿਹਾ ਦੇਸ਼ ਹੈ, ਜਿਸ ਨੂੰ ਵੇਖ ਕੇ ਹਰ ਕੋਈ ਸੋਚਦਾ ਹੈ ਕਿ ਮੇਰਾ ਦੇਸ਼ ਵੀ ਅਜਿਹਾ ਹੋਣਾ ਚਾਹੀਦਾ ਹੈ। ਸਵਿਟਜ਼ਰਲੈਂਡ ਨੂੰ ਵੇਖ ਕੇ ਪਤਾ ਲਗਦਾ ਹੈ ਕਿ ਕੋਈ ਦੇਸ਼ ਕਿਹੋ ਜਿਹਾ ਹੋਣਾ ਚਾਹੀਦਾ ਹੈ ਅਤੇ ਕਿਹੋ ਜਿਹਾ ਹੋ ਸਕਦਾ ਹੈ।

ਜੋ ਹਰ ਕਿਸੇ ਵਲੋਂ ਚਾਹਿਆ ਜਾਂਦਾ ਹੈ, ਉਹ ਸਭ ਕੁਝ ਸਵਿਟਜ਼ਰਲੈਂਡ ਵਿਚ ਹੈ।

ਅਸੀਂ ਜਿਹੜੇ ਸੁਪਨੇ ਵੇਖਦੇ ਹਾਂ, ਉਹ ਇਥੇ ਹਕੀਕਤ ਹਨ। ਇਥੋਂ ਦਾ ਦੁੱਧ, ਅਸਲੀ ਦੁੱਧ ਹੈ; ਇਥੇ ਦੀ ਹਵਾ, ਅਸਲੀ ਹਵਾ ਹੈ। ਅਸਲੀ ਹਵਾ ਉਹ ਹੈ, ਜੋ ਇਥੇ ਹੈ।

ਇਥੋਂ ਦਾ ਵਾਤਾਵਰਣ ਅਜਿਹਾ ਹੈ, ਜਿਹੜਾ ਨਵੀਆਂ, ਸੱਜਰੀਆਂ, ਮੌਲਿਕ, ਵੱਡੀਆਂ ਕਲਿਆਣਕਾਰੀ ਸੋਚਾਂ ਲਈ ਸਹਾਇਕ ਹੁੰਦਾ ਹੈ।

ਜਿਨ੍ਹਾਂ ਘਟਨਾਵਾਂ ਦੇ ਸਮਾਚਾਰਾਂ ਨਾਲ ਸਾਡੇ ਅਖਬਾਰ ਭਰੇ ਹੁੰਦੇ ਹਨ, ਉਹ ਇਥੇ ਵਾਪਰਦੀਆਂ ਹੀ ਨਹੀਂ, ਇਸੇ ਕਰਕੇ ਤੁਸੀਂ ਕਦੇ ਸਵਿਟਜ਼ਰਲੈਂਡ ਬਾਰੇ ਕੋਈ ਭੈੜੀ ਖਬਰ ਨਹੀਂ ਪੜ੍ਹੋਗੇ, ਸੋਹਣੀਆਂ ਤਸਵੀਰਾਂ ਹੀ ਵੇਖੋਗੇ। ਇਥੇ ਯੁੱਧ ਬਾਰੇ ਕਦੇ ਨਹੀਂ ਸੋਚਿਆ ਜਾਂਦਾ। ਇਹ ਸੰਸਾਰ ਦਾ ਇਕ-ਮਾਤਰ ਅਜਿਹਾ ਦੇਸ਼ ਹੈ, ਜਿਥੇ ਫੌਜ ਹੈ ਹੀ ਨਹੀਂ।

ਇਹ ਝੀਲਾਂ ਦਾ ਦੇਸ਼ ਹੈ, ਇੱਥੇ ਹਰ ਕੋਈ ਕਿਸੇ ਝੀਲ ਦੇ ਕਿਨਾਰੇ ਰਹਿੰਦਾ ਹੈ।

ਇਹ ਸਿਆਣਾ ਦੇਸ਼ ਹੈ, ਜਿਥੇ ਸੂਝ ਦਾ ਰਾਜ ਹੈ, ਇੱਥੇ ਕੋਈ ਫੜ੍ਹ ਨਹੀਂ ਮਾਰਦਾ, ਇਥੇ ਝਗੜੇ ਨਹੀਂ ਉਪਜਦੇ। ਜੇ ਜਾ ਸਕੋ ਤਾਂ ਇਕ ਵਾਰੀ ਜ਼ਰੂਰ ਜਾਣਾ।

www.quotesinpunjabi.ml

QuotesInPunjabi

530

ਅਸੀਂ ਕਈ ਪੱਤਰਕਾਰ ਉਲੰਪਿਕ ਖੇਡਾਂ ਬਾਰੇ ਖਬਰਾਂ ਭੇਜਣ ਲਈ ਆਏ ਹੋਏ ਸਾਂ। ਉਲੰਪਿਕ ਵਿਚ ਸੌ ਮੀਟਰ ਦੀ ਦੌੜ ਦਾ, ਸੰਸਾਰ ਦੀ ਸਭ ਤੋਂ ਤੇਜ਼ ਦੌੜ ਦਾ, ਰੀਕਾਰਡ ਤੋੜਿਆ ਜਾ ਰਿਹਾ ਸੀ। ਜਦੋਂ ਇਤਿਹਾਸ ਸਿਰਜਿਆ ਜਾ ਰਿਹਾ ਹੋਵੇ, ਉਥੇ ਉਦੋਂ ਹਾਜ਼ਰ ਹੋਣਾ ਬਹੁਤ ਅਦਭੁਤ ਅਨੁਭਵ ਹੁੰਦਾ ਹੈ। ਸੰਸਾਰ ਨਵੇਂ ਸਿਰਿਓਂ ਜਨਮ ਲੈ ਰਿਹਾ ਹੁੰਦਾ ਹੈ।

ਖੁਸ਼ੀ ਦਾ ਸੁਭਾਓ ਹੀ ਅਜਿਹਾ ਹੁੰਦਾ ਹੈ ਕਿ ਇਹ ਅਸੀਂ ਹੋਰਾਂ ਨਾਲ ਸਾਰਿਆਂ ਨਾਲ, ਵੰਡਣੀ ਚਾਹੁੰਦੇ ਹਾਂ, ਸਾਂਝੀ ਕਰਨੀ ਚਾਹੁੰਦੇ ਹਾਂ।

ਇਕ ਹੋਰ ਪੱਤਰਕਾਰ ਜਿਹੜੀ, ਮੈਂ ਜਾਣਦਾ ਸਾਂ, ਮੈਨੂੰ ਨਫ਼ਰਤ ਕਰਦੀ ਸੀ, ਮੇਰੇ ਸਾਹਮਣੇ ਸੀ। ਵਾਤਾਵਰਣ ਇਤਨਾ ਜੋਸ਼ੀਲਾ ਸੀ ਕਿ ਮੈਨੂੰ ਨਫ਼ਰਤ ਕਰਨ ਵਾਲੀ ਵੀ ਮੈਨੂੰ ਮਮਤਾ-ਭਾਵ ਨਾਲ ਮੁਸਕਰਾ ਕੇ ਵੇਖ ਰਹੀ ਸੀ। ਅਸੀਂ ਆਹਮੋ-ਸਾਹਮਣੇ ਹੋਏ, ਅੱਖਾਂ ਮਿਲੀਆਂ, ਸਗੋਰ ਮਿਲੇ ਅਤੇ ਅਸੀਂ ਉਨ੍ਹਾਂ ਮਹਾਨ ਪਲਾਂ ਦਾ ਭਾਗ ਬਣ ਗਏ।

ਮੈਨੂੰ ਅਜੇ ਤੱਕ ਇਸ ਗੱਲ ਦਾ ਮਾਣ ਹੈ ਕਿ ਜਦੋਂ ਰੀਕਾਰਡ ਤੋੜਿਆ ਜਾ ਰਿਹਾ ਸੀ, ਇਤਿਹਾਸ ਸਿਰਜਿਆ ਜਾ ਰਿਹਾ ਸੀ, ਉਸ ਸਮੇਂ ਮੈਂ ਵੀ ਨਜ਼ਾਰਾ ਮਾਣ ਰਿਹਾ ਸਾਂ।

531

ਸਾਡੇ ਸਮਾਜ ਨੂੰ ਪੁਰਸ਼-ਪ੍ਰਧਾਨ ਸਮਾਜ ਇਸ ਲਈ ਕਿਹਾ ਜਾਂਦਾ ਹੈ ਕਿਉਂ ਕਿ ਪੁਰਸ਼ ਨੇ ਸਾਰੀ ਵਿਵਸਥਾ ਇਵੇਂ ਵਿਉਂਤ ਲਈ ਹੈ ਕਿ ਇਸ ਵਿਵਸਥਾ ਵਿੱਚ ਇਸਤਰੀ ਜਾਂ ਗੌਰਹਾਜ਼ਰ ਹੈ ਜਾਂ ਮਹੱਤਵਹੀਣ ਹੈ। ਵਿਆਹ ਸਮੇਂ ਚਾਹਿਆ ਜਾਂਦਾ ਹੈ ਕਿ ਲੜਕੀ ਦਾ ਕੱਦ ਲੜਕੇ ਦੇ ਕੱਦ ਨਾਲੋਂ ਛੋਟਾ ਹੋਵੇ, ਉਹ ਉਮਰ ਵਿਚ ਵੀ ਛੋਟੀ ਹੋਵੇ, ਉਸ ਦਾ ਪਰਿਵਾਰ ਵੀ ਨੀਵਾਂ ਹੋਵੇ, ਉਸ ਦੀ ਵਿਦਿਅਕ ਯੋਗਤਾ ਵੀ ਘੱਟ ਹੋਵੇ। ਇਹ ਸਾਰੇ ਪੈਂਤੜੇ ਇਸ ਲਈ ਹਨ, ਤਾਂ ਕਿ ਪੁਰਸ਼ ਲਈ ਉਸ ਨੂੰ ਆਪਣੇ ਅਧੀਨ ਰੱਖਣਾ ਸੁਖਾਲਾ ਹੋਵੇ।

ਵਿਆਹ ਵੇਲੇ ਲੜਕੀ ਨੂੰ ਆਪਣੇ ਘਰ-ਬਾਰ, ਮਾਪਿਆਂ, ਸਹੇਲੀਆਂ, ਗੁੱਡੀਆਂ-ਪਟੋਲਿਆਂ, ਸਭ ਤੋਂ ਨਿਖੇੜ ਕੇ, ਉਸ ਦੀ ਸਮੁੱਚੀ ਸਥਿਤੀ ਕਮਜ਼ੋਰ ਕਰ ਦਿੱਤੀ ਜਾਂਦੀ ਹੈ।

ਸਾਰਾ ਸੰਦ-ਪ੍ਰਬੰਧ ਪੁਰਸ਼ ਦੇ ਹੱਥ ਅਤੇ ਪੁਰਸ਼ ਦੀ ਸਰੀਰਕ ਸ਼ਕਤੀ ਅਨੁਸਾਰ ਸਿਰਜਿਆ ਗਿਆ ਹੈ, ਜਿਸ ਨੂੰ ਇਸਤਰੀ ਪੂਰੀ ਯੋਗਤਾ ਨਾਲ ਵਰਤ ਨਹੀਂ ਸਕਦੀ।

ਜੇ ਪੰਜ-ਦਸ ਵਿਅਕਤੀਆਂ ਦਾ ਭੋਜਨ ਬਣਾਉਣਾ ਹੈ ਤਾਂ ਇਸਤਰੀ ਬਣਾਏਗੀ, ਜੇ ਪੰਜ ਸੌ ਵਿਅਕਤੀਆਂ ਦਾ ਭੋਜਨ ਬਣਾਉਣਾ ਹੈ ਤਾਂ ਪੁਰਸ਼ ਬਣਾਏਗਾ। ਜੇ ਦਸ-ਵੀਹ ਕੱਪੜੇ ਧੋਣੇ ਹਨ ਤਾਂ ਇਸਤਰੀ ਧੋਵੇਗੀ, ਜੇ ਸੌਕੜੇ ਕੱਪੜੇ ਧੋਣੇ ਹਨ ਤਾਂ ਪੁਰਸ਼ ਧੋਣਗੇ। ਅਸਲੀਅਤ ਇਹ ਹੈ ਕਿ ਮੁਫ਼ਤ ਕੰਮ ਸਾਰੇ ਇਸਤਰੀ ਕਰੇਗੀ, ਕਮਾਈ ਵਾਲੇ ਸਾਰੇ ਕੰਮ ਪੁਰਸ਼ ਕਰੇਗਾ।

ਜੇ ਘਰ ਦੇ ਇਕ ਜੀਅ ਨੇ ਬਾਰਾਤ ਜਾਣਾ ਹੈ ਤਾਂ ਪੁਰਸ਼ ਜਾਏਗਾ, ਜੇ ਕਿਸੇ ਦੇ ਭੋਗ 'ਤੇ ਇਕ ਵਿਅਕਤੀ ਨੇ ਜਾਣਾ ਹੈ ਤਾਂ ਇਸਤਰੀ ਜਾਏਗੀ। ਅਸਲੀਅਤ ਇਹ ਹੈ ਕਿ ਮੌਜ-ਮੇਲੇ ਵਾਲੇ ਕਾਰਜ ਪੁਰਸ਼ ਕਰੇਗਾ, ਕਰਤੱਵ ਇਸਤਰੀ ਪਾਲੇਗੀ।

www.quotesinpunjabi.ml

QuotesInPunjabi

ਇਸਤਰੀ ਹੁਣ ਸੋਚਣ ਲੱਗ ਪਈ ਹੈ, ਉਸ ਨੂੰ ਪੁਰਸ਼ ਦੇ ਪੈਂਤੜਿਆਂ ਦੇ ਅਰਥ ਸਮਝ ਆਉਣ ਲੱਗ ਪਏ ਹਨ, ਉਹ ਜਾਗ ਪਈ ਹੈ ਅਤੇ ਪੁਰਸ਼ ਨੂੰ ਵੰਗਾਰ ਰਹੀ ਹੈ।

532

ਅੱਜਕੱਲ੍ਹ ਦੇ ਬਹੁਤੇ ਬੱਚੇ ਸ਼ਹਾਨਾ ਜੀਵਨ ਦੇ ਮਤਵਾਲੇ ਹਨ।
ਉਹ ਦੂਜਿਆਂ ਦੇ ਕਮਾਏ ਪੈਸੇ ਦਿਖਾਵੇ 'ਤੇ ਖਰਚਦੇ ਹਨ।
ਉਹ ਮਹਿੰਗੀਆਂ ਚੀਜ਼ਾਂ ਖਰੀਦ ਕੇ ਉਨ੍ਹਾਂ ਨੂੰ ਤੋੜਦੇ ਹਨ।
ਉਹ ਗੁਸਤਾਖ਼ ਹਨ, ਬਦਕਲਾਮ ਅਤੇ ਬਦਤਮੀਜ਼ ਹਨ, ਗਾਲ੍ਹਾਂ ਕੱਢਦੇ ਹਨ।
ਉਹ ਨੇਮਾਂ ਕਾਨੂੰਨਾਂ ਨੂੰ ਨਫ਼ਰਤ ਕਰਦੇ ਹਨ।
ਉਹ ਜਾਣ-ਬੁੱਝ ਕੇ ਬਜ਼ੁਰਗਾਂ ਦਾ ਅਪਮਾਨ ਕਰਦੇ ਹਨ।
ਉਹ ਉਦੇਸ਼ਹੀਣ ਜੀਵਨ ਦੇ ਅਭਿਲਾਸ਼ੀ ਹਨ।

ਜਿੱਥੇ ਚੁੱਪ ਰਹਿਣ ਦੀ ਲੋੜ ਹੋਵੇ, ਉਥੇ ਉੱਚੀ-ਉੱਚੀ ਸ਼ੋਰ ਮਚਾਉਂਦੇ ਹਨ। ਕਸਰਤ ਉਨ੍ਹਾਂ ਨੂੰ ਪਸੰਦ ਨਹੀਂ, ਮਿਹਨਤ ਕਰਨੀ ਉਹ ਜਾਣਦੇ ਨਹੀਂ। ਉਹ ਬਦਮਾਸ਼ ਬਣਨਾ ਅਤੇ ਦਿਸਣਾ ਪਸੰਦ ਕਰਦੇ ਹਨ। ਘਰ ਦਾ ਕੋਈ ਕੰਮ ਉਹ ਕਰਦੇ ਨਹੀਂ, ਬਜ਼ੁਰਗਾਂ ਦੇ ਸਤਿਕਾਰ ਵਿਚ ਉਹ ਖਲੋਂਦੇ ਨਹੀਂ, ਮਾਪਿਆਂ ਨੂੰ ਵਿਚੋਂ ਟੋਕਦੇ ਹਨ। ਭੋਜਨ ਖਾਂਦੇ ਘੱਟ ਹਨ, ਜੂਠਾ ਵਧੇਰੇ ਛੱਡਦੇ ਹਨ। ਉਹ ਆਪਣੇ ਅਧਿਆਪਕਾਂ ਨੂੰ ਡਰਾਉਂਦੇ-ਧਮਕਾਉਂਦੇ ਹਨ।

ਇਹ ਵੇਰਵੇ ਚੌਦ੍ਹੀ ਸੌ ਸਾਲ ਪਹਿਲਾਂ ਦੀ ਇਕ ਯੂਨਾਨੀ ਲਿਖਤ ਵਿਚ ਦਰਜ ਹਨ।

533

ਭਾਰਤ ਵਿਚ ਅੰਗਰੇਜ਼ ਸਮਝਦੇ ਰਹੇ ਕਿ ਉਹ ਭਾਰਤੀਆਂ ਨੂੰ ਸਭਿਅਕ ਬਣਾ ਰਹੇ ਸਨ ਪਰ ਜਲ੍ਹਿਆਂ ਵਾਲੇ ਬਾਗ ਦੀ ਘਟਨਾ ਉਪਰੰਤ, ਅੰਗਰੇਜ਼ ਨਿਰੰਤਰ ਉਧੜਦੇ ਰਹੇ।

ਭਾਰਤ ਵਿਚ ਚੱਲੇ ਸੁਤੰਤਰਤਾ ਅੰਦੋਲਨ ਅਤੇ ਅਹਿੰਸਾਵਾਦੀ ਸਤਿਆਗ੍ਰਹਿ ਦੇ ਦ੍ਰਿਸ਼ ਜਦੋਂ ਸਾਰੇ ਸੰਸਾਰ ਦੇ ਸਮਾਚਾਰ-ਪੱਤਰਾਂ ਵਿਚ ਛਪੇ ਅਤੇ ਦੁਨੀਆ ਨੇ ਜਦੋਂ ਭਾਰਤੀਆਂ ਨੂੰ ਲਾਠੀਆਂ, ਗੋਲੀਆਂ ਅਤੇ ਠੁੱਡੇ, ਸ਼ਾਂਤ ਹੋ ਕੇ ਖਾਂਦਿਆਂ ਵੇਖਿਆ ਤਾਂ ਸੰਸਾਰ ਨੇ ਜਾਣ ਲਿਆ ਸੀ ਕਿ ਸਭਿਅਕ ਹੋਣ ਦੀ ਲੋੜ ਕਿਨ੍ਹਾਂ ਨੂੰ ਸੀ।

534

ਉਹ ਸਭ ਪ੍ਰਕਾਰ ਦੇ ਪਿਆਰ ਤੋਂ ਅਭਿੱਜ ਸੀ, ਮਾਂ ਦੇ ਪਿਆਰ ਤੋਂ, ਦੋਸਤਾਂ ਦੇ ਪਿਆਰ ਤੋਂ, ਕੁਦਰਤ ਦੇ ਪਿਆਰ ਤੋਂ।

ਉਹ ਰੇਸਾਂ ਵਿਚ ਮੈਡਲ ਜਿੱਤਦਾ ਸੀ ਪਰ ਉਸ ਨੂੰ ਦੌੜਨਾ ਚੰਗਾ ਨਹੀਂ ਸੀ ਲਗਦਾ। ਉਹ ਚੰਗੇ ਨੰਬਰਾਂ ਨਾਲ ਪਾਸ ਹੁੰਦਾ ਸੀ ਪਰ ਉਸ ਦੀ ਪੜ੍ਹਨ ਵਿਚ ਕੋਈ ਰੁਚੀ ਨਹੀਂ ਸੀ। ਉਹ ਆਪਣਾ ਕੰਮ ਕਰਦਾ ਸੀ ਪਰ ਉਸ ਨੂੰ ਆਪਣਾ ਕਿੱਤਾ ਪਸੰਦ ਨਹੀਂ ਸੀ। ਉਹ ਕਵਿਤਾਵਾਂ ਚੰਗੀਆਂ ਲਿਖ ਲੈਂਦਾ ਸੀ ਪਰ ਉਸ ਦੀ ਕਵੀ ਕਹਾਉਣ ਵਿਚ ਕੋਈ ਦਿਲਚਸਪੀ ਨਹੀਂ ਸੀ।

www.quotesinpunjabi.ml

QuotesInPunjabi

ਜਦੋਂ ਉਸ ਨੂੰ ਇਕ ਲੜਕੀ ਨਾਲ ਪਿਆਰ ਹੋ ਗਿਆ ਤਾਂ ਉਸ ਨੂੰ ਦੌੜਨਾ ਚੰਗਾ ਲੱਗਣ ਲੱਗ ਪਿਆ, ਪੜ੍ਹਨ ਵਿਚ ਰੁਚੀ ਜਾਗ ਪਈ, ਕੰਮ ਵਿਚੋਂ ਆਨੰਦ ਮਿਲਣ ਲੱਗ ਪਿਆ, ਕਵੀ ਦੇ ਨਾਲ ਗੀਤਕਾਰ ਵੀ ਬਣ ਗਿਆ। ਉਸ ਨੂੰ ਮਾਂ, ਦੋਸਤ, ਕੁਦਰਤ ਸਭ ਕੁਝ ਚੰਗਾ, ਆਪਣਾ, ਮੁੱਲਵਾਨ ਅਤੇ ਨੇੜੇ ਲੱਗਣ ਲੱਗ ਪਿਆ।

ਜਿਵੇਂ ਲਲਾਰੀ ਦੇ ਤੱਸਲੇ ਵਿਚ ਕੱਪੜੇ ਨੂੰ ਰੰਗ ਚੜ੍ਹਦਾ ਹੈ, ਉਹ ਉਵੇਂ ਹੀ ਰੰਗਿਆ ਗਿਆ ਸੀ, ਉਸ ਨੂੰ ਪਿਆਰ ਦਾ ਰੰਗ ਚੜ੍ਹ ਗਿਆ ਸੀ।

535

ਕਿਸੇ ਦਾ ਘੋੜਾ ਕਿਧਰੇ ਚਲਿਆ ਗਿਆ ਸੀ, ਸਾਰੇ ਹਮਦਰਦੀ ਜਤਲਾ ਰਹੇ ਸਨ।

ਮਾਲਕ ਨੇ ਕਿਹਾ: ਕੀ ਪਤਾ, ਇਸ ਨੁਕਸਾਨ ਵਿਚ ਵੀ ਕੋਈ ਲਾਭ ਹੋਵੇ।

ਲਗਭਗ ਸਾਲ ਮਗਰੋਂ ਉਹ ਘੋੜਾ ਦੋ ਹੋਰ ਘੋੜਿਆਂ ਨਾਲ ਵਾਪਸ ਆ ਗਿਆ।

ਲੋਕ ਵਧਾਈ ਦੇਣ ਆਏ। ਮਾਲਕ ਨੇ ਕਿਹਾ: ਕੀ ਪਤਾ ਇਸ ਲਾਭ ਵਿਚ ਵੀ ਨੁਕਸਾਨ ਲੁਕਿਆ ਹੋਵੇ। ਕੁਝ ਅਰਸੇ ਮਗਰੋਂ, ਨਵੇਂ ਘੋੜੇ ਤੋਂ ਪੁੱਤਰ ਡਿੱਗ ਪਿਆ, ਲੰਗੜਾ ਹੋ ਗਿਆ, ਆਂਢੀਆਂ-ਗੁਵਾਂਢੀਆਂ ਨੇ ਦੁੱਖ-ਪ੍ਰਗਟਾਇਆ।

ਪਿਤਾ ਨੇ ਕਿਹਾ: ਕਿਸਮਤ ਵਿਚ ਬਦਕਿਸਮਤੀ ਅਤੇ ਬਦਕਿਸਮਤੀ ਵਿਚ ਕਿਸਮਤ ਛੁਪੀ ਹੁੰਦੀ ਹੈ। ਕਈ ਵਾਰੀ ਭੈੜੀ ਗੱਲ ਸਮਾਂ ਪਾ ਕੇ ਚੰਗੀ ਗੱਲ ਸਾਬਤ ਹੁੰਦੀ ਹੈ।

ਜੰਗ ਲਗ ਗਈ, ਜਬਰੀ ਭਰਤੀ ਹੋਣ ਲੱਗ ਪਈ।

ਪੁੱਤਰ ਲੰਗੜਾ ਹੋਣ ਕਰਕੇ ਭਰਤੀ ਲਈ ਨਹੀਂ ਬੁਲਾਇਆ ਗਿਆ ਸੀ।

ਜ਼ਿੰਦਗੀ ਲਾਭਾਂ-ਹਾਨੀਆਂ ਦਾ ਇਕ ਲੰਮਾ ਸਿਲਸਿਲਾ ਹੈ।

536

ਮਨੁੱਖ ਵਿਰੋਧਾਂ ਦਾ ਮਿਲਗੋਭਾ ਹੈ। ਵਿਆਹ ਵੀ ਕਰਨਾ ਚਾਹੁੰਦਾ ਹੈ, ਕੰਵਾਰਿਆਂ ਵਾਂਗ ਆਜ਼ਾਦ ਵੀ ਰਹਿਣਾ ਚਾਹੁੰਦਾ ਹੈ। ਵਫ਼ਾਦਾਰ ਵੀ ਰਹਿਣਾ ਚਾਹੁੰਦਾ ਹੈ, ਹੋਰਾਂ ਨਾਲ ਅੱਖਾਂ ਵੀ ਮਿਲਾਉਂਦਾ ਹੈ। ਟਿਕਾਊ ਜੀਵਨ ਦਾ ਸੁੱਖ ਮਾਣਨਾ ਚਾਹੁੰਦਾ ਹੈ ਅਤੇ ਘੁੰਮ-ਫਿਰ ਕੇ ਮੇਲਾ ਵੀ ਵੇਖਣਾ ਚਾਹੁੰਦਾ ਹੈ। ਖਤਰੇ ਮੁੱਲ ਲੈਂਦਾ ਹੈ ਪਰ ਸੁਰੱਖਿਆ ਲਈ ਵੀ ਤਾਂਘਦਾ ਹੈ। ਯਾਤਰੂ ਵੀ ਬਣਨਾ ਚਾਹੁੰਦਾ ਹੈ ਅਤੇ ਘਰ ਦੇ ਸੁੱਖ ਵੀ ਭਾਲਦਾ ਹੈ। ਜਦੋਂ ਉਮਰ ਅਤੇ ਸਮਾਂ ਮਿਹਨਤ ਕਰਨ ਦਾ ਹੋਵੇ, ਉਸੇ ਸਮੇਂ ਮੌਜ-ਮੇਲੇ ਵਾਲੀ ਵਿਹਲ ਵੀ ਮਾਣਨੀ ਚਾਹੁੰਦਾ ਹੈ।

ਅਭਿਲਾਸ਼ੀ ਇਕਾਂਤ ਦਾ ਹੈ ਪਰ ਤਾਂਘਦਾ ਰੌਣਕ ਲਈ ਹੈ।

ਉਹ ਜਦੋਂ ਵੀ, ਜਿਥੇ ਵੀ, ਜੋ ਕੁਝ ਵੀ ਕਰਦਾ ਹੈ, ਉਸੇ ਵੇਲੇ, ਉਸ ਵਿਚ ਕੁਝ ਹੋਰ ਕਰਨ ਦੀ ਇੱਛਾ ਜਾਗ ਪੈਂਦੀ ਹੈ, ਕਿਉਂਕਿ ਉਹ ਮਨੁੱਖ ਹੈ।

www.quotesinpunjabi.ml

QuotesInPunjabi

537

ਕਾਲੇ ਬਾਂਸ ਦਾ ਬੀਜ ਬਹੁਤ ਸਖਤ ਛਿਲਕੇ ਵਾਲਾ ਹੁੰਦਾ ਹੈ। ਇਸ ਬੀਜ ਨੂੰ ਧਰਤੀ ਅੰਦਰ ਬੜੀ ਸਖਤ ਜਦੋਜਹਿਦ ਕਰਨੀ ਪੈਂਦੀ ਹੈ। ਇਸ ਨੂੰ ਬੀਜਣ ਮਗਰੋਂ ਹਰ ਹਫ਼ਤੇ ਖਾਦ ਪਾਉਣੀ ਅਤੇ ਪਾਣੀ ਲਾਉਣਾ ਪੈਂਦਾ ਹੈ।

ਪਹਿਲੇ ਸਾਲ ਕੁਝ ਨਹੀਂ ਹੁੰਦਾ, ਦੂਜੇ ਸਾਲ ਵੀ ਕੁਝ ਨਹੀਂ ਹੁੰਦਾ, ਤੀਜੇ ਅਤੇ ਚੌਥੇ ਸਾਲ ਵੀ ਕੁਝ ਨਹੀਂ ਹੁੰਦਾ, ਪੰਜਵਾਂ ਸਾਲ ਲੰਘਣ ਮਗਰੋਂ ਅੰਕੁਰ ਫੁੱਟਦਾ ਹੈ ਅਤੇ ਛੇ ਹਫਤਿਆਂ ਵਿਚ ਬਾਂਸ ਚਾਲੀ ਫੁੱਟ ਉੱਚਾ ਹੋ ਜਾਂਦਾ ਹੈ, ਲਗਭਗ ਇਕ ਫੁੱਟ ਹਰ ਰੋਜ਼।

ਵੇਖਣ ਵਾਲੇ ਕਹਿੰਦੇ ਹਨ: ਇਹ ਕੇਵਲ ਛੇ ਹਫਤੇ ਵਿਚ ਚਾਲ੍ਹੀ ਫੁੱਟ ਵਧਿਆ ਹੈ ਪਰ, ਖਾਦ ਪਾਉਣ ਅਤੇ ਪਾਣੀ ਲਾਉਣ ਵਾਲਾ ਕਹਿੰਦਾ ਹੈ, ਇਹ ਪੰਜ ਛੇ ਸਾਲਾਂ ਦੇ ਲੰਮੇ ਅਰਸੇ ਵਿਚ ਕੁਲ ਚਾਲ੍ਹੀ ਫੁੱਟ ਹੀ ਵਧਿਆ ਹੈ।

538

ਕਵਿਤਾ ਦੀ ਸੂਖਮ ਸੂਝ ਤੋਂ ਬਿਨਾਂ ਪਹਾੜ, ਪੱਥਰਾਂ ਦਾ ਢੇਰ ਹੀ ਪ੍ਰਤੀਤ ਹੋਣਗੇ। ਮੀਂਹ ਵਿਚੋਂ ਕੇਵਲ ਚਿੱਕੜ ਹੀ ਦਿਸੇਗਾ। ਸੂਰਜ ਦੇ ਅਰਥ ਕੇਵਲ ਅੱਗ ਰਹਿ ਜਾਣਗੇ। ਦੂਰ-ਦੁਰਾਡੀਆਂ ਧਰਤੀਆਂ ਕੇਵਲ ਭੂਗੋਲ ਬਣ ਜਾਣਗੀਆਂ। ਸਾਗਰ, ਵੱਡਾ ਛੱਪੜ ਹੀ ਲਗੇਗਾ। ਪੰਛੀਆਂ ਦੇ ਗੀਤ, ਚੀਖ-ਚਿਹਾੜਾ ਹੋ ਨਿਬੜਨਗੇ। ਜੰਗਲ, ਦਰੱਖਤਾਂ ਦੀ ਭੀੜ ਹੀ ਲਗੇਗਾ। ਖੇਤ, ਅਕਾਊ ਹਰੇ ਮੈਦਾਨ ਹੀ ਪ੍ਰਤੀਤ ਹੋਣਗੇ। ਫੁੱਲਾਂ ਵਲ ਕਿਸੇ ਦਾ ਧਿਆਨ ਨਹੀਂ ਜਾਵੇਗਾ। ਤਾਰੇ ਸੈਨਤਾਂ ਨਹੀਂ ਮਾਰਨਗੇ। ਪੂਰਨਮਾਸ਼ੀ ਦਾ ਚੰਨ ਚੂਨੇ ਦਾ ਗੋਲਾ ਹੀ ਦਿਖਾਈ ਦੇਵੇਗਾ। ਮਨੁੱਖ ਹੱਡ-ਮਾਸ ਦੀ ਪੋਟਲੀ ਹੀ ਨਜ਼ਰ ਆਵੇਗਾ।

ਇਹ ਕਵਿਤਾ ਹੀ ਹੈ ਜਿਹੜੀ ਪਹਾੜਾਂ ਵਿਚੋਂ ਸ਼ਕਤੀ, ਸੂਰਜ ਵਿਚੋਂ ਗਿਆਨ, ਸਾਗਰ ਵਿਚੋਂ ਜੀਵਨ, ਜੰਗਲ ਵਿਚੋਂ ਕੁਦਰਤ, ਖੇਤਾਂ ਵਿਚੋਂ ਖੁਰਾਕ, ਤਾਰਿਆਂ ਵਿਚੋਂ ਸੁਨੇਹੇ ਅਤੇ ਮਨੁੱਖ ਵਿਚੋਂ ਆਤਮਾ ਅਤੇ ਸੁੰਦਰਤਾ ਵਿੱਚੋਂ ਪਰਮਾਤਮਾ ਵੇਖਦੀ-ਵਿਖਾਉਂਦੀ ਹੈ।

539

ਹਰ ਕਿਸੇ ਦੇ ਪ੍ਰਸਿੱਧ ਹੋਣ ਦਾ ਆਪਣਾ ਵੱਖਰਾ ਅੰਦਾਜ਼ ਹੁੰਦਾ ਹੈ।

ਸਲੋਮੀ ਨਾਂ ਦੀ ਰੂਸੀ ਇਸਤਰੀ ਫ਼ਲਸਫ਼ੇ ਦੀ ਵਿਦਵਾਨ ਸੀ, ਉਹ ਸੁੰਦਰਤਾ ਅਤੇ ਗਿਆਨ ਦਾ ਅਨੋਖਾ ਸੁਮੇਲ ਸੀ। ਉਹ ਪਾਲ ਨਾਂ ਦੇ ਵਿਅਕਤੀ ਨਾਲ ਲੰਮੀਆਂ ਮੁਲਾਕਾਤਾਂ ਕਰਦੀ ਸੀ। ਪਾਲ ਨੇ ਉਸ ਨੂੰ ਵਿਆਹ ਲਈ ਕਿਹਾ ਪਰ ਸਲੋਮੀ ਨੇ ਨਾਂਹ ਕਰ ਦਿੱਤੀ। ਉਸ ਸਮੇਂ ਜਰਮਨ ਫ਼ਿਲਾਸਫ਼ਰ ਨੀਤਸ਼ੇ, ਪਾਲ ਦਾ ਦੋਸਤ ਸੀ। ਪਾਲ ਨੇ ਨੀਤਸ਼ੇ, ਨੂੰ ਆਪਣੇ ਕੋਲ ਰਹਿਣ ਲਈ ਬੁਲਾਇਆ। ਫਿਰ ਉਹ ਤਿੰਨੇ ਫ਼ਲਸਫ਼ੇ ਦੇ ਵਿਸ਼ੇ ਵਿਚਾਰਦੇ ਰਹਿੰਦੇ ਸਨ।

ਸਲੋਮੀ ਦੀਆਂ ਅੱਖਾਂ ਵਿਚ ਜਾਦੂ ਸੀ, ਹਰ ਕੋਈ ਉਨ੍ਹਾਂ ਵਿਚ ਤਿਲ੍ਹਕ ਕੇ ਗੋਤੇ ਖਾਣ ਲੱਗ ਪੈਂਦਾ ਸੀ। ਪਾਲ ਜਦੋਂ ਕਿਧਰੇ ਚਲਿਆ ਗਿਆ ਤਾਂ ਨੀਤਸ਼ੇ ਸਲੋਮੀ ਨੂੰ ਇਕੱਲਿਆਂ

www.quotesinpunjabi.ml

QuotesInPunjabi

ਮਿਲਦਾ ਰਿਹਾ। ਨੀਤਸ਼ੇ ਨੇ ਸਲੋਮੀ ਨੂੰ ਵਿਆਹ ਕਰਨ ਲਈ ਕਿਹਾ। ਸਲੋਮੀ ਨੇ ਨਾ ਕੇਵਲ ਇਨਕਾਰ ਕੀਤਾ, ਸਗੋਂ ਨੀਤਸ਼ੇ ਨੂੰ ਝਿੜਕਿਆ ਅਤੇ ਉਸ ਨੂੰ ਪਰੰਪਰਾਵਾਦੀ ਦੱਸਿਆ ਪਰ ਨੀਤਸ਼ੇ ਨੇ, ਇਨਕਾਰ ਦੇ ਬਾਵਜੂਦ ਆਸ ਨਹੀਂ ਛੱਡੀ।

ਜਦੋਂ ਸਲੋਮੀ ਉਸ ਸ਼ਹਿਰ ਨੂੰ ਛੱਡ ਕੇ ਗਈ ਤਾਂ ਜਾਣ ਵੇਲੇ, ਵਿਸ਼ੇਸ਼ ਤੌਰ 'ਤੇ ਕਹਿ ਕੇ ਗਈ ਕਿ ਉਹ ਕਿਸੇ ਵੀ ਹਾਲਤ ਵਿਚ ਨੀਤਸ਼ੇ ਨਾਲ ਵਿਆਹ ਨਹੀਂ ਕਰਵਾਏਗੀ।

ਮਗਰੋਂ ਉਹ ਨੀਤਸ਼ੇ ਦਾ ਦਿਲ ਤੋੜਨ ਵਾਲੀ ਸਲੋਮੀ ਵਜੋਂ ਪ੍ਰਸਿੱਧ ਹੋਈ।

540

ਵਿਸ਼ਵ ਦੇ ਪ੍ਰਸਿੱਧ ਸੰਗੀਤਕਾਰ ਮੋਜ਼ਾਰਟ ਅਤੇ ਹੇਡਨ, ਇਕ-ਦੂਜੇ ਦੇ ਦੋਸਤ, ਕਦਰਦਾਨ, ਸਹਾਇਕ, ਪ੍ਰਸੰਸਕ ਅਤੇ ਦੀਵਾਨੇ ਸਨ।

ਇਕ ਵਾਰੀ ਮੋਜ਼ਾਰਟ ਨੇ ਇਕ ਹੋਰ ਵੱਡੇ ਸੰਗੀਤਕਾਰ ਨੂੰ ਕਿਹਾ: ਜੇ ਤੂੰ ਅਤੇ ਮੈਂ ਪਿਘਲ ਕੇ ਇਕ ਹੋ ਜਾਈਏ ਤਾਂ ਵੀ ਅਸੀਂ ਇਕ ਹੇਡਨ ਨਹੀਂ ਬਣ ਸਕਦੇ।

ਇਵੇਂ ਹੀ ਇਕ ਵਾਰੀ ਹੇਡਨ ਨੇ ਮੋਜ਼ਾਰਟ ਬਾਰੇ ਕਿਹਾ ਸੀ ਕਿ ਜੇ ਸੰਗੀਤ ਪ੍ਰੇਮੀਆਂ ਦਾ ਵਸ ਚੱਲੇ ਤਾਂ ਹਰ ਕੋਈ ਆਪਣੇ ਦੇਸ਼ ਦੀਆਂ ਹੱਦਾਂ-ਸਰਹੱਦਾਂ ਨੂੰ ਇਸ ਢੰਗ ਨਾਲ ਬਦਲ ਲਵੇਗਾ ਕਿ ਮੋਜ਼ਾਰਟ ਦਾ ਘਰ ਉਸ ਦੇ ਦੇਸ਼ ਵਿਚ ਆ ਜਾਵੇ।

541

ਕਾਰਖਾਨੇ ਵਿਚ ਇਕ ਮਜ਼ਦੂਰ ਕੰਮ ਕਰਦਿਆਂ ਗਾਉਂਦਾ ਸੀ।

ਮਾਲਕ ਨੇ ਸੁਣਿਆ ਅਤੇ ਸੋਚਿਆ, ਜਿਹੜਾ ਕੰਮ ਕਰਦਿਆਂ ਚੰਗਾ ਗਾਉਂਦਾ ਹੈ, ਉਹ ਕੰਮ ਵੀ ਚੰਗਾ ਕਰਦਾ ਹੋਵੇਗਾ।

ਫੋਰਮੈਨ ਨੂੰ ਉਸ ਦੀ ਤਰੱਕੀ ਕਰਨ ਲਈ ਕਿਹਾ। ਫਿਰ ਕਿਹਾ, ਇਸ ਦਾ ਅਹੁਦਾ ਉਚਾ ਕਰਕੇ ਉਥੇ ਲਾਓ, ਜਿਥੇ ਮੈਂ ਆਪਣੀ ਕੇਬਿਨ ਵਿੱਚੋਂ ਇਸ ਦੇ ਗਾਉਣ ਨੂੰ ਸੁਣ ਸਕਾਂ। ਤਰੱਕੀ ਕਰਦਿਆਂ, ਕਰਦਿਆਂ ਉਹ ਸਭ ਤੋਂ ਉੱਚੇ ਅਹੁਦੇ 'ਤੇ ਪਹੁੰਚ ਗਿਆ ਸੀ।

ਨਿਰਸੰਦੇਹ ਉਸ ਵਿਚ ਯੋਗਤਾ ਵੀ ਸੀ, ਉਸ ਨੇ ਮਿਹਨਤ ਵੀ ਕੀਤੀ ਪਰ ਮਾਲਕ ਵਲੋਂ ਉਸ ਨੂੰ ਗਾਉਂਦਿਆਂ ਸੁਣਨਾ ਸਬੱਬੀ ਕਿਸਮਤ ਵਾਲਾ ਅਵਸਰ ਸੀ।

ਜੇ ਮਾਲਕ ਬੋਲਾ ਹੁੰਦਾ, ਜੇ ਮਾਲਕ ਨੂੰ ਉਸ ਦਾ ਗਾਉਣਾ ਵਿਘਨ ਪਾਊ ਲਗਦਾ ਜਾਂ ਧਿਆਨ ਖਿੰਡਾਉਣ ਵਾਲਾ ਪ੍ਰਤੀਤ ਹੁੰਦਾ, ਉਹ ਫੋਰਮੈਨ ਨੂੰ ਕਹਿ ਸਕਦਾ ਸੀ ਕਿ ਉਸ ਨੂੰ ਕਹੋ, ਚੁੱਪ ਕਰਕੇ ਕੰਮ ਕਰੇ, ਮੂੰਹ ਬੰਦ ਰੱਖਿਆ ਕਰੇ ਅਤੇ ਧਿਆਨ ਕੰਮ ਵਿਚ ਲਾਇਆ ਕਰੇ।

ਮਾਲਕ ਆਪ ਵੀ ਉਸ ਨੂੰ ਝਾੜ ਪਾ ਕੇ ਕਹਿ ਸਕਦਾ ਸੀ ਜੇ ਕਿਸੇ ਗਾਉਣ ਵਾਲੇ ਦੀ ਲੋੜ ਪਈ ਤਾਂ ਅਸੀਂ ਇਕ ਗਵੱਈਆ ਰੱਖ ਲਵਾਂਗੇ।

ਕਿਸਮਤ ਉਸ ਦੀ ਗਾਉਣ ਕਾਰਨ ਨਹੀਂ ਜਾਗੀ, ਮਾਲਕ ਨੂੰ ਜਚਣ ਕਾਰਨ ਜਾਗੀ।

ਕਿਸਮਤ ਨੇ ਜਦੋਂ ਜਾਗਣਾ ਹੁੰਦਾ ਹੈ ਤਾਂ ਉਹ ਸਬੱਬ ਆਪੇ ਲਭ ਲੈਂਦੀ ਹੈ।

www.quotesinpunjabi.ml

QuotesInPunjabi

542

ਨਾਚ ਜ਼ਿੰਦਗੀ ਦਾ ਜਸ਼ਨ ਹੁੰਦਾ ਹੈ। ਨੱਚਣਾ ਇਸਤਰੀ ਦਾ ਸੁਭਾਵਕ ਲੱਛਣ ਹੈ, ਕਿਉਂਕਿ ਇਸਤਰੀ ਹਰ ਜਸ਼ਨ ਦਾ ਭਾਗ ਹੁੰਦੀ ਹੈ।

ਆਪਣੇ ਨਾਚ ਨਾਲ ਇਸਤਰੀ ਪਹਿਲਾਂ ਵੇਖਣ ਵਾਲਿਆਂ ਦੀ ਥਕਾਵਟ ਹੂੰਝਦੀ ਹੈ, ਫਿਰ ਵਾਤਾਵਰਣ ਵਿਚੋਂ ਅਕੇਵਾਂ ਦੂਰ ਕਰਦੀ ਹੈ, ਫਿਰ ਉਹ ਹਰ ਕਿਸੇ ਨੂੰ ਸਮੂਹ ਦਾ ਭਾਗ ਬਣਾਉਂਦੀ, ਆਪਣੀਆਂ ਬਾਹਵਾਂ ਉੱਚੀਆਂ ਲਿਜਾ ਕੇ, ਦਰਸ਼ਕਾਂ ਦੀ ਮਾਨਸਿਕ ਪੱਧਰ ਉੱਚੀ ਚੁੱਕਦੀ ਹੈ। ਉਹ ਧਰਤੀ ਅਤੇ ਅਰਸ਼ ਵਿਚਕਾਰ ਇਕ ਲੈਅ ਸਿਰਜਦੀ ਹੈ, ਆਲੇ-ਦੁਆਲੇ ਨੂੰ ਸਜੀਵ ਕਰਦੀ ਹਰ ਕਿਸੇ ਵਿਚ ਜ਼ਿੰਦਗੀ ਦਾ ਜੋਸ਼ ਅਤੇ ਉਤਸ਼ਾਹ ਭਰਦੀ ਹੈ।

ਉਸ ਦੇ ਪੈਰ ਘੁੱਗੀਆਂ ਵਾਂਗ ਅੱਠਖੇਲ੍ਹੀਆਂ ਕਰਦੇ, ਉਸ ਦੇ ਹੱਥ ਜ਼ਿੰਦਗੀ ਦੀਆਂ ਗੁੰਝਲਾਂ ਖੋਲ੍ਹਦੇ, ਦਰਸ਼ਕਾਂ ਦੀਆਂ ਅੱਖਾਂ ਨੂੰ ਨੱਚਣ ਅਤੇ ਕੰਨਾਂ ਨੂੰ ਗਾਉਣ ਲਾ ਦਿੰਦੇ ਹਨ। ਅਨੁਭਵ ਦੇ ਦੁਆਰ ਖੁੱਲ੍ਹ ਜਾਂਦੇ ਹਨ, ਅੰਗਾਂ ਵਿਚ ਰੌਣਕ ਭਰ ਜਾਂਦੀ ਹੈ, ਅੱਖਾਂ ਵਿਚ ਚਮਕ ਆ ਜਾਂਦੀ ਹੈ, ਦਿਲ ਜਾਗ ਪੈਂਦਾ ਹੈ, ਹਰ ਕੋਈ ਜਵਾਨ ਮਹਿਸੂਸ ਕਰਦਾ ਹੈ।

ਵੇਖਣ-ਸੁਣਨ ਵਾਲਿਆਂ ਨੂੰ ਪਤਾ ਹੀ ਨਹੀਂ ਲਗਦਾ ਕਿ ਤਬਲਾ ਪੈਰਾਂ ਦੀ ਤਾਲ ਨਾਲ ਵੱਜ ਰਿਹਾ ਹੁੰਦਾ ਹੈ ਜਾਂ ਪੈਰ ਤਬਲੇ ਨੂੰ ਨਚਾ ਰਹੇ ਹੁੰਦੇ ਹਨ।

ਸਰੀਰ ਨਾਲ ਨੱਚਦੀ-ਨੱਚਦੀ, ਉਹ ਆਤਮਾ ਦੇ ਦਰਸ਼ਨ ਕਰਵਾ ਜਾਂਦੀ ਹੈ।

543

ਜਿਸ ਨੇ ਵੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਉਸ ਨੂੰ ਆਪਣੇ ਖੇਤਰ ਤੋਂ ਬਾਹਰ ਕਈ ਸਾਧਾਰਨ ਕੰਮ ਕਰਨੇ ਪਏ ਸਨ। ਪ੍ਰਸਿੱਧ ਅੰਗਰੇਜ਼ੀ ਕਵੀ ਚੌਸਰ, ਪਹਿਲਾਂ ਫੌਜ ਦੀ ਅਤੇ ਮਗਰੋਂ ਚੁੰਗੀ ਕਲਰਕ ਦੀ ਨੌਕਰੀ ਕਰਦਾ ਸੀ। ਪ੍ਰਸਿੱਧ ਨਿਬੰਧਕਾਰ ਬੇਕਨ, ਪਹਿਲਾਂ ਵਕਾਲਤ ਕਰਦਾ ਸੀ। ਪ੍ਰਸਿੱਧ ਨਾਟਕਕਾਰ ਸ਼ੇਕਸਪੀਅਰ ਨਾਟ-ਘਰ ਵਿਚ ਪਰਦੇ ਖਿੱਚਦਾ ਸੀ। ਗਣਿਤ ਸ਼ਾਸਤਰੀ ਗਲੇਲੀਓ, ਪਹਿਲਾਂ ਕੰਪਾਊਂਡਰ ਸੀ। ਵਿਗਿਆਨੀ ਨਿਊਟਨ ਇਕ ਟਕਸਾਲ ਵਿਚ ਕੰਮ ਕਰਦਾ ਸੀ। ਪ੍ਰਸਿੱਧ ਸੰਗੀਤ ਡਾਇਰੈਕਟਰ ਨੌਸ਼ਾਦ, ਹਾਰਮੋਨੀਅਮਾਂ ਦੀ ਮੁਰੰਮਤ ਕਰਦਾ ਸੀ। ਪ੍ਰਸਿੱਧ ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ, ਪਹਿਲਾਂ ਪਟਵਾਰੀ ਸੀ।

544

ਪੱਕੇ ਕਰਮਚਾਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਚਾਹ ਪੀਣ, ਆਰਾਮ ਕਰਨ, ਮਟਰਗਸ਼ਤੀ ਕਰਨ, ਗੱਪਾਂ ਮਾਰਨ, ਕਹਾਣੀਆਂ ਸੁਣਾਉਣ, ਲਤੀਫੇ ਸੁਣਨ, ਪਤਨੀਆਂ ਅਤੇ ਬੱਚਿਆਂ ਬਾਰੇ ਗੱਲਾਂ ਕਰਨ, ਮਹੀਨੇਵਾਰ ਕਮੇਟੀ ਦੀ ਨਿਲਾਮੀ ਵਿਚਾਰਨ, ਦੂਜਿਆਂ ਦਾ ਵਿਹਾਰ ਭੰਡਣ, ਛੁੱਟੀਆਂ ਦਾ ਪ੍ਰੋਗਰਾਮ ਬਣਾਉਣ, ਮਹਿੰਗਾਈ ਭੱਤੇ ਦੀ ਕਿਸ਼ਤ ਵਿਚਾਰਨ, ਅਫਸਰ ਦੀ ਨਿੰਦਾ ਕਰਨ, ਪੈਸੇ ਪਾ ਕੇ ਪਾਰਟੀ ਕਰਨ, ਦਫਤਰੀ ਕਾਗਜ਼ਾਂ 'ਤੇ ਘਰ ਲਈ ਪ੍ਰਚੂਨ ਖਰੀਦਣ ਦੀ ਸੂਚੀ ਬਣਾਉਣ, ਕ੍ਰਿਕਟ ਦਾ ਸਕੋਰ ਪੁੱਛਣ, ਮੋਬਾਈਲ ਫੋਨ ਕਰਨ ਅਤੇ ਸੁਣਨ ਤੋਂ ਜੋ ਅਤੇ ਜਦੋਂ ਕੁਝ ਸਮਾਂ ਬਚ ਜਾਵੇ, ਉਸ ਵਿਚ ਨਿਰੰਤਰ ਮੁਲਤਵੀ ਕੀਤੇ ਜਾ ਰਹੇ, ਸਰਕਾਰੀ ਕੰਮ ਨੂੰ ਕਰਨ ਦੀ ਕਿਰਪਾਲਤਾ ਕੀਤੀ ਜਾਵੇ।

www.quotesinpunjabi.ml

QuotesInPunjabi

545

ਮਨੁੱਖ ਗਲਤੀਆਂ ਐਵੇਂ ਨਹੀਂ ਕਰਦਾ, ਚੰਗੀ ਤਰ੍ਹਾਂ ਸੋਚ-ਸਮਝ ਕੇ ਪੂਰੀ ਨਿਪੁੰਨਤਾ ਨਾਲ ਕਰਦਾ ਹੈ। ਘੱਟ ਖਾਣ ਦਾ ਫੈਸਲਾ ਕਰਦਾ ਹੈ ਪਰ ਪਲੇਟ ਵਿਚ ਤੱਸਲੇ ਜਿਤਨਾ ਸਾਮਾਨ ਪਾ ਲੈਂਦਾ ਹੈ। ਗਲਤੀਆਂ ਨੂੰ ਦੁਹਰਾਉਣਾ ਮਨੁੱਖ ਦਾ ਸੁਭਾਓ ਹੈ। ਉਂਜ ਉਹ ਨਿੱਕੀ-ਨਿੱਕੀ ਗੱਲ ਸਬੰਧੀ ਸਲਾਹ ਕਰਦਾ ਹੈ ਪਰ ਬਰਬਾਦ ਹੋਣ ਵੇਲੇ ਉਹ ਕਿਸੇ ਨੂੰ ਨਹੀਂ ਪੁੱਛਦਾ।

ਇਤਿਹਾਸ ਦਾ ਗਿਆਨ, ਮਨੁੱਖ ਨੂੰ ਤਬਾਹੀ ਤੋਂ ਨਹੀਂ ਰੋਕ ਸਕਦਾ, ਗਿਆਨ ਇਹੀ ਦੱਸ ਸਕਦਾ ਹੈ ਕਿ ਜਿਹੜਾ ਤਬਾਹ ਹੋਇਆ, ਉਹ ਕਿਵੇਂ, ਕਿਉਂ ਤਬਾਹ ਹੋਇਆ ਅਤੇ ਜੋ ਬਰਬਾਦ ਹੋਣ ਤੋਂ ਬਚ ਗਿਆ, ਉਹ ਕਿਵੇਂ ਬਚਿਆ।

ਮਨੁੱਖ ਪੁਰਾਣੀਆਂ ਗਲਤੀਆਂ ਨੂੰ ਤਿਆਗਦਾ ਨਹੀਂ, ਨਵੀਆਂ ਨੂੰ ਅਪਣਾ ਲੈਂਦਾ ਹੈ।

ਮਨੁੱਖ ਦੀ ਦਿਲਚਸਪੀ ਠੀਕ ਫੈਸਲੇ ਕਰਨ ਵਿਚ ਤਾਂ ਹੁੰਦੀ ਹੈ ਪਰ ਠੀਕ ਫੈਸਲਾ ਕਰਕੇ ਉਹ ਅਕਸਰ ਕਾਰਜ ਗਲਤ ਕਰਨ ਲਗ ਜਾਂਦਾ ਹੈ।

ਉਹ ਕੰਮ ਦਾ ਮਹੱਤਵ ਸਮਝਦਾ ਹੈ ਪਰ ਕੰਮ ਨੂੰ ਮੁਲਤਵੀ ਕਰਦਾ ਰਹਿੰਦਾ ਹੈ।

ਪੈਸੇ ਕਮਾਉਂਦਿਆਂ, ਬੜੀ ਸਿਆਣਪ ਵਿਖਾਉਂਦਾ ਹੈ ਪਰ ਖਰਚਦਾ ਮੂਰਖਾਂ ਵਾਂਗ ਹੈ।

ਉਹ ਗਲਤੀ ਕਰਦਾ ਜਾਣਕੇ ਹੈ ਪਰ ਕਹਿਦਾ ਹੈ, ਹੋ ਗਈ ਹੈ।

546

ਆਸਕਰ ਵਾਈਲਡ ਬੜਾ ਕਲਾਵੰਤ ਪਰ ਬੜਾ ਹੈਂਕੜਬਾਜ਼ ਨਾਟਕਕਾਰ ਸੀ।

ਕਿਉਂਕਿ ਉਹ ਬੜਾ ਵੱਡਾ ਕਲਾਕਾਰ ਅਤੇ ਪ੍ਰਸਿੱਧ ਸਾਹਿਤਕਾਰ ਸੀ, ਸੋ ਲੋਕ ਉਸ ਦੀਆਂ ਵਧੀਕੀਆਂ ਨੂੰ ਵੀ ਖਿੜੇ ਮੱਥੇ ਬਰਦਾਸ਼ਤ ਕਰ ਲੈਂਦੇ ਸਨ।

ਇਕ ਵਾਰੀ ਆਸਕਰ ਵਾਈਲਡ ਨੇ ਇਕ ਨਾਟਕ ਦੀ ਪੇਸ਼ਕਾਰੀ ਕੀਤੀ। ਰਿਵਾਜ ਹੈ ਕਿ ਨਾਟਕ ਮੁੱਕਣ 'ਤੇ ਨਾਟਕ ਦੇ ਸਾਰੇ ਕਲਾਕਾਰ ਅਤੇ ਨਾਟਕ ਦਾ ਨਿਰਦੇਸ਼ਕ, ਮੰਚ ਉਤੇ ਦਰਸ਼ਕਾਂ ਦੇ ਰੂ-ਬ-ਰੂ ਹੁੰਦੇ ਹਨ ਅਤੇ ਦਰਸ਼ਕ ਉਨ੍ਹਾਂ ਦੀ ਕਲਾ ਦੀ ਦਾਦ ਦਿੰਦੇ ਹਨ।

ਕਲਾਕਾਰ ਤਾਂ ਸਾਰੇ ਆ ਗਏ ਸਨ ਪਰ ਨਿਰਦੇਸ਼ਕ, ਆਸਕਰ ਵਾਈਲਡ ਬੜੀ ਲੰਮੀ ਉਡੀਕ ਕਰਵਾਉਣ ਉਪਰੰਤ, ਜਾਣ-ਬੁੱਝ ਕੇ ਮੂੰਹ ਵਿਚ ਸਿਗਰਟ ਲੈ ਕੇ ਆਇਆ ਅਤੇ ਕਿਹਾ: ਇਥੇ ਸਿਗਰਟ ਪੀਂਦਿਆਂ ਦਰਸ਼ਕਾਂ ਅੱਗੇ ਪੇਸ਼ ਹੋਣਾ ਚੰਗੀ ਗੱਲ ਨਹੀਂ ਪਰ ਮੈਂ ਸਿਗਰਟ ਪੀਣ ਵਿਚ ਕਿਸੇ ਵਲੋਂ ਵਿਘਨ ਪਾਏ ਜਾਣਾ ਪਸੰਦ ਨਹੀਂ ਕਰਦਾ।

547

ਕਈ ਗੱਲਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਸਾਧਾਰਨ ਲੋਕ ਕਰਨ ਤਾਂ ਹਾਸੋਹੀਣੀਆਂ ਲਗਦੀਆਂ ਹਨ ਪਰ ਜੇ ਉਹੀ ਗੱਲਾਂ ਪ੍ਰਸਿੱਧ ਵਿਅਕਤੀ ਕਰਨ ਤਾਂ ਮਹੱਤਵਪੂਰਨ ਸਮਝੀਆਂ ਜਾਂਦੀਆਂ ਹਨ।

ਇੰਗਲੈਂਡ ਦੇ ਪ੍ਰਧਾਨ-ਮੰਤਰੀ ਬੈਂਜਾਮਿਨ ਡਿਜ਼ਰੇਲੀ ਕੋਲ ਦੋ ਸੋਟੀਆਂ ਸਨ। ਉਨ੍ਹਾਂ ਦੋਹਾਂ ਦੇ ਰੰਗ ਵੱਖਰੇ ਸਨ। ਇਕ ਸੋਟੀ ਉਹ ਦੁਪਹਿਰ ਤੱਕ ਵਰਤਦਾ ਸੀ, ਦੂਜੀ ਸ਼ਾਮ ਨੂੰ

www.quotesinpunjabi.ml

QuotesInPunjabi
ਵਰਤਣ ਲਈ ਸੀ। ਉਹ ਜਿਥੇ ਵੀ ਹੁੰਦਾ, ਦੁਪਹਿਰ ਵੇਲੇ ਉਹ ਸੋਟੀ ਬਦਲਦਾ ਸੀ। ਜਦੋਂ ਲੋਕ ਉਸ ਨੂੰ ਵੇਖਦੇ-ਮਿਲਦੇ ਸਨ ਤਾਂ ਪਹਿਲਾਂ ਉਸ ਦੀ ਸੋਟੀ ਵੇਖਦੇ ਸਨ।

ਡਿਜ਼ਰੇਲੀ ਦੀ ਸੋਟੀ, ਡਿਜ਼ਰੇਲੀ ਨਾਲੋਂ ਵਧੇਰੇ ਪ੍ਰਸਿੱਧ ਸੀ।

548

ਨਖਰੇਲੋਂ ਇਸਤਰੀ ਜਾਂ ਬਾਂਕਾ ਪੁਰਸ਼ ਇਸ ਲਈ ਪ੍ਰਭਾਵਿਤ ਕਰਦੇ ਹਨ, ਕਿਉਂਕਿ ਅਸੀਂ ਇਨ੍ਹਾਂ ਨੂੰ ਕਿਸੇ ਵੰਨਗੀ ਵਿਚ ਨਹੀਂ ਰੱਖ ਸਕਦੇ। ਨਖਰੇਲੋਂ ਇਸਤਰੀ ਅਤੇ ਬਾਂਕੇ ਪੁਰਸ਼ ਦੀ ਸ਼ਖ਼ਸੀਅਤ ਵਿਚ ਵਿਸ਼ੇਸ਼ ਪ੍ਰਕਾਰ ਦੀ ਸੁਤੰਤਰਤਾ, ਲਾਪ੍ਰਵਾਹੀ, ਖੁੱਲ੍ਹ, ਦਲੇਰੀ, ਸਵੈ-ਵਿਸ਼ਵਾਸ, ਹਿੰਮਤ ਅਤੇ ਪਹਿਲ ਕਰਨ ਦੀ ਜੁਰੱਅਤ ਹੁੰਦੀ ਹੈ।

ਇਹ ਇਸ ਲਈ ਪ੍ਰਭਾਵਿਤ ਕਰਦੇ ਹਨ, ਕਿਉਂਕਿ ਲੋਕ ਵੱਖਰੇਵਿਆਂ ਵੱਲ ਵਧੇਰੇ ਧਿਆਨ ਦਿੰਦੇ ਹਨ, ਸਾਂਝਾਂ ਵਿਚ ਦਿਲਚਸਪੀ ਘੱਟ ਲੈਂਦੇ ਹਨ ।

ਬਾਂਕੇ ਵਿਅਕਤੀ ਸਮਾਜਿਕ ਪਰੰਪਰਾਵਾਂ ਅਤੇ ਰਹੁਰੀਤਾਂ ਦੀ ਪ੍ਰਵਾਹ ਨਹੀਂ ਕਰਦੇ, ਉਹ ਸਭ ਕੁਝ ਆਪਣੇ ਢੰਗ ਨਾਲ ਕਰਦੇ ਹਨ, ਜਿਸ ਕਾਰਨ ਉਹ ਵੱਖਰੇ ਹੀ ਨਹੀਂ ਨਿਆਰੇ ਵੀ ਹੁੰਦੇ ਹਨ। ਇਸੇ ਕਰਕੇ ਲੋਕ ਇਨ੍ਹਾਂ ਦੀਆਂ ਗੱਲਾਂ ਕਰਦੇ ਹਨ।

ਜਦੋਂ ਇਕ ਸਮਾਗਮ ਵਿਚ ਬਿਜਲੀ ਗਈ ਹੋਈ ਸੀ ਤਾਂ ਮੋਮਬੱਤੀ ਦੀ ਮਧਮ ਰੌਸ਼ਨੀ ਵਾਲੇ ਹਨੇਰੇ ਵਿਚ, ਇਕ ਸੋਹਣੀ ਇਸਤਰੀ ਦਾ ਕੁਝ ਡਿੱਗ ਪਿਆ।

ਇਕ ਬਾਂਕਾ ਉਠਿਆ, ਉਸ ਨੇ ਬੜੇ ਸੁਭਾਵਕ ਅੰਦਾਜ਼ ਵਿਚ ਆਪਣੇ ਪਰਸ ਵਿਚੋਂ ਹਜ਼ਾਰ ਦਾ ਨੋਟ ਕੱਢਿਆ, ਗੋਲ ਕੀਤਾ ਅਤੇ ਸਿਗਰਟ ਲਾਈਟਰ ਨਾਲ ਬਾਲ ਕੇ, ਗੁਆਚੀ ਚੀਜ਼ ਲੱਭਣ ਵਿਚ, ਉਸ ਇਸਤਰੀ ਦਾ ਮਦਦਗਾਰ ਬਣ ਗਿਆ।

549

ਲਖਨਊ ਦੇ ਨਵਾਬ ਵੀ ਮਸ਼ਹੂਰ ਸਨ ਅਤੇ ਲਖਨਊ ਦੇ ਬਦਮਾਸ਼ ਵੀ ਮਸ਼ਹੂਰ ਹੋਇਆ ਕਰਦੇ ਸਨ। ਲਖਨਵੀ ਸਲੀਕਾ ਦੋਹਾਂ ਵਿਚ ਹੁੰਦਾ ਸੀ। ਇਕ ਵਾਰੀ ਦੋ ਨਵਾਬਾਂ ਨੇ ਇਕੱਠੀ ਗੱਡੀ ਤੇ ਚੜ੍ਹਨਾ ਸੀ, ਕਹਿੰਦੇ ਹਨ ਉਨ੍ਹਾਂ ਨੇ ਇਕ ਦੂਜੇ ਨੂੰ ਪਹਿਲੇ ਆਪ, ਪਹਿਲੇ ਆਪ, ਕਹਿੰਦਿਆਂ ਗੱਡੀ ਹੀ ਲੰਘਾ ਦਿੱਤੀ ਸੀ। ਇਵੇਂ ਹੀ ਪਹਿਲੇ ਮੈਂ, ਪਹਿਲੇ ਮੈਂ, ਕਹਿ ਕੇ ਦੋ ਬਦਮਾਸ਼ਾਂ ਨੇ ਵੀ ਗੱਡੀ ਲੰਘਾ ਦਿੱਤੀ ਸੀ। ਨਵਾਬਾਂ ਵਾਂਗ ਹੀ ਲਖਨਾਊ ਵਿਚ ਬਾਦਮਾਸ਼ਾਂ ਦੇ ਪ੍ਰਭਾਵ ਵਾਲੇ ਖੇਤਰ ਅਤੇ ਇਲਾਕੇ ਸਨ।

ਨਵਾਬਾਂ ਦਾ ਰੋਅਬ, ਉਨ੍ਹਾਂ ਦੀ ਦੌਲਤ ਕਾਰਨ ਸੀ ਅਤੇ ਬਦਮਾਸ਼ਾਂ ਦਾ, ਉਨ੍ਹਾਂ ਦੀ ਆਪਸੀ ਦੁਸ਼ਮਣੀ ਕਾਰਨ। ਇਕ ਵਾਰੀ ਇਕ ਬਦਮਾਸ਼ ਇਕ ਨੱਚਣ ਵਾਲੀ ਦੇ ਚੁਬਾਰੇ ਵਿਚ ਗਿਆ ਅਤੇ ਇਕ ਵਿਸ਼ੇਸ਼ ਔਰਤ ਨੂੰ ਨੱਚਣ ਲਈ ਕਿਹਾ। ਨਾਚ ਚੱਲ ਰਿਹਾ ਸੀ ਕਿ ਬਦਮਾਸ਼ ਨੂੰ ਸੁਨੇਹਾ ਮਿਲਿਆ ਅਤੇ ਉਸ ਨੂੰ ਕਿਧਰੇ ਫੌਰੀ ਜਾਣਾ ਪੈ ਗਿਆ। ਉਸਦੇ ਮੁੜਨ ਦੀ ਉਮੀਦ ਵਿਚ ਨੱਚਣ ਵਾਲੀ, ਸਵੇਰ ਤੱਕ ਨੱਚਦੀ ਰਹੀ।

www.quotesinpunjabi.ml

QuotesInPunjabi

ਇਵੇਂ ਹੀ ਇਕ ਬਦਮਾਸ਼ ਦੇ ਲੜਕੇ ਦੀ ਸ਼ਾਦੀ ਸੀ ਅਤੇ ਉਸ ਨੇ ਲਖਨਾਊ ਵਿਚ ਹੀ ਕਿਸੇ ਹੋਰ ਬਦਮਾਸ਼ ਦੇ ਇਲਾਕੇ ਵਿਚ ਬਾਰਾਤ ਲੈ ਕੇ ਜਾਣੀ ਸੀ।

ਜੇ ਆਪ ਲੈ ਕੇ ਜਾਂਦਾ ਤਾਂ ਉਸ ਦੇ ਜਿਉਂਦੇ ਵਾਪਸ ਮੁੜਨ ਦੀ ਆਸ ਨਹੀਂ ਸੀ।

ਬਹਾਦਰਾਂ ਵਾਂਗ, ਬਦਮਾਸ਼ ਵੀ ਇਕ-ਦੂਜੇ ਦੀ ਕਦਰ ਕਰਦੇ ਹਨ।

ਬਾਰਾਤ ਗਈ ਪਰ ਬਦਮਾਸ਼ ਆਪ ਨਾ ਗਿਆ। ਲਖਨਵੀ ਤਹਿਜ਼ੀਬ ਅਨੁਸਾਰ ਉਸ ਬਾਰਾਤ ਦੀ ਮਿਲਣੀ ਵੇਲੇ ਲੜਕੇ ਦੇ ਬਾਪ ਦੀਆਂ ਰਸਮਾਂ, ਉਸ ਸਬੰਧਤ ਇਲਾਕੇ ਦੇ ਬਦਮਾਸ਼ ਨੇ ਨਿਭਾਈਆਂ ਅਤੇ ਸਾਰਾ ਕਾਰਜ ਨਿਰਵਿਘਨ ਸੰਪੰਨ ਕਰਵਾਇਆ।

550

ਮਾਂ ਬੱਚੇ ਨੂੰ ਸਕੂਲ ਬੱਸ ਵਿਚ ਨਹੀਂ ਜਾਣ ਦਿੰਦੀ ਸੀ, ਆਪ ਕਾਰ ਵਿਚ, ਉਸ ਨੂੰ ਸਕੂਲ ਛੱਡਣ ਅਤੇ ਸਕੂਲ ਤੋਂ ਲੈਣ ਜਾਂਦੀ ਸੀ।

ਮਾਂ ਸਮਝਦੀ ਸੀ ਕਿ ਉਹ ਬੱਚੇ ਨੂੰ ਬਹੁਤ ਪਿਆਰ ਕਰਦੀ ਸੀ ਪਰ ਅਸਲੀਅਤ ਵਿਚ ਉਸ ਨੇ ਬੱਚੇ ਦਾ ਵਾਧਾ ਅਤੇ ਵਿਕਾਸ ਰੋਕਿਆ ਹੋਇਆ ਸੀ, ਸੋ ਬੱਚੇ ਵਿਚ ਨਾ ਸਹਿਯੋਗੀ ਬਿਰਤੀਆਂ ਉਪਜੀਆਂ, ਨਾ ਪ੍ਰਤੀਯੋਗੀ ਬਿਰਤੀਆਂ। ਉਹ ਹੋਰ ਬੱਚਿਆਂ ਦੇ ਕਿਸੇ ਕਾਰਜ ਵਿਚ ਸ਼ਾਮਲ ਹੀ ਨਹੀਂ ਸੀ ਹੁੰਦਾ, ਕਿਉਂਕਿ ਬੱਚਾ ਮਾਂ ਦੀ ਕੈਦ ਵਿਚ ਸੀ।

ਮਾਂ ਬੱਚੇ ਨੂੰ ਸੁਰੱਖਿਆ ਪ੍ਰਦਾਨ ਨਹੀਂ ਸੀ ਕਰ ਰਹੀ, ਉਸ ਨੂੰ ਅਸੁਰੱਖਿਅਤ ਕਰ ਰਹੀ ਸੀ। ਮਾਂ ਦੀ ਲੋੜ ਪੂਰੀ ਹੋ ਰਹੀ ਸੀ, ਬੱਚੇ ਦੀ ਨਹੀਂ।

ਜਦੋਂ ਤੱਕ ਬੱਚਾ ਮਾਂ ਦੇ ਪ੍ਰਭਾਵ ਵਿਚੋਂ ਬਾਹਰ ਨਹੀਂ ਨਿਕਲਦਾ, ਉਸ ਵਿਚ ਆਪਣੀਆਂ ਸਮੱਸਿਆਵਾਂ ਸੁਲਝਾਉਣ ਦੀ ਯੋਗਤਾ ਨਹੀਂ ਉਪਜਦੀ।

ਮਾਂ ਨੇ ਬੱਚੇ ਦਾ ਸਰੀਰਕ, ਭਾਵਕ, ਬੌਧਿਕ, ਸਮਾਜਿਕ ਅਤੇ ਮਾਨਸਿਕ ਵਿਕਾਸ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਬੱਚਾ ਸੁਤੰਤਰ ਹੋਣਾ ਚਾਹੁੰਦਾ ਸੀ ਪਰ ਮਾਂ ਦੇ ਸਾਰੇ ਉਪਰਾਲੇ ਉਸ ਨੂੰ ਗੁਲਾਮ ਬਣਾਉਣ ਦੇ ਸਨ।

ਬੱਚੇ ਵਿਚ ਆਪਣੀ ਗੱਲ ਕਹਿਣ ਦੀ ਹਿੰਮਤ ਹੀ ਨਹੀਂ ਸੀ। ਉਹ ਥਥਲਾਉਣ ਲਗ ਪਿਆ ਸੀ। ਮਾਂ, ਉਸ ਦੀ ਸਮੱਸਿਆ ਸਮਝਣ ਦੀ ਥਾਂ ਉਸ ਦੇ ਥਥਲਾਉਣ ਦਾ ਇਲਾਜ ਕਰਵਾਉਣ ਲਈ, ਛੁੱਟੀ ਵਾਲੇ ਦਿਨ ਉਸ ਨੂੰ ਦੂਰ ਰਾਜਧਾਨੀ ਦੇ ਹਸਪਤਾਲ ਲੈ ਕੇ ਜਾਣ ਲੱਗ ਪਈ। ਇਵੇਂ ਬੱਚੇ ਦੀ ਕੈਦ ਹੋਰ ਡੂੰਘੀ ਹੋ ਗਈ। ਉਹ ਬੱਚਾ ਸਤਾਰ੍ਹਾਂ ਸਾਲਾਂ ਦਾ ਹੋ ਗਿਆ ਸੀ ਪਰ ਉਹ ਆਪ ਕੁਝ ਵੀ ਕਰਨ ਦੇ ਯੋਗ ਨਹੀਂ ਸੀ, ਕਿਉਂਕਿ ਉਸ ਦੇ ਸਾਰੇ ਕੰਮ ਮਾਂ ਕਰਦੀ ਸੀ। ਮਾਂ ਨੇ ਸੋਚਿਆ, ਉਸ ਨੂੰ ਘਰੋਂ ਬਾਹਰ ਜਾਣਾ ਚਾਹੀਦਾ ਹੈ, ਸੈਰ ਕਰਨੀ ਚਾਹੀਦੀ ਹੈ। ਉਹ ਆਪ ਉਸ ਨਾਲ ਸੈਰ ਕਰਨ ਜਾਣ ਲੱਗ ਪਈ। ਮਾਂ ਨੇ ਬੱਚੇ ਨੂੰ ਅੱਖਾਂ, ਕੰਨ, ਸੋਚ, ਸਮਝ, ਹੱਥ, ਪੈਰ ਵਰਤਣ ਹੀ ਨਹੀਂ ਦਿੱਤੇ। ਉਹ ਵੀਹ ਸਾਲ ਦਾ ਹੋ ਕੇ ਵੀ ਬੱਚਿਆਂ ਵਾਲੀਆਂ ਹਰਕਤਾਂ ਕਰਦਾ ਸੀ, ਕਿਉਂਕਿ ਉਹ ਮਾਂ ਦਾ ਲਾਡਲਾ ਕੈਦੀ ਸੀ। ਮਾਂ ਨੇ ਉਸ ਨੂੰ ਮਾਨਸਿਕ ਪੱਖੋਂ ਵਿਕਲਾਂਗ ਅਤੇ ਸਰੀਰਕ ਪੱਖੋਂ ਨਿਪੁੰਸਕ ਬਣਾ ਦਿੱਤਾ ਸੀ।

www.quotesinpunjabi.ml

QuotesInPunjabi

551

ਇਕ ਵਾਰੀ ਇੰਗਲੈਂਡ ਦੇ ਬਾਦਸ਼ਾਹ ਨੇ ਲਿਬਾਸ ਵਿਚ ਸੋਨੇ ਦੇ ਧਾਗਿਆਂ, ਸੋਨੇ ਦੇ ਬਟਨਾਂ ਆਦਿ ਦੇ ਵਰਤਣ 'ਤੇ ਪਾਬੰਦੀ ਲਾ ਦਿੱਤੀ ਪਰ ਕੋਈ ਅਸਰ ਨਾ ਹੋਇਆ।

ਲੋਕ ਪਹਿਲਾਂ ਵਾਂਗ ਹੀ ਸੋਨੇ ਵਾਲੇ ਲਿਬਾਸ ਪਾਉਂਦੇ ਰਹੇ।

ਕੁਝ ਮਹੀਨਿਆਂ ਮਗਰੋਂ ਬਾਦਸ਼ਾਹ ਨੇ ਪਾਬੰਦੀ ਦਾ ਹੁਕਮ ਦੁਬਾਰਾ ਜਾਰੀ ਕੀਤਾ ਅਤੇ ਇਸ ਸੋਧੇ ਹੋਏ ਹੁਕਮ ਵਿਚ ਇਹ ਐਲਾਨ ਕੀਤਾ ਕਿ ਇਹ ਪਾਬੰਦੀ ਵੇਸਕੋਵਾਂ ਅਤੇ ਝੱਟਕਣੀਆਂ 'ਤੇ ਲਾਗੂ ਨਹੀਂ ਹੋਵੇਗੀ।

ਅਗਲੀ ਸਵੇਰ ਨੂੰ ਹੀ ਲਿਬਾਸ ਵਿਚ ਸੋਨੇ ਦੀ ਵਰਤੋਂ ਬੰਦ ਹੋ ਗਈ।

ਫਰਾਂਸ ਵਿਚ ਬਾਦਸ਼ਾਹ ਨੂੰ ਵਾਲਾਂ ਦੇ ਇਕ ਫੈਸ਼ਨ ਤੋਂ ਚਿੜ੍ਹ ਸੀ। ਉਹ ਲੋਕਾਂ ਨੂੰ ਅਜਿਹਾ ਫੈਸ਼ਨ ਕਰਨ ਤੋਂ ਰੋਕਣਾ ਚਾਹੁੰਦਾ ਸੀ, ਪ੍ਰੰਤੂ ਰੋਕ ਕਾਰਨ ਇਹ ਫੈਸ਼ਨ ਵਧੇਰੇ ਪ੍ਰਚਲਿਤ ਹੋ ਗਿਆ ਸੀ। ਬਾਦਸ਼ਾਹ ਨੇ ਇਸ ਫੈਸ਼ਨ ਨੂੰ ਜਲਾਦਾਂ ਲਈ ਲਾਜ਼ਮੀ ਕਰਾਰ ਦੇ ਦਿੱਤਾ ਅਤੇ ਇਸ ਨੂੰ ਉਨ੍ਹਾਂ ਦੀ ਵਰਦੀ ਦਾ ਅੰਗ ਬਣਾ ਦਿੱਤਾ।

ਅਜਿਹਾ ਹੋਣ ਨਾਲ, ਲੋਕਾਂ ਨੇ ਉਹ ਫੈਸ਼ਨ ਤਿਆਗ ਦਿੱਤਾ।

552

ਕਈ ਲੋਕ ਕੇਵਲ ਪਾਲਤੂ ਜਾਨਵਰਾਂ ਨੂੰ ਹੀ ਪਿਆਰ ਕਰਦੇ ਹਨ, ਉਨ੍ਹਾਂ ਵਿਚ ਸੋਚਣ ਅਤੇ ਆਪਣੀ ਮਰਜ਼ੀ ਕਰਨ ਵਾਲੇ ਮਨੁੱਖ ਨੂੰ ਪਿਆਰ ਕਰਨ ਦੀ ਬਹੁਤੀ ਸਮਰੱਥਾ ਨਹੀਂ ਹੁੰਦੀ। ਉਨ੍ਹਾਂ ਨੂੰ ਬਰਾਬਰ ਦੀ ਅਕਲ ਵਾਲੇ ਵਿਅਕਤੀ ਪਸੰਦ ਨਹੀਂ ਹੁੰਦੇ।

ਦੂਜੇ ਵਿਸ਼ਵਯੁੱਧ ਉਪਰੰਤ ਅਮਰੀਕਨ ਫੌਜੀਆਂ ਨੇ ਜਵਾਨ ਉਮਰ ਦੀਆਂ, ਉਨ੍ਹਾਂ ਜਰਮਨ, ਜਾਪਾਨੀ, ਇਤਾਲਵੀ ਵਿਧਵਾਵਾਂ ਨਾਲ ਵਿਆਹ ਕੀਤੇ, ਜਿਨ੍ਹਾਂ ਦੇ ਪਤੀ ਯੁੱਧ ਵਿਚ ਮਾਰੇ ਗਏ ਸਨ ਜਾਂ ਲਾਪਤਾ ਹੋ ਗਏ ਸਨ।

ਪਤੀਆਂ ਦੀ ਭਾਸ਼ਾ ਨਾ ਜਾਣਨ ਵਾਲੀਆਂ ਇਸਤਰੀਆਂ ਦੇ, ਗੂੰਗੀਆਂ ਗੁੱਡੀਆਂ ਵਾਂਗ ਵਿਚਰਨ ਕਾਰਨ, ਆਗਿਆਕਾਰੀ ਹੋਣ ਕਾਰਨ ਅਤੇ ਪਾਲਤੂ ਜੀਵਾਂ ਵਾਲਾ ਵਿਹਾਰ ਕਰਨ ਕਰਕੇ, ਵਿਆਹ ਚਲਦੇ ਰਹੇ।

ਅੰਗਰੇਜ਼ੀ ਨਾ ਜਾਣਨ ਦੇ ਬਾਵਜੂਦ ਸੰਕੇਤਾਂ ਨਾਲ ਕੰਮ ਚਲਾਉਣ ਕਰਕੇ ਸਾਥ ਨਿਭਦਾ ਰਿਹਾ ਪਰ ਜਦੋਂ ਚਾਰ-ਪੰਜ ਸਾਲਾਂ ਵਿਚ, ਅਮਰੀਕਾ ਵਿਚ ਪਤੀਆਂ ਨਾਲ ਰਹਿੰਦਿਆਂ, ਇਨ੍ਹਾਂ ਇਸਤਰੀਆਂ ਨੇ ਅੰਗਰੇਜ਼ੀ ਸਿੱਖ ਲਈ ਤਾਂ ਵਿਆਹ ਟੁੱਟਣ ਲਗ ਪਏ।

ਜਦੋਂ ਤੱਕ ਇਹ ਇਸਤਰੀਆਂ ਪਤੀ ਦੀ ਭਾਸ਼ਾ ਨਹੀਂ ਜਾਣਦੀਆਂ ਸਨ, ਅਮਰੀਕਨ ਪਤੀ ਉਨ੍ਹਾਂ 'ਤੇ ਆਪਣੀ ਮਰਜ਼ੀ, ਵਿਚਾਰ ਅਤੇ ਵਿਹਾਰ ਲਾਗੂ ਕਰਦੇ ਰਹੇ ਸਨ ਅਤੇ ਪਤਨੀਆਂ ਵੀ ਅੰਗਰੇਜ਼ੀ ਨਾ ਜਾਣਨ ਕਾਰਨ, ਸਭ ਕੁਝ ਸਹਿਣ ਕਰਦੀਆਂ ਰਹੀਆਂ ਸਨ। ਪਰ ਅੰਗਰੇਜ਼ੀ ਸਿੱਖ ਕੇ ਜਦੋਂ ਉਹ ਆਪਣੀ ਮਰਜ਼ੀ ਪ੍ਰਗਟਾਉਣ ਲੱਗ ਪਈਆਂ ਅਤੇ ਪਤੀ ਦੇ ਵਿਹਾਰ 'ਤੇ ਟਿੱਪਣੀ ਕਰਨ ਲੱਗ ਪਈਆਂ ਤਾਂ ਅਮਰੀਕਨ ਫੌਜੀਆਂ ਦੀ ਮਰਜ਼ੀ ਲਾਗੂ ਹੋਣੋਂ

www.quotesinpunjabi.ml

QuotesInPunjabi

ਰਹਿ ਗਈ। ਪਤੀ ਤਾਂ ਕੇਵਲ ਅੰਗਰੇਜ਼ੀ ਜਾਣਦੇ ਸਨ ਜਦੋਂ ਕਿ ਪਤਨੀਆਂ ਅੰਗਰੇਜ਼ੀ ਦੇ ਨਾਲ-ਨਾਲ ਜਰਮਨ ਜਾਂ ਇਤਾਲਵੀ ਜਾਂ ਜਾਪਾਨੀ ਵੀ ਜਾਣਦੀਆਂ ਸਨ।

ਅਮਰੀਕਨ ਪਤੀਆਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਉਨ੍ਹਾਂ ਦੀਆਂ ਗੁੰਗੀਆਂ ਪਤਨੀਆਂ ਸੋਚਣ ਲੱਗ ਪਈਆਂ ਸਨ। ਉਨ੍ਹਾਂ ਦੇ ਆਪਣੇ ਵਿਚਾਰ ਸਨ, ਪਸੰਦਗੀਆਂ, ਨਾਪਸੰਦਗੀਆਂ ਸਨ, ਤਰਜੀਹਾਂ ਅਤੇ ਇਤਰਾਜ਼ ਸਨ, ਇੱਛਾਵਾਂ ਅਤੇ ਤਾਂਘਾਂ ਸਨ।

ਜਿਹੜੇ ਪਤੀ ਆਜ਼ਾਦ ਵਿਚਾਰਾਂ ਵਾਲੇ ਸਨ, ਉਨ੍ਹਾਂ ਦਾ ਪਤਨੀਆਂ ਨਾਲ ਤਾਲ-ਮੇਲ ਚੰਗੇਰਾ ਹੋ ਗਿਆ, ਉਨ੍ਹਾਂ ਦੇ ਜੀਵਨ ਦੀ ਤਸੱਲੀ ਵਧੀ ਪਰ ਜਿਹੜੇ ਉਦਾਰ ਨਹੀਂ ਸਨ, ਉਨ੍ਹਾਂ ਵਿਚ ਬਹੁਤਿਆਂ ਦਾ ਤਾਲਮੇਲ ਘੱਟ ਗਿਆ ਅਤੇ ਕਈਆਂ ਦਾ ਮੁੱਕ ਗਿਆ।

553

ਸੰਸਾਰ ਦਾ ਸਭ ਤੋਂ ਲੰਮਾ ਅਤੇ ਸਭ ਤੋਂ ਛੋਟਾ, ਕੀ ਹੈ ? ਸੰਸਾਰ ਦਾ ਸਭ ਤੋਂ ਤੇਜ਼ ਅਤੇ ਸਭ ਤੋਂ ਹੌਲੀ, ਕੀ ਹੈ ? ਸਭ ਤੋਂ ਵੱਧ ਵੰਡਿਆ ਹੋਇਆ ਅਤੇ ਸਭ ਤੋਂ ਵੱਧ ਫੈਲਿਆ ਹੋਇਆ, ਕੀ ਹੈ ? ਸਭ ਤੋਂ ਵੱਧ ਅਣਗੌਲਿਆ ਅਤੇ ਸਭ ਤੋਂ ਵੱਧ ਪਛਤਾਇਆ ਗਿਆ, ਕੀ ਹੈ ? ਜਿਸ ਤੋਂ ਬਿਨਾਂ ਕੁਝ ਨਹੀਂ ਕੀਤਾ ਜਾ ਸਕਦਾ ਅਤੇ ਜਿਹੜਾ ਸਭ ਨੂੰ ਨਿਗਲ ਜਾਂਦਾ ਹੈ, ਉਹ ਕੀ ਹੈ ? ਫ਼ਿਲਾਸਫ਼ੀ ਅਤੇ ਧਰਮ ਇਨ੍ਹਾਂ ਪ੍ਰਸ਼ਨਾਂ ਨੂੰ ਵਿਚਾਰਦੇ ਰਹੇ ਹਨ।

ਸਭ ਤੋਂ ਲੰਮਾ ਵਕਤ ਹੈ, ਕੁਝ ਵੀ ਵਕਤ ਤੋਂ ਲੰਮੇਰਾ ਨਹੀਂ। ਨਿਰੰਤਰ ਜਿਉਣ ਦੇ ਅਭਿਲਾਸ਼ੀਆਂ ਲਈ ਵਕਤ ਬਹੁਤ ਛੋਟਾ ਹੈ। ਦੁਖੀਆਂ ਲਈ ਵਕਤ ਹੌਲੀ ਹੈ, ਸੁਖੀਆਂ ਲਈ ਤੇਜ਼ ਹੈ। ਮਹਾਨਤਾ ਨੂੰ ਇਹ ਸਦੀਆ ਤੱਕ ਸਾਂਭਦਾ ਹੈ, ਨਿਗੁਣਿਆਂ ਨੂੰ ਇਹ ਅਗਲੇ ਹੀ ਪਲ ਭੁਲਾ ਦਿੰਦਾ ਹੈ। ਸਾਰੇ ਵਕਤ ਨੂੰ ਅਣਗੌਲਿਆ ਕਰਦੇ ਹਨ, ਸੋ ਸਾਰੇ ਪਛਤਾਉਂਦੇ ਹਨ। ਇਸ ਤੋਂ ਬਿਨਾਂ ਕੁਝ ਵੀ ਕਰਨਾ ਸੰਭਵ ਨਹੀਂ। ਇਹ ਬਾਦਸ਼ਾਹੀਆਂ ਨੂੰ ਮਿੱਟੀ ਵਿਚ ਰੋਲ ਦਿੰਦਾ ਹੈ। ਇਹ ਸਭ ਕੀਤੇ-ਕਰਾਏ ਨੂੰ ਨਿਗਲ ਜਾਂਦਾ ਹੈ।

554

ਸੰਸਾਰ ਵਿਚ ਕੁਝ ਵੀ ਜਦੋਜਹਿਦ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ।

ਜਿਹੜੀਆਂ ਸਹੂਲਤਾਂ ਅਤੇ ਆਜ਼ਾਦੀਆਂ ਅਸੀਂ ਮਾਣ ਰਹੇ ਹਾਂ, ਉਹ ਲੰਮੇ ਸੰਘਰਸ਼ਾਂ ਉਪਰੰਤ ਹੀ ਪ੍ਰਾਪਤ ਹੋਈਆਂ ਹਨ।

ਅਮਰੀਕਾ ਵਿਚ ਅਫਰੀਕਨ ਮੂਲ ਦੇ ਲੋਕਾਂ ਨੂੰ ਸੰਵਿਧਾਨ ਦੀ ਪੰਦਰ੍ਹਵੀਂ ਸੋਧ ਨਾਲ ਵੋਟ ਦਾ ਅਧਿਕਾਰ ਮਿਲ ਗਿਆ ਸੀ ਪਰ ਸ਼ਰਤਾਂ ਇਤਨੀਆਂ ਕਰੜੀਆਂ ਸਨ ਕਿ ਕੋਈ ਵੀ ਕਾਲਾ ਵਿਅਕਤੀ ਵੋਟ ਪਾ ਨਹੀਂ ਸੀ ਸਕਦਾ। ਉਦਾਹਰਣ ਵਜੋਂ ਵੋਟਰ ਬਣਨ ਲਈ ਉਸ ਕੋਲ ਚਾਲ੍ਹੀ ਏਕੜ ਜ਼ਮੀਨ ਹੋਣੀ ਚਾਹੀਦੀ ਸੀ, ਉਹ ਪੜ੍ਹਿਆ-ਲਿਖਿਆ ਹੋਣਾ ਚਾਹੀਦਾ ਸੀ, ਉਸ ਵਿਚ ਅਮਰੀਕਨ ਸੰਵਿਧਾਨ ਦੇ ਅਰਥ ਦਸਣ ਦੀ ਯੋਗਤਾ ਹੋਣੀ ਚਾਹੀਦੀ ਸੀ, ਉਹ ਇੱਜ਼ਤਦਾਰ ਵਿਅਕਤੀ ਹੋਣਾ ਚਾਹੀਦਾ ਸੀ, ਉਸ ਦੇ ਚੰਗੇ ਚਰਿੱਤਰ ਦੇ ਦੋ ਗਵਾਹ ਹੋਣੇ

 www.quotesinpunjabi.ml

QuotesInPunjabi
ਚਾਹੀਦੇ ਸਨ, ਜਿਹੜੇ ਆਪ ਵੋਟਰ ਹੋਣੇ ਚਾਹੀਦੇ ਸਨ। ਇਨ੍ਹਾਂ ਯੋਗਤਾਵਾਂ ਦੀਆਂ ਸ਼ਰਤਾਂ ਨੇ ਕਿਸੇ ਨੂੰ ਵੀ ਵੋਟ ਪਾਉਣ ਦਾ ਅਧਿਕਾਰ ਨਾ ਮਾਣਨ ਦਿੱਤਾ।

ਮਾਰਟਿਨ ਲੂਥਰ ਕਿੰਗ ਦੀਆਂ ਕੁਰਬਾਨੀਆਂ ਨਾਲ, 1965 ਵਿਚ ਇਹ ਸ਼ਰਤਾਂ ਮਨਸੂਖ ਕੀਤੀਆਂ ਗਈਆਂ ਅਤੇ ਇਨ੍ਹਾਂ ਅਧਿਕਾਰਾਂ ਸਦਕਾ 2008 ਵਿਚ ਅਮਰੀਕਾ ਦੇ ਇਤਿਹਾਸ ਵਿਚ, ਪਹਿਲਾ ਕਾਲਾ ਵਿਅਕਤੀ ਰਾਸ਼ਟਰਪਤੀ ਬਣਨ ਵਿਚ ਸਫ਼ਲ ਹੋਇਆ।

555

ਮਾਰਕਟਵੇਨ ਬੜਾ ਪ੍ਰਸਿੱਧ ਅਮਰੀਕੀ ਹਾਸਰਸ ਲੇਖਕ ਹੋਇਆ ਹੈ, ਜਿਸ ਦੀ ਪੁਸਤਕ 'ਹੱਕਲਬਰੀ ਫਿਨ' ਵਿਸ਼ਵ-ਸਾਹਿਤ ਦਾ ਭਾਗ ਹੈ।

ਇਕ ਵਾਰੀ ਅਮਰੀਕਾ ਵਿਚ ਹੀ ਗੱਡੀ ਵਿਚ ਸਫਰ ਕਰਨ ਦੌਰਾਨ, ਇਕ ਯਾਤਰੀ ਨੇ ਮਾਰਕਟਵੇਨ ਨੂੰ ਪਛਾਣ ਕੇ ਕਿਹਾ: ਮੈਂ ਤੁਹਾਡੀ ਪੜ੍ਹੀ ਹੋਈ ਪੁਸਤਕ ਨੂੰ ਭੁੱਲਣ ਵਾਸਤੇ, ਸੌ ਡਾਲਰ ਕੁਰਬਾਨ ਕਰਨ ਲਈ ਤਿਆਰ ਹਾਂ। ਮਾਰਕਟਵੇਨ ਨੂੰ ਸਮਝ ਨਹੀਂ ਸੀ ਆ ਰਹੀ ਕਿ ਯਾਤਰੀ ਦਾ ਕਥਨ, ਪ੍ਰਸੰਸਾ ਸੀ ਕਿ ਨਿੰਦਾ।

ਜਦੋਂ ਮਾਰਕਟਵੇਨ ਨੇ ਉਸ ਯਾਤਰੀ ਨੂੰ ਪੁੱਛਿਆ ਕਿ ਉਹ ਸੌ ਡਾਲਰ ਦੀ ਵੱਡੀ ਰਕਮ ਕਿਉਂ ਕੁਰਬਾਨ ਕਰਨੀ ਚਾਹੁੰਦਾ ਸੀ? ਤਾਂ ਉਸ ਯਾਤਰੀ ਨੇ ਕਿਹਾ: ਤਾਂ ਕਿ ਮੈਂ ਤੁਹਾਡੀ ਪੁਸਤਕ, ਇਕ ਵਾਰੀ, ਫਿਰ ਪਹਿਲੀ ਵਾਰ ਪੜ੍ਹਨ ਦਾ ਆਨੰਦ ਮਾਣ ਸਕਾਂ।

556

ਤੀਹ ਸਾਲ ਦਾ ਵਿਅਕਤੀ ਗੱਡੀ ਵਿਚ ਆਪਣੇ ਸੱਠ ਸਾਲ ਦੇ ਪਿਤਾ ਨਾਲ ਬੈਠਾ ਕਹਿ ਰਿਹਾ ਸੀ: ਪਿਤਾ ਜੀ ਵੇਖੋ, ਦਰੱਖਤ ਕਿਤਨੇ ਸੋਹਣੇ ਲਗ ਰਹੇ ਹਨ! ਉਹ ਸਫਰ ਦੌਰਾਨ ਬਾਹਰ ਹੀ ਵੇਖਦਾ ਰਿਹਾ, ਡੱਬੇ ਵਿਚ ਕੀ ਹੋ ਰਿਹਾ ਸੀ, ਉਧਰ ਉਸ ਦਾ ਧਿਆਨ ਨਹੀਂ ਸੀ।

ਉਸ ਦੀਆਂ ਗੱਲਾਂ ਸੁਣ ਕੇ ਸਾਰੇ ਕੰਨੋ-ਕੰਨੀ ਉਸੇ ਦੀਆਂ ਗੱਲਾਂ ਕਰ ਰਹੇ ਸੁਨ ਅਤੇ ਕਹਿ ਰਹੇ ਸਨ ਕਿ ਉਹ ਚੰਗੀ-ਭਲੀ ਉਮਰ ਵਾਲਾ, ਕਿਹੋ ਜਿਹੀਆਂ ਬੱਚਿਆਂ ਵਾਲੀਆਂ ਗੱਲਾਂ ਅਤੇ ਹਰਕਤਾਂ ਕਰ ਰਿਹਾ ਸੀ। ਉਸ ਵਿਅਕਤੀ ਦੇ ਨੇੜੇ ਹੀ, ਇਕ ਨਵਾਂ ਵਿਆਹਿਆ ਜੋੜਾ ਬੈਠਾ ਸੀ। ਨਵੇਂ ਵਿਆਹੇ ਪਤੀ ਨੇ ਕਿਹਾ: ਇਸ ਦਾ ਦਿਮਾਗ ਖਰਾਬ ਲਗਦਾ ਹੈ।

ਕੁਝ ਚਿਰ ਮਗਰੋਂ ਬਾਰੀ ਖੁਲ੍ਹੀ ਹੋਣ ਕਰਕੇ, ਮੀਂਹ ਕਾਰਨ ਕੁਝ ਕਣੀਆਂ ਉਸ ਦੀ ਪਤਨੀ ਦੀ ਸਾੜ੍ਹੀ 'ਤੇ ਪੈ ਗਈਆਂ ਸਨ। ਉਸ ਵਿਅਕਤੀ ਦਾ ਪੁੱਤਰ ਕਹੀ ਜਾ ਰਿਹਾ ਸੀ: ਪਿਤਾ ਜੀ ਵੇਖੋ ਕਿਤਨਾ ਸੋਹਣਾ ਮੀਂਹ ਪੈ ਰਿਹਾ ਹੈ। ਨਵੇਂ ਵਿਆਹੇ ਪਤੀ ਨੇ, ਝਿੜਕਵੀਂ ਆਵਾਜ਼ ਵਿਚ ਕਿਹਾ: ਤੁਹਾਡਾ ਲੜਕਾ ਤਾਂ ਪਾਗਲ ਹੈ, ਤੁਹਾਨੂੰ ਦਿਸਦਾ ਨਹੀਂ ਕਿ ਸਾਡੇ ਕੱਪੜੇ ਭਿੱਜ ਰਹੇ ਹਨ। ਇਸ ਪਾਗਲ ਨੂੰ ਕਿਸੇ ਪਾਗਲਖਾਨੇ ਦਾਖਲ ਕਰਵਾਓ।

ਪਿਤਾ, ਪਹਿਲਾਂ ਝਿਜਕਿਆ ਫਿਰ ਹੌਸਲਾ ਕਰਕੇ ਬੋਲਿਆ: ਅਸੀਂ ਅੱਜ ਹੀ ਹਸਪਤਾਲ ਤੋਂ ਛੁੱਟੀ ਮਿਲਣ 'ਤੇ ਘਰ ਜਾ ਰਹੇ ਹਾਂ। ਇਹ ਬਚਪਨ ਵਿਚ ਹੀ ਅੰਨ੍ਹਾ ਹੋ ਗਿਆ ਸੀ।

www.quotesinpunjabi.ml

QuotesInPunjabi
ਦੁਰਘਟਨਾ ਵਿਚ, ਸਾਡੇ ਗ਼ਿਸ਼ਤੇਦਾਰ ਦੀ ਮੌਤ ਹੋਣ ਉਪਰੰਤ ਉਸ ਦੀਆਂ ਅੱਖਾਂ ਇਸ ਨੂੰ ਮਿਲੀਆਂ ਹਨ। ਇਹ ਸਭ ਕੁਝ ਜ਼ਿੰਦਗੀ ਵਿਚ ਪਹਿਲੀ ਵਾਰ ਵੇਖ ਰਿਹਾ ਹੈ। ਤੁਸੀਂ ਮਹਿਸੂਸ ਨਹੀਂ ਕਰ ਰਹੇ ਕਿ ਵੇਖਣਾ ਤਾਂ ਕੇਵਲ ਇਸੇ ਨੂੰ ਆਉਂਦਾ ਹੈ। ਇਸ ਲਈ, ਸਭ ਕੁਝ ਨਵਾਂ ਹੈ, ਅਸੀਂ ਤਾਂ ਅੱਖਾਂ, ਪੁਰਾਣੀਆਂ ਹੋ ਜਾਣ ਕਰਕੇ, ਵੇਖ ਕੇ ਵੀ ਨਹੀਂ ਵੇਖ ਰਹੇ।

557

ਹੋਗਾਰਥ ਵਿਸ਼ਵ ਪ੍ਰਸਿੱਧੀ ਵਾਲਾ ਕਾਰਟੂਨਿਸਟ ਹੋਇਆ ਹੈ।

ਇਕ ਵਾਰੀ ਉਹ ਆਪਣੇ ਦੋਸਤਾਂ-ਮਿੱਤਰਾਂ ਅਤੇ ਪ੍ਰਸੰਸਕਾਂ ਨਾਲ ਇਕ ਹਾਲ ਵਿਚ ਬੈਠਾ ਇਕ ਕਾਰਟੂਨ ਬਣਾ ਰਿਹਾ ਸੀ, ਜਿਥੇ ਇਕ ਸੁੰਦਰ, ਪ੍ਰਸੰਸਕ ਇਸਤਰੀ ਉਸ ਕੋਲ ਆ ਕੇ ਕਹਿਣ ਲੱਗੀ: ਮੈਂ ਕਾਰਟੂਨ ਬਣਾਉਣੇ ਸਿੱਖਣਾ ਚਾਹੁੰਦੀ ਹਾਂ।

ਹੋਗਾਰਥ ਨੇ ਕਿਹਾ: ਇਹ ਕਲਾ ਨਾ ਸਿੱਖੀ। ਇਹ ਕਲਾ ਨਹੀਂ ਸਿੱਖਣੀ ਚਾਹੀਦੀ। ਕਾਰਟੂਨ ਬਣਾ-ਬਣਾ ਕੇ ਭਾਵੇਂ ਮੈਂ ਪ੍ਰਸਿੱਧ ਹੋ ਗਿਆ ਹਾਂ ਪਰ ਮੈਂ ਸੁੰਦਰਤਾ ਨੂੰ ਮਾਣਨਾ ਭੁੱਲ ਗਿਆ ਹਾਂ। ਮੈਨੂੰ ਹਰ ਕਿਸੇ ਦਾ ਚਿਹਰਾ ਟੇਢਾ-ਮੇਢਾ ਹੀ ਨਜ਼ਰ ਆਉਂਦਾ ਹੈ। ਮੈਨੂੰ ਕੋਈ ਚਿਹਰਾ ਸਬੂਤਾ ਨਜ਼ਰ ਨਹੀਂ ਆਉਂਦਾ। ਮੈਂ ਹਰ ਚਿਹਰੇ ਨੂੰ ਵਿਗਾੜ ਕੇ ਹੀ ਵੇਖਦਾ ਹਾਂ। ਮਨੁੱਖੀ ਚਿਹਰੇ ਅਤੇ ਮਨੁੱਖੀ ਸ਼ਖ਼ਸੀਅਤ ਵਿਚੋਂ ਸੁੰਦਰਤਾ ਅਤੇ ਰੂਹਾਨੀਅਤ ਵੇਖਣ ਦੇ ਪੱਖੋਂ ਮੈਂ ਵਿਕਲਾਂਗ ਹੋ ਗਿਆ ਹਾਂ। ਮੇਰੀਆਂ ਅੱਖਾਂ ਠੀਕ ਹਨ ਪਰ ਮੈਂ ਵੇਖਦਾ ਕਾਣਿਆਂ ਵਾਂਗ ਹਾਂ, ਕਿਉਂਕਿ ਮੈਂ ਹਰ ਚਿਹਰੇ ਨੂੰ ਕਾਰਟੂਨ ਬਣਾਉਣ ਦੀ ਦ੍ਰਿਸ਼ਟੀ ਨਾਲ ਵਿਗਾੜ ਕੇ ਹੀ ਵੇਖਦਾ ਹਾਂ ਅਤੇ ਵਿਖਾਉਂਦਾ ਹਾਂ। ਤੈਨੂੰ ਮੇਰਾ ਸੁਝਾਓ ਹੈ ਕਿ ਤੂੰ ਇਹ ਕਲਾ ਨਾ ਸਿੱਖੀਂ, ਕਿਉਂਕਿ ਇਵੇਂ ਨਾ ਤੂੰ ਆਪ ਸੁੰਦਰ ਰਹੇਂਗੀ, ਨਾ ਹੀ ਤੂੰ ਜ਼ਿੰਦਗੀ ਦੀ ਸੁੰਦਰਤਾ ਮਾਣ ਸਕੇਂਗੀ।

558

ਇਕ ਬੱਚਾ ਆਪਣੀ ਅਧਿਆਪਕਾ ਨੂੰ ਦੱਸ ਰਿਹਾ ਸੀ:

ਮੇਰੇ ਇਕ ਦਾਦਾ ਅਤੇ ਇਕ ਦਾਦੀ ਹਨ। ਦਾਦਾ ਆਦਮੀ ਹੈ ਅਤੇ ਦਾਦੀ ਆਦਮੀ ਨਹੀਂ। ਮੇਰੇ ਪਾਪਾ ਨੂੰ ਦਾਦੀ, ਪੁੱਤਰ-ਪੁੱਤਰ ਕਹਿੰਦੀ ਰਹਿੰਦੀ ਹੈ। ਜਦੋਂ ਉਹ ਆਂਦੇ ਹਨ ਤਾਂ ਪਾਪਾ ਉਨ੍ਹਾਂ ਨੂੰ ਸਟੇਸ਼ਨ ਤੋਂ ਲੈ ਆਉਂਦੇ ਹਨ। ਜਦੋਂ ਰਹਿਣ ਪਿਛੋਂ ਉਨ੍ਹਾਂ ਨੇ ਜਾਣਾ ਹੁੰਦਾ ਹੈ ਤਾਂ ਪਾਪਾ ਉਨ੍ਹਾਂ ਨੂੰ ਸਟੇਸ਼ਨ 'ਤੇ ਛੱਡ ਆਉਂਦੇ ਹਨ।

ਉਨ੍ਹਾਂ ਕੋਲ ਛੋਟੇ ਬੱਚੇ ਨਹੀਂ ਹਨ, ਇਸ ਕਰਕੇ ਉਹ ਸਾਡੇ ਕੋਲ ਆਉਂਦੇ ਹਨ। ਉਹ ਸਾਨੂੰ ਪਿਆਰ ਕਰਦੇ ਹਨ ਅਤੇ ਮੇਰੇ ਨਾਲ ਅਤੇ ਮੇਰੀ ਭੈਣ ਨਾਲ ਖੇਡਦੇ ਹਨ।

ਜਦੋਂ ਮੈਂ ਤੇ ਮੇਰੀ ਭੈਣ ਫੁੱਟਬਾਲ ਖੇਡਦੇ ਹਾਂ ਤਾਂ ਅਸੀਂ ਉਨ੍ਹਾਂ ਨੂੰ ਦੋਵੇਂ ਪਾਸੇ ਗੋਲਕੀਪਰ ਬਣਾ ਦਿੰਦੇ ਹਾਂ। ਜਦੋਂ ਮੇਰੇ ਦਾਦਾ ਮੇਰੇ ਨਾਲ ਦੌੜਦੇ ਹਨ ਤਾਂ ਮੈਂ ਦਾਦਾ ਨੂੰ ਹਰਾ ਦਿੰਦਾ ਹਾਂ, ਉਹ ਹਾਰ ਕੇ ਹੱਸਦੇ ਹਨ।

ਮੇਰੇ ਦਾਦਾ ਦਸਦੇ ਹਨ, ਜਦੋਂ ਉਹ ਛੋਟੇ ਸਨ ਤਾਂ ਸ਼ਹਿਰ ਵਿਚ ਇਕ ਹੀ ਕਾਰ ਸੀ। ਉਸ

www.quotesinpunjabi.ml

QuotesInPunjabi

ਵੇਲੇ ਨਾ ਪੀਜ਼ਾ ਹੁੰਦਾ ਸੀ ਨਾ ਚਾਕਲੇਟ। ਮੇਰੇ ਦਾਦਾ ਨੇ ਵੀਡਿਓ ਗੇਮਜ਼ ਖੇਡੀਆਂ ਹੀ ਨਹੀਂ। ਉਨ੍ਹਾਂ ਨੇ ਜਦੋਂ ਪਹਿਲੀ ਵਾਰ ਪੋਸਟਰੀ ਖਾਧੀ, ਉਸ ਵੇਲੇ ਦਾਦੀ ਦਾ ਵਿਆਹ ਹੋ ਰਿਹਾ ਸੀ।

ਮੇਰੀ ਦਾਦੀ ਡਾਕਟਰ ਹੈ। ਜਦੋਂ ਮੈਂ ਬੀਮਾਰ ਹੋਵਾਂ ਤਾਂ ਉਹ ਰਸੋਈ ਵਿਚ ਦਵਾਈ ਬਣਾਉਂਦੀ ਹੈ, ਜਿਹੜੀ ਬੜੀ ਸਵਾਦੀ ਹੁੰਦੀ ਹੈ। ਜਦੋਂ ਮੰਮੀ ਦਫਤਰ ਤੋਂ ਆਉਂਦੀ ਹੈ ਤਾਂ ਮੈਂ ਮੰਮੀ ਨੂੰ ਦਾਦੀ ਦੀਆਂ ਗੱਲਾਂ ਸੁਣਾਉਂਦਾ ਹਾਂ ਅਤੇ ਮੰਮੀ ਦਾਦੀ ਨੂੰ ਬੁੱਢੀ ਕਹਿੰਦੀ ਹੈ। ਇਹ ਗੱਲ ਮੈਨੂੰ ਚੰਗੀ ਨਹੀਂ ਲਗਦੀ।

ਮੇਰੀ ਭੈਣ, ਬੰਟੀ ਨੇ ਕਲ ਮੰਮੀ ਨੂੰ ਪੁੱਛਿਆ ਸੀ ਕਿ ਦਾਦੀ ਇਕ ਛੋਟੀ ਕਿਤਾਬ ਪੜ੍ਹਦੀ ਰਹਿੰਦੀ ਹੈ, ਉਸ ਨੇ ਕਿਹੜਾ ਇਮਤਿਹਾਨ ਦੇਣਾ ਹੈ? ਮੰਮੀ ਕਹਿੰਦੀ ਹੈ, ਬੁੱਢੀ ਨੇ ਉਪਰ ਜਾਣ ਦਾ ਇਮਤਿਹਾਨ ਦੇਣਾ ਹੈ।

ਮੇਰੀ ਦਾਦੀ ਨੂੰ ਬੜੀਆਂ ਕਹਾਣੀਆਂ ਆਉਂਦੀਆਂ ਹਨ, ਉਹ ਰੋਜ਼ ਕਹਾਣੀਆਂ ਸੁਣਾਉਂਦੀ ਹੈ। ਮੰਮੀ-ਪਾਪਾ ਕੋਈ ਕਹਾਣੀ ਨਹੀਂ ਸੁਣਾਉਂਦੇ। ਮੇਰੇ ਦਾਦਾ ਮੂੰਹ ਵਿਚੋਂ ਦੰਦ ਬਾਹਰ ਕੱਢ ਲੈਂਦੇ ਹਨ। ਦਾਦਾ-ਦਾਦੀ ਸਵੇਰ ਵੇਲੇ ਹੋਰ ਲਗਦੇ ਹਨ, ਰਾਤ ਵੇਲੇ ਹੋਰ। ਦਾਦਾ ਜ਼ਿਪ ਨਹੀਂ ਵਰਤਦੇ ਬਟਨ ਵਰਤਦੇ ਹਨ।

ਦਾਦਾ-ਦਾਦੀ ਸ਼ਰਾਰਤਾਂ ਨਹੀਂ ਕਰਦੇ, ਜਿਵੇਂ ਮੈਂ ਕਹਿੰਦਾ ਹਾਂ, ਉਵੇਂ ਕਰਦੇ ਹਨ। ਬਾਜ਼ਾਰ ਵਿਚ ਮੈਂ ਉਨ੍ਹਾਂ ਦੀ ਉਂਗਲ ਫੜ ਲੈਂਦਾ ਹਾਂ ਤਾਂ ਕਿ ਉਹ ਗਵਾਚ ਨਾ ਜਾਣ। ਉਹ ਸਾਡੇ ਨਾਲ ਕੁਲਫੀਆਂ ਤੇ ਚਾਟ ਖਾਂਦੇ ਹਨ। ਮੰਮੀ-ਪਾਪਾ ਉਨ੍ਹਾਂ ਨੂੰ ਸਾਨੂੰ ਚਾਟ ਖੁਆਉਣ ਤੋਂ ਰੋਕਦੇ ਹਨ ਅਤੇ ਗੁੱਸੇ ਹੁੰਦੇ ਹਨ ਪਰ ਦਾਦੀ ਹੱਸਣ ਲੱਗ ਜਾਂਦੀ ਹੈ। ਜਦੋਂ ਮੇਰੀ ਦਾਦੀ ਦੰਦ ਬਾਹਰ ਰੱਖ ਕੇ ਹੱਸਦੀ ਹੈ ਅਤੇ ਖਾਲੀ ਮੂੰਹ ਨਾਲ ਬੋਲਦੀ ਹੈ ਤਾਂ ਮੈਨੂੰ ਬੜੀ ਪਿਆਰੀ ਲਗਦੀ ਹੈ। ਮੇਰੇ ਦਾਦਾ ਬੜੇ ਸ਼ਰਾਰਤੀ ਹਨ, ਜਦੋਂ ਉਹ ਮੈਨੂੰ ਪਿਆਰ ਦੇਣ ਲਈ ਨੀਵੇਂ ਹੁੰਦੇ ਹਨ ਤਾਂ ਉਹ ਤੋਪ ਚਲਾਉਂਦੇ ਹਨ ਪਰ ਕਹਿੰਦੇ ਹਨ ਡੈਂਗੀ ਨੇ ਢੋਲ ਵਜਾਇਆ ਹੈ।

ਮੈਂ ਅਤੇ ਮੇਰੀ ਭੈਣ, ਅਸੀਂ ਦਾਦੀ ਕੋਲ ਸੌਂਦੇ ਹਾਂ ਪਰ ਦਾਦਾ-ਦਾਦੀ ਜਲਦੀ ਉੱਠ ਜਾਂਦੇ ਹਨ। ਮੇਰਾ ਦਿਲ ਕਰਦਾ ਹੈ, ਉਹ ਸਾਡੇ ਕੋਲ ਰਿਹਾ ਕਰਨ ਪਰ ਮੰਮੀ ਹਰ ਰੋਜ਼, ਪਾਪਾ ਨੂੰ ਕਹਿੰਦੀ ਹੈ, ਤੁਸੀਂ ਇਨ੍ਹਾਂ ਨੂੰ ਸਟੇਸ਼ਨ 'ਤੇ ਛੱਡ ਆਓ।

ਪਾਪਾ ਉਨ੍ਹਾਂ ਨੂੰ ਸਟੇਸ਼ਨ 'ਤੇ ਛੱਡ ਆਉਂਦੇ ਹਨ। ਜਾਣ ਵੇਲੇ ਦਾਦੀ ਰੋਣ ਲੱਗ ਪੈਂਦੀ ਹੈ ਅਤੇ ਮੈਂ ਰੋਂਦੀ ਹੋਈ ਦਾਦੀ ਨੂੰ ਚੁੱਪ ਕਰਾਉਂਦਾ ਹਾਂ।

559

ਇਬਰਾਹੀਮ ਲਿੰਕਨ ਕੋਲ ਕਿਸੇ ਨੇ ਈਰਖਾ ਵਸ, ਇਕ ਬਹਾਦਰ ਜਰਨੈਲ ਬਾਰੇ ਸ਼ਿਕਾਇਤ ਕੀਤੀ ਕਿ ਉਹ ਸ਼ਰਾਬ ਬੜੀ ਪੀਂਦਾ ਹੈ।

ਲਿੰਕਨ ਨੇ ਪੁੱਛਿਆ, ਪਤਾ ਕਰਕੇ ਦੱਸੋ, ਉਹ ਜਰਨੈਲ ਕਿਹੜੀ ਸ਼ਰਾਬ ਪੀਂਦਾ ਹੈ?

ਜਦੋਂ ਸ਼ਰਾਬ ਦਾ ਨਾਂ ਦੱਸਿਆ ਗਿਆ ਤਾਂ ਲਿੰਕਨ ਨੇ ਲਿਖਤੀ ਹੁਕਮ ਦਿੱਤਾ ਕਿ ਸਾਰੇ ਜਰਨੈਲ ਇਹ ਸ਼ਰਾਬ ਪੀਆ ਕਰਨ।

www.quotesinpunjabi.ml

QuotesInPunjabi

560

ਅਮਰੀਕਾ ਦੀ ਹਰ ਵੱਡੀ ਸੰਸਥਾ ਆਪਣੀ ਹੋਂਦ ਦਾ ਸਿਹਰਾ ਬੈਂਜਾਮਿਨ ਫਰੈਂਕਲਿਨ ਦੇ ਸਿਰ ਬੰਨ੍ਹਦੀ ਹੈ, ਕਿਉਂਕਿ ਅਮਰੀਕਾ ਦੇ ਹਰ ਖੇਤਰ ਉਤੇ ਉਸ ਦੀ ਛਾਪ ਪ੍ਰਤੱਖ ਹੈ।

ਉਹ ਛਾਪਾਖਾਨਾ ਚਲਾਉਣ ਵਾਲਾ ਸੀ, ਸੰਪਾਦਕ ਸੀ, ਪੁਸਤਕਾਂ ਛਾਪਦਾ ਸੀ, ਵਪਾਰੀ ਸੀ, ਸ਼ਾਹੂਕਾਰਾ ਕਰਦਾ ਸੀ, ਅਰਥ ਸ਼ਾਸਤਰੀ ਸੀ, ਅਧਿਆਪਕ ਸੀ, ਫ਼ਿਲਾਸਫ਼ਰ ਸੀ, ਨੈਤਿਕ ਅਸੂਲਾਂ ਦਾ ਪ੍ਰਚਾਰਕ ਸੀ, ਸਾਦੇ ਜੀਵਨ ਵਾਲਾ ਵਕੀਲ ਸੀ, ਵਿਗਿਆਨੀ ਸੀ, ਸਿੱਖਿਆ ਸ਼ਾਸਤਰੀ ਸੀ, ਪਰਉਪਕਾਰੀ ਅਤੇ ਦਾਨੀ ਸੀ, ਰਾਜਨੀਤੀਵਾਨ ਸੀ, ਉਹ ਰਾਜਦੂਤ ਅਤੇ ਦੇਸ਼ ਭਗਤ ਸੀ। ਉਹ ਇਕ ਵਿਅਕਤੀ ਨਹੀਂ ਸੀ, ਉਹ ਇਕ ਪੂਰੀ ਵਿਵਸਥਾ ਸੀ, ਉਸ ਨੇ ਅਮਰੀਕਾ ਦੇ ਹਰੇਕ ਸਮਕਾਲੀ ਵਿਅਕਤੀ ਨੂੰ ਪ੍ਰਭਾਵਿਤ ਕੀਤਾ।

ਅਮਰੀਕਾ ਦਾ ਹਰ ਲੱਛਣ ਉਸ ਵਿਚ ਸੀ। ਉਹ ਨਮੂਨੇ ਦਾ ਅਮਰੀਕਨ ਸੀ।

ਉਹ ਗਰੀਬ ਪਰਿਵਾਰ ਵਿਚ ਜਨਮਿਆ ਸੀ, ਉਸ ਨੇ ਛਾਪੇ ਖਾਨੇ ਵਿਚ ਕਈ ਸਾਲ ਕੰਮ ਕੀਤਾ ਸੀ। ਉਹ ਅਮਰੀਕਾ ਦੀ ਸਮੁੰਦਰੀ ਫੌਜ ਦਾ ਬਾਨੀ ਸੀ। ਉਸ ਨੇ ਅਮਰੀਕਾ ਵਿਚ ਡਾਕ-ਪ੍ਰਣਾਲੀ ਲਾਗੂ ਕੀਤੀ ਅਤੇ ਉਹ ਪਹਿਲਾ ਪੋਸਟ ਮਾਸਟਰ ਜਨਰਲ ਬਣਿਆ। ਸਟੋਵ ਦੀ ਕਾਢ ਉਸ ਨੇ ਕੱਢੀ, ਬਾਈਫੋਕਲ ਐਨਕ ਦਾ ਨਿਰਮਾਣ ਉਸ ਨੇ ਕੀਤਾ। ਉਸ ਨੇ ਦੱਸਿਆ ਕਿ ਗਰਮੀਆਂ ਵਿਚ ਸੂਤ ਦੇ ਚਿੱਟੇ ਕੱਪੜੇ ਸੁੱਖ ਦਿੰਦੇ ਹਨ।

ਸਟਰੀਟ ਲਾਈਟ ਦਾ ਵਿਚਾਰ ਉਸ ਦਾ ਸੀ। ਸੜਕਾਂ 'ਤੇ ਦਰੱਖਤ ਲਾਉਣ ਦਾ ਸੁਝਾਓ ਉਸ ਨੇ ਦਿੱਤਾ। ਅਮਰੀਕਾ ਵਿਚ ਫਾਇਰਬ੍ਰੀਗੇਡ ਦੀ ਸਥਾਪਤੀ ਉਸ ਨੇ ਕੀਤੀ।

ਉਸ ਨੇ ਕਈ ਅਮਰੀਕਨ ਯੂਨੀਵਰਸਿਟੀਆਂ ਸਥਾਪਤ ਕੀਤੀਆਂ। ਪੈਨੇਸਲਵੇਨੀਆ ਯੂਨੀਵਰਸਿਟੀ ਦਾ ਉਹ ਪਹਿਲਾ ਮੁਖੀ ਸੀ। ਉਸ ਨੇ ਲਾਇਬ੍ਰੇਰੀਆਂ ਖੋਲ੍ਹੀਆਂ।

ਉਸ ਦੇ ਭਾਂਤ ਭਾਂਤ ਦੇ ਕਾਰਜਾਂ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਉਹ, ਇਹ ਸਭ ਕੁਝ ਇਕ ਜੀਵਨ ਵਿਚ ਕਿਵੇਂ ਕਰ ਗਿਆ ?

ਉਹ ਕਿਹਾ ਕਰਦਾ ਸੀ: ਮੈਂ ਇਕੱਲਾ ਹਾਂ, ਮੈਂ ਸਭ ਕੁਝ ਨਹੀਂ ਕਰ ਸਕਦਾ ਪਰ ਮੈਂ ਕੁਝ ਨਾ ਕੁਝ ਜ਼ਰੂਰ ਕਰ ਸਕਦਾ ਹਾਂ ਅਤੇ ਜੋ ਮੈਂ ਕਰ ਸਕਦਾ ਹਾਂ, ਉਹ ਮੈਨੂੰ ਕਰਨਾ ਚਾਹੀਦਾ ਹੈ ਅਤੇ ਉਹ ਮੈਂ ਜ਼ਰੂਰ ਕਰਾਂਗਾ ਅਤੇ ਉਸਨੇ ਕੀਤਾ।

561

ਹਾਥੋਰਨ ਅਮਰੀਕਾ ਦਾ ਇਕ ਮੋਹਰੀ ਨਾਵਲਕਾਰ ਹੋਇਆ ਹੈ, ਜਿਹੜਾ ਆਪਣੀ ਪਤਨੀ ਦੇ ਉਤਸ਼ਾਹ ਦਾ ਪ੍ਰੇਰਿਆ ਸਫਲ ਅਤੇ ਪ੍ਰਸਿੱਧ ਹੋਇਆ। ਪਤਨੀ ਉਸ ਦੀ ਲਿਖਣ-ਯੋਗਤਾ ਨੂੰ ਜਾਣਦੀ ਸੀ ਅਤੇ ਲਿਖਣ ਲਈ ਪ੍ਰੇਰਦੀ ਰਹਿੰਦੀ ਸੀ।

ਜਦੋਂ ਕਸਟਮ ਹਾਊਸ ਵਿਚ ਹਾਥੋਰਨ ਨੂੰ ਨੌਕਰੀ ਤੋਂ ਜਵਾਬ ਮਿਲ ਗਿਆ ਤਾਂ ਘਰ ਆ ਕੇ, ਉਸ ਨੇ ਰੋ ਕੇ ਕਿਹਾ: ਮੈਂ ਬਰਬਾਦ ਹੋ ਗਿਆ ਹਾਂ, ਮੇਰੀ ਨੌਕਰੀ ਚਲੀ ਗਈ ਹੈ।

ਪਤਨੀ ਨੇ ਉਤਸ਼ਾਹ ਦਿੰਦਿਆਂ ਕਿਹਾ: ਹੁਣ ਫਿਰ ਤੁਸੀਂ ਜਿਹੜੀ ਪੁਸਤਕ ਲਿਖਣ ਦੀਆਂ ਵਿਉਂਤਾਂ ਦੱਸਦੇ ਰਹਿੰਦੇ ਹੋ, ਉਹ ਲਿਖੋ।

www.quotesinpunjabi.ml

QuotesInPunjabi

ਪਤੀ ਨੇ ਕਿਹਾ: ਪਰ ਅਸੀਂ ਖਾਵਾਂਗੇ ਕੀ ? ਸਾਡਾ ਗੁਜ਼ਾਰਾ ਕਿਵੇਂ ਚਲੇਗਾ ? ਪਤਨੀ ਨੇ ਮੇਜ਼ ਦੇ ਦਰਾਜ਼ ਵਿਚੋਂ ਨੋਟਾਂ ਦਾ ਭਰਿਆ ਲਫ਼ਾਫ਼ਾ ਕੱਢਿਆ, ਵਿਖਾਇਆ ਅਤੇ ਕਿਹਾ: ਮੈਂ ਹਮੇਸ਼ਾ ਵਿਸ਼ਵਾਸ ਕਰਦੀ ਸਾਂ ਕਿ ਤੁਹਾਡੇ ਵਿਚ ਨਿਰਾਲੀ ਮੌਲਿਕਤਾ ਅਤੇ ਯੋਗਤਾ ਹੈ। ਮੈਂ ਸੋਚਿਆ ਹੋਇਆ ਸੀ ਕਿ ਜਦੋਂ ਤੁਸੀਂ ਪੁਸਤਕ ਲਿਖੋਗੇ, ਉਸ ਵੇਲੇ ਇਹ ਪੈਸੇ ਕੰਮ ਆਉਣਗੇ।

ਮੈਂ ਹਰ ਹਫ਼ਤੇ ਚੋਖੇ ਪੈਸੇ ਬਚਾਉਂਦੀ ਰਹੀ ਹਾਂ। ਇਹ ਪੈਸੇ ਇਕ ਸਾਲ ਦੇ ਗੁਜ਼ਾਰੇ ਲਈ ਕਾਫੀ ਹਨ। ਤੁਸੀਂ ਆਪਣਾ ਸ਼ਾਹਕਾਰ ਲਿਖੋ, ਲੋੜ ਪਈ ਤਾਂ ਮੈਂ ਕੰਮ ਕਰਾਂਗੀ।

ਇਵੇਂ ਪਤਨੀ ਦੇ ਪ੍ਰੇਰੇ ਹਾਥੋਰਨ ਨੇ ਅਮਰੀਕੀ ਸਾਹਿਤ ਦਾ 'ਦ ਸਕਾਰਲੈਟ ਲੈਟਰ' ਨਾਂ ਦਾ ਸ਼ਾਹਕਾਰ ਨਾਵਲ ਲਿਖਿਆ ਅਤੇ ਵਿਸ਼ਵ-ਪ੍ਰਸਿੱਧ ਲੇਖਕ ਅਖਵਾਇਆ।

562

ਕਾਰਲ ਮਾਰਕਸ ਦਾ ਸਾਥੀ ਏਂਗਲਜ਼, ਇੰਗਲੈਂਡ ਵਿਚ ਮਾਨਚੈਸਟਰ ਸਥਿਤ, ਇਕ ਕੱਪੜਾ ਮਿਲ ਦਾ ਮਾਲਕ ਸੀ, ਜਿਸ ਦੀ ਆਮਦਨ ਵਿਚੋਂ, ਉਹ ਮਾਰਕਸ ਦੇ ਪਰਿਵਾਰ ਦੀ ਮਦਦ ਕਰਦਾ ਸੀ। ਉਂਜ ਮਾਰਕਸ ਇਕ ਵਫ਼ਾਦਾਰ ਪਤੀ ਸੀ ਪਰ ਉਸ ਦੇ ਘਰੇਲੂ ਨੌਕਰਾਣੀ, ਹੈਲਨ ਡੀਮੁਥ ਨਾਲ ਸਰੀਰਕ ਸਬੰਧ ਸਥਾਪਤ ਹੋ ਗਏ ਸਨ ਅਤੇ ਇਨ੍ਹਾਂ ਸਬੰਧਾਂ ਵਿਚੋਂ ਇਕ ਲੜਕੇ ਦਾ ਜਨਮ ਹੋਇਆ ਸੀ।

ਜੇ ਮਾਰਕਸ ਨੂੰ ਇਸ ਲੜਕੇ ਦਾ ਪਿਤਾ ਦੱਸਿਆ ਜਾਂਦਾ ਤਾਂ ਮਾਰਕਸ ਦੀ ਬੜੀ ਬੇਇੱਜ਼ਤੀ ਹੋਣੀ ਸੀ। ਇਸ ਸਮੇਂ ਏਂਗਲਜ਼ ਨੇ ਇਸ ਬੱਚੇ ਦਾ ਪਿਤਾ ਹੋਣ ਦੀ ਜ਼ਿੰਮੇਵਾਰੀ ਆਪਣੇ 'ਤੇ ਲੈ ਕੇ, ਮਾਰਕਸ ਦੀ ਇੱਜ਼ਤ-ਆਬਰੂ ਬਚਾਈ ਸੀ।

ਏਂਗਲਜ਼ ਆਪ ਵੀ ਵਿਦਵਾਨ ਸੀ ਪਰ ਉਸ ਨੇ ਮਾਰਕਸ ਨੂੰ ਅੱਗੇ ਕੀਤਾ।

ਮਾਰਕਸ ਚੰਗੇਰਾ ਚਿੰਤਕ ਸੀ, ਏਂਗਲਜ਼ ਪ੍ਰਭਾਵਸ਼ਾਲੀ ਵਿਆਖਿਆਕਾਰ ਸੀ।

ਏਂਗਲਜ਼ ਆਪ ਲੰਮਾ ਸੀ ਪਰ ਉਸ ਨੇ ਮਾਰਕਸ ਨੂੰ ਉੱਚਾ ਸਿੱਧ ਕੀਤਾ।

563

ਕਈਆਂ ਦੀ ਲਿਖਾਈ ਗੋਲ ਹੁੰਦੀ ਹੈ, ਕਈਆਂ ਦੀ ਤਿੱਖੀ। ਕਈਆਂ ਦੀ ਲੇਟਵੀਂ, ਕਈਆਂ ਦੀ ਖੜ੍ਹੀ। ਕਈਆਂ ਦੀ ਬੈਠੀ ਹੋਈ, ਕਈਆਂ ਦੀ ਡਿੱਗੀ ਹੋਈ। ਕਈਆਂ ਦੀ ਲਿਖਾਈ ਭਰੀ-ਭਰੀ ਹੁੰਦੀ ਹੈ, ਕਈਆਂ ਦੀ ਖਾਲੀ ਅਤੇ ਡੁੱਲ੍ਹੀ ਹੋਈ। ਕਈ ਮੱਖੀਆਂ ਮਾਰਦੇ ਹਨ, ਕਈ ਮੱਛਰ ਛਾਪਦੇ ਹਨ। ਕਈ ਚਿੱਤਰਕਾਰੀ ਕਰਦੇ ਹਨ, ਕਈ ਲਿਖਦੇ-ਮੇਟਦੇ ਰਹਿੰਦੇ ਹਨ। ਕਈਆਂ ਦੀ ਲਿਖਾਈ ਦੀ ਨਿਵੇਕਲੀ ਸੂਰਤ ਹੁੰਦੀ ਹੈ, ਕਈ ਆਪਣਾ ਲਿਖਿਆ ਆਪ ਵੀ ਨਹੀਂ ਪੜ੍ਹ ਸਕਦੇ। ਕਈ ਹੱਥਾਂ ਨਾਲ ਲਿਖਦੇ ਪ੍ਰਤੀਤ ਹੁੰਦੇ ਹਨ, ਕਈ ਪੈਰਾਂ ਨਾਲ। ਕਈ ਲਿਖਦੇ ਸੱਜੇ ਹੱਥ ਨਾਲ ਹਨ ਪਰ ਲਗਦਾ ਹੈ, ਜਿਵੇਂ ਖੱਬੇ ਹੱਥ ਨਾਲ ਲਿਖਿਆ ਹੋਇਆ ਹੈ। ਕਈਆਂ ਦੇ ਅੱਖਰ ਜਲੇਬੀਆਂ ਵਰਗੇ ਹੁੰਦੇ ਹਨ, ਇਕ-ਸਾਰ ਗੋਲ; ਕਈਆਂ ਦੇ ਪਕੌੜਿਆਂ ਵਰਗੇ ਹੁੰਦੇ ਹਨ, ਟੇਢੇ-ਮੇਢੇ। ਕਈਆਂ ਦੇ ਸ਼ਬਦ ਬੜੇ ਸਾਊ ਲਗਦੇ ਹਨ, ਕਈਆਂ ਦੇ

www.quotesinpunjabi.ml

QuotesInPunjabi
ਵਿਗੜੇ ਹੋਏ। ਕਈਆਂ ਦੀ ਲਿਖਾਈ ਇਕ-ਸਾਰ ਅੰਤ ਤੱਕ ਸੋਹਣੀ ਰਹਿੰਦੀ ਹੈ, ਕਈ ਸ਼ੁਰੂ ਵਿਚ ਸੋਹਣਾ ਲਿਖਦੇ ਹਨ, ਫਿਰ ਲਿਖਦਿਆਂ-ਲਿਖਦਿਆਂ ਅਵਾਰਾ ਹੋ ਜਾਂਦੇ ਹਨ।

ਜਿਨ੍ਹਾਂ ਅਧਿਆਪਕਾਂ ਦੀ ਲਿਖਾਈ ਚੰਗੀ ਹੁੰਦੀ ਹੈ, ਉਹ ਬਲੈਕ ਬਰਡ ਵਧੇਰੇ ਵਰਤਦੇ ਹਨ। ਜਿਨ੍ਹਾਂ ਵਿਦਿਆਰਥੀਆਂ ਦੀ ਲਿਖਾਈ ਭੈੜੀ ਹੁੰਦੀ ਹੈ, ਉਹ ਪੈਂਸਿਲ-ਪੱਤਰ ਵੀ ਨਹੀਂ ਲਿਖਦੇ। ਤੁਹਾਡੀ ਲਿਖਾਈ ਕਿਹੋ ਜਿਹੀ ਹੈ ?

564

ਇਕ ਕਲਾਸ ਦੇ ਸਾਰੇ ਸੋਲ੍ਹਾਂ ਵਿਦਿਆਰਥੀਆਂ-ਵਿਦਿਆਰਥਣਾਂ ਨੇ ਪ੍ਰਣ ਕੀਤਾ ਕਿ ਕਦੇ ਵਿਆਹ ਨਹੀਂ ਕਰਵਾਉਣਾ, ਸੁਤੰਤਰ, ਇਕੱਲਿਆਂ ਜਿਉਣਾ ਹੈ ਅਤੇ ਵਾਅਦਾ ਕੀਤਾ ਕਿ ਵੀਹ ਸਾਲ ਮਗਰੋਂ, ਨਵੀਂ ਸਦੀ ਦੀ ਪਹਿਲੀ ਜਨਵਰੀ ਨੂੰ ਇਕ ਵਿਸ਼ੇਸ਼ ਹੋਟਲ ਵਿਚ ਸ਼ਾਮ ਨੂੰ, ਅੱਠ ਵਜੇ ਆਪਣੀ ਸਫਲਤਾ ਮਨਾਉਣ ਲਈ ਇਕੱਠੇ ਹੋਣਾ ਹੈ।

ਵੀਹ ਸਾਲ ਮਗਰੋਂ ਦੱਸੇ ਸਥਾਨ 'ਤੇ ਕੇਵਲ ਚਾਰ ਪਹੁੰਚੇ ਸਨ, ਤਿੰਨ ਮਰ ਗਏ ਸਨ, ਵਿਆਹ ਕਰਨ ਕਰਕੇ ਛੇ ਗੱਦਾਰ ਨਿਕਲੇ ਸਨ, ਤਿੰਨਾਂ ਦਾ ਕੋਈ ਪਤਾ ਨਹੀਂ ਸੀ।

ਸਿੱਟਾ: ਬਹੁਤ ਲੰਮੇ ਇਕਰਾਰਨਾਮੇ ਨਹੀਂ ਕਰਨੇ ਚਾਹੀਦੇ। ਵਿਆਹ ਕਰਾਉਣ ਵਰਗੇ ਸੁਭਾਵਕ ਮਨੁੱਖੀ ਵਿਹਾਰ ਉਤੇ, ਰੋਕਾਂ ਲਾਉਣ ਵਿਚ ਸਫਲਤਾ ਨਹੀਂ ਮਿਲਦੀ।

565

ਅਲਜੀਰੀਆ, ਉਵੇਂ ਹੀ ਫਰਾਂਸ ਦਾ ਗੁਲਾਮ ਸੀ ਜਿਵੇਂ ਭਾਰਤ ਅੰਗਰੇਜ਼ਾਂ ਦਾ ਗੁਲਾਮ ਸੀ। ਅਲਜੀਰੀਅਨ ਲੋਕਾਂ ਨੂੰ ਵੀ ਸੁਤੰਤਰਤਾ ਲਈ ਲੰਮਾ ਸੰਗਰਾਮ ਕਰਨਾ ਪਿਆ ਸੀ ਅਤੇ ਭਾਂਤ-ਭਾਂਤ ਦੇ ਜ਼ੁਲਮ ਸਹਿਣੇ ਪਏ ਸਨ।

ਫਰਾਂਸ ਦਾ ਰਾਸ਼ਟਰਪਤੀ, ਡੀਗਾਲ ਅਲਜੀਰੀਅਨ ਲੋਕਾਂ ਦੀ ਮੰਗ ਦਾ ਸਤਿਕਾਰ ਕਰਦਿਆਂ, ਅਲਜੀਰੀਆ ਨੂੰ ਸੁਤੰਤਰ ਕਰਨਾ ਚਾਹੁੰਦਾ ਸੀ ਪਰ ਅਲਜੀਰੀਆ ਵਿਚ ਤਾਇਨਾਤ, ਫਰਾਂਸ ਦੇ ਫੌਜੀ ਅਫਸਰਾਂ ਨੇ ਬਗਾਵਤ ਕਰਕੇ, ਅਲਜੀਰੀਆ ਉਤੇ ਆਪਣਾ ਹੀ ਅਧਿਕਾਰ ਸਥਾਪਤ ਕਰ ਲਿਆ ਸੀ। ਫਰਾਂਸ ਦਾ ਰਾਸ਼ਟਰਪਤੀ, ਜਨਰਲ ਡੀਗਾਲ ਟੈਲੀਵੀਜ਼ਨ ਉੱਤੇ ਬਗਾਵਤ ਵਿਰੁੱਧ, ਭਾਸ਼ਣ ਦੇਣ ਲਈ ਆਇਆ।

ਭਾਸ਼ਣ ਦੇਣ ਵੇਲੇ ਡੀਗਾਲ ਨੇ ਦੂਜੇ ਵਿਸ਼ਵਯੁੱਧ ਦੌਰਾਨ ਪਹਿਨੀ ਆਪਣੀ ਫੌਜੀ ਵਰਦੀ ਪਾਈ ਹੋਈ ਸੀ, ਸੋ ਬਾਗੀਆਂ ਨੇ ਆਪਣੀ ਕਿਸਮਤ ਦਾ ਫੈਸਲਾ ਸੁਣ ਲਿਆ ਸੀ।

ਉਸ ਦੇ ਬੋਲਣ ਤੋਂ ਪਹਿਲਾਂ ਹੀ, ਉਸਦੀ ਵਰਦੀ ਨੂੰ ਵੇਖ ਕੇ, ਅਲਜੀਰੀਆ ਉਤੇ ਕਾਬਜ਼ ਬਾਗੀ ਫੌਜੀ ਅਧਿਕਾਰੀ, ਉਸ ਦਾ ਭਾਸ਼ਣ ਸਮਝ ਗਏ ਸਨ ਅਤੇ ਉਨ੍ਹਾਂ ਨੇ ਆਪਣੇ ਹਥਿਆਰ ਸੁੱਟ ਦਿੱਤੇ ਸਨ। ਅਲਜੀਰੀਆ ਆਜ਼ਾਦ ਹੋ ਗਿਆ ਸੀ।

www.quotesinpunjabi.ml

QuotesInPunjabi

566

ਰਿਆਸਤਾਂ ਵੇਲੇ ਸੜਕ 'ਤੇ ਟੁਰਦਿਆਂ ਟੋਪੀ ਪਾ ਕੇ, ਗਲੇ ਵਿਚ ਲਾਲ ਰੁਮਾਲ ਬੰਨ੍ਹ ਕੇ, ਮੂੰਹ ਵਿਚ ਪਾਨ ਰਖ ਕੇ, ਸ਼ਰਾਬੀਆਂ ਵਾਂਗ ਟੁਰਨ ਵਾਲੇ ਅਵਾਰਾਗਰਦਾਂ ਨੂੰ ਪੁਲੀਸ, ਬਦਮਾਸ਼ੀ ਦੇ ਦੋਸ਼ ਅਧੀਨ ਫੜ੍ਹ ਕੇ ਥਾਣੇ ਲੈ ਜਾਂਦੀ ਸੀ।

ਕਈ ਬਦਮਾਸ਼ ਆਪਣਾ ਰੋਅਬ, ਡਰ ਅਤੇ ਪ੍ਰਭਾਵ ਵਧਾਉਣ ਵਾਸਤੇ ਜਾਣ-ਬੁਝ ਕੇ, ਅਜਿਹੀ ਅਵਾਰਾਗਰਦੀ ਕਰਦੇ ਸਨ। ਬਦਮਾਸ਼ ਆਪਣੀ ਬਦਨਾਮੀ-ਨੂੰ ਪ੍ਰਸਿੱਧੀ ਸਮਝਦੇ ਸਨ, ਕਿਉਂਕਿ ਆਮ ਸਾਧਾਰਨ ਲੋਕ ਉਨ੍ਹਾਂ ਦੀ ਬਦਮਾਸ਼ੀ ਤੋਂ ਡਰਦੇ ਸਨ।

ਲਖਨਊ ਵਿਚ, ਇਲੇ ਖਾਨ ਅਜਿਹੇ ਸ਼ੌਕ ਕਾਰਨ ਸਾਰੇ ਸ਼ਹਿਰ ਵਿਚ ਜਾਣਿਆ ਜਾਂਦਾ ਸੀ, ਜਿਹੜਾ ਵਿਰਸੇ ਵਿਚ ਮਿਲੀ ਜਾਇਦਾਦ ਕਾਰਨ ਇਹ ਸ਼ੌਕ ਪਾਲ ਰਿਹਾ ਸੀ।

ਉਹ ਕਈ ਵਾਰ ਫੜਿਆ ਗਿਆ ਅਤੇ ਹਰ ਵਾਰੀ ਜੁਰਮਾਨਾ ਅਦਾ ਕਰਦਾ ਰਿਹਾ।

ਇਕ ਵਾਰੀ ਉਹ ਟੋਪੀ, ਰੁਮਾਲ ਅਤੇ ਪਾਨ ਤੋਂ ਬਿਨਾਂ ਟੁਰਿਆ ਜਾ ਰਿਹਾ ਸੀ ਕਿ ਅੱਗੋਂ ਉਸ ਦਾ ਜਾਣੂ ਥਾਣੇਦਾਰ ਮਿਲਿਆ। ਥਾਣੇਦਾਰ ਨੇ ਪੁੱਛਿਆ: ਕੀ ਗੱਲ ਇਲੇ ਖਾਨ, ਨਾ ਅੱਜ ਤੇਰੇ ਸਿਰ 'ਤੇ ਟੋਪੀ ਹੈ, ਨਾ ਤੇਰੇ ਮੂੰਹ ਵਿਚ ਪਾਨ ਹੈ ? ਇਲੇਖਾਨ ਨੇ ਕਿਹਾ: ਜਨਾਬ, ਕਾਰਨ ਇਹ ਹੈ ਕਿ ਮੇਰੇ ਘਰ ਇਕ ਧੀ ਦਾ ਜਨਮ ਹੋਇਆ ਹੈ ਅਤੇ ਇਕ ਧੀ ਦਾ ਬਾਪ ਬਣਨ ਕਰਕੇ, ਹੁਣ ਟੋਪੀ ਪਾਉਣ ਅਤੇ ਪਾਨ ਖਾਣ ਵਾਲੀਆਂ ਗੱਲਾਂ ਮੈਨੂੰ ਸੋਭਦੀਆਂ ਨਹੀਂ।

567

ਇਕ ਚੋਰ-ਪਿਤਾ, ਆਪਣੇ ਪੁੱਤਰ ਨੂੰ ਚੋਰੀ ਕਰਨ ਵਿਚ ਨਿਪੁੰਨ ਬਣਾਉਣ ਵਾਸਤੇ, ਆਪਣੇ ਨਾਲ ਚੋਰੀ ਕਰਨ ਲਈ ਲੈ ਕੇ ਗਿਆ। ਉਹ ਜਦੋਂ ਇਕ ਘਰ ਵਿਚ ਦਾਖਲ ਹੋ ਰਹੇ ਸਨ, ਖੜਾਕ ਹੋਇਆ। ਉਹ ਦੋਵੇਂ ਪਾਣੀ ਦੇ ਚੁਬੱਚੇ ਵਿਚ ਬੈਠ ਰਹੇ।

ਫਿਰ ਖੜਾਕ ਹੋਇਆ, ਪਿਤਾ ਦੌੜ ਗਿਆ, ਪੁੱਤਰ ਪੇਟੀ ਪਿਛੇ ਲੁਕਿਆ ਰਿਹਾ। ਜਦੋਂ ਫਿਰ ਖੜਾਕ ਹੋਇਆ ਤਾਂ ਪੁੱਤਰ ਬਾਗੀ ਟੱਪ ਕੇ ਦੌੜਿਆ। ਪਿੱਛੇ ਨੌਕਰ ਦੌੜੇ। ਪੁੱਤਰ ਨੂੰ ਪਤਾ ਸੀ, ਅੱਗੇ ਖੂਹ ਸੀ। ਪੁੱਤਰ ਨੇ ਇਕ ਪੱਥਰ ਚੁੱਕ ਕੇ ਖੂਹ ਵਿਚ ਸੁੱਟਿਆ। ਨੌਕਰਾਂ ਨੇ ਕਿਹਾ: ਚੋਰ ਤਾਂ ਆਪੇ ਖੂਹ ਵਿਚ ਛਾਲ ਮਾਰ ਕੇ ਮਰ ਗਿਐ ਅਤੇ ਉਹ ਵਾਪਸ ਚਲੇ ਗਏ।

ਪੁੱਤਰ ਘਰ ਪਹੁੰਚਿਆ। ਪਿਤਾ ਸੁੱਤਾ ਹੋਇਆ ਸੀ। ਪੁੱਤਰ ਨੇ ਪਿਤਾ ਨੂੰ ਜਗਾ ਕੇ ਰੋਸ ਨਾਲ ਕਿਹਾ: ਪਿਤਾ ਜੀ ਮੈਂ ਬੜੀ ਮੁਸ਼ਕਲ ਨਾਲ ਨਿਕਲ ਕੇ ਆਇਆ ਹਾਂ।

ਪਿਤਾ ਨੇ ਕਿਹਾ: ਪੁੱਤਰ, ਘਰ ਵਿਚ ਤਾਂ ਕੋਈ ਵੀ ਚੋਰ ਵੜ ਸਕਦਾ ਹੈ, ਨਿਕਲਣਾ ਹੀ ਮੁਸ਼ਕਲ ਹੁੰਦਾ ਹੈ। ਅਸਫਲ ਚੋਰ ਵੜਨਾ ਹੀ ਜਾਣਦੇ ਹਨ, ਸਫਲ ਚੋਰ ਨਿਕਲਣ ਵਿਚ ਮਾਹਿਰ ਹੁੰਦੇ ਹਨ। ਮੈਂ ਤੇਰਾ ਇਮਤਿਹਾਨ ਲੈ ਰਿਹਾ ਸੀ। ਖੂਹ ਵਿਚ ਪੱਥਰ ਦਾ ਸੁੱਟਣਾ, ਤੇਰੀ ਸਿਆਣੀ ਜੁਗਤ ਸੀ। ਅੱਗੇ ਤੋਂ ਤੂੰ ਮੇਰੇ ਨਾਲ ਨਹੀਂ, ਮੈਂ ਤੇਰੇ ਨਾਲ ਜਾਇਆ ਕਰਾਂਗਾ।

www.quotesinpunjabi.ml

QuotesInPunjabi

568

ਇਕ ਪਿਤਾ ਆਪਣੇ ਬੱਚੇ ਨੂੰ ਰਾਤੋ-ਰਾਤ ਵਿਦਵਾਨ ਅਤੇ ਬਹਾਦਰ ਬਣਾਉਣਾ ਚਾਹੁੰਦਾ ਸੀ। ਉਸ ਦੀ ਇੱਛਾ ਸੀ ਕਿ ਉਹ ਡਾਕਟਰ ਬਣੇ, ਇੰਜੀਨੀਅਰ ਬਣੇ, ਵੱਡਾ ਵਪਾਰੀ ਬਣੇ, ਸਫਲ ਵਕੀਲ ਬਣੇ, ਸਭ ਕੁਝ ਬਣੇ।

ਇਕਲੌਤੀ ਸੰਤਾਨ ਵਾਲੇ ਮਾਪਿਆਂ ਦੀ ਇਹ ਸੁਭਾਵਕ ਇੱਛਾ ਹੁੰਦੀ ਹੈ।

ਫਰਾਂਸ ਵਿਚ, ਇਕ ਅਜਿਹਾ ਪਿਤਾ ਆਪਣੇ ਪੁੱਤਰ ਨੂੰ ਹਰ ਰੋਜ਼ ਸ਼ਾਮ ਨੂੰ, ਇਕ ਪਾਰਕ ਵਿਚ, ਘੋੜੇ 'ਤੇ ਸਵਾਰ ਨੈਪੋਲੀਅਨ ਦੇ ਬੁੱਤ ਸਾਹਮਣੇ ਬਹਿ ਕੇ, ਨੈਪੋਲੀਅਨ ਦੀ ਬਹਾਦਰੀ ਦੇ ਕਿੱਸੇ ਸੁਣਾਉਂਦਾ ਸੀ ਤਾਂ ਕਿ ਉਸ ਦਾ ਪੁੱਤਰ ਵੀ ਨੈਪੋਲੀਅਨ ਵਾਂਗ ਬਹਾਦਰ ਬਣ ਜਾਵੇ।

ਬੱਚਾ ਕਈ ਦਿਨ ਨੈਪੋਲੀਅਨ ਦੀਆਂ ਕਹਾਣੀਆਂ ਸੁਣਦਾ ਰਿਹਾ ਪਰ ਉਮਰ ਪੱਖੋਂ ਬਹੁਤ ਛੋਟਾ ਹੋਣ ਕਰਕੇ, ਉਸ ਨੂੰ ਨੈਪੋਲੀਅਨ ਤਾਂ ਸਮਝ ਨਹੀਂ ਸੀ ਪੈਂਦਾ ਪਰ ਘੋੜਾ ਚੰਗਾ ਲਗਦਾ ਸੀ। ਇਕ ਦਿਨ ਪਿਤਾ ਨੇ ਪੁੱਤਰ ਨੂੰ ਕਿਹਾ ਕਿ ਕੋਈ ਪ੍ਰਸ਼ਨ ਹੈ ਤਾਂ ਪੁੱਛ ਲਵੇ।

ਕਈ ਦਿਨਾਂ ਤੋਂ ਕਹਾਣੀਆਂ ਸੁਣ ਰਹੇ ਪੁੱਤਰ ਨੇ, ਪਿਤਾ ਤੋਂ ਪੁੱਛਿਆ: ਪਾਪਾ ਇਸ ਨੈਪੋਲੀਅਨ ਉਤੇ ਇਹ ਕੌਣ ਭਾਈ ਚੜ੍ਹਿਆ ਹੋਇਆ ਹੈ ?

569

ਆਪਣੇ ਮਨਪਸੰਦ ਲੇਖਕ ਜਾਂ ਕਵੀ ਨੂੰ ਨਹੀਂ ਮਿਲਣਾ ਚਾਹੀਦਾ, ਕਿਉਂਕਿ ਆਪਣੀ ਕਲਪਨਾ ਵਿਚ ਅਸੀਂ ਉਸ ਨੂੰ ਇਕ ਮਹਾਨ ਵਿਅਕਤੀ ਕਿਆਸਿਆ ਹੁੰਦਾ ਹੈ, ਜਦੋਂ ਕਿ ਉਹ ਹੋਰਾਂ ਵਾਂਗ ਹੀ ਇਕ ਸਾਧਾਰਨ ਵਿਅਕਤੀ ਅਤੇ ਅਕਸਰ ਸਾਧਾਰਨ ਵਿਅਕਤੀ ਨਾਲੋਂ ਵੀ ਘੱਟ ਵਸੀਲਿਆਂ ਵਾਲਾ, ਜਦੋਜਹਿਦ ਕਰ ਰਿਹਾ, ਵਿਅਕਤੀ ਹੁੰਦਾ ਹੈ।

ਕਵੀ, ਕਵਿਤਾ ਲਿਖਣ ਵੇਲੇ ਹੀ ਕਵੀ ਹੁੰਦਾ ਹੈ, ਸਬਜ਼ੀ ਖਰੀਦਦਿਆਂ ਜਾਂ ਹੋਰ ਕਾਰਜ ਕਰਦਿਆਂ, ਉਹ ਇਕ ਆਮ ਆਦਮੀ ਹੀ ਹੁੰਦਾ ਹੈ।

ਹਿੰਦੀ ਦੇ ਪ੍ਰਸਿੱਧ ਵਿਦਵਾਨ, ਨਾਮਧਾਰੀ ਸਿੰਘ ਦਿਨਕਰ, ਆਪਣੀ ਜਵਾਨੀ ਵਿਚ, ਇਕ ਵਾਰੀ ਆਪਣੇ ਮਨਪਸੰਦ ਲੇਖਕ, ਮੁਨਸ਼ੀ ਪ੍ਰੇਮ ਚੰਦ ਨੂੰ ਮਿਲਣ ਗਏ।

ਉਨ੍ਹਾਂ ਦਾ ਖਿਆਲ ਸੀ ਸਾਰੇ ਦੇਸ਼ ਵਿਚ ਪ੍ਰਸਿੱਧ ਮੁਨਸ਼ੀ ਪ੍ਰੇਮ ਚੰਦ, ਕਿਸੇ ਮਹਿਲ ਵਿਚ ਸ਼ਹਾਨਾ ਜੀਵਨ ਗੁਜ਼ਾਰਦੇ ਹੋਣਗੇ। ਪਹਿਲਾਂ ਤਾਂ ਨਾਮਧਾਰੀ ਸਿੰਘ ਦਿਨਕਰ ਨੂੰ ਪ੍ਰੇਮ ਚੰਦ ਦਾ ਘਰ ਹੀ ਨਾ ਲੱਭਿਆ, ਕਿਉਂਕਿ ਉਹ ਗਰੀਬ ਲੋਕਾਂ ਦੀ ਬਸਤੀ ਵਿਚ ਇਕ ਛੋਟੇ ਜਿਹੇ ਚੁਬਾਰੇ ਵਿਚ ਰਹਿੰਦੇ ਸਨ। ਜਦੋਂ ਚੁਬਾਰਾ ਲੱਭ ਲਿਆ ਤਾਂ ਵੇਖਿਆ ਪੌੜੀਆਂ ਤੇਗ ਸਨ, ਜਿਵੇਂ-ਕਿਵੇਂ ਉਪਰ ਗਏ, ਘਸਿਆ ਜਿਹਾ ਛੋਟਾ ਦਰਵਾਜ਼ਾ ਖੜਕਾਇਆ। ਅੰਦਰੋਂ ਮੈਲੇ ਕੱਪੜਿਆਂ ਵਾਲਾ ਇਕ ਸਾਧਾਰਨ ਆਦਮੀ ਦਰਵਾਜ਼ੇ ਵਲ ਆਇਆ, ਜਿਸ ਦੇ ਵਾਲਾਂ ਦਾ ਤੇਲ, ਉਸ ਦੇ ਕੁੜਤੇ ਦੇ ਗਲੇ ਦੀ ਪਿੱਛਲੀ ਪੱਟੀ 'ਤੇ ਲਗਿਆ ਹੋਇਆ ਸੀ।

ਨਾਮਧਾਰੀ ਸਿੰਘ ਦਿਨਕਰ ਨੇ ਕਿਹਾ: ਮੈਂ ਦੇਸ਼ ਦੇ ਮਹਾਨ ਲੇਖਕ, ਆਪਣੇ ਹਰਮਨ ਪਿਆਰੇ, ਮੁਨਸ਼ੀ ਪ੍ਰੇਮ ਚੰਦ ਦੇ ਦਰਸ਼ਨਾਂ ਲਈ ਆਇਆ ਹਾਂ।

www.quotesinpunjabi.ml

QuotesInPunjabi

ਜਵਾਬ ਮਿਲਿਆ: ਮੈਂ ਹੀ ਪ੍ਰੇਮ ਚੰਦ ਹਾਂ। ਨਾਮਧਾਰੀ ਸਿੰਘ ਦਿਨਕਰ ਦੇ ਮੂੰਹੋਂ ਅਚਾਨਕ ਨਿਕਲਿਆ: ਹੈਂ! ਤੁਹਾਨੂੰ ਮੁਨਸ਼ੀ ਪ੍ਰੇਮ ਚੰਦ ਮੰਨਣਾ ਪਏਗਾ?

ਮਾਯੂਸ ਹੋ ਕੇ ਅਤੇ ਮਾਯੂਸ ਨਾਲੋਂ ਵੱਧ ਉਦਾਸ ਹੋ ਕੇ, ਉਦਾਸ ਨਾਲੋਂ ਵੱਧ ਪਰੇਸ਼ਾਨ ਹੋ ਕੇ ਅਤੇ ਪਰੇਸ਼ਾਨ ਨਾਲੋਂ ਵੱਧ ਦੁਖੀ ਹੋ ਕੇ, ਜਵਾਨ ਨਾਮਧਾਰੀ ਸਿੰਘ ਦਿਨਕਰ ਪੌੜੀਆਂ ਉਤਰ ਗਿਆ। ਜਦੋਂ ਕਲਪਨਾ ਨਾਲ ਅਸਲੀਅਤ ਟਕਰਾਉਂਦੀ ਹੈ ਤਾਂ ਮਾਯੂਸੀ ਤਾਂ ਹੁੰਦੀ ਹੀ ਹੈ।

570

ਇਕਲੌਤੇ ਪੁੱਤਰ ਦੇ ਰੁੱਝੇ ਹੋਏ ਪਿਤਾ ਨੂੰ ਅਹਿਸਾਸ ਹੋਇਆ ਕਿ ਉਹ ਆਪਣੇ ਬੇਟੇ ਨਾਲ ਕੋਈ ਵਕਤ ਨਹੀਂ ਗੁਜ਼ਾਰਦਾ, ਸੋ ਬੇਟਾ ਜ਼ਰੂਰ ਇਸ ਘਾਟ ਨੂੰ ਮਹਿਸੂਸ ਕਰਦਾ ਹੋਵੇਗਾ।

ਜਦੋਂ ਕਈ ਦਿਨ ਹੋਰ ਲੰਘ ਗਏ ਤਾਂ ਪਿਤਾ ਨੂੰ ਪਛਤਾਵਾ ਹੋਇਆ ਕਿ ਉਸ ਨੂੰ ਬੇਟੇ ਨਾਲ ਕੁਝ ਵਕਤ ਜ਼ਰੂਰ ਗੁਜ਼ਾਰਨਾ ਚਾਹੀਦਾ ਸੀ।

ਇਕ ਵਾਰੀ ਜਦੋਂ ਸਕੂਲ ਵਿਚ ਛੁੱਟੀਆਂ ਸਨ ਅਤੇ ਬੱਚਾ ਘਰ ਹੀ ਹੁੰਦਾ ਸੀ ਤਾਂ ਪਿਤਾ ਨੇ ਬੈਂਕ ਵਿਚੋਂ ਛੁੱਟੀ ਲੈ ਕੇ ਪੂਰਾ ਦਿਨ ਆਪਣੇ ਬੇਟੇ ਨਾਲ ਗੁਜ਼ਾਰਿਆ। ਉਸ ਨਾਲ ਕ੍ਰਿਕਟ ਖੇਡਿਆ, ਕੈਰਮਬੋਰਡ ਖੇਡਿਆ, ਲੁਡੋ ਖੇਡੀ, ਵੀਡਿਓ ਗੇਮਜ਼ ਖੇਡੀਆਂ, ਆਈਸਕਰੀਮ ਖਾਧੀ, ਚਾਕਲੇਟ ਖਰੀਦੀ, ਚਿਪਸ ਲਏ, ਤਾਸ਼ ਖੇਡੀ।

ਸ਼ਾਮ ਨੂੰ ਪਿਤਾ ਨੂੰ ਤਸੱਲੀ ਹੋ ਗਈ ਕਿ ਉਹ ਪੁੱਤਰ ਵਲ ਲੋੜੀਂਦਾ ਧਿਆਨ ਦੇਣ ਵਿਚ ਸਫਲ ਹੋਇਆ ਸੀ। ਸ਼ਾਮ ਨੂੰ ਸਾਰਾ ਦਿਨ ਬੱਚੇ ਨਾਲ ਭਾਂਤ-ਭਾਂਤ ਦੇ ਕਾਰਜ ਕਰਨ ਕਰਕੇ ਪਿਤਾ ਥੱਕ ਗਿਆ ਸੀ, ਸੋ ਉਸ ਨੇ ਪੁੱਤਰ ਨੂੰ ਕਿਹਾ: ਬੇਟਾ, ਬਸ, ਮੈਂ ਹੁਣ ਥੱਕ ਗਿਆ ਹਾਂ, ਤੂੰ ਵੀ ਥੱਕ ਗਿਆ ਹੋਵੇਂਗਾ।

ਪੁੱਤਰ ਨੇ ਕਿਹਾ: ਫੇਰ ਪਾਪਾ, ਮੈਂ ਆਪਣੇ ਦੋਸਤਾਂ ਨਾਲ ਖੇਡ ਆਵਾਂ?

571

ਨੈਪੋਲੀਅਨ ਨੇ ਜਦੋਂ ਆਪਣਾ ਇਕ ਗਵਾਂਢੀ ਦੇਸ਼ ਜਿੱਤ ਲਿਆ ਤਾਂ ਬਗਾਵਤ ਦੀ ਸੰਭਾਵਨਾ ਨੂੰ ਕੁਚਲਣ ਲਈ, ਹੁਕਮ ਦਿੱਤਾ ਕਿ ਸਾਰੇ ਨਾਗਰਿਕ ਆਪਣੇ ਹਥਿਆਰ ਫੌਜ ਦੇ ਹਵਾਲੇ ਕਰ ਦੇਣ। ਇਕ ਦਸ ਸਾਲ ਦਾ ਲੜਕਾ, ਆਪਣੇ ਪਿਤਾ ਦੀ ਤਲਵਾਰ ਲੈ ਕੇ ਆਇਆ। ਉਸਦਾ ਪਿਤਾ ਕਿਸੇ ਪਹਿਲੀ ਲੜਾਈ ਵਿਚ ਮਾਰਿਆ ਗਿਆ ਸੀ।

ਲੜਕੇ ਦੇ ਨੈਣ-ਨਕਸ਼ਾਂ ਦੀ ਸੁੰਦਰਤਾ ਤੋਂ ਪ੍ਰਭਾਵਿਤ ਹੋ ਕੇ ਨੈਪੋਲੀਅਨ ਨੇ ਆਪਣੇ ਸਿਪਾਹੀਆਂ ਨੂੰ ਉਸ ਦੀ ਮਾਂ ਨੂੰ ਲੱਭਣ ਲਈ ਭੇਜਿਆ।

ਜਦੋਂ ਨੈਪੋਲੀਅਨ ਨੂੰ ਕਈ ਪੱਤਣਾਂ ਦੀ ਤਾਰੂ, ਉਸ ਲੜਕੇ ਦੀ ਮਾਂ, ਜੋਸੇਫਿਨ ਮਿਲੀ ਤਾਂ ਉਸ ਨੂੰ ਵੇਖ ਕੇ ਨੈਪੋਲੀਅਨ ਨੂੰ ਆਪਣੇ ਸਾਰੇ ਹਥਿਆਰ ਖੁੰਢੇ ਹੋ ਗਏ ਪ੍ਰਤੀਤ ਹੋਏ।

ਚਲਾਕ ਬੰਦਾ, ਸੋਹਣੀ ਇਸਤਰੀ ਨੂੰ ਵੇਖਕੇ, ਪਹਿਲਾਂ ਮੁਹੱਬਤ ਕਰਨ ਬਾਰੇ ਸੋਚਦਾ ਹੈ। ਭਾਵੇਂ ਮਗਰੋਂ ਵਿਆਹ ਕਰਵਾ ਲਵੇ ਪਰ ਆਰੰਭ ਮੁਹੱਬਤ ਨਾਲ ਕਰਦਾ ਹੈ, ਜਦੋਂ ਕਿ ਸਾਊ-ਸਰਲ ਬੰਦਾ, ਵਿਆਹ ਕਰਨ ਬਾਰੇ ਹੀ ਸੋਚਦਾ ਹੈ।

www.quotesinpunjabi.ml

QuotesInPunjabi

ਨੈਪੋਲੀਅਨ ਜਰਨੈਲ ਸੀ, ਜਰਨੈਲ ਹੀ ਨਹੀਂ, ਬਾਦਸ਼ਾਹ ਵੀ ਸੀ। ਨੈਪੋਲੀਅਨ ਮੁਹੱਬਤ ਅਤੇ ਵਿਆਹ ਦੇ ਦੋਹਾਂ ਭਾਵਾਂ ਨਾਲ ਉਸ ਨੂੰ ਵੇਖਦਾ ਰਿਹਾ, ਨੈਪੋਲੀਅਨ ਤਾਂ ਸੋਚਦਾ ਹੀ ਰਿਹਾ, ਜਦੋਂ ਕਿ ਜੋਸੇਫਿਨ ਮੌਕੇ ਨੂੰ ਪਛਾਣਦਿਆਂ ਨੈਪੋਲੀਅਨ ਨੂੰ, ਰਾਤ ਆਪਣੇ ਘਰ ਖਾਣਾ ਖਾਣ ਲਈ, ਬੁਲਾਵਾ ਦੇ ਗਈ।

ਜੋਸੇਫਿਨ ਦੀਆਂ ਬੇਵਫ਼ਾਈਆਂ ਦੇ ਬਾਵਜੂਦ, ਨੈਪੋਲੀਅਨ ਨੇ ਉਸ ਨਾਲ ਵਿਆਹ ਕਰਵਾਇਆ। ਵਿਆਹ ਵੇਲੇ ਜੋਸੇਫਿਨ ਨੈਪੋਲੀਅਨ ਤੋਂ ਛੇ ਸਾਲ ਵੱਡੀ ਸੀ, ਨੈਪੋਲੀਅਨ ਛੱਬੀ ਸਾਲ ਦਾ ਅਤੇ ਜੋਸੇਫਿਨ ਬੱਤੀ ਸਾਲ ਦੀ ਸੀ।

ਵਿਆਹ ਵੇਲੇ ਪਾਦਰੀ ਨੇ ਜਦੋਂ ਉਮਰ ਪੁੱਛੀ ਤਾਂ ਨੈਪੋਲੀਅਨ ਨੇ ਜੋਸੇਫਿਨ ਦੀ ਉਮਰ ਦੇ ਛੇ ਵਧੇਰੇ ਸਾਲਾਂ ਵਿਚੋਂ ਤਿੰਨ ਸਾਲ ਆਪਣੀ ਉਮਰ ਵਿਚ ਜੋੜਦਿਆਂ ਕਿਹਾ, ਅਸੀਂ ਦੋਵੇਂ ਉਨੱਤੀ-ਉਨੱਤੀ ਸਾਲਾਂ ਦੇ ਹਾਂ।

572

ਜਿਵੇਂ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਮੁਕਾਉਣ ਲਈ ਸੰਗਰਾਮ ਕਰਨਾ ਪਿਆ ਸੀ, ਉਵੇਂ ਹੀ ਅਠਾਰ੍ਹਵੀਂ ਸਦੀ ਵਿਚ, ਅਮਰੀਕਾ ਨੂੰ ਕਰਨਾ ਪਿਆ ਸੀ। ਇੰਗਲੈਂਡ ਵਿਰੁੱਧ, ਅਮਰੀਕਾ ਦੇ ਸੁਤੰਤਰਤਾ ਸੰਗਰਾਮ ਵਿਚ, ਸਾਰੇ ਅਮਰੀਕਨ ਜੂਝ ਰਹੇ ਸਨ।

ਇਕ ਸ਼ਹਿਰ ਵਿਚ ਫੌਜੀ ਭਰਤੀ ਹੋ ਰਹੀ ਸੀ। ਉਥੇ ਹਾਜ਼ਰ ਇਕ ਵੱਡੀ ਉਮਰ ਵਾਲੀ ਇਸਤਰੀ ਨੇ ਜੋਸ਼ ਅਤੇ ਉਤਸ਼ਾਹ ਨਾਲ ਕਿਹਾ: ਮੈਨੂੰ ਇਸ ਗੱਲ ਦਾ ਮਾਣ ਹੈ ਕਿ ਆਜ਼ਾਦੀ ਦੇ ਇਸ ਸੰਗਰਾਮ ਵਿਚ ਮੈਂ ਵੀ ਯੋਗਦਾਨ ਪਾ ਰਹੀ ਹਾਂ। ਇਸ ਸੰਸਾਰ ਵਿਚ ਮੇਰੀ ਸਾਰੀ ਦੌਲਤ, ਮੇਰੇ ਦੋ ਪੁੱਤਰ ਹਨ ਅਤੇ ਦੋਵੇਂ ਫੌਜ ਵਿਚ ਭਰਤੀ ਹੋ ਗਏ ਹਨ।

ਮੈਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਮੈਨੂੰ ਵੀਹ ਸਾਲ ਪਹਿਲੇ ਇਸ ਸੰਗਰਾਮ ਦਾ ਪਤਾ ਨਹੀਂ ਸੀ ਲੱਗ ਸਕਿਆ, ਜੇ ਪਤਾ ਹੁੰਦਾ ਤਾਂ ਮੈਂ ਕਈ ਹੋਰ ਪੁੱਤਰਾਂ ਨਾਲ, ਇਸ ਅਜੋਕੇ ਸੰਗਰਾਮ ਵਿਚ ਹੋਰ ਯੋਗਦਾਨ ਪਾਉਣ ਦੀ ਖੁਸ਼ੀ ਮਾਣਨੀ ਸੀ।

573

ਮਿਲਣ ਦੀ ਆਸ ਨਾਲ, ਇਕ ਪਾਸੇ ਖਲੋ ਕੇ, ਮੈਂ ਆਪਣੇ ਮਨਪਸੰਦ ਲੇਖਕ ਨੂੰ, ਸਬਜ਼ੀ ਖਰੀਦਦਿਆਂ ਵੇਖ ਰਿਹਾ ਸਾਂ। ਜਿਹੜੀ ਸਬਜ਼ੀ ਉਹ ਖਰੀਦ ਰਿਹਾ ਸੀ, ਉਹ ਬਿਲਕੁਲ ਰਹਿੰਦ-ਖੂੰਹਦ ਅਤੇ ਗਲੀ-ਸੜੀ ਸੀ। ਮੈਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਇਤਨੀਆਂ ਚੰਗੀਆਂ ਰਚਨਾਵਾਂ ਲਿਖਣ ਵਾਲਾ, ਉਹੋ ਜਿਹੀ ਸਬਜ਼ੀ ਖਾਂਦਾ ਸੀ।

ਮੇਰੇ ਮਨ ਵਿਚੋਂ ਉਸ ਪ੍ਰਤੀ ਸਤਿਕਾਰ ਜਾਂਦਾ ਰਿਹਾ।

ਜਦੋਂ ਉਸ ਨੇ ਸਬਜ਼ੀ ਲੈ ਲਈ ਅਤੇ ਉਹ ਉਥੋਂ ਚਲਣ ਲਗਿਆ, ਤਾਂ ਪਹਿਲੀ ਅਤੇ ਆਖਰੀ ਵਾਰ ਮਿਲਣ ਦੀ ਮਰਜ਼ੀ ਨਾਲ, ਮੈਂ ਨੇੜੇ ਆਇਆ।

ਉਸ ਨੇ ਕਿਹਾ: ਮੈਂ ਲੰਘਦਿਆਂ ਵੇਖਿਆ ਸੀ ਕਿ ਇਹ ਸਬਜ਼ੀ ਵਾਲਾ ਬੜਾ ਮਾਯੂਸ-

www.quotesinpunjabi.ml

QuotesInPunjabi
ਉਦਾਸ ਵਿਖਾਈ ਦੇ ਰਿਹਾ ਸੀ। ਪਤਾ ਨਹੀਂ ਇਸਨੇ ਹੋਰ ਕਿਤਨਾ ਚਿਰ ਆਪਣੀ ਸਬਜ਼ੀ ਦੇ ਗਾਹਕ ਨੂੰ ਉਡੀਕਣਾ ਸੀ। ਮੈਂ ਜਾਣਦਾ ਸਾਂ ਕਿ ਇਸ ਦੀ ਸਬਜ਼ੀ ਕੋਈ ਨਹੀਂ ਖਰੀਦੇਗਾ। ਮੈਂ ਇਸ ਨੂੰ ਮਾਯੂਸੀ-ਉਦਾਸੀ ਤੋਂ ਮੁਕਤ ਕਰਨਾ ਚਾਹੁੰਦਾ ਸਾਂ ਤਾਂ ਕਿ ਇਹ ਘਰ ਉਡੀਕ ਰਹੀ ਆਪਣੀ ਪਤਨੀ ਕੋਲ ਜਾ ਸਕੇ। ਮੈਂ ਇਸ ਦੇ ਚਿਹਰੇ 'ਤੇ ਤਸੱਲੀ ਵੇਖਣੀ ਚਾਹੁੰਦਾ ਸਾਂ, ਸੋ ਮੈਂ ਇਸ ਨਾਲ ਭਾਓ ਕਰਕੇ, ਇਸ ਦੀ ਸਾਰੀ ਸਬਜ਼ੀ ਖਰੀਦ ਲਈ ਹੈ।

ਅਸੀਂ ਟੁਰਦੇ-ਟੁਰਦੇ ਗੱਲਾਂ ਕਰ ਰਹੇ ਸਾਂ, ਕੁਝ ਕਦਮ ਮੇਰੇ ਨਾਲ ਚੱਲ ਕੇ, ਉਸ ਲੇਖਕ ਨੇ ਸਾਰੀ ਖਰੀਦੀ ਸਬਜ਼ੀ, ਵੱਡੇ ਕੂੜੇਦਾਨ ਵਿਚ ਸੁੱਟ ਦਿੱਤੀ।

ਉਸ ਵੇਲੇ ਮੇਰਾ ਮਨ-ਪਸੰਦ ਲੇਖਕ ਇਨਸਾਨ ਨਹੀਂ, ਇਕ ਫਰਿਸ਼ਤਾ ਲੱਗ ਰਿਹਾ ਸੀ ਅਤੇ ਉਸ ਪ੍ਰਤੀ ਮੇਰਾ ਸਤਿਕਾਰ ਅਸਮਾਨ ਛੂਹ ਰਿਹਾ ਸੀ।

574

ਸਾਡੇ ਸਾਰਿਆਂ ਦੇ ਆਲੇ-ਦੁਆਲੇ ਇਕ ਸੁਰੱਖਿਆ ਘੇਰਾ ਹੁੰਦਾ ਹੈ, ਜਿਹੜਾ ਲਗਭਗ ਤੀਹ ਇੰਚ ਹੁੰਦਾ ਹੈ। ਇਸ ਘੇਰੇ ਅੰਦਰ ਕੋਈ ਸਾਡੀ ਮਰਜ਼ੀ ਨਾਲ ਹੀ ਦਾਖਲ ਹੋ ਸਕਦਾ ਹੈ।

ਜਦੋਂ ਅਸੀਂ ਕਿਸੇ ਨੂੰ ਗਲਵੱਕੜੀ ਪਾਉਂਦੇ ਹਾਂ ਤਾਂ ਉਸ ਨੂੰ ਇਸ ਘੇਰੇ ਅੰਦਰ ਲੈ ਆਉਂਦੇ ਹਾਂ, ਉਹ ਅਜਨਬੀ ਨਹੀਂ ਰਹਿੰਦਾ, ਸਾਡਾ ਪਿਆਰਾ ਹੋ ਜਾਂਦਾ ਹੈ।

ਇਵੇਂ ਹੀ ਸਾਡੇ ਆਲੇ-ਦੁਆਲੇ ਇਕ ਊਰਜਾ ਚੱਕਰ ਹੁੰਦਾ ਹੈ, ਜਿਸ ਕਾਰਨ ਕਰਕੇ ਕਦੇ ਸਾਨੂੰ ਕੋਈ ਬਹੁਤ ਪਿਆਰਾ ਲੱਗਦਾ ਹੈ, ਕਦੀ ਉਸ ਤੋਂ ਡਰ ਲਗਦਾ ਹੈ। ਇਹ ਊਰਜਾ ਚੱਕਰ ਸਾਡੇ ਆਲੇ-ਦੁਆਲੇ ਨੂੰ ਸੁਖਾਵਾਂ ਜਾਂ ਤਣਾਓਪੂਰਨ ਬਣਾਉਂਦਾ ਹੈ।

ਇਕ ਬੋਹੜ ਥੱਲੇ ਇਕ ਸਾਧੂ ਰਹਿੰਦਾ ਸੀ, ਸਮਾਧੀ ਲਾਉਂਦਾ ਸੀ, ਪੂਜਾ ਕਰਦਾ ਸੀ।

ਪੰਛੀ ਉਸਦੇ ਮੋਢਿਆਂ ਅਤੇ ਸਿਰ 'ਤੇ ਬਹਿ ਜਾਂਦੇ ਸਨ ਅਤੇ ਆਲੇ-ਦੁਆਲੇ ਵਿਚਰਦੇ ਰਹਿੰਦੇ ਸਨ। ਉਨ੍ਹਾਂ ਪੰਛੀਆਂ ਦੀ ਹੋਂਦ ਨਾਲ ਸਾਧੂ ਦੀ ਇਕਾਗਰਤਾ ਵਿਚ ਕੋਈ ਵਿਘਨ ਨਹੀਂ ਸੀ ਪੈਂਦਾ। ਉਹ ਪੰਛੀ ਉਸ ਸਾਧੂ ਦਾ ਪਰਿਵਾਰ ਸਨ।

ਇਕ ਦਿਨ ਇਕ ਲੜਕਾ ਆਇਆ, ਸਾਧੂ ਦੇ ਆਲੇ-ਦੁਆਲੇ ਮੰਡਲਾਉਂਦੇ ਪੰਛੀ ਵੇਖ ਕੇ, ਉਸ ਨੇ ਸਾਧੂ ਨੂੰ ਇਕ ਪੰਛੀ ਫੜ ਕੇ ਦੇਣ ਲਈ ਆਖਿਆ।

ਸਾਧੂ ਨੇ ਕਿਹਾ, ਕੱਲ੍ਹ ਫੜਾਂਗਾ, ਤੂੰ ਕੱਲ੍ਹ ਲੈਣ ਆਈਂ।

ਅਗਲੇ ਦਿਨ ਸਾਧੂ ਨੇ ਸਮਾਧੀ ਤਾਂ ਲਾਈ ਹੀ ਨਹੀਂ ਸੀ ਹੋਈ, ਪੰਛੀ ਫੜਨ ਵਾਸਤੇ ਅੱਖਾਂ ਮੀਟੀਆਂ ਹੋਈਆਂ ਸਨ। ਕੋਈ ਪੰਛੀ ਨੇੜੇ ਨਾ ਆਇਆ, ਕਿਉਂਕਿ ਉਸ ਦੀ ਊਰਜਾ ਦਾ ਸੁਭਾਓ ਬਦਲਿਆ ਹੋਇਆ ਸੀ। ਉਸ ਦੇ ਬੈਠਣ ਵਿਚ ਸਮਾਧੀ ਦੀ ਸੁਹਿਰਦਤਾ ਨਹੀਂ ਸੀ, ਸਵਾਰਥ ਦਾ ਬੋਲਬਾਲਾ ਸੀ, ਸੋ ਪੰਛੀ ਦੂਰ ਹੀ ਰਹੇ।

www.quotesinpunjabi.ml

QuotesInPunjabi

575

ਵਿਕਾਸ ਕਰਨਾ ਸੌਖਾ ਨਹੀਂ ਹੁੰਦਾ। ਜਦੋਂ ਇਕ ਵਿਅਕਤੀ ਜ਼ਿਆਣਪ ਕਰਨ ਲੱਗੇ, ਮੂਰਖਾਂ ਦੀ ਭੀੜ ਉਸ ਦਾ ਰਾਹ ਰੋਕ ਲੈਂਦੀ ਹੈ। ਵਿਕਾਸ ਕਰਨਾ ਮੁਸ਼ਕਲ ਨਹੀਂ ਹੁੰਦਾ, ਪਿੱਛੇ ਖਿੱਚਣ ਵਾਲਿਆਂ ਤੋਂ ਬਚਣਾ ਮੁਸ਼ਕਲ ਹੁੰਦਾ ਹੈ।

ਇਕ ਸਕੂਲ ਦੇ ਚੌਕੀਦਾਰ ਨੇ ਹੋਰ ਬੱਚਿਆਂ ਨੂੰ ਵੇਖ ਕੇ ਆਪਣੀ ਧੀ ਨੂੰ ਵੀ ਉਸੇ ਸਕੂਲ ਵਿਚ ਪੜ੍ਹਾਉਣ ਦਾ ਫੈਸਲਾ ਕੀਤਾ। ਸਕੂਲ ਦੇ ਹਰੇਕ ਕਰਮਚਾਰੀ ਨੂੰ, ਆਪਣੇ ਦੋ ਬੱਚੇ ਸਕੂਲ ਵਿਚ ਬਿਨਾਂ ਕਿਸੇ ਖਰਚੇ ਦੇ ਪੜ੍ਹਾਉਣ ਦੀ ਆਗਿਆ ਸੀ।

ਜਦੋਂ ਪਿੰਡ ਵਿਚ ਵਸਦੇ ਸਾਂਝੇ ਟੱਬਰ ਦੇ ਜੀਆਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਕਿਹਾ ਕਿ ਪਸ਼ੂਆਂ ਦਾ ਧਿਆਨ ਰੱਖਣ ਵਾਸਤੇ, ਉਹ ਉਸ ਲੜਕੀ ਨੂੰ ਪਿੰਡ ਭੇਜ ਦੇਵੇ, ਨਹੀਂ ਤਾਂ ਪੜ੍ਹ ਲਿਖ ਕੇ ਅਤੇ ਸ਼ਹਿਰ ਵਿਚ ਰਹਿ ਕੇ ਉਹ ਖਰਾਬ ਹੋ ਜਾਵੇਗੀ।

ਵਿਕਾਸ ਦਾ ਅਵਸਰ ਮਿਲਿਆ ਸੀ, ਪਿੱਛੇ ਖਿੱਚਣ ਵਾਲੇ ਉਪਜ ਪਏ ਸਨ।

576

ਇਕ ਇਸਤਰੀ ਦੇ ਕਤਲ ਦੇ ਮੁਕੱਦਮੇ ਵਿਚ, ਪੁਲੀਸ ਪੰਜ ਵਿਅਕਤੀਆਂ ਨੂੰ ਦੋਸ਼ੀ ਸਿੱਧ ਕਰ ਰਹੀ ਸੀ। ਦੋਸ਼ੀ ਸਿੱਧ ਕਰਨ ਦਾ ਆਧਾਰ ਕਤਲ ਹੋਈ ਔਰਤ ਦਾ ਮਰਨ ਸਮੇਂ ਦਾ ਬਿਆਨ ਸੀ, ਜਿਸ ਵਿਚ ਯਕਮੁਸ਼ਤ, ਗੈਂਗਰੇਪ, ਸ਼ਮੂਲੀਅਤ, ਇਸਤਗਾਸਾ, ਪੇਸ਼ਾਵਰਾਨਾ, ਨਿਮਨ-ਦਰਜ, ਉਪਰੋਕਤ, ਕਾਇਦਾ-ਕਾਨੂੰਨ, ਮੁਲਜ਼ਮ, ਮਜ਼ਲੂਮ, ਮਗਰਬ, ਇਰਾਦਾ-ਕਤਲ ਆਦਿ ਸ਼ਬਦ ਲਿਖੇ ਹੋਏ ਸਨ।

ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਜੱਜ ਨੇ ਕਿਹਾ ਕਿ ਮਰ ਰਹੀ ਇਸਤਰੀ ਇਹੋ ਜਿਹੇ ਸ਼ਬਦ ਨਹੀਂ ਬੋਲਦੀ, ਇਹ ਉਸ ਇਸਤਰੀ ਦਾ ਬਿਆਨ ਨਹੀਂ, ਪੁਲੀਸ ਦਾ ਆਪਣਾ ਘੜਿਆ ਹੋਇਆ ਬਿਆਨ ਹੈ ਅਤੇ ਪੰਜੇ ਦੋਸ਼ੀ ਬਰੀ ਕਰ ਦਿੱਤੇ।

577

ਇਕ ਜਵਾਨ ਬੜੇ ਚਿਰ ਤੋਂ ਰੁਜ਼ਗਾਰ ਪ੍ਰਾਪਤੀ ਦਾ ਯਤਨ ਕਰ ਰਿਹਾ ਸੀ। ਇਕ ਵਾਰੀ ਰੁਜ਼ਗਾਰ ਵਾਸਤੇ ਮੁਲਾਕਾਤ ਲਈ ਬੱਸ ਵਿਚ ਜਾ ਰਿਹਾ ਸੀ, ਉਸਦੀ ਅਗਲੀ ਸੀਟ 'ਤੇ ਇਕ ਬਜ਼ੁਰਗ ਇਸਤਰੀ ਬਾਰ-ਬਾਰ ਆਪਣੇ ਸਟਾਪ ਵਾਸਤੇ ਪੁੱਛ-ਗਿੱਛ ਕਰ ਰਹੀ ਸੀ, ਕਿਉਂਕਿ ਉਹ ਪਹਿਲੀ ਵਾਰ ਉਧਰ ਜਾ ਰਹੀ ਸੀ।

ਉਸ ਜਵਾਨ ਨੇ ਵੀ ਉਸੇ ਸਟਾਪ 'ਤੇ ਉਤਰਨਾ ਸੀ, ਸੋ ਉਸ ਨੇ ਉਸ ਬਜ਼ੁਰਗ ਇਸਤਰੀ ਨੂੰ ਭਰੋਸਾ ਦਿਵਾਇਆ ਕਿ ਉਹ ਸਟਾਪ ਆਉਣ 'ਤੇ ਉਸ ਨੂੰ ਦੱਸ ਦੇਵੇਗਾ।

ਜਵਾਨ ਨੇ ਆਪਣੇ ਉਤਰਨ ਤੋਂ ਪਹਿਲਾਂ ਉਸ ਬਜ਼ੁਰਗ ਔਰਤ ਨੂੰ ਉਤਾਰਿਆ।

ਉਤਾਰ ਕੇ ਸੋਚਿਆ ਅਜੇ ਸਮਾਂ ਹੈ, ਚੰਗਾ ਹੋ ਵੇਗਾ ਜੇ ਮੈਂ ਇਸ ਨੂੰ ਟਿਕਾਣੇ ਪਹੁੰਚਾ ਦੇਵਾਂ, ਨਹੀਂ ਤਾਂ ਗਵਾਚ ਜਾਵੇਗੀ। ਆਟੋ ਕੀਤਾ। ਟਿਕਾਣੇ 'ਤੇ ਪਹੁੰਚ ਕੇ ਵੇਖਿਆ ਕਿ ਉਸ ਇਸਤਰੀ ਨਾਲੋਂ ਵੀ ਵਧੇਰੇ ਬਜ਼ੁਰਗ ਜੋੜਾ, ਉਸ ਨੂੰ ਉਡੀਕ ਰਿਹਾ ਸੀ।

www.quotesinpunjabi.ml

QuotesInPunjabi

ਪਹੁੰਚ ਕੇ ਉਸ ਔਰਤ ਨੇ ਕਿਹਾ: ਪੁੱਤਰ ਇਥੇ ਪਹੁੰਚਾਉਣ ਦਾ ਤੇਰਾ ਧੰਨਵਾਦ, ਮੈਂ ਆਪ ਤਾਂ ਪਹੁੰਚ ਨਹੀਂ ਸੀ ਸਕਣਾ। ਤੂੰ ਜਿਸ ਕੰਮ ਚਲਿਐਂ, ਉਸ ਵਿਚ ਬਰਕਤ ਪਏਗੀ।

ਮੁਲਾਕਾਤ ਲਈ ਦੇਰ ਹੋ ਗਈ ਸੀ, ਉਂਜ ਵੀ ਉਹ ਬਹੁਤ ਚੰਗੀ ਅਤੇ ਉੱਚੀ ਨੌਕਰੀ ਸੀ, ਮਿਲਣ ਦੀ ਕੋਈ ਆਸ ਨਹੀਂ ਸੀ, ਫਿਰ ਵੀ ਉਹ ਇੰਟਰਵਿਊ ਬੋਰਡ ਦੇ ਸਨਮੁਖ ਪੇਸ਼ ਹੋਇਆ। ਸਬੱਬ ਨਾਲ, ਇੰਟਰਵਿਊ ਦੌਰਾਨ ਉਸ ਨੂੰ ਲੇਟ ਹੋਣ ਦਾ ਕਾਰਨ ਪੁੱਛਿਆ ਗਿਆ, ਉਸ ਨੇ ਲੇਟ ਹੋ ਜਾਣ ਦੀ ਸਾਰੀ ਕਹਾਣੀ ਸੁਣਾ ਦਿੱਤੀ। ਉਸਨੂੰ ਚੁਣ ਲਿਆ ਗਿਆ।

578

ਡਿਡਰੋ ਬੜੇ ਉਦਾਰ ਹਿਰਦੇ ਵਾਲਾ, ਬੜਾ ਪ੍ਰਸਿੱਧ ਵਿਦਵਾਨ ਸੀ, ਜਿਸ ਨੇ ਫਰਾਂਸੀਸੀ ਬੋਲੀ ਵਿਚ ਵਿਸ਼ਵਕੋਸ਼ ਰਚਿਆ ਸੀ। ਉਸ ਦੀ ਉਦਾਰਤਾ ਦੇ ਕਿੱਸੇ ਦੂਰ-ਦੂਰ ਤੱਕ ਪ੍ਰਸਿੱਧ ਸਨ। ਉਸ ਨੇ ਆਪਣੀਆਂ ਰਚਨਾਵਾਂ ਦਾ ਮਖੌਲ ਉਡਾਉਣ ਵਾਲੀ, ਇਕ ਵਿਅੰਗਮਈ ਰਚਨਾ ਮੁਕੰਮਲ ਕਰਨ ਵਿਚ, ਇਕ ਨਵੇਂ ਜਵਾਨ ਲੇਖਕ ਦੀ ਇਹ ਸੋਚ ਕੇ ਮਦਦ ਕੀਤੀ ਸੀ ਤਾਂ ਕਿ ਉਹ ਇਵੇਂ ਕੁਝ ਪੈਸੇ ਕਮਾ ਲਵੇ।

ਜਦੋਂ ਡਿਡਰੋ ਨੂੰ ਆਪਣੀ ਧੀ ਦੇ ਵਿਆਹ ਵਾਸਤੇ ਪੈਸਿਆਂ ਦੀ ਲੋੜ ਪਈ ਤਾਂ ਉਸ ਨੇ ਆਪਣੀ ਕੀਮਤੀ ਅਤੇ ਦੁਰਲੱਭ ਪੁਸਤਕਾਂ ਵਾਲੀ, ਨਿੱਜੀ ਲਾਇਬ੍ਰੇਰੀ, ਵਿਕਰੀ 'ਤੇ ਲਾ ਦਿੱਤੀ। ਜਦੋਂ ਉਸ ਦੀ ਪ੍ਰਸੰਸਕ, ਰੂਸ ਦੀ ਮਹਾਰਾਣੀ, ਕੈਥਰੀਨ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਪ੍ਰਤੀਨਿਧ ਰਾਹੀਂ, ਇਹ ਲਾਇਬ੍ਰੇਰੀ ਖਰੀਦ ਲਈ ਅਤੇ ਇਸ ਲਾਇਬ੍ਰੇਰੀ ਵਾਸਤੇ, ਪੈਰਿਸ ਵਿਚ ਵਿਸ਼ੇਸ਼ ਇਮਾਰਤ ਬਣਵਾਈ ਅਤੇ ਡਿਡਰੋ ਨੂੰ ਇਸ ਲਾਇਬ੍ਰੇਰੀ ਦਾ, ਚੰਗੀ ਤਨਖਾਹ ਦੇ ਕੇ, ਲਾਇਬ੍ਰੇਰੀਅਨ ਨਿਯੁਕਤ ਕੀਤਾ।

579

ਇਕ ਖ਼ਤ ਮਿਲਿਆ ਹੈ, ਜਿਸ ਵਿਚ ਦੋ ਹੀ ਸ਼ਬਦ ਹਨ: ਬੇਵਕੂਫ, ਉਲੂ।

ਅਜਿਹੇ ਖ਼ਤ ਤਾਂ ਕਈ ਵੇਖੇ ਹਨ, ਜਿਨ੍ਹਾਂ ਵਿਚ ਖ਼ਤ ਦੀ ਇਬਾਰਤ ਲਿਖੀ ਗਈ ਹੁੰਦੀ ਹੈ ਪਰ ਲਿਖਣ ਵਾਲਾ ਆਪਣਾ ਨਾਂ ਲਿਖਣਾ ਭੁੱਲ ਜਾਂਦਾ ਹੈ ਪਰ ਇਸ ਖ਼ਤ ਵਾਂਗ ਕਦੇ-ਕਦਾਈਂ ਕੋਈ ਖ਼ਤ ਅਜਿਹਾ ਵੀ ਆ ਜਾਂਦਾ ਹੈ, ਜਿਸ ਵਿਚ ਖ਼ਤ ਲਿਖਣ ਵਾਲਾ ਆਪਣਾ ਨਾਂ ਤਾਂ ਲਿਖ ਦਿੰਦਾ ਹੈ ਪਰ ਖ਼ਤ ਦੀ ਇਬਾਰਤ ਲਿਖਣੀ ਭੁੱਲ ਜਾਂਦਾ ਹੈ।

580

ਸੰਕਟ ਵਾਲੀ ਕੋਈ ਸਥਿਤੀ ਹੋਵੇ, ਦੇਸ਼ ਦੇ ਕਿਸੇ ਹਿੱਸੇ ਵਿਚ ਭੂਚਾਲ ਆਵੇ, ਤਬਾਹੀ ਮਚੇ, ਸਿੱਖ ਲੰਗਰ ਲਾਉਂਦੇ ਹਨ, ਕਿਉਂਕਿ ਉਨ੍ਹਾਂ ਨੂੰ ਲੰਗਰ ਲਾਉਣੇ ਆਉਂਦੇ ਹਨ।

ਉਂਝ ਸਿੱਖਾਂ ਵਿਚ ਏਕਾ ਘੱਟ ਹੀ ਹੁੰਦਾ ਹੈ ਪਰ ਲੰਗਰ ਦੇ ਮਾਮਲੇ ਵਿਚ ਪੂਰਨ ਏਕਾ ਹੁੰਦਾ ਹੈ, ਕੋਈ ਵਿਘਨ ਨਹੀਂ ਪਾਉਂਦਾ, ਸਾਰੇ ਸਹਿਯੋਗ ਦਿੰਦੇ ਹਨ।

www.quotesinpunjabi.ml

QuotesInPunjabi

ਸਿੱਖ, ਲੰਗਰ ਖਾਣ ਵਾਲਿਆਂ ਦਾ ਪੇਟ ਹੀ ਨਹੀਂ ਭਰਦੇ, ਉਹ ਲੰਗਰ ਖਾਣ ਵਾਲੇ ਦੀ ਨੀਅਤ ਵੀ ਰਜਾਉਂਦੇ ਹਨ।

ਜਿਤਨਾ ਚਿਰ ਲੰਗਰ ਲਗਦੇ ਰਹਿਣਗੇ, ਸਿੱਖ ਧਰਮ ਕਾਇਮ ਰਹੇਗਾ। ਇਹ ਇਕ ਅਜਿਹਾ ਵਰਤਾਰਾ ਹੈ ਜਿਹੜਾ ਕੇਵਲ ਸਿੱਖ ਧਰਮ ਵਿਚ ਹੈ। ਇਸ ਨੂੰ ਅਪਨਾਉਣ ਦਾ ਹੋਰ ਧਰਮਾਂ ਨੇ ਬੜਾ ਯਤਨ ਕੀਤਾ ਪਰ ਕੋਈ ਸਫਲ ਨਹੀਂ ਹੋਇਆ, ਕਿਉਂਕਿ ਇਹ ਗੁਰੂ ਦਾ ਲੰਗਰ ਹੁੰਦਾ ਹੈ

ਪੰਜਾਬ ਵਿਚ ਮਾਂਹ ਦੀ ਦਾਲ ਨੂੰ ਲੰਗਰ ਵਾਲੀ ਦਾਲ ਕਿਹਾ ਜਾਂਦਾ ਹੈ।

ਇਕ ਵਿਅਕਤੀ ਰੋਜ਼ ਲੰਗਰ ਖਾਂਦਾ ਸੀ, ਰੋਜ਼ ਮਾਂਹ ਦੀ ਦਾਲ ਹੁੰਦੀ ਸੀ। ਚੌਥੇ ਕੁ ਦਿਨ ਉਸ ਨੇ ਪੁੱਛਿਆ: ਤੁਸੀਂ ਦਾਲ ਕਿਉਂ ਨਹੀਂ ਬਦਲਦੇ ? ਉਸ ਨੂੰ ਦੱਸਿਆ ਗਿਆ: ਇਥੇ ਦਾਲ ਉਹੀ ਰਹਿੰਦੀ ਹੈ, ਖਾਣ ਵਾਲੇ ਬਦਲਦੇ ਹਨ।

ਲੰਗਰ ਉਹੀ ਰਹਿੰਦਾ ਹੈ, ਪੰਗਤ ਬਦਲਦੀ ਰਹਿੰਦੀ ਹੈ।

581

ਕਿਸੇ ਨੂੰ ਕਿਤਨਾ ਉਡੀਕਿਆ ਜਾਂਦਾ ਹੈ, ਇਹ ਸਾਡੇ ਉਸ ਵਲ ਪਿਆਰ ਅਤੇ ਸਤਿਕਾਰ 'ਤੇ ਨਿਰਭਰ ਕਰਦਾ ਹੈ। ਜੇ ਕੋਈ ਸਾਨੂੰ ਪਸੰਦ ਨਾ ਹੋਵੇ ਤਾਂ ਉਸ ਨੂੰ ਉਡੀਕਣ ਦੀ ਅਸੀਂ ਸ਼ਿਕਾਇਤ ਕਰਦੇ ਹਾਂ। ਸ਼ਿਕਾਇਤ ਰਾਹੀਂ ਅਸੀਂ ਦਸਦੇ ਹਾਂ ਕਿ ਉਹ ਉਡੀਕਣ ਯੋਗ ਨਹੀਂ ਪਰ ਉਡੀਕਣਾ ਪੈ ਰਿਹਾ ਹੈ ਅਤੇ ਉਡੀਕਣਾ ਬੜਾ ਮੁਸ਼ਕਲ ਲੱਗ ਰਿਹਾ ਹੈ।

ਔਰਤ ਲਈ ਉਡੀਕਵਾਨ ਹੋਣਾ ਲਾਜ਼ਮੀ ਹੈ। ਪਹਿਲਾਂ ਆਪਣੇ ਮੁਟਿਆਰ ਹੋਣ ਨੂੰ ਉਡੀਕਦੀ ਹੈ, ਫਿਰ ਵਿਆਹ ਰਾਹੀਂ ਪਤੀ ਨੂੰ ਉਡੀਕਦੀ ਹੈ, ਫਿਰ ਆਪਣੀ ਸੰਤਾਨ ਨੂੰ ਉਡੀਕਦੀ ਹੈ। ਜਦੋਂ ਪਤੀ ਅਤੇ ਸੰਤਾਨ ਦੋਵੇਂ ਮਿਲ ਜਾਂਦੇ ਹਨ ਤਾਂ ਇਨ੍ਹਾਂ ਦੇ ਹਰ ਰੋਜ਼ ਘਰ ਪਰਤਣ ਨੂੰ ਉਡੀਕਦੀ ਹੈ। ਫਿਰ ਪੁੱਤਰ ਦੇ ਜਵਾਨ ਹੋਣ ਨੂੰ ਉਡੀਕਦੀ ਹੈ, ਫਿਰ ਨੂੰਹ ਨੂੰ ਉਡੀਕਦੀ ਹੈ। ਧੀ ਦੇ ਹੱਥ ਪੀਲੇ ਕਰਕੇ ਉਸ ਦੀ ਸੰਤਾਨ ਨੂੰ ਉਡੀਕਦੀ ਹੈ।

ਔਰਤ ਦੀ ਜ਼ਿੰਦਗੀ ਵਿਚੋਂ ਉਡੀਕ ਨਹੀਂ ਨਿਕਲਦੀ।

ਧਰਮ ਵਿਚ ਸ਼ਰਧਾਲੂ ਗੁਰੂ ਦੀ ਮਿਹਰ ਨੂੰ ਉਡੀਕਦਾ ਹੈ। ਦੁਕਾਨਦਾਰ ਗਾਹਕ ਨੂੰ ਉਡੀਕਦਾ ਹੈ। ਵਿਦਿਆਰਥੀ ਨਤੀਜੇ ਨੂੰ ਉਡੀਕਦਾ ਹੈ। ਉਡੀਕਣਾ ਮਨੁੱਖ ਦਾ ਬੁਨਿਆਦੀ ਅਨੁਭਵ ਹੈ, ਜਿਸ ਨੂੰ ਉਡੀਕ ਕਰਨੀ ਆ ਜਾਵੇ, ਉਹ ਸਫਲ ਹੋ ਜਾਂਦਾ ਹੈ।

ਅੱਖ ਜਾਂ ਥਕਾਵਟ ਬਰਦਾਸ਼ਤ ਕਰਨ ਦੀ ਯੋਗਤਾ, ਉਡੀਕਣ ਦੀ ਯੋਗਤਾ ਅਤੇ ਸੋਚਣ ਦੀ ਯੋਗਤਾ, ਜੀਵਨ ਵਿਚ ਸਫਲਤਾ ਦੇ ਆਧਾਰ ਹੁੰਦੇ ਹਨ।

582

ਯੋਰਪ ਵਿਚ ਮਲਕਾ ਵਿਕਟੋਰੀਆ ਦੇ ਜ਼ਮਾਨੇ ਤੱਕ ਇਕ ਵੀ ਚਿੱਤਰ ਅਜਿਹਾ ਨਹੀਂ ਮਿਲਦਾ, ਜਿਸ ਵਿਚ ਕਿਸੇ ਪੰਖੇ ਨੰਗੇਜ ਵਿਖਾਇਆ ਗਿਆ ਹੋਵੇ। ਹੋਰ ਤਾਂ ਹੋਰ ਉਸ ਵੇਲੇ ਮੇਜ਼ਾਂ ਅਤੇ ਕੁਰਸੀਆਂ ਦੀਆਂ ਲੱਤਾਂ 'ਤੇ ਵੀ ਗਿਲਾਫ਼ ਚੜ੍ਹਾ ਕੇ ਰੱਖਦੇ ਸਨ।

www.quotesinpunjabi.ml

QuotesInPunjabi

ਇਕ ਮਹਾਰਾਣੀ ਨੇ ਮਹਿਲ ਵਿਚਲੇ ਇਕ ਲਾਇਬ੍ਰੇਰੀਅਨ ਨੂੰ ਇਸ ਕਰਕੇ ਨੌਕਰੀ ਤੋਂ ਹਟਾ ਦਿੱਤਾ ਸੀ ਕਿ ਉਸ ਨੇ ਲੇਖਕਾਂ ਅਤੇ ਲੇਖਕਾਵਾਂ ਦੀਆਂ ਪੁਸਤਕਾਂ ਇਕ ਹੀ ਅਲਮਾਰੀ ਵਿਚ ਰੱਖ ਦਿੱਤੀਆਂ ਸਨ।

583

ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਮੁੱਢ ਵਿਚ, ਨਾਭਾ ਰਿਆਸਤ ਦੇ ਕਸਬੇ ਜੈਤੋ ਦੇ ਇਕ ਗੁਰਦੁਆਰੇ ਵਿਚ, ਅਖੰਡ ਪਾਠ ਵਿਚ ਵਿਘਨ ਪਾਉਣ ਵਿਰੁੱਧ, ਰੋਸ ਪ੍ਰਗਟਾਉਣ ਲਈ, ਸਿੱਖਾਂ ਨੇ ਮੋਰਚਾ ਲਾਇਆ ਹੋਇਆ ਸੀ। ਇਹ ਉਸ ਸਮੇਂ ਚੱਲ ਰਹੀ ਸ਼ਾਂਤਮਈ ਗੁਰਦੁਆਰਾ ਸੁਧਾਰ ਲਹਿਰ ਦਾ, ਅਹਿਮ ਮੋਰਚਾ ਸੀ।

ਇਸ ਮੋਰਚੇ ਲਈ ਅਕਾਲ ਤਖਤ, ਅੰਮ੍ਰਿਤਸਰ ਤੋਂ ਇੱਕੀ, ਇਕਵੰਜਾ ਜਾਂ ਇਕ ਸੌ ਇਕ ਸਿੰਘਾਂ ਦਾ ਸ਼ਹੀਦੀ ਜੱਥਾ ਚਲਦਾ ਸੀ, ਜਿਹੜਾ ਪੈਦਲ ਚਲਦਾ-ਚਲਦਾ, ਜੈਤੋ ਪਹੁੰਚਦਿਆਂ, ਹਜ਼ਾਰਾਂ ਦਾ ਜੱਥਾ ਬਣ ਜਾਂਦਾ ਸੀ।

ਇਸ ਮੋਰਚੇ ਨਾਲ ਸਿੱਖ ਦੇਸ਼ ਲਈ ਆਜ਼ਾਦੀ ਦੇ ਸੰਗਰਾਮ ਦੀ ਮੂਹਰਲੀ ਕਤਾਰ ਵਿਚ ਆ ਗਏ ਸਨ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਕਿੱਸੇ ਵਿਸ਼ਵ ਭਰ ਵਿਚ ਪ੍ਰਸਿੱਧ ਹੋਏ।

ਇਹ ਪੰਜਾਬੀ ਪੱਤਰਕਾਰੀ ਦਾ ਵੀ ਸੁਨਹਿਰੀ ਯੁੱਗ ਸੀ, ਜਦੋਂ ਹਜ਼ਾਰਾਂ ਲੋਕਾਂ ਨੇ ਗੁਰਮੁਖੀ ਇਸ ਲਈ ਪੜ੍ਹਨੀ ਸਿੱਖੀ ਤਾਂ ਕਿ ਉਹ ਪੰਜਾਬੀ ਅਖਬਾਰ ਪੜ੍ਹ ਸਕਣ।

ਝਬਾਲ ਪਿੰਡ ਦੇ ਦੋ ਭਰਾ, ਇਕ ਅਜਿਹਾ ਸ਼ਹੀਦੀ ਜਥਾ ਲੈ ਕੇ ਗਏ ਸਨ।

ਜੈਤੋ ਪਹੁੰਚਣ 'ਤੇ, ਝਬਾਲ ਭਰਾਵਾਂ ਨੇ ਹਜ਼ਾਰਾਂ ਵਿਅਕਤੀਆਂ ਵਿਚੋਂ ਦੋ ਹਜ਼ਾਰ ਸਿੰਘਾਂ ਦੀ, ਸ਼ਹੀਦੀਆਂ ਪਾਉਣ ਲਈ ਚੋਣ ਕੀਤੀ।

ਅੰਗਰੇਜ਼ਾਂ ਨੇ ਜੱਥੇ ਨੂੰ ਰੋਕਣ ਲਈ ਮਾਲ ਗੱਡੀ ਖੜ੍ਹੀ ਕਰਕੇ, ਪੁਲੀਸ ਰਾਹੀਂ ਮਾਲਗੱਡੀ ਦੇ ਡੱਬਿਆਂ ਦੇ ਓਹਲੇ ਵਿਚ, ਮੋਰਚਾ ਲਾਇਆ ਹੋਇਆ ਸੀ।

ਇਹ ਉਹ ਸਮਾਂ ਸੀ, ਜਦੋਂ ਸਿੰਘ ਸ਼ਹੀਦੀ ਲਈ ਜਾਂਦੇ ਸਨ ਅਤੇ ਸ਼ਹੀਦ ਹੁੰਦੇ ਸਨ।

ਝਬਾਲ ਭਰਾਵਾਂ ਨੇ ਜਦੋਂ ਅੰਗਰੇਜ਼ਾਂ ਦਾ ਮਾਲ ਗੱਡੀ ਵਾਲਾ ਪੈਂਤੜਾ ਵੇਖਿਆ ਤਾਂ ਦੋ ਹਜ਼ਾਰ ਸਿੰਘਾਂ ਨੂੰ, ਦੋ-ਦੋ ਸੌ ਦੇ ਦਸ ਜਥਿਆਂ ਵਿਚ ਵੰਡ ਕੇ ਸੰਬੋਧਨ ਕਰਦਿਆਂ ਕਿਹਾ: ਹਰ ਹਾਲਤ ਵਿਚ ਸ਼ਾਂਤਮਈ ਰਹਿਣਾ ਹੈ। ਤੁਹਾਡੇ ਸਿਰਾਂ 'ਤੇ ਕਫਨ ਬੰਨ੍ਹੇ ਹੋਏ ਹਨ। ਸ਼ੂਟ ਵਟ ਕੇ ਗੱਡੀ ਵਲ ਦੌੜਨਾ ਹੈ, ਕਿਸੇ ਨੇ ਪਿੱਛੇ ਨਹੀਂ ਵੇਖਣਾ, ਕਿਸੇ ਨੇ ਰੁਕਣਾ ਨਹੀਂ, ਗੋਲੀਆਂ ਲੱਗਣੀਆਂ, ਗੋਲੀਆਂ ਦੀ ਪਹਿਲੀ ਬੌਛਾੜ ਨਾਲ ਜੋ ਸਿੰਘ ਸ਼ਹੀਦ ਹੋਣ, ਕਿਸੇ ਨੇ ਉਨ੍ਹਾਂ ਲਈ ਰੁਕਣਾ ਨਹੀਂ। ਬੰਦੂਕ ਵਿਚ ਅਗਲੀ ਗੋਲੀ ਭਰਨ ਨਹੀਂ ਦੇਣੀ, ਗੋਲੀ ਵਾਂਗ ਅੱਗੇ ਵਧਣਾ ਹੈ ਅਤੇ ਸਭ ਰੁਕਾਵਟਾਂ ਪਾਰ ਕਰ ਜਾਣੀਆਂ ਹਨ। ਗੁਰੂ ਗੋਬਿੰਦ ਸਿੰਘ ਦਾ ਬਾਜ਼ ਉਡਾਰੀਆਂ ਲਾ ਰਿਹਾ ਹੈ। ਗੁਰੂ ਗੋਬਿੰਦ ਸਿੰਘ ਆਪ ਨਿਗਰਾਨੀ ਕਰ ਰਹੇ ਹਨ।

ਇਸ ਉਪਰੰਤ ਸ਼ਹੀਦੀ ਜਥੇ ਦੀ ਸਫਲਤਾ ਲਈ ਅਰਦਾਸ ਕੀਤੀ ਗਈ।

ਇਹ ਘਟਨਾ ਵਾਪਰ ਜੈਤੋ ਵਿਚ ਰਹੀ ਸੀ ਪਰ ਇਉਂ ਲੱਗ ਰਿਹਾ ਸੀ ਜਿਵੇਂ ਆਨੰਦਪੁਰ ਸਾਹਿਬ ਦੁਹਰਾਇਆ ਜਾ ਰਿਹਾ ਸੀ। ਝਬਾਲ ਭਰਾਵਾਂ ਦੇ ਉਭਾਰੇ ਹੋਏ ਸਿੰਘਾਂ ਦਾ ਜੋਸ਼ ਵੇਖ ਕੇ, ਅੰਗਰੇਜ਼ਾਂ ਨੇ ਗੋਡੇ ਟੇਕ ਦਿੱਤੇ। ਮੋਰਚਾ ਫਤਹਿ ਹੋ ਗਿਆ ਸੀ।

www.quotesinpunjabi.ml

QuotesInPunjabi

584

ਬੱਚੇ ਕਿਸੇ ਦਾ ਲਿਹਾਜ਼ ਨਹੀਂ ਕਰਦੇ। ਇਕ ਪੰਡਤ ਨੇ ਰਾਹ ਜਾਂਦੇ ਇਕ ਲੜਕੇ ਨੂੰ ਵੱਡੇ ਪਾਰਕ ਦਾ ਰਸਤਾ ਪੁੱਛਿਆ। ਲੜਕੇ ਨੇ ਕਿਹਾ, ਬਿਲਕੁਲ ਨੇੜੇ ਹੈ, ਕਿਸੇ ਤੋਂ ਪੁੱਛਣ ਦੀ ਲੋੜ ਨਹੀਂ, ਸਿੱਧੇ ਜਾ ਕੇ ਸੱਜੇ ਮੁੜ ਜਾਣਾ, ਪਾਰਕ ਦਿਸ ਜਾਵੇਗਾ।

ਪੰਡਤ ਨੇ ਉਸ ਦੀ ਸੂਝ-ਬੂਝ ਤੋਂ ਪ੍ਰਸੰਨ ਹੋ ਕੇ ਪੁੱਛਿਆ: ਤੂੰ ਜਾਣਦਾ ਹੈਂ, ਮੈਂ ਕੌਣ ਹਾਂ? ਬੱਚੇ ਨੇ ਕਿਹਾ: ਨਹੀਂ। ਮੈਂ ਪ੍ਰਸਿੱਧ ਹਰੀ ਪ੍ਰਸ਼ਾਦ ਚਤਰਵੇਦੀ ਹਾਂ। ਉਸ ਪਾਰਕ ਵਿਚ ਅੱਜ ਮੇਰਾ ਵਿਖਿਆਨ ਹੈ, ਤੂੰ ਵੀ ਆਵੀਂ, ਮੈਂ ਤੈਨੂੰ ਸਵਰਗ ਦਾ ਰਾਹ ਦੱਸਾਂਗਾ।

ਬੱਚੇ ਨੇ ਕਿਹਾ: ਪਾਰਕ ਦਾ ਰਸਤਾ ਤਾਂ ਤੁਹਾਨੂੰ ਪਤਾ ਨਹੀਂ, ਸਵਰਗ ਦਾ ਰਸਤਾ ਕਿਵੇਂ ਦੱਸ ਦਿਓਗੇ?

585

ਆਮ ਸਾਧਾਰਨ ਲੋਕਾਂ ਵਾਂਗ, ਯੋਰਪ ਦੇ ਬਾਦਸ਼ਾਹਾਂ ਦੀ ਵੀ ਬੁਢਾਪੇ ਕਾਰਨ, ਨਜ਼ਰ ਕਮਜ਼ੋਰ ਹੋ ਜਾਂਦੀ ਸੀ ਪਰ ਉਨ੍ਹਾਂ ਨੂੰ ਐਨਕ ਲਾਉਣ ਦੀ ਆਗਿਆ ਨਹੀਂ ਸੀ, ਕਿਉਂਕਿ ਇਵੇਂ ਕਰਨ ਨਾਲ ਉਨ੍ਹਾਂ ਦਾ ਰੋਅਬ ਘਟਦਾ ਸੀ ਅਤੇ ਉਹ ਬਾਦਸ਼ਾਹ ਨਹੀਂ, ਪਾਦਰੀ ਜਾਂ ਅਧਿਆਪਕ ਲਗਦੇ ਸਨ। ਬਾਦਸ਼ਾਹ ਦਾ ਮਰਨਾ ਬੜੀ ਵੱਡੀ ਘਟਨਾ ਹੁੰਦੀ ਸੀ, ਕਿਉਂਕਿ ਇਸ ਨਾਲ ਸਭ ਕੁਝ ਬਦਲ ਜਾਂਦਾ ਸੀ, ਕੁਝ ਵੀ ਪਹਿਲੇ ਵਾਂਗ ਨਹੀਂ ਸੀ ਰਹਿੰਦਾ।

ਬਾਦਸ਼ਾਹ ਦੀ ਬੀਮਾਰੀ ਨਾਲ ਸਾਰੀ ਬਾਦਸ਼ਾਹਤ ਬੀਮਾਰ ਪੈ ਜਾਂਦੀ ਸੀ।

ਬਾਦਸ਼ਾਹ ਦੇ ਹਕੀਮਾਂ ਵਿਚ ਇਤਨੀ ਦਲੇਰੀ ਅਤੇ ਸ਼ਕਤੀ ਨਹੀਂ ਸੀ ਕਿ ਉਹ ਬਾਦਸ਼ਾਹ ਨੂੰ ਉਸ ਦੀ ਹੋਣ ਵਾਲੀ ਮੌਤ ਬਾਰੇ ਦੱਸਣ। ਬਾਦਸ਼ਾਹ ਨੂੰ ਹਕੀਮਾਂ ਅਤੇ ਦਰਬਾਰੀਆਂ ਦੇ ਚਿਹਰਿਆਂ ਤੋਂ ਪਤਾ ਲਗਦਾ ਸੀ ਕਿ ਮੌਤ ਆ ਗਈ ਹੈ।

ਜਦੋਂ ਬਾਦਸ਼ਾਹ ਆਪਣੇ ਸ਼ਾਹੀ ਮਹਿਲ ਦੇ, ਵੱਡੇ ਹਾਲ ਵਿਚ, ਮਰ ਰਿਹਾ ਹੁੰਦਾ ਸੀ ਤਾਂ ਵਜ਼ੀਰ ਅਤੇ ਦਰਬਾਰੀ, ਨਵੇਂ ਬਾਦਸ਼ਾਹ ਨੂੰ ਆਪਣੀ ਵਫ਼ਾਦਾਰੀ ਦੇ ਹਲਫ਼ਨਾਮੇ ਦੇਣ ਲਈ, ਪਾਗਲਾਂ ਵਾਂਗ ਵਾਹੋ-ਦਾਹੀ ਦੌੜ ਰਹੇ ਹੁੰਦੇ ਸਨ।

ਬਾਦਸ਼ਾਹ ਦੇ ਅੱਖਾਂ ਮੀਟਦਿਆਂ ਹੀ ਬਗਾਵਤਾਂ ਜਾਗ ਪੈਂਦੀਆਂ ਸਨ, ਇਸ ਕਰਕੇ ਕਈ ਵਾਰੀ ਬਾਦਸ਼ਾਹ ਦੀ ਮੌਤ ਨੂੰ ਕਿਤਨੇ ਹੀ ਦਿਨ ਲੁਕਾ ਕੇ ਰੱਖਿਆ ਜਾਂਦਾ ਸੀ।

586

ਇਕ ਮਾਂ ਆਪਣੇ ਪੁੱਤਰ ਨੂੰ ਮੰਦਰ ਨਾ ਜਾਣ ਦੀ ਝਾੜ ਪਾ ਰਹੀ ਸੀ।

ਤੂੰ ਫਿਲਮ ਵੇਖਣ ਲਈ ਸੁਧੀਰ ਦੇ ਘਰ ਜਾਂਦਾ ਹੈਂ, ਤੂੰ ਫੁੱਟਬਾਲ ਖੇਡਣ ਲਈ ਅਨਮੋਲ ਦੇ ਘਰ ਜਾਂਦਾ ਹੈਂ, ਤੂੰ ਸਿਤਾਰ ਸਿੱਖਣ ਲਈ ਸ਼ੀਲਾ ਦੇ ਘਰ ਜਾਂਦਾ ਹੈਂ, ਕੀ ਤੇਰਾ ਫਰਜ਼ ਨਹੀਂ ਬਣਦਾ ਕਿ ਤੂੰ ਹਫਤੇ ਵਿਚ ਇਕ ਦਿਨ ਭਗਵਾਨ ਦੇ ਘਰ ਵੀ ਜਾਵੇਂ।

ਪੁੱਤਰ ਨੇ ਕੁਝ ਚਿਰ ਸੋਚ ਕੇ ਕਿਹਾ: ਮਾਂ, ਮੈਂ ਸੁਧੀਰ ਦੇ ਘਰ ਜਾਂਦਾ ਹਾਂ, ਸੁਧੀਰ ਮਿਲਦਾ

www.quotesinpunjabi.ml

QuotesInPunjabi
ਹੈ, ਅਨਮੋਲ ਦੇ ਘਰ ਜਾਂਦਾ ਹਾਂ, ਅਨਮੋਲ ਮਿਲਦਾ ਹੈ, ਸ਼ੀਲਾ ਦੇ ਘਰ, ਸ਼ੀਲਾ ਮਿਲਦੀ ਹੈ।

ਭਗਵਾਨ ਦੇ ਘਰ ਕਈ ਵਾਰ ਗਿਆ ਹਾਂ ਪਰ ਭਗਵਾਨ ਕਦੀ ਘਰ ਹੁੰਦਾ ਹੀ ਨਹੀਂ, ਹਰ ਵਾਰੀ ਮਿਲੇ ਬਿਨਾਂ ਹੀ ਵਾਪਸ ਆਉਣਾ ਪੈਂਦਾ ਹੈ।

587

ਲੋਕ ਪਰੇਸ਼ਾਨ ਹਨ। ਸਵੇਰੇ ਅਖਬਾਰਾਂ ਸਤਾਉਂਦੀਆਂ ਹਨ, ਸ਼ਾਮ ਨੂੰ ਟੈਲੀਵੀਜ਼ਨ ਉੱਤੇ ਜੁਰਮਾਂ ਦੇ ਸਮਾਚਾਰ ਡਰਾਉਂਦੇ ਹਨ।

ਹਰ ਕੋਈ ਥੱਕਿਆ ਹੋਇਆ, ਚਿੰਤਤ ਅਤੇ ਮਾਯੂਸ ਹੈ।

ਕਿਸੇ ਨੇ ਪੁੱਛਿਆ: ਆਰਾਮ ਕਰਨਾ ਚਾਹੁੰਦਾ ਹਾਂ, ਕਿਥੇ ਜਾਵਾਂ ?

ਜਵਾਬ ਮਿਲਿਆ: ਕਿਧਰੇ ਜਾਣ ਦੀ ਲੋੜ ਨਹੀਂ, ਆਪਣੇ ਘਰ ਵਿਚ ਹੀ ਆਰਾਮ ਕੀਤਾ ਜਾ ਸਕਦਾ ਹੈ। ਅਖਬਾਰ ਬੰਦ ਕਰ ਦਿਓ, ਟੈਲੀਫੋਨ ਸਵਿਚ-ਆਫ ਕਰ ਦਿਓ, ਕੰਪਿਊਟਰ ਪਰ੍ਹੇ ਰੱਖ ਦਿਓ, ਟੈਲੀਵੀਜ਼ਨ ਦਾ ਪਲੱਗ ਕੱਢ ਦਿਓ, ਆਰਾਮ ਸ਼ੁਰੂ ਹੋ ਜਾਵੇਗਾ ਪਰ ਅਜੋਕੇ ਮਨੁੱਖ ਨੂੰ ਪਰੇਸ਼ਾਨ ਹੋਣ ਦੀ ਇਤਨੀ ਆਦਤ ਪੈ ਗਈ ਹੈ ਕਿ ਉਹ ਆਰਾਮ ਤੋਂ ਵੀ ਝੱਟ ਪਰੇਸ਼ਾਨ ਹੋ ਜਾਂਦਾ ਹੈ।

588

ਜਮਾਦਾਰਾਂ ਦੇ ਪਰਿਵਾਰ ਵਿਚ, ਇਕ ਲੜਕਾ ਬੜਾ ਤਿੱਖਾ ਅਤੇ ਹੁਸ਼ਿਆਰ ਸੀ, ਜਿਸ ਇਕ ਉਦਾਰ ਵਿਅਕਤੀ ਦੇ ਘਰ ਉਹ ਕੰਮ ਕਰਦਾ ਸੀ, ਉਸ ਨੇ ਆਪਣੇ ਖਰਚੇ 'ਤੇ ਉਸ ਨੂੰ ਵਿਦਿਆ ਦੁਆਈ ਅਤੇ ਮਗਰੋਂ ਪ੍ਰਚੂਨ ਦੀ ਦੁਕਾਨ ਪੁਆ ਦਿੱਤੀ।

ਜਦੋਂ ਉਹ ਵਿਅਕਤੀ ਕੁਝ ਅਰਸੇ ਮਗਰੋਂ, ਵਿਦੇਸ਼ ਤੋਂ ਵਾਪਸ ਆਇਆ ਤਾਂ ਵੇਖਿਆ ਉਸ ਲੜਕੇ ਨੇ ਦੁਕਾਨ ਛੱਡ ਦਿੱਤੀ ਸੀ ਅਤੇ ਉਹ ਮੁੜ ਜਮਾਦਾਰਾਂ ਦਾ ਕੰਮ ਕਰ ਰਿਹਾ ਸੀ, ਕਿਉਂਕਿ ਉਸ ਵਲੋਂ ਆਪਣੀ ਜਾਤ ਦਾ ਨਿਰਧਾਰਤ ਕੰਮ ਤਿਆਗਣ ਕਾਰਨ, ਬਰਾਦਰੀ ਨੇ ਉਸ ਨੂੰ ਛੇਕ ਦਿੱਤਾ ਸੀ। ਬਰਾਦਰੀ ਦੇ ਫੈਸਲੇ ਨਾਲ ਉਹ ਉਖੜ ਗਿਆ ਸੀ।

ਉਹ ਉਨ੍ਹਾਂ ਨਾਲ ਖਾ-ਪੀ ਨਹੀਂ ਸੀ ਸਕਦਾ, ਉਹ ਉਨ੍ਹਾਂ ਨਾਲ ਰਿਸ਼ਤਾ ਨਹੀਂ ਸੀ ਨਿਭਾ ਸਕਦਾ, ਉਹ ਆਪਣੀ ਬਰਾਦਰੀ ਵਿਚ ਵਿਆਹ ਨਹੀਂ ਸੀ ਕਰਵਾ ਸਕਦਾ। ਬਰਾਦਰੀ ਨੇ ਬਾਹਰ, ਵਿਆਹ ਨਹੀਂ ਸੀ ਹੋਣ ਦੇਣਾ।

ਮੁੜ ਜਮਾਦਾਰ ਦਾ ਕੰਮ ਕਰਨ ਨਾਲ ਉਹ ਸੁਖੀ ਅਤੇ ਸੁਰੱਖਿਅਤ ਮਹਿਸੂਸ ਕਰ ਰਿਹਾ ਸੀ ਅਤੇ ਉਸ ਦਾ ਉਖੜਿਆ ਜੀਵਨ ਮੁੜ ਲੀਹ 'ਤੇ ਆ ਗਿਆ ਸੀ।

ਬਰਾਦਰੀ ਵਲੋਂ ਪਰੰਪਰਾ ਦੀ ਪੂਜਾ ਹੋ ਰਹੀ ਸੀ, ਵਿਕਾਸ ਭੰਡਿਆ ਜਾ ਰਿਹਾ ਸੀ।

ਹੁਣ ਨਾ ਉਹ ਤਿੱਖਾ ਸੀ ਨਾ ਹੁਸ਼ਿਆਰ, ਉਹ ਪੱਕਾ ਜਮਾਦਾਰ ਸੀ।

ਪਰਿਵਰਤਨ ਕਦੇ ਵੀ, ਕਿਧਰੇ ਵੀ, ਸੌਖਿਆਂ ਨਹੀਂ ਆਉਂਦੇ।

www.quotesinpunjabi.ml

QuotesInPunjabi

589

ਚੰਗੇ ਅਤੇ ਸੁਖਾਵੇਂ ਅਨੁਭਵਾਂ ਨਾਲ ਹੋਰ ਚੰਗੀਆਂ ਗੱਲਾਂ ਜੋੜ ਦਿੱਤੀਆਂ ਜਾਂਦੀਆਂ ਹਨ ਅਤੇ ਹੋਰ ਗੱਲਾਂ ਜੁੜਨ ਕਾਰਨ, ਉਹ ਚੰਗੇਰੇ ਅਨੁਭਵ ਬਣ ਜਾਂਦੇ ਹਨ।

ਜਨਮ ਦਿਨ ਮਨਾਉਣਾ ਖੁਸ਼ੀ ਦਾ ਅਵਸਰ ਹੁੰਦਾ ਹੈ। ਇਸ ਨਾਲ ਇਹ ਧਾਰਣਾ ਜੋੜ ਦਿੱਤੀ ਗਈ ਕਿ ਜੇ ਕੇਕ 'ਤੇ ਲੱਗੀਆਂ ਸਾਰੀਆਂ ਮੋਮਬੱਤੀਆਂ ਇਕ ਹੀ ਸਾਹ ਨਾਲ ਬੁਝਾ ਦਿੱਤੀਆਂ ਜਾਣ ਤਾਂ ਉਸ ਵੇਲੇ ਕੀਤੀ ਮਨੋਕਾਮਨਾ ਪੂਰੀ ਹੁੰਦੀ ਹੈ।

ਇਵੇਂ ਹੀ ਪ੍ਰਸੰਨ ਕਰਨ ਵਾਲੇ ਅੰਧ-ਵਿਸ਼ਵਾਸ, ਪੱਕੇ ਵਿਸ਼ਵਾਸ ਬਣ ਜਾਂਦੇ ਹਨ।

ਸਵੀਡਨ ਵਿਚ ਇਹ ਵਿਸ਼ਵਾਸ ਹੈ ਕਿ ਜੇ ਸੱਤ ਵੱਖਰੇ ਫੁੱਲ ਸਰਹਾਣੇ ਥੱਲੇ ਰੱਖੇ ਜਾਣ ਤਾਂ ਹੋਣ ਵਾਲੇ ਪਤੀ ਦਾ ਸੁਪਨਾ ਆਉਂਦਾ ਹੈ।

ਇਵੇਂ ਹੀ ਜੇ ਪੁਰਸ਼ ਨੌਂ ਫੁੱਲ ਰੱਖੇ ਤਾਂ ਉਸ ਨੂੰ ਹੋਣ ਵਾਲੀ ਪਤਨੀ ਅਤੇ ਸਾਲੀ ਦੋਹਾਂ ਦਾ ਸੁਪਨਾ ਆਉਂਦਾ ਹੈ।

590

ਵਕਾਲਤ ਦੇ ਧੰਦੇ ਵਿਚ ਇਹ ਆਮ ਗੱਲ ਹੈ ਕਿ ਸ਼ੁਰੂ ਵਿਚ ਲੰਮਾ ਅਰਸਾ, ਕੋਈ ਗਾਹਕ ਜਾਂ ਕਲਾਇੰਟ, ਜਾਂ ਮੁਕੱਦਮਾ ਨਹੀਂ ਆਉਂਦਾ।

ਇਕ ਨਵਾਂ ਵਕੀਲ ਸਾਰਾ-ਸਾਰਾ ਦਿਨ ਗਾਹਕ ਨੂੰ ਉਡੀਕਦਾ ਰਹਿੰਦਾ ਸੀ। ਪਤਨੀ ਸਕੂਲ ਅਧਿਆਪਕਾ ਸੀ, ਜਿਹੜੀ ਨੇੜਲੇ ਪਿੰਡ ਦੇ ਸਕੂਲ ਵਿਚ ਲੱਗੀ ਹੋਈ ਸੀ।

ਪਤਨੀ ਨੇ ਕਿਹਾ: ਤੁਸੀਂ ਵਿਹਲੇ ਰਹਿੰਦੇ ਹੋ, ਮੈਨੂੰ ਸਕੂਲ ਹੀ ਛੱਡ ਆਇਆ ਕਰੋ।

ਵਕੀਲ-ਪਤੀ, ਆਪਣੀ ਪਤਨੀ ਨੂੰ ਸਕੂਲ ਛੱਡਣ ਜਾਣ ਲੱਗ ਪਿਆ। ਪਿੱਛੋਂ ਜੇ ਕਦੇ ਕੋਈ ਗਾਹਕ ਆਉਂਦਾ, ਪੁੱਛਦਾ ਕਿਥੇ ਹਨ ? ਜਿਹੋ ਜਿਹਾ ਵਕੀਲ ਹੁੰਦਾ ਹੈ, ਉਹੋ ਜਿਹਾ ਹੀ ਉਸਦਾ ਮੁਨਸ਼ੀ ਹੁੰਦਾ ਹੈ। ਮੁਨਸ਼ੀ ਦਸਦਾ: ਪਤਨੀ ਨੂੰ ਸਕੂਲ ਛੱਡਣ ਗਏ ਹਨ।

ਕੁਝ ਅਰਸੇ ਮਗਰੋਂ ਪਤਨੀ ਨੇ ਕਿਹਾ: ਤੁਸੀਂ ਵਿਹਲੇ ਹੀ ਹੁੰਦੇ ਹੋ, ਮੈਨੂੰ ਸਕੂਲ ਤੋਂ ਲੈ ਹੀ ਆਇਆ ਕਰੋ। ਕਿਉਂਕਿ ਗੁਜ਼ਾਰਾ ਪਤਨੀ ਦੀ ਆਮਦਨ ਨਾਲ ਹੁੰਦਾ ਸੀ, ਸੋ ਉਹ ਦੁਪਹਿਰ ਵੇਲੇ ਪਤਨੀ ਨੂੰ ਸਕੂਲ ਤੋਂ ਘਰ ਲਿਆਉਣ ਲਈ ਜਾਣ ਲੱਗ ਪਿਆ।

ਜਿਹੜਾ ਕਲਾਇੰਟ ਆਉਂਦਾ ਪੁੱਛਦਾ, ਕਿਥੇ ਹਨ ? ਕਈ ਨਵੇਂ ਵਕੀਲਾਂ ਦਾ ਸਾਂਝਾ ਮੁਨਸ਼ੀ ਕਹਿੰਦਾ: ਪਤਨੀ ਨੂੰ ਸਕੂਲੋਂ ਲੈਣ ਗਏ ਹਨ।

ਉਹ ਵਕੀਲ ਸਾਹਿਬ, ਪਤਨੀ ਨੂੰ ਸਕੂਲ ਲੈ ਜਾਣ-ਲਿਆਉਣ ਵਿਚ ਸਫਲ ਸਨ ਪਰ ਵਕਾਲਤ ਵਿੱਚ ਅਸਫਲ ਸਨ। ਜਿਹੜਾ ਕੰਮ ਕਰੋਗੇ ਉਸੇ ਵਿਚ ਸਫਲ ਹੋਵੋਗੇ।

591

ਅਫਰੀਕਾ ਵਿਚ ਜਦੋਂ ਕਿਸੇ ਦੀ ਪਹਿਲੀ ਵਾਰ ਫੋਟੋ ਖਿੱਚ ਕੇ ਵਿਖਾਈ ਗਈ ਤਾਂ ਉਹ ਵਿਅਕਤੀ ਆਪਣੇ ਆਪ ਨੂੰ ਫੋਟੋ ਵਿਚ ਨਾ ਵੇਖ ਸਕਿਆ, ਨਾ ਪਛਾਣ ਸਕਿਆ ਪਰ ਪਿਛੇ ਖਲੋਤੀ ਬੱਕਰੀ ਨੂੰ ਫੋਟੋ ਵਿਚ ਵੇਖ ਕੇ ਪਛਾਣ ਗਿਆ।

ਉਸ ਨੇ ਆਪਣਾ ਚਿਹਰਾ ਕਦੇ ਵੇਖਿਆ ਹੀ ਨਹੀਂ ਸੀ।

www.quotesinpunjabi.ml

QuotesInPunjabi

592

ਇਕ ਰਾਜਕੁਮਾਰ ਨੂੰ ਇਕ ਲੜਕੀ ਨਾਲ ਪਿਆਰ ਹੋ ਗਿਆ ਅਤੇ ਉਸ ਨੇ ਉਸ ਲੜਕੀ ਨਾਲ ਵਿਆਹ ਕਰਵਾਉਣਾ ਚਾਹਿਆ ਪਰ ਲੜਕੀ ਦੇ ਪਿਤਾ ਨੇ, ਕਿਸੇ ਪੁਰਾਣੇ ਗਿਲੇ-ਸ਼ਿਕਵੇ ਕਾਰਨ, ਰਾਜੇ ਦੇ ਪੁੱਤਰ ਨਾਲ, ਰਿਸ਼ਤਾ ਕਰਨ ਤੋਂ ਇਨਕਾਰ ਕਰ ਦਿੱਤਾ।

ਰਾਜੇ ਨੇ ਆਪਣੇ ਮੰਤਰੀ ਭੇਜੇ, ਆਪ ਗਿਆ ਪਰ ਨਾਂਹ, ਹਾਂ ਨਾ ਬਣੀ।

ਇਲਾਕੇ ਦੇ ਥਾਣੇਦਾਰ ਨੂੰ ਪਤਾ ਲੱਗਿਆ, ਉਸ ਨੇ ਵੀ ਪਿਤਾ ਨੂੰ ਰਿਸ਼ਤਾ ਕਰਨ ਲਈ ਮਨਾਉਣ ਦਾ ਯਤਨ ਕੀਤਾ ਪਰ ਉਹ ਨਾਂਹ ਹੀ ਕਰੀ ਜਾ ਰਿਹਾ ਸੀ।

ਥਾਣੇਦਾਰ ਨੇ ਉਸ ਨੂੰ ਚੰਗਾ ਕੁਟਾਪਾ ਚਾੜ੍ਹਿਆ। ਕੁਟਾਪੇ ਮਗਰੋਂ ਲੜਕੀ ਦੇ ਪਿਤਾ ਨੇ ਕਿਹਾ: ਮਹਾਰਾਜ ਮੈਂ ਸਮਝ ਗਿਆ ਹਾਂ, ਮੈਂ ਰਿਸ਼ਤਾ ਕਰਨ ਲਈ ਤਿਆਰ ਹਾਂ।

ਥਾਣੇਦਾਰ ਨੇ ਕਿਹਾ: ਰਾਜਾ ਆਪ ਤੇਰੇ ਕੋਲ ਆਇਆ, ਤੂੰ ਨਹੀਂ ਸਮਝਿਆ, ਹੁਣ ਤੂੰ ਇਤਨੀ ਜਲਦੀ ਕਿਵੇਂ ਸਮਝ ਗਿਆ ਹੈਂ ਅਤੇ ਰਿਸ਼ਤਾ ਕਰਨ ਲਈ ਤਿਆਰ ਹੋ ਗਿਆ ਹੈਂ?

ਲੜਕੀ ਦੇ ਪਿਤਾ ਨੇ ਕਿਹਾ: ਜਨਾਬ, ਜਿਵੇਂ ਤੁਸੀਂ ਸਮਝਾਇਆ ਹੈ, ਮੈਨੂੰ ਪਹਿਲਾਂ ਕਿਸੇ ਨੇ ਇਤਨੀ ਚੰਗੀ ਤਰ੍ਹਾਂ ਸਮਝਾਇਆ ਹੀ ਨਹੀਂ, ਇਸ ਕਰਕੇ ਮੈਂ ਸਮਝ ਗਿਆ ਹਾਂ।

593

ਇਕ ਸੰਗੀਤ ਪ੍ਰੋਗਰਾਮ ਹੋਣਾ ਸੀ, ਪੁੱਤਰ ਨੇ ਪੂਰੀ ਤਿਆਰੀ ਕੀਤੀ ਹੋਈ ਸੀ। ਪਿਤਾ ਨੇ ਰਿਆਜ਼, ਅਭਿਆਸ ਕਰਵਾ ਕੇ ਵੇਖਿਆ, ਪ੍ਰਵਾਨਗੀ ਦਿੰਦਿਆਂ ਕਿਹਾ: ਆਪਣੀ ਕਲਾ ਪ੍ਰਗਟਾਉਣੀ ਹੈ, ਸਰੋਤਿਆਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਨਹੀਂ ਕਰਨਾ। ਆਪਣੀ ਕਲਾ ਪ੍ਰਗਟਾਵੇਂਗਾ, ਸਰੋਤਿਆਂ ਦੇ ਸੁਹਜ-ਸੁਆਦ ਦਾ ਪੱਧਰ ਉੱਚਾ ਚੁਕਿਆ ਜਾਵੇਗਾ, ਜੇ ਸਰੋਤਿਆਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰੇਂਗਾ ਤਾਂ, ਕਲਾ ਦਾ ਪੱਧਰ ਨੀਵਾਂ, ਹੋਰ ਨੀਵਾਂ ਹੁੰਦਾ ਜਾਵੇਗਾ, ਸਰੋਤੇ ਤੈਨੂੰ ਆਪਣੇ ਪਿਛੇ ਲਾ ਲੈਣਗੇ ਅਤੇ ਤੂੰ ਗਵਾਚ ਜਾਵੇਂਗਾ।

ਤੇਰੀ ਵਫ਼ਾਦਾਰੀ, ਕੇਵਲ ਆਪਣੀ ਕਲਾ ਪ੍ਰਤੀ ਹੋਣੀ ਚਾਹੀਦੀ ਹੈ।

ਵੱਡੇ ਕਲਾਕਾਰ ਆਪਣੀ ਕਲਾ ਪ੍ਰਤੀ ਵਫ਼ਾਦਾਰ ਹੁੰਦੇ ਹਨ।

594

ਅਨਪੜ੍ਹਾਂ ਦੀ ਇਕ ਫਿਰਕਾਪ੍ਰਸਤ ਪਾਰਟੀ ਵਲੋਂ ਚੋਣਾਂ ਲਈ ਉਮੀਦਵਾਰਾਂ ਦਾ ਫੈਸਲਾ ਹੋ ਰਿਹਾ ਸੀ। ਦਸ-ਬਾਰ੍ਹਾਂ ਸਾਲਾਂ ਤੋਂ ਪਾਰਟੀ ਵਿਚ ਕੰਮ ਕਰਦੇ, ਇਕ ਸਾਬਕਾ ਕਰਨਲ ਨੇ ਜਦੋਂ ਟਿਕਟ ਮੰਗੀ ਤਾਂ ਪਾਰਟੀ ਦੇ ਪ੍ਰਧਾਨ ਨੇ ਕਿਹਾ: ਇਸ ਕਰਨਲ ਨੂੰ ਟਿਕਟ ਨਹੀਂ ਦੇਣੀ, ਇਹ ਜ਼ਿਆਦਾ ਪੜ੍ਹਿਆ-ਲਿਖਿਆ ਹੈ, ਅਜਿਹੇ ਉਮੀਦਵਾਰ ਜਿੱਤ ਕੇ ਕਿਸੇ ਹੋਰ ਪਾਰਟੀ ਨਾਲ ਜਾ ਰਲਦੇ ਹਨ, ਜਿਸ ਨਾਲ ਸਾਡੀ ਪਾਰਟੀ ਬਦਨਾਮ ਹੁੰਦੀ ਹੈ।

ਕਰਨਲ ਨੇ ਗੁੱਸੇ ਨਾਲ ਕਿਹਾ: ਦਸ-ਬਾਰ੍ਹਾਂ ਸਾਲ ਭੁਹਾਡੇ ਵਿਚ ਰਹਿ ਕੇ ਮੈਂ ਕਾਹਦਾ ਪੜ੍ਹਿਆ-ਲਿਖਿਆ ਰਹਿ ਗਿਆ ਹਾਂ?

www.quotesinpunjabi.ml

QuotesInPunjabi

595

ਵਿਗਿਆਨ ਬਦਲ ਰਿਹਾ ਹੈ, ਧਰਮ ਸਥਿਰ ਹੈ।

ਬੁੱਧੀ ਅਤੇ ਮਨ ਬਦਲ ਰਹੇ ਹਨ, ਆਤਮਾ ਸਥਿਰ ਹੈ।

ਸੰਸਾਰ ਵਾਂਗ ਮਨੁੱਖ ਬਦਲ ਰਿਹਾ ਹੈ, ਪਰਮਾਤਮਾ ਸਥਿਰ ਹੈ।

ਪਰੰਪਰਾਗਤ ਸਮਾਜਾਂ ਦੇ ਲੋਕ ਬਦਲਾਓ ਤੋਂ ਡਰਦੇ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬਦਲਾਓ ਨਾਲ, ਬਦਲੀਆਂ ਹਾਲਤਾਂ ਵਿਚ ਉਨ੍ਹਾਂ ਦਾ ਕੀ ਹਾਲ ਹੋਵੇਗਾ, ਇਸ ਲਈ ਉਹ ਧਰਮ ਦੀ, ਆਤਮਾ ਦੀ ਅਤੇ ਪਰਮਾਤਮਾ ਦੀ ਸਥਿਰਤਾ ਅਪਨਾ ਲੈਂਦੇ ਹਨ ਅਤੇ ਸੁਰੱਖਿਅਤ ਮਹਿਸੂਸ ਕਰਦੇ ਹਨ।

ਜਿਹੜੇ ਬਦਲਾਓ ਦੇ ਪੱਖ ਵਿਚ ਹੁੰਦੇ ਹਨ, ਉਹ ਵਸੀਲੇ, ਸਾਧਨ ਅਤੇ ਸਹੂਲਤਾਂ ਉਪਜਾ ਕੇ, ਜੀਵਨ ਨੂੰ ਸੁਖਾਲਾ, ਵਿਸ਼ਾਲ ਅਤੇ ਮਾਣਨਯੋਗ ਬਣਾ ਲੈਂਦੇ ਹਨ।

ਪੂਰਬੀ ਅਤੇ ਪੱਛਮੀ ਸੰਸਾਰ ਦਾ ਇਹੀ ਅੰਤਰ ਹੈ।

596

ਮਰ ਰਹੇ ਬੰਦੇ ਨਾਲ ਇਕਰਾਰ ਤੋੜਨ ਨਾਲ ਸਾਡੇ ਸੁਪਨੇ ਜ਼ਖ਼ਮੀ ਹੋ ਜਾਂਦੇ ਹਨ।

ਇਕ ਵਿਅਕਤੀ ਨੇ ਆਪਣੀ ਬੀਮਾਰੀ ਦੀ ਗੰਭੀਰ ਹਾਲਤ ਵਿਚ, ਆਪਣੇ ਪੁੱਤਰ ਨੂੰ ਮੋਟੀ ਰਕਮ ਦਿੰਦਿਆਂ ਕਿਹਾ: ਇਨ੍ਹਾਂ ਪੈਸਿਆਂ ਨਾਲ ਮੇਰਾ ਭੋਗ ਪਾਈਂ ਅਤੇ ਸਾਰੀ ਬਰਾਦਰੀ ਨੂੰ ਚੰਗਾ ਅਤੇ ਖੁੱਲ੍ਹਾ ਭੋਜਨ ਖੁਆਈਂ।

ਪਿਤਾ, ਉਸੇ ਰਾਤ ਮਰ ਗਿਆ। ਪੁੱਤਰ ਨੇ ਪੈਸੇ ਆਪਣੇ ਕੋਲ ਰੱਖ ਲਏ ਅਤੇ ਭੋਗ ਦੀ ਸਾਦੀ ਜਿਹੀ ਰਸਮ ਨਿਭਾ ਦਿੱਤੀ।

ਪਿਤਾ ਦਾ ਆਖਿਆ ਨਾ ਮੰਨਣ ਕਰਕੇ, ਪੁੱਤਰ ਦਾ ਮਨ ਉਸ ਨੂੰ ਨਿਰੰਤਰ ਸ਼ਰਮਸਾਰ ਕਰਦਾ ਰਹਿੰਦਾ ਸੀ। ਉਸ ਨੂੰ ਡਰਾਉਣੇ ਸੁਪਨੇ ਆਉਂਦੇ ਸਨ। ਕਈ ਵਾਰ ਪਿਤਾ ਦਾ ਸੁਪਨਾ ਆਇਆ, ਜਿਸ ਵਿਚ ਪਿਤਾ ਕਹਿੰਦਾ ਕੁਝ ਨਹੀਂ ਸੀ ਪਰ ਉਸ ਵਲ ਵੇਖਦਾ ਰਹਿੰਦਾ ਸੀ, ਪਿਤਾ ਦੀਆਂ ਅੱਖਾਂ ਕੁਝ ਪੁੱਛਦੀਆਂ ਰਹਿੰਦੀਆਂ ਸਨ।

ਇਸ ਪਰੇਸ਼ਾਨੀ ਦੇ ਦਸ ਸਾਲ ਲੰਘ ਚੁਕੇ ਸਨ। ਪੁੱਤਰ ਨੂੰ ਪਛਤਾਵੇ ਦਾ ਸੰਤਾਪ ਸੀ ਅਤੇ ਪਿਤਾ ਵਲੋਂ ਦਿੱਤਾ ਕਰਤੱਵ, ਪਾਲਣ ਦਾ ਬਹਾਨਾ ਨਹੀਂ ਸੀ ਸੁਝ ਰਿਹਾ।

ਇਤਨੇ ਨੂੰ ਇਕ ਦਿਨ ਉਸ ਨੇ ਅਖਬਾਰ ਵਿਚ ਕਿਸੇ ਦੀ ਦਸਵੀਂ ਬਰਸੀ ਬਾਰੇ ਪੜ੍ਹਿਆ। ਉਸ ਨੇ ਵੀ ਦਸਵੀਂ ਬਰਸੀ ਨੂੰ ਬਹਾਨਾ ਬਣਾ ਕੇ ਭੋਗ ਪਾਇਆ, ਜਿਵੇਂ ਪਿਤਾ ਨੇ ਕਿਹਾ ਸੀ, ਉਵੇਂ ਕੀਤਾ, ਮਨ ਤੋਂ ਬੋਝ ਉਤਰਿਆ, ਸ਼ਾਂਤ ਹੋ ਗਿਆ।

ਬੋਝ ਪਿਤਾ ਨੇ ਨਹੀਂ ਸੀ ਪਾਇਆ, ਬੋਝ ਤਾਂ ਉਸ ਨੇ ਆਪ ਚੁੱਕਿਆ ਹੋਇਆ ਸੀ।

www.quotesinpunjabi.ml

QuotesInPunjabi

597

ਇਕ ਲੜਕੀ ਬਹੁਤ ਖਾਂਦੀ ਸੀ, ਕਿਉਂਕਿ ਜੀਵਨ-ਉਦੇਸ਼ ਕੋਈ ਨਹੀਂ ਸੀ, ਸੋ ਉਹ ਕਰਦੀ ਵੀ ਕੁਝ ਨਹੀਂ ਸੀ। ਉਹ ਮੋਟੀ ਹੋ ਗਈ ਸੀ। ਮੋਟਾਪੇ ਕਾਰਨ ਕੋਝੀ ਲਗਦੀ ਸੀ।

ਇਕ ਵਾਰੀ ਉਸ ਨੂੰ ਸੋਕੇ ਦੇ ਸ਼ਿਕਾਰ, ਭੋਜਨ ਦੀ ਥੁੜ੍ਹ ਵਾਲੇ ਇਲਾਕੇ ਵਿਚ ਵਿਚਰਨਾ ਪਿਆ, ਜਿਥੇ ਉਸ ਨੇ ਹੋਰਾਂ ਨਾਲ ਰਲ ਕੇ, ਕਈ ਸਾਧਨਾਂ ਅਤੇ ਸਰੋਤਾਂ ਤੋਂ ਭੋਜਨ ਇਕੱਤਰ ਕਰਨਾ ਹੁੰਦਾ ਸੀ। ਪਹਿਲਾਂ ਉਹ ਸਵਾਰਥੀ ਸੀ, ਹੁਣ ਉਹ ਕਲਿਆਣਕਾਰੀ ਸੀ।

ਪਹਿਲਾਂ ਉਹ ਜਾਂ ਖਾਂਦੀ ਸੀ ਜਾਂ ਸੌਂਦੀ ਸੀ, ਹੁਣ ਉਸ ਨੂੰ ਹੋਰਾਂ ਦੀ ਭੁੱਖ ਵੇਖ ਕੇ, ਆਪ ਭੁੱਖ ਲਗਦੀ ਹੀ ਨਹੀਂ ਸੀ। ਸਵੇਰੇ, ਦੁਪਹਿਰ ਲਈ; ਦੁਪਹਿਰੇ, ਸ਼ਾਮ ਲਈ; ਭੋਜਨ ਇਕੱਤਰ ਕਰਨ ਦੀ ਚਣੌਤੀ ਕਾਰਨ, ਹੁਣ ਉਸ ਕੋਲ ਸੌਣ ਦੀ ਵਿਹਲ ਹੀ ਨਹੀਂ ਸੀ।

ਪਹਿਲਾਂ ਉਹ ਭੁੱਖਿਆਂ ਵਾਂਗ ਖਾਂਦੀ ਸੀ, ਹੁਣ ਉਹ ਭੁੱਖਿਆਂ ਨੂੰ ਖੁਆਉਂਦੀ ਸੀ।

ਹੁਣ ਉਹ ਆਪ ਖਾਣ ਵਿਚ ਨਹੀਂ, ਹੋਰਾਂ ਨੂੰ ਖੁਆਉਣ ਵਿਚ ਰੁਝੀ ਰਹਿੰਦੀ ਸੀ।

ਇਨ੍ਹਾਂ ਰੁਝੇਵਿਆਂ, ਕੰਮਾਂ ਅਤੇ ਯਤਨਾਂ ਦੇ ਨਤੀਜੇ ਵਜੋਂ, ਉਹ ਪਤਲੀ ਹੋ ਗਈ ਅਤੇ ਪਤਲੀ ਹੋਣ ਕਰਕੇ ਸੋਹਣੀ ਹੋ ਗਈ। ਪਤਲੀ ਉਹ ਆਪ ਘੱਟ ਖਾਣ ਕਾਰਨ ਹੋਈ, ਸੋਹਣੀ ਉਹ ਭੁੱਖਿਆਂ ਨੂੰ ਰਜਾਉਣ ਕਾਰਨ ਹੋਈ।

598

ਇਕ ਕਿਸਾਨ ਨੇ ਖੇਤੀ ਵਿਚ ਦਿਲਚਸਪੀ ਨਾ ਲੈਣ ਵਾਲੇ ਪੁੱਤਰ ਨੂੰ ਦੌੜਾਕ ਘੋੜੇ ਪਾਲਣ ਦੇ ਕੰਮ ਵਿਚ ਲਾਇਆ, ਜਿਹੜਾ ਪੁੱਤਰ ਨੇ ਪੂਰੀ ਲਗਨ ਨਾਲ ਸੰਭਾਲ ਲਿਆ।

ਇਵੇਂ ਹੀ ਇਕ ਵੱਡੇ ਢਾਬੇ ਦੇ ਮਾਲਕ ਨੇ ਆਪਣੇ ਪੁੱਤਰ ਨੂੰ ਨਵਾਂ ਹੋਟਲ ਖੋਲ੍ਹਣ ਦਾ ਸੁਪਨਾ ਦਿੱਤਾ, ਜਿਹੜਾ ਪੁੱਤਰ ਨੇ ਯਥਾਰਥ ਕਰ ਵਿਖਾਇਆ।

ਨਵੀਂ ਪੀੜ੍ਹੀ, ਕੁਝ ਨਵਾਂ ਕਰਨਾ ਚਾਹੁੰਦੀ ਹੈ, ਨਵੀਂ ਪੀੜ੍ਹੀ ਨੂੰ ਕਿਸੇ ਨਵੇਂ ਕੰਮ ਵਿਚ ਪਾਓ, ਦਿਲਚਸਪੀ ਲਏਗੀ, ਚਣੌਤੀ ਸਵੀਕਾਰ ਕਰੇਗੀ, ਕੁਝ ਕਰ ਕੇ ਵਿਖਾਏਗੀ, ਆਪਣੀ ਯੋਗਤਾ ਅਤੇ ਸਮਰੱਥਾ ਨਾਲ ਤੁਹਾਨੂੰ ਹੈਰਾਨ ਕਰ ਦੇਵੇਗੀ।

599

ਮਨੁੱਖ ਦੀ ਬੁਨਿਆਦੀ ਚੇਤਨਾ ਲਗਭਗ ਅਠਾਰ੍ਹਾਂ ਸਾਲ ਦੀ ਉਮਰ ਤੱਕ ਰੂਪ ਧਾਰ ਲੈਂਦੀ ਹੈ। ਇਸ ਉਪਰੰਤ ਇਸ 'ਤੇ ਪ੍ਰਭਾਵ ਤਾਂ ਪੈਂਦੇ ਹਨ ਪਰ ਆਧਾਰ ਨਹੀਂ ਬਦਲਦਾ। ਇਕ ਵਾਰੀ ਪਾਕਿਸਤਾਨ ਨੇ, ਮਨੋਹਰ ਨਾਂ ਦੇ ਇਕ ਭਾਰਤੀ ਨੂੰ ਜਾਸੂਸੀ ਦੇ ਦੋਸ਼ ਵਿਚ ਫੜ ਲਿਆ, ਜਿਹੜਾ ਚਾਲ੍ਹੀ ਸਾਲ ਮਗਰੋਂ ਕੈਦੀਆਂ ਦੇ ਵਟਾਂਦਰੇ ਨਾਲ ਦੇਸ਼ ਪਰਤਿਆ।

ਉਹ ਆਪਣਾ ਨਾਂ, ਪਤਾ ਸਭ ਕੁਝ ਭੁੱਲ ਗਿਆ ਸੀ। ਕਿਸੇ ਨਾ ਕਿਸੇ ਕਾਰਨ, ਬਚਪਨ ਵਿਚ ਮੱਥੇ ਉਤੇ ਸੱਟ ਦੇ ਨਿਸ਼ਾਨ ਦੇ ਆਧਾਰ 'ਤੇ, ਘਰ ਵਾਲਿਆਂ ਨੇ ਉਸ ਨੂੰ ਪਛਾਣ ਲਿਆ ਸੀ ਪਰ ਉਹ ਘਰ ਵਾਲਿਆਂ ਨੂੰ ਨਹੀਂ ਸੀ ਪਛਾਣਦਾ।

www.quotesinpunjabi.ml

QuotesInPunjabi

ਮਾਤਾ-ਪਿਤਾ ਮਰ ਗਏ ਸਨ। ਘਰ ਵਾਲਿਆਂ ਨੇ ਉਸ ਨੂੰ ਮਰ ਗਿਆ ਸਮਝ ਲਿਆ ਸੀ। ਪਰਿਵਾਰ ਦੇ ਵੱਖ ਵੱਖ ਜੀਆਂ ਨੇ ਉਸ ਨਾਲ ਗੱਲਾਂ ਕਰਨ ਦੇ ਕਈ ਢੰਗ-ਤਰੀਕੇ ਵਰਤੇ ਪਰ ਕਿਸੇ ਯਤਨ ਨਾਲ ਕੋਈ ਫਰਕ ਨਾ ਪਿਆ।

ਉਸ ਨੂੰ ਵੇਖ ਪਰਖ ਕੇ, ਮਾਨਸਿਕ ਰੋਗਾਂ ਦੇ ਇਕ ਡਾਕਟਰ ਨੇ ਕਿਹਾ: ਇਸ ਨੂੰ ਇਸ ਦੇ ਬਚਪਨ ਦੇ ਕਿਸੇ ਦੋਸਤ ਨਾਲ ਮਿਲਾਓ। ਘਰ ਵਾਲਿਆਂ ਨੇ ਗੁੱਲੇ ਨਾਂ ਦਾ ਉਸ ਦਾ ਸਕੂਲ ਦਾ ਦੋਸਤ ਲੱਭਿਆ, ਜਿਹੜਾ ਪੰਦਰ੍ਹਾਂ-ਸੋਲ੍ਹਾਂ ਸਾਲ ਦੀ ਉਮਰ ਵਿਚ ਉਸ ਦਾ ਜਮਾਤੀ ਸੀ, ਜਿਹੜਾ ਉਸ ਵਾਂਗ ਹੀ ਪੈਂਹਠ ਸਾਲ ਦਾ ਹੋ ਗਿਆ ਸੀ।

ਗੁੱਲਾ ਉਸ ਕੋਲ ਚੁੱਪ ਕਰਕੇ ਬੈਠਾ ਰਹਿੰਦਾ, ਉਹੀ ਉਸ ਨੂੰ ਪਾਣੀ-ਰੋਟੀ ਦਿੰਦਾ।

ਮਨੋਹਰ ਉਸ ਵਲ ਵੇਖਦਾ ਰਹਿੰਦਾ ਪਰ ਬੋਲਦਾ ਕੁਝ ਨਾ।

ਇਕ ਦਿਨ ਉਹ ਅਚਾਨਕ ਬੋਲ ਪਿਆ, ਓਏ ਤੂੰ ਗੁੱਲਾ ਏਂ? ਹੌਲੀ-ਹੌਲੀ ਗੁੱਲੇ ਰਾਹੀਂ ਉਸ ਦੀ ਯਾਦ-ਸ਼ਕਤੀ ਪਰਤ ਆਈ ਅਤੇ ਬੁਨਿਆਦੀ ਚੇਤਨਾ ਜਾਗ ਪਈ।

600

ਯੂਨੀਵਰਸਿਟੀਆਂ ਦੇ ਨਿਰਮਾਣ ਦਾ ਬੜਾ ਲੰਮਾ ਇਤਿਹਾਸ ਹੈ।

ਮੁੱਢਲੀਆਂ ਯੂਨੀਵਰਸਿਟੀਆਂ ਮੱਠਾਂ ਵਰਗੀਆਂ ਸਨ।

ਆਧੁਨਿਕ ਯੂਨੀਵਰਸਿਟੀਆਂ ਦੀ ਪਰੰਪਰਾ ਫਰਾਂਸ ਤੋਂ ਚਲੀ। ਇੰਗਲੈਂਡ ਦੀਆਂ ਓਕਸਫੋਰਡ ਅਤੇ ਕੈਂਬਰਿਜ ਯੂਨੀਵਰਸਿਟੀਆਂ ਦਾ ਉਦੇਸ਼ ਪਾਦਰੀ ਤਿਆਰ ਕਰਨਾ ਸੀ।

ਭਾਰਤ ਵਿਚ ਨਾਲੰਦਾ ਅਤੇ ਟੈਕਸਲਾ ਵਿਚ ਉਪਰਲੀਆਂ ਜਾਂਤਾਂ ਦੇ ਵਿਦਿਆਰਥੀ ਪੜ੍ਹਦੇ ਸਨ। ਇਨ੍ਹਾਂ ਯੂਨੀਵਰਸਿਟੀਆਂ ਵਿਚ ਇਕ ਦੁਆਰਪਾਲ ਹੁੰਦਾ ਸੀ। ਅੰਦਰ ਜਾਣ ਦੀ ਆਗਿਆ ਤਾਂ ਹੀ ਮਿਲਦੀ ਸੀ, ਜੇ ਵਿਦਿਆਰਥੀ ਪਹਿਲਾਂ, ਦੁਆਰਪਾਲ ਦੇ ਪ੍ਰਸ਼ਨਾਂ ਦਾ ਸੰਤੋਖਜਨਕ ਉੱਤਰ ਦਿੰਦਾ ਸੀ।

ਯੋਰਪ ਦੀਆ ਮੁੱਢਲੀਆਂ ਯੂਨੀਵਰਸਿਟੀਆਂ ਵਿਚ ਖਰਚੇ ਬਚਾਉਣ ਲਈ ਵਿਦਿਆਰਥੀ ਟੋਲੀਆਂ ਬਣਾ ਲੈਂਦੇ ਸਨ। ਇਹ ਟੋਲੀਆਂ ਮਗਰੋਂ ਜਮਾਤਾਂ ਅਖਵਾਈਆਂ। ਇਹ ਟੋਲੇ ਰਲ ਕੇ ਅਧਿਆਪਕਾਂ ਦੀ ਪਰਖ ਉਪਰੰਤ, ਉਨ੍ਹਾਂ ਨੂੰ ਚੁਣਦੇ ਸਨ ਅਤੇ ਵਿਦਿਆਰਥੀਆਂ ਦੀਆਂ ਆਸਾਂ 'ਤੇ ਪੂਰੇ ਨਾ ਉਤਰਨ 'ਤੇ ਅਧਿਆਪਕਾਂ 'ਤੇ ਜੁਰਮਾਨਾ ਲਗਦਾ ਸੀ। ਪੜ੍ਹਾਈ ਨੂੰ ਨੇਮਬੱਧ ਕਰਨ ਲਈ ਸਿਲੇਬਸ ਅਤੇ ਟਾਈਮ-ਟੇਬਲ ਦਾ ਨਿਰਮਾਣ ਹੋਇਆ। ਅਧਿਆਪਕ ਨੂੰ ਸਭ ਕੁਝ ਜ਼ਬਾਨੀ ਪੜ੍ਹਾਉਣਾ ਪੈਂਦਾ ਸੀ।

ਕੁਝ ਯੂਨੀਵਰਸਿਟੀਆਂ ਇਤਨੀਆਂ ਮਸ਼ਹੂਰ ਸਨ ਕਿ ਉਨ੍ਹਾਂ ਬਾਰੇ ਪ੍ਰਸਿੱਧ ਸੀ ਕਿ ਉਥੋਂ ਦੇ ਪੜ੍ਹੇ ਵਿਦਿਆਰਥੀ, ਸੰਸਾਰ ਦਾ ਹਰ ਕੰਮ ਕਰ ਸਕਦੇ ਸਨ।

www.quotesinpunjabi.ml

QuotesInPunjabi

601

ਆਪਣੇ ਆਪ ਨੂੰ ਮਹੱਤਵਪੂਰਨ ਸਮਝਣ ਵਾਲਾ ਇਕ ਵਿਅਕਤੀ, ਲਤਾ ਮੰਗੇਸ਼ਕਰ ਨੂੰ ਮਿਲਿਆ ਅਤੇ ਪੁੱਛਿਆ: ਕੀ ਤੁਸੀਂ ਮੈਨੂੰ ਪਛਾਣਦੇ ਹੋ ? ਲਤਾ ਮੰਗੇਸ਼ਕਰ ਨੂੰ ਰੋਜ਼ ਸੈਂਕੜੇ ਵਿਅਕਤੀ ਮਿਲਦੇ ਹਨ। ਉਸ ਨੇ ਹਲੀਮੀ ਅਤੇ ਸਲੀਕੇ ਨਾਲ ਕਿਹਾ: ਤੁਸੀਂ ਜਾਣੇ-ਪਛਾਣੇ ਲਗਦੇ ਹੋ ਪਰ ਯਾਦ ਨਹੀਂ ਆ ਰਿਹਾ ਕਿ ਕਿਥੇ ਜਾਣ-ਪਛਾਣ ਹੋਈ ਸੀ।

ਉਸ ਵਿਅਕਤੀ ਨੇ ਕਿਹਾ: ਪਛਾਣਨ ਦਾ ਯਤਨ ਕਰੋ, ਯਾਦ ਆ ਜਾਵੇਗਾ।

ਲਤਾ ਨੇ ਨਿਮਰਤਾ ਨਾਲ ਕਿਹਾ: ਯਾਦ ਨਹੀਂ ਆ ਰਿਹਾ ਕਿ ਅਸੀਂ ਕਿੱਥੇ, ਕਦੋਂ ਮਿਲੇ ਸਾਂ, ਸ਼ਾਇਦ ਮੇਰੀ ਯਾਦ ਸ਼ਕਤੀ ਹੀ ਕਮਜ਼ੋਰ ਹੋ ਗਈ ਹੈ।

ਉਸ ਵਿਅਕਤੀ ਨੇ ਕਿਹਾ: ਮੈਨੂੰ ਤਾਂ ਪੂਰੀ ਤਰ੍ਹਾਂ ਯਾਦ ਹੈ, ਅਸੀਂ ਕਿਥੇ ਮਿਲੇ ਸੀ, ਤੁਸੀਂ ਭੁੱਲ ਕਿਵੇਂ ਗਏ ? ਲਤਾ ਨੇ ਪਰੇਸ਼ਾਨ ਹੋ ਕੇ ਕਿਹਾ: ਯਾਦ ਨਹੀਂ ਆ ਰਿਹਾ। ਤੁਸੀਂ ਆਪ ਹੀ ਦਸ ਦਿਓ, ਕਿਥੇ ਮਿਲੇ ਸੀ।

ਉਸ ਵਿਅਕਤੀ ਨੇ ਕਿਹਾ: ਅੱਜ ਤੋਂ ਚੌਵ੍ਹੀ ਸਾਲ ਪਹਿਲਾਂ, ਜਦੋਂ ਤੁਸੀਂ ਦਿੱਲੀ ਦੇ ਕਾਮਨੀ ਹਾਲ ਵਿਚ, ਪ੍ਰੋਗਰਾਮ ਪੇਸ਼ ਕੀਤਾ ਸੀ ਤਾਂ ਮੈਂ ਸਤਾਈਵੀਂ ਲਾਈਨ ਦੀ ਤੇਈਵੀਂ ਸੀਟ 'ਤੇ ਬੈਠਾ ਸੀ। ਹੁਣ ਤਾਂ ਪਛਾਣ ਲਿਆ ਹੋਵੇਗਾ ?

602

ਫਰਾਂਸ ਦੇ ਵਿਦਵਾਨ ਡਿਡਰੋ ਨੇ, ਬਾਦਸ਼ਾਹ ਲੂਈ ਪੰਦਰ੍ਹਵੇਂ ਦੇ ਰਾਜਕਾਲ ਦੌਰਾਨ ਅਠਾਰਵੀਂ ਸਦੀ ਦੇ ਮੱਧ ਵਿਚ ਵਿਸ਼ਵਕੋਸ਼ ਤਿਆਰ ਕੀਤਾ, ਜਿਸ ਵਿਚ ਧਰਮ ਬਾਰੇ ਵੀ ਕਈ ਅੰਦਰਾਜ ਸਨ। ਪਾਦਰੀ, ਧਰਮ ਨੂੰ ਆਪਣਾ ਖੇਤਰ ਦਸਦੇ ਸਨ ਅਤੇ ਸਮਝਦੇ ਸਨ ਕਿ ਧਰਮ ਬਾਰੇ ਕਿਸੇ ਗੈਰ-ਪਾਦਰੀ ਨੂੰ ਕੁਝ ਕਹਿਣ ਦਾ ਅਧਿਕਾਰ ਨਹੀਂ ਸੀ।

ਪਾਦਰੀਆਂ ਨੇ ਚਰਚ ਆਉਣ ਵਾਲੇ ਲੋਕਾਂ ਨੂੰ ਭੜਕਾਇਆ ਅਤੇ ਬਾਦਸ਼ਾਹ ਰਾਹੀਂ, ਵਿਸ਼ਵਕੋਸ਼ 'ਤੇ ਪਾਬੰਦੀ ਲਵਾ ਦਿੱਤੀ। ਡਿਡਰੋ ਨੂੰ ਭੱਜ ਕੇ ਜਾਨ ਬਚਾਉਣੀ ਪਈ।

ਇਕ ਦਿਨ ਸ਼ਾਹੀ ਭੋਜ ਦੌਰਾਨ, ਬਾਦਸ਼ਾਹ ਨੇ ਪੁੱਛ ਲਿਆ ਕਿ ਬਾਰੂਦ ਦਾ ਪਾਊਡਰ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ? ਮਹਾਰਾਣੀ ਨੇ ਪੁੱਛ ਲਿਆ ਕਿ ਮੂੰਹ 'ਤੇ ਲਾਉਣ ਵਾਲਾ ਪਾਊਡਰ ਕਿਸ ਚੀਜ਼ ਦਾ ਅਤੇ ਕਿਵੇਂ ਬਣਦਾ ਹੈ ? ਲੰਮਾ ਅਰਸਾ ਬਹਿਸ ਚਲਦੀ ਰਹੀ।

ਇਕ ਦਰਬਾਰੀ ਨੇ ਕਿਹਾ: ਬਾਦਸ਼ਾਹ ਸਲਾਮਤ ਅਤੇ ਰਾਣੀ ਸਾਹਿਬਾ, ਜੇ ਡਿਡਰੋ ਦੇ ਵਿਸ਼ਵਕੋਸ਼ 'ਤੇ ਪਾਬੰਦੀ ਨਾ ਲੱਗੀ ਹੁੰਦੀ ਤਾਂ ਹੁਣੇ ਪਤਾ ਲੱਗ ਜਾਣਾ ਸੀ।

ਬਾਦਸ਼ਾਹ ਨੇ ਆਪਣੀ ਨਿੱਜੀ ਲਾਇਬ੍ਰੇਰੀ ਵਿਚੋਂ, ਡਿਡਰੋ ਦੇ ਵਿਸ਼ਵਕੋਸ਼ ਦੀ ਜਿਲਦ ਮੰਗਵਾਈ ਅਤੇ ਉਹ ਦੋਵੇਂ ਪ੍ਰਕਾਰ ਦੇ ਪਾਊਡਰਾਂ ਦੇ ਅੰਦਰਾਜ ਪੜ੍ਹ ਕੇ, ਪ੍ਰਸੰਨ ਹੋਇਆ ਅਤੇ ਪਾਦਰੀਆਂ ਦੇ ਵਿਰੋਧ ਦੇ ਬਾਵਜੂਦ ਲੱਗੀ ਪਾਬੰਦੀ ਹਟਾ ਦਿੱਤੀ ਅਤੇ ਵਿਸ਼ਵਕੋਸ਼ ਦੀਆਂ ਅਗਲੇਰੀਆਂ ਜਿਲਦਾਂ ਛਾਪਣ ਲਈ ਸਰਕਾਰੀ ਮਦਦ ਵੀ ਦਿੱਤੀ।

www.quotesinpunjabi.ml

QuotesInPunjabi

603

ਇਕ ਰੋਮਨ ਬਾਦਸ਼ਾਹ, ਸੈਨੇਟ ਤੋਂ ਆਪਣੇ ਦੇਸ਼ ਦੇ ਲੋਕਾਂ ਵਿਰੁੱਧ, ਇਕ ਕਾਨੂੰਨ ਪਾਸ ਕਰਵਾਉਣਾ ਚਾਹੁੰਦਾ ਸੀ ਅਤੇ ਇਸ ਕਾਨੂੰਨ ਨੂੰ ਸੈਨੇਟ ਵਿਚ ਪਾਸ ਕਰਵਾਉਣ ਲਈ ਉਸ ਨੂੰ ਕੇਵਲ ਇਕ ਹੋਰ ਵੋਟ ਦੀ ਲੋੜ ਸੀ।

ਉਸ ਨੇ ਇਕ ਕਮਜ਼ੋਰ ਸਮਝੇ ਜਾਂਦੇ ਸੈਨੇਟਰ ਨੂੰ ਡਰਾਇਆ-ਧਮਕਾਇਆ ਕਿ ਜੇ ਉਸ ਨੇ ਕਾਨੂੰਨ ਪਾਸ ਕਰਵਾਉਣ ਲਈ ਵੋਟ ਨਾ ਪਾਈ ਤਾਂ ਉਸ ਨੂੰ ਕਿਵੇਂ ਨਾ ਕਿਵੇਂ, ਮੌਤ ਦੇ ਘਾਟ ਉਤਾਰ ਦਿੱਤਾ ਜਾਵੇਗਾ ਪਰ ਉਸ ਸੈਨੇਟਰ ਨੇ ਦੇਸ਼ ਦੇ ਹਿੱਤ ਨੂੰ ਸਾਹਮਣੇ ਰੱਖਦਿਆਂ, ਬਾਦਸ਼ਾਹ ਨੂੰ ਕਿਹਾ: ਤੁਸੀਂ ਮੈਨੂੰ ਮੌਤ ਦੇ ਘਾਟ ਉਤਾਰਨ ਦਾ ਡਰਾਵਾ ਦਿੱਤਾ ਹੈ, ਮੈਂ ਤਾਂ ਉੱਝ ਵੀ ਕੁਝ ਸਾਲਾਂ ਵਿਚ ਮਰ ਜਾਣਾ ਹੈ। ਮੈਂ ਤਾਂ ਕਦੀ ਕਿਹਾ ਨਹੀਂ ਕਿ ਮੈਂ ਅਮਰ ਹਾਂ।

ਜੋ ਮੈਨੂੰ ਠੀਕ ਲੱਗੇਗਾ, ਮੈਂ ਉਹ ਕਰਾਂਗਾ; ਜੋ ਤੁਹਾਨੂੰ ਠੀਕ ਲੱਗੇ, ਤੁਸੀਂ ਉਹ ਕਰਨਾ।

ਤੁਹਾਡੀ ਤਲਵਾਰ ਮੇਰੇ ਸਰੀਰ 'ਤੇ ਹੀ ਚੱਲ ਸਕਦੀ ਹੈ, ਮੇਰੀ ਬੁੱਧੀ ਅਤੇ ਮੇਰੀ ਆਤਮਾ ਤੁਹਾਡੀ ਤਲਵਾਰ ਤੋਂ ਮੁਕਤ ਹਨ।

ਮੈਂ ਤੁਹਾਡੇ ਹੱਥੋਂ ਮੌਤ ਕਾਰਨ ਪ੍ਰਸਿੱਧ ਹੋ ਜਾਵਾਂਗਾ, ਤੁਸੀਂ ਭੈੜੇ ਕਾਨੂੰਨ ਨੂੰ ਲਾਗੂ ਕਰਨ ਕਾਰਨ, ਜਿਉਂਦੇ ਜੀ ਬਦਨਾਮ ਹੋ ਜਾਵੋਗੇ।

604

ਸ਼ਹਿਰ ਵਿਚ ਬੀਮਾਰੀ ਫੈਲੀ ਹੋਈ ਸੀ, ਜਿਸ ਦੌਰਾਨ ਅਸੀਂ ਕੁਝ ਅਧਿਆਪਕ, ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੂੰ ਲੈ ਕੇ, ਸ਼ਹਿਰ ਦੀ ਇਕ ਗੰਦੀ ਬਸਤੀ ਵਿਚ, ਉਥੋਂ ਦੇ ਲੋਕਾਂ ਨੂੰ ਸਫ਼ਾਈ ਰੱਖਣ ਅਤੇ ਸਾਫ਼ ਰਹਿਣ ਬਾਰੇ ਦੱਸਣ ਲਈ ਗਏ। ਉਥੇ ਅਸੀਂ ਉਨ੍ਹਾਂ ਦੀਆਂ ਨਾਲੀਆਂ ਸਾਫ ਕੀਤੀਆਂ, ਗਲੀਆਂ ਵਿਚ ਝਾੜੂ ਮਾਰਿਆ ਅਤੇ ਗੰਦ ਦੇ ਢੇਰ ਨੂੰ ਹਟਾਇਆ। ਪਾਣੀ ਵਾਲੀਆਂ ਥਾਂਵਾਂ ਤੇ ਮਿੱਟੀ ਪਾ ਕੇ ਉਨ੍ਹਾਂ ਨੂੰ ਪੱਧਰਾ ਕੀਤਾ ਅਤੇ ਅਜਿਹੇ ਹੋਰ ਕਾਰਜ ਕੀਤੇ। ਲੜਕੀਆਂ ਨੇ ਔਰਤਾਂ ਨੂੰ ਨਿੱਜੀ ਸਫਾਈ ਰੱਖਣ ਬਾਰੇ ਦੱਸਿਆ, ਬੱਚਿਆਂ ਦੇ ਵਾਲ ਵਾਹੇ ਅਤੇ ਉਨ੍ਹਾਂ ਨੂੰ ਸਕੂਲ ਭੇਜਣ ਵਾਸਤੇ ਕਿਹਾ।

ਅਸੀਂ ਸਾਰਾ ਦਿਨ ਉਥੇ ਗੁਜ਼ਾਰਿਆ। ਚਾਰ ਅਧਿਆਪਕਾਂ ਨਾਲ ਲਗਭਗ ਚਾਲ੍ਹੀ ਵਿਦਿਆਰਥੀਆਂ ਨੇ ਸਾਰਾ ਦਿਨ ਲਾ ਕੇ ਉਸ ਬਸਤੀ ਦੀ ਨੁਹਾਰ ਬਦਲ ਦਿੱਤੀ। ਉਂਜ ਇਸ ਬਸਤੀ ਵਿਚ ਰਹਿਣ ਵਾਲੇ ਲੋਕ, ਸ਼ਹਿਰ ਵਿਚ ਸਫ਼ਾਈ ਦਾ ਕੰਮ ਕਰਦੇ ਸਨ ਪਰ ਉਨ੍ਹਾਂ ਨੇ ਆਪਣੀ ਬਸਤੀ ਵਿਚ, ਸਫ਼ਾਈ ਦਾ ਕੋਈ ਖਿਆਲ ਨਹੀਂ ਸੀ ਰੱਖਿਆ। ਅਸੀਂ ਹੈਰਾਨ ਸਾਂ ਕਿ ਉਹ ਸਾਨੂੰ ਸਫਾਈ ਕਰਦਿਆਂ ਵੇਖਦੇ ਰਹੇ ਪਰ ਸਫ਼ਾਈ ਕਰਨ ਵਿਚ ਉਹ ਸ਼ਾਮਲ ਨਾ ਹੋਏ।

ਕਿਉਂਕਿ ਵਿਦਿਆਰਥੀ ਅਧਿਆਪਕਾਂ ਨੂੰ ਪ੍ਰੋਫੈਸਰ ਕਹਿ ਕੇ ਸੰਬੋਧਨ ਕਰਦੇ ਸਨ, ਸੋ ਕੁਝ ਲੋਕਾਂ ਨੇ ਪ੍ਰੋਫੈਸਰ ਉਚਾਰਨਾ ਸਿੱਖ ਲਿਆ ਸੀ।

ਅਸੀਂ ਇਸ ਤਸੱਲੀ ਨਾਲ ਵਾਪਸ ਮੁੜੇ ਕਿ ਅਸੀਂ ਬਸਤੀ ਵਿਚ, ਸਫ਼ਾਈ ਰੱਖਣ ਅਤੇ ਸਾਫ਼ ਰਹਿਣ ਦਾ ਸੁਨੇਹਾ ਦੇਣ ਵਿਚ ਸਫਲ ਹੋਏ ਸਾਂ।

www.quotesinpunjabi.ml

QuotesInPunjabi

ਕੁਝ ਦਿਨਾਂ ਮਗਰੋਂ ਉਥੋਂ ਦੇ, ਉਸ ਦਿਨ ਹਾਜ਼ਰ ਪੁਰਸ਼ਾਂ ਵਿਚੋਂ, ਇਕ ਨੇ ਮੈਨੂੰ ਪਛਾਣ ਕੇ ਕਿਹਾ: ਪ੍ਰੋਫੈਸਰ ਸਾਹਿਬ, ਤੁਸੀਂ ਫੇਰ ਕਦੇ ਸਫਾਈ ਕਰਨ ਆਏ ਹੀ ਨਹੀਂ ?

605

ਪਿਤਾ, ਪੁੱਤਰ ਨੂੰ ਕਹਿ ਰਿਹਾ ਸੀ, ਜਿਸ ਤਰੀਕੇ, ਸਫ਼ਾਈ ਅਤੇ ਸਲੀਕੇ ਨਾਲ ਘਰ ਦੇ ਅਗਲੇ ਪਾਸੇ ਵਾੜ ਲਾਉਣੀ ਹੈ, ਉਵੇਂ ਹੀ ਉਤਨੇ ਹੀ ਸਲੀਕੇ ਅਤੇ ਸ਼ਫ਼ਾਈ ਨਾਲ, ਘਰ ਦੇ ਪਿਛਲੇ ਪਾਸੇ ਵਾੜ ਲਾਉਣੀ ਹੈ। ਪੁੱਤਰ ਨੇ ਕਿਹਾ: ਪਰ ਪਿਛਲੇ ਪਾਸੇ ਕਿਸੇ ਨੂੰ ਵਾੜ ਦਿਸਣੀ ਜਾਂ ਕਿਸੇ ਨੇ ਵੇਖਣੀ ਨਹੀਂ।

ਪਿਤਾ ਨੇ ਕਿਹਾ: ਤੂੰ ਤਾਂ ਵੇਖਣੀ ਹੈ, ਤੈਨੂੰ ਤਾਂ ਦਿਸਣੀ ਹੈ।

ਪਿਤਾ ਨੇ ਦੱਸਿਆ: ਚੰਗਾ, ਮਾਹਿਰ ਅਤੇ ਅਸਲੀ ਕਾਰੀਗਰ, ਬਕਸੇ ਦੇ ਥੱਲੇ ਵੀ ਚੰਗੀ ਅਤੇ ਮਜ਼ਬੂਤ ਲਕੜ ਲਾਵੇਗਾ।

ਜੇ ਕਮੀਜ਼ ਸਾਫ਼ ਪਾਈ ਹੈ ਤਾਂ ਬੁਨੈਨ ਵੀ ਸਾਫ ਹੋਣੀ ਚਾਹੀਦੀ ਹੈ।

606

ਇਕ ਵਪਾਰੀ ਦਾ ਪੁੱਤਰ ਆਲਸੀ ਅਤੇ ਸੁਸਤ ਸੀ।

ਦੁਕਾਨ 'ਤੇ ਆਉਂਦਾ-ਆਉਂਦਾ ਹੀ ਉਹ ਦੁਪਹਿਰ ਕਰ ਦਿੰਦਾ ਸੀ ਅਤੇ ਜਦੋਂ ਆਉਂਦਾ ਸੀ ਤਾਂ ਗੋਲਕ ਵਿਚੋਂ ਪੈਸੇ ਕੱਢ ਕੇ ਲੈ ਜਾਂਦਾ ਸੀ। ਉਸ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ, ਉਹ ਕੋਈ ਜ਼ਿੰਮੇਵਾਰੀ ਨਿਭਾਉਂਦਾ ਨਹੀਂ ਸੀ।

ਪਿਤਾ ਨੇ ਹੋਰ ਵਪਾਰੀਆਂ ਨਾਲ ਗੱਲ ਕੀਤੀ, ਉਨ੍ਹਾਂ ਨੇ ਸਲਾਹ ਦਿੱਤੀ, ਜਾਂ ਵੱਖਰਾ ਵਪਾਰ ਖੋਲ੍ਹ ਦਿਓ, ਜਾਂ ਦੁਕਾਨ ਦੀ ਜ਼ਿੰਮੇਵਾਰੀ ਸੰਭਾਲ ਦਿਓ।

ਇਕ ਦਿਨ ਪਿਤਾ ਨੇ ਪੁੱਤਰ ਨੂੰ ਕਿਹਾ: ਅੱਜ ਤੋਂ ਇਸ ਵਪਾਰ ਦੀ ਜ਼ਿੰਮੇਵਾਰੀ ਤੇਰੀ ਹੈ। ਸਾਰੇ ਫੈਸਲੇ ਤੂੰ ਕਰਨੇ ਹਨ, ਦੁਕਾਨ ਤੂੰ ਖੋਲ੍ਹਣੀ ਹੈ, ਤੂੰ ਬੰਦ ਕਰਨੀ ਹੈ, ਜਦੋਂ ਮਰਜ਼ੀ ਆ, ਜਦੋਂ ਮਰਜ਼ੀ ਜਾਹ। ਅੱਜ ਤੋਂ ਮੈਂ ਤੇਰਾ ਸਹਿਯੋਗੀ ਹੋਵਾਂਗਾ।

ਜਿਹੜਾ ਪੁੱਤਰ ਦੁਪਹਿਰ ਤੱਕ ਨਹੀਂ ਸੀ ਆਉਂਦਾ, ਉਹ ਸਵੇਰੇ ਆ ਕੇ ਦੁਕਾਨ ਖੋਲ੍ਹਣ ਲੱਗ ਪਿਆ ਅਤੇ ਸਾਰਾ ਦਿਨ ਇਹ ਸੋਚ ਕੇ ਗੱਦੀ 'ਤੇ ਬੈਠਾ ਰਹਿੰਦਾ ਕਿ ਕਿਧਰੇ, ਪਿਤਾ ਜੀ ਗੋਲਕ ਵਿਚੋਂ ਪੈਸੇ ਨਾ ਕੱਢ ਕੇ ਲੈ ਜਾਣ।

607

ਫਰਾਂਸ ਵਿਚ ਕਾਉਂਟ ਸੇਂਟ ਜਰਮੇਨ ਇਕ ਦਿਲਚਸਪ ਸਦੀਵੀ ਬੁਝਾਰਤ ਹੈ।

ਉਸ ਬਾਰੇ ਹੁਣ ਵੀ ਸਾਰਾ ਫਰਾਂਸ ਗੱਲਾਂ ਕਰਦਾ ਹੈ। ਉਹ ਅਚਾਨਕ ਹੀ ਬਾਦਸ਼ਾਹ ਦੇ ਦਰਬਾਰ ਵਿਚ ਆ ਪਹੁੰਚਦਾ ਸੀ ਅਤੇ ਅਚਾਨਕ ਹੀ ਲੋਪ ਹੋ ਜਾਂਦਾ ਸੀ। ਕੋਈ ਨਹੀਂ ਸੀ ਜਾਣਦਾ, ਉਹ ਕਿਥੋਂ ਆਉਂਦਾ ਸੀ ਅਤੇ ਕਿਥੇ ਚਲਾ ਜਾਂਦਾ ਸੀ।

www.quotesinpunjabi.ml

QuotesInPunjabi

ਉਹ ਕਈ ਭਾਸ਼ਾਵਾਂ ਬੋਲਦਾ ਸੀ ਪਰ ਉਸ ਦੇ ਉਚਾਰਨ ਤੋਂ ਪਤਾ ਨਹੀਂ ਸੀ ਲਗਦਾ ਕਿ ਉਹ ਕਿਹੜੇ ਇਲਾਕੇ ਜਾਂ ਦੇਸ਼ ਦਾ ਸੀ।

ਕਿਸੇ ਨੂੰ ਉਸ ਦੀ ਉਮਰ ਦਾ ਪਤਾ ਨਹੀਂ ਸੀ। ਨਾ ਉਹ ਬਜ਼ੁਰਗ ਲਗਦਾ ਸੀ ਨਾ ਜਵਾਨ ਪਰ ਉਸ ਦੇ ਚਿਹਰੇ 'ਤੇ ਬਜ਼ੁਰਗਾਂ ਵਾਲੀ ਸਿਆਣਪ ਅਤੇ ਜਵਾਨਾਂ ਵਾਲੀ ਝਲਕ ਹੁੰਦੀ ਸੀ। ਉਹ ਰਾਤ ਨੂੰ ਬਾਹਰ ਨਿਕਲਦਾ ਸੀ ਪਰ ਕਦੋਂ ਅਤੇ ਕਿਥੇ ਜਾਂਦਾ ਸੀ, ਕੋਈ ਨਹੀਂ ਸੀ ਜਾਣਦਾ। ਉਹ ਹਮੇਸ਼ਾ ਕਾਲੇ ਕਪੜੇ ਪਹਿਨਦਾ ਸੀ ਅਤੇ ਹੀਰੇ ਸਜਾਉਂਦਾ ਸੀ।

ਉਹ ਅੰਤਾਂ ਦਾ ਅਮੀਰ ਲਗਦਾ ਸੀ ਪਰ ਕਿਸੇ ਨੂੰ ਉਸ ਦੀ ਆਮਦਨ ਦਾ ਸਾਧਨ ਨਹੀਂ ਸੀ ਪਤਾ। ਲੋਕ ਕਹਿੰਦੇ ਸਨ ਕਿ ਉਸ ਕੋਲ ਪਾਰਸ ਸੀ ਪਰ ਉਸ ਨੇ ਕਦੇ ਵੀ, ਕਿਸੇ ਨਾਲ ਵੀ, ਪੈਸੇ ਦੀ ਗੱਲ ਨਹੀਂ ਸੀ ਕੀਤੀ।

ਗੱਲਬਾਤ ਕਰਦਿਆਂ ਉਹ ਨਾ ਹਾਂ ਕਹਿੰਦਾ ਸੀ ਨਾ ਨਾਂਹ, ਉਹ ਹਰ ਗੱਲ ਦਾ ਜਵਾਬ 'ਸ਼ਾਇਦ' ਕਹਿ ਕੇ ਦਿੰਦਾ ਸੀ।

ਉਹ ਖਾਣੇ ਲਈ ਹੋਰਾਂ ਨਾਲ ਬੈਠਦਾ ਜ਼ਰੂਰ ਸੀ ਪਰ ਖਾਂਦਾ ਕੁਝ ਨਹੀਂ ਸੀ।

ਉਸ ਨੇ ਮਹਾਰਾਣੀ ਨੂੰ ਇਕ ਸ਼ਿੰਗਾਰਦਾਨ ਦਿੱਤਾ ਸੀ, ਜਿਹੜਾ ਫੜਨ ਦੇ ਢੰਗ ਨਾਲ ਰੰਗ ਬਦਲਦਾ ਸੀ। ਉਹ ਹੀਰਿਆਂ ਦੀ ਚਿੱਤਰਕਾਰੀ ਕਰਦਾ ਸੀ ਅਤੇ ਉਸ ਦੇ ਚਿਤਰੇ ਹੀਰੇ ਅਸਲੀ ਲਗਦੇ ਸਨ।

ਉਹ ਨਾ ਕਿਸੇ ਦੇ ਨੇੜੇ ਜਾਂਦਾ ਸੀ, ਨਾ ਕਿਸੇ ਨੂੰ ਨੇੜੇ ਆਉਣ ਦਿੰਦਾ ਸੀ।

ਉਸ ਨੂੰ ਵੇਖਣ ਅਤੇ ਮਿਲਣ ਵਾਲੇ ਹਰ ਕਿਸੇ ਕੋਲ ਉਸ ਬਾਰੇ ਵੱਖਰੀ ਵਿਆਖਿਆ ਸੀ, ਵੱਖਰੀ ਕਹਾਣੀ ਸੀ, ਵੱਖਰਾ ਪ੍ਰਭਾਵ ਸੀ, ਵੱਖਰਾ ਪ੍ਰਤੀਕਰਮ ਸੀ।

ਜਦੋਂ ਉਹ ਮਰਿਆ, ਕਿਸੇ ਨੇ ਮੰਨਿਆ ਹੀ ਨਾ, ਕਿਉਂਕਿ ਕੋਈ ਨਹੀਂ ਸੀ ਜਾਣਦਾ ਕਿ ਉਹ ਕਿਥੇ ਦਫ਼ਨਾਇਆ ਗਿਆ ਸੀ। ਸਦੀਆਂ ਬੀਤ ਗਈਆਂ ਹਨ, ਉਸ ਬਾਰੇ ਕਈ ਕਿਤਾਬਾਂ ਲਿਖੀਆਂ ਗਈਆਂ ਹਨ ਪਰ ਲੋਕ ਅਜੇ ਵੀ ਸਮਝਦੇ ਹਨ ਕਿ ਉਹ ਕਿਧਰੇ ਲੁਕਿਆ ਹੋਇਆ ਹੈ, ਉਹ ਫਰਾਂਸ ਦੀ ਸਭ ਤੋਂ ਵੱਡੀ ਬੁਝਾਰਤ ਹੈ।

608

ਅਸਲੀ ਅਮੀਰ, ਤਾਕਤਵਰ, ਸੋਹਣੀਆਂ ਅਤੇ ਖੁਸ਼ਹਾਲ ਕੌਮਾਂ ਦੇ ਲੋਕ ਫੜ੍ਹਾਂ ਨਹੀਂ ਮਾਰਦੇ। ਤੈਰਾਕੀ ਦਾ ਚੈਂਪੀਅਨ ਵੀ ਕਹੇਗਾ ਕਿ ਮੈਂ ਥੋੜ੍ਹੀ ਜਿਹੀ ਤੈਰਾਕੀ ਜਾਣਦਾ ਹਾਂ, ਪ੍ਰਸਿੱਧ ਸੰਗੀਤਕਾਰ ਵੀ ਕਹੇਗਾ ਕਿ ਮੈਂ ਸੰਗੀਤ ਸਿੱਖ ਰਿਹਾ ਹਾਂ।

ਇੰਗਲੈਂਡ ਵਿਚ ਇਕ ਸਰਦਾਰ-ਪ੍ਰੋਫੈਸਰ, ਐਤਵਾਰ ਵਾਲੇ ਦਿਨ, ਸਾਈਕਲ 'ਤੇ, ਉਥੋਂ ਦੇ ਪਿੰਡਾਂ ਵਿਚ ਘੁੰਮਣ-ਫਿਰਨ ਜਾਇਆ ਕਰਦਾ ਸੀ।

ਇਕ ਦਿਨ ਆਪਣੇ ਘਰ ਦੇ ਬਾਹਰ ਧੁੱਪ ਵਿਚ ਬੈਠੀ ਇਕ ਅੰਗਰੇਜ਼ ਇਸਤਰੀ ਨੇ ਉਸ ਸਰਦਾਰ ਨੂੰ ਰੋਕ ਕੇ ਪੁੱਛਿਆ: ਤੁਸੀਂ ਹਿੰਦੁਸਤਾਨ ਤੋਂ ਆਏ ਹੋ ? ਅਸੀਂ ਵੀ ਕੁਝ ਚਿਰ ਉਥੇ ਰਹੇ ਸਾਂ, ਮੇਰੇ ਪਤੀ ਉਥੇ ਕੰਮ ਕਰਦੇ ਸਨ। ਇਵੇਂ ਉਸ ਸਰਦਾਰ-ਪ੍ਰੋਫੈਸਰ ਦੀ ਉਸ ਪਰਿਵਾਰ ਨਾਲ

www.quotesinpunjabi.ml

QuotesInPunjabi

ਚੰਗੀ ਜਾਣ-ਪਛਾਣ ਹੋ ਗਈ, ਸੋ ਉਹ ਜਦੋਂ ਵੀ ਉਸ ਪਾਸੇ ਜਾਂਦਾ, ਉਨ੍ਹਾਂ ਨੂੰ ਜ਼ਰੂਰ ਮਿਲਦਾ ਅਤੇ ਉਨ੍ਹਾਂ ਤੋਂ ਹਿੰਦੁਸਤਾਨ ਬਾਰੇ ਗੱਲਾਂ ਸੁਣਦਾ।

ਹਰ ਫੇਰੀ 'ਤੇ ਸਰਦਾਰ ਉਸ ਇਸਤਰੀ ਨੂੰ ਪੁੱਛਦਾ ਸੀ ਕਿ ਉਸ ਦਾ ਪਤੀ ਹਿੰਦੁਸਤਾਨ ਵਿਚ ਕੀ ਕੰਮ ਕਰਦਾ ਸੀ ? ਉਹ ਇਸਤਰੀ ਦੱਸਣੋਂ ਟਾਲਦੀ ਰਹੀ।

ਜਦੋਂ ਉਸ ਸਰਦਾਰ-ਪ੍ਰੋਫੈਸਰ ਨੇ ਦੱਸਿਆ ਕਿ ਉਹ ਅਗਲੇ ਮਹੀਨੇ ਇੰਡੀਆ ਵਾਪਸ ਚਲਾ ਜਾਵੇਗਾ, ਸੋ ਉਹ ਉਸ ਪਰਿਵਾਰ ਨਾਲ ਆਪਣੀ ਜਾਣ-ਪਛਾਣ ਬਾਰੇ, ਲੋਕਾਂ ਨੂੰ ਦੱਸਣ ਵਾਸਤੇ, ਜਾਣਨਾ ਚਾਹੁੰਦਾ ਸੀ ਕਿ ਉਸ ਇਸਤਰੀ ਦਾ ਪਤੀ ਭਾਰਤ ਵਿਚ ਕੀ ਕੰਮ ਕਰਦਾ ਸੀ ਅਤੇ ਉਹ ਕਿਥੇ ਰਹਿੰਦੇ ਸਨ। ਉਸ ਇਸਤਰੀ ਨੇ ਬੜੀ ਨੀਵੀਂ ਆਵਾਜ਼ ਵਿਚ ਕਿਹਾ: ਉਹ ਉਥੇ ਵਾਇਸਰਾਇ ਸਨ ਅਤੇ ਅਸੀਂ ਦਿੱਲੀ ਰਹਿੰਦੇ ਸਾਂ।

609

ਪਿੰਡ ਦੀ ਇਕ ਲੜਕੀ ਦਾ ਆਪਣੇ ਪਿੰਡ ਦੇ ਇਕ ਲੜਕੇ ਨਾਲ ਪਿਆਰ ਹੋ ਗਿਆ ਅਤੇ ਉਨ੍ਹਾਂ ਦੇ ਸਰੀਰਕ ਸਬੰਧਾਂ ਨਾਲ ਲੜਕੀ ਗਰਭਵਤੀ ਹੋ ਗਈ ਅਤੇ ਉਸ ਨੇ ਇਕ ਲੜਕੇ ਨੂੰ ਜਨਮ ਦਿੱਤਾ। ਘਰ ਵਾਲਿਆਂ ਨੇ ਉਸ ਨੂੰ ਘਰੋਂ ਕੱਢ ਦਿੱਤਾ। ਉਹ ਪਿੰਡ ਵਿਚ ਇਕ ਡੇਰੇ ਕੋਲ ਇਕ ਖੇਤ ਵਿਚ ਰਹਿਣ ਲੱਗ ਪਈ। ਡੇਰੇ ਦਾ ਇਕ ਸਾਧੂ, ਉਸ ਬੱਚੇ ਲਈ ਦੁੱਧ ਅਤੇ ਮਾਂ ਲਈ ਭੋਜਨ ਦੇ ਜਾਂਦਾ ਸੀ। ਜਦੋਂ ਵਿਦੇਸ਼ ਗਿਆ ਪਿਤਾ ਵਾਪਸ ਮੁੜਿਆ ਤਾਂ ਉਸ ਨੇ ਧੀ ਨੂੰ ਪੁੱਛਿਆ ਕਿ ਉਹ ਬੱਚਾ ਕਿਸ ਦਾ ਸੀ ? ਆਪਣੇ ਪ੍ਰੇਮੀ ਨੂੰ ਬਚਾਉਣ ਦੇ ਉਦੇਸ਼ ਨਾਲ, ਉਸ ਲੜਕੀ ਨੇ ਦੁੱਧ ਲੈ ਕੇ ਆਉਣ ਵਾਲੇ ਸਾਧੂ ਦਾ ਨਾਂ ਲੈ ਦਿੱਤਾ।

ਪਿੰਡ ਵਾਲਿਆਂ ਨੇ ਕੁੱਟ-ਕੁੱਟ ਕੇ ਸਾਧੂ ਅਧਮੋਇਆ ਕਰ ਦਿੱਤਾ ਪਰ ਉਹ ਬੱਚੇ ਲਈ ਫਿਰ ਵੀ ਦੁੱਧ ਪਹੁੰਚਾਉਂਦਾ ਰਿਹਾ। ਪਿੰਡ ਵਾਲੇ ਉਸ ਨੂੰ ਬੱਚੇ ਦਾ ਪਿਤਾ ਦਸਦੇ ਤਾਂ ਉਹ ਇਨਕਾਰ ਨਹੀਂ ਸੀ ਕਰਦਾ ਅਤੇ ਖਿੜੇ ਮੱਥੇ ਅਪਮਾਨ ਨੂੰ ਬਰਦਾਸ਼ਤ ਕਰਦਾ ਸੀ।

ਲੜਕੀ ਉਸ ਸਾਧੂ ਦੇ ਵਿਹਾਰ ਨੂੰ ਵੇਖ ਕੇ ਬੜਾ ਪਛਤਾਈ ਅਤੇ ਉਸ ਨੇ ਮਾਪਿਆਂ ਨੂੰ ਦੱਸ ਦਿੱਤਾ ਕਿ ਬੱਚਾ ਸਾਧੂ ਦਾ ਨਹੀਂ ਸੀ, ਜਿਸ ਦਾ ਸੀ, ਉਸ ਦਾ ਨਾਂ ਲੈ ਦਿੱਤਾ।

ਪਿੰਡ ਵਾਲਿਆਂ ਨੇ ਡੇਰੇ ਜਾ ਕੇ ਸਾਧੂ ਤੋਂ ਮੁਆਫ਼ੀ ਮੰਗੀ ਅਤੇ ਪੁੱਛਿਆ ਕਿ ਜਦੋਂ ਉਸ ਨੂੰ ਕੁਟਿਆ ਜਾ ਰਿਹਾ ਸੀ ਤਾਂ ਉਸ ਵੇਲੇ ਉਸ ਨੇ ਕਿਉਂ ਨਹੀਂ ਸੀ ਕਿਹਾ ਕਿ ਬੱਚਾ ਉਸ ਦਾ ਨਹੀਂ ਸੀ ? ਸਾਧੂ ਨੇ ਕਿਹਾ: ਮੈਂ ਜਾਣਦਾ ਸੀ, ਬੱਚਾ ਮੇਰਾ ਨਹੀਂ; ਬੱਚੇ ਦੀ ਮਾਂ ਜਾਣਦੀ ਸੀ ਕਿ ਬੱਚਾ ਮੇਰਾ ਨਹੀਂ ਸੀ; ਪਰਮਾਤਮਾ ਜਾਣਦਾ ਸੀ ਕਿ ਬੱਚਾ ਕਿਸ ਦਾ ਸੀ।

ਮੇਰੀ ਆਤਮਾ ਸ਼ਾਂਤ ਸੀ। ਸੱਟਾਂ ਸਰੀਰ 'ਤੇ ਲੱਗੀਆਂ ਸਨ, ਆਤਮਾ ਸੁਰੱਖਿਅਤ ਸੀ।

ਮੈਂ ਸਾਧੂ ਹਾਂ ਮੈਂ ਸਾਧੂ ਵਾਲਾ ਹੀ ਵਿਹਾਰ ਕਰਨਾ ਸੀ।

QuotesInPunjabi

610

ਵੀਹ ਸਾਲ ਦਾ ਇਕ ਸੰਗੀਤ ਵਿਦਿਆਰਥੀ, ਪ੍ਰਸਿੱਧ ਸੰਗੀਤ ਸ਼ਾਸਤਰੀ, ਰਵੀ ਸ਼ੰਕਰ ਕੋਲ ਪੁੱਛਣ ਗਿਆ ਕਿ ਮੈਂ ਸਿਤਾਰ ਕਿਵੇਂ ਵਜਾਵਾਂ ?

ਉਸ ਦੀ ਸੂਝ-ਬੂਝ ਨੂੰ ਵੇਖ ਕੇ ਰਵੀ ਸ਼ੰਕਰ ਨੇ ਕਿਹਾ: ਸਿਤਾਰ ਸਿੱਖਣ ਤੋਂ ਪਹਿਲਾਂ ਤੁਸੀਂ ਹਾਰਮੋਨੀਅਮ ਵਜਾਉਣਾ ਸਿੱਖੋ।

ਰਵੀ ਸ਼ੰਕਰ ਦੀ ਗੱਲ ਸੁਣ ਕੇ ਸੰਗੀਤ ਵਿਦਿਆਰਥੀ ਨੇ ਕਿਹਾ: ਪਰ ਤੁਸੀਂ ਤਾਂ ਦਸ ਸਾਲ ਦੀ ਉਮਰ ਵਿਚ ਹੀ ਸਿਤਾਰ ਵਜਾਉਣ ਲੱਗ ਪਏ ਸੀ।

ਰਵੀ ਸ਼ੰਕਰ ਨੇ ਕਿਹਾ: ਹਾਂ, ਮੈਂ ਦਸ ਸਾਲ ਦੀ ਉਮਰ ਵਿਚ ਸਿਤਾਰ ਵਜਾਉਣ ਲੱਗ ਪਿਆ ਸੀ, ਕਿਉਂਕਿ ਮੈਂ ਕਿਸੇ ਨੂੰ ਪੁੱਛਣ ਨਹੀਂ ਸੀ ਗਿਆ ਕਿ ਮੈਂ ਸਿਤਾਰ ਕਿਵੇਂ ਵਜਾਵਾਂ।

611

ਵਿਸ਼ਵ ਪ੍ਰਸਿੱਧ ਰੂਸੀ ਨਾਵਲਕਾਰ, ਦੋਸਤੋਵਸਕੀ ਨੂੰ ਜੂਆ ਖੇਡਣ ਦੀ ਆਦਤ ਸੀ ਅਤੇ ਉਸ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ।

ਪਤਨੀ ਦੇ ਅਕਾਲ-ਚਲਾਣੇ ਕਰਕੇ ਉਸ ਦਾ ਜੀਵਨ ਬੇਮੁਹਾਰ ਹੋ ਗਿਆ ਸੀ। ਇਕ ਵਾਰੀ ਉਸ ਨੇ ਇਕ ਨਾਵਲ ਲਿਖ ਕੇ ਦੇਣ ਦੇ ਵਾਅਦੇ ਨਾਲ, ਆਪਣੇ ਪ੍ਰਕਾਸ਼ਕ ਤੋਂ ਪੇਸ਼ਗੀ ਪੈਸੇ ਲਏ ਅਤੇ ਨਾਵਲ ਨਾ ਲਿਖ ਕੇ ਦੇਣ ਦੀ ਸੂਰਤ ਵਿਚ, ਦੋਸਤੋਵਸਕੀ ਦੇ ਪਹਿਲਾਂ ਲਿਖੇ ਸਾਰੇ ਨਾਵਲਾਂ ਦੀ ਮਾਲਕੀ, ਪ੍ਰਕਾਸ਼ਕ ਦੀ ਹੋ ਜਾਣੀ ਸੀ।

ਪੇਸ਼ਗੀ ਲਏ ਪੈਸਿਆਂ ਨੂੰ, ਦੋਸਤੋਵਸਕੀ ਜੂਏ ਵਿਚ ਹਾਰ ਗਿਆ ਸੀ।

ਨਾਵਲ ਲਿਖ ਕੇ ਦੇਣ ਦਾ ਸਮਾਂ ਨੇੜੇ ਆ ਰਿਹਾ ਸੀ ਪਰ ਨਾਵਲ ਲਿਖਣਾ ਤਾਂ ਅਜੇ ਆਰੰਭ ਵੀ ਨਹੀਂ ਸੀ ਹੋਇਆ। ਦੋਸਤੋਵਸਕੀ ਨੂੰ ਨਹੀਂ ਪਰ ਉਸ ਦੇ ਦੋਸਤਾਂ ਨੂੰ ਚਿੰਤਾ ਸੀ।

ਇਕ ਵਾਰੀ ਜਦੋਂ ਦੋਸਤ ਜੁੜ ਬੈਠੇ ਤਾਂ ਉਨ੍ਹਾਂ ਨੇ ਸੁਝਾਓ ਦਿੱਤਾ ਕਿ ਦੋਸਤੋਵਸਕੀ ਨਾਵਲ ਦੀ ਤਜਵੀਜ਼ ਦਸੇ ਅਤੇ ਉਹ ਸਾਰੇ ਨਾਵਲ ਦਾ ਇਕ-ਇਕ ਕਾਂਡ ਲਿਖ ਦੇਣਗੇ ਪਰ ਦੋਸਤੋਵਸਕੀ ਨੇ ਇਹ ਸੁਝਾਓ ਪ੍ਰਵਾਨ ਨਾ ਕੀਤਾ।

ਫਿਰ ਇਹ ਫੈਸਲਾ ਕੀਤਾ ਗਿਆ ਕਿ ਨੇੜੇ ਦੇ ਸ਼ਾਰਟਹੈਂਡ ਸਿਖਲਾਈ ਸਕੂਲ ਦੀ ਇਕ ਵਿਦਿਆਰਥਣ ਆਇਆ ਕਰੇਗੀ ਅਤੇ ਦੋਸਤੋਵਸਕੀ ਬੋਲ ਕੇ ਨਾਵਲ ਲਿਖਵਾਇਆ ਕਰੇਗਾ, ਜਿਸ ਨੂੰ ਉਹ ਅਗਲੇ ਦਿਨ ਲਾਂਗ-ਹੈਂਡ ਵਿਚ ਲਿਖ ਕੇ ਲੈ ਆਇਆ ਕਰੇਗੀ।

ਦੋਸਤੋਵਸਕੀ ਦੀ ਉਸ ਹੋਣਹਾਰ ਲੜਕੀ ਵਿਚ ਦਿਲਚਸਪੀ ਜਾਗ ਪਈ। ਇਕ ਦਿਨ ਦੋਸਤੋਵਸਕੀ ਨੇ ਕੁਝ ਨਾ ਲਿਖਾਇਆ ਅਤੇ ਉਸ ਲੜਕੀ ਨੂੰ ਕਿਹਾ: ਮੇਰੇ ਤੋਂ ਇਕ ਸਮੱਸਿਆ ਹੱਲ ਨਹੀਂ ਹੋ ਰਹੀ, ਤੇਰੀ ਮਦਦ ਚਾਹੀਦੀ ਹੈ।

ਦੋਸਤੋਵਸਕੀ ਨੇ ਪੁੱਛਿਆ: ਮੇਰਾ ਨਾਇਕ ਪੰਜਤਾਲ੍ਹੀ ਸਾਲਾਂ ਦਾ ਹੈ, ਤਪਦਿਕ ਦਾ ਮਰੀਜ਼ ਹੈ ਪਰ ਉਹ ਇਕ ਪ੍ਰਸਿੱਧ ਕਵੀ ਹੈ ਅਤੇ ਉਸ ਦਾ ਵੀਹ-ਇੱਕੀ ਸਾਲਾਂ ਦੀ ਚਿੱਤਰਕਲਾ ਦੀ ਇਕ ਵਿਦਿਆਰਥਣ ਨਾਲ ਪਿਆਰ ਹੈ ਪਰ ਉਸ ਨੂੰ ਸੁਝ ਨਹੀਂ ਰਿਹਾ ਕਿ ਉਹ ਲੜਕੀ

www.quotesinpunjabi.ml

QuotesInPunjabi

ਸਾਹਮਣੇ ਆਪਣੇ ਪਿਆਰ ਦਾ ਪ੍ਰਗਟਾਵਾ ਕਿਵੇਂ ਕਰੇ, ਮੈਂ ਤੇਰੇ ਤੋਂ ਜਾਣਨਾ ਚਾਹੁੰਦਾ ਹਾਂ ਕਿ ਮੇਰੇ ਨਾਇਕ ਨੂੰ ਕੀ ਕਰਨਾ ਚਾਹੀਦਾ ਹੈ।

ਲੜਕੀ ਨੇ ਸੋਚ ਕੇ ਕਿਹਾ, ਉਹ ਪ੍ਰਸਿੱਧ ਕਵੀ ਹੈ, ਉਸ ਨੂੰ ਬੇਝਿਜਕ ਹੋ ਕੇ ਆਪਣਾ ਪਿਆਰ ਪ੍ਰਗਟਾਉਣਾ ਚਾਹੀਦਾ ਹੈ।

ਦੋਸਤੋਵਸਕੀ ਨੇ ਪੁੱਛਿਆ: ਜੇ ਉਹ ਪੁਰਸ਼ ਮੇਰੇ ਵਰਗਾ ਹੋਵੇ ਤਾਂ ਕੀ ਉਹ ਲੜਕੀ ਉਸ ਦੇ ਪਿਆਰ ਨੂੰ ਪ੍ਰਵਾਨ ਕਰ ਲਵੇਗੀ। ਲੜਕੀ ਨੇ ਕਿਹਾ: ਪ੍ਰਵਾਨ ਕਰ ਲੈਣਾ ਚਾਹੀਦਾ ਹੈ, ਮੇਰੇ ਵਿਚਾਰ ਵਿਚ ਉਹ ਪ੍ਰਵਾਨ ਕਰ ਲਵੇਗੀ।

ਦੋਸਤੋਵਸਕੀ ਨੇ ਫਿਰ ਕਿਹਾ: ਜੇ ਉਹ ਪੁਰਸ਼ ਮੈਂ ਹੋਵਾਂ ਅਤੇ ਉਹ ਲੜਕੀ ਤੂੰ ਹੋਵੇਂ, ਕੀ ਤੂੰ ਮੇਰਾ ਪਿਆਰ ਪ੍ਰਵਾਨ ਕਰ ਲਵੇਂਗੀ ?

ਲੜਕੀ ਨੇ ਕਿਹਾ, ਹਾਂ ਪਰ ਜਦੋਂ ਉਸ ਨੇ ਹੈਰਾਨ ਹੋ ਕੇ ਪੁੱਛਿਆ: ਤੁਸੀਂ ਇਹ ਗੱਲ ਮੈਨੂੰ ਇਤਨੇ ਮੋੜ-ਘੋੜ ਪਾ ਕੇ ਕਿਉਂ ਪੁੱਛੀ ਹੈ ? ਤਾਂ ਦੋਸਤੋਵਸਕੀ ਨੇ ਦੱਸਿਆ ਕਿ ਉਸ ਵਿਚ, ਉਸ ਦੇ ਮੂੰਹੋਂ, ਨਾਂਹ ਸੁਣਨ ਦੀ ਹਿੰਮਤ ਨਹੀਂ ਸੀ।

ਕੁਝ ਦਿਨਾਂ ਵਿਚ ਹੀ ਦੋਸਤੋਵਸਕੀ ਦਾ ਨਾਵਲ ਮੁਕੰਮਲ ਹੋ ਗਿਆ।

ਮਗਰੋਂ ਉਸ ਲੜਕੀ ਨੇ ਦੋਸਤੋਵਸਕੀ ਨਾਲ ਵਿਆਹ ਕਰਵਾਇਆ ਅਤੇ ਉਸ ਨੇ ਨਾਵਲਕਾਰ ਦਾ ਬੇਮੁਹਾਰ ਜੀਵਨ ਨੇਮਬਧ ਕੀਤਾ ਅਤੇ ਦੋਸਤੋਵਸਕੀ ਦੇ ਅਗਲੇਰੇ ਸ਼ਾਹਕਾਰ ਨਾਵਲਾਂ ਵਿਚ ਉਹ ਮਦਦਗਾਰ ਬਣੀ।

ਜਦੋਂ ਕਦੇ ਦੋਸਤੋਵਸਕੀ ਉਦਾਸ ਹੁੰਦਾ ਸੀ ਤਾਂ ਉਸ ਨੂੰ, ਉਹ ਉਸ ਦੇ ਨਾਵਲਾਂ ਦੀ ਆਮਦਨ ਵਿਚੋਂ, ਕੁਝ ਪੈਸੇ ਦੇ ਕੇ ਕਿਹਾ ਕਰਦੀ ਸੀ: ਜਾਓ, ਜੂਆ ਖੇਡ ਕੇ ਪ੍ਰਸੰਨ ਹੋ ਲਵੋ।

612

ਪ੍ਰਸਿੱਧ ਫਰਾਂਸੀਸੀ ਚਿੰਤਕ ਅਤੇ ਲੇਖਕ ਵਾਲਟੇਅਰ ਜਦੋਂ ਵੀ ਕਿਸੇ ਮੁਸ਼ਕਲ-ਮੁਸੀਬਤ ਵਿਚ ਹੁੰਦਾ ਸੀ ਤਾਂ ਉਹ ਆਪਣੇ ਗੰਭੀਰ ਰੂਪ ਵਿਚ ਬੀਮਾਰ ਹੋਣ ਅਤੇ ਜਲਦੀ ਮਰ ਜਾਣ ਦੀਆਂ ਅਫਵਾਹਾਂ ਫੈਲਾਅ ਦਿੰਦਾ ਸੀ।

ਇਹ ਅਫਵਾਹਾਂ ਕਈ ਵਾਰ ਫੈਲੀਆਂ ਪਰ ਵਾਲਟੇਅਰ ਨੂੰ ਆਪਣੇ ਮਰਨ ਦੀਆਂ ਅਫਵਾਹਾਂ, ਸੱਚੀਆਂ ਸਾਬਤ ਕਰਨ ਵਿਚ ਚੌਰਾਸੀ ਸਾਲ ਲੱਗੇ।

613

ਵਪਾਰ ਵਿਚ ਵਿਕਾਸ ਕਰਨਾ ਹੈ ਤਾਂ ਵਪਾਰਕ ਨੈਤਿਕਤਾ ਅਪਨਾਉਣੀ ਪਏਗੀ।

ਜੇ ਕਿਸੇ ਵਿਅਕਤੀ ਨੂੰ ਮਿਥੇ ਸਮੇਂ 'ਤੇ ਅਦਾਇਗੀ ਨਹੀਂ ਕੀਤੀ ਜਾ ਸਕੀ ਤਾਂ ਉਸ ਕੋਲ ਆਪ ਜਾ ਕੇ ਨਿਮਰਤਾ ਨਾਲ ਦੱਸੋ ਕਿ ਤੁਸੀਂ ਕਦੋਂ ਅਦਾਇਗੀ ਕਰ ਸਕੋਗੇ।

ਤੁਸੀਂ ਇਹ ਦਸਣ ਲਈ ਆਪ ਉਸ ਕੋਲ ਜਾਓ, ਨਾ ਕਿ ਉਹ ਪੁੱਛਣ ਲਈ ਆਏ।

ਜੇ ਅਦਾਇਗੀ ਦੇ ਪੈਸੇ ਤਿਆਰ ਹਨ ਤਾਂ ਆਪ ਜਾ ਕੇ ਅਦਾਇਗੀ ਕਰੋ, ਨਾ ਕਿ ਉਸ ਨੂੰ ਅਦਾਇਗੀ ਲੈਣ ਲਈ ਬੁਲਾਓ।

www.quotesinpunjabi.ml

QuotesInPunjabi

ਜੇ ਤੁਸੀਂ ਕਿਸੇ ਦੇ ਇਕ ਲੱਖ ਦੇਣੇ ਹਨ ਅਤੇ ਤੁਹਾਡੇ ਕੋਲ ਪੰਜਾਹ ਹਜ਼ਾਰ ਤਿਆਰ ਹਨ ਤਾਂ ਛੋਟੇ ਲੈਣਦਾਰਾਂ ਦੀ ਅਦਾਇਗੀ ਪਹਿਲਾਂ ਕਰੋ ਅਤੇ ਵੱਡੇ ਲੈਣਦਾਰਾਂ ਦੀ ਆਂਸ਼ਿਕ ਅਦਾਇਗੀ ਜ਼ਰੂਰ ਕਰੋ। ਉਨ੍ਹਾਂ ਕੋਲ ਆਪ ਜਾਓ, ਉਨ੍ਹਾਂ ਨੂੰ ਤੁਹਾਡੇ ਕੋਲ ਨਾ ਆਉਣਾ ਪਵੇ।

ਅਜਿਹਾ ਕਰਨ ਨਾਲ ਹਰ ਕੋਈ ਤੁਹਾਡੇ ਨਾਲ ਵਪਾਰ ਕਰਨਾ ਪਸੰਦ ਕਰੇਗਾ, ਇਨ੍ਹਾਂ ਗੱਲਾਂ ਨਾਲ ਤੁਹਾਡਾ ਵਪਾਰ ਚਲੇਗਾ ਹੀ ਨਹੀਂ, ਛਡੱਪੇ ਵੀ ਮਾਰੇਗਾ।

614

ਜਦੋਂ ਕੋਈ ਪਰਿਵਾਰ, ਨਿਰੰਤਰ ਕਈ ਪੀੜ੍ਹੀਆਂ ਸਾਊ, ਸਲੀਕੇ ਅਤੇ ਖੁਸ਼ਹਾਲੀ ਵਾਲਾ ਜੀਵਨ ਗੁਜ਼ਾਰਦਾ ਹੈ ਤਾਂ ਉਸ ਨੂੰ ਪਰਿਵਾਰ ਨਹੀਂ, ਖਾਨਦਾਨ ਕਿਹਾ ਜਾਂਦਾ ਹੈ।

ਬੰਗਾਲ ਵਿਚ ਟੈਗੋਰ ਪਰਿਵਾਰ, ਟੈਗੋਰ ਖਾਨਦਾਨ ਅਖਵਾਉਂਦਾ ਹੈ। ਗਾਂਧੀ ਜੀ ਜਦੋਂ ਕਲਕੱਤੇ ਜਾਂਦੇ ਸਨ ਤਾਂ ਉਹ ਇਸ ਖਾਨਦਾਨ ਦੇ ਮਹਿਮਾਨ ਹੁੰਦੇ ਸਨ।

ਟੈਗੋਰ ਖਾਨਦਾਨ ਦੀ ਹਵੇਲੀ ਵਿਚ ਲਗਭਗ ਤਿੰਨ ਸੌ ਵਿਅਕਤੀ ਰਹਿੰਦੇ ਸਨ ਅਤੇ ਘਰ ਦੇ ਜੀਅ ਆਪ ਹੀ, ਘਰ ਦੇ ਅੰਦਰ, ਰਾਮਲੀਲ੍ਹਾ ਕਰਦੇ ਸਨ, ਜਿਥੇ ਉਹ ਆਪ ਹੀ ਅਦਾਕਾਰ ਹੁੰਦੇ ਸਨ ਅਤੇ ਆਪ ਹੀ ਦਰਸ਼ਕ।

ਇਸ ਟੈਗੋਰ ਖਾਨਦਾਨ ਦਾ ਦਵਾਰਕਾ ਨਾਥ, ਬਵੰਜਾ ਸਾਲ ਦੀ ਉਮਰ ਵਿਚ ਲੰਦਨ ਵਿਚ ਸੁਰਗਵਾਸ ਹੋ ਗਿਆ ਸੀ। ਦਵਾਰਕਾ ਨਾਥ ਦੇ ਤਿੰਨ ਪੁੱਤਰ ਸਨ, ਜਿਨ੍ਹਾਂ ਵਿਚੋਂ ਦਵਿੰਦਰ ਨਾਥ, ਸਰਲ, ਸਾਦਾ, ਸ਼ਾਨ-ਸ਼ੌਕਤ ਤੋਂ ਨਿਰਲੇਪ ਹੋਣ ਕਾਰਨ ਪਿਤਾ ਦਾ ਚਹੇਤਾ-ਪੁੱਤਰ ਸੀ। ਪਿਤਾ ਧਨਵਾਨ ਸੀ, ਕਮਾਉਂਦਾ ਸੀ, ਖਰਚਦਾ ਵੀ ਸੀ। ਉਸ ਦੀ ਮਦਦ ਨਾਲ ਸੈਂਕੜੇ ਵਿਦਿਆਰਥੀ ਪੜ੍ਹੇ ਸਨ ਅਤੇ ਦਰਜਨਾਂ ਉਸ ਦੇ ਖਰਚੇ 'ਤੇ ਇੰਗਲੈਂਡ ਗਏ ਸਨ।

ਲੋਕ ਪਿਤਾ ਨੂੰ ਸ਼ਹਿਜ਼ਾਦਾ ਕਹਿੰਦੇ ਸਨ, ਜਦੋਂ ਕਿ ਪੁੱਤਰ ਰਿਸ਼ੀ ਕਹਾਇਆ। ਇਹ ਰਿਸ਼ੀ-ਪੁੱਤਰ ਪਿਤਾ ਦੇ ਨੇੜੇ ਸੀ, ਪਿਤਾ ਨਾਲੋਂ ਵੀ ਵਧੇਰੇ ਇਹ ਸਮਾਜ-ਸੁਧਾਰਕ ਰਾਜਾ ਰਾਮ ਮੋਹਨ ਰਾਇ ਦੇ ਨੇੜੇ ਸੀ। ਬਾਕੀ ਦੇ ਭਰਾ ਵੱਡੇ ਅਹੁਦਿਆਂ 'ਤੇ ਲੱਗੇ ਹੋਏ ਸਨ, ਜਦੋਂ ਕਿ ਦਵਿੰਦਰ ਨਾਥ, ਵਪਾਰ ਵਿਚ ਆਪਣੇ ਪਿਤਾ ਦਾ ਸਹਿਯੋਗੀ ਸੀ।

ਪਿਤਾ ਦੇ ਮਰਨ ਨਾਲ ਵੱਡਾ ਘਾਟਾ ਪਿਆ, ਕਾਰੋਬਾਰ ਬੰਦ ਹੋ ਗਿਆ।

ਲੈਣਦਾਰਾਂ ਨੇ ਪਰਿਵਾਰ ਨੂੰ ਦੀਵਾਲੀਆ ਇਸ ਕਰਕੇ ਨਾ ਐਲਾਨਿਆ, ਕਿਉਂਕਿ ਉਹ ਦਵਾਰਕਾ ਨਾਥ ਦੀਆਂ ਮਿਹਰਬਾਨੀਆਂ ਨੂੰ ਭੁੱਲੇ ਨਹੀਂ ਸਨ।

ਪੁੱਤਰ ਦਵਿੰਦਰ ਨਾਥ ਨੇ ਲੈਣਦਾਰਾਂ ਦਾ ਇਕੱਠ ਕਰ ਕੇ ਕਿਹਾ: ਅਸੀਂ ਲਿਆ ਕਰਜ਼ਾ, ਉਤਾਰਨਾ ਚਾਹੁੰਦੇ ਹਾਂ, ਤੁਸੀਂ ਸਾਡੀਆਂ ਜਾਇਦਾਦਾਂ ਆਪਣੇ ਨਾਂ ਕਰਵਾ ਲਵੋ। ਲੈਣਦਾਰਾਂ ਨੇ ਕਿਹਾ: ਨਹੀਂ, ਤੁਸੀਂ ਇਕ ਨੇਕ ਇਨਸਾਨ ਦੀ ਔਲਾਦ ਹੋ, ਅਸੀਂ ਸਾਰੇ ਰਲ ਕੇ ਤੁਹਾਡਾ ਵਪਾਰ ਮੁੜ ਲੀਹ 'ਤੇ ਪਾ ਲਵਾਂਗੇ। ਛੇਤੀ ਹੀ ਵਪਾਰ ਸਮਤੋਲ ਹੋ ਗਿਆ ਅਤੇ ਕੁਝ ਅਰਸੇ ਮਗਰੋਂ, ਪਹਿਲੇ ਵਾਲੀ ਸਥਿਤੀ ਬਹਾਲ ਹੋ ਗਈ।

ਦੇਵਿੰਦਰ ਨਾਥ ਨੇ ਨਾ ਕੇਵਲ ਸਾਰਾ ਕਰਜ਼ਾ ਮਿਸ਼ਰਿਤ ਵਿਆਜ ਨਾਲ ਵਾਪਸ ਕੀਤਾ, ਸਗੋਂ ਐਲਾਨ ਕੀਤਾ ਕਿ ਲੰਦਨ ਜਾਣ ਤੋਂ ਪਹਿਲਾਂ, ਪਿਤਾ ਦਵਾਰਕਾ ਨਾਥ ਨੇ, ਜਿਨ੍ਹਾਂ

www.quotesinpunjabi.ml

QuotesInPunjabi
ਸੰਸਥਾਵਾਂ ਨੂੰ ਮਦਦ ਦੇਣ ਦਾ ਵਾਅਦਾ ਕੀਤਾ ਸੀ, ਮੈਂ ਪਿਤਾ ਦੀ ਇਸ ਇੱਛਾ ਦੀ ਵੀ ਪੂਰਤੀ ਕਰਾਂਗਾ ਅਤੇ ਉਨ੍ਹਾਂ ਦੇ ਹਰ ਵਾਅਦੇ ਨੂੰ ਨਿਭਾਵਾਂਗਾ।

ਪ੍ਰਸਿੱਧ ਕਵੀ, ਰਵਿੰਦਰ ਨਾਥ ਟੈਗੋਰ, ਇਸ ਦਵਿੰਦਰ ਨਾਥ ਦਾ ਪੁੱਤਰ ਸੀ।

615

ਇਕ ਵਾਰੀ ਦੋ ਵਿਰੋਧੀ ਤੰਗ ਪੌੜੀਆਂ ਵਿਚ ਆਹਮੋ-ਸਾਹਮਣੇ ਹੋ ਗਏ, ਜਿਥੋਂ ਇਕ ਸਮੇਂ ਇਕ ਹੀ ਵਿਅਕਤੀ ਲੰਘ ਸਕਦਾ ਸੀ।

ਕੁਲ ਅਠਾਰ੍ਹਾਂ ਪੌੜੀਆਂ ਸਨ। ਬਲ੍ਹਵਾਂ ਵਿਅਕਤੀ, ਤੇਰ੍ਹਾਂ ਪੌੜੀਆਂ ਚੜ੍ਹ ਆਇਆ ਸੀ, ਜਦੋਂ ਕਿ ਉਪਰਲਾ ਵਿਅਕਤੀ ਚਾਰ-ਪੰਜ ਪੌੜੀਆਂ ਹੀ ਉਤਰਿਆ ਸੀ।

ਸਲੀਕਾ ਮੰਗ ਕਰਦਾ ਸੀ ਕਿ ਚਾਰ-ਪੰਜ ਪੌੜੀਆਂ ਵਾਲਾ ਵਾਪਸ ਚਲਾ ਜਾਂਦਾ ਅਤੇ ਤੇਰ੍ਹਾਂ ਪੌੜੀਆਂ ਚੜ੍ਹਨ ਵਾਲੇ ਨੂੰ ਲੰਘਣ ਦਿੰਦਾ।

ਬਲ੍ਹਵੇਂ ਨੇ ਉਪਰਲੇ ਨੂੰ ਬੇਨਤੀ ਕੀਤੀ ਕਿ ਉਹ ਰਸਤਾ ਛੱਡ ਦੇਵੇ, ਪੰਤੂ ਉਪਰਲੇ ਨੇ ਘਮੰਡ ਨਾਲ ਕਿਹਾ: ਮੈਂ ਮੂਰਖਾਂ ਵਾਸਤੇ ਰਸਤਾ ਨਹੀਂ ਛੱਡਦਾ।

ਤੇਰ੍ਹਾਂ ਪੌੜੀਆਂ ਵਾਲਾ, ਚੁੱਪ ਕਰਕੇ ਸਾਰੀਆਂ ਪੌੜੀਆਂ ਉਤਰ ਆਇਆ ਅਤੇ ਉਪਰਲੇ ਨੂੰ ਥੱਲੇ ਉਤਰ ਕੇ ਲੰਘ ਜਾਣ ਦੇਣ ਵਾਸਤੇ, ਅਖੀਰਲੀ ਪੌੜੀ ਦੇ ਕੋਲ ਸੁੰਗੜ ਕੇ ਖਲੋ ਗਿਆ।

ਜਦੋਂ ਉਪਰਲਾ ਲੰਘਣ ਲੱਗਿਆ ਤਾਂ ਥੱਲ੍ਹਵੇਂ ਨੇ ਕਿਹਾ: ਮੈਂ ਛੱਡ ਦਿੰਦਾ ਹਾਂ।

616

ਇਕ ਸ਼ਹਿਜ਼ਾਦਾ ਇਕ ਸਾਧਾਰਨ ਲੜਕੀ ਨੂੰ ਪਿਆਰ ਕਰਦਾ ਸੀ।

ਰਾਜਾ ਉਸ ਲੜਕੀ ਨੂੰ ਮਿਲਿਆ ਅਤੇ ਕਿਹਾ ਕਿ ਉਹ ਸ਼ਹਿਜ਼ਾਦੇ ਨੂੰ ਛੱਡ ਦੇਵੇ, ਤਿਆਗ ਦੇਵੇ, ਕਿਉਂਕਿ ਜੇ ਸ਼ਹਿਜ਼ਾਦੇ ਨੇ ਉਸ ਨਾਲ ਵਿਆਹ ਕਰ ਲਿਆ ਤਾਂ ਰਾਜਕੁਮਾਰੀਆਂ ਦੇ ਵਿਆਹ ਵਿਚ ਮੁਸ਼ਕਲ ਹੋਵੇਗੀ। ਨਾ ਚਾਹੁੰਦਿਆਂ ਵੀ ਉਹ ਲੜਕੀ ਰਾਜੇ ਦੀ ਗੱਲ ਮੰਨ ਜਾਂਦੀ ਹੈ ਅਤੇ ਸ਼ਹਿਜ਼ਾਦੇ ਨੂੰ ਤਿਆਗ ਕੇ ਦੂਰ ਚਲੀ ਜਾਂਦੀ ਹੈ।

ਸ਼ਹਿਜ਼ਾਦਾ ਜਾਣਦਾ ਹੈ ਕਿ ਉਸ ਲੜਕੀ ਨੇ ਉਸ ਨੂੰ ਰੱਦ ਕਰਨ ਦਾ ਨਾਟਕ ਰਚਿਆ ਹੈ। ਦੂਰ ਰਹਿ ਰਹੀ, ਉਹ ਲੜਕੀ ਉਦਾਸ, ਪਰੇਸ਼ਾਨ ਰਹਿਣ ਕਰਕੇ ਤਪਦਿਕ ਦੇ ਰੋਗ ਦਾ ਸ਼ਿਕਾਰ ਹੋ ਜਾਂਦੀ ਹੈ। ਸ਼ਹਿਜ਼ਾਦੇ ਨੂੰ ਜਦੋਂ ਪਤਾ ਲਗਦਾ ਹੈ ਕਿ ਉਹ ਮਰਨ ਕਿਨਾਰੇ ਹੈ ਤਾਂ, ਉਹ ਮਿਲਣ ਲਈ ਚਲ ਪੈਂਦਾ ਹੈ। ਸੋਚਦਾ ਜਾਂਦਾ ਹੈ ਕਿ ਉਹ ਪਹੁੰਚ ਸਕੇਗਾ ਕਿ ਨਹੀਂ।

ਇਕ-ਦੂਜੇ ਨੂੰ ਮਿਲਣ ਲਈ, ਉਨ੍ਹਾਂ ਨੂੰ ਦਸ ਮਿੰਟ ਹੀ ਮਿਲਦੇ ਹਨ, ਜਿਸ ਉਪਰੰਤ ਉਹ ਲੜਕੀ ਮਰ ਜਾਂਦੀ ਹੈ। ਉਸ ਦੀ ਜ਼ਿੰਦਗੀ ਦੇ ਇਹ ਦਸ ਮਿੰਟ ਬੜੇ ਕੀਮਤੀ ਸਨ।

ਉਸ ਤੋਂ ਪਹਿਲਾਂ ਉਹ ਵੀਹ ਸਾਲ ਜੀਵੀ ਕਿ ਬਾਈ ਸਾਲ, ਇਨ੍ਹਾਂ ਵੀਹ-ਬਾਈ ਸਾਲਾਂ ਦਾ ਕੋਈ ਮਹੱਤਵ ਨਹੀਂ, ਮਹੱਤਵਪੂਰਨ ਇਹ ਦਸ ਮਿੰਟ ਸਨ।

ਜ਼ਿੰਦਗੀ ਦੇ ਹਰ ਵਰਤਾਰੇ ਵਿਚ ਮਹੱਤਵਪੂਰਨ ਕੁਝ ਮਿੰਟ ਹੀ ਹੁੰਦੇ ਹਨ।

www.quotesinpunjabi.ml

QuotesInPunjabi

617

ਇਕ ਵਿਅਕਤੀ ਕੰਪਨੀ ਦਾ ਮਾਲਕ ਸੀ। ਸਾਰੀ ਜ਼ਿੰਮੇਵਾਰੀ ਉਸ ਨੇ ਚੁਕੀ ਹੋਈ ਸੀ। ਅਠ੍ਹਾਰਾਂ-ਅਠ੍ਹਾਰਾਂ ਘੰਟੇ ਕੰਮ ਕਰਕੇ ਵੀ ਕੰਮ ਨਹੀਂ ਸੀ ਮੁੱਕਦਾ।

ਉਹ ਆਪਣੇ ਇਕ ਮਾਹਿਰ-ਮਿੱਤਰ ਨੂੰ ਮਿਲਿਆ, ਕਿਹਾ: ਪਰੇਸ਼ਾਨ ਹਾਂ। ਕੋਈ ਜ਼ਿੰਮੇਵਾਰੀ ਮਹਿਸੂਸ ਹੀ ਨਹੀਂ ਕਰਦਾ, ਹਰ ਕੋਈ ਨਿੱਕੇ-ਨਿੱਕੇ ਫੈਸਲਿਆਂ ਲਈ ਵੀ ਮੇਰੇ ਵਲ ਵੇਖਦਾ ਹੈ। ਮਾਹਿਰ ਦੋਸਤ ਨੇ ਕਿਹਾ: ਤੂੰ ਦੋ ਮਹੀਨੇ ਦੀ ਛੁੱਟੀ ਚਲਾ ਜਾਹ। ਕੰਪਨੀ ਦੇ ਮਾਲਕ ਨੇ ਸੋਚਿਆ ਕਿ ਉਸ ਦੇ ਦੋਸਤ ਨੂੰ ਅਜਿਹਾ ਮਖੌਲ ਨਹੀਂ ਸੀ ਕਰਨਾ ਚਾਹੀਦਾ ਪਰ ਮਾਹਿਰ ਮਿੱਤਰ ਨੇ ਕਿਹਾ: ਮੈਂ ਗੰਭੀਰਤਾ ਨਾਲ ਸਲਾਹ ਦੇ ਰਿਹਾ ਹਾਂ। ਇਸ ਨੀਤੀ ਨੂੰ 'ਜ਼ਿੰਮੇਵਾਰ-ਅਣਗਹਿਲੀ' ਕਹਿੰਦੇ ਹਨ। ਤੂੰ ਜਾਹ, ਪਰਿਵਾਰ ਨੂੰ ਨਾਲ ਲੈ ਜਾਹ, ਸਟਾਫ਼ ਨੂੰ ਕਹਿ ਜਾਹ: ਜਿਵੇਂ ਠੀਕ ਲਗਦਾ ਹੈ, ਉਵੇਂ ਕਰੋ, ਮੈਨੂੰ ਟੈਲੀਫੋਨ ਕਰਨ ਦੀ ਲੋੜ ਨਹੀਂ, ਬੁਲਾਉਣ ਦੀ ਲੋੜ ਨਹੀਂ, ਸਾਰੀ ਜ਼ਿੰਮੇਵਾਰੀ ਤੁਹਾਡੀ ਹੈ।

ਉਹ ਗਿਆ। ਦੋ ਮਹੀਨੇ ਮਗਰੋਂ ਮੁੜਿਆ, ਹੈਰਾਨ ਹੋਇਆ, ਸਭ ਕੁਝ ਠੀਕ ਸੀ। ਕੰਮ ਹੋ ਰਿਹਾ ਸੀ, ਲਾਭ ਹੋ ਰਿਹਾ ਸੀ, ਬਲਕਿ ਮਾਲਕ ਨਾਲੋਂ ਵੀ ਚੰਗੇਰੀ ਕਾਰਗੁਜ਼ਾਰੀ ਵਿਖਾਉਣ ਦਾ ਯਤਨ ਕੀਤਾ ਗਿਆ ਸੀ। ਕੰਪਨੀ ਦੇ ਮਾਲਕ ਨੇ ਸਭ ਕੁਝ ਆਪਣੇ ਮਾਹਿਰ ਦੋਸਤ ਨੂੰ ਦੱਸਿਆ। ਉਸ ਨੇ ਕਿਹਾ, ਇਕ ਮਹੀਨੇ ਲਈ ਹੋਰ ਚਲਾ ਜਾਹ।

ਉਹ ਪਰਿਵਾਰ ਸਹਿਤ ਵਿਦੇਸ਼ ਗਿਆ, ਸਟਾਫ਼ ਨੂੰ ਕਹਿ ਗਿਆ: ਮੈਂ ਜਾ ਰਿਹਾ ਹਾਂ, ਕਿਸੇ ਨੇ ਮੇਰੇ ਨਾਲ ਸੰਪਰਕ ਨਹੀਂ ਕਰਨਾ, ਸਾਰੇ ਫੈਸਲੇ ਆਪ ਕਰੋ। ਮੈਨੂੰ ਉਦੋਂ ਹੀ ਦੱਸਣਾ, ਜਦੋਂ ਤੁਹਾਡੀ ਅਕਲ ਜਵਾਬ ਦੇ ਜਾਵੇ। ਕਿਸੇ ਨੇ ਕੋਈ ਫੋਨ ਨਾ ਕੀਤਾ।

ਮਹੀਨੇ ਮਗਰੋਂ ਜਦੋਂ ਵਾਪਸ ਆਇਆ, ਵੇਖਿਆ ਸਭ ਕੁਝ ਠੀਕ ਸੀ।

ਕੰਪਨੀਆਂ, ਦਫਤਰਾਂ, ਹਸਪਤਾਲਾਂ, ਸਕੂਲਾਂ, ਕਾਲਜਾਂ, ਸਭ ਪ੍ਰਕਾਰ ਦੇ ਅਦਾਰਿਆਂ ਅਤੇ ਫੌਜ ਵਿਚ ਜ਼ਿੰਮੇਵਾਰੀ ਦੀ ਦਰਜੇਬੰਦੀ ਹੁੰਦੀ ਹੈ।

ਜੇ ਪਿਤਾ ਗਿਆ ਹੋਵੇ, ਮਾਂ ਪਰਿਵਾਰ ਦੀ ਮੁਖੀ ਬਣ ਜਾਂਦੀ ਹੈ, ਜੇ ਦੋਵੇਂ ਮਾਪੇ ਗਏ ਹੋਣ, ਸਭ ਤੋਂ ਵੱਡਾ ਬੱਚਾ ਮੁਖੀ ਬਣ ਜਾਂਦਾ ਹੈ, ਸਾਰੀ ਜ਼ਿੰਮੇਵਾਰੀ ਸੰਭਾਲ ਲੈਂਦਾ ਹੈ।

ਇਹ ਨਾ ਸੋਚੋ ਕਿ ਕੰਮ ਨਹੀਂ ਚਲੇਗਾ, ਕੰਮ ਕਦੇ ਨਹੀਂ ਰੁਕਦਾ।

ਫੌਜ ਵਿਚ ਜੇ ਮੂਹਰਲੀ ਕਤਾਰ ਹਟਾ ਲਈ ਜਾਵੇ ਤਾਂ ਦੂਜੀ ਕਤਾਰ ਆਪ-ਮੁਹਾਰੇ ਮੂਹਰਲੀ ਕਤਾਰ ਬਣ ਜਾਂਦੀ ਹੈ ਅਤੇ ਉਸ ਦੀ ਜ਼ਿੰਮੇਵਾਰੀ ਮੂਹਰਲੀ ਕਤਾਰ ਵਾਲੀ ਹੋ ਜਾਂਦੀ ਹੈ।

618

ਅਮਰੀਕਾ ਵਿਚ ਜਦੋਂ ਲਿੰਕਨ ਨੇ ਗੁਲਾਮੀ ਨੂੰ ਖਤਮ ਕਰਨ ਦਾ ਬੀੜਾ ਚੁੱਕਿਆ ਸੀ ਤਾਂ ਅੱਧਾ ਦੇਸ਼ ਉਸ ਦੇ ਪੱਖ ਵਿਚ ਅਤੇ ਅੱਧਾ ਉਸ ਦੇ ਵਿਰੋਧ ਵਿਚ, ਖਾਨਾਜੰਗੀ ਵਿਚ ਉਲਝਿਆ ਹੋਇਆ ਸੀ। ਜਦੋਂ ਰਿਚਮਾਂਡ ਵਿਖੇ, ਲਿੰਕਨ-ਪੱਖੀਆਂ ਨੇ ਅਖੀਰਲਾ ਮੋਰਚਾ ਫਤਹਿ ਕੀਤਾ ਤਾਂ ਜੇਤੂ ਲਿੰਕਨ ਪੈਦਲ ਹੀ ਸ਼ਹਿਰ ਵਿਚ ਦਾਖਲ ਹੋਇਆ। ਉਸਦੇ ਨਾਲ ਕੁਝ ਉਹ ਮਲਾਹ ਸਨ, ਜਿਨ੍ਹਾਂ ਦੀ ਬੇੜੀ ਵਿਚ ਲਿੰਕਨ ਨੇ ਜੇਮਜ਼ ਦਰਿਆ ਪਾਰ ਕੀਤਾ ਸੀ।

www.quotesinpunjabi.ml

QuotesInPunjabi

ਸੰਸਾਰ ਦੇ ਇਤਿਹਾਸ ਵਿਚ, ਜਿੱਤ ਦਾ ਇਹ ਸਭ ਤੋਂ ਛੋਟਾ ਅਤੇ ਸਰਲ ਜਲੂਸ ਸੀ।

ਰਸਤੇ ਵਿਚੋਂ ਹੀ ਇਕ ਨੀਗਰੋ, ਉਨ੍ਹਾਂ ਦਾ ਗਾਈਡ ਬਣਿਆ ਹੋਇਆ ਸੀ, ਜਿਹੜਾ ਛੇ-ਸੱਤ ਬੰਦਿਆਂ ਦੇ ਜਲੂਸ ਦੀ ਅਗਵਾਈ ਕਰ ਰਿਹਾ ਸੀ।

ਜਲੂਸ ਦੀ ਤਿਆਰੀ ਕਰਨ ਦਾ ਵਕਤ ਹੀ ਨਹੀਂ ਸੀ ਮਿਲਿਆ, ਕਿਉਂਕਿ ਵਿਰੋਧੀਆਂ ਦਾ ਅਖੀਰਲਾ ਮੋਰਚਾ ਅਚਾਨਕ ਫਤਹਿ ਹੋ ਗਿਆ ਸੀ।

ਸੰਸਾਰ ਨੇ ਇਤਨੇ ਧੀਰਜਵਾਨ ਅਤੇ ਸਰਲ ਸੁਭਾਓ ਵਾਲੇ ਜੈਤੂ ਅਤੇ ਇਤਨੀ ਵੱਡੀ ਇਤਿਹਾਸਕ ਜਿੱਤ, ਪਹਿਲਾਂ ਕਦੇ ਨਹੀਂ ਸੀ ਵੇਖੀ।

ਕੋਈ ਬੈਂਡ-ਵਾਜਾ ਜਾਂ ਸਲਾਮੀ ਨਹੀਂ ਸੀ।

ਫਟੇ ਕੱਪੜਿਆਂ ਵਿਚ, ਸੁਤੰਤਰ ਹੋਏ ਕੁਝ ਗੁਲਾਮ, ਦਰੱਖਤਾਂ ਦੀਆਂ ਟਾਹਣੀਆਂ ਨੂੰ ਬੰਦੂਕਾਂ ਵਾਂਗ ਚੁੱਕ ਕੇ, ਲੀਰਾਂ ਨੂੰ ਝੰਡਿਆਂ ਵਾਂਗ ਹਿਲਾਉਂਦੇ, ਹਾਰੀ ਹੋਈ ਰਾਜਧਾਨੀ ਵਿਚੋਂ, ਜੇਤੂ ਭਾਵਨਾ ਨਾਲ ਲੰਘ ਰਹੇ ਸਨ।

ਹਰ ਕੋਈ ਲਿੰਕਨ ਨੂੰ ਛੂਹਣ ਅਤੇ ਚੁੰਮਣ ਦਾ ਯਤਨ ਕਰ ਰਿਹਾ ਸੀ।

619

ਭਾਰਤ ਦੇ ਦੱਖਣੀ ਰਾਜਾਂ ਵਿਚ ਜਾਤ-ਪਾਤ ਇਤਨੀ ਕਰੜੀ ਸੀ ਅਤੇ ਹੁਣ ਵੀ ਹੈ ਕਿ ਉਥੇ ਨੀਵੀਆਂ ਜਾਤਾਂ ਦੇ ਵਿਦਿਆਰਥੀਆਂ ਨੂੰ ਸਕੂਲ ਪਹੁੰਚਣ ਲਈ ਵੱਖਰੇ ਰਸਤੇ ਤੋਂ ਆਉਣਾ ਪੈਂਦਾ ਸੀ। ਕਲਾਸ ਵਿਚ ਬੈਠਣ ਦੇ ਬੈਂਚ ਵੱਖਰੇ ਹੁੰਦੇ ਸਨ। ਉੱਚੀਆਂ ਜਾਤਾਂ ਦੇ ਵਿਦਿਆਰਥੀ ਸਾਫ਼, ਸਿੱਧੇ ਅਤੇ ਸੌਖੇ ਰਸਤੇ ਰਾਹੀਂ ਪਹੁੰਚਦੇ ਸਨ। ਦਲਿਤ ਜਾਤਾਂ ਦੇ ਵਿਦਿਆਰਥੀ ਤੰਗ, ਮੋੜ-ਘੋੜ ਵਾਲੇ ਲੰਮੇ ਅਤੇ ਗੰਦੇ ਰਸਤੇ ਰਾਹੀਂ ਆਉਂਦੇ ਸਨ।

ਪੇਂਡੂ ਇਲਾਕਿਆਂ ਵਿਚ ਹੁਣ ਵੀ ਜੇ ਦਲਿਤ ਵਿਦਿਆਰਥੀ, ਉੱਚੀ ਜਾਤ ਵਾਲੇ ਵਿਦਿਆਰਥੀਆਂ ਦੇ ਰਸਤੇ ਰਾਹੀਂ ਸਕੂਲ ਆਏ ਤਾਂ, ਉੱਚੀ ਜਾਤ ਦਾ ਅਧਿਆਪਕ ਅਜਿਹੇ ਵਿਦਿਆਰਥੀ ਨੂੰ ਵਾਪਸ ਭੇਜ ਕੇ ਲੰਮੇ, ਗੰਦੇ ਰਸਤੇ ਤੋਂ ਆਉਣ ਲਈ ਕਹਿੰਦਾ ਹੈ।

ਇਕ ਵਾਰੀ, ਇਕ ਦਲਿਤ ਬੱਚਾ ਜਦੋਂ ਉੱਚੀ ਜਾਤ ਵਾਲੇ ਅਧਿਆਪਕ ਵਲੋਂ ਵਾਪਸ ਭੇਜਿਆ ਗਿਆ ਤਾਂ ਉਸ ਨੇ ਆਪਣੀ ਮਾਂ ਨੂੰ ਦੱਸਿਆ।

ਮਾਂ ਨੇ ਕਿਹਾ: ਤੇਰਾ ਕੀ ਫ਼ੈਸਲਾ ਹੈ ? ਤੂੰ ਆਪਣੇ ਰਸਤੇ ਦੀ, ਆਪ ਚੋਣ ਕਰ ਅਤੇ ਚੁਣੇ ਹੋਏ ਰਸਤੇ 'ਤੇ ਚੱਲ।

ਅਨੇਕਾਂ ਵਾਰ ਵਾਪਸ ਭੇਜੇ ਜਾਣ ਦੇ ਬਾਵਜੂਦ, ਉਹ ਲੜਕਾ ਹਰ ਰੋਜ਼ ਸਵੇਰੇ ਛੋਟੇ, ਸਿੱਧੇ ਅਤੇ ਸਾਫ਼ ਰਸਤੇ ਤੋਂ ਹੀ ਸਕੂਲ ਪਹੁੰਚਦਾ ਸੀ।

ਇਹ ਗੱਲ ਪਿੰਡ ਵਿਚ, ਬਰਾਦਰੀ ਵਿਚ, ਇਲਾਕੇ ਵਿਚ ਫੈਲ ਗਈ। ਸਕੂਲ ਵਿਚ ਪ੍ਰਿੰਸੀਪਲ ਭਾਵੇਂ ਦਲਿਤ ਜਾਤ ਦਾ ਸੀ ਪਰ ਕਈ ਅਧਿਆਪਕ ਉੱਚੀ ਜਾਤ ਦੇ ਸਨ।

ਪ੍ਰਿੰਸੀਪਲ ਨੇ, ਜਿਸ ਨੇ ਬਚਪਨ ਵਿਚ ਆਪ ਗੰਦੇ ਰਸਤੇ ਰਾਹੀਂ ਪਹੁੰਚਕੇ, ਸਕੂਲ ਦੀ ਪੜ੍ਹਾਈ ਕੀਤੀ ਸੀ, ਉਸ ਲੜਕੇ ਨੂੰ ਆਪਣੀ ਜਮਾਤ ਦਾ ਮਨੀਟਰ ਲਾ ਦਿੱਤਾ।

ਮਨੀਟਰ ਬਣਨ ਵਾਲਾ ਇਹ ਵਿਦਿਆਰਥੀ, ਅੰਬੇਦਕਰ ਸੀ।

www.quotesinpunjabi.ml

QuotesInPunjabi

620

ਪਿੰਡ ਦੇ ਪਤਵੰਤੇ ਹੋਰ ਅਤੇ ਸ਼ਹਿਰ ਦੇ ਪਤਵੰਤੇ ਹੋਰ ਹੁੰਦੇ ਹਨ।

ਇਕ ਵਿਅਕਤੀ ਇਕ ਪਿੰਡ 'ਚੋਂ ਨਿਕਲ ਕੇ ਸ਼ਹਿਰ ਵਿਚ ਰਹਿਣ ਲੱਗ ਪਿਆ, ਜਿਥੇ ਵੀਹ ਸਾਲ ਮਿਹਨਤ ਕਰਕੇ ਉਹ ਸ਼ਹਿਰ ਦਾ ਪਤਵੰਤਾ ਬਣ ਗਿਆ। ਸ਼ਹਿਰ ਵਿਚ ਉਹ ਸਰਦਾਰ ਬਹਾਦਰ ਬਲਬੀਰ ਸਿੰਘ ਚਾਂਦਪੁਰੀ ਵਜੋਂ ਜਾਣਿਆ ਜਾਂਦਾ ਸੀ। ਸੈਂਕੜੇ ਵਿਅਕਤੀ ਉਸ ਦੇ ਕਰਮਚਾਰੀ ਸਨ ਅਤੇ ਹਜ਼ਾਰਾਂ ਲੋਕ ਉਸ ਨੂੰ ਜਾਣਦੇ ਸਨ।

ਉਸ ਨੇ ਪਿੰਡ ਲਈ ਕੁਝ ਕੀਤਾ ਨਹੀਂ ਸੀ ਪਰ ਫਿਰ ਵੀ ਪਤਵੰਤਾ ਬਣਨ ਅਤੇ ਪ੍ਰਸਿੱਧ ਹੋਣ ਦੇ ਮਾਣ ਨਾਲ, ਉਸ ਨੇ ਆਪਣੇ ਪਿੰਡ ਜਾਣ ਦਾ ਮਨ ਬਣਾਇਆ। ਉਸ ਨੂੰ ਵਿਸ਼ਵਾਸ ਸੀ ਕਿ ਉਸ ਦੇ ਪਿੰਡ ਆਉਣ ਦੀ ਸੂਚਨਾ ਨਾਲ ਸਾਰਾ ਪਿੰਡ ਉਸ ਦੇ ਸਵਾਗਤ ਲਈ ਸਟੇਸ਼ਨ 'ਤੇ ਪਹੁੰਚੇਗਾ ਅਤੇ ਉਸ ਦੇ ਜੱਦੀ ਘਰ ਵਾਲੇ ਰਸਤੇ ਤੱਕ, ਕਈ ਗੇਟ ਬਣੇ ਹੋਣਗੇ, ਜਿਥੇ ਰਸਤੇ ਦੇ ਦੋਵੇਂ ਪਾਸੇ ਸਵਾਗਤ ਵਿਚ ਲੋਕ ਨਾਅਰੇ ਲਾ ਰਹੇ ਹੋਣਗੇ।

ਜਦੋਂ ਉਹ ਪਿੰਡ ਦੇ ਸਟੇਸ਼ਨ 'ਤੇ ਉਤਰਿਆ ਤਾਂ ਉਸ ਨੂੰ ਬੜੀ ਨਿਰਾਸਤਾ ਹੋਈ, ਕਿਉਂਕਿ ਇਕ ਵੀ ਵਿਅਕਤੀ ਉਸ ਨੂੰ ਲੈਣ ਨਹੀਂ ਸੀ ਆਇਆ।

ਲੋਕ ਇਧਰ-ਉਧਰ ਆ-ਜਾ ਰਹੇ ਸਨ ਪਰ ਕੋਈ ਉਸ ਵਲ ਧਿਆਨ ਨਹੀਂ ਸੀ ਦੇ ਰਿਹਾ। ਉਹ ਕੁਝ ਚਿਰ ਬੜਾ ਨਿਰਾਸ਼ ਹੋ ਕੇ ਖਲੋਤਾ ਰਿਹਾ।

ਉਸ ਨੂੰ ਬਚਪਨ ਤੋਂ ਜਾਣਨ ਵਾਲੇ ਇਕ ਰੇਹੜੀ ਵਾਲੇ ਨੇ ਬੜੀ ਮੁਸ਼ਕਲ ਨਾਲ ਉਸ ਨੂੰ ਪਛਾਣਿਆ ਅਤੇ ਕਿਹਾ: ਓਏ ਬਿੱਲੇ, ਕਿਥੇ ਜਾ ਰਿਹੈਂ?

ਕੁਝ ਚਿਰ ਉਡੀਕਣ ਉਪਰੰਤ ਉਹ ਸਟੇਸ਼ਨ ਤੋਂ ਹੀ ਵਾਪਸ ਸ਼ਹਿਰ ਪਰਤ ਗਿਆ।

621

ਇਕ ਵਾਰੀ ਚਾਰ ਸਾਥੀ ਯਾਤਰਾ 'ਤੇ ਨਿਕਲੇ। ਉਨ੍ਹਾਂ ਵਿਚੋਂ ਇਕ ਬ੍ਰਾਹਮਣ ਸੀ, ਇਕ ਸੁਨਿਆਰ, ਇਕ ਦਰਜ਼ੀ ਅਤੇ ਚੌਥਾ ਤਰਖਾਣ।

ਪੁਰਾਣੇ ਜ਼ਮਾਨੇ ਵਿਚ ਕੋਈ ਸਮੱਸਿਆ ਕਹਾਣੀ ਰਾਹੀਂ ਸੁਲਝਾਈ-ਸਮਝਾਈ ਜਾਂਦੀ ਸੀ, ਜਿਸ ਨੂੰ ਲੋਕ-ਸੂਝ ਕਿਹਾ ਜਾਂਦਾ ਸੀ।

ਰਸਤੇ ਵਿਚ ਰਾਤ ਪੈ ਗਈ। ਉਨ੍ਹਾਂ ਨੇ ਤਿੰਨ-ਤਿੰਨ ਘੰਟੇ ਜਾਗਣ ਦਾ ਫੈਸਲਾ ਕੀਤਾ। ਸਭ ਤੋਂ ਪਹਿਲੀ ਵਾਰੀ ਤਰਖਾਣ ਦੀ ਸੀ। ਸਮਾਂ ਗੁਜ਼ਾਰਨ ਲਈ ਉਸ ਨੇ ਇਕ ਲੱਕੜ ਲੈ ਕੇ ਆਪਣੇ ਸੰਦਾਂ ਨਾਲ ਇਕ ਜ਼ਨਾਨੀ ਬਣਾਈ। ਫਿਰ ਦਰਜ਼ੀ ਦੀ ਵਾਰੀ ਆਈ, ਜਿਸ ਨੇ ਉਸ ਨੂੰ ਪੱਤਿਆਂ ਦੇ ਕੱਪੜੇ ਪਹਿਨਾ ਦਿੱਤੇ। ਜਦੋਂ ਸੁਨਿਆਰੇ ਦੀ ਵਾਰੀ ਆਈ ਤਾਂ ਉਸ ਨੇ ਮਿੱਟੀ ਗੁੰਨ੍ਹ ਕੇ, ਉਸ ਨੂੰ ਗਹਿਣੇ ਪਹਿਨਾ ਦਿੱਤੇ ਅਤੇ ਸੋਹਣਾ ਬਣਾ ਦਿੱਤਾ। ਅਖੀਰ ਵਿਚ ਬ੍ਰਾਹਮਣ ਦੀ ਵਾਰੀ ਸੀ, ਜਿਸ ਨੇ ਮੰਤਰ ਪੜ੍ਹ ਕੇ, ਉਹ ਜ਼ਨਾਨੀ ਜਿਉਂਦੀ ਕਰ ਦਿੱਤੀ।

ਹੁਣ ਉਨ੍ਹਾਂ ਵਿਚ ਬਹਿਸ ਚੱਲ ਪਈ ਕਿ ਇਹ ਜ਼ਨਾਨੀ ਕਿਸਦੀ ਹੈ? ਹਰ ਕਿਸੇ ਨੇ, ਆਪਣੀ ਹੋਣ ਦਾ ਤਰਕ ਦਿੱਤਾ ਪਰ ਫੈਸਲਾ ਨਾ ਹੋ ਸਕਿਆ।

www.quotesinpunjabi.ml

QuotesInPunjabi

ਜਦੋਂ ਚੰਗਾ ਚਾਨਣਾ ਹੋ ਗਿਆ ਤਾਂ ਉਹ ਇਕ ਸਿਆਣੇ ਕੋਲ ਗਏ ਅਤੇ ਉਸ ਨੂੰ ਮਾਮਲਾ ਨਿਪਟਾਉਣ ਲਈ ਕਿਹਾ। ਉਸ ਸਿਆਣੇ ਨੇ ਕਿਹਾ: ਤਰਖਾਣ ਅਤੇ ਪੰਡਤ ਤਾਂ ਇਸ ਜ਼ਨਾਨੀ ਦੇ ਮਾਪੇ ਹਨ, ਤਰਖਾਣ ਨੇ ਸਰੀਰ ਸਿਰਜਿਆ ਹੈ, ਬ੍ਰਾਹਮਣ ਨੇ ਜਾਨ ਪਾਈ ਹੈ। ਦਰਜ਼ੀ ਇਸ ਜ਼ਨਾਨੀ ਦਾ ਮਾਮਾ ਹੈ, ਜਿਸ ਨੇ ਇਸ ਦਾ ਨੰਗੇਜ ਢੱਕਿਆ ਹੈ। ਸੁਨਿਆਰੇ ਨੇ ਇਸ ਨੂੰ ਗਹਿਣਿਆਂ ਨਾਲ ਸਜਾਇਆ ਹੈ। ਇਹ ਜ਼ਨਾਨੀ ਸੁਨਿਆਰੇ ਦੀ ਹੈ, ਕਿਉਂਕਿ ਜ਼ਨਾਨੀ ਉਸ ਦੀ ਹੁੰਦੀ ਹੈ, ਜਿਹੜਾ ਉਸ ਨੂੰ ਸਜਾਉਣ ਦਾ ਪ੍ਰਬੰਧ ਕਰਦਾ ਹੈ।

622

ਇਕ ਵਿਅਕਤੀ ਦੇ ਤਿੰਨ ਪੁੱਤਰ ਅਤੇ ਦੋ ਧੀਆਂ ਸਨ।

ਪਿਤਾ ਨੇ ਆਪਣੀ ਬਣਾਈ ਜਾਇਦਾਦ ਦੀ ਵਸੀਅਤ ਕੀਤੀ ਅਤੇ ਲਿਖਿਆ: ਵਿਦੇਸ਼ ਵਿਆਹੀਆਂ ਧੀਆਂ ਨੂੰ ਬਣਦਾ ਹੱਕ ਦੇ ਦਿੱਤਾ ਗਿਆ ਹੈ। ਮੇਰੇ ਮਰਨ ਉਪਰੰਤ ਮੇਰੀ ਜਾਇਦਾਦ ਦੇ ਚਾਰ ਹਿੱਸੇ ਹੋਣਗੇ, ਜਿਨ੍ਹਾਂ ਨੂੰ ਤਿੰਨ ਪੁੱਤਰ ਅਤੇ ਮੇਰੀ ਪਤਨੀ ਪ੍ਰਾਪਤ ਕਰਨਗੇ। ਇਵੇਂ ਪਤੀ ਦੀ ਜਾਇਦਾਦ ਦਾ ਚਾਰਾਂ ਵਿਚੋਂ ਇਕ ਹਿੱਸਾ ਮਾਂ ਨੂੰ ਮਿਲਿਆ।

ਕੁਝ ਅਰਸੇ ਮਗਰੋਂ, ਮਾਂ ਆਪਣੇ ਹਿੱਸੇ ਦੀ ਵਸੀਅਤ ਕੀਤੇ ਬਿਨਾਂ ਮਰ ਗਈ।

ਤਿੰਨ ਪੁੱਤਰਾਂ ਨੇ ਸਬੰਧਤ ਸਰਕਾਰੀ ਅਧਿਕਾਰੀ ਨੂੰ ਸਾਂਝੀ ਦਰਖਾਸਤ ਦਿੱਤੀ ਕਿ ਜਿਵੇਂ ਪਿਤਾ ਜੀ ਨੇ ਭੈਣਾਂ ਨੂੰ ਕੁਝ ਨਹੀਂ ਸੀ ਦਿੱਤਾ, ਉਵੇਂ ਹੀ ਮਾਂ ਦਾ ਹਿੱਸਾ ਵੀ ਤਿੰਨ ਪੁੱਤਰਾਂ ਵਿਚ ਬਰਾਬਰ ਵੰਡ ਦਿੱਤਾ ਜਾਵੇ।

ਅਧਿਕਾਰੀ ਨੇ ਕਿਹਾ: ਕਿਉਂਕਿ ਮਾਂ ਨੇ ਆਪਣੇ ਹਿੱਸੇ ਦੀ ਕੋਈ ਵਸੀਅਤ ਨਹੀਂ ਕੀਤੀ, ਸੋ ਕਾਨੂੰਨ ਅਨੁਸਾਰ ਇਹ ਤਿੰਨ ਪੁੱਤਰਾਂ ਅਤੇ ਦੋ ਧੀਆਂ ਵਿਚ ਬਰਾਬਰ ਵੰਡਿਆ ਜਾਵੇਗਾ। ਜੇ ਤੁਸੀਂ ਇਸ ਵੰਡ ਨੂੰ ਸਵੀਕਾਰਨ ਲਈ ਤਿਆਰ ਹੋ ਤਾਂ ਮੈਂ ਹੁਣੇ ਫੈਸਲਾ ਕਰ ਦਿੰਦਾ ਹਾਂ, ਨਹੀਂ ਤਾਂ ਜੋ ਅਤੇ ਜਦੋਂ ਅਦਾਲਤ ਫੈਸਲਾ ਕਰੇਗੀ, ਉਦੋਂ ਵੰਡ ਹੋਵੇਗੀ।

ਅਧਿਕਾਰੀ ਨੇ ਭਰਾਵਾਂ ਨੂੰ ਸਮਝਾਇਆ ਕਿ ਪੰਝੀ-ਪੰਝੀ ਪ੍ਰਤੀਸ਼ਤ ਤਾਂ ਪਹਿਲਾਂ ਹੀ ਤੁਹਾਡੇ ਕੋਲ ਹੈ, ਪੰਜ-ਪੰਜ ਹੋਰ ਪੈ ਕੇ ਤੁਹਾਡਾ ਤੀਹ-ਤੀਹ ਪ੍ਰਤੀਸ਼ਤ ਹੋ ਜਾਵੇਗਾ, ਭੈਣਾਂ ਨੂੰ ਤਾਂ ਪੰਜ-ਪੰਜ ਪ੍ਰਤੀਸ਼ਤ ਹੀ ਮਿਲਣਾ ਹੈ। ਤੁਸੀਂ ਸੋਚ ਕੇ ਆਪਣਾ ਫੈਸਲਾ ਦੱਸ ਦਿਓ।

ਭਰਾਵਾਂ ਨੇ ਸਲਾਹ ਕੀਤੀ ਅਤੇ ਉਨ੍ਹਾਂ ਸਾਰੇ ਪੰਜਾਂ ਨੂੰ ਪੰਜ-ਪੰਜ ਪ੍ਰਤੀਸ਼ਤ ਹਿੱਸਾ ਦੇਣ ਦੀ ਲਿਖਤੀ ਸਹਿਮਤੀ ਦੇ ਦਿੱਤੀ। ਜਦੋਂ ਅਧਿਕਾਰੀ ਵਲੋਂ ਭੈਣਾਂ ਨੂੰ ਮਾਂ ਦੀ ਜਾਇਦਾਦ ਵਿਚੋਂ ਪੰਜ-ਪੰਜ ਪ੍ਰਤੀਸ਼ਤ ਹਿੱਸਾ ਦੇਣ ਬਾਰੇ ਸਰਕਾਰੀ ਸੂਚਨਾ ਭੇਜੀ ਗਈ ਤਾਂ ਦੋਹਾਂ ਭੈਣਾਂ ਨੇ ਲਿਖ ਭੇਜਿਆ ਕਿ ਸਾਡਾ ਹਿੱਸਾ ਵੀ ਭਰਾਵਾਂ ਵਿਚ ਵੰਡ ਦਿੱਤਾ ਜਾਵੇ।

ਭਰਾ ਸਮਝਦੇ ਸਨ ਕਿ ਭੈਣਾਂ, ਆਪਣਾ ਹਿੱਸਾ ਲੈਣ ਆਉਣਗੀਆਂ ਪਰ ਉਹ ਜਾਇਦਾਦ ਵਿਚੋਂ ਕੁਝ ਵੀ ਲੈਣ ਲਈ ਤਿਆਰ ਨਹੀਂ ਸਨ।

ਭਰਾਵਾਂ ਲਈ ਇਹ ਇਕ ਸਬਕ ਸੀ।

www.quotesinpunjabi.ml

QuotesInPunjabi

623

ਅਮਰੀਕਾ ਵਿਚ ਡਿਜ਼ਨੀਲੈਂਡ ਮਨੋਰੰਜਨ ਦਾ ਨਾ ਮੁੱਕਣ ਵਾਲਾ ਇਕ ਮੇਲਾ ਹੈ।

ਇਸ ਦੇ ਝੂਟੇ ਮਾਣਨ ਨਾਲ ਮਨੁੱਖ ਦੀ ਝੂਟੇ ਲੈਣ ਦੀ ਭੁੱਖ ਅਕਸਰ ਸਦਾ ਲਈ ਸ਼ਾਂਤ ਹੋ ਜਾਂਦੀ ਹੈ। ਸੰਸਾਰ ਦਾ ਕੋਈ ਅਜਿਹਾ ਝੂਟਾ ਨਹੀਂ, ਜਿਹੜਾ ਇਥੇ ਨਹੀਂ।

ਇਥੇ ਕਈ ਝੂਟੇ ਦਿਲ ਦਹਿਲਾਉਣ ਵਾਲੇ ਹਨ ਅਤੇ ਅਜਿਹੇ ਝੂਟੇ ਲੈਣ ਵਾਸਤੇ ਵਿਅਕਤੀ ਦੀ ਉਮਰ ਨਹੀਂ, ਉਸ ਦਾ ਕੱਦ ਆਧਾਰ ਹੁੰਦਾ ਹੈ ਅਤੇ ਝੂਟਾ ਲੈਣ ਵੇਲੇ ਵਿਅਕਤੀ ਦੀ ਸੀਟ ਦੇ ਆਲੇ ਦੁਆਲੇ ਹਿਫਾਜ਼ਤੀ ਪ੍ਰਬੰਧ ਕੀਤੇ ਜਾਂਦੇ ਹਨ।

ਇਕ ਝੂਟੇ ਲਈ ਘੱਟੋ-ਘੱਟ ਲੋੜੀਂਦਾ ਕੱਦ ਪੰਜ ਫੁੱਟ ਸੀ।

ਪੰਝੀ ਸਾਲ ਦੇ ਲੰਮੇ ਕੱਦ ਵਾਲੇ ਦੋ ਪੰਜਾਬੀ, ਝੂਟੇ ਦੇ ਕੋਲ ਖਲੋਤੇ ਹੋਏ ਝੂਟਾ ਲੈਣ ਜਾਂ ਨਾ ਲੈਣ ਦੀ ਦੁਚਿੱਤੀ ਦਾ ਸ਼ਿਕਾਰ ਹੋਏ, ਹੋਏ ਸਨ। ਇਕ ਨੇ ਦੂਜੇ ਨੂੰ ਕਿਹਾ: ਹਿੰਮਤ ਅਤੇ ਹੌਸਲਾ ਉਪਜਾਉਣ ਵਾਸਤੇ ਆਪਾਂ ਦੋ-ਦੋ ਪੈੱਗ ਪੀ ਲੈਂਦੇ ਹਾਂ।

ਇਤਨੇ ਵਿਚ ਉਨ੍ਹਾਂ ਨੇ ਵੇਖਿਆ ਕਿ ਇਕ ਦਸ-ਬਾਰ੍ਹਾਂ ਸਾਲ ਦਾ ਅਮਰੀਕਨ ਲੜਕਾ ਜਿਸ ਦਾ ਕੱਦ ਸਾਢੇ ਚਾਰ ਜਾਂ ਪੌਣੇ ਪੰਜ ਫੁੱਟ ਸੀ, ਉਹ ਪੰਜ ਫੁੱਟ ਵਾਲੇ ਡੰਡੇ ਦੇ ਬਰਾਬਰ ਹੋਣ ਵਾਸਤੇ ਅਤੇ ਝੂਟੇ ਲਈ ਯੋਗ ਕਰਾਰ ਦਿੱਤੇ ਜਾਣ ਲਈ, ਅੱਡੀਆਂ ਚੁੱਕ-ਚੁੱਕ ਕੇ ਪੰਜ ਫੁੱਟ ਦਾ ਹੋਣ ਦਾ ਯਤਨ ਕਰ ਰਿਹਾ ਸੀ ਤਾਂ ਕਿ ਉਹ ਝੂਟਾ ਲੈ ਸਕੇ।

ਭਾਰਤ ਦੇ ਜਵਾਨ ਕੀ ਸੋਚ ਰਹੇ ਸਨ, ਅਮਰੀਕਨ ਬੱਚਾ ਕੀ ਸੋਚ ਰਿਹਾ ਸੀ ?

624

ਕੈਨੇਡਾ ਵਿਚ ਇਕ ਵਿਅਕਤੀ ਦਾ ਅਜੀਬ ਹਾਲਤ ਵਿਚ ਕਤਲ ਹੋ ਗਿਆ ਸੀ ਅਤੇ ਉਸ ਦੀ ਪਤਨੀ 'ਤੇ ਸ਼ੱਕ ਕੀਤਾ ਜਾ ਰਿਹਾ ਸੀ ਪਰ ਸਬੂਤ ਕੋਈ ਨਹੀਂ ਸੀ ਮਿਲ ਰਿਹਾ। ਤਫਤੀਸ਼ ਕਰਨ ਵਾਲੇ ਅਧਿਕਾਰੀ ਨੇ ਕਤਲ ਹੋਏ ਬੰਦੇ ਬਾਰੇ, ਉਸ ਦੇ ਦੋਸਤਾਂ ਤੋਂ ਫੋਟੋਆਂ ਅਤੇ ਤੱਥ ਇਕੱਤਰ ਕੀਤੇ। ਉਸ ਦੀ ਪੜ੍ਹਾਈ ਦਾ ਸਰਟੀਫਿਕੇਟ ਪ੍ਰਾਪਤ ਕੀਤਾ, ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ ਅਤੇ ਫੋਟੋਆਂ ਅਨੁਸਾਰ, ਕਤਲ ਹੋਏ ਵਿਅਕਤੀ ਵਰਗਾ ਬਣ ਕੇ, ਉਸ ਦੀ ਪਤਨੀ ਕੋਲ ਗਿਆ ਅਤੇ ਕਿਹਾ: ਜਿਹੜਾ ਵਿਅਕਤੀ ਕਤਲ ਹੋਇਆ ਹੈ, ਉਹ ਤੇਰਾ ਪਤੀ ਨਹੀਂ, ਉਹ ਕੋਈ ਹੋਰ ਹੈ। ਪਤੀ ਦੇ ਕਤਲ ਦੀ ਰੀਪੋਰਟ ਹੋਈ ਹੈ, ਮੈਂ ਪਤੀ ਹਾਂ ਮੈਂ ਤਾਂ ਜਿਉਂਦਾ ਹਾਂ, ਤੂੰ ਕਿਉਂ ਡਰ ਰਹੀ ਹੈਂ, ਤੈਨੂੰ ਕੋਈ ਖਤਰਾ ਨਹੀਂ।

ਇਸਤਰੀ ਨੇ ਕਿਹਾ: ਮੇਰਾ ਪਤੀ ਤਾਂ ਕਤਲ ਨਾਲ ਮਰ ਗਿਆ ਹੈ।

ਤਫਤੀਸ਼ ਕਰਨ ਵਾਲੇ ਨੇ ਕਿਹਾ ਨਹੀਂ, ਵੇਖ ਮੈਂ ਜਿਉਂਦਾ ਹਾਂ, ਇਹ ਮੇਰਾ ਸਕੂਲ ਦਾ ਸਰਟੀਫਿਕੇਟ ਹੈ, ਇਹ ਮੇਰੀ ਇੰਜੀਨੀਅਰਿੰਗ ਦੀ ਡਿਗਰੀ ਹੈ।

ਇਸਤਰੀ ਨੇ ਕਿਹਾ: ਪਰ ਉਸ ਨੂੰ ਤਾਂ ਮੈਂ ਆਪ, ਖਾਣੇ ਵਿਚ ਜ਼ਹਿਰ ਮਿਲਾ ਕੇ, ਕਤਲ ਕੀਤਾ ਹੈ, ਉਸ ਦੀ ਲਾਸ਼ ਮੈਂ ਆਪ ਜੰਗਲ ਵਿਚ ਸੁੱਟੀ ਹੈ।

ਤਫਤੀਸ਼ ਦੇ ਆਧਾਰ 'ਤੇ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

www.quotesinpunjabi.ml

QuotesInPunjabi

625

ਪਹਿਲੇ ਵਿਸ਼ਵਯੁੱਧ ਉਪਰੰਤ, ਇੰਗਲੈਂਡ ਦਾ ਪ੍ਰਿੰਸ ਆਫ ਵੇਲਜ਼, ਯੁੱਧ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਮਰੀਜ਼ਾਂ ਨੂੰ ਹਸਪਤਾਲ ਵੇਖਣ ਗਿਆ ਸੀ।

ਉਹ ਹਰੇਕ ਜ਼ਖਮੀ ਕੋਲ ਰੁਕਿਆ, ਵੇਰਵੇ ਨਾਲ ਹਾਲ-ਚਾਲ ਪੁੱਛਿਆ।

ਜਦੋਂ ਫੇਰੀ ਦੇ ਅੰਤ 'ਤੇ ਮੁੱਖ ਪ੍ਰਬੰਧਕ, ਉਸ ਨੂੰ ਬਾਹਰਲੇ ਗੇਟ ਵਲ ਲਿਜਾ ਰਿਹਾ ਸੀ ਤਾਂ ਪ੍ਰਿੰਸ ਨੇ ਪੁੱਛਿਆ: ਤੁਸੀਂ ਕਿਹਾ ਸੀ ਛੱਤੀ ਮਰੀਜ਼ ਹਨ ਪਰ ਤੁਸੀਂ ਮੈਨੂੰ ਵਿਖਾਏ ਉਨੱਤੀ ਹੀ ਹਨ। ਮੁੱਖ ਨਰਸ ਨੇ ਦੱਸਿਆ ਕਿ ਸੱਤ ਮਰੀਜ਼ ਬੜੀ ਮਾੜੀ ਹਾਲਤ ਵਿਚ ਸਨ।

ਪ੍ਰਿੰਸ ਨੇ ਪੁੱਛਿਆ: ਤੁਸੀਂ ਮਰੀਜ਼ਾਂ ਨੂੰ ਮੇਰੇ ਵਲੋਂ ਵੇਖੇ ਜਾਣ ਯੋਗ ਨਹੀਂ ਸਮਝਿਆ ਜਾਂ ਮੈਨੂੰ ਇਸ ਯੋਗ ਨਹੀਂ ਸਮਝਿਆ ਕਿ ਉਹ ਮੈਨੂੰ ਵੇਖਣ।

ਪ੍ਰਬੰਧਕਾਂ ਨੇ ਕਿਹਾ: ਅਸੀਂ ਨਹੀਂ ਚਾਹੁੰਦੇ ਕਿ ਤੁਸੀਂ ਉਨ੍ਹਾਂ ਦੀ ਮਾੜੀ ਹਾਲਤ ਵੇਖ ਕੇ ਪਰੇਸ਼ਾਨ ਹੋਵੋ। ਪ੍ਰਿੰਸ ਨੇ ਕਿਹਾ: ਮੇਰਾ ਹੁਕਮ ਹੈ ਕਿ ਮੈਨੂੰ ਸਾਰੇ ਮਰੀਜ਼ਾਂ ਨਾਲ ਮਿਲਾਓ।

ਛੇ ਵਿਖਾ ਦਿੱਤੇ। ਪ੍ਰਿੰਸ ਨੇ ਪੁੱਛਿਆ ਸੱਤਵਾਂ ਕਿਥੇ ਹੈ ?

ਕਿਰਪਾ ਕਰਕੇ ਉਸ ਨੂੰ ਨਾ ਵੇਖੋ ਪਰ ਪ੍ਰਿੰਸ ਵੇਖਣਾ ਚਾਹੁੰਦਾ ਸੀ।

ਪ੍ਰਿੰਸ ਨੂੰ ਇਕ ਹਨੇਰੇ ਕਮਰੇ ਵਿਚ ਲਿਜਾਇਆ ਗਿਆ, ਜਿੱਥੇ ਦੋਵੇਂ ਅੱਖਾਂ ਤੋਂ ਅੰਨ੍ਹਾ, ਮਰੀਜ਼ ਪਿਆ ਸੀ, ਜਿਸ ਦੇ ਸਰੀਰ ਦਾ ਕੋਈ ਵੀ ਅੰਗ ਸਬੂਤਾ ਨਹੀਂ ਸੀ ਅਤੇ ਉਸ ਦਾ ਸਾਰਾ ਸਰੀਰ ਜਲਿਆ ਹੋਇਆ ਸੀ। ਰੌਸ਼ਨੀ ਨਾਲ ਵੀ ਉਸ ਦੇ ਜ਼ਖਮ ਦਰਦ ਕਰਦੇ ਸਨ। ਪ੍ਰਿੰਸ ਵੇਖ ਕੇ ਸੁੰਨ ਹੋ ਗਿਆ, ਉਸ ਦਾ ਲਾਲ ਰੰਗ ਪੀਲਾ ਪੈ ਗਿਆ ਅਤੇ ਉਸ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਰਹੇ ਸਨ। ਅਚਾਨਕ ਪ੍ਰਿੰਸ ਝੁਕਿਆ ਅਤੇ ਉਸ ਨੇ ਉਸ ਮਰੀਜ਼ ਨੂੰ ਗੱਲ੍ਹਾਂ 'ਤੇ ਚੁੰਮਿਆ ਅਤੇ ਚੁੰਮ ਕੇ ਉਸ ਨੂੰ ਸਲੂਟ ਮਾਰਿਆ।

626

ਕੈਮਿਸਟਰੀ ਦੇ ਇਕ ਪ੍ਰਸਿੱਧ ਪ੍ਰੋਫੈਸਰ, ਪ੍ਰਯੋਗਸ਼ਾਲਾ ਵਿਚ ਇਕ ਪ੍ਰਯੋਗ ਕਰਨ ਲਈ, ਟੈਸਟ ਟਿਊਬ ਵਿਚ ਨਮਕ ਨੂੰ ਇਤਨਾ ਅਧਿਕ ਨਾਪ-ਤੋਲ ਕੇ ਪਾ ਰਹੇ ਸਨ ਕਿ ਇਕ ਵਿਦਿਆਰਥੀ ਦਾ ਹਾਸਾ ਨਿਕਲ ਗਿਆ।

ਅਧਿਆਪਕ ਨੇ ਪ੍ਰਯੋਗ ਰੋਕ ਦਿੱਤਾ ਅਤੇ ਲੜਕੇ ਨੂੰ ਖੜ੍ਹੇ ਹੋਣ ਲਈ ਕਿਹਾ ਅਤੇ ਹੱਸਣ ਦਾ ਕਾਰਨ ਪੁੱਛਿਆ। ਉਸ ਲੜਕੇ ਨੇ ਸੱਚ ਬੋਲਿਆ ਅਤੇ ਕਿਹਾ ਕਿ ਟੈਸਟ ਟਿਊਬ ਵਿਚ ਨਮਕ ਪਾਉਂਦਿਆਂ, ਮੈਂ ਤੁਹਾਡੀ ਕੈਜੂਸੀ 'ਤੇ ਹੱਸਿਆ ਸੀ।

ਅਧਿਆਪਕ ਨੇ ਕਿਹਾ: ਅੱਜ ਅਸੀਂ ਜ਼ਿੰਦਗੀ ਦਾ ਇਕ ਮੁੱਲਵਾਨ ਸਬਕ ਸਿੱਖਾਂਗੇ।

ਸਾਡਾ ਦੇਸ਼, ਇਸ ਲਈ ਗੁਲਾਮ ਹੋਇਆ, ਕਿਉਂਕਿ ਇਥੇ ਹਰ ਕੋਈ ਆਪਣਾ, ਆਪਣੇ ਪਰਿਵਾਰ ਦਾ, ਆਪਣੇ ਧਰਮ ਦਾ ਖਿਆਲ ਤਾਂ ਰੱਖਦਾ ਰਿਹਾ ਪਰ ਦੇਸ਼ ਵਲ ਅਤੇ ਦੇਸ਼ ਦੀ ਸੰਪਤੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ।

ਜੋ ਸਭ ਦਾ ਸਾਂਝਾ ਹੈ, ਉਸ ਦੀ ਕਦਰ ਕਰਨ ਦੀ ਲੋੜ ਹੈ।

www.quotesinpunjabi.ml

QuotesPunjabi

ਪ੍ਰੋਫੈਸਰ ਸਾਹਿਬ ਨੇ ਕਿਹਾ: ਇਹ ਨਮਕ ਕਾਲਜ ਦਾ ਹੈ, ਇਹ ਤੁਹਾਡੀਆਂ ਫੀਸਾਂ ਨਾਲ ਖਰੀਦਿਆ ਗਿਆ ਹੈ। ਮੈਨੂੰ ਕਾਲਜ ਦੀ ਹਰ ਚੀਜ਼ ਧਿਆਨ ਨਾਲ ਵਰਤਣੀ ਚਾਹੀਦੀ ਹੈ।

ਗੱਲ ਲੂਣ ਦੀ ਨਹੀਂ ਹੈ। ਸ਼ਾਮ ਨੂੰ ਮੇਰੇ ਘਰ ਆਉਣਾ, ਮੈਂ ਤੁਹਾਨੂੰ ਲੂਣ ਦੀ ਥੈਲੀ ਭਰ ਦੇਵਾਂਗਾ, ਉਹ ਲੂਣ ਮੇਰਾ ਹੈ, ਉਸ ਨੂੰ ਮੈਂ ਜਿਵੇਂ ਚਾਹਵਾਂ ਵਰਤ ਸਕਦਾ ਹਾਂ, ਇਹ ਲੂਣ ਕਾਲਜ ਦਾ ਹੈ, ਇਸ ਨੂੰ ਵਿਅਰਥ ਨਹੀਂ ਗੁਆਇਆ ਜਾ ਸਕਦਾ।

627

ਜੇ ਕਿਸੇ ਅਹੁਦੇ ਲਈ, ਟੀਮ ਲਈ, ਅਸੈਂਬਲੀ ਲਈ, ਤੁਹਾਨੂੰ ਚੁਣ ਲਿਆ ਗਿਆ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਤੁਹਾਡੀ ਗੱਦੀ ਪੱਕੀ ਅਤੇ ਜੱਦੀ ਹੋ ਗਈ ਹੈ।

ਇਸ ਦਾ ਅਰਥ ਇਹ ਹੈ ਕਿ ਤੁਹਾਡੀ ਸਥਿਤੀ ਨਾਜ਼ਕ ਹੋ ਗਈ ਹੈ, ਕਿਉਂਕਿ ਜਦੋਂ ਤੁਹਾਨੂੰ ਹਟਾਇਆ ਜਾਂ ਕੱਢਿਆ ਜਾਵੇਗਾ ਤਾਂ ਹਟਾਏ ਜਾਂ ਕੱਢੇ ਜਾਣ ਦੀ ਨਮੋਸ਼ੀ, ਚੁਣੇ ਜਾਣ ਦੀ ਖੁਸ਼ੀ ਨਾਲੋਂ, ਕਈ ਗੁਣਾ ਵੱਧ ਹੋਵੇਗੀ।

ਵੱਡੇ ਖਿਡਾਰੀ, ਵੱਡੇ ਪ੍ਰਬੰਧਕ ਅਤੇ ਵੱਡੇ ਆਗੂ ਕੱਢੇ-ਹਟਾਏ ਨਹੀਂ ਜਾਂਦੇ, ਉਹ ਆਪ ਰੀਟਾਇਰ ਹੋਣ ਜਾਂ ਅਹੁਦਾ ਛੱਡਣ ਦਾ ਐਲਾਨ ਕਰਦੇ ਹਨ।

628

ਭੂਆ ਪਾਰੋ ਦੀ ਜ਼ਿੰਦਗੀ ਬੜੀ ਸੰਖੇਪ ਸੀ। ਜ਼ਿੰਦਗੀ ਨੇ ਉਸ ਨਾਲ ਵਧੀਕੀਆਂ ਹੀ ਕੀਤੀਆਂ ਸਨ। ਉਹ ਅਠਾਰ੍ਹਾਂ ਸਾਲਾਂ ਦੀ ਵਿਆਹੀ ਗਈ ਸੀ, ਉਨ੍ਹੀ ਤੋਂ ਪਹਿਲਾਂ ਮਾਂ ਬਣ ਗਈ ਸੀ। ਉਹ ਅਜੇ ਵੀਹ ਦੀ ਨਹੀਂ ਸੀ ਹੋਈ ਕਿ ਵਿਧਵਾ ਹੋ ਗਈ ਸੀ। ਇਕ ਸਾਲ ਵੀ ਹੋਰ ਨਹੀਂ ਸੀ ਗੁਜ਼ਰਿਆ ਕਿ ਪੁੱਤਰ ਵੀ ਖੁਸ ਗਿਆ ਸੀ।

ਉਸ ਦੀਆਂ ਸਾਰੀਆਂ ਸਹੇਲੀਆਂ ਅਜੇ ਕੰਵਾਰੀਆਂ ਹੀ ਸਨ।

ਇਕ ਟਰੈਕਟਰ, ਦੁੱਧ ਚੁੰਘਣ ਵਾਲੀ ਇਕ ਬੋਤਲ ਅਤੇ ਬੱਚੇ ਦੀਆਂ ਦੋ ਤਿੰਨ ਫਰਾਕਾਂ ਸਨ, ਜਿਨ੍ਹਾਂ ਨੂੰ ਵੇਖ-ਵੇਖ ਕੇ ਉਸ ਨੇ ਬੀਆਬਾਨ ਜ਼ਿੰਦਗੀ ਕੱਟ ਲਈ ਸੀ।

ਭੂਆ ਪਾਰੋ, ਇਸ ਸੰਸਾਰ ਵਿਚ ਭਾਂਡੇ ਮਾਂਜਣ ਅਤੇ ਪੋਚੇ ਫੇਰਨ ਹੀ ਆਈ ਸੀ।

ਜੋ ਭੂਆ ਪਾਰੋ ਨਾਲ ਵਾਪਰਿਆ, ਉਸ ਨੂੰ ਬਦਕਿਸਮਤੀ ਕਹਿੰਦੇ ਹਨ।

629

ਇਕ ਵਿਆਹ ਦੇ ਸਮਾਗਮ ਵਿਚ ਬੱਚੇ ਆਪਸ ਵਿਚ ਖੇਡ ਰਹੇ ਸਨ। ਬਾਰਾਤ ਦੀ ਉਡੀਕ ਹੋ ਰਹੀ ਸੀ। ਲੜਕੀ ਦੀ ਚਾਚੀ ਨੇ, ਬੱਚਿਆਂ ਨੂੰ ਕਿਹਾ: ਜਿਹੜਾ ਬੱਚਾ ਵਿਆਹ ਦਾ ਕਾਰਡ ਲਿਆਏਗਾ, ਉਸ ਨੂੰ ਇਨਾਮ ਮਿਲੇਗਾ।

ਸਾਰੇ ਬੱਚੇ ਮਾਂਵਾਂ ਦੇ ਪਰਸ ਫਰੋਲਣ ਲਈ ਇਧਰ-ਉਧਰ ਦੌੜੇ।

ਇਕ ਲੜਕੀ ਮਾਂ ਦੇ ਪਰਸ ਵਿਚੋਂ ਕਾਰਡ ਲੈ ਕੇ ਆਂਟੀ ਨੂੰ ਵਿਖਾਉਣ ਵਾਸਤੇ ਦੌੜੀ

www.quotesinpunjabi.ml

QuotesInPunjabi

ਪਰ ਰਸਤੇ ਵਿਚ ਬੈਠਾ ਇਕ ਲੜਕਾ ਉਠਿਆ ਅਤੇ ਉਸ ਨੇ ਉਸ ਲੜਕੀ ਦੇ ਹੱਥੋਂ ਕਾਰਡ ਖੋਹ ਕੇ, ਆਪ ਪੇਸ਼ ਕਰ ਦਿੱਤਾ ਅਤੇ ਇਨਾਮ ਦੀ ਚਾਕਲੇਟ ਲੈ ਲਈ।

ਉਸ ਦੇ ਪਿਤਾ ਨੇ, ਉਠ ਕੇ ਆਪਣੇ ਪੁੱਤਰ ਨੂੰ ਸ਼ਾਬਾਸ਼ ਦਿੱਤੀ।

ਇਕ ਹੋਰ ਵਿਅਕਤੀ, ਜਿਹੜਾ ਵਿਆਹ ਵਿਚ ਇਕੱਲਾ ਹੀ ਆਇਆ ਸੀ, ਉਸ ਨੇ ਲੜਕੇ ਦੇ ਪਿਤਾ ਨੂੰ, ਲੜਕੇ ਦੀ ਉਸ ਲੜਕੀ ਤੋਂ ਕਾਰਡ ਖੋਹਣ ਵਾਲੀ ਹਰਕਤ ਬਾਰੇ ਦੱਸਿਆ ਪਰ ਪਿਤਾ ਨੇ ਕੋਈ ਪਰਵਾਹ ਨਾ ਕੀਤੀ। ਵੀਹ ਸਾਲ ਮਗਰੋਂ, ਇਹੀ ਪੁੱਤਰ, ਪਿਤਾ ਨੂੰ ਕੁੱਟਣ ਲੱਗ ਪਿਆ ਸੀ ਕਿ ਜਾਇਦਾਦ ਮੇਰੇ ਨਾਂ ਕਰੋ।

630

ਇਕ ਪੜ੍ਹੇ-ਲਿਖੇ ਜ਼ਿਮੀਂਦਾਰ ਕੋਲ ਇਕ ਨੌਕਰ ਸੀ, ਜਿਸ ਦੇ ਸਿਆਣੇ ਅਤੇ ਮਿਹਨਤੀ ਹੋਣ ਕਾਰਨ ਜ਼ਿਮੀਂਦਾਰ ਉਸਦੀ ਹਰ ਪ੍ਰਕਾਰ ਦੀ ਮਦਦ ਕਰਦਾ ਸੀ। ਉਸ ਨੌਕਰ ਦਾ ਇਕ ਪੁੱਤਰ ਸੀ। ਜ਼ਿਮੀਂਦਾਰ ਨੇ ਨੌਕਰ ਨੂੰ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਸਕੂਲ ਦਾਖਲ ਕਰਵਾਏ। ਨੌਕਰ ਨੇ ਜ਼ਿਮੀਂਦਾਰ ਨੂੰ ਕਿਹਾ ਕਿ ਸਕੂਲ ਵਿਚ ਉਸਦੇ ਪੁੱਤਰ ਦੇ ਦਾਖਲੇ ਲਈ ਉਹ ਨਾਲ ਚਲੇ। ਜਦੋਂ ਦਾਖਲੇ ਲਈ ਪਿਤਾ ਦਾ ਨਾਂ ਪੁੱਛਿਆ ਗਿਆ ਤਾਂ ਨੌਕਰ ਨੇ ਜ਼ਿਮੀਂਦਾਰ ਦਾ ਨਾਂ ਇਹ ਕਹਿ ਕੇ ਲਿਖਵਾ ਦਿੱਤਾ ਕਿ ਇਹ ਇਸਦੇ ਪਿਤਾ ਸਮਾਨ ਹਨ। ਪੁੱਤਰ ਦਾ ਬੈਂਕ ਵਿਚ ਖਾਤਾ ਖੁਲ੍ਹਵਾਇਆ ਗਿਆ, ਉਥੇ ਵੀ ਪਿਤਾ ਦੇ ਨਾਂ ਦੀ ਥਾਂ ਜ਼ਿਮੀਂਦਾਰ ਦਾ ਹੀ ਨਾਂ ਲਿਖਵਾਇਆ ਗਿਆ ਅਤੇ ਜ਼ਿਮੀਂਦਾਰ ਹੀ ਦਸਤਖਤ ਕਰਦਾ ਰਿਹਾ।

ਜਿਤਨਾ ਚਿਰ, ਪਿਤਾ ਨੌਕਰ ਰਿਹਾ, ਨੌਕਰ ਦੇ ਪੁੱਤਰ ਨੂੰ ਵੀ ਜ਼ਿਮੀਂਦਾਰ ਦੇ ਪੁੱਤਰਾਂ ਵਾਲੀਆਂ ਸਹੂਲਤਾਂ ਮਿਲਦੀਆਂ ਰਹੀਆਂ। ਜਦੋਂ ਨੌਕਰ ਮਰ ਗਿਆ ਤਾਂ ਸਬੱਬ ਨਾਲ ਕੁਝ ਅਰਸੇ ਮਗਰੋਂ ਜ਼ਿਮੀਂਦਾਰ ਵੀ ਮਰ ਗਿਆ।

ਨੌਕਰ ਦੇ ਪੁੱਤਰ ਦੇ ਮਨ ਵਿਚ ਬੇਈਮਾਨੀ ਆ ਗਈ। ਉਸ ਨੇ ਇਸ ਆਧਾਰ ਤੇ ਜ਼ਿਮੀਂਦਾਰ ਦੀ ਜਾਇਦਾਦ ਵਿਚੋਂ ਹਿੱਸਾ ਮੰਗ ਲਿਆ ਕਿ ਉਹ ਵੀ ਜ਼ਿਮੀਂਦਾਰ ਦਾ ਪੁੱਤਰ ਸੀ ਅਤੇ ਸਬੂਤ ਵਜੋਂ ਉਸ ਨੇ ਸਕੂਲ ਵਿਚ ਦਾਖਲੇ ਦਾ ਫਾਰਮ, ਬੈਂਕ ਵਿਚ ਖਾਤਾ ਖੋਲ੍ਹਣ ਦਾ ਫਾਰਮ, ਬੈਂਕ ਤੋਂ ਕਰਜ਼ਾ ਲੈਣ ਆਦਿ ਦੇ ਦਸਤਾਵੇਜ਼ ਪੇਸ਼ ਕੀਤੇ।

ਜ਼ਿਮੀਂਦਾਰ ਦੇ ਪੁੱਤਰਾਂ ਨੇ ਬਿਆਨ ਦਿੱਤਾ ਕਿ ਇਹ ਸਾਡਾ ਭਰਾ ਨਹੀਂ।

ਜ਼ਿਮੀਂਦਾਰ ਦੀ ਵਿਧਵਾ ਨੇ ਬਿਆਨ ਦਿੱਤਾ ਕਿ ਇਹ ਮੇਰਾ ਪੁੱਤਰ ਨਹੀਂ।

ਮੁਕੱਦਮਾ, ਕਮਿਸ਼ਨਰ ਦੀ ਅਦਾਲਤ ਵਿੱਚ ਸੀ, ਕਮਿਸ਼ਨਰ ਨੇ ਪਟਵਾਰੀ ਨੂੰ ਬੁਲਾ ਕੇ ਕਿਹਾ ਕਿ ਗੁਪਤ ਢੰਗ ਨਾਲ ਅਸਲੀਅਤ ਪਤਾ ਕਰਕੇ ਦੱਸੇ। ਪਟਵਾਰੀ ਨੇ ਸਾਰੀ ਗੱਲ ਦੱਸ ਦਿੱਤੀ ਕਿ ਇਹ ਵਿਅਕਤੀ ਜ਼ਿਮੀਂਦਾਰ ਦੇ ਨੌਕਰ ਦਾ ਪੁੱਤਰ ਸੀ ਅਤੇ ਹੁਣ ਇਹ ਜ਼ਿਮੀਂਦਾਰ ਦੀਆਂ ਮਿਹਰਬਾਨੀਆਂ ਦੀ ਦੁਰਵਰਤੋਂ ਕਰ ਰਿਹਾ ਹੈ।

ਕਮਿਸ਼ਨਰ ਨੇ, ਆਪਣੇ ਫੈਸਲੇ ਵਿਚ, ਪਟਵਾਰੀ ਵਲੋਂ ਦੱਸੀ ਗਈ ਸਾਰੀ ਗੱਲ ਲਿਖ ਕੇ, ਅਸਲੀ ਪੁੱਤਰਾਂ ਦੇ ਪੱਖ ਵਿੱਚ ਫੈਸਲਾ ਕਰ ਦਿੱਤਾ।

www.quotesinpunjabi.ml

QuotesInPunjabi

631

ਇਕ ਚਿੱਤਰਕਾਰ ਜਦੋਂ ਚਿੱਤਰ ਬਣਾਉਂਦਾ ਸੀ ਤਾਂ ਉਸ ਦਾ ਅੱਠ-ਦਸ ਸਾਲ ਦਾ ਪੁੱਤਰ ਵੀ ਉਸ ਵਾਂਗ ਚਿੱਤਰ ਬਣਾਉਣ ਦਾ ਯਤਨ ਕਰਦਾ ਸੀ।

ਉਸ ਬੱਚੇ ਦੀ ਮਾਂ, ਤਿੰਨ-ਚਾਰ ਸਾਲ ਪਹਿਲਾਂ ਗੁਜ਼ਰ ਗਈ ਸੀ ਅਤੇ ਉਸ ਨੂੰ ਮਾਂ ਧੁੰਦਲੀ ਜਿਹੀ ਯਾਦ ਸੀ। ਚਿੱਤਰ ਬਣਾਉਂਦਿਆਂ ਆਪਣੇ ਪੁੱਤਰ ਨਾਲ ਚਿੱਤਰਕਾਰ ਅਕਸਰ ਉਸ ਦੀ ਮਾਂ ਦੀਆਂ ਗੱਲਾਂ ਕਰਦਾ ਰਹਿੰਦਾ ਸੀ।

ਇਕ ਦਿਨ ਪੁੱਤਰ ਨੇ ਪੁੱਛਿਆ: ਪਿਤਾ ਜੀ, ਮੇਰੀ ਮਾਂ ਕਿਹੋ ਜਿਹੀ ਸੀ।

ਚਿੱਤਰਕਾਰ ਨੇ ਦੱਸਿਆ: ਉਸ ਦਾ ਚਿਹਰਾ ਗੋਲ ਸੀ, ਮੱਥਾ ਚੌੜਾ ਅਤੇ ਉੱਚਾ ਸੀ, ਅੱਖਾਂ ਭੂਰੀਆਂ ਸਨ, ਨੱਕ ਤਿੱਖਾ ਸੀ, ਬੁੱਲ੍ਹ ਪਤਲੇ ਸਨ, ਵਾਲ ਸੰਘਣੇ ਅਤੇ ਕਾਲੇ ਸਨ।

ਇਕ ਦਿਨ ਪੁੱਤਰ ਨੇ ਆਪਣੀ ਮਾਂ ਦਾ ਚਿਹਰਾ ਚਿੱਤਰਿਆ ਅਤੇ ਠੰਡੀ ਦੇ ਥੱਲੇ, ਤਿਲ ਲਾ ਦਿੱਤਾ। ਪਿਤਾ ਨੇ ਕਿਹਾ: ਮੈਂ ਤੈਨੂੰ ਤਿਲ ਬਾਰੇ ਤਾਂ ਦੱਸਿਆ ਨਹੀਂ ਸੀ, ਇਹ ਤੈਨੂੰ ਕਿਵੇਂ ਪਤਾ ਲੱਗਾ ? ਪੁੱਤਰ ਨੇ ਕਿਹਾ: ਰਾਤੀਂ ਮੇਰੀ ਮਾਂ ਮੇਰੇ ਸੁਪਨੇ ਵਿਚ ਆਈ ਸੀ, ਮੈਂ ਉਸ ਦੀ ਠੰਡੀ ਥੱਲੇ ਤਿਲ ਵੇਖਿਆ ਸੀ। ਮਾਂ ਨੇ ਹੀ ਮੈਨੂੰ ਕਿਹਾ ਸੀ: ਮੇਰਾ ਚਿੱਤਰ ਤੂੰ ਹੀ ਬਣਾਈਂ।

632

ਗਾਂਧੀ ਲਈ ਮਹਾਤਮਾ ਦੀ ਉਪਾਧੀ ਸਭ ਤੋਂ ਪਹਿਲਾਂ ਟੈਗੋਰ ਨੇ ਵਰਤੀ ਸੀ।

ਭਾਰਤ ਵਿਚ ਇਹ ਉਪਾਧੀ, ਇਸ ਤੋਂ ਪਹਿਲਾਂ ਕੇਵਲ ਬੁੱਧ ਲਈ ਢਾਈ ਹਜ਼ਾਰ ਸਾਲ ਪਹਿਲਾਂ ਵਰਤੀ ਗਈ ਸੀ।

ਟੈਗੋਰ ਨੂੰ ਗੁਰੂਦੇਵ ਕਹਿ ਕੇ ਪੁਕਾਰਨ ਵਾਲਾ, ਸਭ ਤੋਂ ਪਹਿਲਾ ਗਾਂਧੀ ਸੀ, ਉਸ ਤੋਂ ਪਹਿਲਾਂ ਅਤੇ ਮਗਰੋਂ, ਇਹ ਉਪਾਧੀ ਕਿਸੇ ਲਈ ਵਰਤੀ ਨਹੀਂ ਗਈ।

ਇਵੇਂ ਗਾਂਧੀ ਹਮੇਸ਼ਾ ਲਈ ਮਹਾਤਮਾ ਅਤੇ ਟੈਗੋਰ ਸਦਾ ਲਈ ਗੁਰੂਦੇਵ ਬਣ ਗਏ।

633

ਵੀਰ, ਕਦੇ-ਕਦਾਈਂ ਜਦੋਂ ਦੂਰ ਵਸਦੀਆਂ ਭੈਣਾਂ ਦੇ ਘਰ ਜਾਂਦੇ ਹਨ ਤਾਂ ਭੈਣਾਂ ਦੇ ਦੁਖੜੇ ਵੇਖਦੇ ਹਨ, ਜਿਹੜੇ ਉਹ ਸਹਿੰਦੀਆਂ ਹਨ ਪਰ ਦੱਸਦੀਆਂ ਨਹੀਂ।

ਵੀਰ, ਤੀਆਂ ਦੌਰਾਨ ਆਈਆਂ ਭੈਣਾਂ ਦੇ ਹਾਸੇ ਸੁਣਦੇ ਹਨ, ਜਿਹੜੇ ਉਹ ਹੱਸਣੇ ਚਾਹੁੰਦੀਆਂ ਹਨ ਪਰ ਹੱਸਦੀਆਂ ਨਹੀਂ।

ਵੀਰ, ਰਖੜੀ ਵਾਲੇ ਦਿਨ, ਭੈਣਾਂ ਦੇ ਸਿਰ 'ਤੇ ਹੱਥ ਰੱਖਦੇ ਹਨ, ਜਿਹੜੇ ਉਹ ਮਹਿਸੂਸ ਕਰਨੇ ਚਾਹੁੰਦੀਆਂ ਹਨ ਪਰ ਉਨ੍ਹਾਂ ਦੇ ਸਿਰ 'ਤੇ ਹੱਥ ਬਹੁਤਾ ਚਿਰ ਟਿਕਦੇ ਨਹੀਂ।

ਵੀਰ, ਭੈਣਾਂ ਦੇ ਬਚਪਨ ਵਿਚ ਵੇਖੇ ਸਾਰੇ ਸੁਪਨੇ ਪੂਰੇ ਕਰਨੇ ਚਾਹੁੰਦੇ ਹਨ, ਜਿਹੜੇ ਭੈਣਾਂ ਦੇ ਜਾਗਣ 'ਤੇ ਸੌਂ ਜਾਂਦੇ ਹਨ।

ਫਿਰ ਵੀ ਭੈਣਾਂ ਜੋ ਵੀ ਮੰਗਦੀਆਂ ਹਨ, ਵੀਰਾਂ ਲਈ ਹੀ ਮੰਗਦੀਆਂ ਹਨ।

www.quotesinpunjabi.ml

QuotesInPunjabi

634

ਘਰ ਵਿਚ ਤਰਖਾਣਾ ਕੰਮ ਚੱਲ ਰਿਹਾ ਸੀ ਖੇਡਦੇ ਬੱਚੇ ਤੋਂ ਇਕ ਕਿੱਲ ਟੇਢੀ ਠੁੱਕ ਗਈ ਸੀ। ਸਿੱਧੀ ਕਰਨ ਦੀ ਕੋਸ਼ਿਸ਼ ਕੀਤੀ, ਕਰ ਨਾ ਸਕਿਆ।

ਉਥੇ ਕੰਮ ਕਰਦੇ ਤਰਖਾਣ ਨੂੰ ਕਿਹਾ। ਤਰਖਾਣ ਨੇ ਉੱਘਦਿਆਂ ਕਿਹਾ, ਕਰ ਤਾਂ ਦਿੰਦਾ ਪਰ ਮੈਂ ਆਰਾਮ ਕਰ ਰਿਹਾ ਹਾਂ, ਤੂੰ ਆਪੇ ਕਰ ਲੈ, ਕਿਸੇ ਹੋਰ ਤੋਂ ਕਰਾ ਲੈ।

ਬੱਚੇ ਵਿਚ ਸੰਕਲਪ ਸੀ ਪਰ ਜ਼ੋਰ ਅਤੇ ਜੁਗਤ ਨਹੀਂ ਸੀ।

ਤਰਖਾਣ ਵਿਚ ਜ਼ੋਰ ਅਤੇ ਜੁਗਤ ਸੀ ਪਰ ਇਰਾਦਾ ਨਹੀਂ ਸੀ।

ਸਫਲਤਾ ਉਦੋਂ ਮਿਲਦੀ ਹੈ, ਜਦੋਂ ਜ਼ੋਰ, ਜੁਗਤ ਅਤੇ ਇਰਾਦਾ ਤਿੰਨੇ ਹੋਣ।

635

ਚੀਨੀ ਬਾਦਸ਼ਾਹਾਂ ਦੀਆਂ ਕਈ ਰਾਣੀਆਂ ਹੁੰਦੀਆਂ ਸਨ। ਬਾਦਸ਼ਾਹ ਦੇ ਦਰਬਾਰ ਵਿਚ ਦੇਸ਼ ਦੇ ਵੱਖ-ਵੱਖ ਰਾਜਾਂ ਨੂੰ ਪ੍ਰਤੀਨਿਧਤਾ ਰਾਣੀਆਂ ਰਾਹੀਂ ਪ੍ਰਾਪਤ ਹੁੰਦੀ ਸੀ।

ਇਕ ਮਹਾਰਾਣੀ ਬੀਮਾਰ ਸੀ। ਬਾਦਸ਼ਾਹ ਵੇਖਣ ਆਇਆ। ਇਹ ਮਹਾਰਾਣੀ ਇਕ ਵਿਸ਼ਾਲ ਰਾਜ ਵਿਚੋਂ ਆਈ ਸੀ। ਮਹਾਰਾਣੀ ਨੇ ਆਪਣਾ ਮੂੰਹ ਢੱਕ ਲਿਆ ਅਤੇ ਕਿਹਾ: ਤੁਹਾਡੇ ਆਉਣ ਦੀ ਮਿਹਰਬਾਨੀ ਪਰ ਮੈਂ ਤੁਹਾਡਾ ਸਵਾਗਤ ਕਰਨ ਦੀ ਹਾਲਤ ਵਿਚ ਨਹੀਂ, ਮੈਨੂੰ ਮੁਆਫ਼ ਕਰਨਾ। ਬਾਦਸ਼ਾਹ ਨੇ ਕਿਹਾ: ਮੈਂ ਜਾਣਦਾ ਹਾਂ ਤੂੰ ਬੀਮਾਰ ਹੈਂ, ਮੈਂ ਪੁੱਛਣ ਆਇਆ ਹਾਂ ਕਿ ਤੂੰ ਕੀ ਚਾਹੁੰਦੀ ਹੈਂ, ਮੈਂ ਤੇਰੇ ਵਾਸਤੇ ਸਭ ਕੁਝ ਕਰਨ ਲਈ ਤਿਆਰ ਹਾਂ।

ਮਹਾਰਾਣੀ ਨੇ ਕਿਹਾ: ਮੇਰੇ ਬੱਚਿਆਂ ਦਾ ਧਿਆਨ ਰੱਖਣਾ, ਉਹ ਤੁਹਾਡੇ ਵੀ ਬੱਚੇ ਹਨ। ਬਾਦਸ਼ਾਹ ਨੇ ਕਿਹਾ: ਇਹ ਗੱਲ ਤੂੰ ਮੂੰਹ ਤੋਂ ਚਾਦਰ ਹਟਾ ਕੇ ਕਹਿ। ਨਹੀਂ, ਮੈਂ ਚਾਦਰ ਨਹੀਂ ਹਟਾ ਸਕਦੀ। ਬਾਦਸ਼ਾਹ ਨੇ ਕਈ ਵਾਰ ਕਿਹਾ ਪਰ ਉਸ ਨੇ ਚਾਦਰ ਨਾ ਹਟਾਈ ਅਤੇ ਮੂੰਹ ਦੂਜੇ ਪਾਸੇ ਕਰ ਲਿਆ ਕਿ ਕਿਧਰੇ ਬਾਦਸ਼ਾਹ ਆਪ ਨਾ ਚਾਦਰ ਹਟਾ ਦੇਵੇ।

ਬਾਦਸ਼ਾਹ ਉਸ ਦੀ ਮੰਗ ਪੂਰੀ ਕਰਨ ਦਾ ਵਾਅਦਾ ਕਰਕੇ ਵਾਪਸ ਚਲਾ ਗਿਆ।

ਉਥੇ ਹਾਜ਼ਰ ਮਹਾਰਾਣੀ ਦੀ ਭੈਣ ਨੇ ਪੁੱਛਿਆ, ਤੂੰ ਮੂੰਹ ਕਿਉਂ ਨਹੀਂ ਵਿਖਾਇਆ?

ਮਹਾਰਾਣੀ ਨੇ ਕਿਹਾ, ਜੋ ਮੈਂ ਆਪਣੇ ਬੱਚਿਆਂ ਲਈ ਮੰਗਿਆ ਹੈ, ਉਹ ਮੂੰਹ ਵਿਖਾ ਕੇ ਨਹੀਂ ਸੀ ਮਿਲਣਾ। ਮੈਂ ਆਪਣੀ ਸੋਹਣੀ ਸ਼ਕਲ-ਸੂਰਤ ਕਰਕੇ ਲਿਆਂਦੀ ਗਈ ਸਾਂ। ਜੇ ਬਾਦਸ਼ਾਹ ਮੇਰੀ ਹੁਣ ਦੀ ਸੂਰਤ ਵੇਖ ਲੈਂਦਾ ਤਾਂ ਉਸ ਨੂੰ ਮੇਰੀ ਪਹਿਲਾਂ ਦੀ ਵੇਖੀ ਹੋਈ ਸੂਰਤ ਵੀ ਕਰੂਪ ਲੱਗਣੀ ਸੀ, ਸੋ ਮੈਂ ਬਾਦਸ਼ਾਹ ਦੇ ਮਨ ਵਿਚੋਂ ਆਪਣੇ ਸੋਹਣੇ ਹੋਣ ਦਾ ਭਰਮ ਤੋੜਨਾ ਨਹੀਂ ਚਾਹੁੰਦੀ ਸਾਂ। ਉਹ ਮਰ ਗਈ। ਉਹ ਸ਼ਾਹੀ ਸਨਮਾਨਾਂ ਨਾਲ ਦਫ਼ਨਾਈ ਗਈ।

ਬਾਦਸ਼ਾਹ ਨੇ ਕੀਤਾ ਵਾਅਦਾ ਨਿਭਾਇਆ। ਇਕ ਪੁੱਤਰ ਫੌਜ ਦਾ ਕਮਾਂਡਰ ਅਤੇ ਦੂਜਾ ਅੰਗ-ਰੱਖਿਅਕਾਂ ਦਾ ਮੁਖੀ ਥਾਪਿਆ ਗਿਆ।

ਜਦੋਂ ਉਹ ਸੋਹਣੀ ਸੀ, ਉਦੋਂ ਉਹ ਮਹਾਰਾਣੀ ਸੀ, ਜਦੋਂ ਉਮਰ ਵੱਧਣ ਅਤੇ ਬੀਮਾਰ ਹੋਣ ਕਾਰਨ ਸੋਹਣੀ ਨਾ ਰਹੀ, ਉਦੋਂ ਉਹ ਕੇਵਲ ਮਾਂ ਸੀ।

www.quotesinpunjabi.ml

QuotesInPunjabi

636

ਅਮਰੀਕਾ ਦਾ ਰਾਸ਼ਟਰਪਤੀ ਕੂਲਿਜ ਇਕ ਵੱਖਰੀ ਭਾਂਤ ਦਾ ਰਾਸ਼ਟਰਪਤੀ ਸੀ।

ਉਸ ਨੇ ਆਪਣੇ ਰਾਜਕਾਲ ਦੌਰਾਨ ਸਭ ਤੋਂ ਘੱਟ ਹੁਕਮ ਜਾਰੀ ਕੀਤੇ, ਸਭ ਤੋਂ ਘੱਟ ਭਾਸ਼ਣ ਦਿੱਤੇ, ਸਭ ਤੋਂ ਘੱਟ ਵਿਅਕਤੀਆਂ ਨੂੰ ਮਿਲਿਆ।

ਉਸ ਦੀ ਨੀਤੀ ਸੀ: ਸਭ ਤੋਂ ਘੱਟ ਦਖਲ, ਸਭ ਤੋਂ ਵੱਧ ਹਕੂਮਤ।

ਉਸ ਨੂੰ ਜਿਹੜੀ ਡਾਕ ਆਉਂਦੀ ਸੀ, ਉਹ ਮਹੀਨੇ ਉਪਰੰਤ ਖੋਲ੍ਹਦਾ ਸੀ, ਕਿਸੇ ਦਾ ਜਵਾਬ ਦੇਣ ਦੀ ਲੋੜ ਹੀ ਨਹੀਂ ਸੀ ਪੈਂਦੀ। ਆਪਣੀ ਇਸ ਨੀਤੀ ਕਾਰਨ ਉਹ ਅਮਰੀਕਾ ਦੇ ਪ੍ਰਸਿੱਧ ਅਤੇ ਸਫਲ ਰਾਸ਼ਟਰਪਤੀਆਂ ਵਿੱਚ ਗਿਣਿਆ ਜਾਂਦਾ ਹੈ।

ਅਮਰੀਕਾ ਵਿਚ ਜਦੋਂ ਕੋਈ ਵਿਅਕਤੀ ਰਾਸ਼ਟਰਪਤੀ ਬਣਦਾ ਹੈ ਤਾਂ ਉਸ ਦਾ ਸਰਕਾਰੀ ਪੱਧਰ 'ਤੇ ਚਿੱਤਰ ਤਿਆਰ ਕੀਤਾ ਜਾਂਦਾ ਹੈ।

ਜਦੋਂ ਰਾਸ਼ਟਰਪਤੀ ਕੂਲਿਜ ਦਾ ਚਿੱਤਰ ਬਣ ਕੇ ਆਇਆ ਤਾਂ ਉਸ ਨੇ ਆਪਣੇ ਇਕ ਦੋਸਤ ਨੂੰ ਕਿਹਾ: ਇਸ ਨੂੰ ਧਿਆਨ ਨਾਲ ਵੇਖੋ ਅਤੇ ਆਪਣੀ ਰਾਇ ਦਿਓ।

ਜਿਹੜੀ ਚੀਜ਼ ਚੰਗੀ ਲੱਗਦੀ ਹੈ ਜਾਂ ਚੰਗੀ ਹੁੰਦੀ ਹੈ, ਉਹ ਹਰੇਕ ਨੂੰ ਪ੍ਰਭਾਵਿਤ ਕਰਦੀ ਹੈ, ਸੋ ਉਸ ਬਾਰੇ ਰਾਇ ਝਟਪਟ ਪ੍ਰਗਟਾਈ ਜਾਂਦੀ ਹੈ, ਰਾਇ ਪ੍ਰਗਟਾਉਣ ਵਿਚ ਦੇਰ ਲੱਗਣ ਦਾ ਕਾਰਨ ਇਹ ਹੁੰਦਾ ਹੈ ਕਿ ਉਹ ਚੀਜ਼ ਪਸੰਦ ਨਹੀਂ ਆਈ।

ਦੋਸਤ ਕਿਤਨਾ ਹੀ ਚਿਰ ਚਿੱਤਰ ਵੇਖਦਾ ਰਿਹਾ ਪਰ ਚੁੱਪ ਰਿਹਾ।

ਰਾਸ਼ਟਰਪਤੀ ਕੂਲਿਜ ਨੇ ਕਿਹਾ: ਮੈਂ ਵੀ ਤੁਹਾਡੇ ਵਾਂਗ ਸੋਚਦਾ ਹਾਂ।

637

ਸਹੇਲੀਆਂ, ਵਿਆਹੀ ਜਾਣ ਵਾਲੀ ਲੜਕੀ ਨੂੰ ਸਮਝਾ ਰਹੀਆਂ ਸਨ।

ਜਲਦੀ ਨਾ ਮੰਨੀਂ, ਤੂੰ ਉਸ ਲਈ ਸੌਖੀ ਜਿੱਤ ਨਹੀਂ ਹੋਣੀ ਚਾਹੀਦੀ। ਉਸ ਨੂੰ ਦੁਚਿੱਤੀ ਵਿਚ ਰੱਖੀਂ, ਉਹ ਸੋਚਦਾ ਰਹੇ ਕਿ ਤੂੰ ਉਸ ਨੂੰ ਪਿਆਰ ਕਰਦੀ ਹੈਂ ਕਿ ਨਹੀਂ? ਕਦੀ-ਕਦੀ ਪੂਰਾ ਅਤੇ ਪੂਰੇ ਨਾਲੋਂ ਵੀ ਵੱਧ, ਧਿਆਨ ਦੇਈਂ ਅਤੇ ਕਦੇ-ਕਦੇ ਇਵੇਂ ਵਿਹਾਰ ਕਰੀਂ, ਜਿਵੇਂ ਤੂੰ ਉਸ ਨੂੰ ਜਾਣਦੀ ਹੀ ਨਹੀਂ। ਜੇ ਤੂੰ ਹਰ ਵੇਲੇ ਬਹੁਤ ਪਿਆਰ ਕਰੇਂਗੀ ਤਾਂ ਉਹ ਤੇਰਾ ਸਾਹਬ ਬਣ ਜਾਵੇਗਾ ਅਤੇ ਹੁਕਮ ਚਲਾਵੇਗਾ। ਤੂੰ ਮਹਾਰਾਣੀ ਵਾਂਗ ਕਦੇ ਵੀ ਉਸ ਨੂੰ ਸਭ ਕੁਝ ਨਹੀਂ ਵਿਖਾਉਣਾ, ਸਾਰਾ ਆਪਾ ਸਮਰਪਣ ਨਹੀਂ ਕਰਨਾ, ਤਾਂ ਕਿ ਤੂੰ ਉਸ ਦੀ ਤਾਂਘ ਬਣੀ ਰਹੇਂ, ਤੂੰ ਉਸ ਦੀ ਤੜਪ ਬਣੀ ਰਹੇਂ, ਉਹ ਤੈਨੂੰ ਡੀਕ ਲਾ ਕੇ ਪੀਣ ਲਈ ਤਰਸਦਾ ਰਹੇ।

ਇਵੇਂ ਉਹ ਤੈਨੂੰ ਵਧੇਰੇ ਚਾਹੇਗਾ, ਵਧੇਰੇ ਪਿਆਰ ਕਰੇਗਾ। ਜਿਹੜਾ ਵਧੇਰੇ ਪਿਆਰ ਕਰਦਾ ਹੈ, ਉਹ ਵਧੇਰੇ ਦੁਖੀ ਹੁੰਦਾ ਹੈ, ਵਧੇਰੇ ਉਦਾਸ ਹੁੰਦਾ ਹੈ।

ਜਦੋਂ ਉਹ ਬਹੁਤ ਦੁਖੀ ਹੋਵੇ, ਬਹੁਤ ਉਦਾਸ ਹੋਵੇ, ਉਸ ਵੇਲੇ ਤੂੰ ਉਸ ਨੂੰ ਇਤਨਾ ਪਿਆਰ ਕਰੀਂ ਕਿ ਉਹ ਆਪਣੇ ਆਪ ਨੂੰ ਦੁਨੀਆ ਵਿਚ ਸਭ ਤੋਂ ਵੱਧ ਚੰਗੀ ਕਿਸਮਤ ਵਾਲਾ ਸਮਝੇ, ਪੂਰਨ ਭਾਂਤ ਸੁਖੀ ਮਹਿਸੂਸ ਕਰੇ ਅਤੇ ਤੇਰੇ 'ਤੇ ਮਾਣ ਕਰੇ।

www.quotesinpunjabi.ml

QuotesInPunjabi

638

ਅਮਰੀਕਾ ਦੇ ਇਕ ਰਾਸ਼ਟਰਪਤੀ ਨੇ ਆਪਣੇ ਦੋ ਪੁਰਾਣੇ ਦੋਸਤਾਂ ਵਿਚੋਂ ਇਕ ਨੂੰ ਲੰਦਨ ਵਿਚ ਅਮਰੀਕਾ ਦਾ ਰਾਜਦੂਤ ਲਾਉਣਾ ਸੀ। ਇਹ ਬੜੀ ਮਹੱਤਵਪੂਰਨ ਜ਼ਿੰਮੇਵਾਰੀ ਸੀ। ਉਸ ਸਮੇਂ ਤੱਕ ਅਮਰੀਕਾ ਅਜੇ ਵਿਸ਼ਵ ਸ਼ਕਤੀ ਨਹੀਂ ਸੀ ਬਣਿਆ ਅਤੇ ਇੰਗਲੈਂਡ ਸੰਸਾਰ ਦਾ ਮੋਹਰੀ ਦੇਸ਼ ਸੀ। ਉਸ ਤੋਂ ਨਿਯੁਕਤੀ ਸਬੰਧੀ ਨਿਰਣਾ ਨਹੀਂ ਸੀ ਹੋ ਰਿਹਾ।

ਅਚਾਨਕ ਉਸ ਨੂੰ ਆਪਣੀ ਜਵਾਨੀ ਦੀ ਇਕ ਘਟਨਾ ਯਾਦ ਆਈ। ਇਕ ਵਾਰੀ ਉਹ ਤਿੰਨੇ ਮਿੱਤਰ ਇਕ ਗੱਡੀ ਵਿਚ ਜਾ ਰਹੇ ਸਨ। ਇਕ ਧੋਬਣ, ਕੱਪੜਿਆਂ ਦੀ ਭਾਰੀ ਗੱਠੜੀ ਚੁੱਕੀ, ਦਾਖਲ ਹੋਈ। ਕਿਸੇ ਨੇ ਸੀਟ ਨਾ ਦਿੱਤੀ। ਦੋਹਾਂ ਦੋਸਤਾਂ ਵਿਚੋਂ ਇਕ ਨੇੜੇ ਹੀ ਬੈਠਾ ਸੀ, ਉਸ ਨੇ ਵੇਖਿਆ ਪਰ ਅਖਬਾਰ ਪੜ੍ਹਨ ਦਾ ਬਹਾਨਾ ਬਣਾ ਕੇ ਧਿਆਨ ਨਾ ਦਿੱਤਾ।

ਦੂਜੇ ਦੋਸਤ ਮੈਕਿਨਲੇ ਨੇ ਆਪਣੀ ਸੀਟ ਧੋਬਣ ਨੂੰ ਦਿੱਤੀ ਅਤੇ ਉਹ ਆਪ, ਡੱਬੇ ਦੇ ਪਿਛਲੇ ਪਾਸੇ ਚਲਾ ਗਿਆ, ਜਿਥੇ ਮਗਰੋਂ ਰਾਸ਼ਟਰਪਤੀ ਬਣਨ ਵਾਲਾ ਦੋਸਤ ਬੈਠਾ ਸੀ।

ਅਖਬਾਰ ਪੜ੍ਹਨ ਵਾਲੇ ਦੋਸਤ ਨੇ ਜਾਣਨ ਦੀ ਪ੍ਰਵਾਹ ਹੀ ਨਾ ਕੀਤੀ ਕਿ ਉਸ ਧੋਬਣ ਨੂੰ ਕਿਸੇ ਨੇ ਸੀਟ ਦਿੱਤੀ ਸੀ ਕਿ ਨਹੀਂ।

ਅਮਰੀਕਾ ਵਿਚ ਬੱਸ-ਗੱਡੀ ਵਿਚ, ਇਸਤਰੀ ਨੂੰ ਸੀਟ ਦੇਣੀ, ਪੜ੍ਹੇ ਲਿਖੇ ਅਤੇ ਸਾਊ ਪੁਰਸ਼ ਦਾ ਚੰਗਾ ਚੱਜ-ਆਚਾਰ ਸਮਝਿਆ ਜਾਂਦਾ ਹੈ।

ਧੋਬਣ ਵਲ ਧਿਆਨ ਨਾ ਦੇਣ ਵਾਲਾ ਦੋਸਤ ਸੋਚ ਵੀ ਨਹੀਂ ਸੀ ਸਕਦਾ ਕਿ ਉਸ ਦਿਨ ਦੀ ਗੱਡੀ ਵਿਚਲੀ, ਇਸ ਨਿਗੁਣੀ ਜਿਹੀ ਘਟਨਾ ਨੇ, ਉਸ ਦੀ ਜ਼ਿੰਦਗੀ 'ਤੇ ਮਗਰੋਂ ਕਿਤਨਾ ਪ੍ਰਭਾਵ ਪਾਉਣਾ ਸੀ। ਰਾਸ਼ਟਰਪਤੀ ਨੇ ਦੂਜੇ ਦੋਸਤ, ਮੈਕਿਨਲੇ ਨੂੰ ਰਾਜਦੂਤ ਲਾਇਆ, ਜਿਹੜਾ ਮਗਰੋਂ ਆਪ ਵੀ ਅਮਰੀਕਾ ਦਾ ਰਾਸ਼ਟਰਪਤੀ ਬਣਿਆ।

639

ਯੋਰਪ ਵਿਚ ਸ਼ਾਹੀ ਪਰਿਵਾਰਾਂ ਅਤੇ ਉਨ੍ਹਾਂ ਦੇ ਵਿਰੋਧੀਆਂ ਵਿਚ ਇਹ ਅਣਲਿਖਿਆ ਸਮਝੌਤਾ ਰਿਹਾ ਹੈ ਕਿ ਪਰਿਵਾਰਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਕੇਵਲ ਬਾਦਸ਼ਾਹ ਨੂੰ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਬਾਦਸ਼ਾਹ ਵੀ ਕੇਵਲ ਵਿਰੋਧੀਆਂ ਵਿਰੁੱਧ ਕਾਰਵਾਈ ਕਰਨਗੇ, ਉਨ੍ਹਾਂ ਦੇ ਪਰਿਵਾਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਇਕ ਵਾਰੀ ਰੂਸ ਵਿਚ ਕਰਾਂਤੀਕਾਰੀਆਂ ਨੇ ਜ਼ਾਰ ਨੂੰ ਮਾਰਨ ਲਈ, ਜਿਸ ਗੱਡੀ ਵਿਚ ਉਹ ਜਾ ਰਿਹਾ ਸੀ, ਉਸ 'ਤੇ ਹਮਲਾ ਕਰਨਾ ਸੀ।

ਜਦੋਂ ਵੇਖਿਆ ਕਿ ਜ਼ਾਰ ਆਪਣੇ ਪਰਿਵਾਰ ਨਾਲ ਸੀ, ਕਰਾਂਤੀਕਾਰੀਆਂ ਨੇ ਉਸ ਦਿਨ, ਉਸ ਨੂੰ ਮਾਰਨ ਦੀ ਵਿਉਂਤ ਤਿਆਗ ਦਿੱਤੀ ਸੀ।

www.quotesinpunjabi.ml

QuotesInPunjabi

640

ਅੰਗਰੇਜ਼ਾਂ ਦੇ ਜ਼ਮਾਨੇ ਵਿਚ ਸਾਡੇ ਦੇਸ਼ ਵਿਚ ਸਕੂਲਾਂ ਦੀ ਇਨਸਪੈਕਸ਼ਨ ਹੁੰਦੀ ਸੀ, ਜਿਸ ਦਾ ਬੜਾ ਮਹੱਤਵ ਹੁੰਦਾ ਸੀ। ਕਈ ਦਿਨ ਸਕੂਲ ਦੀ ਸਫ਼ਾਈ ਹੁੰਦੀ ਰਹਿੰਦੀ ਸੀ। ਪੂਰੀ ਤਿਆਰੀ ਕੀਤੀ ਜਾਂਦੀ ਸੀ। ਉਸ ਸਮੇਂ ਇਨਸਪੈਕਟਰਾਂ ਦਾ ਬੜਾ ਰੋਅਬ ਹੁੰਦਾ ਸੀ। ਇਨਸਪੈਕਟਰ ਅਕਸਰ ਅੰਗਰੇਜ਼ ਹੁੰਦੇ ਸਨ।

ਇਕ ਅੰਗਰੇਜ਼ ਇਨਸਪੈਕਟਰ ਇਕ ਕਸਬੇ ਦੇ ਸਕੂਲ ਦਾ ਮੁਆਇਨਾ ਕਰਨ ਆਇਆ। ਹੈਡਮਾਸਟਰ ਸਾਹਿਬ ਨੇ ਇਲਾਕੇ ਦੇ ਪਤਵੰਤੇ ਵਿਅਕਤੀ ਸਕੂਲ ਵਿਚ, ਇਨਸਪੈਕਟਰ ਦੇ ਸਵਾਗਤ ਲਈ ਬੁਲਾਏ ਹੋਏ ਸਨ। ਸਾਰੇ ਹਾਰ ਲੈ ਕੇ ਖਲੋਤੇ ਸਨ। ਜਦੋਂ ਹੈੱਡਮਾਸਟਰ ਸਾਹਿਬ, ਇਨਸਪੈਕਟਰ ਨੂੰ ਹਾਰ ਪਾਉਣ ਲੱਗੇ ਤਾਂ ਇਨਸਪੈਕਟਰ ਨੇ ਹੈੱਡਮਾਸਟਰ ਸਾਹਿਬ ਨੂੰ ਹਾਰ ਪਾਉਣ ਤੋਂ ਰੋਕ ਦਿੱਤਾ। ਬਾਕੀਆਂ ਨੇ ਹਾਰ ਪਾਏ।

ਸਮਾਗਮ ਅਰੰਭ ਹੋਣ ਸਮੇਂ, ਇਨਸਪੈਕਟਰ ਨੇ ਹੈਡਮਾਸਟਰ ਸਾਹਿਬ ਨੂੰ ਕੰਨ ਵਿਚ ਕਿਹਾ: ਮੈਂ ਤਾਂ ਦੋ ਘੰਟੇ ਨੂੰ ਚਲੇ ਜਾਣਾ ਹੈ, ਤੁਸੀਂ ਇਥੇ ਹੀ ਰਹਿਣਾ ਹੈ, ਕਿਸੇ ਨੂੰ ਇਹ ਪਤਾ ਨਹੀਂ ਲੱਗਣਾ ਚਾਹੀਦਾ ਕਿ ਤੁਹਾਡੇ ਉਪਰ ਵੀ ਕੋਈ ਅਧਿਕਾਰੀ ਹੁੰਦਾ ਹੈ।

641

ਇਕ ਵਾਰੀ ਕੁਝ ਪੁਰਾਣੇ ਵਿਦਿਆਰਥੀ ਲਗਭਗ ਤੀਹ ਸਾਲ ਮਗਰੋਂ, ਯੂਨੀਵਰਸਿਟੀ ਵਿਚ ਪੁਰਾਣੇ ਵਿਦਿਆਰਥੀਆਂ ਦੇ ਇਕ ਸਮਾਗਮ 'ਤੇ ਇਕੱਠੇ ਹੋਏ।

ਰੱਜ ਕੇ ਗੱਲਾਂ ਕੀਤੀਆਂ। ਹਾਸਾ-ਮਖੌਲ ਹੋਇਆ। ਆਪਣੇ ਅਧਿਆਪਕਾਂ ਨੂੰ ਯਾਦ ਕੀਤਾ। ਸ਼ਰਾਰਤਾਂ ਯਾਦ ਕਰਾਈਆਂ। ਜਵਾਨੀ ਦੀਆਂ, ਵਿਦਿਆਰਥੀ ਜੀਵਨ ਦੀਆਂ ਗੱਲਾਂ ਕੀਤੀਆਂ, ਅਤੀਤ ਦੀਆਂ ਗਲੀਆਂ ਵਿਚ ਘੁੰਮੇ, ਪੁਰਾਣੀਆਂ ਯਾਦਾਂ ਤਾਜ਼ਾ ਹੋਈਆਂ।

ਕੁਝ ਨੇ ਦੂਜਿਆਂ ਨੂੰ ਕਿਹਾ ਅਸੀਂ ਜਮਾਤੀ ਸਾਂ। ਸੁਣਨ ਵਾਲਿਆਂ ਨੇ ਕਿਹਾ ਨਹੀਂ, ਤੁਸੀਂ ਸੋਲ੍ਹਵੀਂ ਵਿਚ ਸੀ ਅਤੇ ਅਸੀਂ ਪੰਦਰ੍ਹਵੀਂ ਵਿਚ ਸੀ। ਕਈ ਕਹਿਣ ਅਸੀਂ ਇਕ ਹੀ ਕਲਾਸ ਵਿਚ ਸਾਂ, ਬਹੁਤੇ ਕਹਿਣ ਅਸੀਂ ਵੱਖਰੀ ਕਲਾਸ ਵਿਚ ਸਾਂ।

ਇਹ ਬਹਿਸ ਹੋ ਰਹੀ ਸੀ। ਮਸਲਾ ਨਿਬੜ ਨਹੀਂ ਸੀ ਰਿਹਾ।

ਪੰਦਰ੍ਹਵੀਂ ਵਾਲਿਆਂ ਵਿਚੋਂ ਇਕ ਨੇ ਸੋਲ੍ਹਵੀਂ ਵਾਲਿਆਂ ਨੂੰ ਕਿਹਾ, ਹੁਣੇ ਫੈਸਲਾ ਹੋ ਜਾਵੇਗਾ। ਤੁਸੀਂ ਦੱਸੋ ਸਾਡੇ ਨਾਲ ਜਮਾਤਣਾਂ ਕਿਹੜੀਆਂ ਸਨ? ਦੋਹਾਂ ਕਲਾਸਾਂ ਦੀਆਂ ਸੋਹਣੀਆਂ ਕੁੜੀਆਂ ਵੱਖਰੀਆਂ ਸਨ। ਜਮਾਤਣਾਂ ਦੇ ਹਵਾਲੇ ਨਾਲ ਸਪੱਸ਼ਟ ਹੋ ਗਿਆ ਕਿ ਕਿਹੜਾ ਪੰਦਰ੍ਹਵੀਂ ਵਿਚ ਸੀ ਅਤੇ ਕਿਹੜਾ ਸੋਲ੍ਹਵੀਂ ਵਿਚ ਸੀ।

642

ਲਗਭਗ ਹਰ ਥਾਂ ਵਿਦਿਆਰਥੀਆਂ ਨੂੰ ਤਿੰਨ ਭਾਸ਼ਾਵਾਂ ਸਿੱਖਣੀਆਂ ਪੈਂਦੀਆਂ ਹਨ, ਜਿਵੇਂ ਭਾਰਤ ਵਿਚ ਪ੍ਰਾਂਤਕ ਭਾਸ਼ਾ, ਰਾਸ਼ਟਰਭਾਸ਼ਾ ਅਤੇ ਅੰਗਰੇਜ਼ੀ ਸਿੱਖੀ ਜਾਂਦੀ ਹੈ, ਉਵੇਂ ਹੀ

www.quotesinpunjabi.ml

QuotesInPunjabi

ਯੋਰਪ ਵਿਚ ਆਪਣੇ ਦੇਸ਼ ਦੀ ਭਾਸ਼ਾ, ਲਾਤੀਨੀ ਜਾਂ ਯੂਨਾਨੀ ਆਦਿ ਕੋਈ ਕਲਾਸੀਕਲ ਭਾਸ਼ਾ ਅਤੇ ਇਕ ਅੰਤਰਰਾਸ਼ਟਰੀ ਭਾਸ਼ਾ ਸਿੱਖੀ ਜਾਂਦੀ ਹੈ।

ਫਰਾਂਸ ਦੇ ਇਕ ਪਰਿਵਾਰ ਵਿਚ ਘਰ ਦੇ ਜੀਅ ਆਪਸ ਵਿਚ ਫਰਾਂਸੀਸੀ ਬੋਲਦੇ ਸਨ, ਡਰਾਈਵਰ ਯੂਨਾਨ ਦਾ ਸੀ, ਉਹ ਯੂਨਾਨੀ ਬੋਲਦਾ ਸੀ ਅਤੇ ਨੌਕਰ ਜਰਮਨ ਸੀ, ਉਹ ਘਰ ਦੇ ਜੀਆਂ ਨਾਲ ਜਰਮਨ ਬੋਲਦਾ ਸੀ।

ਇਵੇਂ ਨੌਕਰਾਂ ਵਾਲੇ ਅਮੀਰ ਘਰਾਂ ਦੇ ਬੱਚੇ, ਬਿਨਾਂ ਕਿਸੇ ਯਤਨ ਦੇ ਹੀ, ਤਿੰਨ ਭਾਸ਼ਾਵਾਂ ਸੌਖਿਆਂ ਹੀ ਸਿੱਖ ਜਾਂਦੇ ਹਨ। ਕਾਲਜ ਵਿਚ ਉਹ ਅੰਗਰੇਜ਼ੀ ਵੀ ਪੜ੍ਹਦੇ ਹਨ।

ਯੋਰਪ ਵਿਚ ਕੋਈ ਜਿਤਨੀਆਂ ਵਧੇਰੇ ਭਾਸ਼ਾਵਾਂ ਜਾਣਦਾ ਹੁੰਦਾ ਹੈ, ਉਤਨੀਆਂ ਹੀ ਉਸ ਲਈ ਰੁਜ਼ਗਾਰ ਦੀਆਂ ਸੰਭਾਵਨਾਵਾਂ ਵਧੇਰੇ ਹੁੰਦੀਆਂ ਹਨ।

643

ਇਕ ਬੇਈਮਾਨ ਵਪਾਰੀ ਨੇ ਢੇਰ ਧਨ ਇਕੱਤਰ ਕਰਨ ਮਗਰੋਂ ਵੀ ਜਦੋਂ ਜੀਵਨ ਦੀ ਤਸੱਲੀ ਮਹਿਸੂਸ ਨਾ ਕੀਤੀ ਤਾਂ ਉਹ ਆਪਣੇ ਅਧਿਆਪਕ ਕੋਲ ਗਿਆ ਅਤੇ ਕਿਹਾ: ਮੇਰੇ ਕੋਲ ਸਭ ਕੁਝ ਖਰੀਦਣ ਦੇ ਸਾਧਨ ਹਨ ਪਰ ਮੈਂ ਫਿਰ ਵੀ ਪ੍ਰਸੰਨ ਕਿਉਂ ਨਹੀਂ ?

ਅਧਿਆਪਕ ਨੇ ਕਿਹਾ: ਇਹ ਤੇਰੀ ਇਕੱਲੇ ਦੀ ਸਮੱਸਿਆ ਨਹੀਂ, ਇਹ ਉਨ੍ਹਾਂ ਸਭ ਦੀ ਸਮੱਸਿਆ ਹੈ, ਜਿਨ੍ਹਾਂ ਨੇ ਧਨ ਇਕੱਤਰ ਕਰਨਾ ਆਪਣਾ ਉਦੇਸ਼ ਬਣਾਇਆ ਹੋਇਆ ਹੈ। ਸਮਝਣ ਵਾਸਤੇ ਪ੍ਰਯੋਗ ਕਰਨਾ ਪਏਗਾ। ਅਧਿਆਪਕ ਉਸ ਨੂੰ ਨੇੜੇ ਦੀ ਪਹਾੜੀ ਕੋਲ ਲੈ ਗਿਆ ਅਤੇ ਉਸ ਨੂੰ ਤਿੰਨ ਪੱਥਰ ਚੁਕਵਾ ਕੇ ਆਪਣੇ ਪਿੱਛੇ-ਪਿੱਛੇ ਟੁਰਨ ਲਈ ਕਿਹਾ। ਵਪਾਰੀ ਨੇ ਕਿਹਾ, ਇਨ੍ਹਾਂ ਦੇ ਬੋਝ ਕਾਰਨ ਮੈਂ ਟੁਰ ਨਹੀਂ ਸਕਦਾ। ਅਧਿਆਪਕ ਨੇ ਕਿਹਾ, ਇਕ ਪੱਥਰ ਸੁੱਟ ਦੇਹ। ਵਪਾਰੀ ਨੇ ਕਿਹਾ, ਇਕ ਪੱਥਰ ਸੁੱਟ ਕੇ ਵੀ ਮੈਂ ਟੁਰ ਨਹੀਂ ਸਕਦਾ। ਅਧਿਆਪਕ ਨੇ ਕਿਹਾ, ਇਕ ਹੋਰ ਪੱਥਰ ਸੁੱਟ ਦੇਹ। ਇਕ ਹੋਰ ਸੁੱਟ ਕੇ ਵੀ, ਕੇਵਲ ਇਕ ਪੱਥਰ ਨਾਲ ਵੀ ਟੁਰਨਾ ਸੰਭਵ ਨਹੀਂ ਸੀ। ਅਧਿਆਪਕ ਨੇ ਕਿਹਾ, ਤੀਜਾ ਵੀ ਸੁੱਟ ਦੇਹ।

ਸਾਰੇ ਪੱਥਰ ਸੁੱਟਣ ਉਪਰੰਤ, ਉਹ ਚਲਣ ਯੋਗ ਹੋ ਗਿਆ। ਅਧਿਆਪਕ ਨੇ ਕਿੰਹਾ ਤੇਰਾ ਮਨ ਅਤੇ ਆਤਮਾ ਬੇਈਮਾਨੀਆਂ ਦੇ ਬੋਝ ਥੱਲੇ ਦੱਬੇ ਹੋਏ ਹਨ।

ਜਦੋਂ ਤੱਕ ਤੂੰ ਬੋਝ-ਮੁਕਤ ਨਹੀਂ ਹੁੰਦਾ, ਤੂੰ ਪ੍ਰਸੰਨ ਨਹੀਂ ਹੋ ਸਕਦਾ।

644

ਬਰੇਲ ਲਿਪੀ ਦੇ ਨਿਰਮਾਤਾ, ਲੂਈ ਬਰੇਲ ਦਾ ਜਨਮ ਫਰਾਂਸ ਵਿਚ ਹੋਇਆ ਸੀ। ਉਸ ਦਾ ਪਿਤਾ ਚਮੜੇ ਦਾ ਵਪਾਰੀ ਸੀ। ਬਚਪਨ ਵਿਚ ਬਰੇਲ ਦੀ ਅੱਖ ਨੂੰ ਸੱਟ ਲੱਗੀ ਅਤੇ ਉਸ ਦੀਆਂ ਦੋਵੇਂ ਅੱਖਾਂ ਤੋਂ ਜੋਤ ਜਾਂਦੀ ਰਹੀ।

ਉਸ ਵੇਲੇ ਅੰਨ੍ਹਿਆਂ ਨਾਲ ਬੜਾ ਭੈੜਾ ਸਲੂਕ ਕੀਤਾ ਜਾਂਦਾ ਸੀ ਅਤੇ ਧਰਮ ਵਾਲੇ ਅੰਨ੍ਹੇਪਣ ਨੂੰ ਪਰਮਾਤਮਾ ਵਲੋਂ ਪਾਪਾਂ ਦੀ ਮਿਲੀ ਸਜ਼ਾ ਕਹਿੰਦੇ ਸਨ।

www.quotesinpunjabi.ml

QuotesInPunjabi

ਬਰੇਲ ਬਚਪਨ ਵਿਚ ਹੀ ਸਿੱਕਿਆਂ ਨੂੰ ਟੋਹ ਕੇ ਦੱਸ ਦਿੰਦਾ ਸੀ ਕਿ ਉਹ ਕਿਤਨੇ ਮੁੱਲ ਵਾਲਾ ਸਿੱਕਾ ਸੀ। ਪਿਤਾ ਨੇ ਉਸ ਨੂੰ ਨੇਤਰਹੀਣਾਂ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ, ਜਿਥੇ ਉਸ ਨੇ ਉਂਗਲਾਂ ਨਾਲ ਟੋਹ ਕੇ ਪੜ੍ਹੀ ਜਾਣ ਵਾਲੀ ਲਿਪੀ ਤਿਆਰ ਕੀਤੀ।

ਵੀਹ ਸਾਲ ਦੀ ਉਮਰ ਵਿਚ ਬਰੇਲ ਨੇ ਉਂਗਲਾਂ ਨਾਲ ਟੋਹ ਕੇ ਪੜ੍ਹਨ ਦੀ ਸਹੂਲਤ ਉਪਜਾ ਕੇ ਅਤੇ ਨੇਤਰਹੀਣਾਂ ਲਈ ਪੜ੍ਹਨ-ਲਿਖਣ ਦੀਆਂ ਸੰਭਾਵਨਾਵਾਂ ਉਜਾਗਰ ਕਰ ਕੇ, ਅਪੰਗਤਾ ਦੇ ਬਾਵਜੂਦ, ਸੰਸਾਰ ਵਿਚ ਸਦੀਵੀ ਪ੍ਰਸਿੱਧੀ ਕਮਾ ਲਈ ਸੀ।

645

ਇਕ ਵਾਰੀ ਇਕ ਬਾਦਸ਼ਾਹ ਨੇ, ਆਪਣੀ ਮਹਿਮਾ ਕਰਵਾਉਣ ਲਈ, ਆਪਣੇ ਅਮਲੇ ਤੋਂ ਮੁਨਾਦੀ ਕਰਵਾਈ ਕਿ ਅਗਲੇ ਦਿਨ ਬਾਦਸ਼ਾਹ ਦੇ ਜਨਮ ਦਿਨ ਦੀ ਖੁਸ਼ੀ ਵਿਚ ਨਿਤਾਪ੍ਰਤੀ ਦੀਆਂ ਲੋੜਾਂ ਬਾਰੇ ਹਰੇਕ ਲੋੜਵੰਦ ਦੀ ਮੰਗ ਪੂਰੀ ਕੀਤੀ ਜਾਵੇਗੀ। ਸਵੇਰੇ ਮਹਿਲ ਬਾਹਰ ਭੀੜਾਂ ਜੁੜ ਗਈਆਂ। ਕਿਸੇ ਨੂੰ ਕਰਮੰਡਲ ਅਤੇ ਕਿਸੇ ਨੂੰ ਕੰਬਲ ਮਿਲ ਰਿਹਾ ਸੀ।

ਲਾਈਨ ਵਿਚ ਇਕ ਫਕੀਰ ਵੀ ਖਲੋਤਾ ਸੀ, ਜਿਹੜਾ ਆਪਣੀ ਵਾਰੀ ਆਉਣ 'ਤੇ, ਆਪਣੀ ਵਾਰੀ ਕਿਸੇ ਵਧੇਰੇ ਲੋੜਵੰਦ ਨੂੰ ਦੇ ਕੇ ਅਖੀਰ 'ਤੇ ਜਾ ਖਲੋਂਦਾ ਸੀ। ਉਸ ਨੇ ਕਈ ਵਾਰ ਇਵੇਂ ਕੀਤਾ। ਖਾਲੀ ਤਾਂ ਸਰਕਾਰੀ ਖਜ਼ਾਨਾ ਹੋ ਰਿਹਾ ਸੀ ਪਰ ਲੋਕ ਗੱਲਾਂ ਉਸ ਫਕੀਰ ਦੀਆਂ ਕਰ ਰਹੇ ਸਨ। ਇਹ ਗੱਲ ਬਾਦਸ਼ਾਹ ਤੱਕ ਵੀ ਪਹੁੰਚੀ।

ਬਾਦਸ਼ਾਹ ਨੇ ਉਸ ਫਕੀਰ ਨੂੰ ਬੁਲਾਇਆ ਅਤੇ ਪੁੱਛਿਆ: ਤੁਸੀਂ ਕੀ ਕਰ ਰਹੇ ਹੋ? ਫਕੀਰ ਨੇ ਕਿਹਾ: ਮੈਂ ਵੀ ਉਹੀ ਕੁਝ ਕਰ ਰਿਹਾ ਹਾਂ, ਜੋ ਕੁਝ ਤੁਸੀਂ ਕਰ ਰਹੇ ਹੋ। ਬਾਦਸ਼ਾਹ ਨੇ ਪੁੱਛਿਆ: ਕਿਵੇਂ? ਫਕੀਰ ਨੇ ਮਾਣ ਨਾਲ ਕਿਹਾ: ਤੁਹਾਡੇ ਕੋਲ ਸਰਕਾਰੀ ਖਜ਼ਾਨਾ ਹੈ, ਤੁਸੀਂ ਉਹ ਲੁਟਾ ਰਹੇ ਹੋ, ਮੇਰੇ ਕੋਲ ਮੇਰੀ ਵਾਰੀ ਹੈ, ਮੈਂ ਉਹ ਲੁਟਾ ਰਿਹਾ ਹਾਂ।

646

ਇਕ ਵਾਰੀ ਇਕ ਲੜਕਾ ਆਪਣੇ ਨੇੜਲੇ ਪਿੰਡ, ਨਾਨਕੇ ਜਾ ਰਿਹਾ ਸੀ।

ਰਸਤੇ ਵਿਚ ਉਸ ਨੇ ਇਕ ਦਰੱਖਤ ਥੱਲੇ ਬਣੇ ਥੜ੍ਹੇ ਉਤੇ ਬਹਿ ਕੇ ਘਰੋਂ ਲਿਆਂਦੀ ਦੁਪਹਿਰ ਦੀ ਰੋਟੀ ਖਾਧੀ ਅਤੇ ਥਕਾਵਟ ਕਾਰਨ ਲੇਟ ਗਿਆ ਅਤੇ ਸੌਂ ਗਿਆ। ਉਧਰੋਂ ਲੰਘਦੇ ਇਕ ਚੋਰ ਨੇ ਉਸ ਦੇ ਗਲੇ ਵਿਚ ਸੋਨੇ ਦੀ ਚੇਨੀ ਵੇਖੀ ਅਤੇ ਲੁੱਟਣ ਬਾਰੇ ਸੋਚਿਆ ਪਰ ਸਾਹਮਣਿਓਂ ਤਿੰਨ ਲੜਕੀਆਂ ਨੂੰ ਆਉਂਦਿਆਂ ਵੇਖ ਕੇ ਚਲਾ ਗਿਆ।

ਲੜਕੀਆਂ ਵਿਚੋਂ ਇਕ ਨੇ ਕਿਹਾ ਕਾਸ਼! ਮੇਰਾ ਇਤਨੇ ਸੋਹਣੇ ਮੁੰਡੇ ਨਾਲ ਵਿਆਹ ਹੋ ਜਾਵੇ ਪਰ ਉਹ ਇਕ ਬੱਘੀ ਆਉਂਦੀ ਵੇਖ ਕੇ ਰੁਕੀਆਂ ਨਾ ਅਤੇ ਚਲੀਆਂ ਗਈਆਂ।

ਬੱਘੀ ਉਸ ਦਰੱਖਤ ਕੋਲ ਆ ਕੇ ਖਰਾਬ ਹੋ ਗਈ ਅਤੇ ਉਸ ਬੱਘੀ ਵਿਚਲਾ ਵੱਡੀ ਉਮਰ ਦਾ ਜੋੜਾ, ਬੱਘੀ ਠੀਕ ਹੋਣ ਤੱਕ ਉਸ ਦਰੱਖਤ ਥੱਲੇ ਖਲੋਤਾ ਰਿਹਾ।

ਉਨ੍ਹਾਂ ਕੋਲ ਜਾਇਦਾਦ ਸੀ ਪਰ ਸੰਤਾਨ ਨਹੀਂ ਸੀ। ਉਨ੍ਹਾਂ ਨੇ ਉਸ ਲੜਕੇ ਨੂੰ ਗੋਦ ਲੈਣ

www.quotesinpunjabi.ml

QuotesInPunjabi

ਬਾਰੇ ਸੋਚਿਆ। ਉਹ ਸਲਾਹ ਕਰ ਹੀ ਰਹੇ ਸਨ ਕਿ ਕੋਚਵਾਨ ਨੇ ਬੱਘੀ ਠੀਕ ਹੋਣ 'ਤੇ ਆਵਾਜ਼ ਮਾਰੀ ਅਤੇ ਉਹ ਵੀ ਚਲੇ ਗਏ।

ਥੋੜ੍ਹੀ ਦੇਰ ਮਗਰੋਂ ਜਾਗ ਕੇ ਉਹ ਲੜਕਾ ਵੀ ਆਪਣੇ ਰਾਹ ਪੈ ਗਿਆ।

ਉਸ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਉਸ ਦੇ ਸੌਣ ਦੇ ਥੋੜ੍ਹੇ ਜਿਹੇ ਅਰਸੇ ਵਿਚ, ਉਸ ਦੀ ਕਿਸਮਤ ਕਿਵੇਂ ਰੰਗ ਬਦਲਦੀ ਰਹੀ ਸੀ।

647

ਇੰਗਲੈਂਡ ਵਿਚ ਇਕ ਪਿੰਡ ਵਿਚ ਰੋਟੀ ਚੋਰੀ ਕਰਨ ਦੇ ਦੋਸ਼ ਵਿਚ ਇਕ ਬੰਦੇ 'ਤੇ ਮੁਕੱਦਮਾ ਚੱਲਿਆ ਸੀ ਅਤੇ ਉਸ ਨੂੰ ਦਸ ਪੌਂਡ ਜੁਰਮਾਨੇ ਦੀ ਸਜ਼ਾ ਹੋਈ ਸੀ।

ਸਿਆਣੇ ਜੱਜ ਨੇ ਇਹ ਜੁਰਮਾਨਾ ਆਪਣੀ ਜੇਬ ਵਿਚੋਂ ਅਦਾ ਕਰਕੇ, ਪਿੰਡ ਦੇ ਹਰੇਕ ਪਰਿਵਾਰ ਨੂੰ ਇਕ-ਇਕ ਪੌਂਡ ਦਾ ਜੁਰਮਾਨਾ, ਇਸ ਲਈ ਕੀਤਾ, ਕਿਉਂਕਿ ਉਹ ਇਕ ਅਜਿਹੇ ਪਿੰਡ ਵਿਚ ਰਹਿ ਰਹੇ ਸਨ, ਜਿਥੇ ਉਸ ਬੰਦੇ ਨੂੰ ਰੋਟੀ ਚੋਰੀ ਕਰਨੀ ਪਈ ਸੀ ਅਤੇ ਹੁਕਮ ਦਿੱਤਾ ਕਿ ਜੁਰਮਾਨੇ ਦੇ ਪੈਸੇ ਇਕੱਠੇ ਕਰਕੇ, ਉਸ ਚੋਰ ਨੂੰ ਦਿੱਤੇ ਜਾਣ ਤਾਂ ਕਿ ਉਹ ਕੋਈ ਰੁਜ਼ਗਾਰ ਕਰੇ ਅਤੇ ਉਸ ਨੂੰ ਮੁੜ ਕਦੇ ਰੋਟੀ ਚੋਰੀ ਨਾ ਕਰਨੀ ਪਏ।

648

ਵਿਸ਼ਵ ਪ੍ਰਸਿੱਧ ਚਿੱਤਰਕਾਰ ਪਿਕਾਸੋ ਨੇ ਇਕ ਇਸਤਰੀ ਨੂੰ ਉਸ ਦਾ ਚਿੱਤਰ ਬਣਾ ਕੇ ਦੇਣ ਦਾ ਵਾਅਦਾ ਕੀਤਾ ਹੋਇਆ ਸੀ। ਪਿਕਾਸੋ ਨੇ ਉਸ ਇਸਤਰੀ ਨੂੰ ਸਾਹਮਣੇ ਬਿਠਾ ਕੇ ਉਸ ਦਾ ਚਿੱਤਰ ਬਣਾਉਣ ਦਾ ਕਈ ਵਾਰ ਯਤਨ ਕੀਤਾ ਪਰ ਉਹ ਹਰ ਵਾਰੀ ਚਿੱਤਰ ਬਣਾ ਕੇ ਕੱਪੜੇ ਨਾਲ ਮੇਟ ਦਿੰਦਾ ਸੀ।

ਇੱਕ ਵਾਰੀ ਪਿਕਾਸੋ, ਸਪੇਨ ਦੇ ਇਕ ਹੋਟਲ ਵਿਚ ਠਹਿਰਿਆ ਹੋਇਆ ਸੀ, ਜਿੱਥੇ ਉਸ ਨੇ ਆਪਣੀ ਕਲਪਨਾ ਨਾਲ, ਉਸ ਇਸਤਰੀ ਦਾ ਚਿੱਤਰ ਬਣਾਇਆ, ਜਿਹੜਾ ਉਸ ਨੂੰ ਤੋਹਫੇ ਵਜੋਂ ਦਿੱਤਾ। ਚਿੱਤਰ ਵੇਖ ਕੇ ਹਰ ਕੋਈ ਕਹਿੰਦਾ ਸੀ ਕਿ ਚਿੱਤਰ ਵਿਚਲਾ ਚਿਹਰਾ, ਇਸਤਰੀ ਦੇ ਚਿਹਰੇ ਨਾਲ ਮੇਲ ਨਹੀਂ ਖਾਂਦਾ।

ਪਿਕਾਸੋ ਨੇ ਕਿਹਾ: ਕੁਝ ਸਾਲਾਂ ਵਿਚ ਇਸਤਰੀ ਦਾ ਚਿਹਰਾ, ਇਵੇਂ ਬਦਲ ਜਾਵੇਗਾ ਕਿ ਚਿੱਤਰ ਵਿਚਲੇ ਚਿਹਰੇ ਨਾਲ ਮੇਲ ਖਾਣ ਲੱਗ ਪਵੇਗਾ। ਹੋਇਆ ਵੀ ਇਵੇਂ।

ਪਿਕਾਸੋ ਦੇ ਬਣਾਏ ਚਿੱਤਰ ਨੂੰ ਵੇਖ-ਵੇਖ ਕੇ, ਉਸ ਇਸਤਰੀ ਦਾ ਚਿਹਰਾ, ਉਸ ਚਿੱਤਰ ਵਿਚਲੇ ਚਿਹਰੇ ਅਨੁਸਾਰ ਬਦਲ ਗਿਆ ਸੀ।

649

ਇਕ ਠੇਕੇਦਾਰ ਨੂੰ ਠੇਕਿਆਂ ਵਿਚ ਇਤਨਾ ਘਾਟਾ ਪੈ ਗਿਆ ਕਿ ਉਸ ਨੇ ਦਰਿਆ ਵਿਚ ਡੁੱਬ ਕੇ ਮਰਨ ਦਾ ਫੈਸਲਾ ਕਰ ਲਿਆ। ਜਦੋਂ ਉਹ ਦਰਿਆ ਵਲ ਮਰਨ ਲਈ ਜਾ ਰਿਹਾ

www.quotesinpunjabi.ml

QuotesInPunjabi

ਸੀ ਤਾਂ ਉਥੇ ਉਸ ਨੇ ਪੁੱਲ ਦੇ ਬੁਰਜ 'ਤੇ ਵੇਖਿਆ ਕਿ ਡੁੱਬ ਕੇ ਮਰਨ ਲਈ ਪਹਿਲਾਂ ਹੀ ਇਕ ਲੜਕੀ ਆਈ ਹੋਈ ਸੀ, ਜਿਹੜੀ ਰੋ ਵੀ ਰਹੀ ਸੀ।

ਠੇਕੇਦਾਰ ਨੂੰ ਵੇਖ ਕੇ ਹੈਰਾਨੀ ਹੋਈ ਕਿ ਇਤਨੀ ਛੋਟੀ ਉਮਰ ਦੀ ਕੋਈ ਲੜਕੀ ਵੀ ਇਤਨੀ ਪਰੇਸ਼ਾਨ ਹੋ ਸਕਦੀ ਹੈ ਕਿ ਉਹ ਦਰਿਆ ਵਿਚ ਡੁੱਬਣ ਲਈ ਪਹੁੰਚੀ ਹੋਈ ਸੀ।

ਕਾਰਨ ਪੁੱਛਿਆ, ਲੜਕੀ ਨੇ ਦਸਿਆ: ਉਸ ਦੀ ਮਾਂ ਬੀਮਾਰ ਸੀ, ਜਿਸ ਦਾ ਦਰਦ ਉਹ ਵੇਖ ਨਹੀਂ ਸੀ ਸਕਦੀ, ਦਵਾਈ ਜੋਗੇ ਵੀ ਪੈਸੇ ਨਹੀਂ ਸਨ।

ਠੇਕੇਦਾਰ ਨੇ ਸਮਝਿਆ, ਲੜਕੀ ਝੂਠ ਬੋਲ ਰਹੀ ਸੀ ਅਤੇ ਫਰੇਬ ਕਰ ਰਹੀ ਸੀ।

ਉਸ ਨੇ ਕਿਹਾ: ਵਿਖਾ ਤੇਰੀ ਮਾਂ ਕਿਥੇ ਹੈ ? ਉਸ ਦੇ ਘਰ ਜਾ ਕੇ ਵੇਖਿਆ, ਮਾਂ ਬੀਮਾਰ ਸੀ। ਉਸ ਦੀ ਦਵਾਈ ਦੀ ਪਰਚੀ ਲੈ ਕੇ ਠੇਕੇਦਾਰ, ਦਵਾਈ ਲੈਣ ਚਲਾ ਗਿਆ। ਦਵਾਈ ਲਿਆਂਦੀ। ਡੁੱਬ ਕੇ ਮਰਨ ਦਾ ਖਿਆਲ ਜਾਂਦਾ ਰਿਹਾ, ਕਿਉਂਕਿ ਉਦੇਸ਼ ਮਿਲ ਗਿਆ ਸੀ ਕਿ ਧੀ ਨੂੰ ਡੁੱਬਣ ਨਹੀਂ ਦੇਣਾ ਅਤੇ ਮਾਂ ਨੂੰ ਮਰਨ ਨਹੀਂ ਦੇਣਾ। ਜਿਸ ਠੇਕੇਦਾਰ ਨੇ ਹੁਣ ਤੱਕ ਡੁੱਬ ਕੇ ਮਰ ਗਏ ਹੋਣਾ ਸੀ, ਉਸ ਨੇ ਜਾਣ ਵੇਲੇ ਕਿਹਾ: ਮੈਂ ਕਲ ਫਿਰ ਆਵਾਂਗਾ।

650

ਇਕ ਵਾਰੀ ਇਕ ਸਮਾਗਮ ਵਿਚ ਪੁੱਛਿਆ ਗਿਆ: ਜਿਹੜੇ ਸਵਰਗ ਜਾਣਾ ਚਾਹੁੰਦੇ ਹਨ, ਉਹ ਹੱਥ ਖੜ੍ਹੇ ਕਰੋ। ਦੋ ਤੋਂ ਇਲਾਵਾ ਸਾਰਿਆਂ ਨੇ ਹੱਥ ਖੜ੍ਹੇ ਕਰ ਦਿੱਤੇ। ਜਿਹੜੇ ਦੋ ਨਾ ਜਾਣ ਵਾਲੇ ਸਨ, ਉਹ ਸਾਰਿਆਂ ਦੀ ਦਿਲਚਸਪੀ ਦਾ ਕੇਂਦਰ ਬਣ ਗਏ। ਹੁਣ ਸਾਰੇ ਇਹ ਜਾਣਨਾ ਚਾਹੁੰਦੇ ਸਨ ਕਿ ਉਹ ਦੋ, ਸਵਰਗ ਕਿਉਂ ਨਹੀਂ ਜਾਣਾ ਚਾਹੁੰਦੇ ਸਨ ?

ਜਦੋਂ ਪਹਿਲੇ ਨੂੰ ਪੁੱਛਿਆ ਗਿਆ: ਤੁਸੀਂ ਸਵਰਗ ਕਿਉਂ ਨਹੀਂ ਜਾਣਾ ਚਾਹੁੰਦੇ ਤਾਂ ਉਸ ਨੇ ਕਿਹਾ: ਮੈਂ ਇਨ੍ਹਾਂ ਸਾਰਿਆਂ ਨਾਲ ਸਵਰਗ ਨਹੀਂ ਜਾਣਾ ਚਾਹੁੰਦਾ।

ਦੂਜੇ ਨੇ ਪੁੱਛੇ ਜਾਣ 'ਤੇ ਜਵਾਬ ਦਿੱਤਾ: ਮੈਂ ਇਸ ਲਈ ਨਹੀਂ ਜਾਣਾ ਚਾਹੁੰਦਾ, ਕਿਉਂਕਿ ਜਦੋਂ ਇਹ ਸਾਰੇ ਸਵਰਗ ਚਲੇ ਜਾਣਗੇ ਤਾਂ ਮੇਰਾ ਤਾਂ ਇਥੇ ਹੀ ਸਵਰਗ ਬਣ ਜਾਵੇਗਾ।

651

ਸਵਾਮੀ ਵਿਵੇਕਾਨੰਦ, ਜਦੋਂ ਅਮਰੀਕਾ ਵਿਚ ਧਰਮਾਂ ਦੇ ਅੰਤਰ ਰਾਸ਼ਟਰੀ ਸਮਾਗਮ ਵਿਚ, ਭਾਰਤੀ ਧਰਮਾਂ ਬਾਰੇ ਸਾਰੇ ਵਿਸ਼ਵ ਨੂੰ ਦਸ ਰਹੇ ਸਨ ਤਾਂ ਉਨ੍ਹਾਂ ਨੇ ਵੇਖਿਆ ਸਾਰੇ ਬੁਲਾਰੇ ਸਰੋਤਿਆਂ ਨੂੰ 'ਬੀਬੀਓ ਅਤੇ ਸਜਣੋ' ਕਹਿ ਕੇ ਮੁਖਾਤਬ ਹੋ ਰਹੇ ਸਨ। ਸਵਾਮੀ ਵਿਵੇਕਾਨੰਦ ਨੇ ਜਦੋਂ 'ਬੀਬੀਓ ਅਤੇ ਸਜਣੋ' ਦੀ ਥਾਂ 'ਭੈਣੋ ਅਤੇ ਭਰਾਵੋ' ਕਹਿ ਕੇ ਆਪਣਾ ਭਾਸ਼ਣ ਆਰੰਭਿਆ ਤਾਂ ਉਨ੍ਹਾਂ ਦੇ ਲਿਬਾਸ ਅਤੇ ਬੋਲਬਾਣੀ ਦੀ ਅਪਣਤ ਨਾਲ, ਸਾਰਾ ਹਾਲ ਵਿਸ਼ਵ ਭਰ ਤੋਂ ਇਕੱਠੇ ਹੋਏ ਸਰੋਤਿਆਂ ਦੀਆਂ ਤਾੜੀਆਂ ਨਾਲ ਗੂੰਜ ਉਠਿਆ।

ਉਦੋਂ ਇਕ ਹਾਲ ਵਿਚ ਵੱਖ-ਵੱਖ ਧਰਮਾਂ ਦੇ ਗ੍ਰੰਥਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ ਸੀ, ਜਿਥੇ ਇਕ ਥਾਂ ਇਕ ਮੇਜ਼ ਉਤੇ, ਸਾਰੇ ਧਰਮਾਂ ਦੇ ਗ੍ਰੰਥਾਂ ਨੂੰ ਇਕ-ਦੂਜੇ ਉਤੇ ਚਿਣਿਆ ਹੋਇਆ ਸੀ। ਚਿਣੇ ਹੋਏ ਗ੍ਰੰਥਾਂ ਵਿਚ ਸਭ ਤੋਂ ਥੱਲੇ ਗੀਤਾ ਪਈ ਸੀ।

www.quotesinpunjabi.ml

QuotesInPunjabi

ਇਕ ਪ੍ਰਬੰਧਕ ਇਸਤਰੀ ਨੇ ਸੋਚਿਆ ਕਿ ਸ਼ਾਇਦ ਗੀਤਾ ਨੂੰ ਸਭ ਤੋਂ ਥੱਲੇ ਰੱਖੇ ਜਾਣ ਕਾਰਨ, ਸਵਾਮੀ ਜੀ ਇਤਰਾਜ਼ ਕਰਨਗੇ। ਕਿਸੇ ਨੇ ਪੁੱਛਿਆ: ਗੀਤਾ ਸਭ ਤੋਂ ਥੱਲੇ ਪਈ ਹੈ, ਰਖੀ ਗਈ ਹੈ, ਇਸ ਬਾਰੇ ਤੁਹਾਡਾ ਕੀ ਵਿਚਾਰ ਹੈ?

ਸਵਾਮੀ ਵਿਵੇਕਾਨੰਦ ਨੇ ਮੁਸਕਰਾ ਕੇ ਕਿਹਾ ਕਿ ਜਿਸ ਨੇ ਅਜਿਹਾ ਕੀਤਾ ਹੈ, ਉਹ ਬੜਾ ਸਿਆਣਾ ਹੈ, ਕਿਉਂਕਿ ਉਸ ਨੇ ਨੀਂਹ ਮਜ਼ਬੂਤ ਰੱਖੀ ਹੈ।

652

ਹਰ ਸਭਿਅਤਾ ਆਪਣੇ ਨਾਇਕ ਸਿਰਜਦੀ ਹੈ।

ਨਾਇਕ, ਸਮਾਜ, ਦੇਸ਼ ਅਤੇ ਕੌਮ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ।

ਹਰ ਕੋਈ ਉਨ੍ਹਾਂ ਨੂੰ ਆਦਰਸ਼ ਮੰਨਦਾ ਹੈ ਅਤੇ ਉਨ੍ਹਾਂ ਵਰਗਾ ਬਣਨਾ ਚਾਹੁੰਦਾ ਹੈ।

ਭਾਰਤੀ ਸਭਿਅਤਾ ਵਿਚ ਤਿੰਨ ਪ੍ਰਕਾਰ ਦੇ ਨਾਇਕ ਪ੍ਰਵਾਨ ਚੜ੍ਹੇ ਹਨ: ਸੰਤ, ਯੋਧਾ ਅਤੇ ਪ੍ਰੇਮੀ। ਮਹਾਵੀਰ ਸੰਤ ਹਨ, ਬੁੱਧ ਵੀ ਸੰਤ ਹਨ, ਨਾਨਕ ਵੀ ਸੰਤ ਹਨ।

ਰਾਮ ਚੰਦਰ ਸੰਤ ਵੀ ਹਨ, ਯੋਧਾ ਵੀ ਹਨ। ਗੁਰੂ ਗੋਬਿੰਦ ਸਿੰਘ ਵੀ ਸੰਤ ਵੀ ਹਨ ਅਤੇ ਯੋਧਾ ਵੀ ਹਨ, ਇਸ ਕਾਰਨ ਕਰਕੇ ਗੁਰੂ ਗੋਬਿੰਦ ਸਿੰਘ ਨੂੰ ਸੰਤ-ਸਿਪਾਹੀ ਕਿਹਾ ਜਾਂਦਾ ਹੈ।

ਰਾਂਝਾ, ਪੁੰਨੂੰ, ਮਿਰਜ਼ਾ ਅਤੇ ਮਹੀਂਵਾਲ ਪ੍ਰੇਮੀ ਹਨ ਅਤੇ ਪ੍ਰੇਮੀ ਹੋਣ ਕਰਕੇ ਸਾਡੇ ਨਾਇਕ ਹਨ। ਕੇਵਲ ਕ੍ਰਿਸ਼ਨ ਹੈ, ਜਿਹੜਾ ਗੀਤਾ ਉਚਾਰਨ ਵਾਲਾ ਸੰਤ ਵੀ ਹੈ, ਮਹਾਂਭਾਰਤ ਦਾ ਯੋਧਾ ਵੀ ਹੈ ਅਤੇ ਰਾਧਾ ਅਤੇ ਗੋਪੀਆਂ ਦਾ ਪ੍ਰੇਮੀ ਵੀ ਹੈ।

ਇਹ ਤਿੰਨੇ ਹੋਣ ਕਰਕੇ ਕ੍ਰਿਸ਼ਨ ਭਾਰਤ ਦੀ ਸਮੁੱਚੀ ਸਭਿਅਤਾ ਦਾ ਸਰਬਪੱਖੀ ਪ੍ਰਗਟਾਵਾ ਹੈ ਅਤੇ ਪੂਰਨ ਭਾਂਤ ਇਕਸੁਰ ਹੈ। ਉਹ ਜੋਗੀ ਵੀ ਹੈ, ਭੋਗੀ ਵੀ ਹੈ। ਉਸ 'ਤੇ ਸਾਰੇ ਦੋਸ਼ ਲੱਗਦੇ ਹਨ ਪਰ ਉਹ ਨਿਰਦੋਸ਼ ਹੈ। ਸਾਰੇ ਵਿਰੋਧ ਉਸ ਵਿਚ ਆ ਕੇ ਮਿੱਟ ਜਾਂਦੇ ਹਨ।

ਜੇ ਭਾਰਤ ਦੇ ਕੇਵਲ ਇਕ ਨਾਇਕ ਦੀ ਚੋਣ ਕੀਤੀ ਜਾਵੇ, ਤਾਂ ਉਹ ਕ੍ਰਿਸ਼ਨ ਹੋਵੇਗਾ, ਕਿਉਂਕਿ ਉਹ ਤਿੰਨੇ ਹੈ, ਕੁਝ ਵੀ ਉਸ ਤੋਂ ਬਾਹਰ ਨਹੀਂ ਹੈ।

653

ਇਕ ਵਾਰ ਯੂਨਾਨ ਵਿਚ ਸੈਨੇਟ ਦੇ ਨਾਂ ਨਾਲ ਜਾਣੀ ਜਾਂਦੀ, ਪਾਰਲੀਮੈਂਟ ਦੇ ਬਾਹਰ ਲੋਕਾਂ ਦੀ ਭਾਰੀ ਭੀੜ ਨੇ ਭ੍ਰਿਸ਼ਟਾਚਾਰ ਵਿਰੁੱਧ ਭਾਰੀ ਇਕੱਠ ਕਰਕੇ, ਭ੍ਰਿਸ਼ਟ ਸੈਨੇਟਰਾਂ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ।

ਭੀੜ ਕੋਲ ਅਕਲ ਨਹੀਂ ਹੁੰਦੀ, ਜੋਸ਼ ਹੀ ਹੁੰਦਾ ਹੈ।

ਇਕ ਸਿਆਣੇ ਸੈਨੇਟਰ ਨੇ ਕਿਹਾ: ਤੁਹਾਡੀ ਮੰਗ ਬਿਲਕੁਲ ਠੀਕ ਹੈ, ਭ੍ਰਿਸ਼ਟ ਸੈਨੇਟਰ ਹਟਾਉਣੇ ਚਾਹੀਦੇ ਹਨ ਅਤੇ ਇਮਾਨਦਾਰ ਸੈਨੇਟਰ ਲਾਉਣੇ ਚਾਹੀਦੇ ਹਨ। ਉਸ ਨੇ ਕਿਹਾ: ਤੁਸੀਂ ਭ੍ਰਿਸ਼ਟ ਸੈਨੇਟਰਾਂ ਵਿਚੋਂ ਇਕ-ਇਕ ਸੈਨੇਟਰ ਦਾ ਨਾਂ ਲੈ ਕੇ, ਉਸ ਦੀ ਥਾਂ ਲੈਣ ਵਾਲੇ ਇਮਾਨਦਾਰ ਸੈਨੇਟਰ ਦਾ ਨਾਂ ਸੁਝਾਓ।

www.quotesinpunjabi.ml

QuotesInPunjabi

ਹਟਾਏ ਜਾਣ ਵਾਲੇ ਪਹਿਲੇ ਸੈਨੇਟਰ ਦੇ ਨਾਂ 'ਤੇ ਤਾਂ ਸਭ ਦੀ ਸਹਿਮਤੀ ਹੋ ਗਈ ਪਰ ਉਸਦੀ ਥਾਂ ਲੈਣ ਵਾਲੇ ਕਿਸੇ ਵੀ ਨਾਂ 'ਤੇ ਸਹਿਮਤੀ ਨਾ ਹੋਈ। ਜਦੋਂ ਵੀ ਕਿਸੇ ਨਵੇਂ ਵਿਅਕਤੀ ਦਾ, ਸੈਨੇਟਰ ਵਜੋਂ ਨਾਂ ਸੁਝਾਇਆ ਜਾਂਦਾ, ਕੋਈ ਨਾ ਕੋਈ ਉਸਦੀ ਵਿਰੋਧਤਾ ਕਰਨ ਲੱਗ ਪੈਂਦਾ ਅਤੇ ਸ਼ਾਮ ਤੱਕ ਇਕ ਵੀ ਨਾਂ 'ਤੇ ਸਹਿਮਤੀ ਨਾ ਹੁੰਦੀ।

ਸਾਰੇ ਦਿਨ ਦੀ ਬਹਿਸ ਮਗਰੋਂ, ਹਰ ਕੋਈ ਕਹਿ ਰਿਹਾ ਸੀ ਕਿ ਇਕ ਭ੍ਰਿਸ਼ਟ ਵਿਅਕਤੀ ਹਟਾ ਕੇ ਦੂਜਾ ਭ੍ਰਿਸ਼ਟ ਵਿਅਕਤੀ ਲਾਉਣ ਦਾ ਕੋਈ ਲਾਭ ਨਹੀਂ। ਇਸ ਵਿਚੋਂ ਹੀ ਅਖਾਣ ਉਪਜਿਆ ਹੈ ਕਿ ਜਾਣੀ-ਪਛਾਣੀ ਮੁਸੀਬਤ, ਨਵੀਂ ਮੁਸੀਬਤ ਨਾਲੋਂ ਬਿਹਤਰ ਹੁੰਦੀ ਹੈ।

654

ਪੁਰਾਤਨ ਰੋਮ ਵਿਚ ਰੋਮਨ ਨਾਗਰਿਕ ਹੋਣਾ ਬੜੇ ਮਾਣ ਵਾਲੀ ਗੱਲ ਸੀ। ਰੋਮਨ ਨਾਗਰਿਕਾਂ ਦੀ ਗਿਣਤੀ ਬੜੀ ਥੋੜ੍ਹੀ ਸੀ, ਜਦੋਂ ਕਿ ਬਹੁਤੀ ਗਿਣਤੀ ਗੁਲਾਮਾਂ ਦੀ ਸੀ। ਹੌਲੀ-ਹੌਲੀ ਗੁਲਾਮਾਂ ਨੇ ਵੀ ਰੋਮਨ ਨਾਗਰਿਕਾਂ ਵਾਂਗ ਵਾਲ ਰੱਖਣੇ, ਕੱਪੜੇ ਪਾਉਣੇ, ਉਠਣਾ-ਬੈਠਣਾ-ਬੋਲਣਾ ਸਿੱਖ ਲਿਆ। ਇਸੇ ਵਿਚੋਂ ਅਖਾਣ ਉਪਜਿਆ ਸੀ, ਜੈਸਾ ਦੇਸ, ਤੈਸਾ ਵੇਸ ਅਰਥਾਤ ਰੋਮ ਵਿਚ ਰੋਮਨਾਂ ਵਾਂਗ ਰਹੋ ਅਤੇ ਵਿਹਾਰ ਕਰੋ। ਇਹ ਇਕਸਾਰਤਾ ਇਤਨੀ ਵੱਧ ਗਈ ਕਿ ਨਾਗਰਿਕਾਂ ਅਤੇ ਗੁਲਾਮਾਂ ਵਿਚ ਅੰਤਰ ਦੱਸਣਾ ਮੁਸ਼ਕਲ ਹੋ ਗਿਆ।

ਲਗਭਗ ਫੈਸਲਾ ਹੋ ਗਿਆ ਸੀ ਕਿ ਗੁਲਾਮਾਂ ਦੀ ਪਛਾਣ ਲਈ, ਉਨ੍ਹਾਂ ਵਾਸਤੇ ਵੱਖਰਾ ਲਿਬਾਸ ਨਿਰਧਾਰਤ ਕੀਤਾ ਜਾਵੇ। ਜਦੋਂ ਇਹ ਮਹੱਤਵਪੂਰਨ ਫੈਸਲਾ ਹੋਣ ਹੀ ਵਾਲਾ ਸੀ ਤਾਂ ਇਕ ਨਾਗਰਿਕ ਨੇ ਕਿਹਾ: ਇਵੇਂ ਨਾ ਕਰਨਾ, ਕਿਉਂਕਿ ਇਵੇਂ ਕਰਨ ਨਾਲ, ਗੁਲਾਮਾਂ ਨੂੰ ਆਪਣੀ ਬਹੁਗਿਣਤੀ ਦਾ ਪਤਾ ਲੱਗ ਜਾਵੇਗਾ ਅਤੇ ਬਹੁਗਿਣਤੀ ਵਿਚ ਹੋਣ ਕਾਰਨ, ਉਹ ਬਗਾਵਤ ਕਰਕੇ ਹਕੂਮਤ ਦਾ ਤਖਤਾ ਉਲਟਾ ਦੇਣਗੇ ਅਤੇ ਰੋਮਨ ਨਾਗਰਿਕਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪ ਹਾਕਮ ਬਣ ਜਾਣਗੇ।

ਇਵੇਂ ਗੁਲਾਮਾਂ ਦੀ ਵੱਖਰੀ ਪਛਾਣ ਸਥਾਪਤ ਕਰਨ ਦਾ ਸੁਝਾਓ, ਤਿਆਗ ਦਿੱਤਾ ਗਿਆ ਅਤੇ ਇਸਦੀ ਥਾਂ ਇਹ ਸੁਝਾਓ ਪ੍ਰਵਾਨ ਹੋਇਆ ਕਿ ਚੰਗੇ, ਸਿਆਣੇ, ਬਹਾਦਰ ਅਤੇ ਵਫ਼ਾਦਾਰ ਗੁਲਾਮਾਂ ਨੂੰ ਇਨਾਮ ਵਜੋਂ, ਰੋਮਨ ਨਾਗਰਿਕਤਾ ਨਾਲ ਨਿਵਾਜਿਆ ਜਾਵੇਗਾ।

ਇਸ ਫ਼ੈਸਲੇ ਨਾਲ ਗੁਲਾਮਾਂ ਦੇ ਵਿਹਾਰ ਵਿਚ ਸੁਧਾਰ ਹੋਇਆ ਅਤੇ ਰੋਮ ਹੋਰ ਮਜ਼ਬੂਤ ਹੋਇਆ, ਕਿਉਂਕਿ ਗੁਲਾਮਾਂ ਸਾਹਮਣੇ, ਹੁਣ ਰੋਮਨ ਨਾਗਰਿਕ ਬਣਨ ਦਾ ਉਦੇਸ਼ ਸੀ।

655

ਇਕ ਜੰਗਲ ਨੂੰ ਅੱਗ ਲੱਗੀ ਹੋਈ ਸੀ ਅਤੇ ਹਰ ਕੋਈ ਆਪਣੀ-ਆਪਣੀ ਸਮਰੱਥਾ ਅਨੁਸਾਰ ਅੱਗ ਬੁਝਾਉਣ ਦਾ ਯਤਨ ਕਰ ਰਿਹਾ ਸੀ।

ਇਕ ਚਿੜੀ ਵੀ ਆਪਣਾ ਯੋਗਦਾਨ ਪਾ ਰਹੀ ਸੀ। ਉਹ ਉੱਡ ਕੇ ਜਾਂਦੀ ਸੀ ਅਤੇ ਆਪਣੀ ਚੁੰਝ ਵਿੱਚ ਇਕ ਬੂੰਦ ਪਾਣੀ ਲਿਆ ਕੇ, ਉਡ ਕੇ ਉਪਰੋਂ ਅੱਗ ਉੱਤੇ ਸੁੱਟਦੀ ਸੀ।

www.quotesinpunjabi.ml

QuotesInPunjabi

ਉਸ ਨੂੰ ਕਿਸੇ ਨੇ ਪੁੱਛਿਆ: ਤੂੰ ਕੀ ਕਰ ਰਹੀ ਹੈਂ? ਚਿੜੀ ਨੇ ਕਿਹਾ ਕਿ ਮੈਂ ਅੱਗ ਬੁਝਾਉਣ ਵਿਚ ਆਪਣਾ ਯੋਗਦਾਨ ਪਾ ਰਹੀ ਹਾਂ। ਜਦੋਂ ਵੀ ਇਸ ਅੱਗ ਦਾ ਇਤਿਹਾਸ ਲਿਖਿਆ ਜਾਵੇਗਾ ਤਾਂ ਮੈਂ ਚਾਹਵਾਂਗੀ ਕਿ ਮੇਰਾ ਨਾਂ ਅੱਗ ਲਾਉਣ ਵਾਲਿਆਂ ਵਿਚ ਨਹੀਂ, ਅੱਗ ਬੁਝਾਉਣ ਵਾਲਿਆਂ ਵਿਚ ਲਿਖਿਆ ਜਾਵੇ।

656

ਵਿਸ਼ਵ ਪ੍ਰਸਿੱਧ ਚਿੱਤਰਕਾਰ, ਟਰਨਰ ਨੇ ਸਮੁੰਦਰੀ ਤੂਫ਼ਾਨ ਦੇ ਬਣਾਏ ਆਪਣੇ ਚਿੱਤਰ ਨੂੰ ਵਿਖਾਉਣ ਲਈ ਕੁਝ ਮਿੱਤਰ ਬੁਲਾਏ। ਮਿੱਤਰਾਂ ਨੇ ਉਸ ਚਿੱਤਰ ਨੂੰ ਬਣਾਉਣ ਦੇ ਕਾਰਨ ਅਤੇ ਪਿਛੋਕੜ ਬਾਰੇ ਜਦੋਂ ਪੁੱਛਿਆ ਤਾਂ ਟਰਨਰ ਨੇ ਕਿਹਾ: ਮੇਰੀ ਬੜੇ ਚਿਰ ਤੋਂ ਰੀਝ ਸੀ ਕਿ ਮੈਂ ਇਕ ਸਮੁੰਦਰੀ ਤੂਫ਼ਾਨ ਨੂੰ ਚਿਤਰਾਂ। ਇਸ ਉਦੇਸ਼ ਲਈ ਮੈਂ ਸਮੁੰਦਰੀ ਤੂਫ਼ਾਨਾਂ ਵਾਲੇ ਦੇਸ਼, ਹਾਲੈਂਡ ਗਿਆ ਅਤੇ ਉੱਥੇ ਇਕ ਮਲਾਹ ਨਾਲ ਰਿਹਾ। ਮੈਂ ਤੂਫ਼ਾਨ ਵੇਖਦਾ ਸਾਂ ਪਰ ਮੈਂ ਤੂਫ਼ਾਨ ਨੂੰ ਤੂਫ਼ਾਨ ਵਿਚ ਘਿਰ ਕੇ ਵੇਖਣਾ ਚਾਹੁੰਦਾ ਸਾਂ। ਮੈਂ ਉਸ ਮਲਾਹ ਨੂੰ ਕਿਹਾ ਕਿ ਉਹ ਮੈਨੂੰ ਆਪਣੀ ਤਿੰਨ-ਮੰਜ਼ਲੀ ਵੱਡੀ ਬੇੜੀ ਦੇ ਸਿਖਰਲੇ ਥੰਮ੍ਹ ਨਾਲ ਬੰਨ੍ਹ ਦੇਵੇ।

ਤੂਫ਼ਾਨ ਬਣ ਰਿਹਾ ਸੀ, ਤਾਕਤ ਫੜ ਰਿਹਾ ਸੀ। ਜਦੋਂ ਤੂਫ਼ਾਨ ਪੂਰੀ ਤਾਕਤ ਨਾਲ ਝੁਲ ਰਿਹਾ ਸੀ ਤਾਂ ਇਸ ਨੇ ਮੇਰੇ ਪਾਸੇ ਭੰਨ ਦਿੱਤੇ, ਮੈਂ ਬਾਰ-ਬਾਰ ਥੰਮ੍ਹਲੇ ਨਾਲ ਟਕਰਾ ਰਿਹਾ ਸਾਂ ਅਤੇ ਥੰਮ੍ਹਲਾ ਵੀ ਤੂਫ਼ਾਨ ਦੀ ਮਾਰ ਖਾ ਰਿਹਾ ਸੀ। ਮੇਰਾ ਦਿਲ ਕਰ ਰਿਹਾ ਸੀ ਕਿ ਮੈਂ ਬੇੜੀ ਦੇ ਥਲ੍ਹਵੇਂ ਹਿੱਸੇ ਵਿਚ ਜਾ ਕੇ ਲੁਕ ਜਾਵਾਂ ਪਰ ਮੈਂ ਬੰਨ੍ਹਿਆ ਹੋਇਆ ਸਾਂ। ਤੂਫ਼ਾਨ ਤਲਵਾਰ ਵਾਂਗ ਕੱਟ ਰਿਹਾ ਸੀ, ਹਥੌੜੇ ਮਾਰ ਰਿਹਾ ਸੀ, ਹਾਥੀ ਵਾਂਗ ਬਾਰ-ਬਾਰ ਪਟਕਾ ਰਿਹਾ ਸੀ। ਮੈਂ ਨਾ ਕੇਵਲ ਤੂਫ਼ਾਨ ਦੇ ਤੂਫ਼ਾਨੀਪਣ ਨੂੰ ਵੇਖਿਆ, ਸਗੋਂ ਇਸ ਨੂੰ ਸ਼ਿੱਦਤ ਨਾਲ ਮਹਿਸੂਸ ਵੀ ਕੀਤਾ ਅਤੇ ਇਸ ਦੇ ਥਪੇੜਿਆਂ ਨੇ ਮੈਨੂੰ ਲਹੂ-ਲੁਹਾਣ ਵੀ ਕਰ ਦਿੱਤਾ। ਇਹ ਮੇਰੇ ਅੰਦਰ ਪਹੁੰਚ ਗਿਆ ਸੀ ਅਤੇ ਮੈਂ ਵੀ ਤੂਫ਼ਾਨ ਦਾ ਹਿੱਸਾ ਬਣ ਗਿਆ ਸਾਂ।

ਵਾਪਸ ਆ ਕੇ, ਮੈਂ ਜੋ ਕੁਝ ਵੇਖਿਆ, ਸੁਣਿਆ, ਹੰਢਾਇਆ, ਝੱਲਿਆ, ਮਹਿਸੂਸਿਆ, ਉਹ ਚਿੱਤਰ ਵਿਚ ਚਿੱਤਰ ਦਿੱਤਾ ਹੈ।

657

ਅੰਗਰੇਜ਼ੀ ਦੀ ਸਭ ਤੋਂ ਪਹਿਲੀ ਡਿਕਸ਼ਨਰੀ ਲਿਖਣ ਦਾ ਸਿਹਰਾ ਡਾਕਟਰ ਜਾਨਸਨ ਦੇ ਸਿਰ ਬਝਿਆ ਸੀ। ਡਾਕਟਰ ਜਾਨਸਨ ਆਪਣੇ ਸਮੇਂ ਦਾ ਪ੍ਰਸਿੱਧ ਵਿਦਵਾਨ ਸੀ।

ਵਿਦਿਆਰਥੀ ਜੀਵਨ ਦੌਰਾਨ ਜਦੋਂ ਯੂਨੀਵਰਸਿਟੀ ਵਿਚ ਦਿਨ ਦੀ ਪੜ੍ਹਾਈ ਮੁੱਕਣ ਉਪਰੰਤ ਛੁੱਟੀ ਹੁੰਦੀ ਸੀ ਤਾਂ ਉਸ ਦੇ ਜਮਾਤੀ, ਜਾਨਸਨ ਦੀ ਵਿਦਵਤਾ ਦੀ ਪ੍ਰਸੰਸਾ ਵਜੋਂ, ਉਸ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਉਸ ਦੇ ਕਮਰੇ ਵਿਚ ਪਹੁੰਚਾਉਂਦੇ ਸਨ।

ਬੋਸਵੈਲ ਦੀ ਲਿਖੀ ਉਸ ਦੀ ਜੀਵਨੀ ਵਿਸ਼ਵ ਭਰ ਵਿਚ ਪ੍ਰਸਿੱਧ ਹੈ ਅਤੇ ਇਹ ਜੀਵਨੀ ਲਿਖਣ ਕਰਕੇ ਬੋਸਵੈਲ ਵੀ ਅਮਰ ਹੋਇਆ ਹੈ।

www.quotesinpunjabi.ml

QuotesInPunjabi

ਡਾਕਟਰ ਜਾਨਸਨ ਨੂੰ ਹਰ ਰੋਜ਼, ਕਿਸੇ ਨਾ ਕਿਸੇ ਵਲੋਂ ਆਪਣੇ ਘਰ ਖਾਣੇ 'ਤੇ ਬੁਲਾ ਕੇ, ਉਸ ਦੀਆਂ ਗੱਲਾਂ ਦਾ ਆਨੰਦ ਮਾਣਿਆ ਜਾਂਦਾ ਸੀ।

ਡਾਕਟਰ ਜਾਨਸਨ ਆਪਣੀ ਹਾਜ਼ਰ-ਜਵਾਬੀ ਕਾਰਨ ਪ੍ਰਸਿੱਧ ਸੀ।

ਅੰਗਰੇਜ਼ੀ ਦੀ ਪਹਿਲੀ ਡਿਕਸ਼ਨਰੀ ਪ੍ਰਕਾਸ਼ਿਤ ਹੋਣ ਉਪਰੰਤ ਕੁਝ ਇਸਤਰੀਆਂ ਪ੍ਰਸੰਸਾ ਕਰਨ ਦੇ ਉਦੇਸ਼ ਨਾਲ, ਡਾਕਟਰ ਜਾਨਸਨ ਕੋਲ ਗਈਆਂ ਅਤੇ ਕਿਹਾ: ਚੰਗੀ ਗੱਲ ਇਹ ਹੈ ਕਿ ਤੁਸੀਂ ਇਸ ਡਿਕਸ਼ਨਰੀ ਵਿਚ, ਅਸ਼ਲੀਲ ਸ਼ਬਦ ਸ਼ਾਮਲ ਨਹੀਂ ਕੀਤੇ।

ਇਸ ਡਿਕਸ਼ਨਰੀ ਵਿਚ ਸਾਨੂੰ ਇਕ ਵੀ ਅਸ਼ਲੀਲ ਸ਼ਬਦ ਨਹੀਂ ਲਭਿਆ।

ਡਾਕਟਰ ਜਾਨਸਨ ਨੇ ਆਪਣੀ ਹਾਜ਼ਰ ਜਵਾਬੀ ਦਾ ਸਬੂਤ ਦਿੰਦਿਆਂ, ਇਸਤਰੀਆਂ ਨੂੰ ਪੁੱਛਿਆ: ਤੁਸੀਂ ਕਿਹੜੇ ਅਸ਼ਲੀਲ ਸ਼ਬਦ ਲੱਭ ਰਹੀਆਂ ਸੀ ?

658

ਭਰਥਰੀ ਹਰੀ ਇਕ ਪ੍ਰਸਿੱਧ ਪਰਉਪਕਾਰੀ ਰਾਜਾ ਹੋਇਆ ਹੈ।

ਇਕ ਵਾਰੀ ਦੂਰ ਕਿਸੇ ਹੋਰ ਦੇਸ਼ ਤੋਂ ਆਏ ਵਿਅਕਤੀ ਨੇ ਉਸ ਨੂੰ ਇਕ ਫਲ ਦਿੱਤਾ, ਜਿਹੜਾ ਖਾਣ ਨਾਲ ਵਿਅਕਤੀ ਜਵਾਨ ਅਤੇ ਸ਼ਕਤੀਸ਼ਾਲੀ ਹੋ ਜਾਂਦਾ ਸੀ।

ਰਾਜਾ ਭਰਥਰੀ ਹਰੀ ਆਪਣੀ ਰਾਣੀ ਨੂੰ ਬਹੁਤ ਪਿਆਰ ਕਰਦਾ ਸੀ। ਉਸ ਨੇ ਉਹ ਫਲ, ਆਪਣੀ ਰਾਣੀ ਨੂੰ ਦੇ ਦਿੱਤਾ। ਰਾਣੀ ਦੇ ਦਰੋਗੇ ਨਾਲ ਨਾਜਾਇਜ਼ ਸਬੰਧ ਸਨ, ਰਾਣੀ ਨੇ ਉਹ ਫਲ ਦਰੋਗੇ ਨੂੰ ਦੇ ਦਿੱਤਾ। ਦਰੋਗੇ ਦਾ ਇਕ ਵੇਸਵਾ ਕੋਲ ਆਣ-ਜਾਣ ਸੀ, ਦਰੋਗੇ ਨੇ ਉਹ ਫਲ ਵੇਸਵਾ ਨੂੰ ਦੇ ਦਿੱਤਾ। ਵੇਸਵਾ ਨੇ ਸੋਚਿਆ, ਰਾਜਾ ਬੜਾ ਨੇਕ ਆਦਮੀ ਹੈ, ਲੋਕਾਂ ਦਾ ਭਲਾ ਕਰਦਾ ਹੈ, ਉਸ ਨੇ ਉਹ ਫਲ ਰਾਜੇ ਨੂੰ ਭੇਟ ਕਰ ਦਿੱਤਾ।

ਇਥੇ ਰਾਣੀ ਅਤੇ ਦਰੋਗੇ ਦੇ ਅਕ੍ਰਿਤਘਣ ਵਿਹਾਰ ਦੀ ਨਿੰਦਾ ਕਰਨ ਦੀ ਲੋੜ ਤਾਂ ਹੈ ਹੀ, ਇਥੇ ਉਸ ਵੇਸਵਾ ਦੇ ਵਿਹਾਰ ਦੀ ਪ੍ਰਸੰਸਾ ਕਰਨ ਦੀ ਵੀ ਲੋੜ ਹੈ।

ਜਿਨ੍ਹਾਂ ਤੋਂ ਚਰਿੱਤਰ ਦੀ ਮੰਗ ਕੀਤੀ ਜਾ ਰਹੀ ਸੀ, ਉਹ ਬੇਵਫ਼ਾ ਸਾਬਤ ਹੋ ਰਹੇ ਸਨ, ਜਿਹੜੀ ਬਦਨਾਮ ਸੀ, ਉਹ ਚਰਿੱਤਰ ਦੀ ਬੁਲੰਦੀ ਛੋਹ ਰਹੀ ਸੀ।

659

ਇਕ ਪ੍ਰੋਫੈਸਰ ਸਾਹਿਬ ਦੇ ਅੱਸੀਵੇਂ ਜਨਮ ਦਿਨ 'ਤੇ ਉਨ੍ਹਾਂ ਦੇ ਕਈ ਕਾਮਯਾਬ ਵਿਦਿਆਰਥੀ, ਉਨ੍ਹਾਂ ਦੇ ਘਰ ਇਕੱਠੇ ਹੋਏ। ਗੱਲਬਾਤ ਚਲ ਰਹੀ ਸੀ। ਹਰ ਕਿਸੇ ਦੀ ਸ਼ਿਕਾਇਤ ਸੀ ਕਿ ਜ਼ਿੰਦਗੀ ਵਿੱਚ ਤਣਾਓ-ਦਬਾਓ ਵਧ ਗਏ ਹਨ। ਸਾਰੇ ਇਸ ਸਮੱਸਿਆ ਦੇ ਕਾਰਨਾਂ ਅਤੇ ਸਮਾਧਾਨ ਬਾਰੇ ਬਹਿਸ ਕਰ ਰਹੇ ਸਨ।

ਆਪਣੇ ਮਹਿਮਾਨ ਵਿਦਿਆਰਥੀਆਂ ਨੂੰ ਕਾਫ਼ੀ ਪਿਲਾਉਣ ਦੇ ਉਦੇਸ਼ ਨਾਲ ਪ੍ਰੋਫੈਸਰ ਸਾਹਿਬ ਰਸੋਈ ਵਿਚ ਗਏ ਅਤੇ ਉਹ, ਰਸੋਈ ਦੇ ਸਾਰੇ ਪਿਆਲਿਆਂ ਵਿਚ ਕਾਫੀ ਪਾ ਕੇ ਲੈ ਆਏ। ਜਦੋਂ ਸਾਰੇ ਕਾਫ਼ੀ ਪੀ ਰਹੇ ਸਨ ਤਾਂ ਪ੍ਰੋਫੈਸਰ ਸਾਹਿਬ ਨੇ ਕਿਹਾ: ਮੈਂ ਵੇਖ ਰਿਹਾ ਸੀ ਕਿ

www.quotesinpunjabi.ml

QuotesInPunjabi
ਹਰ ਕਿਸੇ ਨੇ ਮਹਿੰਗੇ ਤੋਂ ਮਹਿੰਗਾ, ਸੋਹਣੇ ਤੋਂ ਸੋਹਣਾ, ਕੱਪ ਚੁੱਕਿਆ ਹੈ। ਸਾਦੇ, ਸਾਧਾਰਨ ਕੱਪ ਕਿਸੇ ਨੇ ਨਹੀਂ ਲਏ।

ਜ਼ਿੰਦਗੀ ਵਿਚ ਤਣਾਓ-ਦਬਾਓ ਵਧ ਨਹੀਂ ਗਏ, ਅਸੀਂ ਵਧਾ ਲਏ ਹਨ।

ਹਰ ਕੋਈ ਆਪਣੇ ਲਈ ਮਹਿੰਗੀ ਅਤੇ ਵਧੀਆ ਚੀਜ਼ ਚਾਹੁੰਦਾ ਹੈ, ਭਾਵੇਂ ਉਹ ਉਸ ਦੇ ਵਿੱਤ ਵਿਚ ਹੋਵੇ, ਭਾਵੇਂ ਨਾ। ਤੁਸੀਂ ਪੀਣੀ ਤਾਂ ਕਾਫ਼ੀ ਸੀ ਸਾਰੇ ਪਿਆਲਿਆਂ ਵਿਚ ਇਕ ਹੀ ਕਾਫ਼ੀ ਹੈ। ਪਿਆਲਾ ਤਾਂ ਪੀਣਾ ਨਹੀਂ ਸੀ। ਪਿਆਲਾ ਤੁਹਾਡਾ ਅਹੁਦਾ ਹੈ, ਕੱਦ ਸਾਰੇ ਇਕੋ ਜਿਹੇ ਹੁੰਦੇ ਹਨ। ਜਿਵੇਂ ਤੁਸੀਂ ਮਹਿੰਗੇ ਤੋਂ ਮਹਿੰਗਾ ਪਿਆਲਾ ਲੈਣ ਦਾ ਯਤਨ ਕੀਤਾ ਹੈ, ਉਵੇਂ ਹੀ ਹਰ ਕੋਈ ਵੱਧ ਤੋਂ ਵੱਧ ਪੈਸਿਆਂ ਵਾਲਾ ਅਹੁਦਾ ਲੈਣ ਦਾ ਯਤਨ ਕਰਦਾ ਹੈ।

ਤੁਸੀਂ ਅਹੁਦੇ, ਰੁਤਬੇ ਅਤੇ ਕੱਪਾਂ 'ਤੇ ਹੀ ਇਤਨਾ ਧਿਆਨ ਲਾ ਦਿੱਤਾ ਹੈ ਕਿ ਕਾਫ਼ੀ ਦਾ ਆਨੰਦ ਮਾਣਨਾ ਭੁੱਲ ਹੀ ਗਿਆ ਹੈ, ਸੋ ਇਹ ਨਾ ਕਹੋ ਕਿ ਜ਼ਿੰਦਗੀ ਵਿੱਚ ਤਣਾਓ-ਦਬਾਓ ਵੱਧ ਗਏ ਹਨ, ਵਾਸਤਵ ਵਿਚ ਅਸੀਂ ਆਪਣੀਆਂ ਤਰਜੀਹਾਂ ਬਦਲ ਲਈਆਂ ਹਨ ਅਤੇ ਅਸੀਂ ਆਪ ਤਣਾਓ-ਦਬਾਓ ਵਧਾ ਲਏ ਹਨ।

ਸਰਲ-ਸਾਦਾ ਜੀਵਨ ਜਿਉਣ ਦਾ ਫ਼ੈਸਲਾ ਕਰੋ, ਹੁਣੇ ਸਥਿਤੀ ਬਦਲ ਜਾਵੇਗੀ।

660

ਬਾਦਸ਼ਾਹ ਜਹਾਂਗੀਰ ਨੇ ਦਰਵੇਸ਼, ਮੀਆਂ ਮੀਰ ਨੂੰ ਉਸ ਦੇ ਘਰ ਅੰਦਰ ਜਾ ਕੇ ਬੇਨਤੀ ਕੀਤੀ ਕਿ ਉਹ ਉਸ ਦੀ ਦੱਖਣ ਦੀ ਚੜ੍ਹਾਈ ਦੀ ਮੁਹਿੰਮ ਵਿਚ ਸਫਲਤਾ ਦੀ ਅਸੀਸ ਦੇਵੇ।

ਮੀਆਂ ਮੀਰ ਨੇ ਜਹਾਂਗੀਰ ਨੂੰ ਕਿਹਾ: ਤੈਨੂੰ ਕਦੋਂ ਸਬਰ ਆਵੇਗਾ ? ਤੂੰ ਬਾਦਸ਼ਾਹ ਹੋਣ 'ਤੇ ਵੀ ਲੋੜਵੰਦ ਹੈਂ। ਤੇਰੀਆਂ ਖਾਹਿਸ਼ਾਂ ਵਧਦੀਆਂ ਹੀ ਜਾ ਰਹੀਆਂ ਹਨ।

ਨਾਰਾਜ਼ ਹੋਏ ਜਹਾਂਗੀਰ ਨੇ, ਮੀਆਂ ਮੀਰ ਨੂੰ ਘਰੋਂ ਬਾਹਰ ਜਾਣ ਤੋਂ ਰੋਕਣ ਲਈ, ਉਸ ਦੇ ਦਰਵਾਜ਼ੇ 'ਤੇ ਪਹਿਰੇਦਾਰ ਲਾ ਦਿੱਤੇ।

ਜਦੋਂ ਮੀਆਂ ਮੀਰ ਬਾਹਰ ਜਾਣ ਲੱਗਿਆ ਤਾਂ ਪਹਿਰੇਦਾਰਾਂ ਨੇ ਰੋਕਿਆ ਅਤੇ ਕਿਹਾ ਕਿ ਬਾਦਸ਼ਾਹ ਦੀ ਆਗਿਆ ਹੋਣ 'ਤੇ ਹੀ ਬਾਹਰ ਜਾਣ ਦਿੱਤਾ ਜਾਵੇਗਾ।

ਮੀਆਂ ਮੀਰ ਪਰੇਸ਼ਾਨ ਹੋਇਆ ਪਰ ਆਪਣਾ ਗੁੱਸਾ ਕਾਬੂ ਕੀਤਾ ਅਤੇ ਪਹਿਰੇਦਾਰਾਂ ਦੇ ਸਰਦਾਰ ਨੂੰ ਕਿਹਾ: ਬਾਦਸ਼ਾਹ ਦਾ ਮੇਰੇ ਵਲੋਂ ਧੰਨਵਾਦ ਕਰਨਾ, ਕਿਉਂਕਿ ਪਹਿਰਾ ਲਗਣ ਨਾਲ, ਹੁਣ ਕੋਈ ਖੁਦਗਰਜ਼ ਬੰਦਾ, ਮੇਰੇ ਘਰ ਅੰਦਰ ਦਾਖਲ ਨਹੀਂ ਹੋ ਸਕੇਗਾ।

661

ਕਿਸੇ ਨੇ ਪੁੱਛਿਆ: ਮੂਰਖ ਅਤੇ ਵਿਦਵਾਨ ਵਿਚ ਕੀ ਅੰਤਰ ਹੈ ?

ਦੱਸਣ ਵਾਲੇ ਨੇ ਕਿਹਾ: ਅੰਤਰ ਬਿਲਕੁਲ ਸਪੱਸ਼ਟ ਹੈ, ਮੂਰਖ ਮੇਰੇ ਸਾਹਮਣੇ ਖੜ੍ਹਾ ਹੈ, ਵਿਦਵਾਨ ਤੁਹਾਡੇ ਸਾਹਮਣੇ ਖੜ੍ਹਾ ਹੈ।

www.quotesinpunjabi.ml

QuotesInPunjabi

ਜੇ ਕੁਝ ਗੱਲਾਂ ਪਹਿਲਾਂ ਪਤਾ ਹੁੰਦੀਆਂ ਤਾਂ ਹਰ ਕਿਸੇ ਨੇ ਵੱਖਰੇ ਢੰਗ ਨਾਲ ਜਿਉਣਾ ਸੀ ਪਰ ਇਹ ਗੱਲਾਂ ਪਤਾ ਲਗਦਿਆਂ-ਲਗਦਿਆਂ ਉਮਰ ਮੁੱਕ ਜਾਂਦੀ ਹੈ।

ਜ਼ਿੰਦਗੀ ਵਿਚ ਇਨਸਾਫ਼ ਨਹੀਂ ਹੈ। ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ। ਅਕਸਰ ਕੋਈ ਹੋਰਾਂ 'ਚ ਯੋਗਤਾ-ਸਮਰੱਥਾ ਨਹੀਂ ਵੇਖਦਾ, ਹਰ ਕੋਈ ਆਪਣਾ ਲਾਭ ਵੇਖਦਾ ਹੈ ਅਤੇ ਆਪਣਿਆਂ ਨੂੰ ਲਾਭ ਪਹੁੰਚਾਉਂਦਾ ਹੈ। ਜਿਨ੍ਹਾਂ ਦਾ ਮੁੱਲ ਪੈਣਾ ਚਾਹੀਦਾ ਹੈ, ਉਹ ਵੇਖਦੇ ਹੀ ਰਹਿ ਜਾਂਦੇ ਹਨ ਅਤੇ ਹੋਰ ਹੀ ਪਿੱਛੋਂ ਆ ਕੇ, ਅੱਗੇ ਲੰਘ ਜਾਂਦੇ ਹਨ।

ਲੋਕ ਸਾਡੀਆਂ ਆਸਾਂ 'ਤੇ ਪੂਰੇ ਨਹੀਂ ਉੱਤਰਦੇ, ਕਿਉਂਕਿ ਅਸੀਂ ਵੀ ਉਨ੍ਹਾਂ ਦੀਆਂ ਆਸਾਂ 'ਤੇ ਪੂਰੇ ਨਹੀਂ ਉਤਰਦੇ।

ਲੋਕ ਮਿਹਨਤ ਨਾਲ ਵਿਕਾਸ ਕਰਨਾ ਨਹੀਂ ਚਾਹੁੰਦੇ, ਬਦਲਣਾ ਨਹੀਂ ਚਾਹੁੰਦੇ, ਚਾਹੁੰਦੇ ਹਨ ਕਿ ਉਨ੍ਹਾਂ ਨੂੰ ਸਭ ਕੁਝ ਬਣਿਆ-ਬਣਾਇਆ ਮਿਲ ਜਾਵੇ।

ਜ਼ਿੰਦਗੀ ਵਿਚ ਭਾਂਤ-ਭਾਂਤ ਦੇ ਘਾਟੇ ਪੈਂਦੇ ਹਨ ਅਤੇ ਪੈਂਦੇ ਰਹਿੰਦੇ ਹਨ।

ਜਿਹੜੇ ਫੈਸਲੇ ਬੜੀ ਸੋਚ-ਵਿਚਾਰ ਅਤੇ ਕਈਆਂ ਨਾਲ ਸਲਾਹ ਕਰਨ ਉਪਰੰਤ ਲਏ ਜਾਂਦੇ ਹਨ, ਅਕਸਰ ਉਹ ਹੀ ਗਲਤ ਸਿੱਧ ਹੁੰਦੇ ਹਨ।

ਜਿਉਂ-ਜਿਉਂ ਉਮਰ ਵਧਦੀ ਹੈ, ਪਤਲੇ ਹੋਣਾ ਮੁਸ਼ਕਲ ਹੋਈ ਜਾਂਦਾ ਹੈ।

ਵਿਆਹ ਮੌਜ-ਮੇਲਾ ਹੀ ਨਹੀਂ ਹੁੰਦਾ, ਇਹ ਜ਼ਿੰਦਗੀ ਭਰ ਸੁਹਿਦਰਤਾ ਅਤੇ ਕੁਰਬਾਨੀ ਨਾਲ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ ਵੀ ਹੁੰਦਾ ਹੈ।

ਬੁਢਾਪੇ ਦੀ ਇਕੱਲਤਾ ਵਿਚ ਪਤੀ-ਪਤਨੀ ਦੋਹਾਂ ਲਈ, ਇਕ-ਦੂਜੇ ਦੀ ਹਾਜ਼ਰੀ ਬੜੀ ਜ਼ਰੂਰੀ ਹੁੰਦੀ ਹੈ। ਬੁਢਾਪੇ ਵਿਚ ਬਹੁਤੀਆਂ ਚੀਜ਼ਾਂ ਦੀ ਲੋੜ ਨਹੀਂ ਪੈਂਦੀ ਪਰ ਜਿਨ੍ਹਾਂ ਦੀ ਪੈਂਦੀ ਹੈ, ਉਨ੍ਹਾਂ ਦੀ ਬਹੁਤ ਪੈਂਦੀ ਹੈ।

ਹੋਰਾਂ ਨੂੰ ਖੁਸ਼ ਕਰਨ ਦੇ ਯਤਨ ਸਫਲ ਨਹੀਂ ਹੁੰਦੇ।

ਜਿਹੜੇ ਸਾਨੂੰ ਪਸੰਦ ਨਹੀਂ ਕਰਦੇ, ਉਹ ਕਿਸੇ ਹਾਲਤ ਵਿਚ ਪਸੰਦ ਨਹੀਂ ਕਰਨਗੇ; ਜਿਹੜੇ ਕਰਦੇ ਹਨ, ਉਹ ਹਰ ਹਾਲ ਵਿਚ ਕਰਨਗੇ।

ਆਪਣਾ ਧਿਆਨ ਆਪ ਹੀ ਰੱਖਣਾ ਪੈਂਦਾ ਹੈ। ਭਾਵਕ, ਸਰੀਰਕ, ਮਾਨਸਿਕ ਅਤੇ ਆਤਮਕ ਪੱਖੋਂ ਮਜ਼ਬੂਤ ਹੋਵੋ ਨਹੀਂ ਤਾਂ ਟੁੱਟ ਜਾਓਗੇ।

ਕਹੋ ਜੋ ਮਰਜ਼ੀ, ਜੀਵਨ ਦੇ ਕੋਈ ਅਰਥ ਨਹੀਂ, ਸਾਰੀਆਂ ਜ਼ਰਬਾਂ-ਤਕਸੀਮਾਂ ਅਖੀਰ ਵਿਚ ਸਿਫਰ ਹੋ ਜਾਂਦੀਆਂ ਹਨ।

ਧੰਨਵਾਦੀ ਹੋਣਾ ਸਿੱਖਣਾ ਚਾਹੀਦਾ ਹੈ।

ਮੁਆਫ਼ੀ ਮੰਗਣ ਅਤੇ ਮੁਆਫ਼ ਕਰਨ ਨਾਲ ਸੁੱਖ ਮਿਲਦਾ ਹੈ।

ਸਾਨੂੰ ਇਹੀ ਜਨਮ ਮਿਲਿਆ ਹੈ, ਜੋ ਕਰਨਾ ਹੈ, ਉਹ ਇਸੇ ਜਨਮ ਵਿਚ ਕਰੋ, ਹੋਰ ਕੋਈ ਜਨਮ ਨਹੀਂ ਮਿਲਣਾ।

ਲਾਪ੍ਰਵਾਹੀ ਤਿਆਗੋ ਅਤੇ ਸੁਚੇਤ ਹੋ ਕੇ, ਜ਼ਿੰਮੇਵਾਰੀ ਨਾਲ ਜੀਵੋ।

ਚੜ੍ਹਦੀ ਕਲਾ ਵਿਚ ਅਤੇ ਆਸਵੰਦ ਰਹਿਣ ਨਾਲ ਜ਼ਿੰਦਗੀ ਸੌਖੀ ਹੋ ਜਾਂਦੀ ਹੈ।

www.quotesinpunjabi.ml

QuotesInPunjabi

663

ਕੈਨੇਡਾ ਵਿਚ ਦੋ ਨਾਲ ਲਗਦੇ ਘਰਾਂ ਵਿਚ ਰਸਤੇ 'ਤੇ ਬਰਫ ਪਈ ਹੋਈ ਸੀ। ਇਕ ਘਰ ਦੇ ਮਾਲਕ ਨੇ ਗਵਾਂਢੀ ਦੇ ਲੜਕੇ ਨੂੰ ਬਰਫ ਹਟਾਉਣ ਲਈ, ਦੱਸ ਡਾਲਰ ਅਦਾ ਕਰਨ ਦੀ ਪੇਸ਼ਕਸ਼ ਕੀਤੀ। ਲੜਕਾ ਗਵਾਂਢੀ ਦੇ ਘਰ ਦੀ ਬਰਫ ਹਟਾ ਰਿਹਾ ਸੀ।

ਲੜਕੇ ਦਾ ਪਿਤਾ ਵੇਖ ਰਿਹਾ ਸੀ ਕਿ ਗਵਾਂਢੀ ਦਾ ਰਸਤਾ ਬਰਫ਼ ਤੋਂ ਮੁਕਤ ਸੀ, ਜਦੋਂ ਕਿ ਉਸ ਦੇ ਆਪਣੇ ਘਰ ਦੇ ਬਾਹਰ ਢੇਰ ਬਰਫ ਸੀ।

ਪੁੱਤਰ ਨੂੰ ਪੁੱਛਿਆ: ਗਵਾਂਢੀ ਦੀ ਬਰਫ ਹਟਾ ਰਿਹਾ ਹੈਂ, ਆਪਣੀ ਕਿਉਂ ਨਹੀਂ ?

ਪੁੱਤਰ ਨੇ ਕਿਹਾ: ਇਹੀ ਤਾਂ ਫਰਕ ਹੈ, ਪੁੱਲ੍ਹੀ ਆਰਥਿਕ ਵਿਵਸਥਾ ਅਤੇ ਡਿਕਟੇਟਰਸ਼ਿਪ ਵਾਲੀ ਬੰਦ ਆਰਥਿਕ ਵਿਵਸਥਾ ਵਿਚ।

664

ਸੁਤੰਤਰਤਾ ਉਪਰੰਤ ਲਗਭਗ ਦੋ ਦਹਾਕੇ ਮਾਸਟਰ ਤਾਰਾ ਸਿੰਘ ਪੰਥ ਦੇ ਵੱਡੇ ਆਗੂ ਸਨ, ਜਿਹੜੇ ਤਿਆਗ ਅਤੇ ਸਾਦਗੀ ਕਰਕੇ ਜਾਣੇ ਜਾਂਦੇ ਸਨ।

ਉਦੋਂ ਅਸੀਂ ਆਪਣੇ ਕਾਲਜ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਇਕ ਨਾਟਕ ਖੇਡਣਾ ਚਾਹੁੰਦੇ ਸਾਂ। ਅਸੀਂ ਸਥਾਨਕ ਸਿੱਖ ਆਗੂਆਂ ਤੋਂ ਨਾਟਕ ਖੇਡਣ ਦੀ ਆਗਿਆ ਮੰਗੀ, ਉਨ੍ਹਾਂ ਨੇ ਕਿਹਾ: ਮਾਸਟਰ ਤਾਰਾ ਸਿੰਘ ਜੀ ਤੋਂ ਜ਼ਰੂਰ ਪੁੱਛ ਲਓ।

ਅਸੀਂ ਦੋ ਵਿਦਿਆਰਥੀ, ਅੰਮ੍ਰਿਤਸਰ ਮਾਸਟਰ ਜੀ ਦੇ ਘਰ ਗਏ।

ਪਹਿਲਾਂ ਤਾਂ ਸਾਨੂੰ ਪੁਤਲੀ ਘਰ ਦੇ ਇਲਾਕੇ ਵਿਚ ਉਨ੍ਹਾਂ ਦਾ ਘਰ ਹੀ ਨਾ ਲੱਭਾ। ਇਕ ਬੜੇ ਹੀ ਸਾਧਾਰਨ ਘਰ ਦੇ ਜਦੋਂ ਅੰਦਰ ਗਏ ਤਾਂ ਮਾਸਟਰ ਜੀ ਦੀ ਪਤਨੀ ਬੋਰੀ ਉੱਤੇ ਅਤੇ ਧੀ ਇਕ ਪੀੜ੍ਹੀ ਉਤੇ ਬੈਠੀ ਹੋਈ ਸੀ।

ਮਾਸਟਰ ਜੀ ਦੇ ਛਪੰਜਵੇਂ ਜਨਮ ਦਿਨ 'ਤੇ, ਦਿੱਲੀ ਦੇ ਸਿੱਖਾਂ ਨੇ ਜਵਾਹਰ ਲਾਲ ਨਹਿਰੂ ਦੇ ਹੱਥੋਂ, ਉਨ੍ਹਾਂ ਨੂੰ ਛਪੰਜਾ ਤੋਲੇ ਸੋਨੇ ਦਾ ਹਾਰ ਅਤੇ ਇਕ ਕਾਰ ਦਿੱਤੀ ਸੀ।

ਸਾਨੂੰ ਪਤਾ ਲੱਗਿਆ ਕਿ ਮਾਸਟਰ ਜੀ ਆਪਣੇ ਪੁੱਤਰ ਦਾ, ਪੰਜ ਬੰਦਿਆਂ ਦੀ ਬਾਰਾਤ ਲੈ ਕੇ ਰੇਲਗੱਡੀ ਰਾਹੀਂ, ਅੰਬਾਲੇ ਵਿਆਹ ਕਰਨ ਗਏ ਹੋਏ ਸਨ।

ਅਸੀਂ ਕਿਹਾ ਕਾਰ ਤਾਂ ਖੜ੍ਹੀ ਹੈ ਅਤੇ ਪੁੱਛਿਆ ਕਿ ਕਾਰ ਤੇ ਕਿਉਂ ਨਹੀਂ ਗਏ ?

ਮਾਸਟਰ ਜੀ ਦੀ ਪਤਨੀ ਨੇ ਕਿਹਾ: ਗੱਡੀ 'ਤੇ ਗਏ ਹਨ, ਕਾਰ ਪੰਥ ਦੀ ਹੈ, ਪੰਥ ਦੇ ਕੰਮਾਂ ਲਈ ਹੈ, ਵਿਆਹ ਮਾਸਟਰ ਜੀ ਦੇ ਪੁੱਤਰ ਦਾ ਹੈ।

665

ਅਮਰੀਕਾ ਵਿਚ ਹਰ ਚੀਜ਼ ਵਿਕਾਊ ਹੈ, ਹਰ ਚੀਜ਼ ਦਾ ਵਪਾਰ ਹੈ ਅਤੇ ਹਰ ਵਪਾਰ ਕਾਮਯਾਬ ਹੈ। ਇਕ ਵਿਅਕਤੀ ਨੇ ਸ਼ੌਕ ਵਜੋਂ ਚੰਗੀ ਨਸਲ ਦੇ ਕੁੱਤੇ ਪਾਲੇ ਹੋਏ ਸਨ। ਇਕ ਵਾਰੀ ਇਕ ਕੁੱਤੀ ਰਾਹੀਂ ਪੰਜ ਬੱਚੇ ਹੋਏ। ਉਸ ਨੇ ਕੁੱਤੇ ਪਾਲਣ ਦੇ ਸ਼ੌਕੀਨਾਂ ਨੂੰ ਬੱਚੇ ਮੁਫ਼ਤ ਦੇਣ

www.quotesinpunjabi.ml

QuotesInPunjabi
ਦੀ ਪੇਸ਼ਕਸ਼ ਕੀਤੀ। ਸਾਰਿਆਂ ਨੇ ਸੋਚਿਆ ਮੁਫ਼ਤ ਇਸ ਲਈ ਦਿੱਤੇ ਜਾ ਰਹੇ ਹਨ ਕਿ ਅਵਾਰਾ ਕੁੱਤੇ ਦੇ ਬੱਚੇ ਹੋਣਗੇ ਜਾਂ ਬੱਚਿਆਂ ਵਿਚ ਕੋਈ ਨੁਕਸ ਹੋਵੇਗਾ।

ਮੁਫ਼ਤ ਹੋਣ ਕਰਕੇ ਕੋਈ ਲੈਣ ਨਾ ਆਇਆ।

ਉਸ ਨੇ ਫਿਰ ਇਸ਼ਤਿਹਾਰ ਕਢਵਾਇਆ ਅਤੇ ਘੱਟੋ-ਘੱਟ ਕੀਮਤ ਪੰਜ ਸੌ ਡਾਲਰ ਰੱਖੀ। ਸ਼ਾਮ ਤੱਕ ਪੰਜ-ਪੰਜ ਸੌ ਡਾਲਰ ਨਾਲੋਂ ਵੀ ਮਹਿੰਗੇ, ਸਾਰੇ ਵਿਕ ਗਏ।

666

ਇਬਰਾਹੀਮ ਲਿੰਕਨ ਆਪਣੇ ਦੋ ਬੱਚਿਆਂ ਨਾਲ ਜਾ ਰਿਹਾ ਸੀ ਅਤੇ ਦੋਵੇਂ ਰੋ ਰਹੇ ਸਨ।

ਗਵਾਂਢੀ ਨੇ ਪੁੱਛਿਆ ਕੀ ਮਾਮਲਾ ਹੈ? ਲਿੰਕਨ ਨੇ ਕਿਹਾ, ਉਹੀ ਮਾਮਲਾ ਹੈ, ਜਿਹੜਾ ਸੰਸਾਰ ਦੇ ਹਰ ਵਿਅਕਤੀ ਦਾ ਮਾਮਲਾ ਹੈ।

ਮੇਰੇ ਕੋਲ ਚਾਰ ਅਖਰੋਟ ਹਨ ਅਤੇ ਦੋਵੇਂ ਤਿੰਨ-ਤਿੰਨ ਮੰਗ ਰਹੇ ਹਨ।

667

ਇਕ ਪਿਤਾ ਲਈ, ਆਪਣੇ ਪੁੱਤਰ ਤੋਂ ਉਸ ਦੇ ਸਕੂਲ ਦਾ ਕੰਮ ਕਰਵਾਉਣਾ, ਬੜੀ ਵੱਡੀ ਸਮੱਸਿਆ ਸੀ। ਉਹ ਕੰਮ ਕਰਵਾਉਣ ਲਈ ਕਈ ਲਾਲਚ ਦਿੰਦਾ ਸੀ, ਕਈ ਜੁਗਤਾਂ ਵਰਤਦਾ ਸੀ ਪਰ ਸਫਲਤਾ ਕਦੇ ਕਦੇ ਹੀ ਮਿਲਦੀ ਸੀ।

ਇੱਕ ਵਾਰੀ ਪੁੱਤਰ ਨੇ ਕਈ ਦਿਨ ਲਗਾਤਾਰ ਸਕੂਲ ਦਾ ਕੰਮ ਨਾ ਕੀਤਾ ਤਾਂ ਪਿਤਾ ਨੇ ਕਿਹਾ: ਜੇ ਤੂੰ ਸਕੂਲ ਦਾ ਕੰਮ ਨਹੀਂ ਕਰੇਂਗਾ ਤਾਂ ਪੁਲੀਸ ਮੈਨੂੰ ਫੜ ਕੇ ਲੈ ਜਾਵੇਗੀ।

ਪੁੱਤਰ ਨੇ ਪੁੱਛਿਆ: ਫੜ ਕੇ ਕੀ ਕਰੇਗੀ? ਜੇਲ੍ਹ ਵਿਚ ਬੰਦ ਕਰ ਦੇਵੇਗੀ। ਕਿਤਨਾ ਚਿਰ ਬੰਦ ਕਰ ਦੇਵੇਗੀ? ਇਕ ਮਹੀਨਾ ਬੰਦ ਕਰ ਦੇਵੇਗੀ, ਬਾਹਰ ਨਹੀਂ ਨਿਕਲਣ ਦੇਵੇਗੀ, ਘਰ ਨਹੀਂ ਆਉਣ ਦੇਵੇਗੀ।

ਪੁਲੀਸ ਤੁਹਾਨੂੰ ਫੜਨ ਲਈ ਕਦੋਂ ਆਵੇਗੀ?

ਜੇ ਤੂੰ ਅੱਜ ਕੰਮ ਨਾ ਕੀਤਾ ਤਾਂ ਕੱਲ੍ਹ ਆਵੇਗੀ ਅਤੇ ਮੈਨੂੰ ਫੜ ਕੇ ਲੈ ਜਾਵੇਗੀ।

ਕੀ ਜਦੋਂ ਪੁਲੀਸ ਤੁਹਾਨੂੰ ਬੰਦ ਕਰ ਦੇਵੇਗੀ, ਉਦੋਂ ਵੀ ਤੁਸੀਂ ਧਿਆਨ ਰੱਖੋਗੇ ਕਿ ਮੈਂ ਸਕੂਲ ਦਾ ਕੰਮ ਕੀਤਾ ਹੈ ਕਿ ਨਹੀਂ? ਜੇ ਫੜ ਕੇ ਲੈ ਜਾਵੇਗੀ ਤਾਂ ਜਲਦੀ ਤਾਂ ਨਹੀਂ ਛੱਡ ਦੇਵੇਗੀ? ਕੀ ਪੁਲੀਸ ਅਜ ਨਹੀਂ ਆ ਸਕਦੀ?

668

ਖੱਬੇ ਹੱਥ ਚੱਲਣ ਦਾ ਰਿਵਾਜ ਇਸ ਕਰਕੇ ਪਿਆ, ਕਿਉਂਕਿ ਮੱਧ-ਕਾਲ ਵਿਚ ਲੋਕ ਤਲਵਾਰ ਪਹਿਨ ਕੇ ਚਲਦੇ ਸਨ ਅਤੇ ਇਹ ਸੱਜੇ ਹੱਥ ਟੁਰਨ ਨਾਲ, ਸੱਜੇ ਹੱਥ ਆਉਣ ਵਾਲੇ ਲੋਕਾਂ ਨਾਲ ਖਹਿੰਦੀ ਸੀ। ਖੱਬੇ ਹੱਥ ਚੱਲਣ ਨਾਲ ਇਹ ਸਮੱਸਿਆ ਹੱਲ ਹੋ ਗਈ ਸੀ।

ਪੁਰਸ਼ਾਂ ਦੀਆਂ ਕਮੀਜ਼ਾਂ ਦੇ ਬਟਨ ਵੀ ਕਮੀਜ਼ ਦੇ ਸੱਜੇ ਪੱਲੇ 'ਤੇ ਹੁੰਦੇ ਹਨ ਅਤੇ ਕਾਜ ਵਾਲਾ ਖੱਬਾ ਪੱਲਾ ਉਪਰ ਹੁੰਦਾ ਹੈ।

www.quotesinpunjabi.ml

QuotesInPunjabi

ਇਵੇਂ ਖੱਬੇ ਪਾਸਿਓਂ ਤਲਵਾਰ ਜਾਂ ਹਥਿਆਰ ਖਿੱਚਣ ਵਿਚ ਰੁਕਾਵਟ ਨਹੀਂ ਪੈਂਦੀ।

ਅਮਰੀਕਾ ਵਿਚ ਸੱਜੇ ਪਾਸੇ ਚੱਲਣ ਦੇ ਰਿਵਾਜ ਦਾ ਕਾਰਨ ਇਹ ਹੈ ਕਿ ਅਮਰੀਕਨਾਂ ਨੇ ਅੰਗਰੇਜ਼ਾਂ ਦਾ ਵਿਰੋਧ ਕਰਕੇ ਆਜ਼ਾਦੀ ਲਈ ਸੀ, ਸੋ ਅਮਰੀਕਨਾਂ ਨੇ ਅੰਗਰੇਜ਼ਾਂ ਦੀ ਹਰ ਗੱਲ ਦਾ ਉਲਟਾ ਰੂਪ ਅਪਣਾਇਆ।

ਅਸੀਂ ਅੰਗਰੇਜ਼ਾਂ ਵਾਂਗ ਬਿਜਲੀ ਦਾ ਬਟਨ ਉਪਰੋਂ ਥੱਲੇ ਵੱਲ੍ਹ ਕਰਕੇ ਬੱਤੀ ਜਗਾਉਂਦੇ ਹਾਂ, ਅਮਰੀਕਾ ਵਿੱਚ ਬਟਨ ਥੱਲੇਂ ਉਪਰ ਵਲ ਕਰ ਕੇ ਬੱਤੀ ਜਗਾਈ ਜਾਂਦੀ ਹੈ।

669

ਇਕ ਮਾਲਕ ਨੇ ਦੂਜੇ ਸ਼ਹਿਰ ਜਾਣਾ ਸੀ ਪਰ ਚੌਕੀਦਾਰ ਨੇ ਕਿਹਾ: ਉਸ ਨੂੰ ਰਾਤ ਨੂੰ ਸੁਪਨਾ ਆਇਆ ਸੀ ਕਿ ਉਨ੍ਹਾਂ ਦਾ ਹਾਦਸਾ ਹੋ ਗਿਆ ਹੈ। ਮਾਲਕ ਆਪਣੀ ਪਤਨੀ ਨਾਲ ਨਾਸ਼ਤਾ ਕਰ ਰਿਹਾ ਸੀ, ਪਤਨੀ ਨੇ ਕਿਹਾ: ਮੈਨੂੰ ਵਹਿਮ ਹੋ ਗਿਆ ਹੈ, ਤੁਸੀਂ ਆਪ ਅੱਜ ਨਾ ਜਾਓ। ਮਾਲਕ ਨੇ ਪਤਨੀ ਦੀ ਗੱਲ ਮੰਨਦਿਆਂ, ਆਪਣੇ ਮੈਨੇਜਰ ਨੂੰ ਭੇਜ ਦਿੱਤਾ।

ਸਬੱਬ ਵਸ ਉਸਦੀ ਕਾਰ ਦੁਰਘਟਨਾ ਦਾ ਸ਼ਿਕਾਰ ਹੋ ਗਈ ਅਤੇ ਮੈਨੇਜਰ ਨੂੰ ਸੱਟਾਂ ਲੱਗੀਆਂ। ਪਤਨੀ ਦੇ ਕਹਿਣ 'ਤੇ ਪਤੀ ਨੇ ਚੌਕੀਦਾਰ ਨੂੰ ਆਪਣੇ ਸੁਪਨੇ ਬਾਰੇ ਦੱਸਣ ਦਾ ਇਨਾਮ ਦਿੱਤਾ ਪਰ ਨਾਲ ਹੀ ਨੌਕਰੀ ਤੋਂ ਹਟਾ ਦਿੱਤਾ।

ਪਤਨੀ ਨੇ ਕਿਹਾ: ਉਸ ਨੇ ਤਾਂ ਤੁਹਾਡੀ ਜਾਨ ਬਚਾਈ ਹੈ ਅਤੇ ਤੁਸੀਂ ਉਸ ਨੂੰ ਨੌਕਰੀ ਤੋਂ ਹੀ ਹਟਾ ਦਿੱਤਾ ਹੈ ? ਪਤੀ ਨੇ ਕਿਹਾ: ਜਾਨ ਬਚਾਉਣ ਦਾ ਇਨਾਮ ਦਿੱਤਾ ਹੈ। ਨੌਕਰੀ ਤੋਂ ਇਸ ਲਈ ਹਟਾਇਆ ਹੈ, ਕਿਉਂਕਿ ਇਸ ਦਾ ਕੰਮ ਰਾਤ ਨੂੰ ਜਾਗ ਕੇ ਚੌਕੀਦਾਰਾ ਕਰਨਾ ਹੈ ਪਰ ਇਹ ਕਹਿੰਦਾ ਹੈ ਕਿ ਸੁਪਨਾ ਆਇਆ ਹੈ। ਇਹ ਚੌਕੀਦਾਰਾ ਤਾਂ ਕਰਦਾ ਹੀ ਨਹੀਂ, ਸੋਂ ਜਾਂਦਾ ਹੈ ਅਤੇ ਸੁਪਨੇ ਵੇਖਦਾ ਹੈ, ਇਸ ਲਈ ਹਟਾਇਆ ਹੈ।

670

ਸਥਿਤੀ ਕੋਈ ਹੋਵੇ ਮਨੁੱਖ ਨੂੰ ਉਸ ਸਥਿਤੀ ਨਾਲ ਰਹਿਣ ਦੀ ਆਦਤ ਪੈ ਜਾਂਦੀ ਹੈ ਜਿੱਥੇ ਸਾਰੇ ਅਨਪੜ੍ਹ ਹੋਣ ਉਥੇ ਅਨਪੜ੍ਹਾਂ ਵਿਚ ਰਹਿਣ ਦੀ ਆਦਤ ਪੈ ਜਾਂਦੀ ਹੈ, ਅਜਿਹੇ ਲੋਕ ਹੋਰ ਚੀਜ਼ਾਂ ਦੀ ਘਾਟ ਬਾਰੇ ਭਾਵੇਂ ਗੱਲਾਂ ਕਰਨ ਪਰ ਅਨਪੜ੍ਹਤਾ ਉਨ੍ਹਾਂ ਨੂੰ ਪਰੇਸ਼ਾਨ ਨਹੀਂ ਕਰਦੀ। ਅਨਪੜ੍ਹ ਨੂੰ ਅਨਪੜ੍ਹਤਾ ਨਾਲ, ਲੰਗੜੇ ਨੂੰ ਲੰਗੜੇਪਣ ਨਾਲ, ਮੱਧਰੇ ਨੂੰ ਮੱਧਰੇਪਣ ਨਾਲ ਰਹਿਣ ਦੀ ਆਦਤ ਪੈ ਜਾਂਦੀ ਹੈ।

ਇਕ ਨੇਤਰਹੀਣ ਰਿਸ਼ੀ ਨੇ ਬੜੀ ਤਪੱਸਿਆ ਕੀਤੀ। ਸ਼ਿਵ ਜੀ ਨੇ ਪ੍ਰਗਟ ਹੋ ਕੇ ਕਿਹਾ: ਮੈਂ ਤੇਰੀ ਭਗਤੀ ਤੋਂ ਪ੍ਰਸੰਨ ਹੋਇਆ ਹਾਂ, ਤੇਰੀ ਇਕ ਮੰਗ ਪੂਰੀ ਕਰਨ ਆਇਆ ਹਾਂ।

ਸ਼ਿਵ ਜੀ ਨੇ ਸੋਚਿਆ, ਅੰਨ੍ਹਾ ਹੈ, ਅੱਖਾਂ ਮੰਗੇਗਾ ਪਰ ਰਿਸ਼ੀ ਨੂੰ ਤਾਂ ਅੱਖਾਂ ਤੋਂ ਬਿਨਾਂ ਰਹਿਣ ਦੀ ਆਦਤ ਪੈ ਗਈ ਸੀ।

ਰਿਸ਼ੀ ਨੇ ਅੱਖਾਂ ਨਹੀਂ ਮੰਗੀਆਂ। ਸ਼ਿਵ ਜੀ ਨੂੰ ਕਿਹਾ: ਇਕ ਕੰਨਿਆ ਦੇ ਦਿਓ।

www.quotesinpunjabi.ml

QuotesInPunjabi

671

ਇਕ ਵੇਸਵਾ ਦੇ ਦੀਵਾਨੇ ਅਨੇਕਾਂ ਸਨ। ਇਕ ਵਾਰੀ ਉਸ ਦੇ ਦੀਵਾਨਿਆਂ ਵਿਚੋਂ ਇਕ ਨੇ ਮੇਵਿਆਂ-ਫਲਾਂ ਦਾ ਥਾਲ ਭੇਜਿਆ। ਵੇਸਵਾ ਨੇ ਪੁੱਛਿਆ, ਕਿਸ ਨੇ ਭੇਜਿਆ ਹੈ?

ਥਾਲ ਲਿਆਉਣ ਵਾਲੇ ਨੇ ਦੱਸਿਆ, ਤੁਸੀਂ ਸਵੀਕਾਰ ਕਰ ਲਵੋ, ਨਾਂ ਦੱਸਣ ਦੀ ਮਨਾਹੀ ਹੈ, ਤੁਹਾਡੇ ਇਕ ਵੱਡੇ ਪ੍ਰਸੰਸਕ ਨੇ ਭੇਜਿਆ ਹੈ।

ਵੇਸਵਾ ਨੇ ਕਿਹਾ: ਮੈਂ ਆਪਣੇ ਤਿੰਨ ਵੱਡੇ ਪ੍ਰਸੰਸਕਾਂ ਦੇ ਨਾਂ ਬੋਲਾਂਗੀ, ਤੂੰ ਦੱਸੀਂ ਕੀ ਥਾਲ ਭੇਜਣ ਵਾਲਾ ਉਨ੍ਹਾਂ ਵਿਚੋਂ ਹੈ? ਤਿੰਨ ਨਾਂ ਸੁਣਨ 'ਤੇ ਥਾਲ ਲਿਆਉਣ ਵਾਲੇ ਨੇ ਕਿਹਾ: ਭੇਜਣ ਵਾਲਾ, ਇਨ੍ਹਾਂ ਤਿੰਨਾਂ ਵਿਚੋਂ ਨਹੀਂ ਹੈ।

ਵੇਸਵਾ ਨੇ ਫਿਰ ਕਿਹਾ: ਮੈਂ ਚਾਹੁਣ ਵਾਲੇ ਦਸਾਂ ਦੇ ਨਾਂ ਬੋਲਾਂਗੀ, ਤੂੰ ਦੱਸੀਂ ਥਾਲ ਭੇਜਣ ਵਾਲਾ, ਇਨ੍ਹਾਂ ਵਿਚੋਂ ਹੈ? ਵੇਸਵਾ ਦੇ ਮੂੰਹੋਂ ਦਸ ਨਾਂ ਸੁਣਕੇ ਥਾਲ ਲਿਆਉਣ ਵਾਲੇ ਨੇ ਕਿਹਾ: ਥਾਲ ਭੇਜਣ ਵਾਲਾ, ਇਨ੍ਹਾਂ ਦਸਾਂ ਵਿਚ ਵੀ ਨਹੀਂ ਹੈ। ਇਹ ਸੁਣ ਕੇ ਉਸ ਵੇਸਵਾ ਨੇ ਕਿਹਾ: ਉਹ ਕੌਣ ਹੈ, ਜਿਹੜਾ ਨਾ ਤਿੰਨਾਂ ਵਿਚ ਹੈ ਨਾ ਤੇਰ੍ਹਾਂ ਵਿਚ ਹੈ?

ਇਵੇਂ 'ਨਾ ਤਿੰਨਾਂ ਵਿਚ ਨਾ ਤੇਰ੍ਹਾਂ ਵਿਚ' ਦਾ ਅਖਾਣ ਪ੍ਰਸਿੱਧ ਹੋਇਆ।

672

ਸਿਆਣਪ, ਵਸਤਾਂ-ਵਰਤਾਰਿਆਂ ਵਿਚਲੇ ਅਦਿੱਖ ਸਬੰਧਾਂ ਨੂੰ ਵੇਖ ਸਕਣ ਦੀ ਯੋਗਤਾ ਦਾ ਨਾਂ ਹੈ। ਸਿਆਣਪ, ਬੜੀਆਂ ਮੁਸ਼ਕਲ ਸਮੱਸਿਆਵਾਂ ਦੇ ਬੜੇ ਸੁਖਾਲੇ ਹੱਲ ਲੱਭਣ ਵਿਚ ਹੁੰਦੀ ਹੈ। ਨਿਊਟਨ ਨੇ ਹੋਰਾਂ ਵਾਂਗ ਹੀ ਸੇਬ ਡਿੱਗਦਾ ਵੇਖਿਆ ਸੀ ਪਰ ਕੇਵਲ ਨਿਊਟਨ ਨੇ ਗੁਰੂਤਾ ਦਾ ਸਿਧਾਂਤ ਲੱਭਿਆ ਸੀ।

ਨਿਊਟਨ ਸਿਆਣਾ ਸੀ, ਬਾਕੀ ਅਕਲਮੰਦ ਅਤੇ ਗਿਆਨਵਾਨ ਹੀ ਸਨ।

ਇਕ ਵਾਰੀ ਇਕ ਵਿਅਕਤੀ, ਤੇਗ ਪਹਾੜੀ ਰਸਤੇ ਤੋਂ ਕਾਰ ਰਾਹੀਂ ਆ ਰਿਹਾ ਸੀ ਅਤੇ ਉਸ ਦੀ ਕਾਰ ਪੰਚਰ ਹੋ ਗਈ। ਬੜੀ ਮੁਸ਼ਕਲ ਨਾਲ ਤੇਗ ਰਸਤੇ 'ਤੇ ਇਕ ਪਾਸੇ ਕਾਰ ਖੜ੍ਹੀ ਕਰਕੇ, ਪਹੀਆ ਖੋਲ੍ਹਿਆ ਅਤੇ ਡਿੱਕੀ ਵਿਚੋਂ ਲਾਉਣ ਵਾਲਾ ਪਹੀਆ, ਜਦੋਂ ਉਹ ਲਿਆਇਆ ਤਾਂ ਪਹੀਆ ਉਸ ਦੇ ਹੱਥ ਵਿਚੋਂ ਨਿਕਲ ਗਿਆ। ਪਹੀਆ ਤਾਂ ਉਸ ਨੇ ਫੜ ਲਿਆ ਪਰ ਲਾਹ ਕੇ ਰੱਖੇ ਹੋਏ ਨੱਟ-ਬੋਲਟ ਡੂੰਘੀ ਖਾਈ ਵਿਚ ਰੁੜ੍ਹ ਗਏ। ਉਹ ਬੜਾ ਪਰੇਸ਼ਾਨ ਹੋਇਆ।

ਕਈਆਂ ਤੋਂ ਪੁੱਛਿਆ ਕੀ ਕੋਈ ਕਾਰਾਂ ਦੇ ਪੁਰਜ਼ਿਆਂ ਦੀ ਦੁਕਾਨ ਨੇੜੇ-ਤੇੜੇ ਸੀ?

ਹਰ ਕਿਸੇ ਨੇ ਕਿਹਾ, ਤੀਹ ਕਿਲੋਮੀਟਰ ਪਿੱਛੇ ਇਕ ਦੁਕਾਨ ਹੈ।

ਇਕ ਵਿਅਕਤੀ ਉਸ ਦੀ ਪਰੇਸ਼ਾਨੀ ਵੇਖ ਕੇ ਰੁਕਿਆ ਅਤੇ ਪਰੇਸ਼ਾਨੀ ਦਾ ਕਾਰਨ ਪੁੱਛਿਆ। ਉਸ ਨੇ ਕਿਹਾ ਕਾਰਾਂ ਦੇ ਪੁਰਜ਼ਿਆਂ ਦੀ ਦੁਕਾਨ ਨਹੀਂ ਲੱਭ ਰਹੀ।

ਰੁਕਣ ਵਾਲੇ ਨੇ ਪੁੱਛਿਆ: ਤੁਹਾਡੀ ਸਮੱਸਿਆ ਕੀ ਹੈ?

ਕਾਰ ਵਾਲੇ ਨੇ ਸਾਰੀ ਗੱਲ ਦੱਸਦਿਆਂ ਕਿਹਾ ਕਿ ਉਸ ਦੇ ਨੱਟ-ਬੋਲਟ ਰੁੜ੍ਹ ਗਏ ਸਨ।

ਉਸ ਵਿਅਕਤੀ ਨੇ ਪੁੱਛਿਆ: ਤਿੰਨ ਪਹੀਏ ਠੀਕ ਹਨ? ਮਾਲਕ ਨੇ ਕਿਹਾ: ਹਾਂ।

www.quotesinpunjabi.ml

QuotesInPunjabi

ਉਸ ਵਿਅਕਤੀ ਨੇ ਕਿਹਾ: ਤਿੰਨਾਂ ਦਾ ਇਕ-ਇਕ ਨੱਟ-ਬੋਲਟ ਖੋਲ੍ਹ ਕੇ ਇਹ ਪਹੀਆ ਲਾ ਲਵੋ, ਕਾਰ ਚੱਲ ਪਵੇਗੀ, ਅੱਗੇ ਜਾਓਗੇ, ਨੱਟ-ਬੋਲਟ ਮਿਲ ਜਾਣਗੇ, ਸਾਰਿਆਂ ਨੂੰ ਇੱਕ-ਇਕ ਹੋਰ ਲਾ ਲੈਣਾ। ਰੁਕਣ ਵਾਲਾ ਵਿਅਕਤੀ ਸਿਆਣਾ ਸੀ, ਉਸਨੇ ਕਾਰ ਵਾਲੇ ਦੀ ਪਰੇਸ਼ਾਨੀ ਨੂੰ ਸਿਆਣਪ ਨਾਲ ਦੂਰ ਕੀਤਾ ਸੀ।

673

ਰਿਆਸਤਾਂ ਦੇ ਜ਼ਮਾਨੇ ਵਿਚ, ਆਪਣੀ ਪਤਨੀ ਦੇ ਮਰਨ ਉਪਰੰਤ ਇਕ ਪਟਵਾਰੀ ਨੇ ਇਕ ਗਰੀਬ ਵਿਅਕਤੀ ਦੀ ਸੋਹਣੀ ਪਤਨੀ ਆਪਣੇ ਘਰ ਰੱਖ ਲਈ। ਗਰੀਬ ਵਿਅਕਤੀ ਨੇ, ਤਹਿਸੀਲਦਾਰ ਕੋਲ ਜਾ ਕੇ ਸ਼ਿਕਾਇਤ ਕੀਤੀ ਅਤੇ ਇਨਸਾਫ਼ ਮੰਗਿਆ। ਤਹਿਸੀਲਦਾਰ ਨੇ ਕਿਹਾ: ਤਿੰਨ ਦਿਨਾਂ ਮਗਰੋਂ ਮੈਂ ਤੇਰੇ ਪਿੰਡ ਆਉਣਾ ਹੈ, ਉਥੇ ਆ ਕੇ ਹੀ ਇਨਸਾਫ਼ ਕਰਾਂਗਾ। ਜਦੋਂ ਤਹਿਸੀਲਦਾਰ ਪਿੰਡ ਆਇਆ ਤਾਂ ਪਟਵਾਰੀ ਵਲੋਂ ਗਰੀਬ ਆਦਮੀ ਦੀ ਪਤਨੀ ਨੂੰ ਆਪਣੇ ਘਰ ਰੱਖਣ ਦੀ ਗੱਲ, ਸਾਰੇ ਪਿੰਡ ਦੀ ਦਿਲਚਸਪੀ ਦਾ ਕੇਂਦਰ ਬਣੀ ਹੋਈ ਸੀ। ਪਟਵਾਰੀ ਦੇ ਘਰ ਦੇ ਸਾਹਮਣੇ ਹੀ ਇਕੱਠ ਹੋਇਆ। ਪੁੱਛਣ 'ਤੇ ਪਟਵਾਰੀ ਨੇ ਕਿਹਾ: ਇਹ ਜ਼ਨਾਨੀ ਤਾਂ ਮੇਰੀ ਪਤਨੀ ਹੈ ਅਤੇ ਕਈ ਸਾਲਾਂ ਤੋਂ ਮੇਰੇ ਕੋਲ ਰਹਿੰਦੀ ਹੈ।

ਤਹਿਸੀਲਦਾਰ ਨੇ ਸਾਰੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਉਪਰੰਤ, ਫੈਸਲੇ ਲਿਖਣ ਵਾਸਤੇ ਪਟਵਾਰੀ ਨੂੰ ਕਾਗਜ਼ ਅਤੇ ਕਲਮ ਦਵਾਤ ਲਿਆਉਣ ਲਈ ਕਿਹਾ। ਵੇਖਿਆ ਦਵਾਤ ਵਿਚ ਸਿਆਹੀ ਗਾੜ੍ਹੀ ਸੀ। ਤਹਿਸੀਲਦਾਰ ਨੇ ਉਸ ਜ਼ਨਾਨੀ ਨੂੰ ਕਿਹਾ ਕਿ ਉਹ ਇਕ ਕੌਲੀ ਵਿਚ ਪਾਣੀ ਲਿਆ ਕੇ ਦਵਾਤ ਵਿਚ ਪਾਵੇ।

ਉਸ ਜ਼ਨਾਨੀ ਨੇ ਕੌਲੀ ਵਿਚ ਜਿਤਨਾ ਪਾਣੀ ਲਿਆਂਦਾ, ਉਹ ਸਾਰਾ ਹੀ ਦਵਾਤ ਵਿਚ ਉਲਟਾ ਦਿੱਤਾ ਅਤੇ ਨਾ ਕੇਵਲ ਦਵਾਤ ਭਰ ਗਈ, ਸਗੋਂ ਪਾਣੀ ਡੁੱਲ੍ਹ ਵੀ ਗਿਆ।

ਸਾਰੇ ਵੇਖ ਰਹੇ ਸਨ। ਤਹਿਸੀਲਦਾਰ ਨੇ ਫੈਸਲਾ ਸੁਣਾਇਆ: ਇਹ ਜ਼ਨਾਨੀ, ਪਟਵਾਰੀ ਦੀ ਪਤਨੀ ਨਹੀਂ ਹੈ, ਜੇ ਪਟਵਾਰੀ ਦੀ ਪਤਨੀ ਹੁੰਦੀ ਤਾਂ, ਉਸ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਦਵਾਤ ਵਿਚ ਕਿਤਨਾ ਪਾਣੀ ਪਾਉਣਾ ਚਾਹੀਦਾ ਸੀ।

674

ਪਛਤਾਵਾ ਹਮੇਸ਼ਾ ਚੰਗੇ ਮੌਕਿਆਂ ਨੂੰ ਗੁਆਉਣ ਉਪਰੰਤ ਹੁੰਦਾ ਹੈ।

ਹੀਰਿਆਂ ਦਾ ਇਕ ਵਪਾਰੀ, ਹੀਰਿਆਂ ਦੀ ਭਾਲ ਵਿਚ ਘੁੰਮਦਾ-ਫਿਰਦਾ ਰਹਿੰਦਾ ਸੀ। ਉਸ ਨੇ ਕਈ ਵਾਰੀ ਸਸਤੇ ਮੁੱਲ 'ਤੇ ਹੀਰੇ ਖਰੀਦ ਕੇ, ਮਹਿੰਗੇ ਮੁੱਲ 'ਤੇ ਵੇਚੇ ਸਨ।

ਇਕ ਵਾਰੀ ਉਸ ਨੇ ਇਕ ਕਸਬੇ ਵਿਚ ਇਕ ਸਾਧਾਰਨ ਸੁਨਿਆਰੇ ਦੀ ਦੁਕਾਨ ਵਿਚ ਇਕ ਹੀਰਾ ਵੇਖਿਆ। ਕੀਮਤ ਪੁੱਛੀ, ਸੁਨਿਆਰੇ ਨੇ ਕਿਹਾ: ਪੰਜ ਹਜ਼ਾਰ।

ਵਪਾਰੀ ਨੇ ਤਿੰਨ ਹਜ਼ਾਰ ਦੇਣ ਦੀ ਪੇਸ਼ਕਸ਼ ਕੀਤੀ ਪਰ ਸੁਨਿਆਰਾ ਨਾ ਮੰਨਿਆ। ਸੁਨਿਆਰੇ ਨੇ ਚਾਰ ਹਜ਼ਾਰ 'ਤੇ ਉਹ ਹੀਰਾ ਦੇਣ ਦੀ ਗੱਲ ਮੁਕਾਈ ਪਰ ਵਪਾਰੀ ਦਾ ਵਿਸ਼ਵਾਸ ਸੀ ਕਿ ਸੁਨਿਆਰਾ ਅਜ ਨਹੀਂ ਤਾਂ ਕਲ੍ਹ, ਤਿੰਨ ਹਜ਼ਾਰ ਵਿਚ ਹੀਰਾ ਦੇਣਾ ਮੰਨ ਜਾਵੇਗਾ।

www.quotesinpunjabi.ml

QuotesInPunjabi

ਵਪਾਰੀ ਸੋਚ ਕੇ ਚਲਾ ਗਿਆ ਕਿ ਵਾਪਸੀ 'ਤੇ ਕੁਝ ਪੈਸੇ ਵਧਾ ਕੇ ਲੈ ਲਵਾਂਗਾ।

ਪਰ ਉਹ ਇਹ ਵੀ ਜਾਣਦਾ ਸੀ ਕਿ ਹੀਰਾ ਬੜਾ ਕੀਮਤੀ ਸੀ ਅਤੇ ਸੁਨਿਆਰੇ ਨੂੰ ਉਸ ਹੀਰੇ ਦੇ ਮੁੱਲ ਦੀ ਸੋਝੀ ਨਹੀਂ ਸੀ।

ਅਗਲੇ ਦਿਨ ਜਦੋਂ ਵਪਾਰੀ ਦੁਬਾਰਾ ਆਇਆ ਤਾਂ ਸੁਨਿਆਰੇ ਨੇ ਉਸ ਵਪਾਰੀ ਦੀ ਚਾਰ ਹਜ਼ਾਰ ਦੇਣ ਦੀ ਪੇਸ਼ਕਸ਼ ਸੁਣ ਕੇ ਦੱਸਿਆ ਕਿ ਹੀਰਾ ਵਿਕ ਗਿਆ ਸੀ। ਵਪਾਰੀ ਨੇ ਪੁੱਛਿਆ: ਕਿਤਨੇ ਦਾ ਵੇਚਿਆ ? ਸੁਨਿਆਰੇ ਨੇ ਦੱਸਿਆ, ਦਸ ਹਜ਼ਾਰ ਦਾ।

ਵਪਾਰੀ ਨੇ ਕਿਹਾ: ਤੂੰ ਤਾਂ ਮੂਰਖ ਨਿਕਲਿਆ, ਤੇਰਾ ਹੀਰਾ ਤਾਂ ਲੱਖ ਨਾਲੋਂ ਵੀ ਵੱਧ ਦਾ ਸੀ। ਸੁਨਿਆਰੇ ਨੇ ਕਿਹਾ: ਮੂਰਖ ਮੈਂ ਨਹੀਂ, ਤੂੰ ਹੈਂ। ਮੈਨੂੰ ਤਾਂ ਉਸ ਹੀਰੇ ਦੀ ਕੀਮਤ ਦਾ ਪਤਾ ਨਹੀਂ ਸੀ, ਮੈਨੂੰ ਤਾਂ ਚਾਰ ਹਜ਼ਾਰ ਦੀ ਬਜਾਇ ਦਸ ਹਜ਼ਾਰ ਮਿਲ ਗਏ ਹਨ, ਮੈਂ ਤਾਂ ਪ੍ਰਸੰਨ ਹੋਇਆ ਹਾਂ। ਤੈਨੂੰ ਪਤਾ ਸੀ ਕਿ ਹੀਰਾ ਲੱਖ ਦਾ ਸੀ ਪਰ ਤੂੰ ਤਾਂ ਚਾਰ ਹਜ਼ਾਰ ਦਾ ਖਰੀਦਣ ਲਈ ਵੀ ਤਿਆਰ ਨਹੀਂ ਸੀ। ਮੈਨੂੰ ਤਾਂ ਖੁਸ਼ੀ ਹੋਈ ਹੈ, ਤੈਨੂੰ ਪਛਤਾਵਾ ਮਿਲਿਆ ਹੈ।

675

ਅਰਥ ਸ਼ਾਸਤਰ ਦੇ ਇਕ ਸ਼ਰਧਾਵਾਨ ਸਿੱਖ ਵਿਦਿਆਰਥੀ ਨੂੰ ਯੂਨਾਨ ਵਿਚ ਪੀ-ਐੱਚ. ਡੀ. ਕਰਨ ਲਈ ਤਿੰਨ ਸਾਲ ਦਾ ਵਜ਼ੀਫਾ ਮਿਲਿਆ। ਉਥੇ ਜਾਣ ਵੇਲੇ ਉਹ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਗਿਆ। ਯੂਨੀਵਰਸਿਟੀ ਵਿਚ ਉਸ ਨੂੰ ਇਕ ਛੋਟੀ ਜਿਹੀ ਬਾਲਕੋਨੀ ਵਾਲਾ ਇਕ ਛੋਟਾ ਜਿਹਾ ਕਮਰਾ ਮਿਲਿਆ ਸੀ। ਸਾਲ ਦੇ ਕਈ ਮਹੀਨੇ ਬਰਫ ਪੈਂਦੀ ਸੀ। ਵਿਦਿਆਰਥੀ ਦੀ ਸ਼ਰਧਾ ਅਟੁੱਟ ਅਤੇ ਲਾਜਵਾਬ ਸੀ।

ਕਮਰੇ ਵਿੱਚ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ ਅਤੇ ਉਹ ਆਪ ਬਾਲਕੋਨੀ ਵਿਚ ਹੀ ਪੜ੍ਹਦਾ ਅਤੇ ਰਹਿੰਦਾ ਸੀ।

ਉਹ ਕਈ ਵੱਡੇ ਅਹੁਦਿਆਂ 'ਤੇ ਰਿਹਾ ਪਰ ਉਹ ਪ੍ਰਸਿੱਧ ਇਕ ਸ਼ਰਧਾਵਾਨ ਸਿੱਖ ਵਜੋਂ ਹੋਇਆ, ਸਭ ਥਾਂ ਪ੍ਰਸੰਸਾ ਉਸ ਦੀ ਸ਼ਰਧਾ ਦੀ ਹੀ ਹੋਈ।

676

ਭਾਰਤ ਦੇ ਪ੍ਰਸਿੱਧ ਫਿਲਮ-ਨਿਰਮਾਤਾ, ਮਹੇਸ਼ ਭੱਟ ਨੂੰ ਉਪਰੋ ਥਲੀ ਕਈ ਫਿਲਮਾਂ ਦੀ ਸਫਲਤਾ ਨੇ, ਸ਼ਰਾਬੀ ਬਣਾ ਦਿੱਤਾ ਸੀ।

ਇੱਕ ਵਾਰੀ ਮਹੇਸ਼ ਭੱਟ ਇਕ ਪਾਦਰੀ ਕੋਲ ਠਹਿਰਿਆ ਹੋਇਆ ਸੀ। ਭੱਟ ਨੂੰ ਹਰ ਰੋਜ਼ ਸ਼ਰਾਬ ਪੀਣ ਦੀ ਆਦਤ ਸੀ। ਉਸਨੇ ਪਾਦਰੀ ਨੂੰ ਪੁੱਛਿਆ: ਕੀ ਸ਼ਰਾਬ ਦਾ ਪ੍ਰਬੰਧ ਹੋ ਸਕਦਾ ਹੈ ? ਪਾਦਰੀ ਆਪਣੇ ਰੁਤਬੇ ਅਤੇ ਕਿੱਤੇ ਦੀ ਪ੍ਰਵਾਹ ਨਾ ਕਰਦਿਆਂ, ਭੱਟ ਨੂੰ ਆਪਣੇ ਭਰਾ ਦੇ ਘਰ ਲੈ ਗਿਆ, ਜਿਥੇ ਭੱਟ ਨੇ ਸ਼ਰਾਬ ਪੀਤੀ।

ਇਵੇਂ ਹੀ ਉਹ ਇਕ ਵਾਰੀ ਆਪਣੀ ਜਵਾਨੀ ਦੇ ਦੋਸਤ ਵਿਸ਼ਵ-ਪ੍ਰਸਿੱਧ ਚਿੰਤਕ ਅਤੇ ਦਾਰਸ਼ਨਿਕ ਕ੍ਰਿਸ਼ਨਾਮੂਰਤੀ ਕੋਲ, ਪਤਨੀ ਅਤੇ ਬੇਟੀ ਸਮੇਤ ਠਹਿਰਿਆ ਹੋਇਆ ਸੀ।

www.quotesinpunjabi.ml

QuotesInPunjabi

ਜਿਹੜੀ ਮਹਾਨਤਾ ਸੰਸਾਰ ਨੇ ਕ੍ਰਿਸ਼ਨਾਮੂਰਤੀ ਨੂੰ ਭੇਟ ਕੀਤੀ ਹੋਈ ਸੀ, ਉਸ ਦੀ ਪਰਵਾਹ ਨਾ ਕਰਦਿਆਂ, ਕ੍ਰਿਸ਼ਨਾਮੂਰਤੀ ਉਸ ਲਈ ਬੋਤਲ ਖਰੀਦਣ ਗਿਆ। ਸ਼ਰਾਬੀ ਅਜਿਹਾ ਵਿਹਾਰ ਇਸ ਲਈ ਕਰਦੇ ਹਨ, ਕਿਉਂਕਿ ਸ਼ਰਾਬ ਨੇ ਉਨ੍ਹਾਂ ਦੀ ਸੋਚਣ ਸ਼ਕਤੀ ਨੂੰ ਇਤਨਾ ਕਮਜ਼ੋਰ ਕਰ ਦਿੱਤਾ ਹੁੰਦਾ ਹੈ ਕਿ ਉਨ੍ਹਾਂ ਦਾ ਜੀਵਨ ਬੇਨੇਮਾ ਹੋ ਜਾਂਦਾ ਹੈ।

ਜਦੋਂ ਕ੍ਰਿਸ਼ਨਾਮੂਰਤੀ ਕੋਲ ਰੁਕੇ ਹੋਣ ਦੌਰਾਨ, ਭੱਟ ਨੇ ਸ਼ਰਾਬ ਪੀਤੀ ਹੋਈ ਸੀ ਤਾਂ ਉਸ ਦੀ ਪਤਨੀ ਆਪਣੀ ਪੰਜ ਸਾਲ ਦੀ ਬੇਟੀ, ਉਸ ਨੂੰ ਸੰਭਾਲ ਕੇ ਉਸ ਘਰ ਦੀ ਰਸੋਈ ਵਿਚ ਚਲੀ ਗਈ। ਮਹੇਸ਼ ਭੱਟ ਨੇ ਲਾਡ ਨਾਲ ਜਦੋਂ ਆਪਣੀ ਇਸ ਇਕਲੌਤੀ ਬੇਟੀ ਨੂੰ ਚੁੰਮਣਾ ਚਾਹਿਆ ਤਾਂ ਸ਼ਰਾਬ ਦੀ ਹਵਾੜ ਕਾਰਨ, ਬੇਟੀ ਨੇ ਤਿਊੜੀ ਪਾ ਕੇ, ਮੂੰਹ ਪਰ੍ਹੇ ਘੁੰਮਾ ਲਿਆ।

ਬੇਟੀ ਦੇ ਮੂੰਹ ਫੇਰਨ ਨੇ ਮਹੇਸ਼ ਭੱਟ ਦਾ ਸਾਰਾ ਨਸ਼ਾ ਲਾਹ ਦਿੱਤਾ। ਉਸ ਨੂੰ ਲੱਗਿਆ ਜਿਵੇਂ ਬੇਟੀ ਨੇ ਉਸ ਨੂੰ ਨਕਾਰ ਦਿੱਤਾ ਸੀ। ਉਸ ਦੀ ਹੋਸ਼ ਟਿਕਾਣੇ ਆ ਗਈ, ਕਿਉਂਕਿ ਸੰਸਾਰ ਵਿਚ ਹਰ ਚੀਜ਼ ਨਾਲੋਂ, ਉਸ ਲਈ ਉਸ ਦੀ ਬੇਟੀ ਵਧੇਰੇ ਕੀਮਤੀ ਸੀ।

ਮਹੇਸ਼ ਭੱਟ ਨੇ ਉਥੇ ਹੀ, ਉਸੇ ਪਲ ਪ੍ਰਣ ਕੀਤਾ ਕਿ ਉਹ ਕਦੇ ਵੀ ਆਪਣੀ ਬੇਟੀ ਨੂੰ ਆਪਣਾ ਮੂੰਹ ਪਰ੍ਹੇ ਨਹੀਂ ਲਿਜਾਣ ਦਏਗਾ।

ਉਸ ਨੇ ਉਸੇ ਪਲ, ਹਮੇਸ਼ਾ-ਹਮੇਸ਼ਾ ਲਈ ਸ਼ਰਾਬ ਤਿਆਗ ਦਿੱਤੀ।

ਇਹ ਪੰਜ ਸਾਲ ਦੀ ਇਕ ਧੀ ਦੀ ਕਰਾਮਾਤ ਸੀ।

677

ਇਕ ਨਵ-ਵਿਆਹੇ ਪਤੀ-ਪਤਨੀ ਹਨੀਮੂਨ ਲਈ ਅਮਰੀਕਾ ਗਏ ਅਤੇ ਲਾਸ ਵੇਗਾਸ ਪਹੁੰਚੇ, ਜਿਥੇ ਹਜ਼ਾਰਾਂ ਲੋਕ ਕੇਸੀਨੋ ਵਿਚ ਜੂਆ ਖੇਡਦੇ ਹਨ, ਜਿਸ ਨੂੰ ਮਨੋਰੰਜਨ ਕਿਹਾ ਜਾਂਦਾ ਹੈ। ਨਵਾਂ ਵਿਆਹਿਆ ਪਤੀ, ਪਤਨੀ ਤੋਂ ਦਸ ਡਾਲਰ ਲੈ ਕੇ ਜੂਆ ਖੇਡਣ ਗਿਆ।

ਪਤਨੀ ਥੱਕੀ ਹੋਈ ਹੋਣ ਕਾਰਨ, ਹੋਟਲ ਦੇ ਕਮਰੇ ਵਿਚ ਹੀ ਰਹੀ।

ਪਹਿਲਾਂ ਉਹ ਵੀਹ ਡਾਲਰ ਜਿੱਤਿਆ, ਫਿਰ ਸੌ ਡਾਲਰ ਜਿੱਤ ਲਏ, ਅਗਲੀ ਵਾਰ ਹਜ਼ਾਰ ਡਾਲਰ ਜਿੱਤ ਲਏ। ਜਿੱਤਦਾ-ਜਿੱਤਦਾ ਉਹ ਲੱਖ ਡਾਲਰ ਜਿੱਤ ਗਿਆ। ਉਸ ਦਾ ਹੱਥ ਦਾਓ ਕਾਮਯਾਬ ਹੋ ਰਿਹਾ ਸੀ। ਉਸ ਨੂੰ ਆਪਣੀ ਚੰਗੀ ਕਿਸਮਤ 'ਤੇ ਮਾਣ ਹੋ ਰਿਹਾ ਸੀ, ਸੋ ਉਸ ਨੇ ਅਗਲੀ ਵਾਰੀ, ਲੱਖ ਡਾਲਰ ਨੂੰ ਦੁੱਗਣੇ ਕਰਨ ਦੀ ਇੱਛਾ ਅਧੀਨ, ਸਾਰੇ ਲੱਖ ਡਾਲਰ ਇਕ ਹੀ ਦਾਓ 'ਤੇ ਲਾ ਦਿੱਤੇ ਅਤੇ ਸਾਰੇ ਹਾਰ ਗਿਆ।

ਜਦੋਂ ਕਮਰੇ ਵਿਚ ਵਾਪਸ ਆਇਆ ਤਾਂ ਪਤਨੀ ਨੇ ਪੁੱਛਿਆ: ਕਿਵੇਂ ਰਿਹਾ ?

ਪਤੀ ਨੇ ਆਪਣੀ ਮੂਰਖਤਾ ਨੂੰ ਛੁਪਾਉਂਦਿਆਂ ਕਿਹਾ: ਜਿਹੜੇ ਦਸ ਡਾਲਰ ਲੈ ਕੇ ਗਿਆ ਸੀ, ਉਹ ਹਾਰ ਗਿਆ ਹਾਂ।

www.quotesinpunjabi.ml

QuotesInPunjabi

678

ਅਰਬਾਂ ਨੇ ਸਿੰਧ ਦੀ ਦੇਵਲ ਰਿਆਸਤ 'ਤੇ ਹਮਲਾ ਕਰ ਦਿੱਤਾ ਸੀ। ਦੇਵਲ ਵਿਚ ਇਕ ਵੱਡਾ ਬੋਧੀ ਮੰਦਰ ਸੀ, ਜਿਸ ਦੀ ਸਿਖਰ 'ਤੇ ਇਕ ਉੱਚਾ ਝੰਡਾ ਲਹਿਰਾਇਆ ਕਰਦਾ ਸੀ। ਸਿੰਧੀਆਂ ਨੂੰ ਵਿਸ਼ਵਾਸ ਸੀ ਕਿ ਜਦੋਂ ਤਕ ਇਹ ਝੰਡਾ ਲਹਿਰਾਉਂਦਾ ਰਹੇਗਾ, ਉਦੋਂ ਤੱਕ ਦੇਵਲ ਰਿਆਸਤ ਵਲ ਬੁਰੀ ਨਜ਼ਰ ਨਾਲ ਕੋਈ ਵੇਖ ਵੀ ਨਹੀਂ ਸਕੇਗਾ। ਲੋਕ, ਹਰ ਸੰਕਟ ਵਿਚ ਉਸ ਝੰਡੇ ਵਲ ਵੇਖਦੇ ਸਨ। ਅਰਬਾਂ ਨੇ ਇਕ ਗੁਲੇਲ ਨਾਲ ਹੀ ਉਹ ਝੰਡਾ ਉਖਾੜ ਦਿੱਤਾ। ਝੰਡੇ ਦੇ ਉਖੜਦਿਆਂ ਹੀ ਸਿੰਧੀ ਜਨਤਾ ਹਿੰਮਤ ਹਾਰ ਗਈ।

ਹਿੰਮਤ ਤਾਂ ਉਹ ਪਹਿਲਾਂ ਹੀ ਹਾਰੀ ਬੈਠੀ ਸੀ, ਝੰਡੇ ਦੇ ਉਖੜਨ ਨੇ ਪ੍ਰਗਟ ਕਰ ਦਿੱਤੀ।

ਅਰਬਾਂ ਨੇ ਦੇਵਲ ਦੇ ਮਰਦਾਂ ਨੂੰ ਕਤਲ ਕਰਕੇ ਸੱਤ ਸੌ ਭਿਖਸ਼ਣੀਆਂ ਨੂੰ ਬੰਦੀ ਬਣਾ ਲਿਆ। ਇਹ ਹੈ ਭਾਰਤ ਦੀ ਅੰਨ੍ਹੀ ਧਾਰਮਿਕਤਾ।

ਭਾਰਤਵਾਸੀ ਆਪਣੀ, ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਦੀ ਰਖਵਾਲੀ ਦੀ ਜ਼ਿੰਮੇਵਾਰੀ ਦੇਵੀ-ਦੇਵਤਿਆਂ ਨੂੰ ਸੌਂਪ ਕੇ ਆਪ ਸੌਂ ਜਾਂਦੇ ਰਹੇ ਹਨ।

ਇਵੇਂ ਹੀ ਜਦੋਂ ਮਹਿਮੂਦ ਗਜ਼ਨਵੀ ਸੋਮਨਾਥ ਦਾ ਮੰਦਰ ਢਾਹ ਰਿਹਾ ਸੀ ਤਾਂ ਉਥੇ ਇਕ ਲੱਖ ਬ੍ਰਾਹਮਣ, ਹਵਨ ਕਰਕੇ ਮੰਤਰਾਂ ਨਾਲ, ਮੰਦਰ ਦੀ ਰੱਖਿਆ ਕਰਨ ਦਾ ਭਰਮ ਪਾਲ ਰਹੇ ਸਨ। ਮਗਰੋਂ ਇਹੀ ਬ੍ਰਾਹਮਣ ਹੀਰੇ-ਜਵਾਹਰਾਤ ਲੈ ਕੇ ਗਜ਼ਨੀ ਜਾ ਕੇ, ਗਜ਼ਨਵੀ ਨੂੰ ਇਹ ਕਹਿਣ ਗਏ ਕਿ ਉਹ ਇਹ ਹੀਰੇ-ਮੋਤੀ ਲੈ ਲਵੇ ਅਤੇ ਮੂਰਤੀਆਂ ਦੇ ਦੇਵੇ। ਗਜ਼ਨਵੀ ਨੇ ਕਿਹਾ ਸੀ: ਮੈਂ ਮੂਰਤੀਆਂ ਵੇਚਦਾ ਨਹੀਂ, ਭੰਨਦਾ ਹਾਂ।

679

ਇਕ ਪਿੰਡ ਵਿਚ ਇਕ ਕਾਰਖਾਨਾ ਲੱਗਣਾ ਸੀ।

ਲੋਕਾਂ ਨੇ ਵਿਰੋਧ ਕੀਤਾ। ਲੋਕ ਹਰ ਨਵੀਂ ਚੀਜ਼ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਣ ਕਰਕੇ ਵਿਰੋਧ ਕਰਦੇ ਹਨ। ਉਨ੍ਹਾਂ ਨੇ ਬੋਰਡ ਭੰਨ ਦਿੱਤੇ ਅਤੇ ਆਈਆਂ ਇੱਟਾਂ ਚੁੱਕ ਕੇ ਲੈ ਗਏ।

ਕਾਰਖਾਨੇ ਵਾਲੇ ਕੁਝ ਚਿਰ ਚੁੱਪ ਰਹੇ। ਫਿਰ ਉਨ੍ਹਾਂ ਨੇ ਲੋਕ-ਸੰਪਰਕ ਵਾਲੀ ਵਿਧੀ ਵਰਤੀ। ਕੰਪਨੀ ਨੇ ਪਿੰਡ ਦੀਆਂ ਗਲੀਆਂ ਵਿੱਚ ਲਾਈਟਾਂ ਲਵਾਈਆਂ, ਡਿਸਪੈਂਸਰੀ ਖੋਲ੍ਹੀ, ਸੜਕ ਬਣਵਾਈ, ਫਿਰ ਕਾਰਖਾਨਾ ਲਾਉਣਾ ਆਰੰਭ ਕੀਤਾ।

ਸਾਰੇ ਪ੍ਰਸੰਨ ਸਨ, ਹਰ ਕੋਈ ਕਾਰਖਾਨੇ ਵਿਚ ਲੱਗਣ ਲਈ ਅਰਜ਼ੀ ਦੇ ਰਿਹਾ ਸੀ।

680

ਵਿਸ਼ਵ ਪ੍ਰਸਿੱਧ ਯੂਨਾਨੀ ਦੁਖਾਂਤ ਨਾਟਕਕਾਰ ਸੋਫੋਕਲੀਜ਼ ਆਪਣੇ ਰਚਨਾ ਕਾਰਜ ਵਿਚ ਰੁੱਝੇ ਰਹਿਣ ਕਰਕੇ, ਆਪਣੀਆਂ ਜ਼ਮੀਨਾਂ ਵਲ ਯੋਗ ਧਿਆਨ ਨਹੀਂ ਸੀ ਦੇ ਸਕਦਾ।

ਉਸ ਦੇ ਪੁੱਤਰਾਂ ਨੇ ਉਸ ਵਿਰੁੱਧ ਅਦਾਲਤ ਵਿਚ ਇਸ ਆਧਾਰ 'ਤੇ ਮੁਕੱਦਮਾ ਕਰ ਦਿੱਤਾ ਕਿ ਉਨ੍ਹਾਂ ਦੇ ਪਿਤਾ ਦੀ ਦਿਮਾਗੀ ਹਾਲਤ ਠੀਕ ਨਹੀਂ ਹੈ, ਸੋ ਜ਼ਮੀਨਾਂ ਉਨ੍ਹਾਂ ਦੇ ਹਵਾਲੇ ਕੀਤੀਆਂ ਜਾਣ। ਪੁੱਤਰ, ਆਪਣੇ ਪਿਤਾ ਨੂੰ ਪਾਗਲ ਦੱਸ ਰਹੇ ਸਨ।

www.quotesinpunjabi.ml

QuotesInPunjabi

ਅਦਾਲਤ ਨੇ ਸੋਫੋਕਲੀਜ਼ ਨੂੰ ਆਪਣਾ ਪੱਖ ਪੇਸ਼ ਕਰਨ ਲਈ ਕਿਹਾ।

ਉਸ ਸਮੇਂ ਅਦਾਲਤਾਂ ਮੁਕੱਦਮਿਆਂ ਦਾ ਫੈਸਲਾ ਜਿਊਰੀ ਦੇ ਆਧਾਰ 'ਤੇ ਕਰਦੀਆਂ ਸਨ। ਸੋਫੋਕਲੀਜ਼ ਨੇ ਉਨ੍ਹਾਂ ਦਿਨਾਂ ਵਿਚ ਹੀ ਲਿਖਿਆ ਆਪਣਾ ਨਾਟਕ 'ਰਾਜਾ ਈਡੀਪਸ' ਪੜ੍ਹ ਕੇ ਸੁਣਾਇਆ ਅਤੇ ਸੁਣਾਉਣ ਉਪਰੰਤ ਜਿਊਰੀ ਨੂੰ ਪੁੱਛਿਆ ਕਿ ਕੀ ਇਹ ਰਚਨਾ ਕਿਸੇ ਪਾਗਲ ਦਿਮਾਗ ਦੀ ਰਚਨਾ ਸੀ ?

ਸਾਰੀ ਜਿਊਰੀ ਨੇ ਸਰਬ ਸੰਮਤੀ ਨਾਲ ਸੋਫੋਕਲੀਜ਼ ਨੂੰ ਦੋਸ਼ ਤੋਂ ਮੁੱਕਤ ਹੀ ਨਹੀਂ ਕੀਤਾ, ਉਸ ਦਾ ਉਥੇ ਆਉਣ ਦਾ ਧੰਨਵਾਦ ਵੀ ਕੀਤਾ।

ਪੰਝੀ ਸੌ ਸਾਲ ਗੁਜ਼ਰ ਜਾਣ ਦੇ ਬਾਵਜੂਦ 'ਰਾਜਾ ਈਡੀਪਸ' ਅੱਜ ਵੀ ਸੰਸਾਰ ਦਾ ਸਰਵੋਤਮ ਦੁਖਾਂਤ-ਨਾਟਕ ਮੰਨਿਆ ਜਾਂਦਾ ਹੈ।

681

ਸਵਾਮੀ ਸ਼ਰਧਾਨੰਦ ਨੇ, ਆਰੀਆ ਸਮਾਜ ਦੇ ਬਾਨੀ ਸਵਾਮੀ ਦਯਾਨੰਦ ਤੋਂ ਪ੍ਰੇਰਿਤ ਹੋ ਕੇ ਜਲੰਧਰ ਵਿਚ ਕੰਨਿਆ ਮਹਾਵਿਦਿਆਲਾ ਖੋਲ੍ਹਣ ਦਾ ਉਪਰਾਲਾ ਕੀਤਾ। ਇਕ ਮਕਾਨ ਵਿਚ ਵਿਦਿਆਲੇ ਦਾ ਆਰੰਭ ਹੋਇਆ। ਛੇ ਲੜਕੀਆਂ ਦਾਖਲ ਹੋਈਆਂ।

ਪੰਡਤਾਂ ਨੇ ਵੇਦਾਂ ਦਾ ਹਵਾਲਾ ਦੇ ਕੇ ਲੜਕੀਆਂ ਲਈ ਵਿਦਿਆਲਾ ਖੋਲ੍ਹਣ ਦੀ ਨਿੰਦਾ ਕੀਤੀ। ਡਰਦਿਆਂ ਮਾਪਿਆਂ ਨੇ, ਲੜਕੀਆਂ ਨੂੰ ਭੇਜਣਾ ਬੰਦ ਕਰ ਦਿੱਤਾ। ਕੁਝ ਚਿਰ ਮਗ਼ਰੋਂ ਮੁੜ ਉਪਰਾਲਾ ਕੀਤਾ ਗਿਆ ਪਰ ਪਹਿਲੇ ਨਾਲੋਂ ਵੀ ਵਧੇਰੇ ਵਿਰੋਧ ਹੋਇਆ।

ਸਵਾਮੀ ਜੀ ਨੇ ਨਵਾਂ ਢੰਗ ਅਪਣਾਇਆ। ਵਿਦਿਆਲਾ ਖੋਲ੍ਹਣ ਦੀ ਥਾਂ ਮਹਿਲਾਵਾਂ ਲਈ ਵਿਦਿਆ ਦਾ ਮਹੱਤਵ ਉਜਾਗਰ ਕੀਤਾ। ਉਨ੍ਹਾਂ ਨੇ ਹਮ-ਖਿਆਲ ਲੋਕਾਂ ਨੂੰ ਨਾਲ ਟੋਰਿਆ। ਕਈ ਵਿਅਕਤੀ ਉਨ੍ਹਾਂ ਦੇ ਸਾਥੀ ਬਣੇ।

ਤਾਲਿਬਾਨਾਂ ਵਾਂਗ, ਪੰਡਤਾਂ ਨੇ ਫਿਰ ਵਿਰੋਧ ਕੀਤਾ ਅਤੇ ਪ੍ਰਚਾਰ ਕੀਤਾ ਕਿ ਜੇ ਮਹਿਲਾਵਾਂ ਪੜ੍ਹ-ਲਿਖ ਗਈਆਂ ਤਾਂ ਸਮਾਜ ਭ੍ਰਿਸ਼ਟ ਹੋ ਜਾਵੇਗਾ, ਅੰਤ ਨੂੰ 1891 ਵਿਚ ਜਲੰਧਰ ਦਾ ਕੰਨਿਆ ਮਹਾਵਿਦਿਆਲਾ ਸਥਾਪਤ ਹੋਇਆ, ਜਿਥੇ ਲੜਕੀਆਂ ਨੂੰ ਦਾਖ਼ਲ ਹੋਣ ਲਈ ਪ੍ਰੇਰਨ ਵਾਸਤੇ ਕੱਪੜੇ, ਕਿਤਾਬਾਂ ਅਤੇ ਭੋਜਨ ਵੀ ਦਿੱਤਾ ਜਾਂਦਾ ਸੀ।

ਹੋਸਟਲ ਉਸਾਰਿਆ ਗਿਆ, ਜਿੱਥੇ ਸਾਰੇ ਭਾਰਤ ਤੋਂ ਲੜਕੀਆਂ ਦਾਖਲ ਹੋਈਆਂ।

ਕੋਈ ਵੀ ਪਰਿਵਰਤਨ ਸੌਖਿਆਂ ਨਹੀਂ ਆਉਂਦਾ ਪਰ ਮਹਿਲਾਵਾਂ ਦੇ ਸਬੰਧ ਵਿਚ ਹਰ ਪਰਿਵਰਤਨ ਵਧੇਰੇ ਮੁਸ਼ਕਲ ਹੁੰਦਾ ਹੈ।

682

ਪੰਜ ਡਾਕੂ ਇਕ ਬੇੜੀ ਵਿਚ ਜਾ ਰਹੇ ਸਨ। ਬੇੜੀ ਦਰਿਆ ਦੇ ਪੁਲ ਕੋਲ ਪਹੁੰਚੀ ਹੋਈ ਸੀ ਅਤੇ ਪੁਲ ਦੇ ਉਪਰੋਂ ਗੱਡੀ ਲੰਘਣ ਦਾ ਵਕਤ ਸੀ। ਪੁਲ ਡੇਢ ਸੌ ਸਾਲ ਪੁਰਾਣਾ ਸੀ ਅਤੇ ਕਈ ਵਾਰ ਮੁਰੰਮਤ ਹੋ ਚੁਕਾ ਸੀ। ਬੇੜੀ ਠੀਕ ਸੀ, ਗੱਡੀ ਵੀ ਠੀਕ ਸੀ ਪਰ ਪੁਲ ਠੀਕ ਨਹੀਂ ਸੀ, ਕਿਉਂਕਿ ਪੁੱਲ, ਵੱਡਾ ਝਟਕਾ ਲਗਣ 'ਤੇ ਟੁੱਟ ਵੀ ਸਕਦਾ ਸੀ।

www.quotesinpunjabi.ml

QuotesInPunjabi

ਜਦੋਂ ਬੇੜੀ ਪੁੱਲ ਹੇਠੋਂ ਲੰਘ ਰਹੀ ਸੀ, ਉਸੇ ਵੇਲੇ ਪੁਲ ਉਤੇ ਰੋਜ਼ ਵਾਂਗ ਤੇਜ਼ ਗੱਡੀ ਆ ਗਈ। ਪਹਿਲੇ ਪੁਲ ਡਗਮਗਾਇਆ ਅਤੇ ਫਿਰ ਧੜੰਮ ਕਰਕੇ ਗੱਡੀ ਦੇ ਡੱਬੇ ਸਮੇਤ ਬੇੜੀ ਉਪਰ ਡਿੱਗ ਪਿਆ। ਕਈ ਸਵਾਰੀਆਂ ਅਤੇ ਬੇੜੀ ਵਿਚ ਬੈਠੇ ਸਾਰੇ ਡਾਕੂ ਮਾਰੇ ਗਏ।

ਬੇੜੀ ਅਤੇ ਗੱਡੀ ਦਾ ਪੁੱਲ ਦੇ ਥੱਲੇ-ਉਪਰ ਹੋਣਾ ਅਤੇ ਗੱਡੀ ਦੇ ਬੋਝ ਅਤੇ ਰਫਤਾਰ ਨਾਲ ਪੁਲ ਦਾ ਡਗਮਗਾਉਣਾ, ਇਨ੍ਹਾਂ ਤਿੰਨ ਗੱਲਾਂ ਦਾ ਇਕੋ ਵੇਲੇ ਵਾਪਰਨਾ ਸਾਧਾਰਨ ਬੁੱਧੀ ਵਾਲੇ ਲੋਕਾਂ ਲਈ ਅਚੰਭਾ, ਸੰਜੋਗ ਅਤੇ ਕਰਾਮਾਤ ਹੋਵੇਗਾ ਪਰ ਸਭ ਕੁਝ ਕੈਮਿਸਟਰੀ ਅਤੇ ਫਿਜ਼ਿਕਸ ਦੇ ਨੇਮਾਂ ਅਨੁਸਾਰ ਵਾਪਰਿਆ ਸੀ।

ਇਨ੍ਹਾਂ ਤਿੰਨਾਂ ਦਾ ਇਕੋ ਵੇਲੇ ਵਾਪਰਨਾ, ਧਾਰਮਿਕ ਲੋਕਾਂ ਨੂੰ ਰਹੱਸਮਈ ਲਗੇਗਾ ਪਰ ਇਸ ਘਟਨਾ ਵਿਚ ਕੋਈ ਰਹੱਸ ਨਹੀਂ ਹੈ। ਧਾਰਮਿਕ ਬਿਰਤੀ ਵਾਲੇ ਕਹਿਣਗੇ ਕਿ ਡਾਕੂਆਂ ਨੂੰ ਦੰਡ ਮਿਲਣਾ ਸੀ, ਇਸ ਕਰਕੇ ਇਹ ਸਾਰਾ ਕੁਝ ਵਾਪਰਿਆ ਪਰ ਜਦੋਂ ਉਨ੍ਹਾਂ ਨਾਲ ਗੱਡੀ ਦੇ ਕਈ ਹੋਰ ਮੁਸਾਫਰਾਂ ਦੇ ਅਜਾਈਂ ਮਾਰੇ ਜਾਣ ਦੀ ਗੱਲ ਕਰੋਗੇ ਤਾਂ ਉਹ ਕਹਿਣਗੇ ਕਿ ਉਨ੍ਹਾਂ ਨੇ ਵੀ ਜ਼ਰੂਰ ਕੋਈ ਪਾਪ ਕੀਤਾ ਹੋਵੇਗਾ।

ਅਜਿਹੀਆਂ ਘਟਨਾਵਾਂ ਨੂੰ ਇਹ ਲੋਕ ਕੌਤਕ ਅਤੇ ਕਰਾਮਾਤ ਕਹਿਣਗੇ, ਕਈ ਇਸ ਨੂੰ ਕਿਸਮਤ ਕਹਿਣਗੇ ਪਰ ਨਾ ਇਹ ਕੌਤਕ ਹੈ, ਨਾ ਹੀ ਕਰਾਮਾਤ, ਇਹ ਕਿਸੇ ਦਾ ਪਾਪ ਵੀ ਨਹੀਂ ਹੈ, ਨਾ ਹੀ ਇਹ ਕਿਸਮਤ ਹੈ। ਇਸ ਘਟਨਾ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਬੜੀ ਸੌਖ ਨਾਲ ਪ੍ਰਗਟਾਇਆ ਜਾ ਸਕਦਾ ਹੈ ਪਰ ਵਿਗਿਆਨਕ ਵਿਆਖਿਆ ਨੂੰ, ਸਮਝਿਆ ਉਸ ਵਲੋਂ ਹੀ ਜਾਵੇਗਾ, ਜਿਸ ਦੀ ਦ੍ਰਿਸ਼ਟੀ ਵਿਗਿਆਨਕ ਹੋਵੇਗੀ।

683

ਫਰਾਂਸ ਵਿਚ ਚੰਗਾ ਪਹਿਨਣਾ, ਚੰਗਾ ਖਾਣਾ, ਚੰਗਾ ਲਗਣਾ ਅਤੇ ਪਿਆਰ ਕਰਨਾ ਇਸਤਰੀ-ਪੁਰਸ਼ ਦੋਹਾਂ ਦਾ ਕੌਮੀ ਸ਼ੌਕ ਹੈ।

ਫਰਾਂਸ ਦੀ ਰਾਜਧਾਨੀ ਪੈਰਿਸ ਵਿਚ ਇਕ ਵਿਅਕਤੀ ਦੀਆਂ ਦੋ ਪ੍ਰੇਮਿਕਾਵਾਂ ਸਨ, ਉਹ ਉਨ੍ਹਾਂ ਨੂੰ ਵਾਰੀ-ਵਾਰੀ ਆਪਣੇ ਕਮਰੇ ਵਿਚ ਬੁਲਾਉਂਦਾ ਸੀ।

ਇਸਤਰੀ, ਜਦੋਂ ਪ੍ਰੇਮੀ ਨੂੰ ਉਸ ਦੇ ਘਰ ਮਿਲਣ ਉਪਰੰਤ, ਉਥੋਂ ਰਵਾਨਾ ਹੁੰਦੀ ਹੈ ਤਾਂ ਹੋਰ ਚੀਜ਼ਾਂ ਦੇ ਨਾਲ-ਨਾਲ, ਉਹ ਆਪਣੇ ਵਾਲ ਜ਼ਰੂਰ ਸੰਵਾਰਦੀ ਹੈ।

ਸ਼ੀਸ਼ੇ ਸਾਹਮਣੇ ਆਪਣੇ ਵਾਲ ਸੰਵਾਰਦਿਆਂ, ਇਕ ਵਾਰੀ ਇਕ ਪ੍ਰੇਮਿਕਾ ਨੇ ਵੇਖਿਆ ਕਿ ਉਥੇ ਵਾਲਾਂ ਵਾਲੀ ਇਕ ਸੂਈ ਪਈ ਸੀ। ਉਹ ਸਮਝ ਗਈ ਕਿ ਇਥੇ ਕਿਸੇ ਹੋਰ ਇਸਤਰੀ ਦਾ ਵੀ ਆਣ-ਜਾਣ ਹੈ। ਉਸ ਇਸਤਰੀ ਨੇ ਆਪਣੇ ਵਾਲਾਂ ਦੀ ਇਕ ਸੂਈ ਉਸ ਸੂਈ ਦੇ ਨਾਲ ਰੱਖ ਦਿੱਤੀ। ਫਿਰ ਦੂਜੀ ਵੀ ਸਮਝ ਗਈ ਕਿ ਇਥੇ ਕੋਈ ਹੋਰ ਵੀ ਆਉਂਦੀ ਹੈ।

ਉਹ ਦੋਵੇਂ ਪ੍ਰੇਮਿਕਾਵਾਂ ਆਪਸ ਵਿਚ ਵਾਲਾਂ ਦੀਆਂ ਸੂਈਆਂ ਰਾਹੀਂ ਗੱਲਬਾਤ ਕਰਨ ਲੱਗ ਪਈਆਂ। ਸੂਈਆਂ ਦੇ ਸੰਕੇਤ ਨਾਲ ਉਨ੍ਹਾਂ ਨੇ ਇਕ-ਦੂਜੀ ਨੂੰ ਲੱਭ ਲਿਆ।

ਜਦੋਂ ਅਗਲੀ ਵਾਰ ਪ੍ਰੇਮੀ ਨੇ ਇਕ ਨੂੰ ਬੁਲਾਇਆ ਤਾਂ ਦੋਵੇਂ ਉਥੇ ਪਹੁੰਚ ਗਈਆਂ ਅਤੇ ਉਸ ਦਿਨ ਦੋਹਾਂ ਨੇ, ਇਕ ਮਿਆਨ ਵਿਚ ਦੋ ਤਲਵਾਰਾਂ ਪਾਉਣ ਵਾਲੇ ਪ੍ਰੇਮੀ ਨੂੰ, ਕੁਟਾਪਾ ਚਾੜ੍ਹ ਕੇ ਆਪਣਾ ਮਨੋਰੰਜਨ ਕੀਤਾ ਅਤੇ ਉਸ ਨੂੰ ਤਿਆਗ ਦਿੱਤਾ।

www.quotesinpunjabi.ml

QuotesInPunjabi

ਉਸ ਦਾ ਰੰਗ ਕਾਲਾ ਤਾਂ ਨਹੀਂ ਪਰ ਸਾਂਵਲਾ ਸੀ। ਮਾਪਿਆਂ ਨੇ ਉਸ ਦਾ ਨਾਂ ਸਾਹਿਬਾ ਰੱਖਿਆ ਸੀ ਪਰ ਆਂਢ-ਗੁਆਂਢ, ਉਸ ਨੂੰ ਕਾਲੀ ਕਹਿ ਕੇ ਬੁਲਾਉਂਦਾ ਸੀ।

ਜਦੋਂ ਉਹ ਕਿਸੇ ਸਮਾਗਮ ਵਿਚ ਜਾਂਦੀ ਤਾਂ ਸਾਰੇ ਗੋਰੀਆਂ ਲੜਕੀਆਂ ਵਲ ਧਿਆਨ ਦਿੰਦੇ ਅਤੇ ਕਾਲੀ ਹੋਣ ਕਰਕੇ ਉਸ ਨੂੰ ਕੋਈ ਨਾ ਗੌਲਦਾ।

ਹੋਰ ਲੜਕੀਆਂ ਆਪਣਾ ਰੰਗ ਗੋਰਾ ਕਰਨ ਦੀਆਂ ਕਰੀਮਾਂ ਦੀਆਂ ਗੱਲਾਂ ਕਰਦੀਆਂ ਪਰ ਉਹ ਉਨ੍ਹਾਂ ਦੀਆਂ ਗੱਲਾਂ ਸੁਣ ਲੈਂਦੀ ਸੀ ਪਰ ਕਹਿੰਦੀ ਕੁਝ ਨਹੀਂ ਸੀ।

ਉਸ ਨੂੰ ਇਕੱਲਿਆਂ ਰਹਿਣ ਦੀ ਆਦਤ ਪੈ ਗਈ ਸੀ। ਉਸ ਨੇ ਚਿੱਤਰਕਲਾ, ਸੰਗੀਤ, ਗਾਉਣ ਆਦਿ ਦੇ ਸ਼ੌਕ ਪਾਲ ਲਏ। ਕਈ ਵਾਰੀ ਉਸ ਦੀ ਮਾਂ ਕਹਿੰਦੀ ਸੀ ਕਿ ਉਹ ਆਪਣੀ ਸਾਹਿਬਾ ਵਾਸਤੇ ਗੋਰੇ ਰੰਗ ਦੀ ਕਰੀਮ ਬਣਾਏਗੀ। ਸਾਹਿਬਾ ਸੋਚਦੀ ਰਹਿੰਦੀ ਕਿ ਪਤਾ ਨਹੀਂ ਉਹ ਕਰੀਮ ਕਦੋਂ ਬਣੇਗੀ? ਜਦੋਂ ਵੀ ਮਾਂ ਵਧੇਰੇ ਰੁਝੀ ਹੁੰਦੀ, ਸਾਹਿਬਾ ਸੋਚਦੀ ਕਿ ਮਾਂ ਉਸ ਵਾਸਤੇ ਕਰੀਮ ਬਣਾ ਰਹੀ ਸੀ। ਮਾਂ, ਸਾਹਿਬਾ ਦਾ ਬੜਾ ਧਿਆਨ ਰਖਦੀ ਸੀ।

ਕਾਲੀ, ਬੜੀ ਤਿੱਖੀ ਸੀ, ਉਹ ਹਰ ਇਮਤਿਹਾਨ, ਹਰ ਮੁਕਾਬਲੇ ਵਿਚ ਅਵਲ ਆਉਂਦੀ, ਪਰ ਉਸ ਨੂੰ ਆਪਣਾ ਰੰਗ ਪਸੰਦ ਨਹੀਂ ਸੀ।

ਜਦੋਂ ਉਹ ਕਾਲਜ ਦਾਖਲ ਹੋ ਗਈ ਤਾਂ ਉਥੇ ਵੀ ਹਰ ਕੰਮ ਵਿਚ ਅਵਲ ਆਉਣ ਕਰਕੇ ਅਤੇ ਉਸਦੇ ਸਹਿਯੋਗੀ ਸੁਭਾਓ ਕਰਕੇ ਉਸ ਨੂੰ ਕਾਲੀ ਨਹੀਂ, ਬਲੈਕੀ ਵੀ ਨਹੀਂ, ਮਿਸ ਸਾਂਵਲੀ ਕਿਹਾ ਜਾਣ ਲੱਗ ਪਿਆ।

ਜਦੋਂ ਉਹ ਯੂਨੀਵਰਸਿਟੀ ਵਿਚ ਦਾਖਲ ਹੋਈ ਤਾਂ ਉਸ ਦੇ ਕਾਰਜਾਂ ਦਾ ਘੇਰਾ ਹੋਰ ਵਿਸ਼ਾਲ ਹੋ ਗਿਆ। ਉਹ ਹਰ ਪ੍ਰੀਖਿਆ ਅਤੇ ਮੁਕਾਬਲੇ ਵਿਚ ਅਵਲ ਆਉਣ ਲੱਗ ਪਈ, ਉਸ ਦੀ ਲਿਖਾਈ ਬੜੀ ਸੋਹਣੀ ਸੀ, ਉਸ ਦੀ ਪੇਸ਼ਕਾਰੀ ਪ੍ਰਭਾਵਸ਼ਾਲੀ ਹੁੰਦੀ ਸੀ। ਹੁਣ ਸਾਰੇ ਉਸ ਨੂੰ ਸਾਹਿਬਾ ਕਹਿੰਦੇ ਸਨ। ਉਹ ਮੁਕਾਬਲੇ ਦੀ ਪ੍ਰੀਖਿਆ ਵਿਚ ਬੈਠੀ। ਉਸ ਵਿਚ ਵੀ ਉਹ ਜਦੋਂ ਪਹਿਲੇ ਯਤਨ ਵਿਚ ਹੀ ਸਫਲ ਹੋਈ ਤਾਂ, ਸਾਰੇ ਉਸ ਨੂੰ 'ਮਿਸ ਕਮਾਲ' ਕਹਿਣ ਲੱਗ ਪਏ, ਕਿਉਂਕਿ ਹਰ ਕੋਈ ਕਹਿੰਦਾ ਸੀ ਕਿ ਸਾਹਿਬਾ ਨੇ ਤਾਂ ਕਮਾਲ ਕਰ ਦਿੱਤੀ ਹੈ।

ਫਿਰ ਉਸ ਨੂੰ ਇਕ ਹੋਣਹਾਰ ਲੜਕੇ ਦਾ ਰਿਸ਼ਤਾ ਆਇਆ, ਬਣਨ ਵਾਲੀ ਸੱਸ ਨੇ ਕਿਹਾ 'ਸਾਹਿਬਾ ਤਾਂ ਹੀਰੇ ਵਾਂਗ ਚਮਕਦੀ ਹੈ।'

ਜਦੋਂ ਉਸ ਦੀ ਮੰਗਣੀ ਹੋ ਰਹੀ ਸੀ ਤਾਂ ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਦੋ ਹੰਝੂ ਡਿੱਗੇ, ਇਕ ਸਾਹਿਬਾ ਦੀ ਮਾਂ ਹੋਣ ਦੇ ਮਾਣ ਦਾ ਅਤੇ ਦੂਜਾ ਉਸ ਦੇ ਕਾਲੇ ਰੰਗ ਨੂੰ ਗੁਣਾਂ ਨਾਲ ਗੋਰਾ ਬਣਾਉਣ ਦਾ। ਸਾਹਿਬਾ ਦੀਆਂ ਅੱਖਾਂ ਵਿਚੋਂ ਵੀ ਦੋ ਅਥਰੂ ਡਿੱਗੇ, ਇਕ ਮਾਂ ਦੇ ਧੰਨਵਾਦ ਦਾ ਅਤੇ ਦੂਜਾ ਮਾਂ ਦੀ ਬਣਾਈ ਗੋਰੇ ਰੰਗ ਦੀ ਕਰੀਮ ਮਿਲ ਜਾਣ ਦਾ।

www.quotesinpunjabi.ml

QuotesInPunjabi

685

ਦਾਰਾ ਸ਼ਿਕੋਹ ਬਾਦਸ਼ਾਹ ਵਾਂਗ ਜੀਵਿਆ ਪਰ ਪ੍ਰਸਿੱਧ ਫਕੀਰ ਵਜੋਂ ਹੋਇਆ। ਇਸ ਲਈ ਉਸ ਨੂੰ ਪੀਰ-ਏ-ਕਾਮਿਲ ਕਿਹਾ ਜਾਂਦਾ ਹੈ।

ਉਸ ਦੀ ਮੌਤ 'ਤੇ ਅੱਲਾ ਨੇ ਉਸ ਨੂੰ ਸਦੀਵੀ ਬਾਦਸ਼ਾਹੀ ਬਖਸ਼ੀ ਸੀ।

ਦਾਰਾ ਸ਼ਿਕੋਹ ਨੇ ਸਾਬਤ ਕੀਤਾ ਸੀ ਕਿ ਬਾਦਸ਼ਾਹੀ ਸੌਖੀ ਹੈ, ਫਕੀਰੀ ਔਖੀ ਹੈ, ਕਿਉਂਕਿ ਬਾਦਸ਼ਾਹੀ ਕਾਬਜ਼ ਹੋਣ ਦਾ ਅਮਲ ਹੈ, ਫਕੀਰੀ ਤਿਆਗਣ ਦੀ ਜਦੋਜਹਿਦ ਹੈ।

ਇਸੇ ਕਰਕੇ ਕਿਹਾ ਜਾਂਦਾ ਹੈ ਕਿ ਸਭ ਤੋਂ ਵੱਧ ਅਧੂਰੀਆਂ ਖਾਹਿਸ਼ਾਂ ਬਾਦਸ਼ਾਹਾਂ ਦੀਆਂ ਹੁੰਦੀਆਂ ਹਨ। ਬਾਦਸ਼ਾਹਾਂ ਨੂੰ ਸਬਰ ਨਹੀਂ ਹੁੰਦਾ।

ਸਭ ਤੋਂ ਵੱਧ ਅਮੀਰ ਅਤੇ ਦੌਲਤਮੰਦ ਫਕੀਰ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਕੋਈ ਖਾਹਿਸ਼ ਹੀ ਨਹੀਂ ਹੁੰਦੀ। ਉਹ ਕਿਸੇ ਚੀਜ਼ 'ਤੇ ਕਾਬਜ਼ ਨਹੀਂ ਹੁੰਦੇ।

ਬਾਦਸ਼ਾਹੀ ਹਰ ਕਤਰੇ ਨੂੰ ਮੋਤੀ ਸਮਝਣ ਦਾ ਭੁਲੇਖਾ ਖਾਂਦੀ ਹੈ।

ਫਕੀਰੀ ਹਰ ਬੂੰਦ ਵਿਚ, ਸਾਗਰ ਭਰ ਦਿੰਦੀ ਹੈ।

686

ਇਕ ਸਿਆਣਾ ਕਿਸਾਨ ਜਦੋਂ ਮਰਨ ਲੱਗਿਆ ਤਾਂ ਉਸ ਨੇ ਆਪਣੇ ਚਾਰੇ ਪੁੱਤਰ ਬੁਲਾਏ ਅਤੇ ਉਨ੍ਹਾਂ ਨੂੰ ਕਿਹਾ, ਵਾਹੀ ਇਕੱਠੀ ਕਰਨੀ, ਜਦੋਂ ਫਸਲ ਆਵੇ ਤਾਂ ਹਰ ਕੋਈ ਪਹਿਲਾਂ ਆਪਣੇ ਭਰਾ ਦਾ ਕੋਠਾ ਭਰੇ, ਆਪਣੇ ਘਰ ਫਸਲ ਬਾਅਦ ਵਿਚ ਲਿਆਵੇ।

ਮੇਰੀ ਸਿੱਖਿਆ 'ਤੇ ਚੱਲੋਗੇ ਤਾਂ ਸੁਖੀ ਰਹੋਗੇ। ਇਹ ਕਹਿਕੇ ਕਿਸਾਨ ਮਰ ਗਿਆ।

ਚਾਰੇ ਭਰਾ ਵਾਹੀ ਵਿਚ ਜੁੱਟ ਗਏ। ਫਸਲ ਬੀਜੀ, ਸਿੰਜੀ, ਪਾਲੀ, ਵਾਢੀ ਦਾ ਵੇਲਾ ਆ ਗਿਆ। ਜਦੋਂ ਬੋਹਲ ਬਣ ਗਿਆ ਤਾਂ ਕਣਕ ਘਰ ਢੋਣ ਲੱਗਿਆਂ, ਉਨ੍ਹਾਂ ਨੇ ਪਿਤਾ ਦੀ ਕਹੀ ਗੱਲ ਯਾਦ ਰੱਖੀ। ਜਿਹੜਾ ਬੋਰੀ ਲਿਆਵੇ ਦੂਜੇ ਦੇ ਕੋਠੇ ਵਿਚ ਢੋਈ ਜਾਵੇ। ਸਾਰੇ ਕੋਠੇ ਭਰ ਗਏ ਪਰ ਬੋਹਲ ਉਤਨੇ ਦਾ ਉਤਨਾ, ਮੁੱਕਣ ਵਿਚ ਹੀ ਨਾ ਆਵੇ।

ਬੜੇ ਹੈਰਾਨ ਹੋਏ, ਅਸਮਾਨ ਵਲ ਵੇਖਣ ਲੱਗੇ, ਜਿਵੇਂ ਪਿਤਾ ਨੂੰ ਕੁਝ ਪੁੱਛਣਾ ਹੋਵੇ।

ਅਕਾਸ਼ਬਾਣੀ ਹੋਈ: ਜਿਤਨਾ ਚਿਰ ਭਰਾ ਦਾ ਘਰ ਭਰਦੇ ਰਹੋਗੇ, ਇਹ ਬੋਹਲ ਨਹੀਂ ਮੁੱਕਣਾ। ਦੂਜੇ ਦਾ ਘਰ ਭਰ ਕੇ ਆਪਣੀ ਖੁਸ਼ਹਾਲੀ ਦਾ ਆਨੰਦ ਮਾਣੋ।

687

ਜਦੋਂ ਤਰਕ ਉਸਰ ਜਾਵੇ ਤਾਂ ਫੈਸਲਾ ਹੋ ਜਾਂਦਾ ਹੈ, ਕਿਉਂਕਿ ਹਰ ਫੈਸਲੇ ਵਿਚ ਤਰਕ ਹੁੰਦਾ ਹੈ ਅਤੇ ਹਰ ਮੰਨਣਯੋਗ ਫੈਸਲਾ ਤਰਕ 'ਤੇ, ਦਲੀਲ 'ਤੇ ਟਿਕਿਆ ਹੁੰਦਾ ਹੈ।

ਇਕ ਹਵਾਈ ਹਾਦਸੇ ਵਿਚ ਸਾਰੀਆਂ ਸਵਾਰੀਆਂ ਮਾਰੀਆਂ ਗਈਆਂ ਸਨ। ਸਵਾਰੀਆਂ ਵਿਚ ਇਕ ਵਿਧਵਾ ਅਤੇ ਉਸ ਦੀ ਧੀ ਵੀ ਸਨ, ਜਿਨ੍ਹਾਂ ਦੀ ਭਾਰੀ ਜਾਇਦਾਦ ਸੀ।

ਉਨ੍ਹਾਂ ਦੇ ਦੇਸ਼ ਦੇ ਕਾਨੂੰਨ ਅਨੁਸਾਰ ਜੇ ਮਾਂ ਪਹਿਲਾਂ ਮਰਦੀ ਹੈ ਤਾਂ ਜਾਇਦਾਦ ਦੀ ਵਾਰਿਸ ਧੀ ਬਣਦੀ ਹੈ ਅਤੇ ਧੀ ਦੇ ਮਰਨ ਉਪਰੰਤ ਉਹ ਜਾਇਦਾਦ ਉਸ ਦੇ ਚਾਚਿਆਂ-

www.quotesinpunjabi.ml

QuotesInPunjabi
ਭਾਇਆਂ ਕੋਲ ਜਾਂਦੀ ਹੈ। ਜੇ ਧੀ ਪਹਿਲਾਂ ਮਰਦੀ ਹੈ ਅਤੇ ਮਾਂ ਮਗਰੋਂ ਮਰਦੀ ਹੈ ਤਾਂ ਉਹ ਜਾਇਦਾਦ ਮਾਂ ਦੇ ਭਰਾਵਾਂ ਜਾਂ ਧੀ ਦੇ ਮਾਮਿਆਂ ਕੋਲ ਜਾਂਦੀ ਹੈ।

ਇਹ ਪਤਾ ਲਾਉਣਾ ਸੰਭਵ ਨਹੀਂ ਸੀ ਕਿ ਕੌਣ ਪਹਿਲਾਂ ਮਰਿਆ ਸੀ ਅਤੇ ਕੌਣ ਮਗਰੋਂ, ਕਿਉਂਕਿ ਕਿਸੇ ਮਰੀ ਸਵਾਗੀ ਦੀ ਪਛਾਣ ਹੀ ਨਹੀਂ ਸੀ ਹੋਈ।

ਇਹ ਮੁਕੱਦਮਾ ਬੜਾ ਪ੍ਰਸਿੱਧ ਹੋਇਆ ਸੀ ਅਤੇ ਜੱਜ ਨੇ ਜੋ ਨਿਰਣਾ ਦਿੱਤਾ ਸੀ, ਉਹ ਵਿਸ਼ਵ ਵਿਚ ਅਨੇਕਾਂ ਅਜਿਹੇ ਕੇਸਾਂ 'ਤੇ ਲਾਗੂ ਕੀਤਾ ਜਾਂਦਾ ਹੈ।

ਜੱਜ ਨੇ ਨਿਰਣਾ ਦਿੱਤਾ: ਕਿਉਂਕਿ ਜਾਣਿਆ ਨਹੀਂ ਜਾ ਸਕਦਾ ਕਿ ਕੌਣ ਪਹਿਲਾਂ ਮਰਿਆ ਅਤੇ ਕੌਣ ਮਗਰੋਂ, ਸੋ ਅਸੀਂ ਕੁਦਰਤ ਦਾ ਕਾਨੂੰਨ ਵੇਖਾਂਗੇ। ਕੁਦਰਤ ਦੇ ਕਾਨੂੰਨ ਅਨੁਸਾਰ ਵੱਡੀ ਉਮਰ ਦਾ ਵਿਅਕਤੀ ਪਹਿਲਾਂ ਅਤੇ ਛੋਟੀ ਉਮਰ ਦਾ ਵਿਅਕਤੀ ਮਗਰੋਂ ਮਰਦਾ ਹੈ, ਸੋ ਇਸ ਕੇਸ ਵਿਚ ਮਾਂ ਪਹਿਲਾਂ ਮਰੀ ਮੰਨੀ ਜਾਵੇਗੀ ਅਤੇ ਧੀ ਮਗਰੋਂ ਮਰੀ ਮੰਨੀ ਜਾਵੇਗੀ। ਇਸ ਲਈ ਇਹ ਜਾਇਦਾਦ ਧੀ ਦੇ ਚਾਚਿਆਂ-ਤਾਇਆਂ ਨੂੰ ਜਾਵੇਗੀ।

ਤਰਕ ਉਸਰ ਗਿਆ, ਦਲੀਲ ਬਣ ਗਈ, ਫੈਸਲਾ ਹੋ ਗਿਆ।

688

ਇਕ ਲੜਕੀ ਦਾ ਕਾਨਪੁਰ ਵਿਚ ਇਕ ਅਜਿਹੇ ਪਰਿਵਾਰ ਵਿਚ ਵਿਆਹ ਹੋਇਆ, ਜਿਹੜੇ ਚਮੜੇ ਦਾ ਕਾਰੋਬਾਰ ਕਰਦੇ ਸਨ। ਸ਼ੁਰੂ-ਸ਼ੁਰੂ ਵਿਚ ਉਸ ਨੂੰ ਚਮੜੇ ਦੀ ਬਦਬੂ ਬੜਾ ਪਰੇਸ਼ਾਨ ਕਰਦੀ ਸੀ। ਉਹ ਜਦੋਂ ਪੇਕੇ ਆਈ ਤਾਂ ਉਸ ਨੇ ਮਾਪਿਆਂ ਨੂੰ ਸ਼ਿਕਾਇਤ ਕੀਤੀ ਕਿ ਚਮੜੇ ਦੀ ਬਦਬੂ ਕਾਰਨ ਉਹ ਉਥੇ ਨਹੀਂ ਰਹਿ ਸਕਦੀ।

ਸਿਆਣੇ ਅਤੇ ਤਜਰਬੇਕਾਰ ਪਿਤਾ ਨੇ ਕਿਹਾ: ਕੁਝ ਚਿਰ ਹੋਰ ਰਹਿ ਕੇ ਵੇਖ ਲੈ, ਜੇ ਬਦਬੂ ਦੀ ਪਰੇਸ਼ਾਨੀ ਜਾਰੀ ਰਹੀ ਤਾਂ ਕੋਈ ਹੋਰ ਬੰਦੋਬਸਤ ਕਰਾਂਗੇ ਪਰ ਬਦਬੂ ਹਟਾਉਣ ਦਾ ਇਕ ਸੌਖਾ ਢੰਗ ਇਹ ਹੈ ਕਿ ਤੂੰ ਸਾਰੇ ਘਰ ਨੂੰ ਸਾਫ-ਸੁੱਥਰਾ ਰਖਿਆ ਕਰ।

ਲਗਭਗ ਛੇ ਮਹੀਨੇ ਮਗਰੋਂ, ਜਦੋਂ ਧੀ ਫਿਰ ਪੇਕੇ ਆਈ ਤਾਂ ਉਸ ਨੇ ਖੁਸ਼ੀ ਨਾਲ ਕਿਹਾ ਬਦਬੂ ਘਟ ਗਈ ਹੈ ਪਰ ਪੂਰੀ ਤਰ੍ਹਾਂ ਮੁੱਕੀ ਨਹੀਂ।

ਪਿਤਾ ਨੇ ਫਿਰ ਕਿਹਾ: ਸਫਾਈ ਰੱਖਿਆ ਕਰ ਅਤੇ ਧੂਪ ਅਗਰਬੱਤੀ ਵੀ ਵਰਤਿਆ ਕਰ। ਧੀ ਨੇ ਘਰ ਨੂੰ ਸਾਫ ਰੱਖਣ ਅਤੇ ਆਪ ਸਫਾਈ ਰੱਖਣ ਦਾ ਉਪਰਾਲਾ ਜਾਰੀ ਰੱਖਿਆ ਅਤੇ ਜਦੋਂ ਉਸ ਨੂੰ ਚਮੜੇ ਦੀ ਗੰਧ ਬਰਦਾਸ਼ਤ ਕਰਨ ਦੀ ਆਦਤ ਪੈ ਗਈ ਤਾਂ ਉਸ ਨੇ ਸਹੁਰਿਆਂ ਨੂੰ ਕਹਿਣਾ ਆਰੰਭ ਕੀਤਾ ਕਿ ਤੁਹਾਡੇ ਘਰ ਵਿਚੋਂ ਤਾਂ ਚਮੜੇ ਦੀ ਬਦਬੂ ਆਉਂਦੀ ਸੀ, ਜਿਹੜੀ ਮੈਂ ਹੀ ਸਫਾਈ ਰੱਖ-ਰੱਖ ਕੇ ਦੂਰ ਕੀਤੀ ਹੈ।

689

ਜਿਸ ਨੂੰ ਅਸੀਂ ਆਦਰਸ਼ ਵਿਅਕਤੀ ਮੰਨਦੇ ਹਾਂ, ਉਸ ਨੂੰ ਮਿਲਣ ਨਾਲ ਸਾਡਾ ਭਰਮ ਟੁੱਟ ਜਾਂਦਾ ਹੈ। ਹਰ ਕੋਈ ਹੁੰਦਾ ਸਾਧਾਰਨ ਹੈ, ਅਸੀਂ ਹੀ ਉਸ ਨੂੰ ਵਿਸ਼ੇਸ਼ ਬਣਾਇਆ ਹੁੰਦਾ ਹੈ। ਅਮਰੀਕਾ ਦੇ ਹਾਲੀਵੁੱਡ ਵਿਚ, ਅੈਕਟਰ ਆਮ ਵਿਅਕਤੀਆਂ ਵਾਂਗ ਵਿਚਰਦੇ ਹਨ।

www.quotesinpunjabi.ml

QuotesInPunjabi

ਇਕ ਵਾਰੀ ਦੋ ਸਹੇਲੀਆਂ ਇਕ ਕਾਫ਼ੀ ਹਾਊਸ ਵਿਚ ਬੈਠੀਆਂ ਸਨ ਅਤੇ ਕੁਝ ਫਾਸਲੇ 'ਤੇ ਇਕ ਹੋਰ ਮੇਜ਼ 'ਤੇ ਇਕ ਐਕਟਰ ਆ ਕੇ ਬਹਿ ਗਿਆ।

ਉਹ ਐਕਟਰ ਉਨ੍ਹਾਂ ਦੋਹਾਂ ਵਿਚੋਂ ਇਕ ਸਹੇਲੀ ਦਾ ਆਦਰਸ਼ ਸੀ।

ਉਸ ਨੂੰ ਇਕੱਲਿਆਂ ਬੈਠਿਆਂ ਵੇਖ ਕੇ, ਇਕ ਸਹੇਲੀ ਨੇ ਉਸ ਐਕਟਰ ਦੀ ਉਪਾਸ਼ਕ ਆਪਣੀ ਸਹੇਲੀ ਨੂੰ ਕਿਹਾ: ਜਾਹ ਅਤੇ ਜਾ ਕੇ ਉਸ ਨੂੰ ਮਿਲ ਲੈ, ਉਂਜ ਤੂੰ ਹਰ ਵੇਲੇ ਉਸ ਦੀਆਂ ਗੱਲਾਂ ਕਰਦੀ ਰਹਿੰਦੀ ਹੈਂ, ਉਹ ਇਕੱਲਾ ਹੈ, ਜਾਹ ਮਿਲ ਲੈ।

ਸਹੇਲੀ ਨੇ ਕਿਹਾ, ਨਹੀਂ ਮੈਂ ਉਸ ਨੂੰ ਨਹੀਂ ਮਿਲਣਾ, ਮੈਂ ਤਾਂ ਉਸ ਨੂੰ ਦੇਵਤਾ ਸਮਝਦੀ ਹਾਂ, ਜੇ ਮੈਂ ਮਿਲਣ ਚਲੀ ਗਈ ਤਾਂ ਉਹ ਦੇਵਤੇ ਦੀ ਥਾਂ ਮਨੁੱਖ ਬਣ ਜਾਏਗਾ।

690

ਹਰ ਕੋਈ ਪਿਆਰ ਕਿਉਂ ਕਰਨਾ ਚਾਹੁੰਦਾ ਹੈ? ਗੱਲਬਾਤ ਵਿਚ ਪਿਆਰ ਸਭ ਤੋਂ ਵੱਡਾ ਵਿਸ਼ਾ ਕਿਉਂ ਹੁੰਦਾ ਹੈ? ਸਭ ਤੋਂ ਵੱਧ ਫਿਲਮਾਂ ਅਤੇ ਨਾਵਲ ਅਤੇ ਕਵਿਤਾਵਾਂ ਪਿਆਰ ਬਾਰੇ ਕਿਉਂ ਹੁੰਦੀਆਂ ਹਨ? ਇਸ ਦਾ ਕਾਰਨ ਇਹ ਹੈ ਕਿ ਪਿਆਰ ਹੀ ਇਕ ਮਾਤਰ ਖੇਤਰ ਹੈ, ਜਿਸ ਵਿਚ ਮਨੁੱਖ ਦੀਆਂ ਸਾਰੀਆਂ ਇੰਦਰੀਆਂ ਕਾਰਜਸ਼ੀਲ ਹੁੰਦੀਆਂ ਹਨ।

ਮਨੁੱਖ ਦਾ ਸੰਸਾਰ ਨਾਲ, ਹੋਰਾਂ ਨਾਲ, ਆਲੇ-ਦੁਆਲੇ ਨਾਲ, ਸੰਪਰਕ ਅੱਖਾਂ, ਕੰਨਾਂ, ਨੱਕ, ਜੀਭ ਅਤੇ ਚਮੜੀ ਰਾਹੀਂ ਹੈ।

ਇਹ ਇੰਦਰੀਆਂ ਸਾਡੇ ਹਰੇਕ ਪ੍ਰਕਾਰ ਦੇ ਅਨੁਭਵ ਦੀਆਂ ਸਰੋਤ ਹੁੰਦੀਆਂ ਹਨ।

ਪਿਆਰ ਦਾ ਅਨੁਭਵ, ਇਨ੍ਹਾਂ ਨੂੰ ਸਜੀਵ ਬਣਾ ਦਿੰਦਾ ਹੈ ਅਤੇ ਇਨ੍ਹਾਂ ਦੀ ਅਨੁਭਵ ਕਰਨ ਦੀ ਸ਼ਿੱਦਤ ਅਤੇ ਸ਼ਕਤੀ ਵਧਾ ਦਿੰਦਾ ਹੈ।

ਪਿਆਰ ਉਸ ਨਾਲ ਹੀ ਕੀਤਾ ਜਾ ਸਕਦਾ ਹੈ, ਜਿਹੜਾ ਸਾਡੀਆਂ ਅੱਖਾਂ ਨੂੰ ਚੰਗਾ ਲੱਗੇ। ਉਂਜ ਅੱਖਾਂ ਨਾਲ ਅਸੀਂ ਵੇਖਦੇ ਹਾਂ, ਜਿਹੜਾ ਸਾਨੂੰ ਚੰਗਾ, ਪਿਆਰਾ, ਸੋਹਣਾ ਲਗਦਾ ਹੈ, ਉਸ ਨੂੰ ਅਸੀਂ ਨਿਹਾਰਦੇ ਹਾਂ। ਮੁੜ-ਮੁੜ ਵੇਖਦੇ ਹਾਂ, ਵੇਖਦੇ ਰਹਿਣਾ ਚਾਹੁੰਦੇ ਹਾਂ, ਲੁਕ-ਲੁਕ ਕੇ ਵੇਖਦੇ ਹਾਂ, ਫੋਟੋ ਵਿਚ, ਕਲਪਨਾ ਵਿਚ, ਸੁਪਨੇ ਵਿਚ ਵੇਖਦੇ ਹਾਂ। ਸਾਡੀਆਂ ਅੱਖਾਂ ਨੂੰ ਵੇਖਣਾ ਆ ਜਾਂਦਾ ਹੈ, ਸਾਡੀਆਂ ਅੱਖਾਂ ਉਸ ਨੂੰ ਵੇਖ ਕੇ ਨਿਹਾਲ ਹੁੰਦੀਆਂ ਹਨ।

ਜਿਹੜਾ ਸਾਨੂੰ ਵੇਖਣ ਵਿਚ ਚੰਗਾ ਲਗਦਾ ਹੈ, ਅਸੀਂ ਉਸ ਨੂੰ ਸੁਣਨਾ ਚਾਹੁੰਦੇ ਹਾਂ, ਸੁਣਨ ਰਾਹੀਂ ਸਾਨੂੰ ਬੋਲਣ ਵਾਲੇ ਦੀ ਮਾਨਸਿਕ ਪੱਧਰ ਦਾ, ਮਾਨਸਿਕ ਸੁੰਦਰਤਾ ਦਾ ਪਤਾ ਲੱਗਦਾ ਹੈ। ਭਾਵੇਂ ਸ਼ਕਲ-ਸੂਰਤ ਚੰਗੀ ਹੋਵੇ, ਜੇ ਬੋਲ-ਬਾਣੀ ਕੰਨਾਂ ਨੂੰ ਰਸ ਨਹੀਂ ਦਿੰਦੀ ਤਾਂ ਸਬੰਧ ਟੁੱਟ ਜਾਂਦਾ ਹੈ। ਉਂਜ ਅਸੀਂ ਕੰਨਾਂ ਨਾਲ ਸੁਣਦੇ ਹਾਂ ਪਰ ਆਪਣੇ ਪਿਆਰੇ ਨੂੰ ਸੁਵਣ ਕਰਦੇ ਹਾਂ। ਫਿਰ ਅਸੀਂ ਉਸ ਦੇ ਨੇੜੇ ਹੋਣਾ ਚਾਹੁੰਦੇ ਹਾਂ, ਉਸ ਨੂੰ ਸੁੰਘਣਾ ਚਾਹੁੰਦੇ ਹਾਂ, ਚੁੰਮਣ ਸੁੰਘਣ ਦਾ ਭਾਗ ਹੁੰਦਾ ਹੈ। ਸਾਨੂੰ ਆਪਣੇ ਆਪ ਵਿਚੋਂ ਸੁਗੰਧੀ ਆਉਣ ਲੱਗ ਪੈਂਦੀ ਹੈ।

ਫਿਰ ਅਸੀਂ ਉਸ ਨਾਲ ਕੁਝ ਖਾਂਦੇ ਹਾਂ। ਇਸਤਰੀ, ਪੁਰਸ਼ ਨੂੰ ਖੁਆਉਂਦੀ ਹੈ, ਪੁਰਸ਼ ਇਸਤਰੀ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਉਂਜ ਅਸੀਂ ਖਾਂਦੇ ਹਾਂ ਪੇਟ ਭਰਨ ਲਈ, ਪਿਆਰੇ ਨਾਲ ਅਸੀਂ ਸਵਾਦ ਮਾਣਦੇ ਹਾਂ। ਫਿਰ ਅਸੀਂ ਪਿਆਰੇ ਨੂੰ ਛੂੰਹਦੇ ਹਾਂ।

www.quotesinpunjabi.ml

QuotesInPunjabi

ਸੰਭੋਗ ਸਾਰੇ ਸਰੀਰ ਦਾ ਸਾਰੇ ਸਰੀਰ ਨੂੰ ਛੂਹਣਾ ਹੁੰਦਾ ਹੈ।

ਪਿਆਰ ਇਸ ਲਈ ਹਰ ਕਿਸੇ ਦੀ ਤਾਂਘ ਹੁੰਦਾ ਹੈ, ਕਿਉਂਕਿ ਇਹ ਸਾਨੂੰ ਸਾਡੀਆਂ ਇੰਦਰੀਆਂ ਦੇ ਅਨੁਭਵ ਨੂੰ ਤੀਬਰਤਾ ਨਾਲ ਮਾਣਨ ਦਾ ਅਵਸਰ ਦਿੰਦਾ ਹੈ।

ਜੀਵਨ ਦੇ ਕਿਸੇ ਹੋਰ ਅਨੁਭਵ ਵਿਚ ਸਾਰੀਆਂ ਇੰਦਰੀਆਂ ਸ਼ਾਮਲ ਨਹੀਂ ਹੁੰਦੀਆਂ, ਸੋ ਇਸ ਕਾਰਨ ਕਰਕੇ ਪਿਆਰ ਜ਼ਿੰਦਗੀ ਦਾ, ਸਾਹਿਤ ਦਾ, ਫਿਲਮਾਂ ਦਾ, ਕਵਿਤਾ ਦਾ, ਸੰਗੀਤ ਦਾ ਸਭ ਤੋਂ ਵੱਡਾ ਵਿਸ਼ਾ ਹੈ, ਸਭ ਤੋਂ ਡੂੰਘਾ ਅਨੁਭਵ ਹੈ, ਸਭ ਤੋਂ ਵੱਡਾ ਸੁਰੂਰ ਹੈ।

691

ਮਾਨਵਤਾ ਦੇ ਨਾਇਕ ਲੰਮਾ ਜੀਵਨ ਨਹੀਂ ਜਿਉਂਦੇ।

ਇਹ ਸਿਕੰਦਰ ਵਾਂਗ ਜਵਾਨੀ ਵਿਚ ਮਰ ਜਾਂਦੇ ਹਨ, ਸੀਜ਼ਰ ਵਾਂਗ ਕਤਲ ਕੀਤੇ ਜਾਂਦੇ ਹਨ, ਗੁਰੂ ਗੋਬਿੰਦ ਸਿੰਘ ਵਾਂਗ ਧੋਖੇ ਨਾਲ ਮਾਰੇ ਜਾਂਦੇ ਹਨ, ਨੈਪੋਲੀਅਨ ਵਾਂਗ ਕੈਦ ਵਿਚ ਗੁਜ਼ਰ ਜਾਂਦੇ ਹਨ, ਭਗਤ ਸਿੰਘ ਵਾਂਗ ਫਾਂਸੀ ਲਾਏ ਜਾਂਦੇ ਹਨ।

ਲੰਮਾ ਜੀਵਨ ਇਹ ਲੋਕਾਂ ਦੇ ਚੇਤਿਆਂ ਵਿੱਚ ਜਿਉਂਦੇ ਹਨ।

692

ਹਰ ਸਭਿਆਚਾਰ ਵਿਚ ਮੁੱਖ ਰਸਮਾਂ ਤਿੰਨ ਮਹੱਤਵਪੂਰਨ ਮੌਕਿਆਂ ਨਾਲ ਸਬੰਧਤ ਹੁੰਦੀਆਂ ਹਨ; ਜਨਮ, ਵਿਆਹ ਅਤੇ ਮੌਤ।

ਜੇ ਕਿਸੇ ਨਵੇਂ ਸਮਾਜ-ਸਭਿਆਚਾਰ ਨੂੰ ਜਾਣਨਾ-ਸਮਝਣਾ ਹੋਵੇ ਤਾਂ ਵੇਖੋ, ਇਨ੍ਹਾਂ ਤਿੰਨ ਮੌਕਿਆਂ 'ਤੇ ਕੀ ਅਤੇ ਕਿਵੇਂ ਕੀਤਾ ਜਾਂਦਾ ਹੈ।

ਰਸਮ ਕੋਈ ਹੋਵੇ ਉਸ ਦੇ ਅੰਤਰੀਵ ਅਰਥ ਛੁਪੇ ਹੁੰਦੇ ਹਨ।

ਪੰਜਾਬ ਵਿਚ, ਵਿਸ਼ੇਸ਼ ਕਰਕੇ ਵਿਆਹ ਦੀਆਂ ਰਸਮਾਂ ਉਤੇ, ਮੁਗਲ ਰਾਜ ਦਾ ਪ੍ਰਭਾਵ ਪ੍ਰਤੱਖ ਹੈ।

ਨਜ਼ਰਾਨਾ, ਜੁਰਮਾਨਾ, ਹਰਜਾਨਾ, ਤਹਿਖਾਨਾ, ਮੁਗਲ ਹਕੂਮਤ ਦੇ ਚਾਰ ਨੇਮ ਸਨ।

ਵਿਆਹ ਸਮੇਂ ਇਕ ਰਾਜਾ ਦੂਜੇ ਰਾਜੇ 'ਤੇ ਹਮਲਾ ਕਰਦਾ ਹੈ।

ਬੈਂਡ ਵਾਜਾ, ਨਗਾਰਾ ਹੈ; ਸਿਹਰੇ ਵਾਲਾ ਲਾੜਾ, ਰਾਜਕੁਮਾਰ ਹੈ; ਕਲਗੀ ਉਸ ਦੇ ਰੁਤਬੇ ਦਾ ਪ੍ਰਤੀਕ ਹੈ; ਉਸ ਨੇ ਤਲਵਾਰ ਪਹਿਨੀ ਹੋਈ ਹੈ; ਬਾਰਾਤੀ ਉਸਦੀ ਫੌਜ ਹਨ।

ਇਹ ਸਾਰਾ ਕੁਝ ਹਮਲੇ ਦਾ ਜਾਂ ਯੁੱਧ ਵਿਚ ਜਾਣ ਵਾਲਾ ਦ੍ਰਿਸ਼ ਹੈ।

ਲਾੜਾ ਘੋੜੀ 'ਤੇ ਇਸ ਲਈ ਬੈਠਦਾ ਹੈ, ਕਿਉਂਕਿ ਘੋੜੀ 'ਤੇ ਪੂਰਨ ਭਾਂਤ ਤੰਦਰੁਸਤ ਵਿਅਕਤੀ ਹੀ ਬੈਠ ਸਕਦਾ ਹੈ।

ਜੇ ਕਿਸੇ ਦੇ ਮੋਢੇ-ਗੋਡੇ, ਬਾਂਹ-ਲੱਤ, ਕੂਹਣੀ-ਗੁੱਟ, ਪਿੱਠ-ਛਾਤੀ ਆਦਿ ਵਿਚ ਕੋਈ ਨੁਕਸ ਹੋਵੇਗਾ, ਉਹ ਘੋੜੀ-ਘੋੜੇ 'ਤੇ ਨਹੀਂ ਬੈਠ ਸਕੇਗਾ। ਇਸੇ ਕਰਕੇ ਕਹਿੰਦੇ ਹਨ: ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ।

ਰਾਜਾ ਜਾਂ ਰਾਜਕੁਮਾਰ ਜਿੱਤ ਦੀ ਭਾਵਨਾ ਨਾਲ ਰਵਾਨਾ ਹੁੰਦਾ ਹੈ।

www.quotesinpunjabi.ml

QuotesInPunjabi

ਅਗੇ ਲੜਕੀ ਦਾ ਪਿਤਾ ਵੀ ਰਾਜਾ ਹੈ।

ਇਸ ਰਾਜੇ ਸਾਹਮਣੇ ਦੋ ਵਿਕਲਪ ਹਨ, ਜਾਂ ਯੁੱਧ ਕਰੇ ਜਾਂ ਈਨ ਮੰਨੇ।

ਲੜਕੀ ਦਾ ਰਾਜਾ-ਪਿਤਾ ਅਤੇ ਉਸ ਦੇ ਸੰਗੀ-ਸਾਥੀ ਈਨ ਮੰਨਣ ਦੀਆਂ ਰਸਮਾਂ ਨਿਭਾਉਂਦੇ ਹਨ, ਅਤੇ ਸੰਧੀ ਵਾਲੀ ਨੀਤੀ ਅਪਨਾਉਂਦੇ ਹਨ।

ਈਨ ਮੰਨਣ ਵਾਲਾ ਰਾਜਾ, ਸਬੰਧ ਪੱਕੇ ਕਰਨ ਲਈ, ਆਪਣੀ ਸਭ ਤੋਂ ਕੀਮਤੀ ਅਤੇ ਪਿਆਰੀ ਚੀਜ਼, ਧੀ ਦਾ ਡੋਲਾ, ਤੋਹਫ਼ੇ ਵਜੋਂ ਦਿੰਦਾ ਹੈ।

ਸਪੱਸ਼ਟ ਹੋ ਜਾਂਦਾ ਹੈ ਕਿ ਕਲਗੀ ਸਜਾ ਕੇ, ਤਲਵਾਰ ਪਹਿਨ ਕੇ ਆਇਆ ਰਾਜਕੁਮਾਰ, ਆਪਣੇ ਉਦੇਸ਼ ਵਿਚ ਸਫਲ ਹੋਇਆ ਹੈ।

ਰਿਸ਼ਤੇਦਾਰ ਸ਼ਗਨ ਰਾਹੀਂ ਨਜ਼ਰਾਨਾ ਭੇਟ ਕਰਦੇ ਹਨ। ਦਾਜ ਰਾਹੀਂ ਉਥੇ ਤੱਕ ਪਹੁੰਚਣ ਦੇ ਕਸ਼ਟ ਕਰਨ ਦਾ ਹਰਜਾਨਾ ਭੇਟ ਕੀਤਾ ਜਾਂਦਾ ਹੈ।

ਜੁਰਮਾਨੇ ਅਤੇ ਤਹਿਖਾਨੇ ਦੀ ਲੋੜ ਤਾਂ ਹੀ ਪੈਣੀ ਸੀ, ਜੇ ਧੀ ਦਾ ਰਾਜਾ-ਪਿਤਾ ਵਿਰੋਧ ਕਰਦਾ, ਯੁੱਧ ਕਰਦਾ।

ਜੇਤੂ ਫੌਜ ਜਸ਼ਨ ਮਨਾਉਂਦੀ ਹੈ, ਖਾਣ-ਪੀਣ, ਨਾਚ-ਗਾਣਾ ਹੁੰਦਾ ਹੈ।

ਜੇਤੂ ਧਿਰ ਦੀ ਹਰ ਚੀਜ਼ ਅਤੇ ਜੇਤੂ ਧਿਰ ਦੇ ਹਰ ਵਿਅਕਤੀ ਦਾ ਦਰਜਾ, ਲੜਕੀ ਵਾਲੀ ਹਰ ਚੀਜ਼, ਹਰ ਵਿਅਕਤੀ ਨਾਲੋਂ ਉੱਚਾ ਸਮਝਿਆ ਜਾਂਦਾ ਹੈ।

ਲੜਕੇ ਦੇ ਪਿਤਾ ਦਾ ਦਰਜਾ, ਲੜਕੀ ਦੇ ਪਿਤਾ ਨਾਲੋਂ ਉੱਚਾ ਹੈ; ਲੜਕੇ ਦੀ ਮਾਂ ਦਾ ਦਰਜਾ, ਲੜਕੀ ਦੀ ਮਾਂ ਨਾਲੋਂ; ਦੇਵਰ ਦਾ ਦਰਜਾ, ਸਾਲੇ ਨਾਲੋਂ; ਨਨਾਣ ਦਾ ਦਰਜਾ, ਸਾਲੀ ਨਾਲੋਂ ਉੱਚਾ ਮੰਨਿਆ ਜਾਂਦਾ ਹੈ।

ਵਿਆਹ ਇਕ ਪਰੰਪਰਾਗਤ ਕਾਰਜ ਹੈ, ਇਸ ਵਿਚ ਪਰੰਪਰਾ ਦਾ ਬੋਲਬਾਲਾ ਹੁੰਦਾ ਹੈ।

ਇਸ ਦੀਆਂ ਰਸਮਾਂ ਦੇ ਪ੍ਰਤੱਖ ਅਰਥ ਹੋਰ ਹਨ, ਗੁਝੇ ਅਰਥ ਹੋਰ ਹਨ।

693

ਸ਼ਰਾਬ ਪੀਣ ਸਮੇਂ ਸ਼ਰਾਬੀ, ਸ਼ਰਾਬ ਦੇ ਗਲਾਸ ਕਿਉਂ ਟਕਰਾਉਂਦੇ ਹਨ ?

ਮਨੁੱਖੀ ਸਰੀਰ ਦੇ ਪੰਜ ਇੰਦਰੇ ਹਨ। ਸ਼ਰਾਬੀ ਇਨ੍ਹਾਂ ਪੰਜਾਂ ਰਾਹੀਂ ਸ਼ਰਾਬ ਦਾ ਆਨੰਦ ਮਾਣਦੇ ਹਨ। ਅੱਖਾਂ ਸ਼ਰਾਬ ਨੂੰ ਨਿਹਾਰ ਕੇ ਨੱਚ ਉਠਦੀਆਂ ਹਨ, ਹੱਥ ਛੋਹ ਮਾਣਦੇ ਹਨ, ਨੱਕ ਸੁਗੰਧੀ ਨਾਲ ਝੂਮਦਾ ਹੈ। ਜੀਭ ਚੱਖਦੀ ਹੈ। ਕੰਨ ਵਿਚਾਰੇ ਰਹਿ ਜਾਂਦੇ ਹਨ।

ਸ਼ਰਾਬੀ ਜਾਮ ਟਕਰਾ ਕੇ, ਕੰਨਾਂ ਨੂੰ ਵੀ ਜਸ਼ਨ ਵਿਚ ਸ਼ਾਮਲ ਕਰ ਲੈਂਦੇ ਹਨ।

694

ਇਹ ਭੁਲੇਖਾ ਹੈ ਕਿ ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀ ਬੜਾ ਸੋਖਾ ਜੀਵਨ ਜਿਉਂਦੇ ਹਨ। ਉਥੇ ਹਰ ਕਿਸੇ ਨੂੰ ਕੰਮ ਕਰਨਾ ਪੈਂਦਾ ਹੈ ਅਤੇ ਹਰ ਮਹੀਨੇ ਭਾਂਤ-ਭਾਂਤ ਦੇ ਬਿਲ, ਖੂਹ ਦੀਆਂ ਟਿੰਡਾਂ ਵਾਂਗ, ਆਈ ਹੀ ਜਾਂਦੇ ਹਨ, ਜਿਨ੍ਹਾਂ ਦੀ ਅਦਾਇਗੀ ਕਰਨ ਲਈ, ਸਖਤ ਕੰਮ ਹੀ ਨਹੀਂ ਕਰਨਾ ਪੈਂਦਾ, ਭੰਬੀਰੀ ਵਾਂਗ ਘੁੰਮਣਾ ਵੀ ਪੈਂਦਾ ਹੈ।

www.quotesinpunjabi.ml

QuotesInPunjabi

ਕਿਉਂਕਿ ਇਹ ਮੁਲਕ ਖੁਸ਼ਹਾਲ ਹਨ, ਸੋ ਹਰ ਚੀਜ਼ ਦੀ ਪੱਧਰ ਚੰਗੀ ਹੈ ਪਰ ਹਰ ਸੇਵਾ, ਹਰ ਚੀਜ਼ ਦੀ ਕੀਮਤ ਹੈ, ਜਿਹੜੀ ਅਦਾ ਕਰਨੀ ਪੈਂਦੀ ਹੈ।

ਇਸੇ ਕਰਕੇ ਹਰ ਕੋਈ ਕਰੈਡਿਟ ਕਾਰਡਾਂ ਦਾ ਗੁਲਾਮ ਹੈ।

ਜਿਹੜੇ ਲੋਕ ਕੁਝ ਚਿਰ ਲਈ ਵਿਦੇਸ਼ ਜਾਂਦੇ ਹਨ, ਉਹ ਸਮਝਦੇ ਹਨ ਕਿ ਉਥੇ ਹਰ ਕੋਈ ਬਾਦਸ਼ਾਹ ਹੈ। ਵਿਦੇਸ਼ ਦੀ ਜ਼ਿੰਦਗੀ ਦੀ ਅਸਲੀਅਤ, ਉਸ ਦੇਸ਼ ਦਾ ਪਰਮਾਨੈਂਟ ਰੈਜ਼ੀਡੈਂਟ ਬਣਨ 'ਤੇ ਹੀ ਪਤਾ ਲਗਦੀ ਹੈ।

ਇਕ ਵਾਰੀ, ਇਕ ਵਿਅਕਤੀ ਯਮਦੂਤਾਂ ਦੀ ਗਲਤੀ ਨਾਲ ਵਕਤ ਤੋਂ ਪਹਿਲਾਂ ਮਰ ਗਿਆ। ਪਰਮਾਤਮਾ ਨੇ ਕਿਹਾ, ਇਸ ਦੇ ਮਰਨ ਵਿਚ ਅਜੇ ਛੇ ਮਹੀਨੇ ਦਾ ਸਮਾਂ ਪਿਆ ਹੈ। ਜੇ ਆ ਹੀ ਗਿਆ ਹੈ ਤਾਂ ਵਾਪਸ ਭੇਜਣਾ ਵੀ ਠੀਕ ਨਹੀਂ, ਇਸ ਨੂੰ ਨਰਕ-ਸਵਰਗ ਵੇਖ ਲੈਣ ਦਿਓ। ਉਸ ਵਿਅਕਤੀ ਨੇ ਵੇਖਿਆ ਉਸ ਦੇ ਸਾਰੇ ਗੁਜ਼ਰੇ ਸੰਗੀ-ਸਾਥੀ ਨਰਕ ਵਿਚ ਹੀ ਮੌਜ-ਮੇਲਾ ਕਰ ਰਹੇ ਸਨ, ਵਕਤ ਗੁਜ਼ਰਦਿਆਂ ਪਤਾ ਹੀ ਨਾ ਲੱਗਾ।

ਜਦੋਂ ਮਰਨ ਦਾ ਅਸਲੀ ਸਮਾਂ ਆਇਆ ਤਾਂ ਆਪਣੇ ਕਰਮਾਂ ਅਨੁਸਾਰ ਉਸ ਨੂੰ ਨਰਕ ਭੇਜਿਆ ਗਿਆ ਪਰ ਇਹ ਨਰਕ ਤਾਂ ਬਿਲਕੁਲ ਹੋਰ ਭਾਂਤ ਦਾ ਸੀ, ਇਥੇ ਤਾਂ ਸਭ ਕੁਝ ਗੜਬੜ ਸੀ। ਉਸ ਨੇ ਪੁੱਛਿਆ: ਇਹ ਸਭ ਕੁਝ ਬਦਲ ਕਿਉਂ ਗਿਆ ਹੈ ?

ਉਸ ਨੂੰ ਦੱਸਿਆ ਗਿਆ ਕਿ ਪਹਿਲਾਂ ਤੂੰ ਨਰਕ ਵਿਚ ਵਿਜ਼ਿਟਰ ਵਜੋਂ ਆਇਆ ਸੀ, ਹੁਣ ਤੂੰ ਨਰਕ ਦਾ ਪਰਮਾਨੈਂਟ ਰੈਜ਼ੀਡੈਂਟ ਹੈਂ।

ਉਹ ਸੁਪਨਾ ਸੀ, ਇਹ ਅਸਲੀਅਤ ਹੈ। ਅੰਤਰ ਤਾਂ ਹੋਣਾ ਹੀ ਸੀ।

695

ਉਸਤਾਦ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਉਹ ਜਿਹੜੇ ਆਪਣੇ ਹੁਨਰ ਦੀ ਸਿਖਰ 'ਤੇ ਬੈਠੇ ਹੁੰਦੇ ਹਨ ਪਰ ਇਕੱਲੇ ਹੁੰਦੇ ਹਨ।

ਉਨ੍ਹਾਂ ਨੇ ਆਪਣੇ ਜੀਵਨ ਅਤੇ ਕੰਮ-ਕਾਜ ਦੌਰਾਨ, ਕੋਈ ਵਿਦਿਆਰਥੀ, ਸਿਖਿਆਰਥੀ, ਸ਼ਗਿਰਦ ਜਾਂ ਵਾਰਿਸ ਤਿਆਰ ਨਹੀਂ ਕੀਤਾ ਹੁੰਦਾ।

ਅਜਿਹੇ ਉਸਤਾਦ ਆਪਣਾ ਹੁਨਰ ਆਪਣੇ ਨਾਲ ਲੈ ਕੇ ਟੁਰ ਜਾਂਦੇ ਹਨ।

ਦੂਜੀ ਕਿਸਮ ਦੇ ਉਸਤਾਦ, ਆਪਣੇ ਕੰਮ ਵਿਚ ਨਿਪੁੰਨ ਅਤੇ ਵਿਸ਼ੇਸ਼ੱਗ ਹੋਣ ਦੇ ਨਾਲ-ਨਾਲ, ਅਨੇਕਾਂ ਵਿਅਕਤੀਆਂ ਨੂੰ ਸਿਖਲਾਈ ਦੇ ਕੇ ਆਪਣੇ ਕਾਰਜ-ਖੇਤਰ ਨੂੰ ਵਿਸ਼ਾਲ ਕਰਦੇ ਹਨ। ਉਨ੍ਹਾਂ ਦੇ ਸ਼ਗਿਰਦ, ਉਨ੍ਹਾਂ ਦੀ ਜਗਾਈ ਜੋਤ ਨੂੰ ਅੱਗੇ ਲਿਜਾਂਦੇ ਹਨ ਅਤੇ ਵਿਰਸੇ ਵਿਚ ਮਿਲੀ ਪਗਡੰਡੀ ਨੂੰ ਸ਼ਾਹ ਰਾਹ ਬਣਾ ਦਿੰਦੇ ਹਨ।

ਪਹਿਲੀ ਕਿਸਮ ਦੇ ਉਸਤਾਦ ਪ੍ਰਸਿੱਧ ਵਧੇਰੇ ਹੁੰਦੇ ਹਨ ਪਰ ਵਧੇਰੇ ਹਰਮਨ ਪਿਆਰੇ ਅਤੇ ਨਿੱਗਰ ਯੋਗਦਾਨ ਦੂਜੀ ਪ੍ਰਕਾਰ ਦੇ ਉਸਤਾਦਾਂ ਦਾ ਹੁੰਦਾ ਹੈ।

www.quotesinpunjabi.ml

QuotesInPunjabi

696

ਸੁਤੰਤਰਤਾ ਤੋਂ ਕੁਝ ਅਰਸਾ ਪਹਿਲਾਂ ਗਲੈਂਸੀ ਨਾਂ ਦਾ ਇਕ ਅੰਗਰੇਜ਼, ਪੰਜਾਬ ਦਾ ਗਵਰਨਰ ਬਣਿਆ ਸੀ, ਜਿਸ ਨੇ ਲੰਮਾ ਅਰਸਾ ਇਸ ਕਰਕੇ ਵਿਆਹ ਨਹੀਂ ਸੀ ਕਰਵਾਇਆ, ਕਿਉਂਕਿ ਕੋਈ ਉਸ ਦੇ ਸੁਪਨਿਆਂ ਦੇ ਮੇਚ ਨਹੀਂ ਸੀ ਆਈ।

ਇਕ ਵਾਰੀ ਲਾਹੌਰ ਕਾਲਜ ਦੀ ਇਕ ਅੰਗਰੇਜ਼ ਅਧਿਆਪਕਾ, ਜੂਲੀਆ ਨਾਲ ਜਦੋਂ ਮੇਲ ਹੋਇਆ ਤਾਂ ਗਲੈਂਸੀ ਨੇ ਦਿਨਾਂ ਵਿਚ ਹੀ ਵਿਆਹ ਕਰਵਾ ਲਿਆ।

ਜੂਲੀਆ ਸੋਹਣੀ ਤਾਂ ਹੈ ਹੀ ਸੀ ਪਰ ਉਹ ਪ੍ਰਸਿੱਧ ਆਪਣੀ ਆਜ਼ਾਦ ਤਬੀਅਤ ਕਰਕੇ ਹੋਈ। ਉਰਦੂ ਅਖਬਾਰਾਂ ਨੇ ਉਸ ਦਾ ਨਾਂ, ਨੂਰ ਜਹਾਨ ਰੱਖਿਆ ਹੋਇਆ ਸੀ।

ਇਕ ਵਾਰੀ ਸ਼ਿਮਲੇ ਖੁੱਲ੍ਹੀ ਕਾਰ ਵਿਚ ਘੁੰਮਦਿਆਂ ਉਹ ਇਕ ਪਟਰੋਲ ਪੰਪ 'ਤੇ ਗਏ ਜਿਸ ਦਾ ਮਾਲਕ ਲੰਦਨ ਦੇ ਇਕ ਕਾਲਜ ਵਿਚ ਜੂਲੀਆ ਦਾ ਜਮਾਤੀ ਅਤੇ ਪ੍ਰੇਮੀ ਰਿਹਾ ਸੀ।

ਉਹ ਕੁਝ ਪਲਾਂ ਲਈ ਹੀ ਮਿਲੇ ਸਨ ਪਰ ਜੂਲੀਆ ਦੇ ਮਿਲਣ ਦੇ ਢੰਗ ਤੋਂ ਉਹ ਗਵਰਨਰ ਜਾਣ ਗਿਆ ਕਿ ਇਨ੍ਹਾਂ ਦੇ ਪਹਿਲਾਂ ਵੀ ਆਪਸ ਵਿਚ ਸਬੰਧ ਰਹੇ ਸਨ।

ਉਨ੍ਹਾਂ ਦੀਆਂ ਗੱਲਾਂ ਸੁਣ ਕੇ ਗਲੈਂਸੀ ਨੇ ਜੂਲੀਆ ਨੂੰ ਕਿਹਾ ਕਿ ਤੂੰ ਇਸ ਨੂੰ ਦੱਸ ਕਿ ਤੂੰ ਮੇਰੇ ਨਾਲ ਵਿਆਹ ਕਰਵਾ ਕੇ ਕਿਤਨੀ ਖੁਸ਼ ਹੈਂ ?

ਜੂਲੀਆ ਨੇ ਕਿਹਾ: ਅਜਿਹਾ ਦੱਸਣ ਦੀ ਕੀ ਲੋੜ ਹੈ ?

ਗਵਰਨਰ-ਪਤੀ ਨੇ ਕਿਹਾ: ਲੋੜ ਇਸ ਲਈ ਹੈ ਕਿ ਇਹ ਕੇਵਲ ਇਕ ਪਟਰੋਲ ਪੰਪ ਦਾ ਮਾਲਕ ਹੈ, ਮੈਂ ਤੇਰਾ ਪਤੀ, ਪੰਜਾਬ ਦਾ ਗਵਰਨਰ ਹਾਂ।

ਜੂਲੀਆ ਨੇ ਪੂਰੇ ਆਤਮ-ਵਿਸ਼ਵਾਸ ਨਾਲ ਕਿਹਾ: ਜੇ ਮੈਂ ਇਸ ਨਾਲ ਵਿਆਹ ਕਰਵਾਇਆ ਹੁੰਦਾ ਤਾਂ ਇਸ ਨੇ ਵੀ ਗਵਰਨਰ ਬਣ ਜਾਣਾ ਸੀ।

697

ਯੂਨੀਵਰਸਿਟੀਆਂ ਵਿਚ ਅਕਸਰ ਅਧਿਆਪਕਾਂ ਨੂੰ ਹੀ ਹੋਸਟਲਾਂ ਦੀ ਨਿਗਰਾਨੀ ਦਾ ਕੰਮ ਸੌਂਪਿਆ ਜਾਂਦਾ ਹੈ। ਭਾਰਤ ਵਿਚ ਜਿਥੇ-ਜਿਥੇ ਵੀ ਕਾਨੂੰਨ ਦੀ ਪੜ੍ਹਾਈ ਕਰਵਾਈ ਜਾਂਦੀ ਹੈ, ਉਥੇ ਇਸ ਵਿਭਾਗ ਦੇ ਵਿਦਿਆਰਥੀ ਅਕਸਰ ਸਮੱਸਿਆਵਾਂ ਉਪਜਾਉਂਦੇ ਰਹਿੰਦੇ ਹਨ। ਕਾਰਨ ਇਹ ਹੈ ਕਿ ਕਾਨੂੰਨ ਦੀ ਪੜ੍ਹਾਈ ਕਰਨ ਕਰਕੇ, ਇਨ੍ਹਾਂ ਵਿਚ ਬਹਿਸ ਕਰਨ, ਉੱਚਾ ਬੋਲਣ ਅਤੇ ਅੰਦੋਲਨ ਕਰਨ ਦੀ ਇੱਛਾ ਅਤੇ ਯੋਗਤਾ ਦੋਵੇਂ ਉਪਜ ਪੈਂਦੀਆਂ ਹਨ।

ਇਕ ਵਾਰੀ ਕਾਨੂੰਨ ਵਿਭਾਗ ਦੇ ਹੋਸਟਲ ਵਿਚ ਰਹਿਣ ਵਾਲੇ ਲਗਭਗ ਵੀਹ ਵਿਦਿਆਰਥੀ, ਹੋਸਟਲਾਂ ਦੇ ਮੁਖ ਅਧਿਕਾਰੀ ਦੇ ਦਫਤਰ ਵਿਚ ਨਾਹਰੇ ਲਾਉਂਦੇ ਆਏ ਅਤੇ ਮੰਗ ਕੀਤੀ ਕਿ ਮੰਗਲ ਨਾਂ ਦੇ ਬਹਿਰੇ ਨੂੰ ਬਰਖਾਸਤ ਕੀਤਾ ਜਾਵੇ।

ਬੜੀ ਅਜੀਬ ਗੱਲ ਸੀ ਕਿ ਵਿਦਿਆਰਥੀਆਂ ਦੀ ਇਤਨੀ ਵੱਡੀ ਗਿਣਤੀ ਇਕ ਬਹਿਰੇ ਨੂੰ ਹਟਾਉਣ ਦੀ ਮੰਗ ਕਰ ਰਹੀ ਸੀ।

ਅਧਿਕਾਰੀ ਨੇ ਵਿਦਿਆਰਥੀਆਂ ਨੂੰ ਪੁੱਛਿਆ: ਤੁਸੀਂ ਜਿਹੜੀ ਪੜ੍ਹਾਈ ਕਰ ਰਹੇ ਹੋ, ਉਹ ਕਰਕੇ ਤੁਸੀਂ ਕੀ ਲਗੋਗੇ ?

www.quotesinpunjabi.ml

QuotesInPunjabi

ਆਗੂਆਂ ਨੇ ਕਿਹਾ: ਅਸੀਂ ਜੱਜ ਲਗਾਂਗੇ।

ਅਧਿਆਪਕ-ਅਧਿਕਾਰੀ ਨੇ ਕਿਹਾ: ਤੁਸੀਂ ਜੱਜ ਨਹੀਂ ਲੱਗ ਸਕਦੇ, ਕਿਉਂਕਿ ਤੁਹਾਡਾ ਪੱਧਰ ਜੱਜਾਂ ਵਾਲਾ ਨਹੀਂ, ਬਹਿਰਿਆਂ ਵਾਲਾ ਹੈ, ਕਿਉਂਕਿ ਤੁਸੀਂ ਵੀਹ ਜੱਜ, ਇਕ ਬਹਿਰੇ ਵਿਰੁੱਧ ਸ਼ਿਕਾਇਤ ਕਰਨ ਆਏ ਹੋ।

ਉਹ ਆਪਣੀ ਲਿਖ ਕੇ ਲਿਆਂਦੀ ਸ਼ਿਕਾਇਤ ਲੈ ਕੇ, ਵਾਪਸ ਚਲੇ ਗਏ।

698

ਆਦਿਵਾਸੀ ਇਲਾਕਿਆਂ ਵਿਚ ਬਾਂਦਰ ਫੜਨ ਦੀ ਇਕ ਵਿਧੀ ਵਰਤੀ ਜਾਂਦੀ ਹੈ।

ਬਾਂਦਰ ਗਿਰੀਆਂ ਖਾਣ ਦੇ ਸ਼ੌਕੀਨ ਹੁੰਦੇ ਹਨ। ਆਦਿਵਾਸੀ, ਗਿਰੀਆਂ ਦੀ ਭਰੀ, ਤੰਗ ਮੂੰਹ ਵਾਲੀ ਇਕ ਗੜਵੀ, ਜ਼ਮੀਨ ਵਿਚ ਦੱਬ ਦਿੰਦੇ ਹਨ। ਬਾਂਦਰ ਗਿਰੀਆਂ ਕੱਢਣ ਲਈ ਉਸ ਵਿਚ ਹੱਥ ਪਾ ਕੇ, ਮੁੱਠੀ ਗਿਰੀਆਂ ਨਾਲ ਭਰ ਲੈਂਦਾ ਹੈ।

ਭਰੀ ਹੋਈ ਮੁੱਠੀ, ਗੜਵੀ ਵਿਚੋਂ ਨਿਕਲਦੀ ਨਹੀਂ ਅਤੇ ਬਾਂਦਰ ਉਥੇ ਹੀ ਬੈਠਾ ਰਹਿੰਦਾ ਹੈ, ਜਿਸ ਨੂੰ ਆਦਿਵਾਸੀ ਬੜੀ ਸੌਖ ਨਾਲ ਫੜ ਲੈਂਦੇ ਹਨ।

699

ਸਵਾਮੀ ਰਾਮ ਤੀਰਥ ਪ੍ਰੇਰਨਾ ਦਾ ਸਾਗਰ ਸਨ। ਉਨ੍ਹਾਂ ਕੋਲ ਰੂਹਾਨੀ ਸ਼ਕਤੀ ਸੀ।

ਇਕ ਵਾਰੀ ਉਹ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਗਏ ਤਾਂ ਜਹਾਜ਼ ਵਿਚ ਹੀ ਉਨ੍ਹਾਂ ਦੇ ਤੇਜਸਵੀ ਚਿਹਰੇ ਨੂੰ ਵੇਖ ਕੇ, ਗੰਭੀਰ ਰੋਗ ਨਾਲ ਪੀੜਤ, ਇਕ ਸਨਕੀ ਅਤੇ ਨਾਸਤਕ ਬਿਰਤੀ ਵਾਲੇ ਅਮਰੀਕਨ ਨੇ ਪੁੱਛਿਆ: ਤੁਸੀਂ ਕੀ ਕਰਦੇ ਹੋ?

ਸਵਾਮੀ ਜੀ ਨੇ ਕਿਹਾ: ਮੈਂ ਪ੍ਰੇਮ ਕਰਦਾ ਹਾਂ। ਉਸ ਅਮਰੀਕਨ ਨੇ ਉਨ੍ਹਾਂ ਦੇ ਚਿਹਰੇ ਤੋਂ ਪ੍ਰਭਾਵਿਤ ਹੁੰਦਿਆਂ ਪੁੱਛਿਆ: ਤੁਹਾਡਾ ਸਾਮਾਨ ਕਿਥੇ ਹੈ? ਉਨ੍ਹਾਂ ਨੇ ਕਿਹਾ: ਮੇਰਾ ਕੋਈ ਸਾਮਾਨ ਨਹੀਂ। ਅਮਰੀਕਨ ਨੇ ਪੁੱਛਿਆ: ਕੀ ਅਮਰੀਕਾ ਵਿਚ ਤੁਹਾਡਾ ਕੋਈ ਰਿਸ਼ਤੇਦਾਰ ਜਾਂ ਮਿੱਤਰ ਹੈ? ਸਵਾਮੀ ਜੀ ਨੇ ਕਿਹਾ: ਉਥੇ ਮੈਂ ਇਕ ਵਿਅਕਤੀ ਨੂੰ ਜਾਣਦਾ ਹਾਂ, ਉਹ ਤੁਸੀਂ ਹੋ।

ਸਵਾਮੀ ਜੀ ਨੇ ਉਸ ਨੂੰ ਅਜਿਹੀ ਡੂੰਘੀ ਤੱਕਣੀ ਨਾਲ ਵੇਖਿਆ ਕਿ ਉਹ ਉਨ੍ਹਾਂ ਦਾ ਮੁਰੀਦ ਹੋ ਗਿਆ। ਉਸ ਨੇ ਸਵਾਮੀ ਜੀ ਨੂੰ ਆਪਣੇ ਕੋਲ ਰੱਖਿਆ।

ਉਸ ਨੂੰ ਨਵੀਂ ਮੰਜ਼ਿਲ ਹੀ ਨਹੀਂ ਨਵੀਂ ਦ੍ਰਿਸ਼ਟੀ ਵੀ ਮਿਲੀ। ਦ੍ਰਿਸ਼ਟੀ ਦੀ ਤਬਦੀਲੀ ਅਤੇ ਨਵੇਂ ਅਨੁਭਵ ਨੇ ਉਸ ਅਮਰੀਕਨ ਨੂੰ ਅਰੋਗ ਕਰ ਦਿੱਤਾ।

700

ਇਕ ਵਾਰੀ ਯੂਨੀਵਰਸਿਟੀ ਦੇ ਯੁਵਕ ਮੇਲੇ ਵਿਚ, ਜਿਸ ਦਿਨ ਸ਼ਾਮ ਨੂੰ ਲੜਕੀਆਂ ਦੇ ਇਕ ਪ੍ਰਸਿੱਧ ਅਤੇ ਮੋਹਰੀ ਕਾਲਜ ਦੀ ਗਿੱਧੇ ਦੀ ਟੀਮ ਨੇ ਮੁਕਾਬਲੇ ਵਿਚ ਭਾਗ ਲੈਣਾ ਸੀ, ਉਸ ਦਿਨ ਸਵੇਰੇ ਗਿੱਧੇ ਦੀ ਆਗੂ-ਲੜਕੀ ਦੀ ਮਾਂ ਮਰ ਗਈ।

www.quotesinpunjabi.ml

QuotesInPunjabi

ਟੀਮ ਢਰੀ ਢਾਹ ਕੇ ਬਹਿ ਗਈ, ਪਰ ਜ਼ਿੰਮੇਵਾਰੀ ਦੀ ਭਾਵਨਾ ਨਾਲ ਪੂਰੀ ਹੋਈ ਗਿੱਧੇ ਦੀ ਆਗੂ, ਆਪਣੀ ਮਾਂ ਦੇ ਸੰਸਕਾਰ ਉਪਰੰਤ ਸਿੱਧੀ ਯੂਨੀਵਰਸਿਟੀ ਪਹੁੰਚੀ, ਟੀਮ ਤਿਆਰ ਕੀਤੀ, ਵਾਰੀ ਆਉਣ 'ਤੇ ਟੀਮ ਪ੍ਰਛਾਵਿਆਂ ਵਿਚੋਂ ਸਟੇਜ 'ਤੇ ਉਭਰੀ ਅਤੇ ਬੱਦਲਾਂ ਦੀ ਗਰਜ, ਚਮਕਦੀ ਬਿਜਲੀ ਵਾਂਗ ਸੰਨਾਟੇ ਨੂੰ ਚੀਰਦੀ ਹੋਈ, ਗਿੱਧਾ ਪਾਉਣ ਦੇ ਆਪਣੇ ਨਿਸ਼ਚਿਤ ਕਾਰਜ ਵਿਚ ਰੁੱਝ ਗਈ। ਸਾਰਿਆਂ ਨੂੰ ਉਸ ਦੀ ਮਾਂ ਦੇ ਮਰਨ ਦਾ ਪਤਾ ਸੀ।

ਸਥਿਤੀ ਵੈਣ ਪਾਉਣ ਵਾਲੀ ਸੀ ਪਰ ਪਾਇਆ ਗਿੱਧਾ ਜਾ ਰਿਹਾ ਸੀ।

ਹਾਲ ਵਿਚ ਬੈਠੇ ਦੋ ਹਜ਼ਾਰ ਦਰਸ਼ਕਾਂ ਦੀ ਚਾਰ ਹਜ਼ਾਰ ਅੱਖ ਰੋ ਰਹੀ ਸੀ।

ਅਜਿਹੇ ਮੁਕਾਬਲਿਆਂ ਵਿਚ ਨਿਰਣਾ ਜੱਜ ਨਹੀਂ ਕਰਦੇ, ਫੈਸਲਾ ਲੋਕ ਕਰਦੇ ਹਨ।

ਜ਼ਿੰਮੇਵਾਰੀ ਨਿਭਾਉਣ ਦੀ ਇਹ ਗੱਲ, ਗਿੱਧੇ ਵਾਲੀ ਉਸ ਆਗੂ ਨਾਲ, ਸਾਰਾ ਜੀਵਨ ਨਿਭੀ। ਲੋਕ ਕਿਹਾ ਕਰਦੇ ਸਨ ਕਿ ਜਿਹੜੀ ਆਪਣੀ ਮਾਂ ਦੇ ਮਰਨ ਵਾਲੇ ਦਿਨ, ਗਿੱਧਾ ਪਾਉਣ ਦੀ ਜ਼ਿੰਮੇਵਾਰੀ ਨਿਭਾ ਸਕਦੀ ਹੈ, ਉਹ ਹਰ ਜ਼ਿੰਮੇਵਾਰੀ ਨਿਭਾ ਸਕਦੀ ਹੈ।

701

ਸਾਡੇ ਰਿਸ਼ੀ ਬੜੇ ਤਿਆਗੀ ਅਤੇ ਤੇਜੱਸਵੀ ਵਿਅਕਤੀ ਹੋਏ ਹਨ।

ਇਕ ਰਿਸ਼ੀ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਸ਼ਿਵਜੀ ਨੇ, ਉਸ ਨੂੰ ਵਰ ਮੰਗਣ ਲਈ ਕਿਹਾ।

ਰਿਸ਼ੀ ਨੇ ਮੰਗਣ ਤੋਂ ਇਨਕਾਰ ਕਰ ਦਿੱਤਾ ਪਰ ਸ਼ਿਵ ਜੀ ਨੇ ਆਪ ਹੀ ਵਰ ਦਿੰਦਿਆਂ ਕਿਹਾ: ਤੂੰ ਜਿਸਦੇ ਸਿਰ 'ਤੇ ਹੱਥ ਰੱਖੇਂਗਾ, ਉਸ ਦੀ ਮਨੋਕਾਮਨਾ ਪੂਰੀ ਹੋਵੇਗੀ।

ਇਹ ਸੁਣ ਕੇ ਰਿਸ਼ੀ ਨੇ ਸੋਚਿਆ, ਇਵੇਂ ਤਾਂ ਮੇਰੇ ਵਿਚ ਹੰਕਾਰ ਆ ਜਾਵੇਗਾ।

ਰਿਸ਼ੀ ਨੇ ਕਿਹਾ: ਜੇ ਤੁਸੀਂ ਇਹ ਵਰ ਦੇਣਾ ਹੀ ਹੈ ਤਾਂ ਨਾਲ ਇਹ ਵੀ ਵਰ ਦਿਓ ਕਿ ਜਿਸ ਦੀ ਮੇਰੇ ਰਾਹੀਂ ਮਨੋਕਾਮਨਾ ਪੂਰੀ ਹੋਵੇ, ਮੈਨੂੰ ਉਸ ਦਾ ਚਿਹਰਾ ਵਿਖਾਈ ਨਾ ਦੇਵੇ, ਤਾਂ ਕਿ ਮੈਨੂੰ ਪਤਾ ਹੀ ਨਾ ਲੱਗੇ ਕਿ ਮੈਂ ਕਿਸ-ਕਿਸ ਦੀ ਮਨੋਕਾਮਨਾ ਪੂਰੀ ਕੀਤੀ ਹੈ।

702

ਜਿਸ ਨੂੰ ਅਸੀਂ ਦੁਰਭਾਗ ਸਮਝਦੇ ਹਾਂ, ਕਈ ਵਾਰ ਉਹ ਹੀ ਸੁਭਾਗ ਹੋ ਨਿਬੜਦਾ ਹੈ।

ਇਸ ਪੱਖ ਤੋਂ ਮੀਰਾ ਦੀ ਕਹਾਣੀ ਬੜੀ ਦਿਲਚਸਪ ਹੈ।

ਇਕ ਵਾਰੀ ਗੁਆਂਢ ਵਿਚ ਵਿਆਹ ਦੌਰਾਨ, ਹੱਥ ਵਿਚ ਕ੍ਰਿਸ਼ਨ ਦੀ ਮੂਰਤੀ ਲੈ ਕੇ, ਅੱਠ ਸਾਲ ਦੀ ਮੀਰਾ ਨੇ ਆਪਣੀ ਮਾਂ ਤੋਂ ਪੁੱਛਿਆ: ਸਭ ਦਾ ਕਿਸੇ ਨਾਲ ਵਿਆਹ ਹੁੰਦਾ ਹੈ, ਮੇਰਾ ਵਿਆਹ ਕਿਸ ਨਾਲ ਹੋਵੇਗਾ ? ਮਾਂ ਨੇ ਧੀ ਨੂੰ ਬੱਚੀ ਸਮਝ ਕੇ ਕਿਹਾ: ਤੇਰਾ ਵਿਆਹ ਇਸ ਕ੍ਰਿਸ਼ਨ ਨਾਲ ਹੋਵੇਗਾ ਪਰ ਮੀਰਾ ਨੇ ਇਸ ਗੱਲ ਨੂੰ ਅੱਖਾਂ ਦੀ ਝੋਲੀ, ਦਿਲ ਦੀ ਬੁੱਕਲ ਅਤੇ ਪੈਰਾਂ ਦੀ ਚਾਲ ਵਿਚ ਸਾਂਭ ਲਿਆ।

ਉਸੇ ਪਲ ਮੀਰਾ ਲਈ ਸਭ ਕੁਝ ਕ੍ਰਿਸ਼ਨ ਹੋ ਗਿਆ।

ਬਚਪਨ ਵਿਚ ਹੀ ਮੀਰਾ ਦੀ ਮਾਂ ਮਰ ਗਈ; ਬਾਬੇ ਨੇ ਪਾਲਿਆ, ਬਾਬਾ ਵੀ ਮਰ

 www.quotesinpunjabi.ml

QuotesInPunjabi
ਗਿਆ; ਵਿਆਹ ਹੋਇਆ, ਪਤੀ ਵੀ ਮਰ ਗਿਆ; ਸਹੁਰੇ ਨੇ ਸੰਭਾਲਿਆ, ਸਹੁਰਾ ਵੀ ਗੁਜ਼ਰ ਗਿਆ। ਪਿਤਾ ਤਾਂ ਪਹਿਲਾਂ ਹੀ ਚਲ ਵਸੇ ਸਨ।

ਉਮਰ ਦੇ ਤਿੰਨ ਦਹਾਕੇ ਪੂਰੇ ਹੋਣ ਤੋਂ ਪਹਿਲਾਂ, ਮੀਰਾ ਦੇ ਸਾਰੇ ਸਹਾਰੇ ਵਿੱਛੜ ਗਏ। ਕਹਿਣ ਵਾਲੇ ਕਹਿਣਗੇ ਕਿ ਮੀਰਾ ਨਾਲ ਦੁਰਭਾਗ ਵਾਪਰਿਆ ਪਰ ਡੂੰਘੀ ਨੀਝ ਨਾਲ ਵੇਖੀਏ ਤਾਂ ਇਹ ਸੁਭਾਗ ਸੀ, ਕਿਉਂਕਿ ਮੀਰਾ ਅਤੇ ਕ੍ਰਿਸ਼ਨ ਵਿਚਕਾਰ, ਰਿਸ਼ਤਿਆਂ ਦੀਆਂ ਜਿਤਨੀਆਂ ਰੁਕਾਵਟਾਂ ਸਨ, ਉਹ ਸਭ ਦੂਰ ਹੋ ਗਈਆਂ ਸਨ।

ਮੀਰਾ ਕ੍ਰਿਸ਼ਨ ਦੇ ਸਨਮੁਖ ਸੀ।ਮੀਰਾ ਨੇ ਮਾਂ ਪ੍ਰਤੀ ਪ੍ਰੇਮ, ਬਾਬੇ ਪ੍ਰਤੀ ਸ਼ਰਧਾ, ਪਤੀ ਪ੍ਰਤੀ ਮੋਹ, ਸਹੁਰੇ ਪ੍ਰਤੀ ਸਤਿਕਾਰ ਅਤੇ ਪਿਤਾ ਪ੍ਰਤੀ ਧੰਨਵਾਦ, ਸਭ ਕੁਝ ਕ੍ਰਿਸ਼ਨ ਦੇ ਪੈਰਾਂ ਵਿਚ ਰੱਖ ਦਿੱਤਾ। ਜਿਉਂ-ਜਿਉਂ ਮੀਰਾ ਦੇ ਰਿਸ਼ਤਿਆਂ ਦਾ ਸੰਸਾਰ ਖਾਲੀ ਹੁੰਦਾ ਗਿਆ, ਕ੍ਰਿਸ਼ਨ ਉਸ ਖਾਲੀਪਣ ਨੂੰ ਭਰਦਾ ਗਿਆ।

ਜਦੋਂ ਆਪਣੇ ਸਾਰੇ ਦੂਰ ਹੋ ਗਏ, ਕ੍ਰਿਸ਼ਨ ਸਭ ਤੋਂ ਨੇੜੇ ਆ ਗਿਆ।

ਦੁਰਭਾਗ, ਦੁਰਭਾਗ ਨਾ ਰਿਹਾ, ਸੁਭਾਗ ਹੋ ਗਿਆ।

703

ਮੰਗੇਤਰ ਗੱਲਾਂ ਕਰਦੇ-ਕਰਦੇ, ਨੇੜੇ ਆਉਣ ਦੇ ਚਾਅ ਵਿਚ ਅਤੇ ਅਪਣੱਤ ਵਿਖਾਉਣ ਦੇ ਜੋਸ਼ ਵਿਚ, ਅਕਸਰ ਆਪਣੇ-ਆਪਣੇ ਪਰਿਵਾਰ ਦੀਆਂ ਅੰਦਰਲੀਆਂ ਗੱਲਾਂ ਅਤੇ ਆਪਣੇ ਭੇਤ ਵੀ ਦੱਸਣ ਲੱਗ ਪੈਂਦੇ ਹਨ।

ਇਕ ਮਿਲਣੀ ਦੌਰਾਨ, ਮੰਗੇਤਰ-ਲੜਕੇ ਨੇ ਆਪਣੀ ਮੰਗੇਤਰ-ਲੜਕੀ ਨੂੰ ਦਸਿਆ ਕਿ ਸਾਡੇ ਖਾਨਦਾਨ ਵਿਚ ਇਕ ਵਿਅਕਤੀ ਨੂੰ ਫਾਂਸੀ ਵੀ ਹੋਈ ਸੀ।

ਮੰਗੇਤਰ-ਲੜਕੀ ਨੇ ਕਿਹਾ: ਸਾਡੇ ਖਾਨਦਾਨ ਵਿਚ ਕਿਸੇ ਨੂੰ ਫਾਂਸੀ ਤਾਂ ਨਹੀਂ ਹੋਈ ਪਰ ਦਰਜਨ ਕੁ ਰਿਸ਼ਤੇਦਾਰ ਅਜਿਹੇ ਹਨ, ਜਿਨ੍ਹਾਂ ਨੂੰ ਫਾਂਸੀ ਹੋਣੀ ਚਾਹੀਦੀ ਹੈ।

704

ਭਾਰਤ ਦੇ ਪ੍ਰਸਿੱਧ ਸਮਾਜ ਸੁਧਾਰਕ, ਗੋਪਾਲ ਕ੍ਰਿਸ਼ਨ ਗੋਖਲੇ, ਇਕ ਵਾਰੀ ਇਕ ਨਾਟਕ ਵੇਖ ਰਹੇ ਸਨ, ਜਿਸ ਵਿਚ ਖਲਨਾਇਕ, ਨਾਇਕਾ ਨੂੰ, ਤੰਗ-ਪਰੇਸ਼ਾਨ ਕਰ ਰਿਹਾ ਸੀ। ਉਸ ਖਲਨਾਇਕ ਦੀ ਅਦਾਕਾਰੀ ਇਤਨੀ ਯਥਾਰਥਕ ਸੀ ਕਿ ਗੋਪਾਲ ਕ੍ਰਿਸ਼ਨ ਗੋਖਲੇ, ਮੰਚ ਉੱਤੇ ਚੜ੍ਹ ਕੇ, ਉਸ ਖਲਨਾਇਕ ਨੂੰ ਆਪਣੀ ਜੁੱਤੀ ਨਾਲ ਕੁੱਟਣ ਲੱਗ ਪਏ।

ਉਸ ਖਲਨਾਇਕ ਨੇ ਉਨ੍ਹਾਂ ਦੀ ਜੁੱਤੀ ਖੋਹ ਲਈ ਅਤੇ ਮੰਚ ਤੋਂ ਕਿਹਾ, ਇਹ ਜੁੱਤੀ ਮੇਰਾ ਇਨਾਮ ਹੈ, ਇਹ ਇਸ ਨਾਟਕ ਵਿਚ ਨਿਭਾਈ ਮੇਰੀ ਭੂਮਿਕਾ ਲਈ ਪੁਰਸਕਾਰ ਹੈ।

www.quotesinpunjabi.ml

QuotesInPunjabi

705

ਨੋਬੇਲ ਇਨਾਮਾਂ ਦੀ ਕਹਾਣੀ ਬੜੀ ਵਚਿੱਤਰ ਹੈ।

ਐਲਫਰੇਡ ਨੋਬੇਲ ਨੇ ਬਾਰੂਦ ਦੀ ਕਾਢ ਕੱਢੀ ਸੀ, ਜਿਸ ਦੀ ਵਰਤੋਂ, ਸੁਰੰਗਾਂ ਬਣਾਉਣ ਅਤੇ ਸੜਕਾਂ ਲਈ ਰਸਤਾ ਬਣਾਉਣ ਵਾਸਤੇ ਪਹਾੜ ਉਡਾਉਣ ਲਈ ਕੀਤੀ ਜਾਂਦੀ ਸੀ।

ਇਸ ਬਾਰੂਦ ਦੀ ਵਰਤੋਂ ਅਨੇਕਾਂ ਵਿਨਾਸ਼ਕਾਰੀ ਕਾਰਜਾਂ ਲਈ ਵੀ ਕੀਤੀ ਜਾਂਦੀ ਸੀ।

ਇਸ ਕਾਢ ਨਾਲ ਨੋਬੇਲ ਬੜਾ ਧਨਾਢ ਵਿਅਕਤੀ ਬਣ ਗਿਆ ਸੀ।

ਇਕ ਵਾਰੀ ਜਦੋਂ ਉਹ ਕਿਧਰੇ ਗਿਆ ਹੋਇਆ ਸੀ ਤਾਂ ਬਾਰੂਦ ਫਟਣ ਦੇ ਇਕ ਹਾਦਸੇ ਵਿਚ, ਨੋਬੇਲ ਦੇ ਮਾਰੇ ਜਾਣ ਦੀ ਅਫਵਾਹ ਫੈਲ ਗਈ।

ਅਖਬਾਰਾਂ ਵਿਚ ਖਬਰਾਂ ਛਪੀਆਂ ਕਿ ਵਿਨਾਸ਼ ਅਤੇ ਮੌਤ ਦਾ ਸ਼ੈਤਾਨੀ ਵਣਜਾਰਾ ਮਰ ਗਿਆ ਹੈ। ਨੋਬੇਲ ਨੂੰ ਆਪਣੇ ਲਈ ਵਰਤੇ ਗਏ ਇਹ ਸ਼ਬਦ, ਪੜ੍ਹ ਕੇ ਬੜਾ ਸਦਮਾ ਲੱਗਿਆ।

ਉਸ ਦੀ ਸੋਚ ਬਦਲੀ, ਉਹ ਆਪ ਵੀ ਬਦਲ ਗਿਆ।

ਉਸ ਨੇ ਆਪਣੀ ਸਾਰੀ ਦੌਲਤ, ਬੈਂਕ ਵਿਚ ਜਮ੍ਹਾਂ ਕਰਵਾ ਕੇ ਉਸ ਦੇ ਵਿਆਜ ਨਾਲ, ਹਰ ਸਾਲ ਸੰਸਾਰ ਦੇ ਚਕਿਤਸਾ, ਕੈਮਿਸਟਰੀ, ਫਿਜ਼ਿਕਸ, ਸਾਹਿਤ, ਸ਼ਾਂਤੀ ਆਦਿ ਖੇਤਰਾਂ ਵਿਚ ਉੱਘਾ ਯੋਗਦਾਨ ਪਾਉਣ ਵਾਲਿਆਂ ਲਈ, ਸਰਵੋਤਮ ਇਨਾਮਾਂ ਦਾ ਐਲਾਨ ਕੀਤਾ ਅਤੇ ਇਵੇਂ ਮੌਤ ਦਾ ਵਣਜਾਰਾ, ਵਿਕਾਸ ਅਤੇ ਪਰਉਪਕਾਰ ਦਾ ਪ੍ਰਤੀਕ ਬਣਿਆ।

706

ਕਈਆਂ ਨਾਲ ਬਦਕਿਸਮਤੀ ਵਾਪਰਦੀ ਹੈ ਅਤੇ ਵਾਪਰਦੀ ਵੀ ਇਵੇਂ ਹੈ ਕਿ ਸੁਣਨ ਵਾਲਾ ਵੀ ਸੁੰਨ ਹੋ ਜਾਂਦਾ ਹੈ, ਜਿਸ ਨਾਲ ਵਾਪਰਦੀ ਹੈ, ਉਸ ਦੇ ਸੰਤਾਪ ਦਾ ਤਾਂ ਅਨੁਮਾਨ ਵੀ ਨਹੀਂ ਲਾਇਆ ਜਾ ਸਕਦਾ।

ਇਕ ਲੜਕੀ ਦਾ ਵਿਆਹ ਹੋਇਆ, ਪਤੀ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਚਲਾ ਗਿਆ, ਉਸਦੇ ਕਾਗਜ਼ਾਂ-ਪੱਤਰਾਂ ਵਿਚ ਕਿਸੇ ਘਾਟ ਕਾਰਨ, ਉਹ ਵਾਪਸ ਨਹੀਂ ਸੀ ਆ ਸਕਦਾ ਅਤੇ ਪਤਨੀ ਉਧਰ ਨਹੀਂ ਸੀ ਜਾ ਸਕਦੀ।

ਉੱਨ੍ਹੀ ਸਾਲ ਦੀ ਲੰਮੀ ਉਡੀਕ ਉਪਰੰਤ, ਪਤਨੀ ਨੂੰ ਜਦੋਂ ਵੀਜ਼ਾ ਮਿਲਿਆ ਤਾਂ ਇਕ ਰਿਸ਼ਤੇਦਾਰ ਵਧਾਈ ਦੇਣ ਆਇਆ। ਉਸ ਨੇ ਕਿਹਾ: ਵਿਖਾਓ ਤਾਂ ਸਹੀ, ਵੀਜ਼ਾ ਕਿਹੋ ਜਿਹਾ ਹੁੰਦਾ ਹੈ ? ਜਿਹੜੀ ਲੜਕੀ ਤੋਂ ਹੁਣ ਇਸਤਰੀ ਬਣੀ ਹੋਈ ਸੀ, ਉਸ ਨੇ, ਵੀਜ਼ਾ ਵੇਖਣ ਲਈ ਰਿਸ਼ਤੇਦਾਰ ਨੂੰ ਪਾਸ-ਪੋਰਟ ਫੜਾਇਆ ਅਤੇ ਆਪ ਉਸ ਲਈ ਚਾਹ ਬਣਾਉਣ ਲਗ ਪਈ।

ਉਹ ਪਾਸਪੋਰਟ ਜਿਥੇ ਰੱਖ ਗਿਆ, ਇਸਤਰੀ ਨੇ ਉਥੋਂ ਚੁੱਕ ਕੇ ਸੰਭਾਲ ਲਿਆ।

ਜਦੋਂ ਹਵਾਈ ਅੱਡੇ 'ਤੇ ਪਹੁੰਚੀ ਤਾਂ ਵੇਖਿਆ, ਵੀਜ਼ਾ ਤਾਂ ਹੈ ਹੀ ਨਹੀਂ ਸੀ।

ਰਿਸ਼ਤੇਦਾਰ ਨੇ ਵਧਾਈ ਦੇਣ ਵੇਲੇ ਪਾੜ ਲਿਆ ਸੀ।

ਅਨੁਮਾਨ ਲਾਓ, ਉਸ ਔਰਤ ਦੇ ਦਿਲ 'ਤੇ ਕੀ ਵਾਪਰੀ ਹੋਵੇਗੀ ?

www.quotesinpunjabi.ml

QuotesInPunjabi

707

ਪਹਾੜੀ ਰਸਤੇ 'ਤੇ ਸਵਾਰੀਆਂ ਨਾਲ ਭਰੀ ਇਕ ਬੱਸ ਜਾ ਰਹੀ ਸੀ, ਬੜਾ ਤੇਜ਼ ਮੀਂਹ ਪੈ ਰਿਹਾ ਸੀ, ਬਿਜਲੀ ਚਮਕ ਰਹੀ ਸੀ, ਬੱਦਲ ਗਰਜ ਰਹੇ ਸਨ, ਸਵਾਰੀਆਂ ਸਹਿਮੀਆਂ ਹੋਈਆਂ ਸਨ। ਬੱਸ ਨੂੰ ਚਲਾਉਣਾ ਬੜਾ ਕਠਿਨ ਕਾਰਜ ਬਣਿਆ ਹੋਇਆ ਸੀ।

ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰ ਰਹੇ ਸਨ। ਕਿਸੇ ਨੇ ਕਿਹਾ: ਬੱਸ ਵਿਚ ਕੋਈ ਮਨਹੂਸ ਵਿਅਕਤੀ ਸਵਾਰ ਹੈ, ਜਿਸ ਕਰਕੇ ਬਾਕੀ ਸਾਰੇ ਮੀਂਹ-ਝੱਖੜ ਦਾ ਸੰਤਾਪ ਹੰਢਾ ਰਹੇ ਹਨ। ਬੱਸ ਦੇ ਅਖੀਰ 'ਤੇ ਇਕ ਸੁੰਗੜੀ ਹੋਈ, ਭਿੱਜੀ ਹੋਈ, ਗਰੀਬ ਜਿਹੀ ਸਵਾਰੀ ਬੈਠੀ ਸੀ, ਜਿਸ ਨੂੰ ਸਾਰੇ ਮਨਹੂਸ ਸਵਾਰੀ ਦਸ ਰਹੇ ਸਨ।

ਇਕ ਛੋਟਾ ਜਿਹਾ ਅੱਡਾ ਆਇਆ। ਉਸ ਗਰੀਬ, ਠੰਡ ਨਾਲ ਸੁੰਗੜੀ ਸਵਾਰੀ ਨੇ ਅੱਗੇ ਜਾਣਾ ਸੀ ਪਰ ਬੱਸ ਵਿਚ ਹਾਜ਼ਰ ਲੋਕਾਂ ਨੇ ਉਸਨੂੰ ਬੱਸ ਤੋਂ ਥੱਲੇ ਲਾਹ ਦਿੱਤਾ।

ਸਾਰੇ ਸੰਤੁਸ਼ਟ ਸਨ ਕਿ ਬੱਸ ਮਨਹੂਸ ਸਵਾਰੀ ਤੋਂ ਮੁਕਤ ਹੋ ਗਈ ਸੀ।

ਅਜੇ ਪੰਜਾਹ ਗਜ਼ ਹੀ ਅੱਗੇ ਗਈ ਸੀ ਕਿ ਬੱਸ ਡੂੰਘੀ ਖਾਈ ਵਿਚ ਜਾ ਡਿੱਗੀ।

708

ਹੈਲਨ ਕੇਲਰ ਅੰਨ੍ਹੀ ਸੀ ਪਰ ਉਹ ਵਿਸ਼ਵ ਭਰ ਦੇ ਨੇਤਰਹੀਣ ਵਿਕਲਾਂਗਾਂ ਲਈ ਪ੍ਰੇਰਨਾ ਬਣੀ। ਵਾਸਤਵ ਵਿਚ ਹੈਲਨ ਕੇਲਰ ਦੀ ਜ਼ਿੰਦਗੀ ਵਿਚ, ਜੋ ਮਹੱਤਵਪੂਰਨ ਭੂਮਿਕਾ ਉਸਦੀ ਇਕ ਅਧਿਆਪਕਾ, ਐਨ ਸੁਲੀਵਨ ਨੇ ਨਿਭਾਈ ਸੀ, ਉਸ ਸਦਕਾ ਹੀ ਇਕ ਅੰਨ੍ਹੀ ਲੜਕੀ, ਹੈਲਨ ਕੇਲਰ ਬਣ ਕੇ ਸੰਸਾਰ ਵਿਚ ਪ੍ਰਸਿੱਧ ਹੋਈ ਸੀ।

ਐਨ ਸੁਲੀਵਨ ਨੇ ਹੈਲਨ ਕੇਲਰ ਨੂੰ ਪੜ੍ਹਾਉਣ ਲਈ ਇਕ ਨਿਆਰੀ ਵਿਧੀ ਦਾ ਨਿਰਮਾਣ ਕੀਤਾ ਸੀ। ਹੈਲਨ ਕੇਲਰ ਗੂੰਗੀ-ਬੋਲੀ ਵੀ ਸੀ। ਉਦਾਹਰਣ ਵਜੋਂ ਜੇ ਅਧਿਆਪਕਾ ਉਸ ਨੂੰ ਦੱਸਣਾ ਚਾਹੁੰਦੀ ਸੀ ਕਿ ਅੱਗ ਕੀ ਹੁੰਦੀ ਹੈ, ਉਹ ਉਸ ਦੇ ਹੱਥ ਨੂੰ ਅੱਗ ਨੇੜੇ ਲੈ ਜਾਂਦੀ ਸੀ। ਜੇ ਦੱਸਣਾ ਚਾਹੁੰਦੀ ਸੀ, ਪਾਣੀ ਕੀ ਹੁੰਦਾ ਹੈ, ਉਹ ਉਸ ਦੇ ਹੱਥ ਨੂੰ ਨਲਕੇ ਥੱਲੇ ਕਰਕੇ ਪਾਣੀ ਗੇੜਦੀ ਸੀ। ਉਹ ਬਰਫ ਬਾਰੇ ਦੱਸਣ ਲਈ ਉਸ ਦਾ ਹੱਥ ਬਰਫ 'ਤੇ ਰੱਖਦੀ ਸੀ, ਧਰਤੀ ਬਾਰੇ ਦੱਸਣ ਲਈ, ਹੱਥ ਜ਼ਮੀਨ 'ਤੇ ਫਿਰਵਾਉਂਦੀ ਸੀ।

ਜੋ ਕੰਮ ਆਮ ਵਿਅਕਤੀ ਅੱਖਾਂ, ਕੰਨਾਂ ਅਤੇ ਜ਼ੁਬਾਨ ਤੋਂ ਲੈਂਦਾ ਹੈ, ਉਹ ਕੰਮ ਐਨ ਸੁਲੀਵਨ ਨੇ ਹੈਲਨ ਕੇਲਰ ਦੇ ਹੱਥਾਂ-ਪੈਰਾਂ ਨਾਲ ਲੈਣਾ ਆਰੰਭ ਕੀਤਾ ਅਤੇ ਹੈਲਨ ਕੇਲਰ ਦੇ ਹੱਥਾਂ-ਪੈਰਾਂ ਨੂੰ ਗਿਆਨ ਦੇ ਸਰੋਤ ਬਣਾ ਦਿੱਤਾ। ਇਵੇਂ ਐਨ ਸੁਲੀਵਨ ਨੇ ਇਕ ਅਜਿਹੀ ਵਿਧੀ ਦਾ ਨਿਰਮਾਣ ਕੀਤਾ, ਜਿਹੜੀ ਹੁਣ ਵਿਸ਼ਵਭਰ ਵਿਚ ਵਰਤੀ ਜਾਂਦੀ ਹੈ।

709

ਇਕ ਹੀ ਗੱਲ ਨੂੰ ਨਾਂਹ-ਪੱਖੀ ਢੰਗ ਨਾਲ ਵੀ ਕਿਹਾ ਜਾ ਸਕਦਾ ਹੈ ਅਤੇ ਹਾਂ-ਪੱਖੀ ਢੰਗ ਨਾਲ ਵੀ। ਹਾਂ-ਪੱਖੀ ਢੰਗ ਨਾਲ ਕਹੀ ਗੱਲ ਸੁਣਨੀ ਵੀ ਸੌਖੀ ਹੁੰਦੀ ਹੈ, ਮੰਨਣੀ ਵੀ ਸੌਖੀ, ਸਮਝਣੀ ਵੀ ਸੌਖੀ ਅਤੇ ਕਰਨੀ ਵੀ ਸੌਖੀ ਹੁੰਦੀ ਹੈ।

www.quotesinpunjabi.ml

QuotesInPunjabi

ਉਦਾਹਰਣ ਵਜੋਂ: ਜੋ ਤੁਸੀਂ ਹੋਰਾਂ ਵਲੋਂ ਕੀਤੇ ਜਾਣਾ ਪਸੰਦ ਨਹੀਂ ਕਰਦੇ, ਉਹ ਕਿਸੇ ਨਾਲ ਨਾ ਕਰੋ। ਇਸ ਵਾਕ ਵਿਚ ਨਾਂਹ ਨੂੰ ਦੋ ਵਾਰ ਵਰਤਿਆ ਗਿਆ ਹੈ।

ਇਸ ਨੂੰ ਇਵੇਂ ਵੀ ਕਿਹਾ ਜਾ ਸਕਦਾ ਹੈ: ਹੋਰਾਂ ਨਾਲ ਉਹੋ ਜਿਹਾ ਕਰੋ, ਜਿਹੋ ਜਿਹਾ ਤੁਸੀਂ ਹੋਰਾਂ ਵਲੋਂ ਕੀਤੇ ਜਾਣਾ ਪਸੰਦ ਕਰਦੇ ਹੋ।

ਇਕ ਵਾਰੀ ਇਕ ਇੰਟਰਵਿਊ ਵਿਚ, ਜਦੋਂ ਇਕ ਉਮੀਦਵਾਰ ਨੇ ਕਿਹਾ: ਮੈਂ ਸਮਾਂ ਵਿਅਰਥ ਨਹੀਂ ਗੁਆਉਂਦਾ, ਮੈਂ ਝੂਠ ਨਹੀਂ ਬੋਲਦਾ, ਮੈਂ ਬੇਈਮਾਨੀ ਨਹੀਂ ਕਰਦਾ, ਮੈਂ ਚੁਗਲੀ ਨਹੀਂ ਕਰਦਾ, ਮੈਂ ਲੇਟ ਨਹੀਂ ਆਉਂਦਾ ਤਾਂ ਇੰਟਰਵਿਊ ਕਰਨ ਵਾਲੇ ਨੇ ਕਿਹਾ, ਇਹ ਤਾਂ ਤੁਸੀਂ ਦੱਸ ਦਿੱਤਾ ਹੈ ਕਿ ਤੁਸੀਂ ਕੀ-ਕੀ ਨਹੀਂ ਕਰਦੇ, ਹੁਣ ਦੱਸੋ ਕਿ ਤੁਸੀਂ ਕਰਦੇ ਕੀ-ਕੀ ਹੋ? ਉਹ ਆਪਣੀ ਗੱਲ ਹਾਂ-ਪੱਖੀ ਢੰਗ ਨਾਲ ਕਹਿਣ ਵਿਚ ਅਸਮਰੱਥ ਰਿਹਾ। ਇਕ ਹੋਰ ਉਮੀਦਵਾਰ ਨੂੰ ਪੁੱਛਿਆ ਗਿਆ, ਤੁਸੀਂ ਗਾਉਣਾ ਜਾਣਦੇ ਹੋ?

ਉਸ ਨੇ ਕਿਹਾ, ਮੈਂ ਨੱਚਣਾ ਵੀ ਜਾਣਦਾ ਹਾਂ, ਜਦੋਂ ਕਿਸੇ ਨੱਚਣ ਵਾਲੀ ਨਾਲ ਕੋਈ ਨੱਚ ਨਾ ਰਿਹਾ ਹੋਵੇ, ਉਸ ਦਾ ਸਾਥ ਦੇਣਾ ਵੀ ਜਾਣਦਾ ਹਾਂ। ਚੁਣ ਲਿਆ ਗਿਆ।

710

ਪਾਪ, ਪਰੇਸ਼ਾਨੀ ਅਤੇ ਰੋਗ ਵਿਚ ਸਿੱਧਾ ਸਬੰਧ ਹੁੰਦਾ ਹੈ।

ਹੁਣ ਸੰਸਾਰ ਵਿਚ ਰੂਹਾਨੀ ਇਲਾਜ ਦੀਆਂ ਗੱਲਾਂ ਹੋ ਰਹੀਆਂ ਹਨ।

ਯੋਗ ਵੀ ਇਸ ਰੂਹਾਨੀ ਇਲਾਜ ਦਾ ਇਕ ਭਾਗ ਹੈ।

ਇਕ ਵਿਅਕਤੀ ਬੀਮਾਰ ਸੀ, ਹਾਲਤ ਮਾੜੀ ਸੀ। ਦਵਾਈ ਲੈਣ ਆਉਂਦਾ ਸੀ।

ਡਾਕਟਰ ਨੇ ਕਿਹਾ: ਜੇ ਮਨ 'ਤੇ ਕੋਈ ਬੋਝ ਹੈ ਤਾਂ ਉਸ ਤੋਂ ਮੁਕਤ ਹੋਵੋ।

ਜੇ ਘਰ ਵਿਚ ਚੀਜ਼ਾਂ ਟੁੱਟੀਆਂ ਹੋਈਆਂ ਹਨ ਤਾਂ ਉਨ੍ਹਾਂ ਨੂੰ ਠੀਕ ਕਰਵਾਓ, ਜੇ ਗਲੀ ਵਿਚ ਹਨੇਰਾ ਰਹਿੰਦਾ ਹੈ ਤਾਂ ਆਪਣੇ ਘਰ ਦੀ ਬਾਹਰਲੀ ਬੱਤੀ ਜਗਦੀ ਰੱਖੋ।

ਕੁਝ ਦਿਨ ਮਰੀਜ਼ ਹਾਲਤ ਸੁਧਰੀ।

ਡਾਕਟਰ ਨੇ ਪੁੱਛਿਆ: ਕੁਝ ਨਵਾਂ ਵਾਪਰਿਆ ਹੈ?

ਮਰੀਜ਼ ਨੇ ਕਿਹਾ: ਮੈਂ ਭਰਾ ਦੇ ਪੈਸੇ ਮਾਰੇ ਹੋਏ ਸਨ, ਵਾਪਸ ਕਰ ਦਿੱਤੇ ਹਨ; ਗਵਾਂਢੀ ਨੂੰ ਗਾਲ੍ਹਾਂ ਕੱਢੀਆਂ ਸਨ, ਮੁਆਫ਼ੀ ਮੰਗ ਲਈ ਹੈ; ਪੁੱਤਰ ਘਰੋਂ ਕੱਢਿਆ ਹੋਇਆ ਸੀ, ਵਾਪਸ ਬੁਲਾ ਲਿਆ ਹੈ। ਹੁਣ ਮੈਨੂੰ ਭੁੱਖੀ ਨੀਂਦਰ ਆਉਂਦੀ ਹੈ, ਆਲਾ-ਦੁਆਲਾ ਚੰਗਾ ਲਗਦਾ ਹੈ, ਭੁੱਖ ਲਗਦੀ ਹੈ, ਹੁਣ ਮੈਂ ਠੀਕ ਮਹਿਸੂਸ ਕਰਦਾ ਹਾਂ।

****

www.quotesinpunjabi.ml

QuotesInPunjabi



ਚਿੜਕੀਆਂ

ਮਾਂ ਅਤੇ ਪਤਨੀ ਦੀ ਸੋਚ ਵਿਚ ਬੜਾ ਅੰਤਰ ਹੁੰਦਾ ਹੈ।

ਇਕ ਵਾਰੀ ਘਰ ਵਿਚ ਇਕ ਬਲਬ ਬਦਲਣ ਦੀ ਲੋੜ ਪਈ ਤਾਂ ਪਤੀ ਨੇ ਇਕ ਸਟੂਲ 'ਤੇ ਚੜ੍ਹਕੇ, ਬਦਲਣਾ ਚਾਹਿਆ ਪਰ ਉਸ ਦਾ ਬਲਬ ਤਕ ਹੱਥ ਨਾ ਅਪੜਿਆ।

ਪਤਨੀ ਨੇ ਕਿਹਾ: ਤੁਸੀਂ ਮੱਧਰੇ ਹੋ, ਇਸ ਲਈ ਹੱਥ ਨਹੀਂ ਪਹੁੰਚਿਆ।

ਮਾਂ ਨੇ ਕਿਹਾ: ਸਟੂਲ ਨੀਵਾਂ ਹੈ, ਇਸ ਲਈ ਹੱਥ ਨਹੀਂ ਪਹੁੰਚ ਸਕਿਆ।

ਇਕ ਲੜਕੀ ਨੂੰ ਆਪਣੀ ਕਲਾਸ ਦਾ ਇਕ ਲੜਕਾ ਬੜਾ ਪਿਆਰਾ ਲਗਦਾ ਸੀ। ਉਹ ਪੰਜਵੀਂ ਜਮਾਤ ਤੋਂ ਹੀ, ਉਸ ਦਾ ਖਿਆਲ ਰਖਦੀ ਆ ਰਹੀ ਸੀ। ਉਹ ਲੜਕਾ ਵੀ ਉਸ ਦਾ ਪੂਰਾ ਧਿਆਨ ਰਖਦਾ ਸੀ। ਨੌਵੀਂ ਦੇ ਇਮਤਿਹਾਨ ਵਿਚ, ਉਹ ਜਦੋਂ ਅਵਲ ਆ ਗਈ ਤਾਂ ਲੜਕੇ ਨੇ ਉਸ ਨਾਲ ਬੋਲਣਾ ਹੀ ਬੰਦ ਕਰ ਦਿੱਤਾ।

ਉਸ ਨੂੰ ਲੜਕੀ ਪਿੱਛੇ-ਪਿੱਛੇ ਆਉਂਦੀ ਤਾਂ ਚੰਗੀ ਲਗਦੀ ਸੀ ਪਰ ਅਵਲ ਆਉਣ ਨਾਲ, ਉਹ ਅੱਗੇ ਲੰਘ ਗਈ ਪ੍ਰਤੀਤ ਹੋਈ, ਸੋ ਉਹ ਚੰਗੀ ਲਗਣੋਂ ਹਟ ਗਈ।

ਮੇਰੇ ਜਮਾਤੀ ਨੇ ਚਾਹਿਆ ਸੀ ਕਿ ਮੈਂ ਉਸ ਨੂੰ ਚੁੰਮਾਂ ਪਰ ਮੈਂ ਕਿਹਾ: ਮੇਰੀ ਮਾਂ ਨੇ ਮੇਰੇ 'ਤੇ ਰੋਕ ਲਾਈ ਹੋਈ ਹੈ ਕਿ ਕਿਸੇ ਪੁਰਸ਼ ਨਾਲ ਅਜਿਹਾ ਨਹੀਂ ਕਰਨਾ।

ਉਹ ਉਦਾਸ ਹੋ ਕੇ, ਜਦੋਂ ਜਾਣ ਲਗਿਆ ਤਾਂ ਮੈਂ ਉਸ ਨੂੰ ਨਜ਼ਰ ਨਾਲ ਰੋਕਿਆ।

ਜਦੋਂ ਉਹ ਇਕੱਲਾ ਰਹਿ ਗਿਆ ਤਾਂ ਉਸ ਨੂੰ ਨੇੜੇ ਬੁਲਾ ਕੇ, ਮੈਂ ਕਿਹਾ: ਉਦਾਸ ਨਾ ਹੋ। ਮੇਰੀ ਮਾਂ ਨੇ ਮੇਰੇ 'ਤੇ ਰੋਕ ਲਾਈ ਹੈ, ਤੇਰੇ 'ਤੇ ਤਾਂ ਕੋਈ ਰੋਕ ਨਹੀਂ ਲਾਈ।

ਹੋਰ ਤਾਂ ਰੱਬ ਜੀ ਸਭ ਠੀਕ ਹੈ ਪਰ ਇਕ-ਦੋ ਪ੍ਰਸ਼ਨ ਹਨ।

ਤੁਸੀਂ ਜ਼ਨਾਨੀ ਇਤਨੀ ਸੋਹਣੀ ਕਿਉਂ ਬਣਾਈ ਹੈ ?

ਸੋਹਣੀ ਇਸ ਲਈ ਬਣਾਈ ਹੈ, ਤਾਂ ਕਿ ਇਹ ਤੈਨੂੰ ਚੰਗੀ ਲਗੇ।

ਸੋਹਣੀ ਬਣਾਉਣ ਦੀ ਤਾਂ ਸਮਝ ਆ ਗਈ ਪਰ ਇਤਨੀ ਮੂਰਖ ਕਿਉਂ ਬਣਾਈ ਹੈ ?

ਮੂਰਖ ਇਹ ਇਸ ਲਈ ਬਣਾਈ ਹੈ, ਤਾਂ ਕਿ ਤੂੰ ਵੀ ਇਸ ਨੂੰ ਚੰਗਾ ਲਗੇਂ।



www.quotesinpunjabi.in